# ਵਰਿਆਮ




Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਵਰਿਆਮ ਦਾ ਇਹ ਸਿਲਵਰ ਜੁਬਲੀ ਅੰਕ

ਸਾਹਿਤ ਸੰਗੀਤ ਤੇ ਸਪੋਰਟਸ ਦੇ ਪਰਮ ਸ੍ਰਪਰਸਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਸ੍ਰੀ ਚਰਨਾਂ ਵਿਚ ਅਰਪਿਤ ਹੈ ਜਿਨ੍ਹਾਂ ਦੀ ਅਪਾਰ ਕ੍ਰਿਪਾ ਸਦਕਾ ਹੀ ਇਹ ਸਭ ਕੁਝ ਸੰਭਵ ਹੋ ਸਕਿਆ ਹੈ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਆਲੰਬਰਦਾਰ
ਅਤੇ ਦੁਨੀਆਂ ਵਿਚ ਸਭ ਤੋਂ ਵੱਧ ਛਪਣ ਵਾਲੇ
ਪੰਜਾਬੀ ਅਖਬਾਰ ਰੋਜ਼ਾਨਾ

ਅਜੀਤ

ਵੱਲੋਂ ਪੰਜਾਬੀ ਮਾਸਿਕ

'ਵਰਿਆਮ'

ਦੀ ਸਿਲਵਰ ਜੁਬਲੀ ਦੇ ਅਵਸਰ 'ਤੇ
ਸੰਪਾਦਕ

ਸ: ਜਗਦੀਸ਼ ਸਿੰਘ ਵਰਿਆਮ

ਅਤੇ ਉਨ੍ਹਾਂ ਦੇ ਸਮੂਹ ਸਹਿਯੋਗੀਆਂ ਨੂੰ
ਸ਼ੁਭ ਕਾਮਨਾਵਾਂ

ਅਜੀਤ ਪ੍ਰਕਾਸ਼ਨ ਸਮੂਹ

ਨਹਿਰੂ ਗਾਰਡਨ ਰੋਡ, ਜਲੰਧਰ (ਪੰਜਾਬ)


Sri Satguru Jagjit Singh Ji eLibrary NamdhariElibrary@gmail.com

https://archive.org/details/namdhari

*Compliments From :*



**Mr. & Mrs. Surjit Singh Surdhar**

*Birmingham U.K.*

For
Silver Jubilee
of

**Waryam Magazine**

Sri Satguru Jagjit Singh Ji eLibrary NamdhariElibrary@gmail.com

'ਵਰਿਆਮ' ਦੇ ਸਿਲਵਰ ਜੁਬਲੀ ਉਤਸਵ
ਲਈ ਲੱਖ-ਲੱਖ ਵਧਾਈਆਂ

ਸਤਿਗੁਰੂ ਜੀ ਸੰਪਾਦਕ ਅਤੇ 'ਵਰਿਆਮ' ਨੂੰ ਸਦਾ ਹੀ ਚੜ੍ਹਦੀਆਂ ਕਲਾ ਬਖਸ਼ਣ



# S. Sarjit Singh Chana


President Namdhari Sangat Birmingham (W.M.)
United Kingdom

Tele : 0121 553 7735
Fax : 0121 525 5535



Sri Satguru Jagjit Singh Ji eLibrary NamdhariElibrary@gmail.com

https://archive.org/details/namdhari


*With Best Wishes From*

# Chana Garments (B'ham) Ltd.

Manufacturers & Wholesaler of
Quality Leisure Wear & Fashion Wear
SPECIALIST IN EMBROIDERY



**169/171 Booth Street,
Handsworth,
Birmingham
B21 0NU.**

With Compliments :–

**S. DILBAGH SINGH CHANA TRUSTEE**
**S. GURMUKH SINGH CHANA TREASURER**
**RAMGARHIA SIKH TEMPLE
GRAHAM STREET, BIRMINGHAM**

Tel. : 0121 551 1601
Fax : 0121 507 0471
Mobile : 0958312772

ਵਰਿਆਮ ਦੀ ਸਿਲਵਰ ਜੁਬਲੀ ਤੇ ਲੱਖ-ਲੱਖ ਮੁਬਾਰਕਾਂ



ਸਤਿਗੁਰੂ ਜੀ ਦਾ ਮਿਹਰ ਭਰਿਆ ਬਖਸ਼ਿਸ਼ ਦਾ
ਹੱਥ ਵਰਿਆਮ ਦੇ ਸਿਰ ਤੇ ਰਹੇ ਵਰਿਆ ਇਸੇ ਤਰ੍ਹਾਂ
ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

## ਬਚਿੱਤਰ ਸਿੰਘ ਬਸਰਾ

ਲੈਸਟਰ ਯੂ. ਕੇ.

ਵਰਿਆਮ ਦੀ ਸਿਲਵਰ ਜੁਬਲੀ ਮੁਬਾਰਕ
ਅਗਲੇਰੇ ਸਫ਼ਰ 'ਤੇ ਕਾਮਯਾਬੀ ਲਈ ਅਰਦਾਸ ਹੈ।

## ਸ. ਸੁਖਪਾਲ ਸਿੰਘ ਭੱਟੀ

ਸਾਊਥਾਲ. ਯੂ. ਕੇ.

ਵਰਿਆਮ ਦੀ ਸਿਲਵਰ ਜੁਬਲੀ ਸਮਾਗਮ ਦੀਆਂ
ਵਧਾਈਆਂ

## ਸ. ਨਛੱਤਰ ਸਿੰਘ ਸਾਊਥਾਲ

ਸਾਊਥਾਲ. ਯੂ. ਕੇ.

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

## ਸਿਲਵਰ ਜੁਬਲੀ ਮੁਬਾਰਕ

ਵਲੋਂ

## ਹਰਜਿੰਦਰ ਸਿੰਘ ਕੰਵਲ ਕੁਵੈਂਟਰੀ

## ਵਰਿਆਮ ਸਿਲਵਰ ਜੁਬਲੀ ਮੁਬਾਰਕ

* ਗਿਆਨੀ ਸੁਰਜਨ ਸਿੰਘ ਝੀਤਾ ਬਰਮਿੰਘਮ
* ਗੁਰਬਖਸ਼ ਸਿੰਘ ਮਠਾੜੂ ਸਾਊਥਾਲ
* ਧਰਮਬੀਰ ਸਿੰਘ ਲੀਡਜ਼
* ਕਿਰਨਪਾਲ ਸਿੰਘ ਦੇਓਰਾ ਸਾਊਥਾਲ
* ਰਿਪੁਦਮਨ ਸਿੰਘ ਪਲਾਹਾ ਸਾਊਥਾਲ
* ਦਲਜੀਤ ਸਿੰਘ ਬਸਰਾ ਲੈਸਟਰ

Sri Satguru Jagjit Singh Ji eLibrary NamdhariElibrary@gmail.com

With Compliments from :

# M/s. Harbhajan Sarbjeet & Associates

**ENGINEERS & CONTRACTORS**

5, Town Centre, CIDCO
Jalna Road–Aurangabad (Maharashtra)
Phone : (0240) 482016 (O) 483228 (R)

*Works in Hand :*

- Construction of Andhra Valley Dam Project- Mangrul Via. Telegaon Dhabhade Distt. Pune. **Costing– Rs. 50 crores**
- Construction of wier on Godavri River at Shah gadh Taluka Ambad, Distt. Jalna. **Costing Rs. 5.50 Crores**
- Construction of Canal Tunnel and rock cutting work of canal on upper Penganga Project - Nanded. **Costing Rs. 7.50 Crores**

*Works Completed :*

- Construction of Masonay Dam on wan river at wari, Distt. Akola. **Costing– Rs. 75 crores**
- Construction of Barrage on Godavari river and Pump House of Vishnupuri Project-Nanded. **Costing Rs. 21.00 Crores**
- Construction of Shiv Sagar Dam at Lonavala Distt. Pune. **Costing Rs. 7.75 Crores**
- Construction of earthswork and bridges of Northeast ghat line at Igatpuri Distt Nasik of Central Railway Bombay. **Costing– Rs. 2.00 crores**
- Construction of waranga Tunnel and other Canal reaches on Upper Penganga project Nanded **Costing Rs. 6.50 Crores**
- Construction of Narangi Medium project & wanjargaun wier at vaizapur Distt. Aurangabad. **Costing Rs. 7.25 Crores**

Heartiest Congratulations on Silver Jubilee of Monthly Waryam

Tel. : 326-7473
Fax. : 326-7473
Mobile : MSP : 0961-191985
JSP : 0973-179728
RANA : 0797-4245505

*S. Jagtar Singh Panesar*

# PANESAR



**BUILDERS & PLUMBERS MERCHANTS**

1, 3, & 5, High Field Road, Alum Rock, B-Ham 8 B-8 3-QD U.K.

With Best Compliments From :

# Jagdish Singh Nandra

Birmingham U.K.

ਵਰਿਆਮ ਦੀ ਚੜ੍ਹਦੀ ਕਲਾ ਲਈ ਅਰਦਾਸ ਹੈ
ਸਿਲਵਰ ਜੁਬਲੀ ਮੁਬਾਰਕ

## ਜਗਦੀਸ਼ ਸਿੰਘ ਨੰਦੜਾ

ਬਰਮਿੰਘਮ ਯੂ. ਕੇ.

https://archive.org/details/namdhari

# ਵਰਿਆਮ

ਮਈ-ਜੂਨ ੨੦੦੧
ਜਿਲਦ-੨੬
ਅੰਕ-੭-੮
ਸਿਲਵਰ ਜੁਬਲੀ ਅੰਕ

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਆਰਟਿਸਟ : ਸੁਖਵੰਤ

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ-੧੪੪੦੦੧
ਫੋਨ-ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
56289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |

ਵਿਦੇਸ਼ ਹਵਾਈ ਡਾਕ (ਇਕ ਸਾਲ) ੨੦ ਪੌਂਡ, ੩੦ ਡਾਲਰ

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਹੇ ਕਵਿਤਾ ਮੈਂ ਮੁੜ ਆਇਆ ਹਾਂ ਤੇਰੇ ਉਚੇ ਦੁਆਰ — *ਸੁਰਜੀਤ ਪਾਤਰ* ---- ੭
ਮੈਂ ਰੋਵੰਦੀ ਸਭ ਜਗ ਰੁਨਾ — *ਅਮਰ ਭਾਰਤੀ* ---- ੧੧
ਵਾਤਾਵਰਣ ਦੀ ਦ੍ਰਿਸ਼ਟੀ ਤੋਂ ਪੰਜਾਬ— *ਡਾ. ਡੀ. ਪੀ. ਸਿੰਘ* ---- ੧੫
੧੯੬੭ ਦੀ ਦੀਪਾਵਲੀ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਰਿਮੰਦਰ ਸਾਹਿਬ ਦੀ ਇਤਿਹਾਸਕ ਯਾਤਰਾ— *ਪ੍ਰੋ. ਕਿਰਪਾਲ ਸਿੰਘ ਕਸੇਲ* ---- ੨੧
ਪੰਜ ਕਵਿਤਾਵਾਂ - *ਸੰਤੋਖ ਸਿੰਘ ਧੀਰ* ---- ੨੫
ਚਾਰ ਰਚਨਾਵਾਂ - *ਸੁਰਜੀਤ ਪਾਤਰ* ---- ੨੮
ਦੋ ਗ਼ਜ਼ਲਾਂ - *ਡਾ. ਨਰੇਸ਼* ---- ੨੯
ਦੋ ਗ਼ਜ਼ਲਾਂ - *ਸੁਖਵਿੰਦਰ ਅੰਮ੍ਰਿਤ* ---- ੩੦
ਦੋ ਗਜ਼ਲਾਂ - *ਅਜਾਇਬ ਕਮਲ* ---- ੩੧
ਗ਼ਜ਼ਲ - *ਅਮਰੀਕ ਸਿੰਘ ਪੂਨੀ* ---- ੩੧
ਤਿੰਨ ਗ਼ਜ਼ਲਾਂ - *ਗੁਰਭਜਨ ਗਿੱਲ* ---- ੩੨
ਦੋ ਕਵਿਤਾਵਾਂ - *ਸ਼ਿਵਨਾਥ* ---- ੩੩
ਕਵਿਤਾ - *ਮਹਿਮਾ ਸਿੰਘ ਤੂਰ* ---- ੩੪
ਦੋ ਗ਼ਜ਼ਲਾਂ - *ਮਹਾਂਬੀਰ ਸਿੰਘ ਦਰਦੀ* ---- ੩੫
ਕਰਮ ਅਤੇ ਕਰਤਾ ਦਾ ਸੰਪੂਰਨ ਮਿਲਨ 'ਜਗਦੀਸ਼ ਸਿੰਘ ਵਰਿਆਮ' - *ਡਾ. ਲਖਵਿੰਦਰ ਜੌਹਲ* ---- ੩੭
ਜਗਦੀਸ਼ ਸਿੰਘ ਨਾਲ ਪਹਿਲੀ ਮੁਲਾਕਾਤ- *ਪਿਆਰਾ ਸਿੰਘ ਦਾਤਾ* ---- ੩੯
ਸੰਤਾਂ ਵਰਗਾ ਮਨੁੱਖ - *ਸੁਖਜੀਤ* ---- ੪੧
ਸਦਾ ਚਲਦੇ ਰਹਿਣ ਵਰਿਆਮ ---- ੪੩
ਇਕ ਗਲ ਇਹ ਵੀ - *ਸੰਤ ਬਲਬੀਰ ਸਿੰਘ ਰਾਗੀ* ---- ੪੬
*ਅਭਿਨੰਦਨ ਵਰਿਆਮ* ---- ੧ ਤੋਂ ੧੪੪

## ਅਭਿਨੰਦਨ ਵਰਿਆਮ

*ਇਸ ਅੰਕ ਵਿਚ ਵਰਿਆਮ ਦੇ ਸਿਲਵਰ ਜੁਬਲੀ ਉਤਸਵ ੨੯-੪-੨੦੦੧ ਸਮੇਂ ਸੰਪਾਦਕ ਵਰਿਆਮ ਨੂੰ ਭੇਟ ਕੀਤਾ "ਅਭਿਨੰਦਨ ਵਰਿਆਮ" ਸ਼ਾਮਲ ਹੈ।*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

*ਸੰਪਾਦਕ ਵਲੋਂ*

# ਧੰਨਵਾਦ ਹੀ ਧੰਨਵਾਦ

ਵਰਿਆਮ ਦਾ ਸਿਲਵਰ ਜੁਬਲੀ ਵਿਸ਼ੇਸ਼ ਅੰਕ ਪਾਠਕਾਂ ਨੂੰ ਭੇਟ ਕਰਦਿਆਂ ਮੈਂ ਸ਼ੁਕਰ ਗੁਜ਼ਾਰੀ ਦੇ ਅਹਿਸਾਸ ਨਾਲ ਭਰਿਆ ਪਿਆ ਹਾਂ। ਪੰਝੀ ਸਾਲ ਦੇ ਸਮੇਂ ਵਿਚ ਬਹੁਤ ਉਤਾਰ ਚੜ੍ਹਾਅ ਆਏ। ਬਹੁਤ ਅਨੁਭਵ ਪ੍ਰਾਪਤ ਕੀਤੇ। ਇਹ ਇਕ ਲੰਮੀ ਤੇ ਵੱਖਰੀ ਦਾਸਤਾਨ ਹੈ। ਅੱਜ ਜਦ ਕਿ ਵਰਿਆਮ ਦੀ ਸਿਲਵਰ ਜੁਬਲੀ ਦਾ ਮੁੱਖ ਸਮਾਗਮ ਅਪਾਰ ਸਫਲਤਾ ਸਹਿਤ ਸੰਪੰਨ ਹੋ ਚੁੱਕਾ ਹੈ, ਦੋਸਤਾਂ "ਅਭਿਨੰਦਨ ਵਰਿਆਮ" ਗ੍ਰੰਥ ਵੀ ਸੰਪਾਦਕ ਵਰਿਆਮ ਨੂੰ ਭਰੀ ਸਭਾ ਵਿਚ ਪੇਸ਼ ਕਰ ਦਿੱਤਾ ਹੈ, ਕੋਈ ਦਰਜਨ ਕੁ ਵੱਖ-ਵੱਖ ਨਾਮਵਰ ਸਾਹਿਤਕ, ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਵਲੋਂ ਵੀ ਸੰਪਾਦਕ ਨੂੰ ਆਸ਼ੀਰਵਾਦ ਸਨਮਾਨ ਪ੍ਰੇਮ ਸਹਿਤ ਬਖਸ਼ਿਸ਼ ਕੀਤਾ ਹੈ ਤਾਂ ਇਹ ਸਮਾਂ ਕੇਵਲ ਤੇ ਕੇਵਲ ਕ੍ਰਿਤੱਗਤਾ ਪ੍ਰਗਟਾਉਣ ਦਾ ਹੈ।

ਸਭ ਤੋਂ ਪਹਿਲਾਂ ਤਾਂ ਸ਼ੁਕਰਗੁਜ਼ਾਰੀ ਜਿਨ੍ਹਾਂ ਦੀ ਕਰਨੀ ਚਾਹੁੰਦਾ ਹਾਂ, ਉਹਨਾਂ ਵਾਸਤੇ ਈਮਾਨਦਾਰੀ ਨਾਲ ਆਖਦਾ ਹਾਂ ਕਿ ਕੋਈ ਵੀ ਸ਼ਬਦ ਸਮੂਹ ਇਸ ਕਾਰਜ ਵਾਸਤੇ ਬੌਣੇ ਜਾਪਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਅੱਗੇ ਨਤਮਸਤਕ ਹੁੰਦਿਆਂ ਇਹ ਇਹਸਾਸ ਬੜੀ ਸ਼ਿੱਦਤ ਨਾਲ ਹੋ ਰਿਹਾ ਹੈ ਕਿ ਆਪ ਨੇ ਕੀੜੇ ਨੂੰ ਪਾਤਸ਼ਾਹੀ ਬਖਸ਼ੀ ਹੈ। ਮਨ ਵਿਚ ਇਹ ਹੀ ਵਿਚਾਰ ਬਾਰ ਬਾਰ ਆਉਂਦਾ ਹੈ ਕਿ "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।"

ਇਸ ਚੌਥਾਈ ਸਦੀ ਦੇ ਸਫ਼ਰ ਵਿਚ ਇਤਿਹਾਸ ਨੇ ਕਈ ਕਰਵਟਾਂ ਲਈਆਂ। ਵੱਡੀਆਂ-ਵੱਡੀਆਂ ਪਾਤਸ਼ਾਹੀਆਂ ਡੋਲੀਆਂ ਬਿਖਰੀਆਂ ਹਨ। ਪੰਜਾਬ ਤਾਂ ਵਿਸ਼ੇਸ਼ ਸਾੜਸੱਤੀ ਦੇ ਦੌਰ ਵਿਚੋਂ ਲੰਘਿਆ। ਕਾਰੋਬਾਰ ਠੱਪ ਹੋ ਗਏ, ਆਮਦਨਾਂ ਦੇ ਸ੍ਰੋਤ ਸਭ ਸੁੱਕ ਗਏ, ਰੋਜ ਦੇ ਬੰਦ ਹੜਤਾਲਾਂ ਕਰਫਿਊ ਅਤੇ ਬੇਗੁਨਾਹ ਲੋਕਾਂ ਦੀਆਂ ਲੰਮੀਆਂ ਹੁੰਦੀਆਂ ਮਰਨ ਸੂਚੀਆਂ ਇਸੇ ਦੌਰ ਦਾ ਇਤਿਹਾਸ ਹੈ। ਇਸ ਸੰਕਟ ਮਈ ਸਮੇਂ ਵਿਚ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਰ ਤਰ੍ਹਾਂ ਦੇ ਸੰਕਟ ਨੂੰ ਹਰਨ ਕੀਤਾ। ਮਾਨਸਿਕ, ਬੌਧਿਕ ਅਤੇ ਵਿਵਹਾਰਕ ਨੂੰ ਵੀ।

ਮੈਂ ਕਿਰਤੱਗ ਹਾਂ ਪੰਜਾਬੀ ਭਾਸ਼ਾ ਦਾ ਵੀ। ਪੰਜਾਬੀ ਭਾਸ਼ਾ ਜੋ ਕਰੋੜਾਂ ਪੰਜਾਬੀਆਂ ਦੀ ਮਾਂ ਬੋਲੀ ਹੋਣ ਦੇ ਬਾਵਜੂਦ ਵੀ ਇਕ ਗੋਲੀ ਵਾਲੀ ਥਾਂ ਤੇ ਹੈ। ਕਈ ਦੇਸ਼ਾਂ ਵਿਚ ਬੋਲੀ ਜਾਣ ਵਾਲੀ ਇਹ ਭਾਸ਼ਾ ਸਾਰੀਆਂ ਦੁਨੀਆਂ ਦੀਆਂ ਉਤਲੀਆਂ ਤੇਰਾਂ ਬੋਲੀਆਂ ਵਿਚ ਆਉਂਦੀ ਹੈ। ਪਰ ਜਿੰਨੀ ਬੇਮੁਖਤਾ ਪੰਜਾਬੀ ਲੋਕਾਂ ਨੇ ਆਪਣੀ ਮਾਂ ਬੋਲੀ ਪ੍ਰਤੀ ਵਿਖਾਈ ਹੈ ਹੋਰ ਕਿਸੇ ਪੁੱਤ ਨੇ ਆਪਣੀ ਮਾਂ ਵਾਸਤੇ ਨਹੀਂ ਵਿਖਾਈ ਹੋਣੀ। ਭਾਵੇਂ ਪੰਜਾਬੀ ਨਾਲ ਸਰਕਾਰਾਂ ਅਤੇ ਪਾਤਸ਼ਾਹੀਆਂ ਸਦਾ ਹੀ ਵਿਤਕਰਾ ਕਰਦੀਆਂ ਰਹੀਆਂ ਪਰ ਇਸ ਨਿਮਾਣੇ ਸੇਵਕ ਨੂੰ ਪੰਜਾਬੀ ਭਾਸ਼ਾ ਨੇ ਨਿਵਾਜ਼ਸ਼ਾਂ ਨਾਲ ਮਾਲੋ ਮਾਲ ਕੀਤਾ। ਅਥਾਹ ਮਾਨ ਸਨਮਾਨ ਅਤੇ ਦੇਸ਼ ਵਿਦੇਸ਼ ਦੀਆਂ ਯਾਤਰਾਵਾਂ ਇਸੇ ਕਰਕੇ ਹੀ ਵਰਿਆਮ ਸੰਪਾਦਕ ਨੂੰ ਨਸੀਬ ਹੋਈਆਂ ਕਿ ਮਾਂ ਬੋਲੀ ਪੰਜਾਬੀ ਨਾਲ ਇਸ ਦਾ ਮਾੜਾ ਜਿਹਾ ਸਰੋਕਾਰ ਬਣਿਆ ਰਿਹਾ ਹੈ। ਜੇ ਗਹੁ ਨਾਲ ਵੇਖੋ ਤਾਂ ਬਹੁਤ ਲੋਕ ਨਜ਼ਰੀਂ ਪੈਣਗੇ, ਜਿਨ੍ਹਾਂ ਨੂੰ ਇਸ ਬੋਲੀ ਨੇ ਬਹੁਤ ਉਚੇ ਮੁਰਾਤਬੇ ਬਖਸ਼ੇ ਹਨ। ਇਸੇ ਵਾਸਤੇ ਮੈਂ ਪੰਜਾਬੀ ਮਾਤ-ਭਾਸ਼ਾ ਅੱਗੇ ਵੀ ਨਤਮਸਤਕ ਹਾਂ।

ਆਪਣੇ ਜੀਵਨ ਵਿਚ ਧਨ ਦੌਲਤ ਦਾ ਭਾਵੇਂ ਜ਼ਿਆਦਾ ਹੀ ਅਭਾਵ ਰਿਹਾ ਹੈ। ਪਰ ਇਸ ਦੀ ਕਮੀ ਨੂੰ ਪੂਰਾ ਕੀਤਾ ਹੈ, ਦੋਸਤੀ ਦੀ ਦੌਲਤ ਨੇ। ਕਹਾਣੀਆਂ ਮਸ਼ਹੂਰ ਨੇ ਕਿ ਜਿਸ ਨੇ ਦੋਸਤੀ ਕਮਾਈ ਉਸ ਨੇ ਸਾਰਾ ਧਨ ਕਮਾ ਲਿਆ। ਮਾਇਆ ਤੇ ਜਾਇਦਾਦ ਗਵਾਚ ਸਕਦੀ ਹੈ, ਲੁੱਟੀ ਜਾ ਸਕਦੀ ਹੈ ਚੋਰੀ ਹੋ ਸਕਦੀ ਹੈ। ਪਰ ਦੋਸਤੀ ਦੀ ਦੌਲਤ ਲੁਟੀ ਨਹੀਂ ਜਾ ਸਕਦੀ। ਸਗੋਂ ਇਹ ਮਾਇਆ ਧਨ ਪਦਾਰਥ ਦੀ ਕਮੀ ਨੂੰ ਵੀ ਪੂਰਾ ਕਰਦੀ ਹੈ। ਵਰਿਆਮ ਦੇ ਸਾਰੇ ਸਫਰ ਵਿਚ ਹੀ ਦੋਸਤਾਂ ਦਾ ਸਹਾਰਾ ਬਹੁਤ ਰਿਹਾ ਹੈ। ਦੋਸਤ ਜੋ ਆਪਣਾ ਆਪ ਜਣਾਉਂਦੇ ਵੀ ਨਹੀਂ ਚਮਕਾਉਂਦੇ ਵੀ ਨਹੀਂ। ਵਰਿਆਮ ਦੀ ਜੀਵਨ ਧਾਰਾ ਨੂੰ ਕਿਵੇਂ ਨਾ ਕਿਵੇਂ ਚਲਾਈ ਹੀ ਰਖਿਆ ਹੈ। ਹੁਣ ਜਦੋਂ ਅਸੀਂ ਵਰਿਆਮ ਦੇ ਸਿਲਵਰ ਜੁਬਲੀ ਸਮਾਗਮ ਦੇ ਆਹਰ ਵਿਚ ਸਾਂ ਤਾਂ ਦੋਸਤਾਂ ਨੇ ਆ ਕੇ ਸਾਰਾ ਕਾਰਜ ਹੀ ਆਪ ਸੰਭਾਲ ਲਿਆ। ਸਿਲਵਰ ਜੁਬਲੀ ਉਸਤਵ ਕਮੇਟੀ ਦਾ ਗਠਨ ਕਰਕੇ ਸਾਰੇ ਪ੍ਰੋਗਰਾਮ ਵਿਚ ਨਵੀਂ ਹੀ ਲਿਸ਼ਕੋਰ ਪੈਦਾ ਕਰ ਦਿੱਤੀ। ਪੰਜਾਬੀ ਪੱਤਰਕਾਰੀ ਦੇ ਬਾਬਾ ਬੋਹੜ ਸ਼੍ਰੋਮਣੀ ਪੱਤਰਕਾਰ ਸ. ਗੁਰਬਖਸ਼ ਸਿੰਘ ਬੰਨੋਆਣਾ, ਭਾਰਤੀ ਸਾਹਿਤ ਅਕੈਡਮੀ ਸਮੇਤ ਅਨੇਕਾਂ ਪੁਰਸਕਾਰਾਂ ਦੇ ਜੇਤੂ ਡਾ. ਵਰਿਆਮ ਸਿੰਘ ਸੰਧੂ, ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੀ ਉਚ ਦੁਮਾਲੜੀ ਹਸਤੀ ਪ੍ਰੋ. ਪਿਆਰਾ ਸਿੰਘ ਭੋਗਲ, ਸ਼੍ਰੋਮਣੀ ਪੱਤਰਕਾਰ ਸਤਨਾਮ ਸਿੰਘ ਮਾਣਕ, ਮਸ਼ਹੂਰ ਪੱਤਰਕਾਰ ਤੇ ਲੇਖਕ ਸ. ਕੁਲਦੀਪ ਸਿੰਘ ਬੇਦੀ, ਸ. ਨਰਿੰਜਣ ਸਿੰਘ ਸਾਥੀ, ਦੂਰਦਰਸ਼ਨ ਦੇ ਪ੍ਰਸਿੱਧ ਪ੍ਰੋਡਿਊਸਰ ਡਾ. ਲਖਵਿੰਦਰ ਸਿੰਘ ਜੌਹਲ, ਪੱਤਰਕਾਰ ਸੰਵਾਦ ਲੇਖਕ, ਟੀ.ਵੀ. ਪ੍ਰੋਗਰਾਮ ਪ੍ਰੋਡਿਊਸਰ ਸ੍ਰੀ ਸਤਨਾਮ ਚਾਨਾ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਅਤੇ ਪ੍ਰਸਿੱਧ ਪੱਤਰਕਾਰ ਗੁਰਮੀਤ, ਕਈ ਸਭਾ ਸੁਸਾਇਟੀਆਂ ਦੇ ਰੂਹੇ ਰਵਾਂ ਸ੍ਰੀ ਚਮਨ ਲਾਲ ਲੱਕੀ, ਵਿਦਵਾਨ ਆਲੋਚਕ ਡਾ. ਗੁਰਲਾਲ ਸਿੰਘ, ਲਾਇਲਪੁਰ ਖਾਲਸਾ ਕਾਲਜ ਦੇ ਪੰਜਾਬੀ ਵਿਭਾਗ ਦੇ ਮੁੱਖੀ ਪ੍ਰੋ. ਨਰਿੰਜਣ ਸਿੰਘ ਢੇਸੀ ਅਤੇ ਡਾ. ਲਖਵਿੰਦਰ ਜੌਹਲ ਸਮੇਤ ਦੋਸਤਾਂ ਦੀ ਇਕ ਲੰਮੀ ਸੂਚੀ ਹੈ ਜਿਨ੍ਹਾਂ ਨੇ ਵਰਿਆਮ ਸਿਲਵਰ ਜੁਬਲੀ ਸਮਾਰੋਹ ਨੂੰ ਆਪਣਾ ਸਮਾਰੋਹ ਕਰਕੇ ਸਿਰੇ ਚਾੜ੍ਹਿਆ ਹੈ।



Sri Satguru Jagjit Singh Ji eLibrary NamdhariElibrary@gmail.com

'ਅਭਿਨੰਦਨ ਵਰਿਆਮ' ਇਕ ਵੱਖਰਾ ਗ੍ਰੰਥ ਹੈ ਜੋ ੨੯ ਅਪ੍ਰੈਲ ੨੦੦੧ ਦੇ ਸਮਾਗਮ ਵਿਚ ਸੰਪਾਦਕ ਵਰਿਆਮ ਨੂੰ ਭੇਟ ਕੀਤਾ ਗਿਆ। ਇਸ ਅਵਸਰ ਨੂੰ ਸੁਭਾਏਮਾਨ ਕਰਨ ਵਾਸਤੇ ਭਾਰਤੀ ਘਟ-ਗਿਣਤੀ ਕਮਿਸ਼ਨ ਦੇ ਉਪ ਚੇਅਰਮੈਨ ਸ. ਤਰਲੋਚਨ ਸਿੰਘ ਉਚੇਚਿਆਂ ਦਿੱਲੀ ਤੋਂ ਚਲ ਕੇ ਜਲੰਧਰ ਆਏ। ਉਹਨਾਂ ਦੁਆਰਾ ਇਹ "ਅਭਿਨੰਦਨ ਵਰਿਆਮ" ਰੀਲੀਜ਼ ਵੀ ਕੀਤਾ ਗਿਆ ਅਤੇ ਉਸ ਸਮੇਂ ਜੋ ਉਹਨਾਂ ਮੋਹ ਭਿੱਜੇ ਵਿਚਾਰ ਪੇਸ਼ ਕੀਤੇ ਉਹਨਾਂ ਵਿਚੋਂ ਮੁਹੱਬਤ ਦੀ ਖ਼ੁਸ਼ਬੋ ਹੀ ਆ ਰਹੀ ਸੀ। ਸਰਦਾਰ ਤਰਲੋਚਨ ਸਿੰਘ ਨੇ ਜੋ ਪੰਜਾਬੀ ਅਤੇ ਪੰਜਾਬੀ ਪਰਚਿਆਂ ਬਾਰੇ ਵਿਚਾਰ ਅਤੇ ਸੁਝਾਅ ਪੇਸ਼ ਕੀਤੇ, ਉਹ ਅਗਲੇ ਦਿਨ ਦੀਆਂ ਅਖਬਾਰਾਂ ਦੀਆਂ ਸੁਰਖੀਆਂ ਬਣੇ।

ਸ. ਤਰਲੋਚਨ ਸਿੰਘ ਬਹੁਤ ਅਹਿਮ ਅਹੁਦਿਆਂ ਦੇ ਬਿਰਾਜਮਾਨ ਰਹੇ ਹੋਣ ਦੇ ਬਾਵਜੂਦ ਸਾਦਗੀ ਅਤੇ ਨਿਰਮਾਣਤਾ ਦੀ ਮੂਰਤ ਹਨ। ਮੇਰਾ ਮਨ ਉਹਨਾਂ ਦਾ ਵੀ ਕਿਰਤੱਗ ਹੈ।

"ਅਭਿਨੰਦਨ ਵਰਿਆਮ" ਵਿਚ ਬਹੁਤ ਸਾਰੇ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨਾਂ ਦੇ ਵਿਚਾਰ ਦਰਜ ਹਨ। ਇਹਨਾਂ ਦੇ ਨਾਲ ਹੀ "ਵਰਿਆਮ" ਅਤੇ ਵਰਿਆਮ ਨੂੰ ਪਿਆਰ ਕਰਨ ਵਾਲੇ ਦੋਸਤਾਂ ਦੇ ਮਨਾਂ 'ਚੋਂ ਨਿਕਲੀਆਂ ਭਾਵਨਾਵਾਂ ਦਰਜ ਹਨ। ਕੁਝ ਵਿਚਾਰ ਇਸ ਗ੍ਰੰਥ ਦੇ ਛਪਣ ਬਾਦ ਪੁੱਜੇ ਤੇ ਕੁਝ ਅਜੇ ਵੀ ਪੁੱਜ ਰਹੇ ਹਨ ਜੋ ਸਾਰੇ ਛਾਪੇ ਜਾਣਗੇ। ਮੇਰਾ ਮਨ ਇਹਨਾਂ ਸਾਰਿਆਂ ਲੇਖਕਾਂ ਦੀ ਕਰਨੀ ਅੱਗੇ ਝੁੱਕ ਰਿਹਾ ਹੈ। ਅਭਿਨੰਦਨ ਵਰਿਆਮ ਦੇ ਸੰਪਾਦਕ "ਮਾਸਕ ਵਰਿਆਮ ਸਿਲਵਰ ਜੁਬਲੀ ਉਤਸਵ ਕਮੇਟੀ" ਦੇ ਕਨਵੀਨਰ ਅਤੇ ਸੰਪਾਦਕ ਵਰਿਆਮ ਦੇ ਪਰਮ ਮਿੱਤਰ ਡਾ. ਵਰਿਆਮ ਸਿੰਘ ਸੰਧੂ ਹੋਰਾਂ ਸਹਿਯੋਗੀ ਮਿਤਰਾਂ ਦੀ ਮਦਦ ਨਾਲ ਸਾਰੇ ਸਮਾਗਮ ਦਾ ਕਾਰਜ ਵੀ ਸਿਰੇ ਚਾੜ੍ਹਿਆ ਅਤੇ ਇਸ ਗ੍ਰੰਥ ਦੀ ਸੰਪਾਦਨਾ ਵੀ ਕੀਤੀ। ਇਹ ਅਭਿਨੰਦਨ ਗ੍ਰੰਥ ਅਸੀਂ ਪਾਠਕਾਂ ਦੀ ਦਿਲਚਸਪੀ ਲਈ ਸਾਰੇ ਦਾ ਸਾਰਾ ਇਸ ਅੰਕ ਵਿਚ ਛਾਪ ਦਿੱਤਾ ਹੈ ਇਕੋ ਥਾਂ। ਇਸ ਵਾਸਤੇ ਸਿਲਵਰ ਜੁਬਲੀ ਅੰਕ ਦੀਆਂ ਰਚਨਾਵਾਂ ਦੀ ਅਗੇਤ ਪਛੇਤ ਜ਼ਰੂਰ ਹੋ ਗਈ ਹੈ ਪਰ ਇੱਡੇ ਵੱਡੇ ਕਾਰਜ ਦੇ ਰੂ-ਬ-ਰੂ ਇਹ ਕੁਦਰਤੀ ਹੀ ਸੀ।

ਮੇਰੇ ਪੁਰਾਣੇ ਪਰਮ ਮਿੱਤਰ ਹਨ ਅਜੀਤ ਦੇ ਮੁੱਖ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ। ਭਾਵੇਂ ਉਹਨਾਂ ਦੇ ਵਿਸ਼ਾਲ ਰੁਝੇਵਿਆਂ ਕਾਰਨ ਸਾਡੀਆਂ ਮੁਲਾਕਾਤਾਂ ਹੁਣ ਕਦੇ ਕਦਾਈਂ ਵਾਲੀ ਗੱਲ ਹੋ ਗਈ ਹੈ। ਪਰ ਉਹਨਾਂ ਪੁਰਾਣੇ ਦੋਸਤੀ ਦੇ ਦਿਨਾਂ ਨੂੰ ਭੁਲਾਇਆ ਨਹੀਂ। ਉਹਨਾਂ ਬਹੁਤ ਵਧੀਆ ਭਾਵਨਾਵਾਂ ਨੂੰ ਲਿਖ ਕੇ ਵੀ ਦਿੱਤਾ, ਅਤਿ ਦੇ ਰੁਝੇਵਿਆਂ 'ਚੋਂ ਉਹਨਾਂ ਲੰਮਾ ਸਮਾਂ ਕੱਢ ਕੇ ਸਮਾਗਮ ਵਿਚ ਵੀ ਸ਼ਿਰਕਤ ਕੀਤੀ ਅਤੇ ਇਸ ਅਵਸਰ ਤੇ ਵਰਿਆਮ ਦੀ ਹਰ ਪੱਖੋਂ ਮਦਦ ਵੀ ਕੀਤੀ। ਹੁਣ ਦੱਸੋ ਇਸ ਸਾਰੇ ਕੁਝ ਦਾ ਧੰਨਵਾਦ ਸ਼ਬਦਾਂ ਵਿਚ ਹੋ ਸਕਦਾ ਹੈ ?

ਇਸ ਤਰ੍ਹਾਂ ਹੀ ਸਾਡੇ ਦੂਜੇ ਮਿੱਤਰ ਹਿੰਦ ਸਮਾਚਾਰ ਪੱਤਰ ਸਮੂਹ ਦੇ ਮੁੱਖ ਸੰਪਾਦਕ ਸ੍ਰੀ ਵਿਜੈ ਚੋਪੜਾ ਜੀ ਸਮਾਗਮ ਦੇ ਦੂਸਰੇ ਚਰਨ ਵਿਚ ਪਧਾਰੇ। ਉਹਨਾਂ ਦਾ ਲੁਧਿਆਣਾ ਆਦਿਕ ਥਾਵਾਂ ਤੇ ਬਹੁਤ ਪੀਚਵਾਂ ਪ੍ਰੋਗਰਾਮ ਸੀ। ਏਨੇ ਰੁਝੇਵੇਂ ਵਿਚੋਂ ਆਉਣਾ ਅਸੰਭਵ ਸੀ ਪਰ ਉਹ ਹਰ ਹਾਲਤ ਵਿਚ ਸਮਾਂ ਕੱਢ ਕੇ ਆਏ ਅਤੇ ਮੁਹੱਬਤ ਪ੍ਰਗਟ ਕੀਤੀ। ਇਹ ਉਹਨਾਂ ਦਾ ਵਡੱਪਣ ਹੈ। ਸ. ਜਗਜੀਤ ਸਿੰਘ ਅਨੰਦ ਤੇ ਬੀਬੀ ਉਰਮਿਲਾ ਅਨੰਦ ਜੀ ਨੇ ਵੀ ਸਾਰੀ ਦਿਹਾੜੀ ਵਰਿਆਮ ਦੇ ਲੇਖੇ ਲਾਈ।

ਇਕ ਹੋਰ ਉਚ ਹਸਤੀ ਜਿਨ੍ਹਾਂ ਪਾਵਨ ਪਵਿੱਤਰ ਆਸ਼ੀਰਵਾਦ ਭੇਜ ਕੇ ਕ੍ਰਿਤਾਰਥ ਕੀਤਾ ਹੈ, ਉਹ ਹੈ ਸਿੱਖ ਪੰਥ ਦੇ ਅਦੁੱਤੀ ਜਰਨੈਲ ਅਤੇ ਮਹਾਨ ਸ਼ਹੀਦ ਬਾਬਾ ਬੰਦਾ ਬਹਾਦਰ ਜੀ ਦੇ ਡੇਰੇ ਰਿਆਸੀ ਜੰਮੂ-ਕਸ਼ਮੀਰ ਦੇ ਮੌਜੂਦਾ ਗੱਦੀ ਨਸ਼ੀਨ ਬਾਬਾ ਜਤਿੰਦਰ ਪਾਲ ਸਿੰਘ ਸੋਢੀ ਜੀ। ਬਾਬਾ ਜੀ ਨੇ ਇਕ ਵਿਸ਼ੇਸ਼ ਡੈਲੀਗੇਸ਼ਨ ਭੇਜ ਕੇ ਸ਼ਾਨਦਾਰ ਯਾਦ ਚਿੰਨ, ਮੋਮੈਂਟੋ, ਮਾਇਆ ਅਤੇ ਦੋ ਸ਼ਾਲੇ ਨਾਲ ਸੰਪਾਦਕ ਵਰਿਆਮ ਨੂੰ ਆਸ਼ੀਰਵਾਦ ਭੇਜ ਕੇ ਬਖਸ਼ਿਆ ਹੈ। ਅਸੀਂ ਬਾਬਾ ਜੀ ਦੇ ਅਤੇ ਬੰਦਈ ਸੰਪ੍ਰਦਾਇ ਦੀ ਇਸ ਨਿਵਾਜ਼ਸ਼ ਨੂੰ ਆਪਣਾ ਕੀਮਤੀ ਸਰਮਾਇਆ ਸਮਝਦੇ ਹਾਂ।

ਸੰਤ ਨਾਮਦੇਵ ਫੈਡਰੇਸ਼ਨ ਪੰਜਾਬ, ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ ਜਲੰਧਰ ਜਿਹੀਆਂ ਪਵਿੱਤਰ ਜਥੇਬੰਦੀਆਂ ਵਲੋਂ ਆਸ਼ੀਰਵਾਦ ਦੇ ਰੂਪ ਵਿਚ ਮੋਮੈਂਟੋ ਸਿਰੋਪਾਓ ਅਤੇ ਹੋਰ ਸਹਾਇਤਾ ਨੇ ਸਾਡੇ ਮਨ ਨੂੰ ਪਿਘਲਾ ਦਿੱਤਾ ਹੈ। ਹੁਣ ਕਿਹੜੇ ਸ਼ਬਦਾਂ ਵਿਚ ਧੰਨਵਾਦ ਕਰੀਏ। ਸਤਿਗੁਰੂ ਸਮਰਥਾ ਬਖਸ਼ਣ ਕਿ ਅਸੀਂ ਇਸ ਪਿਆਰ ਦੇ ਹਾਣ ਦੇ ਹੋ ਸਕੀਏ।

ਪੰਜਾਬੀ ਸੱਥ ਲਾਂਬੜਾ ਜਿਹੀ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਵਲੋਂ ਇਸ ਮੌਕੇ ਤੇ ਸੰਪਾਦਕ ਵਰਿਆਮ ਰਾਹੀਂ ਵਰਿਆਮ ਰਸਾਲੇ ਦਾ ਸਨਮਾਨ ਸਾਨੂੰ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਕਰਦਾ ਹੈ ਅਤੇ ਸਹੀ ਪੰਧ ਤੇ ਚਲਣ ਦੀ ਪ੍ਰੇਰਨਾ ਦਿੰਦਾ ਹੈ।

ਪ੍ਰਬੰਧਕ ਕਮੇਟੀ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ, ਪੰਜਾਬੀ ਕਵੀ ਸਭਾ ਜਲੰਧਰ (ਪ੍ਰਧਾਨ ਸ. ਸੰਤੋਖ ਸਿੰਘ ਸਫਰੀ) ਅਦਬੀ ਦਰਬਾਰ ਪੰਜਾਬ, ਸੰਗੀਤ ਕਲਾ ਮੰਚ ਜਲੰਧਰ, ਪੰਜਾਬੀ ਲੇਖਕ ਸਭਾ ਜਲੰਧਰ ਜਿਹੀਆਂ ਵਕਾਰੀ ਸੰਸਥਾਵਾਂ ਵਲੋਂ ਆਸ਼ੀਰਵਾਦ ਛੋਟੀ ਝੋਲੀ ਵਿਚ ਬਹੁਤਾ ਦਾਨ ਪੈਣ ਵਾਲੀ ਗੱਲ ਹੈ। ਸਿਲਵਰ ਜੁਬਲੀ ਉਤਸਵ ਕਮੇਟੀ ਨੇ ਸਾਰੇ ਕਾਰਜ ਦਾ ਵੀ ਪ੍ਰਬੰਧ ਕੀਤਾ ਅਤੇ ਪੰਜੀ ਹਜ਼ਾਰ ਰੁਪਏ ਦੀ ਥੈਲੀ ਨਾਲ ਵੀ ਸਨਮਾਨਤ ਕੀਤਾ। ਮਿੱਤਰਾਂ ਨੇ ਇਹਸਾਨਾਂ ਦੇ ਭਾਰ ਹੇਠਾਂ ਏਡਾ ਦੱਬ ਦਿੱਤਾ ਕਿ ਕੂਣ ਜੋਗਾ ਵੀ ਨਹੀਂ ਛੱਡਿਆ ਧੰਨਵਾਦ ਕਹਿਣ ਜੋਗਾ ਵੀ ਨਹੀਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਭੇਜਿਆ ਨਾਮਧਾਰੀ ਦਰਬਾਰ ਦਾ ਇਕ ਵਿਸ਼ੇਸ਼ ਪ੍ਰਤੀਨਿਧ ਇਥੇ ਪੁੱਜਾ। ਇਸ ਵਿਚ ਸ. ਸੁਰਿੰਦਰ ਸਿੰਘ ਨਾਮਧਾਰੀ, ਸੰਤ ਦਿਆਲ ਸਿੰਘ ਜੀ, ਸੂਬਾ ਹਰਭਜਨ ਸਿੰਘ ਲੁਧਿਆਣਾ, ਸੰਤ ਦਲੀਪ ਸਿੰਘ



Sri Satguru Jagjit Singh Ji eLibrary NamdhariElibrary@gmail.com

ਚੇਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ, ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ, ਸ. ਸੁਖਜੀਤ ਸਿੰਘ, ਸੰਤ ਗੁਰਮੁਖ ਸਿੰਘ ਰਹਿਬਰ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ, ਬੀਬੀ ਸੁਖਜੀਤ ਕੌਰ ਪ੍ਰਧਾਨ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਸੂਬਾ ਸੁਰਿੰਦਰ ਕੌਰ ਖਰਲ ਜੱਥੇ ਦੇ ਸੈਂਕੜੇ ਵਰਕਰਾਂ ਨਾਲ ਪੁੱਜੇ। ਸਟੇਜ ਤੇ ਇਸ ਪ੍ਰਤੀਨਿਧ ਮੰਡਲ ਰਾਹੀਂ ਸਤਿਗੁਰੂ ਜੀ ਵਲੋਂ ਭੇਜੇ ਧਾਰਮਿਕ ਚਿੰਨ ਮਾਲਾ, ਆਸਨ, ਗੜਵਾ, ਪਉਏ ਗੁਟਕਾ ਤਸਵੀਰਾਂ ਆਦਿ ਭੇਟ ਕੀਤੇ ਗਏ ਅਤੇ ਨਾਲ ਹੀ ਐਲਾਨ ਹੋਇਆ ਕਿ ਇਕ ਨਵੀਂ ਕਾਰ ਦੀਆਂ ਚਾਬੀਆਂ ਸਤਿਗੁਰੂ ਜੀ ਆਪ ਸ੍ਰੀ ਭੈਣੀ ਸਾਹਿਬ ਵਿਚ ਬਖਸ਼ਿਸ਼ ਕਰਨਗੇ। ਕਾਰ ਦੀਆਂ ਚਾਬੀਆਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਾਵਨ ਕਰ ਕਮਲਾਂ ਦੁਆਰਾ ਮਿਤੀ ੯ ਮਈ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ "ਨਾਮਧਾਰੀ ਗੁਰੂ ਰਾਮ ਸਿੰਘ ਚੇਅਰ" ਵਲੋਂ ਆਯੋਜਤ ਸੈਮੀਨਾਰ ਦੇ ਭਰਵੇਂ ਸਮਾਗਮ ਵਿਚ ਸੰਪਾਦਕ ਵਰਿਆਮ ਦੇ ਫੈਲੇ ਹੱਥਾਂ ਤੇ ਰਖੀਆਂ। ਇਸ ਤਰ੍ਹਾਂ ਜਗਦੀਸ਼ ਸਿੰਘ ਨੂੰ ਇਕ ਨਵੀਂ ਪੈਟਰੋਲ ਕਾਰ "ਮੈਟੀਜ਼" ਦਾ ਮਾਲਕ ਬਣਾ ਦਿੱਤਾ। ਹੁਣ ਮੈਨੂੰ ਤਾਂ ਨਾਮਧਾਰੀ ਜਥੇਦਾਰਾਂ ਵਲੋਂ ਪੜ੍ਹੀ ਜਾਂਦੀ ਧਾਰਨ ਹੀ ਯਾਦ ਆਉਂਦੀ ਹੈ, "ਕੀ ਸਿਫਤ ਕਰਾਂ ਗੁਰ ਤੇਰੀ, ਤੇਰੀ ਸ਼ਾਨ ਨਿਆਰੀ ਹੈ।"

ਇਸ ਤੋਂ ਬਾਦ ਕੋਈ ਗੱਲ ਹੋ ਸਕਦੀ ਹੈ ?

ਹਾਂ ਅਜੇ ਬਾਤ ਰਹਿੰਦੀ ਹੈ। ਉਂਝ ਗੱਲ ਕਦੇ ਵੀ ਮੁਕਣ ਵਾਲੀ ਨਹੀਂ।

ਸਾਡੇ ਬਜ਼ੁਰਗ ਮਿੱਤਰ ਸ. ਪ੍ਰੀਤਮ ਸਿੰਘ ਕਵੀ ਬਹੁਤ ਸਾਰੇ ਲੇਖਕਾਂ ਦੇ ਚਹੇਤੇ ਸਾਹਿਤਕਾਰ ਹਨ। ਵਰਿਆਮ ਦੇ ਸ਼ੁਰੂ ਤੋਂ ਹੀ ਇਸ ਦੇ ਸੰਸਥਾਪਕਾਂ ਦੀ ਹੈਸੀਅਤ ਰਖਦੇ ਹਨ। ਪਰ ਅੱਜ ਕਲ੍ਹ ਉਹ ਸਰੀਰਕ ਰੋਗ ਕਾਰਨ ਬਹੁਤ ਗਤੀਵਿਧੀਆਂ ਤੋਂ ਨਿਰਲੇਪ ਹਨ। ਸੁਚੇਤ ਹਨ ਪਰ ਸਰੀਰਿਕ ਕ੍ਰਿਆਵਾਂ ਬਹੁਤ ਸੀਮਤ ਹਨ। ਬੋਲਣਾ, ਬਹਿਣਾ ਤੁਰਨਾ ਮੁਸ਼ਕਲ ਹੈ। ਪੌੜੀਆਂ ਚੜ੍ਹਣ ਦਾ ਤਾਂ ਸਵਾਲ ਹੀ ਨਹੀਂ ਪਰ ਸਭ ਕੁਝ ਹੋਣ ਨਾ ਹੋਣ ਦੇ ਬਾਵਜੂਦ ਇਸ ਬਿਰਧ ਤੇ ਬੀਮਾਰ ਅਵਸਥਾਂ ਵਿਚ ਉਹ ਆਏ। ਦੇਸ਼ ਭਗਤ ਯਾਦਗਾਰ ਹਾਲ ਦੀਆਂ ਪੌੜੀਆਂ ਚੜ੍ਹ ਕੇ ਉੱਚੇ ਸਟੇਜ ਤੇ ਪੁੱਜੇ ਅਤੇ ਕਾਰਵਾਈ ਵਿਚ ਸ਼ਾਮਲ ਹੋਏ।

ਇਸ ਸਮਾਗਮ ਵਿਚ ਆਉਣ ਵਾਲਾ ਜੋ ਵੀ ਵਿਅਕਤੀ ਮਿਲਦਾ ਹੈ। ਉਹ ਇਕ ਜ਼ਬਾਨ ਨਾਲ ਕਹਿੰਦਾ ਹੈ ਕਿ ਲੰਗਰ ਕਮਾਲ ਦਾ ਸੀ। ਦੇਸ਼ ਭਗਤ ਹਾਲ ਦੇ ਦੂਸਰੇ ਹਾਲ ਵਿਚ ਪੰਗਤਾਂ ਵਿਚ ਵਰਤਾਇਆ ਗਿਆ, ਇਹ ਲੰਗਰ ਆਪਣੀ ਵਖਰੀ ਪਛਾਣ ਛੱਡ ਗਿਆ ਹੈ। ਇਸ ਦਾ ਪ੍ਰਬੰਧ ਕਰਨ ਵਾਲੇ ਨਿਸ਼ਕਾਮ ਵਿਅਕਤੀ ਸਨ, ਸੰਤ ਗੁਰਮੁਖ ਸਿੰਘ ਰਹਿਬਰ ਅਤੇ ਬੀਬੀ ਸੁਖਜੀਤ ਕੌਰ ਇਹ ਦੋਵੇਂ ਹਸਤੀਆਂ ਨਾਮਧਾਰੀ ਵਿਦਿਆਕ ਜਥੇ ਦੇ ਦੋਵੇਂ ਵਿੰਗਾਂ ਦੇ ਪ੍ਰਧਾਨ ਹਨ। ਇਹਨਾਂ ਆਪਣੇ ਸਹਿਯੋਗੀਆਂ ਨਾਲ ਸੇਵਾ ਦਾ ਸਭ ਤੋਂ ਵੱਡਾ ਭਾਰ ਆਪਣੇ ਸਿਰ ਲਿਆ ਅਤੇ ਬਹੁਤ ਕਮਾਲ ਦੀ ਕਲਾਤਮਿਕਤਾ ਨਾਲ ਸਿਰੇ ਚਾੜ੍ਹਿਆ। ਅਸੀਂ ਇਹਨਾਂ ਦਾ ਮਾਨ ਸਨਮਾਨ ਕੀ ਕਰਨਾ ਸੀ ਦੋ ਸ਼ਬਦ ਧੰਨਵਾਦ ਦੇ ਵੀ ਸਟੇਜ ਤੋਂ ਨਾ ਕਹਿ ਸਕੇ ਪਰ ਸੇਵਾ ਦੀ ਸਾਕਾਰ ਮੂਰਤ ਇਹ ਵਿਅਕਤੀਆਂ ਸਾਡੇ ਸਾਰਿਆਂ ਦੇ ਮਨਾਂ ਦੀ ਪ੍ਰਸੰਸਾ ਜਿੱਤ ਗਏ ਹਨ। ਸੱਚੇ ਪਾਤਸ਼ਾਹ ਇਹਨਾਂ ਦੇ ਮਨਾਂ ਨੂੰ ਏਡੀ ਹੀ ਉੱਚਤਾ ਪ੍ਰਦਾਨ ਕਰੀ ਰੱਖਣ। ਸੂਬਾ ਹਰਭਜਨ ਸਿੰਘ ਅਤੇ ਸ. ਤਰਲੋਚਨ ਸਿੰਘ ਮਠਾਰੂ ਹੋਰਾਂ ਦਾ ਭਰਵਾਂ ਸਹਿਯੋਗ ਵੀ ਲੰਗਰ ਪ੍ਰਬੰਧਕਾਂ ਨੂੰ ਹਾਸਲ ਸੀ।

ਵਰਿਆਮ ਦੇ ਸਿਲਵਰ ਜੁਬਲੀ ਸਮਾਗਮ ਇੰਗਲੈਂਡ ਵਿਚ ਬਰਮਿੰਘਮ, ਲੰਡਨ, ਸਾਊਥਲ, ਲੈਸਟਰ ਆਦਿ ਥਾਵਾਂ ਤੇ ਹੋ ਚੁੱਕੇ ਹਨ, ਭਾਰਤ ਵਿਚ ਸ੍ਰੀ ਭੈਣੀ ਸਾਹਿਬ ਜੰਮੂ ਅਤੇ ਚੰਡੀਗੜ੍ਹ ਵਿਚ ਯਾਦਗਾਰੀ ਸਮਾਗਮ ਹੋਏ ਹਨ, ਸੰਤ ਸੁਰਿੰਦਰ ਸਿੰਘ ਮੀਤ ਪ੍ਰਧਾਨ ਨਾਮਧਾਰੀ ਦਰਬਾਰ ਨੇ ਲੁਧਿਆਣਾ ਵਿਚ ਸਮਾਗਮ ਕਰਨ ਦਾ ਐਲਾਨ ਵੀ ਜਲੰਧਰ ਸਮਾਗਮ ਵਿਚ ਕੀਤਾ। ਹੋਰ ਵੀ ਕੁਝ ਸਮਾਗਮ ਨਿਰਧਾਰਤ ਹਨ ਪਰ ਇਹਨਾਂ ਸਮਾਗਮਾਂ ਦੀ ਲੜੀ ਆਰੰਭ ਕਰਨ ਦਾ ਸ਼੍ਰੇਅ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨੂੰ ਹੀ ਜਾਂਦਾ ਹੈ, ਜਿਸ ਨੇ ਸਵਾ ਸਾਲ ਪਹਿਲਾਂ ਹੀ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਵਿਚ ਇਕ ਸਮਾਗਮ ਕਰਕੇ ਸਿਲਵਰ ਜੁਬਲੀ ਸਮਾਰੋਹ ਲੜੀ ਦਾ ਸ੍ਰੀ ਗਣੇਸ਼ ਕੀਤਾ। ਨਾਮਧਾਰੀ ਸਾਹਿਤ ਸਭਾ ਸੰਪਾਦਕ ਵਰਿਆਮ ਦਾ ਮਾਨ ਸਨਮਾਨ ਕਰਦੀ ਹੀ ਰਹਿੰਦੀ ਹੈ। ਸਭਾ ਦੇ ਸਾਰੇ ਮੈਂਬਰ ਜਲੰਧਰ ਸਮਾਗਮ ਤੇ ਹੁੰਮ ਹੁੰਮਾ ਕੇ ਪੁੱਜੇ ਤੇ ਸ੍ਰੀ ਭੈਣੀ ਸਾਹਿਬ ਵੀ 'ਕਾਰ ਭੇਟ' ਸਮਾਗਮ ਤੇ ਗਏ। ਇਸ ਸਭਾ ਦਾ ਸੰਪਾਦਕ ਵਰਿਆਮ ਦੇ ਸਿਰ ਸਾਹਿਤਕ ਰਿਣ ਹੈ। ਇਹਨਾਂ ਦਾ ਸ਼ੁਰੂ ਕੀਤਾ ਕਾਰਜ ਅਪਾਰ ਸਫਲਤਾ ਤੇ ਪੁੱਜਾ ਹੈ। ਇਸ ਸਭਾ ਨੂੰ ਨਿਰਸੰਦੇਹ ਇਹ ਮਾਣ ਜਾਂਦਾ ਹੈ। ਵਿਸ਼ੇਸ਼ ਚਰਚਾ ਵਾਲਾ ਨਾਮ ਹੈ ਪ੍ਰੋ. ਤਾਰਾ ਸਿੰਘ ਅਣਜਾਣ ਸੰਪਾਦਕ ਸਤਿਜੁਗ ਜੋ ਭਾਰਤ ਵਿਚ ਸਾਰੇ ਹੀ ਵਰਿਆਮ ਸਮਾਗਮਾਂ ਵਿਚ ਪੁੱਜੇ ਅਤੇ ਜਲੰਧਰ ਕਮੇਟੀ ਨੂੰ ਵੀ ਪੂਰਾ ਸਹਿਯੋਗ ਦਿਤਾ।

ਵਰਿਆਮ ਦੇ ਅਗਲੇ ਅੰਕ ਵਿਚ ਸਿਲਵਰ ਜੁਬਲੀ ਸਮਾਗਮ ਦੀਆਂ ਸੁੰਦਰ ਤਸਵੀਰਾਂ ਅਤੇ ਅਖਬਾਰੀ ਰਿਪੋਰਟਾਂ ਪਾਠਕਾਂ ਦੇ ਸਨਮੁੱਖ ਪੇਸ਼ ਕੀਤੀਆਂ ਜਾਣਗੀਆਂ। ਅੰਤ ਉਤੇ ਸਭ ਤੋਂ ਵੱਡੀ ਸ਼ਾਬਾਸ਼ ਤੇ ਵਰਿਆਮ ਦੇ ਪਾਠਕਾਂ ਦੀ ਹੈ। ਬਗੈਰ ਪਾਠਕਾਂ ਤੋਂ ਕੋਈ ਕਿੱਡਾ ਵੱਡਾ ਬਣਿਆ ਫਿਰੇ ਪਰਚਾ ਨਹੀਂ ਚਲ ਸਕਦਾ। ਅਸੀਂ ਪਿਆਰੇ ਪਾਠਕਾਂ ਨੂੰ ਵੀ ਸਿਰ ਝੁਕਾਉਂਦੇ ਹਾਂ। ਜਿਨ੍ਹਾਂ ਦਾ ਜ਼ਿਕਰ ਇਸ ਲੇਖ ਵਿਚ ਹੋਇਆ ਹੈ, ਉਹਨਾਂ ਨਾਲੋਂ ਜ਼ਿਕਰ ਬਗੈਰ ਵਿਅਕਤੀਆਂ ਦੀ ਤਾਦਾਦ ਕਿਤੇ ਵੱਡੀ ਹੈ। ਵੱਡਾ ਕਾਰਜ ਸੰਪਨ ਹੋਇਆ ਹੈ। ਗਲਤੀਆਂ ਦੀ ਤਾਂ ਭਰਮਾਰ ਹੈ ਹੀ। ਪਰ ਪਾਠਕ ਬਖਸ਼ਣਹਾਰ ਹਨ। ਇਕ ਵਾਰ ਫੇਰ ਸਭ ਦਾ ਧੰਨਵਾਦ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਮਾਸਟਰ ਨਿਹਾਲ ਸਿੰਘ ਜੀ ਨੂੰ ਯਾਦ ਕਰਦਿਆਂ



ਨਾਮਧਾਰੀ ਪੰਥ ਦੀ ਉਚ ਕੋਟੀ ਦੀ ਇਕ ਸ਼ਖ਼ਸੀਅਤ, ਬਜ਼ੁਰਗ ਮਹਾਂ ਪੁਰਖ, ਲੇਖਕ, ਸੰਪਾਦਕ, ਕਥਾਕਾਰ, ਬੁਲਾਰੇ, ਅਧਿਆਪਕ, ਸੇਵਾਦਾਰ, ਨਾਮਧਾਰੀ ਵਿਦਿਅਕ ਜਥਾ ਅਤੇ ਨਾਮਧਾਰੀ ਦਰਬਾਰ ਦੇ ਸਰਬ ਉੱਚ ਅਹੁਦਿਆਂ (ਪ੍ਰਧਾਨ) ਤੇ ਬਿਰਾਜਮਾਨ ਹੋਣ ਵਾਲੇ ਹਰ ਦਿਲ ਅਜ਼ੀਜ਼ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਬਹੁਤ ਸਹਿਜ ਅਵਸਥਾ ਵਿਚ ਹੀ ਲੰਮੇਰੀ ਉਮਰ ਭੋਗ ਕੇ, ੧ ਅਪਰੈਲ ੨੦੦੧ ਵਾਲੇ ਦਿਨ ਆਪਣੀ ਸ਼ਾਨਦਾਰ ਅਤੇ ਸਫਲ ਜੀਵਨ ਯਾਤਰਾ ਆਪਣੇ ਮਨ ਇਛਤ ਸਥਾਨ, ਇਸ਼ਟ ਦੇਵ ਦੀ ਨਗਰੀ ਸ੍ਰੀ ਭੈਣੀ ਸਾਹਿਬ ਵਿਚ ਸੰਪੂਰਨ ਕਰ ਗਏ ਹਨ। ਉਸ ਦਿਨ ਉਚੇਚਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਸਟਰ ਜੀ ਤੋਂ ਕਥਾ ਸਰਵਨ ਕੀਤੀ। ਲੰਗਰ ਵਿਚ ਆਪਣੇ ਸਪੁਤਰ ਸ. ਚਰੰਜੀਤ ਸਿੰਘ ਦੇ ਸੰਗ ਸਾਥ ਵਿਚ ਦਿਲੀ ਜਾਣ ਦੀ ਥਾਂ ਸੱਚਖੰਡ ਦੀ ਤਿਆਰੀ ਕਰ ਲਈ।

ਕੋਈ ਸਦੀ ਭਰ ਇਸ ਸੰਸਾਰ ਵਿਚ ਸਿਰ ਉੱਚਾ ਅਤਿ ਨਿਰਮਾਨਤਾ ਵਿਚ ਵਿਚਰਦੇ ਮਾਸਟਰ ਨਿਹਾਲ ਸਿੰਘ ਜੀ ਦੀ ਸ਼ਖ਼ਸੀਅਤ ਦੀ ਛਾਪ ਨਾਮਧਾਰੀ ਪੰਥ ਦੇ ਹਰ ਪ੍ਰੋਗਰਾਮ ਤੇ ਸੀ। ਮਾਸਟਰ ਜੀ ਦਾ ਅੰਤਮ ਸਮਾਂ ਅਤਿ ਆਦਰਸ਼ਕ ਰਿਹਾ ਹੈ। ਉਹਨਾਂ ਦਾ ਚਲਾਣਾ ਇਕ ਉਚ ਆਤਮਾ ਮਹਾਂਪੁਰਖਾਂ ਵਾਲਾ ਹੈ ਪਰ ਜਾਪਦਾ ਹੈ ਉਹਨਾਂ ਦੇ ਜਾਣ ਨਾਲ ਇਕ ਯੁਗ ਦੀ ਸਮਾਪਤੀ ਹੋ ਗਈ ਹੈ। ਅਤੀਤ ਨਾਲ ਜੋੜਣ ਵਾਲੀ ਕੜੀ ਸਮਾਪਤ ਹੋ ਗਈ ਹੈ।

ਨਾਮਧਾਰੀ ਪੰਥ ਦੀ ਕਈ ਪੱਖਾਂ ਤੋਂ ਸੇਵਾ ਕਰਨ ਵਾਲੇ ਸਤਿਕਾਰ ਯੋਗ ਮਾਸਟਰ ਜੀ ਦਾ ਜਨਮ ਪਿੰਡ ਗਿਲ ਚੱਕ ਇਕ ਸੌ ਚੌਦਾਂ ਜ਼ਿਲਾ ਸ਼ੇਖੂਪੁਰਾ (ਅਜ ਕਲ ਪਾਕਿਸਤਾਨ) ਵਿਚ ਪਿਤਾ ਸੰਤ ਰੂੜ ਸਿੰਘ ਜੀ ਨਾਮਧਾਰੀ ਅਤੇ ਮਾਤਾ ਧਨ ਕੌਰ ਜੀ ਦੇ ਸ਼ੁਭ ਗ੍ਰਹਿ ਵਿਖੇ ਸੰਨ ੧੯੧੦ ਈਸਵੀ ਵਿਚ ਹੋਇਆ। ਉਸ ਜ਼ਮਾਨੇ ਵਿਚ ਵੀ ਆਪ ਨੇ ਪੰਜਾਬੀ ਵਿਚ ਆਨਰਜ਼ ਸਹਿਤ ਬੀ. ਏ. ਦੀ ਡਿਗਰੀ ਹਾਸਲ ਕੀਤੀ। ਆਪ ਜੀ ਨੇ ਉਸ ਜ਼ਮਾਨੇ ਦੀ ਆਮ ਰਵਾਇਤ ਅਨੁਸਾਰ ਆਪਣੀ ਉੱਚ ਵਿਦਿਆ ਨੂੰ ਕੇਵਲ ਧਨ ਕਮਾਉਣ ਦਾ ਸਾਧਨ ਨਹੀਂ ਬਣਾਇਆ ਸਗੋਂ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਦੇ ਕੰਮ ਨੂੰ ਉਪਜੀਵਕਾ ਵਾਸਤੇ ਚੁਣ ਕੇ ਵਿਦਿਆ ਵੰਡਣ ਦਾ ਸੱਚਾ ਅਤੇ ਸੁੱਚਾ ਰਾਹ ਅਪਣਾਇਆ। ਇਸ ਤੋਂ ਇਲਾਵਾ ਅਧਿਆਪਕ ਦੀ ਨੌਕਰੀ ਸਮੇਂ ਡਿਊਟੀ ਪਿਛੋਂ ਬਾਲਗਾਂ ਨੂੰ ਸਿਖਿਆ ਦੇਣ ਵਾਸਤੇ ਆਪ ਵਿਸ਼ੇਸ਼ ਕਲਾਸਾਂ ਲਾਉਂਦੇ ਰਹੇ। ਅਤੇ ਆਪ ਦੇ ਪੜ੍ਹਾਏ ਹੋਏ ਕਈ ਬਾਲਗ ਪਰਚਾਰਕ ਅਤੇ ਜਥੇਦਾਰ ਬਣ ਕੇ ਨਾਮਧਾਰੀ ਪੰਥ ਦੀ ਸੇਵਾ ਕਰਦੇ ਰਹੇ।

ਸੰਨ ੧੯੪੫ ਨੂੰ ਰਾਵਲਪਿੰਡੀ ਨਿਵਾਸ ਸਮੇਂ ਆਪ ਪ੍ਰਸਿੱਧ ਨਾਮਧਾਰੀ ਸ਼ਖ਼ਸੀਅਤ ਸਰਦਾਰ ਆਤਮਾ ਸਿੰਘ ਜੀ ਨਾਲ ਮਿਲ ਕੇ ਕੰਮ ਕਰਦੇ ਰਹੇ। ਆਪ ਜੀ ਸਵਾ ਲਖ ਪਾਠਾਂ ਦਾ ਹਿਸਾਬ-ਕਿਤਾਬ ਰਖਦੇ ਰਹੇ। ਇਸੇ ਕਾਰਨ ਹੀ ਜਦੋਂ ਖਾਲਸਾ ਸਕੂਲ ਦੇ ਪਰਬੰਧਕਾਂ ਨੇ ਆਪ ਉਤੇ ਨਾਮਧਾਰੀ ਦੀਵਾਨਾਂ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਿਚ ਜਾਣ ਦੀ ਪਾਬੰਦੀ ਲਾਈ ਤਾਂ ਆਪ ਨੇ ਮਾਇਕ ਔਕੜਾਂ ਦੀ ਪਰਵਾਹ ਨਾ ਕਰਦੇ ਹੋਏ ਨੌਕਰੀ ਤੋਂ ਤਾਂ ਅਸਤੀਫਾ ਦੇ ਦਿਤਾ ਪਰ ਪੰਥਕ ਕਾਰਜਾਂ ਵਲੋਂ ਆਪਣਾ ਮੁਖ ਨਹੀਂ ਮੋੜਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਰਖੂ ਅੱਖ ਨੇ ਆਪ ਜੀ ਦੀ ਲਗਣ ਅਤੇ ਸੱਚੀ ਸੁੱਚੀ ਭਾਵਨਾ ਨੂੰ ਝੱਟ ਤਾੜ ਲਿਆ ਅਤੇ ਆਪਣੀਆਂ ਬਖਸ਼ਸ਼ਾਂ ਦੇ ਭੰਡਾਰੇ ਖੋਹਲ ਕੇ ਆਪ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾ ਕੇ ਨਾਮਧਾਰੀ ਪੰਥ ਦੇ ਨਾਮਵਰ ਅਖ਼ਬਾਰ 'ਸਤਿਜੁਗ' ਦਾ ਸੰਪਾਦਕ ਨਿਯੁਕਤ ਕੀਤਾ। ਦੇਸ਼ ਦੀ ਵੰਡ ਬਾਅਦ ਆਪ ਦਿੱਲੀ ਆ ਗਏ। ਕੁਝ ਸਮੇਂ ਸਰਸਾ ਵਿਖੇ ਐਸ. ਡੀ. ਹਾਈ ਸਕੂਲ ਵਿਚ ਅਧਿਆਪਕ ਰਹੇ। ਸੰਨ ੧੯੫੯ ਵਿਚ ਆਪ ਸ੍ਰੀ ਜੀਵਨ ਨਗਰ ਵਿਖੇ ਨਾਮਧਾਰੀ ਪੰਥ ਦੇ ਮਸ਼ਹੂਰ ਸਕੂਲ ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੇ ਮੁੱਖ ਅਧਿਆਪਕ ਨਿਯੁਕਤ ਕੀਤੇ ਗਏ। ਇਸ ਨਿਯੁਕਤੀ ਨਾਲ ਆਪ ਨੂੰ ਜਿਥੇ ਅਨੇਕਾਂ ਬਚਿਆਂ ਨੂੰ ਵਿਦਿਆ ਦਾ ਚਾਨਣ ਦੇਣ ਦਾ ਅਵਸਰ ਮਿਲਿਆ ਉਥੇ ਅਨੇਕਾਂ ਪੰਥਕ ਪ੍ਰੋਗਰਾਮਾਂ ਵਿਚ ਸਰਗਰਮੀ ਲਿਆਉਣ ਦਾ ਅਵਸਰ ਵੀ ਆਪ ਨੂੰ ਪ੍ਰਾਪਤ ਹੋਇਆ।

ਨੌਜਵਾਨਾਂ ਵਿਚ ਚੇਤਨਾ ਜਗਾਉਣ ਅਤੇ ਜਥੇਬੰਦੀ ਦੀ ਭਾਵਨਾ ਪੈਦਾ ਕਰਨ ਵਾਸਤੇ ਆਪ ਕੋਈ ਨਾ ਕੋਈ ਉਪਰਾਲਾ ਕਰਦੇ ਰਹਿੰਦੇ। ਸੰਨ ੧੯੬੫ ਵਿਚ ਜਦੋਂ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ ਸਥਾਪਤ ਹੋਇਆ ਤਾਂ ਆਪ ਇਸ ਦੇ ਬਾਨੀ ਪ੍ਰਧਾਨ ਥਾਪੇ ਗਏ। ਆਪ ਦੇ ਪ੍ਰਧਾਨਗੀ ਕਾਲ ਦੇ ਸੁਨਹਿਰੇ ਸਮੇਂ ਨੂੰ ਅਜ ਵੀ ਵਿਦਿਅਕ ਜਥੇ ਅਤੇ ਸਮੁੱਚੇ ਪੰਥ ਵਿਚ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

੧੯੬੮ ਵਿਚ ਸਕੂਲ ਤੋਂ ਰਿਟਾਇਰ ਹੋਣ ਉਪਰੰਤ ਵੀ ਆਪ ਸੇਵਾ ਦੇ ਕਾਰਜ ਵਿਚ ਜੁੱਟੇ ਰਹੇ ਅਤੇ ਸਕੂਲ ਦੇ ਪਰਬੰਧਕ ਨਿਯੁਕਤ ਹੋਏ। ਆਪ ਸ੍ਰੀ ਗੁਰੂ ਹਰੀ ਸਿੰਘ ਮਹਾ ਵਿਦਿਆਲਾ ਦੇ ਸਕੱਤਰ ਵੀ ਰਹੇ।

ਆਪ ਜੀ ਨੇ ਨਾਮਧਾਰੀ ਪੰਥ ਦੇ ਲਿਖਤੀ ਪਰਚਾਰ ਬਹੁਤ ਮਹੱਤਵ-ਪੂਰਨ ਯੋਗਦਾਨ ਪਾਇਆ ਹੈ। ਇਸ ਸਬੰਧ ਵਿਚ ਆਪ ਦੀ ਨਿਰੰਤਰ ਵਗਦੀ ਕਲਮ ਨੇ ਅਨੇਕਾਂ ਲੇਖਾਂ ਅਤੇ ਰਿਪੋਰਟਾਂ ਤੋਂ ਇਲਾਵਾ ਕਈ ਪੁਸਤਕਾਂ ਵੀ ਨਾਮਧਾਰੀ ਸੰਸਾਰ ਦੀ ਝੋਲੀ ਵਿਚ ਪਾਈਆਂ ਹਨ।

ਵੱਖ-ਵੱਖ ਸਕੂਲਾਂ ਦੀ ਨੌਕਰੀ ਸਮੇਂ ਆਪ ਨੇ ਸੇਵਾ-ਫਲ ਤੋਂ ਬਗੈਰ ਵੀ ਕਈ ਸਮਾਜਕ ਕਾਰਜ ਕੀਤੇ। ਸ੍ਰੀ ਜੀਵਨ ਨਗਰ ਵਿਦਿਆਲੇ ਵਿਚ ਵੀ ਆਪ ਕੁਝ ਦੇਰ ਤੋਂ ਬਗੈਰ ਤਨਖਾਹ ਤੋਂ ਹੀ ਸੇਵਾ ਕਰਦੇ ਰਹੇ ਹਨ। ਆਪ ਸਤਿਗੁਰੂ ਜੀ ਦੀ ਕ੍ਰਿਪਾ ਅਤੇ ਬਖਸ਼ਿਸ਼ ਦੀ ਦੇਣ ਨੂੰ ਮੰਨਦੇ ਰਹੇ ਹਨ। ਆਪ ਦਾ ਮਤ ਸੀ ਕਿ ਸਤਿਗੁਰੂ ਜੀ ਨੇ ਆਪ ਜੀ ਨੂੰ ਹਰ ਤਰ੍ਹਾਂ ਦਾ ਸੁਖ ਦਿਤਾ ਹੋਇਆ ਹੈ ਅਤੇ ਕਿਸੇ ਚੀਜ਼ ਦੀ ਤੋਟ ਨਹੀਂ ਰਹਿਣ ਦਿਤੀ।

ਤਿਆਗ, ਸੇਵਾ ਭਾਵਨਾ, ਨਿਰਮਾਨਤਾ ਅਤੇ ਸਾਦਗੀ ਦੀ ਸਾਕਾਰ ਮੂਰਤ, ਉਜਲ ਮੁਖੀ ਸਤਿਕਾਰ ਯੋਗ ਸ੍ਰੀ ਮਾਨ ਮਾਸਟਰ ਨਿਹਾਲ ਸਿੰਘ ਜੀ ਨੂੰ ਹੋਲਾ ਮਹੱਲਾ ਦਿੱਲੀ ਦੇ ਮਹਾਨ ਪੁਰਬ ਸਮੇਂ ਸ੍ਰੀ ਸਤਿਗੁਰੂ ਜੀ ਵਲੋਂ "ਪੰਥ ਰਤਨ" ਦੀ ਉੱਚ ਪਦਵੀ ਨਾਲ ਸਨਮਾਨਤ ਕੀਤਾ ਗਿਆ।

ਅਜ ਕਲ ਆਪ ਬਹੁਤਾਂ ਸਮਾਂ ਸ੍ਰੀ ਭੈਣੀ ਸਾਹਿਬ ਹੀ ਨਿਵਾਸ ਰਖਦੇ ਸਨ ਅਤੇ ਅਜੇ ਵੀ ੯੨ ਸਾਲ ਦੀ ਉਮਰ ਵਿਚ ਕੁਝ ਨਾ ਕੁਝ ਨਵਾਂ ਲਿਖਣ ਦੇ ਆਹਰ ਵਿਚ ਹੁੰਦੇ ਸਨ। ਮਾਸਟਰ ਜੀ ਦੀ ਭਿੰਨੀ-ਭਿੰਨੀ ਖੁਸ਼ਬੋ ਸਦਾ ਹੀ ਸਾਡਾ ਮਾਰਗ ਦਰਸ਼ਨ ਕਰਦੇ ਰਹੇਗੀ। *—ਜਗਦੀਸ਼ ਸਿੰਘ*

## ਪਦਮ ਜੀ ਵੀ ਨਹੀਂ ਰਹੇ

ਸਾਡੇ ਪਰਮ ਮਿਤਰ ਅਤੇ ਦਰਜਨਾਂ ਪੁਸਤਕਾਂ ਦੇ ਲੇਖਕ ਪ੍ਰੋ. ਪਿਆਰਾ ਸਿੰਘ ਪਦਮ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੇ ਜਾਣ ਨਾਲ ਸਿਖ ਪੰਥ ਅਤੇ ਸਾਹਿਤ ਜਗਤ ਨੂੰ ਤਾਂ ਅਥਾਹ ਘਾਟਾ ਪਿਆ ਹੈ। ਸਾਡਾ ਜ਼ਾਤੀ ਨੁਕਸਾਨ ਵੀ ਭਾਰੀ ਹੋਇਆ ਹੈ। ਉਹ ਬਹੁਤ ਵਿਸ਼ਾਲ ਹਿਰਦੇ ਵਾਲੇ ਅਤੇ ਮੋਹ ਭਿੱਜੇ ਇਨਸਾਨ ਸਨ। ਸਾਡੀ ਸ਼ਰਧਾਜਲੀ ਉਹਨਾਂ ਨੂੰ ਸਮਰਪਿਤ ਹੈ। *—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਹੇ ਕਵਿਤਾ ਮੈਂ ਮੁੜ ਆਇਆ ਹਾਂ ਤੇਰੇ ਉਚੇ ਦੁਆਰ

—ਸੁਰਜੀਤ ਪਾਤਰ

ਅਨੇਕਾਂ ਵਾਰ ਲੁਧਿਆਣੇ ਤੋਂ ਚੰਡੀਗੜ ਗਏ ਤੇ ਆਏ, ਪਰ ਉਸ ਸ਼ਾਮ ਜਾਂਦਿਆਂ ਜਦੋਂ ਭੈਣੀ ਸਾਹਿਬ ਵਾਲਾ ਚੌਕ ਆਇਆ ਤਾਂ ਪਤਾ ਨਹੀਂ ਕਿਉਂ ਇੰਦਰਜੀਤ ਨੇ ਕਾਰ ਭੈਣੀ ਸਾਹਿਬ ਵੱਲ ਮੋੜ ਲਈ। ਇੰਦਰਜੀਤ ਅੰਕੜਾ-ਵਿਗਿਆਨ ਤੇ ਹਿਸਾਬ ਦੀ ਐਮ. ਏ. ਹੈ। ਜਦੋਂ ਉਹ ਪੰਜਾਬੀ ਯੂਨੀਵਰਸਿਟੀ ਵਿਚ ਹਿਸਾਬ ਦੀ ਐਮ. ਏ. ਕਰ ਰਿਹਾ ਸੀ ਉਦੋਂ ਮੈਂ ਵੀ ਓਥੇ ਪੰਜਾਬੀ ਦੀ ਐਮ ਏ ਕਰ ਰਿਹਾ ਸਾਂ। ਉਨ੍ਹੀਂ ਦਿਨੀਂ ਨਕਸਲੀ ਲਹਿਰ ਜ਼ੋਰਾਂ ਤੇ ਸੀ। ਦੁਨੀਆਂ ਵਿਚ ਹੇਠਲੀ ਉੱਤੇ ਲਿਆਉਣ ਦੀਆਂ ਸਕੀਮਾਂ, ਅੱਗ ਵਰਗੀਆਂ ਨਜ਼ਮਾਂ, ਵਿਦਰੋਹੀ ਬੋਲ, ਸਭ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਪ੍ਰਤੀ ਨਫ਼ਰਤ ਤੇ ਰੋਹ। ਇੰਦਰਜੀਤ ਵੀ ਉਸ ਲਹਿਰ ਦਾ ਮੈਂਬਰ ਸੀ ਤੇ ਸਾਡੀ ਵਿਦਿਆਰਥੀ ਯੂਨੀਅਨ ਦਾ ਪ੍ਰਧਾਨ। ਉਹ ਦਿਨ ਰਾਤ ਦੌੜਿਆ ਫਿਰਦਾ। ਲਹਿਰ ਜਦੋਂ ਖਿੰਡ-ਪੁੰਡ ਗਈ ਤਾਂ ਇੰਦਰਜੀਤ ਆ ਕੇ ਆਪਣੇ ਪਿਤਾ ਜੀ ਨਾਲ ਠੇਕੇਦਾਰੀ ਕਰਨ ਲੱਗ ਪਿਆ। ਸਾਵੇ ਪੱਤਰਾਂ ਵਾਲੇ ਪ੍ਰੋ. ਮੋਹਨ ਸਿੰਘ ਹੋਰਾਂ ਮੈਨੂੰ ਆਪਣੇ ਕੋਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਬੁਲਾ ਲਿਆ ਜਿੱਥੇ ਉਹ ਪ੍ਰੋਫੈਸਰ ਈਮੈਰੇਟਸ ਸਨ। ਇੰਦਰਜੀਤ ਤੇ ਮੈਂ ਲੁਧਿਆਣੇ ਫੇਰ ਇਕੱਠੇ ਹੋ ਗਏ। ਇੰਦਰਜੀਤ ਬੜਾ ਪਿਆਰਾ ਤੇ ਖ਼ੂਬਸੂਰਤ ਇਨਸਾਨ ਹੈ, ਜ਼ਿੰਦਗੀ ਬਾਰੇ ਬਹੁਤ ਡੂੰਘੀ ਤਰਾਂ ਸੋਚਣ ਵਾਲਾ। ਸਾਹਿਤ ਨੂੰ ਪੜ੍ਹਨ ਤੇ ਸੋਚਣ ਵਾਲਾ। ਕਦੀ ਕਦੀ ਉਸ ਨੂੰ ਝੱਲ ਕੁੱਦਦਾ, ਜ਼ਿੰਦਗੀ ਦੀ ਰੁਟੀਨ ਨੂੰ ਤੋੜਨ ਦਾ। ਅੱਜ ਵੀ ਓਸ ਦੀ ਓਸੇ ਦੀਵਾਨਗੀ ਨੇ ਕਾਰ ਭੈਣੀ ਸਾਹਿਬ ਵੱਲ ਮੋੜ ਲਈ ਸੀ।

ਭੈਣੀ ਸਾਹਿਬ ਜਾ ਕੇ ਜੋ ਨਜ਼ਾਰਾ ਦੇਖਿਆ, ਉਹ ਅਦਭੁਤ ਸੀ। ਬਹੁਤ ਵੱਡੇ ਦੁੱਧ ਚਿੱਟੇ ਚੰਦੋਏ ਹੇਠਾਂ ਚਿੱਟੀਆਂ ਚਾਦਰਾਂ ਉਤੇ ਚਿੱਟੇ ਵਸਤਰਾਂ ਤੇ ਚਿੱਟੀਆਂ ਦਸਤਾਰਾਂ ਤੇ ਚਿੱਟੀਆਂ ਚੁੰਨੀਆਂ ਵਾਲੀਆਂ ਸੰਗਤਾਂ ਸਜੀਆਂ ਹੋਈਆਂ ਸਨ। ਜਿਵੇਂ ਵੱਡੇ ਵੱਡੇ ਚਿੱਟੇ ਗੁਲਾਬਾਂ ਦੀ ਫ਼ਸਲ ਹੋਵੇ। ਤੇ ਮੰਚ ਉੱਤੇ ਸਤਿਗੁਰੂ ਜਗਜੀਤ ਸਿੰਘ ਤੇ ਉਨ੍ਹਾਂ ਦੇ ਪਾਸ ਉਸਤਾਦ ਵਿਲਾਇਤ ਹੁਸੈਨ ਖ਼ਾਨ ਸਿਤਾਰ ਵਜਾ ਰਹੇ ਸਨ। ਉਸ ਮੰਤਰ-ਮੁਗਧ ਆਲੇ-ਦੁਆਲੇ ਵਿਚ ਅਸੀਂ ਵੀ ਬੈਠ ਗਏ। ਚੰਨ ਚਾਨਣੀ ਰਾਤ ਸੀ। ਉਸ ਚੰਨ ਚਾਨਣੀ ਰਾਤ ਵਿਚ ਵਿਲਾਇਤ ਹੁਸੈਨ ਖਾਨ ਸਾਹਿਬ ਦੀ ਸਿਤਾਰ ਸੁਣਦਿਆਂ ਇਉਂ ਲਗਦਾ ਸੀ, ਜਿਵੇਂ ਅਸਮਾਨ ਕੋਈ ਬਹੁਤ ਵੱਡਾ ਸੁਰ-ਮੰਡਲ ਹੋਵੇ, ਰਿਸ਼ਮਾ ਉਸ ਦੀਆਂ ਤਾਰਾਂ ਹੋਣ ਤੇ ਚੰਨ ਤਾਰੇ ਵੀ ਉਸ ਸਾਜ਼ ਦੇ ਸ਼ਿੰਗਾਰ ਦਾ ਹੀ ਹਿੱਸਾ ਹੋਣ।

ਤਾਰਿਆਂ ਦਾ ਝੁਰਮਟ ਨਿਖੱੜਿਆ ਤਾਂ ਅਸੀਂ ਉੱਠੇ, ਤੇ ਚੰਡੀਗੜ੍ਹ ਜਾਣ ਦੀ ਥਾਂ ਲੁਧਿਆਣੇ ਨੂੰ ਹੀ ਮੁੜ ਗਏ। ਇੰਦਰਜੀਤ ਆਪਣੇ ਖ਼ਾਸ ਅੰਦਾਜ਼ ਵਿਚ ਕਹਿਣ ਲੱਗਾ, ਯਾਰ ਆਨੰਦ ਆ ਗਿਆ, ਜੇ ਮੈਂ ਆਪ ਅੱਖੀਂ ਨਾ ਦੇਖਿਆ ਹੁੰਦਾ ਤਾਂ ਮੈਂ ਕਦੀ ਯਕੀਨ ਨਾ ਕਰਦਾ ਕਿ ਕਿਸੇ ਧਾਰਮਿਕ ਸਥਾਨ ਤੇ ਵੀ ਇਹੋ ਜਿਹਾ ਮਾਹੌਲ ਹੋ ਸਕਦਾ ਹੈ। ਮੈਂ ਕਿਹਾ ਹਾਂ ਇਉਂ ਲਗਦਾ ਸੀ ਕਿਸੇ ਸੁਪਨ-ਦੇਸ਼ ਵਿਚ ਆ ਗਏ ਹੋਈਏ।

ਇਕ ਵਾਰ ਫੇਰ ਮੈਂ ਭੈਣੀ ਸਾਹਿਬ ਗਿਆ ਤਾਂ ਉਸਤਾਦ ਅਮਜਦ ਅਲੀ ਖ਼ਾਨ ਤੇ ਉਨ੍ਹਾਂ ਦੇ ਦੋਨੋਂ ਬੇਟੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ ਸਰੋਦ ਵਜਾ ਰਹੇ ਸਨ। ਇਸ ਤੋਂ ਬਾਅਦ ਮੇਰੇ ਲਈ ਸ਼ਬਦ ਸੰਗੀਤ ਤੇ ਸ਼ਬਦ ਨਾਮਧਾਰੀ ਜਿਵੇਂ ਇਕ ਦੂਜੇ ਦੇ ਪਰਿਆਇਵਾਚੀ ਹੋ ਗਏ। ਜਦੋਂ ਵੀ ਕਿਸੇ ਨਾਮਧਾਰੀ ਨੂੰ ਦੇਖਦਾ ਹਾਂ ਤਾਂ ਮੈਨੂੰ ਰਿਸ਼ਮਾਂ ਦੀਆਂ ਤਾਰਾਂ ਵਾਲਾ ਅਸਮਾਨੀ ਸੁਰ-ਮੰਡਲ ਯਾਦ ਆ ਜਾਂਦਾ ਹੈ, ਉਹ ਚੰਨ ਚਾਨਣੀ ਰਾਤ ਯਾਦ ਆ ਜਾਂਦੀ ਹੈ, ਚਿੱਟੇ ਗੁਲਾਬਾਂ ਦੀ ਫ਼ਸਲ ਯਾਦ ਆ ਜਾਂਦੀ ਹੈ।

ਸੰਗੀਤ ਨੂੰ ਸਿੱਖ ਧਰਮ ਵਿਚ ਬਹੁਤ ਉੱਚੀ ਥਾਂ ਪ੍ਰਾਪਤ ਹੈ। ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਸੰਗੀ ਮਰਦਾਨੇ ਰਬਾਬੀ ਦੀ ਗਵਾਹੀ ਦੇਂਦੀਆਂ ਹਨ ਤੇ ਬਾਣੀ ਉਚਾਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਇਸ ਆਦੇਸ਼ ਦੀ ਵੀ ਕਿ ਮਰਦਾਨਿਆ ਰਬਾਬ ਵਜਾਇ ਸ੍ਰੀ ਗੁਰੂ



Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਸਾਹਿਬ ਦੀ ਵਰਗੀਕਰਣ ਰਾਗਾਂ ਵਿਚ ਹੈ। ਏਹੀ ਨਹੀਂ ਗੁਰੂ ਨਾਨਕ ਦੇਵ ਜੀ ਤਾਂ ਇਹ ਵੀ ਕਹਿੰਦੇ ਹਨ ਕਿ ਸਾਰਾ ਬ੍ਰਹਿਮੰਡ ਹੀ ਗਾ ਰਿਹਾ ਹੈ—

ਗਾਵਹਿ ਖੰਡ ਮੰਡਲ ਵਰਭੰਡਾ
ਕਰਿ ਕਰਿ ਰਖੇ ਧਾਰੇ॥

ਗੁਰੂ ਨਾਨਕ ਦੇਵ ਜੀ ਤਾਂ ਉਚਤਮ ਅਧਿਆਤਮਕ ਅਵਸਥਾ ਦਾ ਬਿਆਨ ਵੀ ਅਨਹਦੋ ਅਨਹਦ ਬਾਜੇ ਕਹਿ ਕੇ ਕਰਦੇ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਸੰਗੀਤ ਗੁਰੂ ਸਾਹਿਬਾਨ ਮੁਤਾਬਕ ਸਿਰਫ਼ ਇਕ ਕਲਾ ਨਹੀਂ, ਇਕ ਫ਼ਲਸਫ਼ਾ ਹੈ। ਜਿੱਥੇ ਹਿੰਦੂ ਧਰਮ ਵਿਚ ਮਿੱਥ ਪ੍ਰਧਾਨ ਹੈ, ਪਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਤੇ ਰਚਨਾ ਵਿਚ ਥਾਂ ਥਾਂ ਮਿੱਥਾਂ ਦਾ ਖੰਡਨ ਕੀਤਾ ਹੈ। ਮਿਥਿਹਾਸ ਤਰਕ-ਵਿਰੋਧੀ ਹੁੰਦਾ ਹੈ, ਇਸ ਲਈ ਅੰਧਵਿਸ਼ਵਾਸ ਪੈਦਾ ਕਰ ਸਕਦਾ ਹੈ। ਪਰ ਨਾਲ ਹੀ ਗੁਰੂ ਸਾਹਿਬਾਨ ਤਰਕ ਨੂੰ ਹੀ ਸੀਮਾ ਨਹੀਂ ਮੰਨਦੇ ਹਨ, ਅਨੇਕਾਂ ਅਨੁਭਵ ਤਰਕ ਤੋਂ ਪਾਰਲੇ ਵੀ ਹੁੰਦੇ ਹਨ, ਇਸ ਸੱਚ ਨੂੰ ਸਭ ਤੋਂ ਚੰਗੀ ਤਰਾਂ ਸੰਗੀਤ ਸਮਝਾ ਸਕਦਾ ਹੈ ਕਿਉਂਕਿ ਸੰਗੀਤ ਤਰਕ-ਵਿਰੋਧੀ ਹੋਣ ਤੋਂ ਬਿਨਾਂ ਹੀ ਤਰਕ ਤੋਂ ਪਾਰ ਜਾ ਸਕਦਾ ਹੈ, ਸੰਗੀਤ ਅੰਧਵਿਸ਼ਵਾਸ ਨਹੀਂ ਪੈਦਾ ਕਰਦਾ ਪਰ ਇਹ ਸੋਚ ਨੂੰ ਤਰਕ ਤੋਂ ਪਾਰ ਦੀ ਥਾਹ ਵੀ ਦੇਂਦਾ ਹੈ, ਸੰਗੀਤ ਅਕੱਥ ਨੂੰ ਵੀ ਕਹਿੰਦਾ ਹੈ। ਸਾਡੇ ਅਨੇਕਾਂ ਭਾਵ ਹਨ ਜਿਹੜੇ ਸਾਡੇ ਤਨ ਮਨ ਵਿਚ ਤਰੰਗਿਤ ਹੁੰਦੇ ਹਨ, ਉਹ ਸ਼ਬਦਾਂ ਦੀ ਪਕੜ ਵਿਚ ਨਹੀਂ ਆਉਂਦੇ। ਉਹ ਤਰੰਗਾਂ ਦੇ ਰੂਪ ਵਿਚ ਹੁੰਦੇ ਹਨ, ਇਕ ਕੰਪਨ ਦੇ ਰੂਪ ਵਿਚ, ਇਕ ਖਾਮੋਸ਼ ਰਾਗ ਦੇ ਰੂਪ ਵਿਚ, ਗਾਇਨ ਸ਼ਬਦ ਦੇ ਉਰਾਰ ਤੇ ਪਾਰ ਦੀਆਂ ਤਰਗਾਂ ਵੀ ਆਪਣੇ ਵਿਚ ਸ਼ਾਮਿਲ ਕਰ ਲੈਂਦਾ ਹੈ। ਲਫ਼ਜ਼ ਤੇ ਅਜੇ ਬਣ ਰਿਹਾ ਲਫ਼ਜ਼ ਵੀ ਗਾਇਨ ਸਾਂਭਦਾ ਹੈ ਆਪਣੀ ਥਰਥਰਾਹਟ ਨਾਲ। ਗਾਇਨ ਮਾਨਵੀ ਤਨ ਮਨ ਦੀਆਂ ਤਰੰਗਾਂ ਦਾ ਸਭ ਤੋਂ ਨਜ਼ਦੀਕੀ ਤਰਜਮਾਨ ਹੈ। ਸ਼ਾਇਦ ਏਸੇ ਲਈ ਕਬੀਰ ਸਾਹਿਬ ਕਹਿੰਦੇ ਹਨ ਕਿ ਮੇਰੀ ਕਾਇਆ ਇਕ ਰਬਾਬ ਹੈ, ਮੇਰੀਆਂ ਰਗਾਂ ਇਸ ਦੀਆਂ ਤਾਰਾਂ ਹਨ—

ਕਬੀਰ ਸਭ ਰਗ ਤੰਤ ਰਬਾਬ ਤਨ ਬਿਰਹਾ ਵਜਾਵੇ ਨਿਤ॥
ਔਰ ਨਾ ਕੋਊ ਸੁਨ ਸਕੇ ਜਾਂ ਸਾਈ ਜਾਂ ਚਿਤ॥

ਭਰਥਰੀ ਹਰੀ ਨੇ ਕਿਹਾ ਹੈ ਕਿ ਹਰੇਕ ਸ਼ਬਦ, ਸ਼ਬਦ ਬਣਨ ਤੋਂ ਪਹਿਲਾਂ ਇਕ ਕੰਪਨ ਸੀ।

ਨਾਮਧਾਰੀ ਦਰਬਾਰ ਨੇ ਸਿਖ ਧਰਮ ਦੀ ਇਸ ਵਿਲੱਖਣਤਾ ਨੂੰ ਸਭ ਸੰਪਰਦਾਵਾਂ ਤੋਂ ਜ਼ਿਆਦਾ ਸ਼ਿੱਦਤ, ਲਗਨ ਤੇ ਸਿਆਣਪ ਨਾਲ ਆਪਣੇ ਵਿਚ ਸਮੋਇਆ ਹੈ। ਹੋਰ ਕਿਸੇ ਥਾਂ ਮੈ ਸੰਗੀਤ ਤੇ ਗਾਇਨ ਪ੍ਰਤੀ ਏਨਾ ਪਿਆਰ ਤੇ ਜਾਗਰੂਕਤਾ ਨਹੀਂ ਦੇਖੀ। ਏਸੇ ਲਈ ਭਾਰਤ ਦੇ ਸਾਰੇ ਮਹਾਨ ਸੰਗੀਤਕਾਰ ਇਸ ਦਰਬਾਰ ਵਿਚ ਆ ਕੇ ਸੀਸ ਨਿਵਾਉਣਾ ਜ਼ਿਆਰਤ ਸਮਾਨ ਸਮਝਦੇ ਹਨ। ਏਸੇ ਸਦਕਾ ਮੈਂ ਵਾਰ ਵਾਰ ਇਸ ਦਰਬਾਰ ਵੱਲ ਖਿੱਚਿਆ ਜਾਂਦਾ ਹਾਂ। ਤੇ ਏਸੇ ਲਈ ਜਦੋਂ ਮੈਂ ਪਹਿਲੀ ਵਾਰ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਗਿਆ, ਮੈਨੂੰ ਕੁਝ ਸੁਣਾਉਣ ਦਾ ਆਦੇਸ਼ ਹੋਇਆ ਤਾਂ ਮੇਰੇ ਮਨ ਵਿਚ ਮੇਰੀ ਏਹੀ ਗ਼ਜ਼ਲ ਆਪਮੁਹਾਰੇ ਆਈ—

ਇਹ ਨੇ ਸਾਜ਼ ਸਾਜ਼ਨਵਾਜ਼ ਤੂੰ
ਤੇ ਫ਼ਿਜ਼ਾ ਨੂੰ ਧੁਨ ਦੀ ਉਡੀਕ ਹੈ
ਤੇਰੇ ਪੋਟਿਆਂ ਤੇ ਸੁਰਾਂ ਦੇ ਵਿਚ
ਕੇਹੇ ਫ਼ਾਸਿਲੇ ਕੇਹੀ ਲੀਕ ਹੈ।

ਇਹ ਜੋ ਕਹਿ ਰਹੀ ਹੈ ਰਬਾਬ ਸੁਣ
ਜੋ ਸੁਖ਼ਨ ਸੁਣਾਏ ਰਬਾਬ ਸੁਣ
ਤੂੰ ਇਹ ਸੁਣ ਤੇ ਫਿਰ ਮੇਰੇ ਕੁਫ਼ਰ ਨੂੰ
ਜੋ ਸਜ਼ਾ ਸੁਣਾਏਂ ਸੋ ਠੀਕ ਹੈ।

੧੯੯੮ ਵਿਚ ਮੈਂ ਬਹੁਤ ਬੀਮਾਰ ਹੋ ਗਿਆ, ਸੀ. ਐਮ. ਸੀ. ਵਿਚ ਦਾਖ਼ਲ ਹੋਇਆਂ ਅਜੇ ਪਹਿਲਾ ਦਿਨ ਹੀ ਸੀ ਕਿ ਮੈਂ ਆਪਣੀ ਨੀਮ-ਬੇਹੋਸ਼ੀ ਵਿੱਚੋਂ ਜਾਗਿਆ ਤਾਂ ਮੈਨੂੰ ਲੱਗਾ ਜਿਵੇਂ ਨਾਮਧਾਰੀ ਦਰਬਾਰ ਵਿਚ ਦੇਖੀ ਪਹਿਲੀ ਚਾਨਣੀ ਰਾਤ ਦਾ ਕੋਈ ਹਿੱਸਾ ਮੇਰ ਰੂਬਰੂ ਹੋਵੇ। ਚਿੱਟੇ ਦਸਤਾਰਿਆਂ ਵਾਲੇ ਪੰਜ ਨਾਮਧਾਰੀ ਸਿੰਘ ਮੇਰੇ ਲਈ ਸਤਿਗੁਰਾਂ ਦੇ ਪਿਆਰ ਤੇ ਅਸੀਸ ਦਾ ਸੁਨੇਹਾ ਲੈ ਕੇ ਆਏ ਸਨ। ਉਸ ਸੁਨੇਹੇ ਨੇ ਮੇਰੇ ਨਿਰਾਸ਼ ਮਨ ਨੂੰ ਫਿਰ ਜ਼ਿੰਦਗੀ ਵੱਲ ਮੋੜ ਲਿਆਂਦਾ। ਮੇਰ ਠੀਕ ਹੋਣ ਬਾਅਦ ਸਤਿਗੁਰੂ ਜੀ ਆਪ ਵੀ ਮੇਰੇ ਘਰ ਪਧਾਰੇ। ਉਪਕਾਰ ਕੋਲੋਂ ਗੀਤ ਸੁਣਿਆ। ਪਤਾ ਨਹੀਂ ਕਿਉਂ ਮੇਰੀਆਂ ਅੱਖਾਂ ਚੋਂ ਨੀਰ ਠੱਲ੍ਹਿਆ ਨਹੀਂ ਸੀ ਜਾ ਰਿਹਾ। ਉਹ ਅੱਥਰੂ



Sri Satguru Jagjit Singh Ji eLibrary NamdhariElibrary@gmail.com

ਖੁਸ਼ੀ ਦੇ ਸਨ, ਪਿਆਰ ਦੇ ਸਨ, ਸ਼ੁਕਰਾਨੇ ਦੇ ਸਨ। ਉਨ੍ਹਾਂ ਅੱਥਰੂਆਂ ਰਾਹੀਂ ਮੈਂ ਦੂਰ ਇਤਿਹਾਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮਹਾਨ ਯੋਗਦਾਨ ਨੂੰ ਦੇਖ ਰਿਹਾ ਸਾਂ, ਜਿਨ੍ਹਾਂ ਵਰਗਾ ਦੂਰ-ਦਰਸ਼ੀ ਤੇ ਵਿਯਨਰੀ ਮਹਾਪੁਰਖ ਉਨ੍ਹਾਂ ਦੇ ਸਮਿਆਂ ਤੇ ਉਸ ਤੋਂ ਬਾਅਦ ਵੀ ਦਿਖਾਈ ਨਹੀਂ ਦਿੰਦਾ। ਜਿਸ ਨਾਮਿਲਵਰਨ ਲਹਿਰ ਦੀ ਗੱਲ ਗਾਂਧੀ ਜੀ ਨੇ ਬਹੁਤ ਸਾਲਾਂ ਬਾਅਦ ਕੀਤੀ ਉਸ ਨੂੰ ਬੇਮਿਸਾਲ ਸਫਲਤਾ ਨਾਲ ਸ਼ੁਰੂ ਕਰਨ ਤੇ ਚਲਾਉਣ ਵਾਲੇ ਸਤਿਗੁਰੂ ਰਾਮ ਸਿੰਘ ਸਨ।

ਜਦੋਂ ਮੈਂ ਸਿਹਤਯਾਬ ਹੋਣ ਤੋਂ ਬਾਅਦ ਪਹਿਲੀ ਵਾਰ ਨਾਮਧਾਰੀ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਮੈਂ ਜੋ ਗੀਤ ਪੜ੍ਹਿਆ ਉਹ ਵੀ ਸੰਗੀਤ ਤੇ ਸ਼ਬਦ ਦੇ ਉਸ ਸੰਗਮ ਲਈ ਅਭਿਨੰਦਨ ਸੀ ਜੋ ਮਹਾਨ ਸਿੱਖ ਪਰੰਪਰਾ ਨੂੰ ਸਾਂਭਣ ਵਾਲੇ ਨਾਮਧਾਰੀ ਦਰਬਾਰ ਦੀ ਪਹਿਚਾਣ ਬਣ ਚੁੱਕਾ ਹੈ। ਇਸ ਸੰਗਮ ਤੇ ਮੇਰੀਆਂ ਇਹ ਸਤਰਾਂ ਉਸ ਪ੍ਰਤੀ ਸਤਿਕਾਰ ਭਰਿਆ ਸ਼ੁਕਰਾਨਾ ਹੀ ਸਨ :

ਹੇ ਕਵਿਤਾ ਮੈਂ ਮੁੜ ਆਇਆ ਹਾਂ
ਤੇਰੇ ਉਚੇ ਦੁਆਰ
ਜਿੱਥੇ ਹਰ ਦਮ ਸਰਗਮ ਗੂੰਜੇ
ਹਰ ਗ਼ਮ ਦਏ ਨਿਵਾਰ

ਅੱਥਰੂ ਜਿੱਥੇ ਚੜ੍ਹਨ ਚੜ੍ਹਾਵਾ
ਜਾਂ ਸਿਸਕੀ ਜਾਂ ਹਉਕਾ ਹਾਵਾ
ਦੁਖੜੇ ਦੇ ਕੇ ਮੁਖੜੇ ਲੈ ਜਾਓ
ਗੀਤਾਂ ਦੇ ਸ਼ਿੰਗਾਰ

ਤੇਰੀਆਂ ਪੌੜੀਆਂ ਸੱਚੀਆਂ ਸੁੱਚੀਆਂ
ਹਉਕੇ ਤੋਂ ਹਾਸੇ ਤੱਕ ਉੱਚੀਆਂ
ਆਪਣੇ ਹਉਕੇ 'ਤੇ ਹੱਸ ਸਕੀਏ
ਵਰ ਦੇ ਦੇਵਣਹਾਰ

ਹੇ ਕਵਿਤਾ ਮੈਂ ਮੁੜ ਆਇਆ ਹਾਂ
ਤੇਰੇ ਉਚੇ ਦੁਆਰ

✡

## ਸ਼ੁਭ ਕਾਮਨਾਵਾਂ

ਮਾਸਿਕ ਪੱਤਰ ਵਰਿਆਮ ਨੂੰ ੨੫ ਸਾਲ ਤੋਂ ਵਧੇਰੇ ਸਮਾਂ ਪੰਜਾਬ ਦੇ ਸਾਹਿਤ, ਸੱਭਿਆਚਾਰਕ ਅਤੇ ਇਤਿਹਾਸ ਦੀ ਨਿਰੰਤਰ ਸੇਵਾ ਕਰ ਰਿਹਾ ਹੈ ਅਤੇ ਨਾਮਧਾਰੀ ਸਮਾਜ ਦੇ ਇਤਿਹਾਸ ਨੂੰ ਵੀ ਇਸ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਮਹਾਰਾਜ ਬਾਬਾ ਰਾਮ ਸਿੰਘ ਜੀ ਅਤੇ ਅੱਜ ਦੇ ਮਹਾਨ ਨਾਮਧਾਰੀ ਪੰਥ ਦੇ ਰਹਿਨੁਮਾ ਸ੍ਰੀ ਮਾਨ ਬਾਬਾ ਜਗਜੀਤ ਸਿੰਘ ਵੱਲੋਂ ਆਯੋਜਿਤ ਹੋ ਰਹੇ ਧਾਰਮਿਕ ਦੀਵਾਨਾਂ ਦੀ ਜਾਣਕਾਰੀ ਪੜ੍ਹ ਕੇ ਬਹੁਤ ਖੁਸ਼ੀ ਹੁੰਦੀ ਹੈ। ਉਨ੍ਹਾਂ ਨੇ ਜਿਸ ਲਗਨ ਨਾਲ ਗੁਰਮਤਿ ਸੰਗੀਤ ਨੂੰ ਸੰਭਾਲਿਆ ਹੈ ਇਹ ਇਕ ਇਤਿਹਾਸਕ ਪ੍ਰਾਪਤੀ ਹੈ ਜਿਸ ਅੱਗੇ ਸ਼ਰਧਾ ਨਾਲ ਸਿਰ ਨਿਵ ਜਾਂਦਾ ਹੈ। ਕਾਫ਼ੀ ਸਮੇਂ ਤੋਂ ਵਰਿਆਮ ਦਾ ਮਾਸਿਕ ਪੱਤਰ ਜੋ ਰੰਗਦਾਰ ਚਿਤਰਾਂ ਨਾਲ ਭਰਪੂਰ ਹੁੰਦਾ ਹੈ, ਉਹ ਲਗਾਤਾਰ ਸਾਨੂੰ ਪੁਜ ਰਿਹਾ ਹੈ, ਜਿਸ ਲਈ ਬਹੁਤ ਧੰਨਵਾਦ।

*(ਡਾ.) ਮਾਨ ਸਿੰਘ ਨਿਰੰਕਾਰੀ, ਚੰਡੀਗੜ੍ਹ*

ਮੈਨੂੰ ਬੇਹੱਦ ਖੁਸ਼ੀ ਹੈ ਕਿ ਮਾਸਕ ਵਰਿਆਮ ਇਕ ਚੌਥਾਈ ਸਦੀ ਤੋਂ ਵਧੇਰੇ ਸਮੇਂ ਤੋਂ ਲਗਾਤਾਰ ਛਪਦਾ ਅਤੇ ਪਾਠਕਾਂ ਨੂੰ ਬਹੁਮੁੱਲੀ ਜਾਣਕਾਰੀ ਪੰਜਾਬੀ ਸਭਿਆਚਾਰ ਖਾਸ ਕਰਕੇ ਨਾਮਧਾਰੀ ਸਮਾਜ ਦੇ ਵਡੇਰੇ ਸਰੋਕਾਰਾਂ ਬਾਰੇ ਦਿੰਦਾ ਰਿਹਾ ਹੈ। 'ਵਰਿਆਮ' ਮੈਨੂੰ ਲਗਾਤਾਰ ਮਿਲਦਾ ਰਿਹਾ ਤੇ ਹੁਣ ਵੀ ਮਿਲ ਰਿਹਾ ਹੈ। ਇਹ ਸਭ ਸ. ਜਗਦੀਸ਼ ਸਿੰਘ ਵਰਿਆਮ ਦੇ ਉੱਦਮ, ਉਹਨਾਂ ਦੀ ਲਗਨ, ਹਿੰਮਤ ਅਤੇ ਮਿਹਨਤ ਸਦਕਾ ਸੰਭਵ ਹੋਇਆ ਹੈ। ਜਗਦੀਸ਼ ਸਿੰਘ ਹੁਰੀ ਬੜੇ ਹਸਮੁਖ, ਮਿਲਾਪੜੇ ਅਤੇ ਲੇਖਕਾਂ ਦੀ ਕਦਰ ਕਰਨ ਵਾਲੇ ਇਨਸਾਨ ਹਨ। ਉਨ੍ਹਾ ਨੂੰ ਮਿਲਣ ਅਤੇ ਮਿਲ ਬੈਠਣ ਦਾ ਜਦੋਂ ਵੀ ਸੁਭਾਗ ਪ੍ਰਾਪਤ ਹੋਇਆ, ਮੈਨੂੰ ਚੰਗਾ ਲੱਗਿਆ – ਕਦੇ ਵੀ ਓਪਰਾਪਣ ਮਹਿਸੂਸ ਨਹੀਂ ਹੋਇਆ। ਉਹ ਜੀਵਨ ਦੀਆਂ ਉਚੀਆਂ, ਸੱਚੀਆਂ-ਸੁੱਚੀਆਂ ਕਦਰਾਂ ਦੇ ਧਾਰਨੀ ਹਨ।

*ਮੋਹਨ ਭੰਡਾਰੀ, ਚੰਡੀਗੜ੍ਹ*

---

ਇਹ ਪੜ੍ਹ ਕੇ ਬਹੁਤ ਖੁਸ਼ੀ ਹੋਈ ਕਿ "ਵਰਿਆਮ" ਨੇ ਆਪਣੀ ਉਮਰ ਦੇ ੨੫ ਵਰ੍ਹੇ ਪੂਰੇ ਕਰ ਲਏ। ਇਹ ਤੁਹਾਡੀ ਅਣਥੱਕ ਮੇਹਨਤ ਤੇ ਲਗਨ ਦਾ ਹੀ ਸਿੱਟਾ ਹੈ। ਕਿ ਆਪ ਇਤਨੇ ਲੰਮੇ ਸਮੇਂ ਤੋਂ ਬੜੀ ਸਫਲਤਾ ਨਾਲ ਇਸ ਨੂੰ ਚਲਾ ਰਹੇ ਹੋ। ਜਿਸ ਲਈ ਆਪ ਵਧਾਈ ਦੇ ਪਾਤਰ ਹੋ।

ਮੈਨੂੰ ਤੁਹਾਡਾ ਪਰਚਾ ਲਗਾਤਾਰ ਮਿਲ ਰਿਹਾ ਹੈ। ਤੇ ਮੈਂ ਇਸ ਨੂੰ ਬੜੇ ਧਿਆਨ ਤੇ ਸ਼ੌਕ ਨਾਲ ਪੜ੍ਹਦਾ ਹਾਂ। ਭਾਵੇਂ ਆਪ ਇਸ ਵਿਚ ਕਾਫੀ ਹਿੱਸਾ ਨਾਮਧਾਰੀ ਦਰਬਾਰ ਲਈ ਸਫਲਾਂਦੇ ਹੋ, ਪਰ ਪੰਜਾਬੀ ਸਾਹਿਤ ਨੂੰ ਵੀ ਯੋਗ ਸਥਾਨ ਮਿਲਦਾ ਹੈ। ਅਤੇ ਕਹਾਣੀ, ਕਵਿਤਾ ਗ਼ਜ਼ਲ ਆਦਿ ਦਾ ਸ਼ੌਕ ਰੱਖਣ ਵਾਲੀਆਂ ਦੀ ਵੀ ਤਸੱਲੀ ਹੋ ਜਾਂਦੀ ਹੈ।

*ਹਰਭਜਨ ਸਿੰਘ 'ਰਤਨ', ਨਵੀਂ ਦਿੱਲੀ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜਾਬੀ ਭਾਸ਼ਾ ਦੀ ਸੇਵਾ ਨੂੰ ਸਮਰਪਿਤ

## ਮਾਸਕ ਵਰਿਆਮ

## ਦੀ ਚੌਥਾਈ ਸਦੀ ਦੀ ਸਫਲ ਯਾਤਰਾ

ਅਤੇ

## ਸਿਲਵਰ ਜੁਬਲੀ ਉਤਸਵ ਵਾਸਤੇ

## ਹਾਰਦਿਕ ਵਧਾਈਆਂ !

## ਸ੍ਰੀ ਗੁਰੂ ਹਰਿਗੋਬਿੰਦ ਐਜੂਕੇਸ਼ਨਲ

## ਕਾਊਂਸਲ ਪਲਾਹੀ

-ਸ. ਜਗਤ ਸਿੰਘ ਪਲਾਹੀ ਪ੍ਰਧਾਨ



Sri Satguru Jagjit Singh Ji eLibrary NamdhariElibrary@gmail.com

# ਮੈਂ ਰੋਵੰਦੀ ਸਭ ਜਗ ਰੁਨਾ......

-ਅਮਰ ਭਾਰਤੀ

੧੪ ਜਨਵਰੀ ੨੦੦੧ ਦਿਨ ਆਪਣੇ ਆਪ ਵਿਚ ਇਸ ਗੱਲੋਂ ਇਕ ਯਾਦਗਾਰੀ ਦਿਨ ਸੀ ਕਿ ਉਸ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਦਾ ਇਕ ਲੁਕਵਾਂ ਜਿਹਾ ਕੋਨਾ ਕਈਆਂ ਦੀ ਨਜ਼ਰੇ ਪੈ ਗਿਆ। ਸੱਚ ਤਾਂ ਇਹ ਹੈ ਕਿ ਮੈਂ ਕਦੇ ਕੇਵਲ ਹਿਰਦੇ ਦੇ ਓਸੇ ਕੋਨੇ ਨੂੰ ਵੇਖ ਕੇ ਹੀ ਆਪਣੇ ਆਪ ਨੂੰ ਸਤਿਗੁਰੂ ਜੀ ਦੇ ਨੇੜੇ-ਨੇੜੇ ਮਹਿਸੂਸ ਕਰਨਾ ਸ਼ੁਰੂ ਕੀਤਾ ਸੀ........ ਤੇ ਹੁਣ ਤਕ ਮੇਰੀ ਉਸ ਧਾਰਨਾ ਵਿਚ ਕੋਈ ਫਰਕ ਨਹੀਂ ਆਇਆ।

ਸਤਿਗੁਰੂ ਜੀ ਪਿਛਲੇ ਕਈ ਦਿਨਾਂ ਤੋਂ ਸਰੀਰ ਉਪਰ ਹੋਏ ਬੀਮਾਰੀ ਦੇ ਜ਼ਬਰਦਸਤ ਹਮਲੇ ਦਾ ਸਾਹਮਣਾ ਕਰਦੇ ਹੋਏ ਸਿਹਤਯਾਬ ਹੋ ਰਹੇ ਹਨ। ਸ਼ਰਧਾਲੂ ਮਾਈ-ਭਾਈ, ਬੁੱਢੇ ਬਾਲੇ ਤੇ ਪ੍ਰਿਯਜਨ ਦੇਸ-ਪਰਦੇਸ ਤੋਂ ਧਾਈਆਂ ਕਰ-ਕਰ ਦਰਸ਼ਨ ਨੂੰ ਆਉਂਦੇ ਤੇ ਆਪ ਜੀ ਆਪਣੀ ਚਿਰ ਪਰੀਚਿਤ ਮੁਸਕਾਨ ਨਾਲ ਸਭ ਦਾ ਪਿਆਰ ਸਤਿਕਾਰ ਸਵੀਕਾਰ ਕਰਕੇ ਸਭ ਨੂੰ ਆਤਮਕ ਸੁੱਖ ਬਖ਼ਸ਼ ਰਹੇ ਹਨ ।

ਉਸ ਦਿਨ ਕਮਰੇ ਦੇ ਬਾਹਰ ਤੇ ਫਿਰ ਅੰਦਰ ਵੀ ਇਕ ਉਚੇਚੀ ਜਿਹੀ ਹਲਚਲ ਹੁੰਦੀ ਜਾਪੀ। ਕੋਈ ਆ ਰਿਹਾ ਸੀ। ਕੌਣ ਆ ਰਿਹਾ ਹੈ ! ਹਰ ਕਿਸੇ ਦੇ ਮਨ ਵਿਚ ਇਕ ਜਿਗਿਆਸਾ, ਇਕ ਉਤਸੁਕਤਾ ਸੀ। ਤਦੇ ਖ਼ਬਰ ਜਿਹੜਾ ਕੋਈ ਆਇਆ, ਉਸ ਨੂੰ ਵੇਖਦਿਆਂ ਹੀ ਕਈਆਂ ਦਾ ਮਨ ਝੌਂ ਜਿਹਾ ਗਿਆ। ਮਨ ਝੌਂਵਿਆਂ ਇਸ ਲਈ ਸੀ ਕਿ ਉਹਦੇ ਬਾਰੇ ਪਿਛਲੇ ਕਈ ਸਾਲਾਂ ਤੋਂ ਇਹੋ ਜਿਹੀ ਧਾਰਨਾ ਬਣ ਚੁੱਕੀ ਸੀ ਜੋ ਉਤਸ਼ਾਹ ਜਗਾਉਣ ਵਾਲੀ ਨਾ ਹੋ ਕੇ ਉਤਸ਼ਾਹ ਨੂੰ ਮੱਠਾ ਕਰਨ ਵਾਲੀ ਸੀ।

ਅਤੇ ਅੱਜ ਜਦੋਂ ਉਹ ਸਧਾਰਨ ਜਿਹਾ ਆਦਮੀ ਸਤਿਗੁਰਾਂ ਦੇ ਸਾਹਮਣੇ ਆਇਆ ਤਾਂ ਆਪ ਜੀ ਦੇ ਨੇਤਰਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਚਮਕ ਦਿਸੀ। ਉਹ ਚਰਨਾਂ ਉਪਰ ਮੱਥਾ ਟੇਕ ਕੇ ਸੇਵਕਾਂ ਦੇ ਇਸ਼ਾਰੇ ਅਨੁਸਾਰ ਸਤਿਗੁਰਾਂ ਦੇ ਨੇੜੇ ਜਿਹੇ ਬੈਠ ਗਿਆ । ਆਪ ਨੇ ਉਸ ਵੱਲ ਵੇਖਕੇ ਹੌਲੀ ਜਿਹੀ ਕਿਹਾ " ਮੈਂ ਤੁਹਾਨੂੰ ਹੱਥ ਲਾ ਲਵਾਂ ?" ਸੁਣਦਿਆਂ ਹੀ ਬਲਜੀਤ ਥੋੜ੍ਹਾ ਸਰਕ ਕੇ ਜਦੋਂ ਸਤਿਗੁਰਾਂ ਦੇ ਕੋਲਵਾਰ ਹੋਇਆ ਤਾਂ ਆਪ ਨੇ ਉਸ ਨੂੰ ਫੜਕੇ ਹਿੱਕ ਨਾਲ ਘੁੱਟ ਲਿਆ। ਬਲਜੀਤ ਦਾ ਤੇ ਜਿਵੇਂ ਕਲੇਜਾ ਹੀ ਫਟ ਪਿਆ। ਉਸ ਦੇ ਕਲੇਜੇ ਵਿਚੋਂ ਹੁੱਬ ਉੱਠੀ ਤੇ ਉਹ ਫਫਕ- ਫਫਕ ਕੇ ਰੋਣ ਲੱਗਾ। ਓਧਰ ਉਸਨੂੰ ਹਿੱਕ ਨਾਲ ਘੁੱਟੀ ਸਤਿਗੁਰਾਂ ਦੇ ਨੇਤ੍ਰ ਵੀ ਵਹਿ ਰਹੇ ਸਨ। ਇਹ ਨਜ਼ਾਰਾ ਵੇਖਦਿਆਂ ਹੀ ਕੋਲ ਬੈਠੇ ਕਈ ਸਿੱਖਾਂ ਸੇਵਕਾਂ ਦੀਆਂ ਵੀ ਅੱਖਾਂ ਵਹਿ ਤੁਰੀਆਂ। ਵਾਤਾਵਰਣ ਗੁਰਬਾਣੀ ਦੀਆਂ ਇਹਨਾਂ ਤੁਕਾਂ ਨੂੰ ਰੂਪਮਾਨ ਕਰਦਾ ਲਗ ਰਿਹਾ ਸੀ-

"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ
ਜਿਨਿ ਹਉ ਪਿਰਹੁ ਵਿਛੋੜੀ॥"

ਇਹ ਸਭ ਵੇਖ ਕੇ ਕਈਆਂ ਦੇ ਮਨ ਵਿਚ ਇਹੋ ਜਿਹੇ ਭਾਵ ਵੀ ਜਾਗ ਰਹੇ ਸਨ ਤੇ ਕਈਆਂ ਨੇ ਬਾਦ ਵਿਚ ਇਹ ਭਾਵ ਵਿਅਕਤ ਵੀ ਕੀਤੇ ਕਿ "ਭਲਾ ਇਹ ਕੀ ਹੋਇਆ? ਏਡਾ ਵੱਡਾ ਸਤਿਗੁਰੂ ਤੇ ਐਂਜ ਰੋਣਾ ?"

ਮੇਰੇ ਕੋਲ ਓਹਨਾਂ ਦੀ ਧਰਵਾਸ ਲਈ ਤਾਂ ਕੋਈ ਸ਼ਬਦ ਨਹੀਂ ਸਨ, ਪਰ ਆਪਣੇ ਆਪ ਨੂੰ ਜ਼ਰੂਰ ਆਖਿਆ ਸੀ ਕਿ 'ਇਸ ਸਤਿਗੁਰੂ ਦੀ ਵਡਿਆਈ ਹੀ ਏਸੇ ਗੱਲ ਵਿਚ ਹੈ ਕਿ ਇਹ ਪ੍ਰੇਮ ਕਰ ਸਕਦਾ ਏ, ਪ੍ਰੇਮ ਵਿਚ ਅੱਥਰਾਂ ਵੀ ਕੇਰ ਸਕਦਾ ਏ। ਜੇ ਦੇਹਧਾਰੀ ਸਤਿਗੁਰੂ ਦੀ ਦੇਹ ਵਿਚ ਦਿਲ ਹੀ ਨਾ ਹੋਵੇ, ਜੇ ਦਿਲ ਵਿਚ ਦਰਦ ਹੀ ਨਾ ਹੋਵੇ, ਜੇ ਅੱਖਾਂ ਵਿਚ ਅੱਥਰਾਂ ਹੀ ਨਾ ਹੋਣ, ਜੇ ਉਹ ਦਰਦ ਰੰਝੀਣਾ ਹੀ ਨਾ ਹੋਵੇ- ਕੇਵਲ ਅਰੂਪ ਅਨਡਿਠ ਨਿਰਾਕਾਰ ਲਈ ਹੀ ਤੜਪਦਾ ਹੋਵੇ– ਤਾਂ ਉਸਦੀ ਦੇਹ ਦਾ ਦੇਹਧਾਰੀ ਜੀਆਂ ਲਈ ਕੀ ਅਰਥ ਰਹਿ ਜਾਏ !'

ਬਲਜੀਤ ਅੱਜ ਕਈ ਸਾਲਾਂ ਬਾਦ ਆਇਆ ਸੀ।

ਇਕ ਘਟਨਾ ਹੋਰ ਯਾਦ ਆਈ— ਉਸ ਦਿਨ ਸਤਿਗੁਰਾਂ ਨੇ ਪ੍ਰਸਿੱਧ ਸੰਗੀਤਕਾਰ ਰਾਜਨ ਮਿਸ਼ਰਾ ਨੂੰ ਬੁਲਾਇਆ ਹੋਇਆ ਸੀ। ਇਕ ਹੋਰ ਪ੍ਰਸਿੱਧ ਸੰਗੀਤਕਾਰ ਸ਼੍ਰੀ ਐਲ. ਕੇ. ਪੰਡਿਤ ਵੀ ਆਮੰਤ੍ਰਿਤ ਸਨ। ਸੰਗੀਤ ਚਰਚਾ ਦੇ ਨਾਲ-ਨਾਲ ਗਾਇਨ ਵਾਦਨ ਵੀ ਚਲ ਰਿਹਾ ਸੀ। ਓਸੇ ਦੌਰਾਨ ਸਤਿਗੁਰਾਂ ਨੇ ਇਕ ਰਚਨਾ ਸੁਣਾਈ—



Sri Satguru Jagjit Singh Ji eLibrary NamdhariElibrary@gmail.com

ਜਿੰਦ ਜਾਨ ਤੁਸਾਂ ਪਰ ਘੋਲੀ ਨੀ
ਬਾਬੁਲ ਵਿਆਹੀਓ ਨੀ, ਭਰਜਾਈਓ ਨੀ
ਰੱਖ ਲਓ ਅੱਜ ਮੇਰੀ ਡੋਲੀ ਨੀ!
ਕਿਹੀ ਵਾ ਦੇ ਵਗੇ ਵਰੋਲੇ
ਮੈਂ ਸਾਂਭ ਨ ਸੱਕੀਆਂ ਗੁਡੀਆਂ ਪਟੋਲੇ
ਮੇਰਾ ਖੇਲਣ ਦਾ ਅਜੇ ਚਾਓ ਨ ਲੱਥਿਆ,
ਪਿਆ ਵਿਛੋੜਾ ਝੋਲੀ ਨੀ ..............."

ਧੀ ਦੇ ਸਹੁਰੇ ਜਾਣ ਦੇ ਬਹਾਨੇ ਜੀਵ ਦੀ ਅੰਤਿਮ ਯਾਤਰਾ ਦਾ ਵਰਨਣ ਹੈ ਇਸ ਰਚਨਾ ਦੇ ਬੋਲਾਂ ਵਿਚ। ਇਸ ਨੂੰ ਸੁਣਦਿਆਂ-ਸੁਣਦਿਆਂ ਸ਼੍ਰੀ ਐਲ.ਕੇ.ਪੰਡਿਤ ਦੀਆਂ ਅੱਖਾਂ ਡੁਲ੍ਹ ਪਈਆਂ। ਸਤਿਗੁਰਾਂ ਨੇ ਪੰਡਿਤ ਜੀ ਵੱਲ ਵੇਖਿਆ ਤੇ ਫਿਰ ਦਰਦ ਨਾਲ ਭਿੱਜੀ ਅਵਾਜ਼ ਵਿਚ ਕਿਹਾ, "ਮੈਨੂੰ ਪਤਾ ਏ ਆਪਦਾ ਜਵਾਨ ਪੁੱਤਰ ਚੜ੍ਹਾਈ ਕਰ ਗਿਆ ਏ। ਆਪਦਾ ਦਰਦ ਮੈਂ ਸਮਝਦਾ ਹਾਂ, ਪਰ ਮੈਨੂੰ ਵੇਖੋ, ਮੇਰਾ ਤੇ ਜਿਉਂਦਾ ਏ, ਪਰ ਮਿਲਦਾ ਨਹੀਂ..." ਕਹਿੰਦਿਆਂ ਆਪਦੇ ਬੋਲ ਰੁਕ ਗਏ। ਮੈਂ ਆਪਦੇ ਬਿਲਕੁਲ ਕੋਲ ਹੀ ਬੈਠਾ ਸਾਂ - ਥੋੜ੍ਹੀ ਦੇਰ ਬਾਅਦ ਹੌਲੀ ਜਿਹੀ ਮੈਨੂੰ ਮੁਖ਼ਾਤਿਬ ਹੁੰਦਿਆਂ ਆਖਣ ਲੱਗੇ, "ਮੇਰਾ ਜੀ ਕਰਦਾ ਸੀ, ਬਲਜੀਤ ਨੂੰ ਮਿਸ਼ਰਾ ਬੰਧੂਆਂ ਕੋਲੋਂ ਕੁਝ ਤਾਲੀਮ ਦਿਲਵਾਈ ਜਾਏ ਪਰ..." ਮੈਂ ਅੱਗੋਂ ਆਖਿਆ,"ਜੀ ਆਪਣੇ ਆਪਣੇ ਭਾਗਾਂ ਦੀ ਗੱਲ ਹੀ ਏ.. ਨਹੀਂ ਤਾਂ.." "ਹਾਂ ਭਾਗਾਂ ਦੀ ਗੱਲ ਹੀ ਏ" ਆਖ ਕੇ ਆਪ ਨੇ ਗੁਰਬਾਣੀ ਦੀ ਇਕ ਤੁਕ ਸੁਣਾਈ। ਫਿਰ ਰਾਜਨ ਜੀ ਵੱਲ ਤੱਕ ਕੇ ਆਖਣ ਲੱਗੇ,"ਬਲਜੀਤ ਦੀ ਗੱਲ ਕਰ ਰਹੇ ਸਾਂ" ਅਤੇ ਵਿਚੋਂ ਹੀ ਗੱਲ ਬਦਲ ਕੇ ਆਖਿਆ,"ਅੱਜ ਆਪ ਨੂੰ ਐਹ ਨਵਾਂ ਸ਼ਾਗਿਰਦ ਦੇਣਾ ਏ"-ਤੇ ਗੁਰਜੀਤ ਨੂੰ ਰਾਜਨ ਮਿਸ਼ਰਾ ਜੀ ਦੇ ਸੁਪੁਰਦ ਕਰ ਦਿੱਤਾ ਸੀ।

ਖ਼ਿਆਲਾਂ ਦਾ ਮੁਹਾਣ ਹੋਰ ਪਿਛਾਂਹ ਵੱਲ ਲੈ ਗਿਆ। ਖ਼ਿਆਲਾਂ ਦਾ ਸ਼ਾਇਦ ਧਰਮ ਹੀ ਹੈ ਕਿ ਇਹ ਬੀਤੇ ਵਿਚ ਜ਼ਿਆਦਾ ਵਿਚਰਦੇ ਨੇ। ਸਤਿਗੁਰਾਂ ਦਾ ਦਰਸ਼ਨ ਕਰਨ ਗਿਆ ਸਾਂ ਹੰਸਪਾਲ ਜੀ ਦੀ ਕੋਠੀ ਵਿਚ। ਪ੍ਰੀਤਮ ਸਿੰਘ ਕਵੀ ਜੀ ਤੇ ਹੋਰ ਕਈ ਸੱਜਣ ਕਮਰੇ ਵਿਚ ਬੈਠੇ ਆਪ ਜੀ ਦੀ ਉਡੀਕ ਕਰ ਰਹੇ ਸਨ। ਆਪ ਨੇ ਆਉਂਦਿਆਂ ਹੀ ਕਿਹਾ, "ਥੋੜ੍ਹੀ ਦੇਰ ਹੋ ਗਈ ਏ, ਸੋਚਿਆ ਸੀ ਕਿ ਜੇਹੜੇ ਕਾਕੇ ਨੂੰ ਰਾਜਨ ਮਿਸ਼ਰਾ ਜੀ ਦਾ ਸ਼ਾਗਿਰਦ ਬਣਾਇਆ ਏ ਉਹਦੀ ਤਾਲੀਮ ਬਾਰੇ ਪਤਾ ਕਰ ਆਵਾਂ--ਕਿਵੇਂ ਚੱਲ ਰਹੀ ਏ। ਰਾਜਨ ਜੀ ਦੇ ਘਰ ਚਲਾ ਗਿਆ ਸਾਂ।"

ਕਵੀ ਜੀ ਨੇ ਪੁੱਛ ਲਿਆ,"ਕਿਹੜੇ ਕਾਕੇ ਦੀ ਗੱਲ ਕਰ ਰਹੇ ਓ ?" ਸਤਿਗੁਰਾਂ ਕਿਹਾ "ਉਹ ਖਾਪੜ ਖੇੜੀ ਵਾਲਾ ਕਾਕਾ ਏ...ਨਾ ਜਿਹੜਾ....।"

ਮੈਂ ਹੌਲੀ ਜਿਹੀ ਕਿਹਾ- "ਜੀ ਖਾਪੜ ਖੇੜੀ ਵਾਲਾ ਨਹੀਂ, ਮੁਹਾਵੇ ਵਾਲਾ।"

"ਹਾਂ ,ਹਾਂ, ਮੁਹਾਵੇ ਵਾਲਾ,-- ਖਾਪੜ ਖੇੜੀ ਤਾਂ ....."

ਮੈਂ ਜਾਣਦਾ ਸਾਂ ਖਾਪੜ ਖੇੜੀ ਅਵਚੇਤਨ ਮਨ ਵਿਚ ਬਾਰ ਬਾਰ ਕਿਉਂ ਉੱਭਰ ਆਉਂਦੀ ਹੈ। ਬਲਜੀਤ ਦਾ ਪਿੰਡ ਖਾਪੜ ਖੇੜੀ ਹੈ ਜ਼ਿਲਾ ਅੰਮ੍ਰਿਤਸਰ ਵਿਚ। ਬਲਜੀਤ ਓਦੋਂ ਅਜੇ ਬਹੁਤ ਛੋਟਾ ਸੀ। ਦਿੱਲੀ ਦੇ ਕਮਾਨੀ ਔਡੀਟੋਰੀਅਮ ਵਿਚ ਸਤਿਗੁਰੂ ਜੀ ਸੰਗੀਤ ਦਾ ਕਾਰਜ-ਕ੍ਰਮ ਕਰਵਾ ਰਹੇ ਸਨ। ਇਸ ਪ੍ਰੋਗ੍ਰਾਮ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰ ਵਿਚ ਗਾਉਣ ਵਾਲੇ ਇਕ ਪ੍ਰਸਿਧ ਸੰਗੀਤਕਾਰ ਨੇ ਗਾਉਣਾ ਸੀ - ਜੋ ਅੱਜ ਕਲ੍ਹ ਪਾਕਿਸਤਾਨ ਤੋਂ ਹਿੰਦੁਸਤਾਨ ਦੀ ਸੰਗੀਤ ਯਾਤਰਾ ਤੇ ਆਏ ਹੋਏ ਸਨ। ਮੈਂ ਥੋੜ੍ਹਾ ਲੇਟ ਪਹੁੰਚਾ ਸਾਂ ਇਸ ਲਈ ਉਸ ਸੰਗੀਤਕਾਰ ਤੋਂ ਪਹਿਲਾਂ ਗਾਉਣ ਵਾਲਿਆਂ ਨੂੰ ਸੁਣ ਨਹੀਂ ਸਾਂ ਸੱਕਿਆ। ਹਾਲ ਤੋਂ ਬਾਹਰ ਆਉਣ ਤੇ ਸਤਿਗੁਰਾਂ ਨੇ ਦੱਸਿਆ ਸੀ— ਅੱਜ ਇਕ ਛੋਟੇ ਜਿਹੇ ਬੱਚੇ ਨੂੰ ਸੁਣਿਐਂ....... ਕਮਾਲ ਦਾ ਗਾਉਂਦਾ ਏ, ਬਹੁਤ ਹੀ ਸੁਰੀਲੀ ਅਵਾਜ਼ ਏ ਤੇ ਬੜੇ ਸੁਰ ਵਿਚ ਗਾਉਂਦਾ ਏ। ਉਸਤਾਦ ਮਹਿੰਦਰ ਸਿੰਘ ਹੁਰਾਂ ਕੋਲੋਂ ਸਿੱਖਦਾ ਏ। ਬਲਜੀਤ ਸਿੰਘ ਖਾਪੜ ਖੇੜੀ ਦਾ ਏ। ਉਸ ਤੋਂ ਬਾਅਦ ਬਲਜੀਤ ਉਪਰ ਸਤਿਗੁਰਾਂ ਦੀ ਐਸੀ ਕਿਰਪਾ ਦ੍ਰਿਸ਼ਟੀ ਹੋਈ ਕਿ ਉਹਦੇ ਪਰਿਵਾਰ ਸਮੇਤ ਉਸਦਾ ਡੇਰਾ ਭੈਣੀ ਸਾਹਿਬ ਵਿਚ ਲਗਵਾ ਦਿੱਤਾ ਗਿਆ ਤੇ ਆਪ ਨੇ ਆਪਣੀ ਨਿਗਰਾਨੀ ਹੇਠ ਉਸਦੀ ਸਿਖ਼ਸ਼ਾ ਦੀਖ਼ਸ਼ਾ ਦਾ ਸਾਰਾ ਬੰਦੋਬਸਤ ਵੀ ਕਰ ਦਿੱਤਾ। ਉਸਤਾਦ ਮਹਿੰਦਰ ਸਿੰਘ ਨੂੰ ਵੀ ਨੇੜੇ ਲੈ ਆਂਦਾ ਤੇ ਦਿੱਲੀ ਵਾਲੇ ਉਸਤਾਦ ਪਿਆਰਾ ਸਿੰਘ ਜੀ ਦੀ ਸ਼ਾਗਿਰਦੀ ਅਧੀਨ ਦਿਲਰੁਬਾ ਨਾਲ ਉਸਦੀ ਸ਼ਾਸਤਰੀ ਸੰਗੀਤ ਦੀ ਤਾਲੀਮ ਸ਼ੁਰੂ ਹੋ ਗਈ।

ਕੁਝ ਹੋਰ ਵੱਡੇ ਹੋ ਜਾਣ ਤੇ ਸੰਸਾਰ ਪ੍ਰਸਿਧ ਸ਼ਹਿਨਾਈ ਵਾਦਕ ਉਸਤਾਦ ਬਿਸਮਿੱਲਾ ਖਾਂ ਸਾਹਿਬ ਦਾ ਵੀ ਬਲਜੀਤ ਨੂੰ ਸ਼ਾਗਿਰਦ ਬਣਵਾ ਦਿੱਤਾ ਗਿਆ ਸੀ, ਪਰ ਰਾਗਾਂ ਦੀਆਂ ਬਹੁਤ ਬਰੀਕੀ ਵਾਲੀਆਂ ਜੁਗਤਾਂ, ਸੁਰਾਂ, ਧੁਨਾਂ, ਤਾਲਾਂ ਤੇ



Sri Satguru Jagjit Singh Ji eLibrary NamdhariElibrary@gmail.com

ਮਾਤਰਾਵਾਂ ਦੀ ਸਿਖ਼ਸ਼ਾ ਸਤਿਗੁਰੂ ਜੀ ਆਪ ਹੀ ਉਸਨੂੰ ਦੇਂਦੇ। ਦਿਨ ਰਾਤ ਉਹਨੂੰ ਆਪਣੇ ਨੇੜੇ ਰੱਖਦੇ, ਅੱਧੀ ਰਾਤੀਂ ਆਪ ਉਠਾਉਂਦੇ ਤੇ ਇਸ਼ਨਾਨ ਆਦਿ ਤੋਂ ਬਾਅਦ ਆਪ ਖ਼ੁਦ ਸੰਗੀਤ ਦਾ ਅਭਿਆਸ ਕਰਵਾਉਂਦੇ।

ਬਲਜੀਤ ਦਾ ਵੀ ਸਿਖਣ ਦੇ ਮਾਮਲੇ ਵਿਚ ਕੋਈ ਜਵਾਬ ਨਹੀਂ ਸੀ। ਕਿਸੇ ਵੀ ਧੁਨਿ, ਕਿਸੇ ਵੀ ਤਾਲ, ਕਿਸੇ ਵੀ ਸ਼ਬਦ ਨੂੰ ਸੁਣ-ਸਿੱਖ ਕੇ ਤੁਰੰਤ ਸੁਣਾ ਦੇਣ ਵਾਲਿਆਂ ਵਿਚ ਉਸਦਾ ਕੋਈ ਸਾਨੀ ਨਹੀਂ ਸੀ। ਉਹ ਆਪਣੇ ਇਸੇ ਇਕ ਗੁਣ ਸਦਕਾ ਸਤਿਗੁਰਾਂ ਦੇ ਸਨੇਹ. ਪਿਆਰ ਤੇ ਮਮਤਾ ਦਾ ਵਿਸ਼ੇਸ਼ ਪਾਤਰ ਬਣ ਗਿਆ ਸੀ। ਉਸਦਾ ਬੋਲ ਸਤਿਗੁਰੂ ਜੀ ਕਦੇ ਭੁੰਜੇ ਨਾ ਪੈਣ ਦੇਂਦੇ। ਉਸਦੀ ਕੋਈ ਵੀ ਮੰਗ ਤੁਰੰਤ ਪੂਰੀ ਹੁੰਦੀ। ਹੁੰਦਾ- ਹੁੰਦਾ ਬਲਜੀਤ ਇਕ ਪਾਸੇ ਤਾਂ ਸਤਿਗੁਰਾਂ ਦਾ ਲਡਿਕਾ ਮਸ਼ਹੂਰ ਹੋ ਗਿਆ ਅਤੇ ਦੂਜੇ ਪਾਸੇ ਕਈਆਂ ਦੀ ਈਰਖਾ ਦਾ ਪਾਤਰ ਵੀ ਬਣ ਗਿਆ । ਜਿਹੜੇ ਈਰਖਾ ਕਰਦੇ ਉਨ੍ਹਾਂ ਨੂੰ ਵੀ ਸਤਿਗੁਰਾਂ ਦਾ ਸਨੇਹ ਪਿਆਰ ਤਾਂ ਪੂਰਾ ਮਿਲਦਾ ਸੀ, ਪਰ ਉਨ੍ਹਾਂ ਨੂੰ ਜਾਪਦਾ ਇੰਜ ਸੀ ਕਿ ਬਲਜੀਤ ਉਨ੍ਹਾਂ ਦੇ ਹਿੱਸੇ ਦਾ ਹੀ ਸਨੇਹ ਪਿਆਰ ਖੋਹੀ ਲਿਜਾਂਦਾ ਏ। ਕਾਰਜ ਖੇਤਰ ਬੇਸ਼ੱਕ ਸਭ ਦਾ ਆਪਣਾ ਆਪਣਾ ਰਾਖਵਾਂ ਸੀ, ਪਰ ਜਿਨ੍ਹਾਂ ਦੀਆਂ ਜ਼ਿਮੇਵਾਰੀਆਂ ਵਿਚ ਸਤਿਗੁਰਾਂ ਦੀ ਮਾਣ ਮਰਯਾਦਾ ਦੀ ਦੇਖਭਾਲ ਤੇ ਹੋਰ ਸਭ ਤਰ੍ਹਾਂ ਦੇ ਪ੍ਰਬੰਧ ਸ਼ਾਮਲ ਸਨ, ਉਹ ਕਿਸੇ ਦੇ ਵੀ ਪ੍ਰਤੀ ਸਤਿਗੁਰਾਂ ਦੇ ਸਨੇਹ ਪਿਆਰ ਨੂੰ ਆਪਣੀ ਜ਼ਿਮੇਵਾਰੀ ਦੇ ਨਾਪਤੋਲ ਵਾਲੇ ਖੇਤਰ ਤੋਂ ਬਾਹਰ ਨਹੀਂ ਸਨ ਮੰਨਦੇ। ਨਤੀਜੇ ਵਜੋਂ ਇਕ ਦਿਨ ਬਲਜੀਤ ਦੀ ਭੈਣੀ ਸਾਹਿਬ ਵਿਚੋਂ ਵਿਦਾਇਗੀ ਹੋ ਗਈ।

ਸਤਿਗੁਰਾਂ ਲਈ ਇਹ ਸਥਿਤੀ ਸਹਿਜ ਨਹੀਂ ਸੀ, ਪਰ ਆਪ ਨੇ ਇਹ ਸੋਚ ਕੇ ਉਸਨੂੰ ਸਹਿਜ ਬਣਾ ਲਿਆ ਕਿ ਬਲਜੀਤ ਜਿੱਥੇ ਵੀ ਰਹੇਗਾ ਆਪਦੇ ਸਨੇਹ ਪਿਆਰ ਦੀ ਤੰਦ ਉਸਦੀ ਰੂਹ ਨਾਲ ਜੁੜੀ ਰਹੇਗੀ। ਆਪ ਨੇ ਬਲਜੀਤ ਨੂੰ ਪੋਟਾ-ਪੋਟਾ ਕਰਕੇ ਵਿਓਂਤਿਆਂ ਤੇ ਘੜਿਆ ਸੀ। ਇਸ ਲਈ ਆਪ ਨੇਂ ਉਸ ਲਈ ਆਪਣਾ ਕ੍ਰਿਪਾ ਕਟਾਖ਼ਸ਼ ਤਾਂ ਬਰਕਰਾਰ ਰੱਖਿਆ, ਪਰ ਦੂਜਿਆਂ ਦੇ ਪ੍ਰਤੀ ਵੀ ਆਪਣਾ ਪ੍ਰੇਮ ਘਟਾਇਆ ਨਹੀਂ। ਐਸੀ ਸਥਿਤੀ ਵਿਚ ਫ਼ਰੀਦ ਜੀ ਦੀਆਂ ਇਹ ਤੁਕਾਂ ਸਾਰਥਕ ਹੁੰਦੀਆਂ ਲੱਗੀਆਂ—

ਮਤਿ ਹੋਦੀ ਹੋਇ ਇਆਣਾ
ਤਾਣ ਹੋਦੇ ਹੋਇ ਨਿਤਾਣਾ
ਅਣਹੋਦੇ ਆਪੁ ਵੰਡਾਏ
ਕੋ ਐਸਾ ਭਗਤੁ ਸਦਾਇ
ਇਕੁ ਫਿਕਾ ਨਾ ਗਲਾਇ
ਸਭਨਾ ਮੈ ਸਚਾ ਧਣੀ
ਹਿਆਉ ਨ ਕੈਹੀ ਠਾਹਿ
ਮਾਣਕ ਸਭ ਅਮੋਲਵੇ

ਫ਼ਰੀਦ ਜੀ ਦੀਆਂ ਇਹਨਾਂ ਤੁਕਾਂ ਨੇ ਬਲਜੀਤ ਤੇ ਸਤਿਗੁਰੂ ਜੀ ਦੋਹਾਂ ਦੀਆਂ ਰੂਹਾਂ ਲਈ ਧਾਗੇ ਦਾ ਕੰਮ ਕੀਤਾ ਲਗਦਾ ਸੀ। ਦੋਵੇਂ ਰੂਹਾਂ ਸਦਾ ਇਕ ਦੂਜੀ ਨਾਲ ਜੁੜੀਆਂ ਰਹੀਆਂ, ਪਰ ਦੋਹਾਂ ਨੇ ਕਿਸੇ ਤੀਜੇ ਦਾ ਦਿਲ ਨਹੀਂ ਢਾਹਿਆ ਨਿਰਾਦਰ ਨਹੀਂ ਕੀਤਾ। ਬਲਜੀਤ ਨੇ ਸਤਿਗੁਰਾਂ ਦੀ ਮਾਨ ਮਰਯਾਦਾ ਹਮੇਸ਼ਾ ਕਾਇਮ ਰੱਖੀ। ਖਾਣ-ਪਾਣ ਜਪ ਧਿਆਨ ਤੇ ਸੰਗੀਤਕ ਜਗਤ ਵਿਚ ਲਗਾਤਾਰ ਉੱਨਤੀ ਵੱਲੋਂ ਉਹ ਕਦੇ ਬੇਧਿਆਨ ਨਹੀਂ ਹੋਇਆ। ਸਤਿਗੁਰਾਂ ਦੀ ਛੱਤਰ ਛਾਇਆ ਹੇਠ ਉਸ ਨੇ ਸੰਗੀਤ ਨੂੰ ਜਿਵੇਂ ਹਿਰਦੇ ਵਿਚ ਵਸਾਇਆ ਸੀ - ਭੈਣੀ ਸਾਹਿਬ ਤੋਂ ਆਣ ਕੇ ਉਸ ਨੇ ਉਸਦਾ ਖੁਲ੍ਹਾ ਪ੍ਰਕਾਸ਼ ਕੀਤਾ। ਸਾਰੇ ਸਿੱਖ ਜਗਤ ਵਿਚ ਬਲਜੀਤ ਸਿੰਘ ਦੇ ਗਾਏ ਗੁਰਬਾਣੀ ਦੇ ਰਾਗ ਅਧਾਰਿਤ ਸ਼ਬਦਾਂ ਦੀਆਂ ਧੁੰਮਾਂ ਪੈ ਗਈਆਂ। ਹੌਲੀ-ਹੌਲੀ ਬਲਜੀਤ ਸਿੰਘ ਸਿੱਖ ਜਗਤ ਦੇ ਸਭ ਤੋਂ ਵੱਧ ਪ੍ਰਸਿੱਧ ਕੀਰਤਨੀਆਂ ਵਿਚੋਂ ਐਸਾ ਇਕ ਕੀਰਤਨੀਆ ਬਣ ਕੇ ਉਭਰਿਆ ਜਿਸ ਨੇ ਰਾਗ ਅਧਾਰਿਤ ਗੁਰਬਾਣੀ ਕੀਰਤਨ ਵੱਲ ਦੁਬਾਰਾ ਸਭ ਦਾ ਧਿਆਨ ਖਿੱਚਿਆ ਤੇ ਬਹੁਤ ਸਾਰੇ ਕੀਰਤਨੀਏ ਇਸ ਪਾਸੇ ਤੁਰਨ ਲਈ ਪ੍ਰੇਰਤ ਹੋਏ ਹਨ ।

ਅਤੇ ਬਲਜੀਤ ਸਿੰਘ ਨੂੰ ਜਦੋਂ ਕੋਈ ਪੁਛਦਾ ਹੈ ਕਿ ਉਸਨੂੰ ਇਹ ਦਾਤ ਕਿੱਥੋਂ ਮਿਲੀ ਹੈ ਤਾਂ ਉਹ ਅਦਬ ਨਾਲ ਦੱਸਦਾ ਹੈ ਕਿ ਇਹ ਕਿਰਪਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੈ........ ਉਨ੍ਹਾਂ ਨੇ ਹੀ ਸਭ ਸਿਖਾਇਆ ਹੈ।

ਮੁਹਾਵੇ ਵਾਲੇ ਲੜਕੇ ਦੀ ਥਾਂ ਤੇ ਉਸ ਦਿਨ ਜਦੋਂ ਸਤਿਗੁਰਾਂ ਦੇ ਮੁਖ ਤੋਂ ਕਵੀ ਜੀ ਦੇ ਸਵਾਲ ਦੇ ਜਵਾਬ ਵਿਚ 'ਖਾਪੜ ਖੇੜੀ ਵਾਲਾ ਕਾਕਾ....' ਨਿਕਲ ਗਿਆ ਸੀ ਤੇ ਮੈਂ ਖਾਪੜ ਖੇੜੀ ਨਾਲ ਬਲਜੀਤ ਸਿੰਘ ਦਾ ਨਾਮ ਜੋੜ ਕੇ ਗੱਲ ਅਗਾਂਹ ਵਧਾਈ ਤਾਂ ਬੈਠਿਆਂ ਵਿਚੋਂ ਕਿਸੇ ਇਕ ਨੇ ਬਲਜੀਤ ਸਿੰਘ ਦੇ ਕੀਰਤਨ ਦੀ ਕੈਸੇਟ ਬਾਰੇ ਦੱਸਿਆ ਕਿ "ਕੈਸੇਟ ਰਿਲੀਜ਼ ਤਾਂ ਹੋਈ ਹੈ ਪਰ ਅਸਾਂ ਉਸਨੂੰ......."



Sri Satguru Jagjit Singh Ji eLibrary NamdhariElibrary@gmail.com

"ਮੈਂ ਫਿਰ ਅਰਜ਼ ਕੀਤੀ ਸੀ -ਜੀ ਮੈਂ ਕਲ੍ਹ ਬਲਜੀਤ ਸਿੰਘ ਦੇ ਘਰ ਗਿਆ ਸਾਂ, ਉਸ ਦੀ ਨਵੀਂ ਕੈਸੇਟ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਤੇ ਅਧਾਰਿਤ ਹੈ, ਸੁਣ ਕੇ ਆਇਆ ਹਾਂ। ਉਸ ਵਿਚ ਦਸਮ ਬਾਣੀ ਦਾ ਇਕ ਤਰਾਨਾ ਹੈ- ਜੋ ਮਾਲਕੌਂਸ ਰਾਗ ਵਿਚ ਗਾਇਆ ਹੈ-ਬਹੁਤ ਹੀ ਪ੍ਰਭਾਵਸ਼ਾਲੀ ਹੈ।"

ਇਕ ਹੋਰ ਸੱਜਣ ਨੇ ਕੋਲੋਂ ਕਿਹਾ, "ਬਲਜੀਤ ਸਿੰਘ ਆਪਣਾ ਉਸਤਾਦ ਹੋਰ ਈ ਕਿਸੇ ਨੂੰ ਦੱਸੀ ਜਾਂਦੀ ਏ।"

ਮੈਂ ਕਿਹਾ -ਬਲਜੀਤ ਸਿੰਘ ਹਰ ਥਾਂ ਪੁੱਛਣ ਤੇ ਦੱਸਦਾ ਏ ਕਿ ਇਹ ਧੁਣ ਉਸ ਨੇ ਉਸਤਾਦ ਪਿਆਰਾ ਸਿੰਘ ਕੋਲੋਂ ਸਿੱਖੀ ਏ।"

ਸਤਿਗੁਰਾਂ ਨੇ ਗੰਭੀਰ ਹੁੰਦਿਆਂ ਬਚਨ ਕੀਤਾ- "ਪਿਆਰਾ ਸਿੰਘ ਹੁਰਾਂ ਨੇ ਬਲਜੀਤ ਸਿੰਘ ਨੂੰ ਬੜਾ ਚੰਗਾ ਸਿਖਾਇਆ ਏ ਮੈਂ ਵੀ ਉਸ ਨੂੰ ਅੱਧੀ ਅੱਧੀ ਰਾਤੀਂ ਉਠਾ ਕੇ ਸਿਖਾਉਂਦਾ ਰਿਹਾ ਹਾਂ।"

ਇਕ ਪਰਸੰਗ ਉਸ ਤੋਂ ਵੀ ਪਹਿਲਾਂ ਦਾ ਯਾਦ ਆ ਰਿਹਾ ਹੈ। ਉਸ ਦਿਨ ਬੁਲਾਵੇ ਤੇ ਸਤਿਗੁਰਾਂ ਦੇ ਹਜ਼ੂਰ ਪਹੁੰਚਾ ਸਾਂ। ਮੱਥਾ ਟੇਕ ਕੇ ਬਹਿੰਦਿਆਂ ਹੀ ਮੇਰੇ ਇਕ ਮਿੱਤਰ ਨੇ ਪੁੱਛਿਆ,"ਕਲ ਕਿੱਥੇ ਗਏ ਸੀ ? ਸਾਰਾ ਦਿਨ ਲੱਭੇ ਹੀ ਨਹੀਂ।"

ਮੈਂ ਸਤਿਗੁਰਾਂ ਵੱਲ ਧਿਆਨ ਕਰਕੇ ਅਰਜ਼ ਕੀਤੀ - "ਜੀ ਕੱਲ੍ਹ , ਗੁਰਦਵਾਰਾ ਬੰਗਲਾ ਸਾਹਿਬ ਦੇ ਦਾਲਾਨ ਵਿਚ ਜਵੱਦੀ ਵਾਲੇ ਸੰਤਾਂ ਨੇ ਕੀਰਤਨ ਦਰਬਾਰ ਰਖਵਾਇਆ ਸੀ। ਉਥੇ ਬਲਜੀਤ ਸਿੰਘ ਨੇ ਵੀ ਗਾਉਣਾ ਸੀ, ਸੁਣਨ ਚਲਾ ਗਿਆ ਸਾਂ। ਉਸ ਨੂੰ ਦੋ ਵਾਰੀ ਗਾਉਣਾ ਪਿਆ ਹੈ- ਫੁਰਮਾਇਸ਼ ਕਾਰਨ। ਸ਼ਾਮੀਂ ਉਸਨੇ ਸੋਰਠ ਰਾਗ ਵਿਚ ਜੋ ਸ਼ਬਦ ਗਾਇਆ ਉਸ ਨਾਲ ਆਪ ਜੀ ਦੀ ਮਹਿਮਾ ਪ੍ਰਕਾਸ਼ਿਤ ਹੁੰਦੀ ਵੇਖੀ ਹੈ। ਬਲਜੀਤ ਸਿੰਘ ਨੇ ਪੂਰੇ ਦਿਨ ਦੇ ਸਾਰੇ ਪ੍ਰੋਗਰਾਮ ਨੂੰ ਪ੍ਰਭਾਵਿਤ ਕੀਤਾ ਹੈ ।"

ਸਤਿਗੁਰਾਂ ਨੇ ਧਿਆਨ ਨਾਲ ਸਾਰੀ ਗੱਲ ਸੁਣੀ ਤੇ ਫਿਰ ਪੁੱਛਿਆ, "ਉਹਦੀ ਸੋਰਠ ਵਾਲੇ ਸ਼ਬਦ ਦੀ ਕੈਸੇਟ ਮਿਲ ਜਾਏਗੀ ? ਸੋਰਠ ਤੇ ਦੇਸ ਰਾਗ ਵਿਚ ਮਹੀਨ ਜਿਹਾ ਫਰਕ ਏ, ਮੈਂ ਵੇਖਣਾ ਚਾਹਾਂਗਾ ਕਿ ਉਸਨੇ ਉਸ ਫਰਕ ਨੂੰ ਕਿਵੇਂ ਨਿਭਾਇਆ ਏ।"

ਅਤੇ ਅੱਜ ਜਦੋਂ ਦੋ ਚਿਰੀਂ ਵਿਛੁੰਨਿਆਂ ਨੂੰ ਇਕ ਦੂਜੇ ਦੇ ਗਲ ਲੱਗ ਕੇ ਅਥਰਾਂ ਕੇਰਦਿਆਂ ਵੇਖਿਆ ਸੀ— ਤਾਂ ਗੁਰਬਾਣੀ ਦਾ ਇਹ ਸ਼ਬਦ ਬਾਰ ਬਾਰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸਾਂ

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨੁ ਕਾ ਬਿਰਹਾ
ਜਿਨਿ ਹਉ ਪਿਰਹੁ ਵਿਛੋੜੀ ॥"

ਅੱਜ ਸਤਿਗੁਰਾਂ ਦੇ ਸਿਖਾਏ ਬੱਚਿਆਂ ਵਿਚ ਬਹੁਤ ਸਾਰੇ ਗੁਰਮਤ ਸੰਗੀਤ ਦੇ ਧਣੀ ਹਨ। ਉਨ੍ਹਾਂ ਵਿਚ ਸਤਿਗੁਰਾਂ ਦੀ ਇਕ ਨਵੀਂ ਮਾਨਸ ਰਚਨਾ ਬਲਵੰਤ ਸਿੰਘ ਵੀ ਹੈ, ਜਿਸਨੂੰ ਸਤਿਗੁਰਾਂ ਨੇ ਬਲਜੀਤ ਸਿੰਘ ਵਾਂਗ ਹੀ ਵਿਉਂਤ ਤਰਾਸ਼ ਕੇ ਘੜਿਆ ਸਵਾਰਿਆ ਹੈ।

ਪਰ ਸਮੁੱਚੇ ਸਿੱਖ ਜਗਤ ਵਿਚ ਸਤਿਗੁਰੂ ਸਾਹਿਬਾਨ ਦੇ ਰਾਗ ਅਧਾਰਿਤ ਸ਼ਬਦਾਂ ਦਾ ਪ੍ਰਸਾਦ ਹਾਲੀ ਬਲਜੀਤ ਸਿੰਘ ਹੀ ਵਰਤਾ ਰਿਹਾ ਹੈ।

ਪਿਆਰੇ ਵੀਰ ਜਗਦੀਸ਼ ਸਿੰਘ ਜੀ,-

ਸਨਿਮਰ ਸਤਿ ਸ੍ਰੀ ਅਕਾਲ। ਪੱਤ੍ਰਿਕਾ ਵਰਿਆਮ ਦੇ ਪੱਚੀ ਸਾਲ ਪੂਰੇ ਹੋਣ ਤੇ ਆਪ ਜੀ ਨੂੰ ਸਨਮਾਨ ਮਿਲਿਆ, ਇਸ ਲਈ ਆਪ ਜੀ ਨੂੰ ਹਾਰਦਿਕ ਵਧਾਈ। ਆਪ ਜੀ ਦਾ ਸਨਮਾਨ ਹੋਣਾਂ ਸਾਰੇ ਨਾਮਧਾਰੀ ਜਗਤ ਲਈ ਬੜੇ ਗੌਰਵ ਦੀ ਗੱਲ ਹੈ। ਵਰਿਆਮ ਦੇ ਰਸਤੇ ਵਿੱਚ ਆਈਆਂ ਅਣਗਿਣਤ ਔਕੜਾਂ ਤੇ ਰੁਕਾਵਟਾਂ ਦੇ ਬਾਵਜੂਦ ਵੀ, ਆਪ ਜੀ ਨੇ ਆਪ ਵਰਿਆਮ ਬਣ ਕੇ, ਉਹਨਾਂ ਨੂੰ ਝੇਲਿਆ ਅਤੇ ਇਸ ਪੱਤ੍ਰਿਕਾ ਨੇ ਆਪ ਜੀ ਦੀ ਸੁਯੋਗ ਅਗਵਾਈ ਹੇਠ ਪਹਾੜਾਂ ਵਿੱਚ ਤੇਜ ਰਫ਼ਤਾਰ ਨਾਲ ਅਗਾਂਹ ਵਧਦੀ ਹੋਈ ਨਦੀ ਵਾਂਗ, ਉੱਨਤੀ ਦੇ ਪੱਥ ਤੇ ਅਗ੍ਰਸਰ ਹੋਣੀ।

ਮੈਂ ਆਪ ਜੀ ਦੇ ਸਨਮਾਨ ਵਿਚ ਹੋਏ ਇੱਕਠ ਵਿਚ ਸੰਮਿਲਤ ਹੋਣਾਂ ਚਾਹੁੰਦੀ ਸਾਂ, ਪਰ ਅਧਿਕ ਗਰਮੀ ਕਰਕੇ ਸਿਹਤ ਨੇ ਇਜ਼ਾਜਤ ਨਹੀਂ ਦਿੱਤੀ। ਆਸ ਹੈ, ਆਪ ਜੀ ਖਿਮਾ ਕਰੋਗੇ। ਮੇਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਹੈ, ਕਿ ਆਪ ਜੀ ਦੀ ਸੁਯੋਗ ਦੇਖ ਰੇਖ ਹੇਠ, ਵਰਿਆਮ ਪੱਤ੍ਰਿਕਾ ਦਿਨ ਦੋਗੁਣੀ ਅਤੇ ਰਾਤ ਚੌਗੁਣੀ ਉੱਨਤੀ ਕਰੇ ਅਤੇ ਦੇਸ ਪ੍ਰਦੇਸ ਦੇ ਪਾਠਕਾਂ ਨੂੰ ਗਿਆਨ ਦੀ ਰੌਸ਼ਨੀ ਪ੍ਰਦਾਨ ਕਰਕੇ ਵਿੱਦਿਆ ਵਿੱਚ ਵਾਧਾ ਕਰੇ।

*ਅਤਿ ਧੰਨਵਾਦ ਸਹਿਤ*
*ਬੇਅੰਤ ਕੌਰ ਪ੍ਰਿੰਸੀਪਲ*
*ਐਫ ੨੧੩/ਏ-੧ ਮਾਨਸਰੋਵਰ ਮਾਰਡਨ*
*ਨਵੀ ਦਿਲੀ-੧੫*



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਵਾਤਾਵਰਨ ਦੇ ਦ੍ਰਿਸ਼ਟੀਕੋਣ ਤੋਂ ਪੰਜਾਬ

—ਡਾ. ਡੀ. ਪੀ. ਸਿੰਘ

ਮਨੁੱਖੀ ਕ੍ਰਿਆਵਾਂ ਕਾਰਨ, ਸਾਡੇ ਚੌਗਿਰਦੇ ਵਿਚ ਵਾਪਰੀ ਅਸੁਖਾਂਵੀ ਤਬਦੀਲੀ ਨੂੰ ਵਾਤਾਵਰਨੀ ਪ੍ਰਦੂਸ਼ਣ ਕਿਹਾ ਜਾਂਦਾ ਹੈ। ਸਾਡੇ ਚੌਗਿਰਦੇ ਦੇ ਭੌਤਿਕ ਤੇ ਰਸਾਇਣੀ ਬਣਤਰੀ-ਅੰਸ਼ਾਂ ਦੇ ਸੰਤੁਲਨ ਵਿਚ ਵਿਗਾੜ, ਸੂਖਮ ਜੀਵਾਣੂਆਂ ਦੀ ਸੰਖਿਆ ਵਿਚ ਅਣਚਾਹੀ ਤਬਦੀਲੀ, ਊਰਜਾ ਸੋਮਿਆਂ ਦੀ ਵਰਤੋਂ ਤੋਂ ਪੈਦਾ ਹੋਇਆ ਅਣਚਾਹਿਆ ਵਾਯੂਮੰਡਲੀ ਨਿਕਾਸ ਤੇ ਵਿਕਿਰਨ ਸੰਚਾਰ ਕਾਰਜਾਂ ਤੋਂ ਪੈਦਾ ਹੋਏ ਵਿਕਾਰ ਵਾਤਾਵਰਨੀ ਪ੍ਰਦੂਸ਼ਣ ਦੇ ਜਨਮ- ਦਾਤਾ ਬਣਦੇ ਹਨ।

ਵਾਤਾਵਰਨੀ ਪ੍ਰਦੂਸ਼ਣ ਤੋਂ ਪੈਦਾ ਹੋਏ ਭੈੜੇ ਪ੍ਰਭਾਵ ਅਕਸਰ ਪ੍ਰਤੱਖ ਦੇਖੇ ਜਾ ਸਕਦੇ ਹਨ। ਇਹ ਹਵਾ ਨੂੰ ਖਰਾਬ ਕਰਨ ਦਾ ਕਾਰਨ ਬਣਦੇ ਹਨ। ਦਰਿਆਵਾਂ, ਝੀਲਾਂ ਤੇ ਨਦੀਆਂ ਆਦਿ ਵਿਖੇ ਜਲ-ਪ੍ਰਦੂਸ਼ਣ ਦੇ ਰੂਪ ਵਿਚ ਇਹ ਮੱਛੀਆਂ ਤੇ ਹੋਰ ਜਲ-ਜੀਵਾਂ ਦੀ ਮੌਤ ਦਾ ਕਾਰਨ ਬਣਦਾ ਹੈ। ਸਾਡੇ ਵਾਯੂਮੰਡਲ ਵਿਚ ਮੌਜੂਦ ਪ੍ਰਦੂਸ਼ਣ-ਕਰਤਾ, ਹਵਾ ਪ੍ਰਦੂਸ਼ਣ ਪੈਦਾ ਕਰਦੇ ਹਨ। ਅਜਿਹੀ ਗੰਧਲੀ ਹਵਾ ਵਿਚ ਸਾਹ ਲੈਣ ਨਾਲ ਮਨੁੱਖ ਸਾਹ ਪ੍ਰਣਾਲੀ ਸੰਬੰਧਤ ਅਨੇਕ ਬਿਮਾਰੀਆਂ ਦਾ ਸ਼ਿਕਾਰ ਬਣ ਜਾਂਦਾ ਹੈ। ਇਹ ਪ੍ਰਦੂਸ਼ਣ-ਕਰਤਾ, ਪਾਣੀ ਤੇ ਮਿੱਟੀ ਵਿਚ ਰਲ ਕੇ, ਇਨ੍ਹਾਂ ਤੱਤਾਂ ਦੇ ਲਾਭਦਾਇਕ ਗੁਣਾਂ ਨੂੰ ਨਸ਼ਟ ਕਰ ਦਿੰਦੇ ਹਨ। ਜਿਸ ਦੇ ਫਲਸਰੂਪ ਬਨਸਪਤੀ, ਜੀਵਾਂ ਤੇ ਮਨੁੱਖਾਂ ਨੂੰ ਡਾਢਾ ਨੁਕਸਾਨ ਉਠਾਉਣਾ ਪੈਂਦਾ ਹੈ।

ਪੰਜਾਬ ਵਿਚ ਵਾਤਾਵਰਨ ਦੀ ਸਥਿਤੀ ਕੋਈ ਵਧੀਆ ਨਹੀਂ ਹੈ। ਅੰਨ੍ਹੇਵਾਹ ਢੰਗ ਨਾਲ ਕੀਤੇ ਗਏ ਸ਼ਹਿਰੀਕਰਨ, ਉਦਯੋਗੀਕਰਨ, ਆਬਾਦੀ ਵਿਚ ਵਾਧੇ, ਕੁਦਰਤੀ ਸੋਮਿਆਂ ਦੀ ਅੰਨ੍ਹੀ ਅਤੇ ਗੈਰ-ਵਿਉਂਤੀ ਵਰਤੋਂ ਨੇ ਵਾਤਾਵਰਨ ਸੰਬੰਧਤ ਗੰਭੀਰ ਸਮੱਸਿਆਵਾਂ ਨੂੰ ਪੈਦਾ ਕਰ ਦਿੱਤਾ ਹੈ।

ਪੰਜਾਬ, ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਸੂਬੇ ਦਾ ਕੁਲ ਰਕਬਾ ੫੦੩੬੨ ਵਰਗ ਕਿਲੋਮੀਟਰ ਹੈ। ਇਸ ਵਿਚ ਕੁਲ ੧੭ ਜ਼ਿਲ੍ਹੇ ਹਨ। ਪੰਜਾਬ ਦੀ ਲਗਭਗ ੭੦% ਵਸੋਂ ਖੇਤੀਬਾੜੀ ਕਾਰਜਾਂ ਵਿਚ ਰੁੱਝੀ ਰਹਿੰਦੀ ਹੈ। ਰਾਜ ਦਾ ੮੫% ਹਿੱਸਾ ਖੇਤੀਬਾੜੀ ਸੰਬੰਧਤ ਕਾਰਜਾਂ ਹੇਠ ਹੈ। ਪੰਜਾਬ ਵਿਖੇ ਖਾਦ ਦੀ ਖਪਤ ਪੂਰੇ ਭਾਰਤ ਦੇ ਸਭਨਾਂ ਰਾਜਾਂ ਨਾਲੋਂ ਸੱਭ ਤੋਂ ਵਧੇਰੇ ਹੈ। ਇਸ ਰਾਜ ਵਿਖੇ ਕੁਲ ੧੨੧੬੨ ਪਿੰਡ ਅਤੇ ੧੩੪ ਨਗਰ ਜਾਂ ਸ਼ਹਿਰ ਮੌਜੂਦ ਹਨ। ਪੰਜਾਬ ਵਿਚ ਵੱਡੇ ਉਦਯੋਗਾਂ ਦੀ ਸੰਖਿਆ ੧੧,੧੧੪ ਹੈ ਅਤੇ ਅਪ੍ਰੈਲ ੧੯੯੩ ਤੱਕ ਰਾਜ ਵਿਖੇ ਰਜਿਸਟਰਡ ਛੋਟੇ ਉਦਯੋਗਾਂ ਦੀ ਸੰਖਿਆ ੧,੮੮,੦੦੦ ਸੀ।

## ਹਵਾ ਪ੍ਰਦੂਸ਼ਣ

ਹਵਾ ਦੀ ਸਵੱਛਤਾ ਦਾ ਮਿਆਰ ਉਸ ਦੇ ਵਿਭਿੰਨ ਬਣਤਰੀ ਅੰਸ਼ਾਂ ਦੀ ਮਾਤਰਾ ਉੱਤੇ ਨਿਰਭਰ ਕਰਦਾ ਹੈ। ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਵਲੋਂ ਪੰਜਾਬ ਦੇ ਪ੍ਰਮੁੱਖ ਨਗਰਾਂ ਲੁਧਿਆਣਾ, ਮੰਡੀ ਗੋਬਿੰਦਗੜ੍ਹ, ਅੰਮ੍ਰਿਤਸਰ, ਜਲੰਧਰ ਤੇ ਬਟਾਲਾ ਆਦਿ ਵਿਖੇ ਕੀਤੇ ਗਏ ਹਵਾ-ਨਿਰੀਖਣ ਕਾਰਜਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਖੇਤਰਾਂ ਵਿਖੇ ਵਾਯੂਮੰਡਲ ਵਿਚ ਮੌਜੂਦ ਪਦਾਰਥੀ ਕਣਾਂ, ਨਾਈਟਰੋਜਨ ਦੇ ਆਕਸਾਈਡਾਂ ਅਤੇ ਸਲਫਰ-ਡਾਇਆਕਸਾਈਡ ਦੀ ਮਾਤਰਾ ਨਿਸ਼ਚਿਤ ਵਾਤਾਵਰਨੀ ਮਿਆਰਾਂ ਨਾਲੋਂ ਬਹੁਤ ਵਧੇਰੇ ਹੈ।

ਹਵਾ ਪ੍ਰਦੂਸ਼ਨ ਦੇ ਪ੍ਰਮੁੱਖ ਸੋਮੇ, ਉਦਯੋਗ, ਆਵਾਜਾਈ ਸਾਧਨ, ਨਿਰਮਾਣ ਕਾਰਜ ਅਤੇ ਸ਼ੋਰ ਸ੍ਰੋਤ ਹਨ। ਪੰਜਾਬ ਵਿਚ ਹੁਣ ਤੱਕ ੧੦,੦੨੭ ਉਦਯੋਗਾਂ ਨੂੰ ਬਹੁਤ ਵਧੇਰੇ ਪ੍ਰਦੂਸ਼ਣ ਉਤਪਾਦਨ ਕਰਤਾ ਵਜੋਂ ਪਛਾਣਿਆ ਜਾ ਚੁੱਕਾ ਹੈ। ਜਿਨ੍ਹਾਂ ਵਿਚੋਂ ੯੪੨੩ ਛੋਟੇ ਦਰਜੇ ਦੇ ਉਦਯੋਗ ਹਨ।

ਫਲਾਈਐਸ਼ (Flyash), ਜੋ ਹਵਾ ਪ੍ਰਦੂਸ਼ਣ ਦੇ ਕੰਟਰੋਲ ਕਾਰਜਾਂ ਵਿਚ ਵੱਡੀ ਸਮੱਸਿਆ ਦਾ ਕਾਰਨ ਬਣਦੀ ਹੈ, ਨੂੰ ਅੱਜ ਕਲ ਰੋਪੜ ਤੇ ਬਠਿੰਡਾ ਵਿਖੇ ਸਥਾਪਿਤ ਕੀਤੇ ਜਾ ਰਹੇ ਸੀਮਿੰਟ ਉਦਯੋਗਾਂ ਵਿਖੇ ਵਰਤੇ ਜਾਣ ਦੀ ਵੱਡੀ ਆਸ ਹੈ। ਅਪ੍ਰੈਲ ੧੯੯੫ ਤੋਂ ਚਾਵਲਾਂ ਦੀ ਫੱਕ (Rice Husk) ਨੂੰ ਖੁੱਲ੍ਹੇ ਤੌਰ ਉੱਤੇ ਰੱਖੇ ਤੇ ਬਾਲੇ ਜਾਣ ਉਤੇ ਪਾਬੰਦੀ ਲਗਾਈ ਜਾ ਚੁੱਕੀ ਹੈ। ਕਿਉਂਕਿ ਖੇਤੀਬਾੜੀ ਕਾਰਜਾਂ ਲਈ ਲੋੜੀਦੀ ਊਰਜਾ ਪ੍ਰਾਪਤੀ ਲਈ ਚਾਵਲਾਂ ਦੀ ਫੱਕ ਬਹੁਤ ਵਧੇਰੇ ਵਰਤੀ



Sri Satguru Jagjit Singh Ji eLibrary NamdhariElibrary@gmail.com

ਜਾ ਰਹੀ ਸੀ ਜਿਸ ਕਾਰਨ ਵਾਯੂਮੰਡਲ ਵਿਚ ਰਾਖ, ਧੂੜ ਤੇ ਸੂਖਮ ਕਣਾਂ ਦੀ ਮਾਤਰਾ ਲਗਾਤਾਰ ਵਧ ਰਹੀ ਸੀ। ਵਾਹਨਾਂ ਤੋਂ ਉਤਪੰਨ ਪ੍ਰਦੂਸ਼ਣ, ਰਾਜ ਵਿਖੇ ਵਾਹਨਾਂ ਦੀ ਸੰਖਿਆ ਵਧਣ ਨਾਲ ਕਾਫੀ ਵਧ ਗਿਆ ਹੈ। ਸੰਨ ੧੯੮੦-੮੧ ਵਿਚ ਪੰਜਾਬ ਵਿਚ ਸਿਰਫ ੩.੬ ਲੱਖ ਵਾਹਨ ਸਨ ਜੋ ੧੯੯੦-੯੧ ਵਿਚ ਵਧ ਕੇ ੧੩.੨੯ ਲੱਖ ਹੋ ਗਏ ਸੰਨ ੨੦੦੦-੨੦੦੧ ਵਿਚ ਇਹਨਾਂ ਵਾਹਨਾਂ ਦੀ ਸੰਖਿਆ ਲਗਭਗ ੫੦ ਲੱਖ ਤੱਕ ਪਹੁੰਚ ਜਾਣ ਦਾ ਅੰਦਾਜ਼ਾ ਹੈ। ਲੁਧਿਆਣਾ ਵਿਖੇ ਵਾਹਨਾਂ ਦੇ ਪ੍ਰਦੂਸ਼ਣ ਕਾਰਜਾਂ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਸੰਨ ੧੯੮੯ ਵਿਚ ਉਥੇ ੨.੪ ਲੱਖ ਵਾਹਨ ਸਨ ਜੋ ਸੰਨ ੧੯੯੫ ਵਿਚ ਵਧ ਕੇ ੩.੯ ਲੱਖ ਹੋ ਗਏ। ਸ਼ਹਿਰ ਵਿਖੇ ਦੋ ਪਹੀਆ ਵਾਹਨਾਂ ਦੀ ਸੰਖਿਆ ਕੁਲ ਵਾਹਨਾਂ ਦਾ ੬੦% ਹੈ। ਸ਼ਹਿਰ ਦੇ ਕੇਵਲ ੯% ਅਤੇ ੩.੫% ਬੱਸ ਤੇ ਟੱਰਕ ਹੀ ਮਿੱਥੇ ਮਿਆਰਾਂ ਨੂੰ ਪੂਰਾ ਕਰਦੇ ਹਨ।

ਵਾਹਨਾਂ ਦੀ ਮਾੜੀ ਹਾਲਤ ਤੇ ਪੈਟਰੋਲ ਦੀ ਮਾੜੀ ਗੁਣਤਾ (Quality) ਕਾਰਨ ਵੀ ਪ੍ਰਦੂਸ਼ਣ ਫੈਲਦਾ ਹੈ। ਸਨਅਤਾਂ ਵਿਚੋਂ ਨਿਕਲਦਾ ਧੂੰਆਂ, ਸੜਕਾਂ ਦੀ ਮੰਦੀ ਹਾਲਤ ਕਾਰਨ ਉੱਡਦੀ ਧੂੜ, ਜ਼ਰਾਇਤੀ ਰਹਿੰਦ-ਖੂੰਦ ਦੀ ਸਾੜ-ਫੂਕ ਤੇ ਵਾਹਨਾਂ ਦੇ ਫਾਲਤੂ ਨਿਕਾਸ ਕਾਰਨ ਪੰਜਾਬ ਭਰ ਦੀ ਹਵਾ ਗੰਦੀ ਹੋ ਰਹੀ ਹੈ। ਜਿਸ ਕਾਰਨ ਅਲਰਜੀ, ਫੇਫੜਿਆਂ ਦੀ ਸੋਜ਼, ਖੰਘ ਤੇ ਸਾਹ ਨਲੀ ਦੀਆਂ ਬਿਮਾਰੀਆਂ ਪੰਜਾਬ ਦੇ ਪ੍ਰਮੁੱਖ ਸਨਅਤੀ ਕੇਂਦਰਾਂ ਤੇ ਨਗਰਾਂ ਵਿਖੇ ਆਮ ਹਨ।

## ਜਲ-ਪ੍ਰਦੂਸ਼ਣ

ਪਾਣੀ ਜੀਵਨ ਦਾ ਸ੍ਰੋਤ ਹੈ। ਬਾਬਾ ਨਾਨਕ ਦਾ ਕਥਨ ਹੈ : 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।' ਪੰਜਾਬ ਵਿਖੇ ਚਾਰ ਪ੍ਰਮੁੱਖ ਦਰਿਆ ਸਤਲੁਜ, ਬਿਆਸ, ਰਾਵੀ ਤੇ ਘੱਗਰ, ਰਾਜ ਦੇ ਸਤਹੀ ਪਾਣੀਆਂ ਦੇ ਸ੍ਰੋਤ ਹਨ। ਇਸ ਤੋਂ ਇਲਾਵਾ ਰਾਜ ਵਿਖੇ ਅਨੇਕਾਂ ਨਮ-ਸਥਲਾਂ, ਝੀਲਾਂ ਅਤੇ ਤਲਾਬ ਵੀ ਮੌਜੂਦ ਹਨ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਾਰਨ ਇਥੇ ਸਿੰਜਾਈ ਲਈ ਪਾਣੀ ਦੀ ਖਪਤ ਬਹੁਤ ਜਿਆਦਾ ਹੈ। ਪੰਜਾਬ ਦੇ ਬਹੁਤੇ ਦਰਿਆਵਾਂ ਦਾ ਪਾਣੀ ਸਿੰਜਾਈ ਖਾਤਰ ਨਹਿਰਾਂ ਵਿਚ ਪਾਇਆ ਜਾਂਦਾ ਹੈ ਜਿਸ ਦੇ ਨਤੀਜੇ ਵਜੋਂ ਦਰਿਆਵਾਂ ਵਿਚ ਪਾਣੀ ਬਹੁਤ ਨੀਵਾਂ ਰਹਿੰਦਾ ਹੈ। ਖੁਸ਼ਕ ਮੌਸਮ ਵਿਚ ਤਾਂ ਹਾਲਤ ਹੋਰ ਵੀ ਮਾੜੀ ਹੁੰਦੀ ਹੈ। ਫਿਕਰ ਵਾਲੀ ਇਹ ਗੱਲ ਹੈ ਕਿ ਦਰਿਆਵਾਂ ਵਿਚ ਜਿਹੜਾ ਪਾਣੀ ਬਚ ਜਾਂਦਾ ਹੈ, ਉਹ ਸਨਅਤੀਕਰਨ ਤੇ ਸ਼ਹਿਰੀਕਰਨ ਕਾਰਜਾਂ ਕਾਰਨ ਗੰਦਾ ਹੋ ਜਾਂਦਾ ਹੈ। ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਵਲੋਂ ਕੀਤੇ ਗਏ ਅਧਿਅਨਾਂ ਨੇ ਦਰਸਾਇਆ ਹੈ ਕਿ ਰਾਜ ਦੇ ਸਾਰੇ ਹੀ ਦਰਿਆ ਪ੍ਰਦੂਸ਼ਿਤ ਹਨ। ਬੁੱਢੇ ਨਾਲੇ ਤੋਂ ਲੈ ਕੇ ਹਰੀਕੇ ਪੱਤਣ ਤੱਕ ਸਤਲੁਜ ਦੇ ਕੁਝ ਹਿੱਸੇ ਅਤੇ ਸਮੁੱਚਾ ਘੱਗਰ ਦਰਿਆ ਅਤਿਅੰਤ ਪ੍ਰਦੂਸ਼ਿਤ ਹਨ।

ਅਜਿਹਾ ਇਨ੍ਹਾਂ ਦਰਿਆਵਾਂ ਵਿਖੇ ਉਦਯੋਗਾਂ ਤੋਂ ਨਿਕਲਦੇ ਫਾਲਤੂ ਨਿਕਾਸਾਂ ਤੇ ਇਨ੍ਹਾਂ ਦਰਿਆਵਾਂ ਕੰਢੇ ਵਸੇ ਸ਼ਹਿਰਾਂ ਤੇ ਨਗਰਾਂ ਤੋਂ ਨਿਕਲੇ ਘਰੇਲੂ ਤੇ ਮਿਉਂਸੀਪਲ ਫਾਲਤੂ ਨਿਕਾਸਾਂ ਦੇ ਸੁੱਟੇ ਜਾਣ ਕਾਰਨ ਵਾਪਰ ਰਿਹਾ ਹੈ। ਬੁੱਢਾ-ਨਾਲਾ ਤੇ ਪੂਰਬੀ-ਵੇਈਂ (East Bein) ਦੋ ਪ੍ਰਮੁੱਖ ਜਲ-ਧਰਾਵਾਂ ਹਨ ਜੋ ਸਤਲੁਜ ਦਰਿਆ ਵਿਚ ਗੰਦੇ ਪਾਣੀਆਂ ਨੂੰ ਲਿਜਾ ਸੁੱਟਦੀਆਂ ਹਨ। ਪਟਿਆਲਾ ਸ਼ਹਿਰ ਤੇ ਇਸ ਦੇ ਨੇੜਲੇ ਉਦਯੋਗਾਂ ਤੋਂ ਨਿਕਲ ਰਿਹਾ ਗੰਦਾ ਪਾਣੀ ਪਟਿਆਲਾ ਨਦੀ ਰਾਹੀਂ, ਘੱਗਰ ਦਰਿਆ ਵਿਚ ਪਹੁੰਚ ਰਿਹਾ ਹੈ।

ਹੁਣ ਤੱਕ ਪੰਜਾਬ ਵਿਚ ਜਲ-ਪ੍ਰਦੂਸ਼ਣ ਪੈਦਾ ਕਰ ਰਹੇ ੪੦੦ ਪ੍ਰਮੁੱਖ ਤੇ ਮੱਧਮ ਦਰਜੇ ਵਾਲੇ ਅਤੇ ੯੦੦ ਛੋਟੇ ਸਤਰ ਦੇ ਪ੍ਰਦੂਸ਼ਿਤ ਕਰਤਾ ਉਦਯੋਗਾਂ ਬਾਰੇ ਪਤਾ ਲਗਾਇਆ ਜਾ ਚੁੱਕਾ ਹੈ। ਉਦਯੋਗਾਂ ਤੋਂ ਨਿਕਾਸੀ ਫਾਲਤੂ ਪਦਾਰਥਾਂ ਵਿਚ ਸੁਯੋਗ ਸੁਧਾਰ ਲਈ ਰਾਜ ਵਿਖੇ ਲਗਭਗ ੫੦% ਉਦਯੋਗਾਂ ਵਿਖੇ ਉਚਿਤ ਟਰੀਟਮੈਂਟ ਪਲਾਂਟ ਲਗਾਏ ਜਾ ਚੁੱਕੇ ਹਨ।

## ਜ਼ਮੀਨ ਹੇਠਲੇ ਜਲ ਭੰਡਾਰ

ਪੰਜਾਬ ਰਾਜ ਦੇ ਜ਼ਮੀਨ ਹੇਠਲੇ ਜਲ-ਸ੍ਰੋਤ ਘਰੇਲੂ ਕਾਰਜਾਂ, ਖੇਤੀ ਬਾੜੀ ਕਾਰਜਾਂ ਤੇ ਉਦਯੋਗਿਕ ਕਾਰਜਾਂ ਲਈ ਵੱਡੇ ਪੈਮਾਨੇ ਉੱਤੇ ਵਰਤੇ ਜਾ ਰਹੇ ਹਨ। ਕਪੂਰਥਲਾ, ਜਲੰਧਰ, ਪਟਿਆਲਾ ਅਤੇ ਸੰਗਰੂਰ ਖੇਤਰ ਵਿਖੇ ਜ਼ਮੀਨ ਹੇਠਲੇ ਜਲ-ਭੰਡਾਰਾਂ ਦੀ ਵਰਤੋਂ ੫੦% ਤੱਕ ਹੈ।

ਪੰਜਾਬ ਰਾਜ ਦੇ ਲਗਭਗ ੨੦% ਖੇਤਰ ਵਿਖੇ ਇਨ੍ਹਾਂ ਜਲ-ਭੰਡਾਰਾਂ ਦੀ ਜ਼ਮੀਨ ਦੀ ਸਤਹ ਤੋਂ ਡੂੰਘਾਈ ੦ ਤੋਂ ੫ ਮੀਟਰ ਤੱਕ ਹੈ। ਜਦਕਿ ਇਥੋਂ ਦੇ ੫੫% ਖੇਤਰ ਵਿਖੇ ਇਹ ਡੂੰਘਾਈ ੩ ਤੋਂ ੧੦ ਮੀਟਰ ਹੈ। ਰਾਜ ਦੇ ੨੫% ਖੇਤਰ ਵਿਖੇ ਜ਼ਮੀਨੀ ਹੇਠਲੇ ਜਲ-ਭੰਡਾਰਾਂ ਦੀ ਡੂੰਘਾਈ, ਜ਼ਮੀਨੀ-ਸਤਹ ਤੋਂ ੧੦ ਮੀਟਰ ਤੋਂ ਵੀ ਵਧੇਰੇ ਹੈ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਹਰਮਨ ਪਿਆਰੇ ਮਾਸਕ ਪੱਤਰ ਵਰਿਆਮ ਵਲੋਂ
ਚੌਥਾਈ ਸਦੀ ਦਾ ਸਫਰ ਸਫਲਤਾ ਪੂਰਵਕ
ਤੈਅ ਕਰਨ 'ਤੇ ਵਰਿਆਮ ਦੇ ਸੰਪਾਦਕ
ਸ. ਜਗਦੀਸ਼ ਸਿੰਘ 'ਵਰਿਆਮ'
ਅਤੇ ਸਮੂਹ ਪਾਠਕ ਵਰਗ ਨੂੰ ਲੱਖ ਖੁਸ਼ੀਆਂ
ਅਤੇ ਵਧਾਈਆਂ।



ਵਾਸਦੇਵ ਸਿੰਘ ਭਮਰਾ
ਪ੍ਰਚਾਰ ਸਕੱਤਰ ਨਾਮਧਾਰੀ ਸੰਗਤ ਯੂ.ਕੇ
ਵੁਲਵਰਹੈਂਪਟਨ ਯੂ.ਕੇ.

Heartiest Congratulations on
Silver Jubilee of
Monthly Waryam

From :

J.S. Virdi
Grove General Store
102- Grove Lane, Birmingham
B-21 9HA U.K.

Tele : 0121 554 6814
Mobile : 0831 466753
Fax : 0121 241 3021

# ਮਾਸਕ ਵਰਿਆਮ ਦੀ ਸਿਲਵਰ ਜੁਬਲੀ ਦੀਆਂ ਹਾਰਦਿਕ ਵਧਾਈਆਂ

## *Heartiest Congratulations on the Silver Jubilee of Monthly Waryam*



President
**Dr. Tarsem Singh Ajimal**



Hon. Gen. Secretary
**Mr. Ajit Singh Ubhi**



Treasurer
**Mr. Gurmukh Singh Chana**

## Ramgarhia Sikh Temple

**GRAHAM STREET, BIRMINGHAM-U.K.**

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ ਦੀ ਨਿਤ ਚੜ੍ਹਦੀ ਕਲਾ ਲਈ ਅਰਦਾਸ ਹੈ।
ਸਤਿਗੁਰੂ ਸੱਚੇ ਪਾਤਸ਼ਾਹ ਇਸ ਨੂੰ ਸਦਾ ਸਿਖਰ ਤੇ ਰੱਖਣ।
ਲੰਮੀ ਉਮਰ ਲਈ ਦੁਆ ਹੈ ਅਤੇ ਸਿਲਵਰ ਜੁਬਲੀ ਦੀਆਂ
ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੂੰ ਢੇਰ ਸਾਰੀਆਂ ਮੁਬਾਰਕਾਂ



**ਹਰਚਰਨ ਸਿੰਘ ਰੰਧਾਵਾ ਹੰਸਲੋ ਯੂ.ਕੇ.**

S.H.S. Randhawa
236– Kingsley Road Hounslow
Middx Tw3 4AR. U.K.

ੴ

**ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ**

**ਮਾਸਕ ਵਰਿਆਮ ਜਲੰਧਰ ਦੇ ਪੱਚੀ ਸਾਲਾਂ ਦੇ ਸ਼ਾਨਦਾਰ ਸਫਰ ਦੀ ਕਾਮਯਾਬੀ ਉਤੇ ਦਿਲੋਂ ਮਨੋਂ ਹਾਰਦਿਕ ਮੁਬਾਰਕਾਂ**
**ਅਤੇ**

**'ਵਰਿਆਮ' ਦੀ ਸਦਾ ਹੀ ਚੜ੍ਹਦੀ ਕਲਾ ਵਾਸਤੇ ਅਰਦਾਸ ਹੈ।**

# ਮੋਹਨ ਸਿੰਘ ਟਾਂਡੇ

**ਬਰਮਿੰਘਮ ਯੂ.ਕੇ.**

**ਵਰਿਆਮ ਦੀ ਸਿਲਵਰ ਜੁਬਲੀ ਮੁਬਾਰਕ !**

# ਸ: ਮਹਿੰਦਰ ਸਿੰਘ ਸੰਧੂ

***Mohinder Singh Sandhu***

**25 Oakwood Street**
**West Bromwich B-70 9SN U.K.**

Sri Satguru Jagjit Singh Ji eLibrary NamdhariElibrary@gmail.com

ਵਰਿਆਮ ਦੀ ਸਦਾ ਚੜ੍ਹਦੀ ਕਲਾ ਦੇ

**25 ਸਾਲਾ**

ਜਸ਼ਨਾਂ ਦੀ ਹਾਰਦਿਕ ਵਧਾਈ



## *Surjit Singh Jeet*

RESEARCH SCHOLAR

***H.H. Shri Satguru Jagjit Singh jee Library***

*Under the blessed grace and holy patronage of His holiness*
*Shri satguru Jagjit Singh Jee*
*(The Revd spiritual head of Namdhari Sikhs)*

**'THE SUTLEJ'**
36 Margery Park Road, Forest Gate
London E7 9JY
Tel : 0181 503 0692
Fax : 0171 239 4021

ਮਾਸਕ ਵਰਿਆਮ
ਦੇ ਪੱਚੀ ਸਾਲਾ ਸ਼ਾਨਾਂ-ਮੱਤੇ ਸਫ਼ਰ
ਦੀਆਂ
ਪਾਠਕਾਂ ਅਤੇ ਪ੍ਰਬੰਧਕਾਂ ਨੂੰ ਵਧਾਈਆਂ

**ਸ. ਮਨਜੀਤ ਸਿੰਘ ਬਾਹੜਾ**
ਲੰਡਨ

ਵਰਿਆਮ ਦੀ
ਸਿਲਵਰ ਜੁਬਲੀ ਮੁਬਾਰਕ !

**ਸ. ਅਵਤਾਰ ਸਿੰਘ ਬਾਹੜਾ**
ਲੰਡਨ

ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਮੁਕਤਸਰ ਅਤੇ ਸੰਗਰੂਰ ਖੇਤਰਾਂ ਵਿਖੇ ਜ਼ਮੀਨ ਹੇਠਲੇ ਪਾਣੀ ਭੰਡਾਰ ਖਾਰੇ ਤੇ ਬੱਕਬਕੇ ਹਨ। ਇਨ੍ਹਾਂ ਜਲ ਭੰਡਾਰਾਂ ਵਿਚ ਬਾਈਕਾਰਬੋਨੇਟ ਆਇਨਾਂ ਦੀ ਬਹੁਤਾਤ ਹੈ। ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਵਲੋਂ ਕੀਤੇ ਗਏ ਜਾਂਚ ਕਾਰਜਾਂ ਤੋਂ ਪਤਾ ਲੱਗਾ ਹੈ ਕਿ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਰੋਪੜ, ਨੰਗਲ ਅਤੇ ਬਠਿੰਡਾ ਵਿਖੇ ਜ਼ਮੀਨ ਹੇਠਲੇ ਪਾਣੀ ਭੰਡਾਰਾਂ ਦੀ ਗੁਣਤਾ ਵੀ ਵਿਗੜ ਰਹੀ ਹੈ।

ਜੀ.ਟੀ. ਰੋਡ ਦੇ ਨਾਲ ਨਾਲ ਲੁਧਿਆਣੇ ਜ਼ਿਲੇ ਵਿਚ ਧਰਤੀ ਹੇਠਲੇ ਪਾਣੀ ਵਿਚ ੦.੬੩ ਮਿਲੀਗ੍ਰਾਮ/ਲਿਟਰ ਹੈਕਸਾਵੇਲੈਂਟ ਕਰੋਮੀਅਮ ਅਤੇ ੦.੧ ਮਿਲੀਗ੍ਰਾਮ/ਲਿਟਰ ਸਾਇਆਨਾਈਡ ਮੌਜੂਦ ਹੈ। ਇਸ ਤੋਂ ਇਲਾਵਾ ਬੁੱਢੇ-ਨਾਲੇ ਦੇ ਨਾਲ-ਨਾਲ ੨੩ ਐਮ.ਪੀ.ਐਨ/੧੦੦ ਮਿਲੀਲਿਟਰ ਬੈਕਟੇਰਿਆਈ ਤੱਤ ਧਰਤੀ ਹੇਠਲੇ ਪਾਣੀ ਵਿਚ ਮੌਜੂਦ ਹਨ। ਜਲੰਧਰ ਵਿਚ ਨਕੋਦਰ ਰੋਡ ਦੇ ਨਾਲ-ਨਾਲ ੧੬੪੪ ਤੋਂ ੪੩੦੦ ਮਿਲੀਗ੍ਰਾਮ/ਲਿਟਰ ਭਾਰਾਪਣ ਦੇਖਿਆ ਗਿਆ ਹੈ। ਜੋ ਕਿ ਬਹੁਤ ਵਧੇਰੇ ਮਾਤਰਾ ਹੈ। ਪੰਜਾਬ ਦੇ ਜ਼ਮੀਨ ਹੇਠਲੇ ਜਲ-ਭੰਡਾਰਾਂ ਦੀ ਤਾਸੀਰ ਭਾਰੀ (Hard) ਹੈ। ਉਨ੍ਹਾਂ ਵਿਚ ਨਿੱਕਲ ਦੀ ਮਾਤਰਾ ਵੀ ਵਧੇਰੇ ਦੇਖੀ ਗਈ ਹੈ।

ਪੀਣ ਵਾਲੇ ਪਾਣੀ ਵਿਚ ਹੈਕਸਾਵੇਲੈਂਟ ਕਰੋਮੀਅਮ ਦੀ ਮਾਤਰਾ ੦.੦੫ ਮਿਲੀਗ੍ਰਾਮ/ਲਿਟਰ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਤੋਂ ਵੱਧ ਮਾਤਰਾ ਹੋਣ ਨਾਲ, ਇਹ ਪਾਣੀ ਪੀਣ ਨਾਲ ਪੇਟ ਦੀਆਂ ਕਈ ਬਿਮਾਰੀਆਂ ਲੱਗਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਘਰੇਲੂ ਸੋਮਿਆਂ ਤੋਂ ਨਿਕਲਦੇ ਗੰਦੇ ਪਾਣੀ ਤੇ ਸੱਨਅਤੀ ਪ੍ਰਦੂਸ਼ਣ ਤੋਂ ਇਲਾਵਾ, ਮਨੁੱਖ ਦੀਆਂ ਹੋਰ ਸਰਗਰਮੀਆਂ ਵੀ ਵਾਤਾਵਰਨ ਉੱਤੇ ਮਾੜਾ ਅਸਰ ਪਾ ਰਹੀਆਂ ਹਨ। ਖਾਦਾਂ ਅਤੇ ਕੀਟ-ਨਾਸ਼ਕਾਂ ਦੀ ਵਧੇਰੇ ਵਰਤੋਂ ਕਾਰਨ ਧਰਤੀ ਉਤਲਾ ਪਾਣੀ ਹੀ ਗੰਦਾ ਨਹੀਂ ਹੁੰਦਾ ਸਗੋਂ ਜ਼ਮੀਨ ਹੇਠਲੇ ਪਾਣੀ ਦਾ ਭੰਡਾਰ ਤੇ ਮਿੱਟੀ ਵੀ ਪ੍ਰਦੂਸ਼ਿਤ ਹੋ ਜਾਂਦੇ ਹਨ।

ਰਾਜ ਦੇ ਕੁੱਝ ਹਿੱਸਿਆਂ ਵਿਚ ਜ਼ਮੀਨ ਹੇਠਲਾ ਪਾਣੀ, ਖੇਤੀਬਾੜੀ ਕਾਰਜਾਂ ਲਈ, ਲੋੜੋਂ ਵੱਧ ਵਰਤਿਆ ਜਾ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ, ਬਾਰਸ਼ ਦੇ ਪਾਣੀ ਨਾਲ ਪਹਿਲਾਂ ਤਾਂ ਠੀਕ ਥਾਂ ਤੇ ਆ ਜਾਂਦਾ ਸੀ ਪਰ ਹੁਣ ਧਰਤੀ ਹੇਠਲੇ ਪਾਣੀ ਦੀ ਖਪਤ ਇੰਨੀ ਵੱਧ ਗਈ ਹੈ ਕਿ ਬਾਰਸ਼ ਵੀ ਕੁੱਝ ਨਹੀਂ ਕਰ ਸਕਦੀ। ਫਲਸਰੂਪ ਜ਼ਮੀਨ ਹੇਠਲੇ ਭੰਡਾਰ ਤੇਜ਼ੀ ਨਾਲ ਸੱਖਣੇ ਹੋ ਰਹੇ ਹਨ ਤੇ ਪਾਣੀ ਪ੍ਰਾਪਤੀ ਲਈ, ਜ਼ਮੀਨ ਨੂੰ ਡੂੰਘਾ ਤੇ ਹੋਰ ਡੂੰਘਾ ਪੁਟਣਾ ਪੈ ਰਿਹਾ ਹੈ।

## ਭੂ-ਖੋਰ

ਪੰਜਾਬ ਦੇ ਵੱਡੇ ਖੇਤਰ ਦੀ ਮਿੱਟੀ ਕਛਾਰ (Alluvium) ਰੂਪ ਹੈ ਤੇ ਇਹ ਬਹੁਤ ਹੀ ਮੁਸਾਮਦਾਰ ਸੁਭਾਅ ਦੀ ਹੈ। ਇਥੋਂ ਦੇ ਪਹਾੜੀ ਖੇਤਰ ਦੀ ਮਿੱਟੀ ਬਹੁਤ ਰੇਤਲੀ ਹੈ। ਇਥੋਂ ਦੀ ਮਿੱਟੀ ਦਾ ਸੁਭਾਅ ਮੋਟਾ ਤੇ ਖੁਰਦਰਾ ਹੋਣ ਕਾਰਨ ਇਸ ਵਿਚ ਪਾਣੀ ਭੰਡਾਰ ਕਰਨ ਦੀ ਸਮਰਥਾ ਬਹੁਤ ਘੱਟ ਹੈ। ਰਾਜ ਦੀ ੫੦% ਤੋਂ ਵੀ ਵਧੇਰੇ ਭੂਮੀ ਵਿਚ ਨਾਈਟਰੋਜਨ ਤੱਤ ਦੀ ਵੱਡੀ ਘਾਟ ਹੈ। ੨੫% ਭੂਮੀ ਖੇਤਰ ਵਿਚ ਫਾਸਫੋਰਸ ਦੀ ਘਾਟ ਹੈ। ਕਾਰਬਨ ਤੱਤ ਦੀ ਮਾਤਰਾ ਵੀ ਕਾਫੀ ਘੱਟ ਹੈ। ਰਾਜ ਦੀ ਲਗਭਗ ੧੦% ਭੂਮੀ ਪਾਣੀ ਕਾਰਨ ਖੋਰ ਦਾ ਸ਼ਿਕਾਰ ਹੈ। ਇਥੇ ਭੂ-ਖੋਰ, ਖਾਰੇਪਣ, ਸੇਮ ਅਤੇ ਜਲ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਭੂਮੀ ਦੇ ਗੁਣਾਂ ਵਿਚ ਵਿਕਾਰ ਪੈਦਾ ਕਰ ਰਹੀਆਂ ਹਨ। ਰਾਜ ਦੇ ਕਈ ਭਾਗਾਂ ਵਿਖੇ ਤੇਜ਼ ਹਵਾਵਾਂ ਵੀ ਭੂ-ਖੋਰ ਦੀ ਸਮੱਸਿਆ ਵਿਚ ਵਾਧਾ ਕਰ ਰਹੀਆਂ ਹਨ। ਫਿਰੋਜ਼ਪੁਰ ਤੇ ਸੰਗਰੂਰ ਆਦਿ ਜ਼ਿਲਿਆਂ ਵਿਖੇ ਪਾਣੀ ਦੇ ਖਾਰੇਪਣ ਦੀ ਸਮੱਸਿਆ ਪ੍ਰਮੁੱਖ ਹੈ। ਗੁਰਦਾਸਪੁਰ, ਅੰਮ੍ਰਿਤਸਰ, ਫਿਰੋਜ਼ਪੁਰ ਤੇ ਸੰਗਰੂਰ ਆਦਿ ਜ਼ਿਲਿਆਂ ਵਿਚ ਸੇਮ ਦੀ ਸਮੱਸਿਆ ਹੈ। ਰਾਜ ਵਿਖੇ ਸਥਿਤ ਕਾਗਜ਼ ਤੇ ਗੱਤਾ ਉਦਯੋਗ, ਕੱਪੜਾ ਤੇ ਰੰਗਾਈ ਉਦਯੋਗ, ਡਿਸਟਿੱਲਰੀਜ਼ ਆਦਿ ਆਪਣੇ ਫਾਲਤੂ ਨਿਕਾਸੀ ਪਾਣੀ(ਬਿਨ੍ਹਾਂ ਵਿਸ਼ੇਸ਼ ਉਪਚਾਰ ਤੋਂ) ਜ਼ਮੀਨ ਉੱਤੇ ਸੁੱਟ ਰਹੇ ਹਨ ਤੇ ਇਹ ਪਾਣੀ ਬਹੁਤ ਵਾਰ ਸਿੰਜਾਈ ਕਾਰਜਾਂ ਲਈ ਵੀ ਵਰਤਿਆ ਜਾਂਦਾ ਹੈ। ਜਿਸ ਕਾਰਨ ਭੂ-ਪ੍ਰਦੂਸ਼ਣ ਪੈਦਾ ਹੋ ਰਿਹਾ ਹੈ।

## ਭੂ-ਪ੍ਰਦੂਸ਼ਣ

ਪੰਜਾਬ ਰਾਜ ਦਾ ਵੱਡਾ ਖੇਤਰ ਖੇਤੀਬਾੜੀ ਕਾਰਜਾਂ ਲਈ ਵਰਤਿਆ ਜਾਂਦਾ ਹੈ। ਪਰ ਇਸ ਤੋਂ ਇਲਾਵਾ ਇਥੇ ਜਲ-ਸ੍ਰੋਤ, ਜੰਗਲ, ਨਗਰ, ਸ਼ਹਿਰ, ਕਸਬੇ ਤੇ ਪਿੰਡ ਵੀ ਮੌਜੂਦ ਹਨ। ਉਦਯੋਗ, ਚਰਾਗਾਹਾਂ, ਨਮ-ਸਥਲ ਤੇ ਵਪਾਰਿਕ ਅਦਾਰੇ ਵੀ ਮੌਜੂਦ ਹਨ। ਰਾਜ ਵਿਚ ੧੩੪ ਨਗਰ ਜਾਂ ਸ਼ਹਿਰ ਹਨ ਅਤੇ ੫੮ ਕਸਬੇ ਹਨ। ਰਾਜ ਦਾ ੧੧੩.੨੬ ਵਰਗ



Sri Satguru Jagjit Singh Ji eLibrary NamdhariElibrary@gmail.com

ਕਿਲੋਮੀਟਰ ਖੇਤਰ ਉਦਯੋਗਿਕ ਕਾਰਜਾਂ ਲਈ ਰਾਖਵਾਂ ਕੀਤਾ ਗਿਆ ਹੈ।

ਪਿਛਲੇ ਦਸ ਸਾਲਾਂ ਦੌਰਾਨ ਰਾਜ ਦੀ ਆਬਾਦੀ ਵਿਚ ਵਾਧਾ ੨੦.੨੬ ਪ੍ਰਤਿਸ਼ਤ ਰਿਹਾ ਹੈ। ਇਥੇ ਜਨ ਸੰਖਿਆ ਘਣਤਾ ੪੦੧ ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ। ਲੁਧਿਆਣਾ ਜ਼ਿਲੇ ਵਿਖੇ ਇਹ ਮਾਤਰਾ ਬਹੁਤ ਵਧੇਰੇ ਹੈ। ਰਾਜ ਵਿਚ ਸ਼ਹਿਰੀ ਆਬਾਦੀ ੨੯.੨੨% ਅਤੇ ਪੇਂਡੂ ਜਨ ਸੰਖਿਆ ੭੦.੨੮% ਹੈ। (ਇਹ ਅੰਕੜੇ ਸੰਨ ੧੯੯੧ ਦੌਰਾਨ ਕੀਤੀ ਗਈ ਜਨ-ਗਣਨਾ ਅਨੁਸਾਰ ਹਨ।) ਰਾਜ ਵਿਚ ਹੋਏ ਤੀਬਰ ਸ਼ਹਿਰੀਕਰਨ ਦੇ ਫਲਸਰੂਪ, ਇਥੇ ਮੁੱਢਲੀਆਂ ਲੋੜਾਂ (Basic Amenities) ਦੀ ਪੂਰਤੀ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਗਿਆ। ਜਿਸ ਕਾਰਨ ਰਾਜ ਦੇ ਨਗਰਾਂ ਤੇ ਸ਼ਹਿਰਾਂ ਵਿਖੇ ਵਾਤਾਵਰਨੀ ਸੱਵਛਤਾ ਵਿਚ ਵੱਡੀ ਘਾਟ ਪੈਦਾ ਹੋਈ ਹੈ।

ਤੀਬਰ ਜਨ ਸੰਖਿਆ ਵਾਧੇ, ਉਦਯੋਗੀਕਰਨ ਤੇ ਸ਼ਹਿਰੀਕਰਨ ਕਾਰਨ ਠੋਸ ਫਾਲਤੂ ਪਦਾਰਥਾਂ ਦੀ ਵੱਡੀ ਮਾਤਰਾ ਪੈਦਾ ਹੋਈ ਹੈ। ਰਾਜ ਵਿਚ ਉਦਯੋਗਾਂ ਤੋਂ ਹਰ ਸਾਲ ਪੈਦਾ ਕੀਤੇ ਜਾ ਰਹੇ ਠੋਸ ਫਾਲਤੂ ਪਦਾਰਥਾਂ ਦੀ ਮਾਤਰਾ ਇਕ ਲੱਖ ਦਸ ਹਜ਼ਾਰ ਟਨ ਹੈ। ਲੁਧਿਆਣਾ ਵਿਖੇ ਹਰ ਰੋਜ਼ ਇਕ ਹਜ਼ਾਰ ਮੀਟਰਿਕ ਟਨ ਠੋਸ ਫਾਲਤੂ ਪਦਾਰਥ ਸਿਰਫ਼ ਮਿਊਂਨਸੀਪਲ ਕਾਰਜਾਂ ਤੋਂ ਹੀ ਪੈਦਾ ਹੋ ਰਹੇ ਹਨ, ਜਿਨ੍ਹਾਂ ਦਾ ਸਿਰਫ਼ ੬੩% ਹਿੱਸਾ ਹੀ ਉਚਿਤ ਢੰਗ ਨਾਲ ਨਸ਼ਟ ਕੀਤਾ ਜਾ ਰਿਹਾ ਹੈ। ਉਪਰੋਕਤ ਕਾਰਜਾਂ ਤੋਂ ਪੈਦਾ ਹੋਏ ਠੋਸ ਫਾਲਤੂ ਪਦਾਰਥ ਆਮ ਕਰਕੇ ਸ਼ਹਿਰੋਂ ਬਾਹਰ ਟੋਏ-ਟਿੱਬੇ ਭਰਨ ਲਈ ਵਰਤੇ ਜਾਂਦੇ ਹਨ ਜਦ ਕਿ ਇਨ੍ਹਾਂ ਫਾਲਤੂ ਪਦਾਰਥਾਂ ਦਾ ਵੱਡਾ ਹਿੱਸਾ ਸ਼ਹਿਰ ਦੀਆਂ ਗਲੀਆਂ, ਬਜ਼ਾਰਾਂ ਤੇ ਸੜਕਾਂ ਉੱਤੇ ਪਿਆ ਬਿਮਾਰੀਆਂ ਦੇ ਕੀਟਾਣੂਆਂ, ਮੱਖੀਆਂ ਤੇ ਮੱਛਰਾਂ ਦਾ ਜਨਮ ਸ੍ਰੋਤ ਬਣਦਾ ਰਹਿੰਦਾ ਹੈ।

ਲੁਧਿਆਣਾ ਵਿਖੇ ਬੁੱਢਾ ਨਾਲਾ ਕਦੇ ਤਾਜ਼ੇ ਪਾਣੀ ਦੀ ਧਾਰਾ ਸੀ। ਸੰਨ ੧੯੬੪ ਤੋਂ ਪਹਿਲਾਂ ਇਸ ਦੇ ਪਾਣੀਆਂ ਵਿਚ ੫੬ ਕਿਸਮਾਂ ਦੀਆਂ ਮੱਛੀਆਂ ਮੌਜੂਦ ਸਨ। ਪਰੰਤੂ ਅੱਜ ਇਸ ਵਿਚ ਕਿਸੇ ਵੀ ਕਿਸਮ ਦੀ ਮੱਛੀ ਦੀ ਹੋਂਦ ਨਹੀਂ ਮਿਲਦੀ। ਕਿਉਂਕਿ ਇਸ ਦੇ ਪਾਣੀ ਦਾ ਜ਼ਹਿਰੀਲਾਪਣ ਮਾਰੂ ਤੇ ਘਾਤਕ ਹੈ। ਇਸ ਨਾਲੇ ਦਾ ਪਾਣੀ ਕੱਚੀਆਂ ਸਬਜ਼ੀਆਂ ਧੋਣ ਲਈ ਵਰਤਿਆ ਜਾਂਦਾ ਹੈ। ਧੋਬੀ ਇਸ ਦੇ ਪਾਣੀ ਵਿਚ ਕੱਪੜੇ ਧੋਂਦੇ ਹਨ। ਫਲਸਰੂਪ ਇਸ ਪਾਣੀ ਨਾਲ ਸਾਫ਼ ਕੀਤੇ ਕੱਪੜੇ ਤੇ ਸਬਜ਼ੀਆਂ ਦੁਆਰਾ ਅਨੇਕ ਬਿਮਾਰੀਆਂ ਦੇ ਕੀਟਾਣੂ ਤੇ ਘਾਤਕ ਰਸਾਇਣ ਮਨੁੱਖੀ ਜੀਵਨ ਪ੍ਰਨਾਲੀ ਵਿਚ ਪਹੁੰਚ ਜਾਂਦੇ ਹਨ। ਬੁੱਢੇ-ਨਾਲੇ ਵਿਚ ਤੈਰ ਰਹੀ ਗੰਦਗੀ ਤੋਂ ਉੱਠ ਰਹੀ ਬਦਬੂ ਇਸ ਦੇ ਨਜ਼ਦੀਕੀ ਖੇਤਰਾਂ ਦੇ ਵਾਸੀਆਂ ਦਾ ਨੱਕ ਵਿਚ ਦਮ ਕਰੀ ਰੱਖਦੀ ਹੈ।

ਬੁੱਢੇ-ਨਾਲੇ ਦਾ ਪਾਣੀ ਸਤਲੁਜ ਵਿਚ ਮਿਲ ਕੇ ਨੇੜਲੇ ਪਿੰਡਾਂ ਤੇ ਨਗਰਾਂ ਦੇ ਜਲ ਸ੍ਰੋਤਾਂ ਨੂੰ ਪ੍ਰਦੂਸ਼ਿਤ ਕਰਦਾ ਹੈ। ਇਨ੍ਹਾਂ ਪਿੰਡਾਂ ਤੇ ਨਗਰਾਂ ਦੇ ਪਾਣੀ ਦੀ ਪੂਰਤੀ ਸਿਸਟਮ, ਇਨ੍ਹਾਂ ਜਲ ਸ੍ਰੋਤਾਂ ਵਿਚ ਮੌਜੂਦ ਪ੍ਰਦੂਸ਼ਣ ਨੂੰ ਨੱਥ ਪਾਉਣ ਤੋਂ ਅਸਮਰਥ ਹਨ।

ਪੰਜਾਬ ਦੇ ਪਿੰਡਾਂ, ਨਗਰਾਂ ਤੇ ਸ਼ਹਿਰਾਂ ਵਿਚ ਕੂੜੇ-ਕਰਕਟ, ਗੋਹਾ-ਕੂੜਾ ਤੇ ਘਰੇਲੂ ਫਾਲਤੂ ਪਦਾਰਥਾਂ ਦਾ ਸੁੱਟ-ਸਟਾਵ ਵਿਉਂਤਬੱਧ ਨਾ ਹੋਣ ਕਾਰਨ ਗੰਭੀਰ ਵਾਤਾਵਰਨੀ ਸਮੱਸਿਆ ਦਾ ਕਾਰਨ ਬਣ ਰਿਹਾ ਹੈ ਤੇ ਵੱਡੇ ਪੈਮਾਨੇ ਉੱਤੇ ਭੂ-ਪ੍ਰਦੂਸ਼ਣ ਨੂੰ ਪੈਦਾ ਕਰ ਰਿਹਾ ਹੈ। ਖੇਤੀਬਾੜੀ ਕਾਰਜਾਂ ਵਿਚ ਰਸਾਇਣੀ ਖਾਦਾਂ ਤੇ ਕੀਟ-ਨਾਸ਼ਕ ਦਵਾਈਆਂ ਦੀ ਵਧੇਰੇ ਵਰਤੋਂ ਵੀ ਭੂ-ਪ੍ਰਦੂਸ਼ਣ ਨੂੰ ਵਧਾ ਰਹੀ ਹੈ। ਰਾਜ ਵਿਖੇ ਹਰ ਸਾਲ ੪੫ ਕਿਸਮਾਂ ਦੇ ਲਗਭਗ ੪੩੫੨ ਟਨ ਕੀਟਨਾਸ਼ਕ ਵਰਤੇ ਜਾ ਰਹੇ ਹਨ, ਜੋ ਭੂ-ਪ੍ਰਦੂਸ਼ਣ ਤੇ ਹਵਾ-ਪ੍ਰਦੂਸ਼ਣ ਵਿਚ ਵਾਧਾ ਕਰ ਰਹੇ ਹਨ। ਭੂ-ਵਰਤੋਂ ਕਾਰਜਾਂ ਵਿਚ ਤਬਦੀਲੀ ਬਣਤਰ, ਭੂ ਤੇ ਜਲ ਭੰਡਾਰਾਂ ਦੀ ਬੇਲੋੜੀ ਤੇ ਵਧੇਰੇ ਵਰਤੋਂ, ਰਸਾਇਣੀ ਦਵਾਈਆਂ ਉੱਤੇ ਵਧੇਰੇ ਨਿਰਭਰਤਾ ਤੇ ਖੇਤੀ ਲਈ, ਮਸ਼ੀਨਾਂ ਦੀ ਵਰਤੋਂ ਨੇ ਭੂ-ਖੋਰ ਤੇ ਭੂ-ਪ੍ਰਦੂਸ਼ਣ ਵਿਚ ਵੱਡਾ ਵਾਧਾ ਕੀਤਾ ਹੈ।

ਪੰਜਾਬ ਦੇ ਬਠਿੰਡਾ ਤੇ ਰੋਪੜ ਵਿਖੇ ਸਥਾਪਿਤ ਕੀਤੇ ਗਏ ਥਰਮਲ ਪਲਾਂਟਾਂ ਤੋਂ ਨਿਕਲਦਾ ਧੂੰਆਂ, ਰਾਖ ਤੇ ਕਾਲਖ, ਇਨ੍ਹਾਂ ਖੇਤਰਾਂ ਦੇ ਵਾਯੂਮੰਡਲ ਤੇ ਭੂਮੀ ਖੇਤਰ ਨੂੰ ਵੱਡੇ ਪੈਮਾਨੇ ਉੱਤੇ ਪ੍ਰਦੂਸ਼ਿਤ ਕਰ ਰਹੇ ਹਨ। ਵਸੋਂ ਵਾਲੇ ਖੇਤਰ ਦੇ ਨਜ਼ਦੀਕ ਸਥਿਤ ਸਟੋਨ-ਕਰੈਸ਼ਰ, ਭੱਠੇ ਤੇ ਉਦਯੋਗਾਂ ਤੋਂ ਨਿਕਲ ਰਿਹਾ ਗੈਸੀ ਨਿਕਾਸ, ਵਾਤਾਵਰਨੀ ਪ੍ਰਦੂਸ਼ਣ ਤੇ ਤੇਜ਼ਾਬੀ ਬਾਰਸ਼ ਦਾ ਕਾਰਨ ਤਾਂ ਬਣਦਾ ਹੀ ਹੈ ਸਗੋਂ ਇਹ ਅਜਿਹੇ ਪ੍ਰਦੂਸ਼ਣ ਦੀ ਮਾਰ ਹੇਠ ਆਏ ਵਸਨੀਕਾਂ ਵਿਚ ਸਾਹ-ਨਾਲੀ, ਫੇਫੜਿਆਂ, ਅੱਖੋਂ ਚਮੜੀ ਰੋਗਾਂ ਵਰਗੀਆਂ ਘਾਤਕ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਇੰਝ ਵਿਕਾਸ ਤੇ ਉਨੱਤੀ ਦੇ ਨਾਮ ਹੇਠ ਵਾਤਾਵਰਨ ਨਾਲ ਹੋ ਰਹੇ ਖਿਲਵਾੜ ਤੇ ਨੁਕਸਾਨ ਤੋਂ ਅਚੇਤ



Sri Satguru Jagjit Singh Ji eLibrary NamdhariElibrary@gmail.com

ਮੱਨੁਖ ਦਾ ਹਾਲ ਤਾਂ ਇੰਝ ਹੈ : 'ਪਾਇ ਕੁਹਾੜਾ ਮਾਰਿਆ, ਗਾਫਿਲ ਅਪੁਨੈ ਹਾਥਿ।'

## ਜੰਗਲੀ ਖੇਤਰ ਦੀ ਘਾਟ

ਪੰਜਾਬ ਰਾਜ ਦਾ ਕੁਲ ੨੮੬੮ ਵਰਗ ਕਿਲੋਮੀਟਰ ਖੇਤਰ ਜੰਗਲਾਂ ਹੇਠ ਹੈ। ਇਹ ਜੰਗਲੀ ਖੇਤਰ ਵੀ ਵਧੇਰੇ ਸੰਘਣਾ ਨਹੀਂ ਹੈ। ਇਸ ਜੰਗਲੀ ਖੇਤਰ ਦਾ ਵੱਡਾ ਹਿੱਸਾ ਹੁਸ਼ਿਆਰਪੁਰ ਤੇ ਰੋਪੜ ਜ਼ਿਲਿਆਂ ਵਿਚ ਸਥਿਤ, ਸ਼ਿਵਾਲਿਕ ਪਹਾੜੀਆਂ ਦੀ ਜ਼ੱਦ ਵਿਚ ਹੈ। ਇਥੇ ੫ ਕਿਸਮਾਂ ਦੇ ਕੁਦਰਤੀ ਜੰਗਲ ਹਨ। ਪੰਜਾਬ ਰਾਜ ਦੇ ਕੁਲ ਖੇਤਰ ਦਾ ਸਿਰਫ ੫.੨ ਪ੍ਰਤਿਸ਼ਤ ਹਿੱਸਾ ਹੀ ਜੰਗਲਾਂ ਹੇਠ ਹੈ, ਜੋ ਇਕ ਬਹੁਤ ਘੱਟ ਮਾਤਰਾ ਹੈ। ਭਾਰਤੀ ਜੰਗਲਾਤ ਨੀਤੀ ਅਨੁਸਾਰ ਇਹ ਖੇਤਰ ੩੩ ਪ੍ਰਤੀਸ਼ਤ ਹੋਣਾ ਅਤਿ ਜ਼ਰੂਰੀ ਹੈ। ਪੰਜਾਬ ਵਿਖੇ ਸੰਘਣੇ ਜੰਗਲਾਂ ਵਾਲਾ ਖੇਤਰ ਸਿਰਫ਼ ੧.੫ ਪ੍ਰਤੀਸ਼ਤ ਹੀ ਹੈ।

ਪੰਜਾਬ ਵਿਖੇ ਜੰਗਲਾਂ ਹੇਠ ਖੇਤਰ ਵਿਚ ਲਗਾਤਾਰ ਕਮੀ ਆ ਰਹੀ ਹੈ। ਅਨੰਦਪੁਰ ਸਾਹਿਬ ਵਿਖੇ ਵਿਕਾਸ ਕਾਰਜਾਂ ਹੇਠ, ਸ਼ਿਵਾਲਿਕ ਪਹਾੜੀਆਂ ਵਾਲੇ ਜੰਗਲੀ ਖੇਤਰ ਦਾ ਵੱਡਾ ਹਿੱਸਾ ਕੱਟਿਆ ਜਾ ਚੁੱਕਾ ਹੈ। ਪੰਜਾਬ ਦਾ ਬਾਕੀ ਬਚਿਆ ਜੰਗਲੀ ਖੇਤਰ ਵੀ ਤੇਜ਼ੀ ਨਾਲ ਅਲੋਪ ਹੋਣ ਵੱਲ ਵੱਧ ਰਿਹਾ ਹੈ, ਪੰਜਾਬ ਦੇ ਜੰਗਲੀ ਖੇਤਰ ਦੀ ਇਸ ਨਿਰਾਸ਼ਾਜਨਕ ਹਾਲਤ ਨੂੰ ਦੇਖਦੇ ਹੋਏ, ਬਾਬਾ ਫ਼ਰੀਦ ਜੀ ਦਾ ਇਹ ਸ਼ਲੋਕ ਬਹੁਤ ਢੁਕਵਾਂ ਨਜ਼ਰ ਆਉਂਦਾ ਹੈ :

'ਕੰਧੀ ਉੱਤੇ ਰੁਖੜਾ ਕਿਚਰਕੁ ਬੰਨੈ ਧੀਰ।
ਫਰੀਦਾ ਕਚੈ ਭਾਂਡੇ ਰਖੀਐ ਕਿਚਰੁ ਤਾਈ ਨੀਰੁ।'

ਪੰਜਾਬ ਵਿਖੇ ਘਣੇ ਜੰਗਲਾਂ ਦੀ ਘਾਟ ਕਾਰਨ ਇਥੋਂ ਦਾ ਜੰਗਲੀ ਜੀਵਨ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸ਼ਿਵਾਲਿਕ ਪਹਾੜੀ ਖੇਤਰ ਅਤੇ ਨਮ-ਸਥਲਾਂ ਵਿਖੇ ਹੀ ਪੰਜਾਬ ਦੀਆਂ ਪ੍ਰਮੁੱਖ ਜੰਗਲੀ-ਜੀਵ ਵੰਨਗੀਆਂ ਨਜ਼ਰ ਆਉਂਦੀਆਂ ਹਨ। ਪੰਜਾਬ ਰਾਜ ਵਿਖੇ ਜੰਗਲੀ ਜੀਵਾਂ ਦੀ ਸੁੱਰਖਿਆ ਲਈ ੬ ਪਨਾਹਗਾਹਾਂ, ੨ ਚਿੜੀਆਘਰ ਅਤੇ ਹਿਰਨਾਂ ਲਈ ੩ ਬਾਗ ਸਥਾਪਿਤ ਕੀਤੇ ਗਏ ਹਨ।

ਪੰਜਾਬ ਰਾਜ ਦਾ ਲਗਭਗ ੨੩੦੦੦ ਹੈਕਟੇਅਰ ਖੇਤਰ ਨਮ-ਸਥਲਾਂ ਹੇਠ ਹੈ। ਪੰਜਾਬ ਦੀਆਂ ਪ੍ਰਮੁੱਖ ਨਮ-ਸਥਲਾਂ ਹਨ— ਹਰੀਕੇ, ਕਾਂਜਲੀ ਅਤੇ ਰੋਪੜ, ਜੋ ਭਾਰਤ ਸਰਕਾਰ ਵਲੋਂ ਵੀ ਰਾਸ਼ਟਰੀ ਨਮ-ਸਥਲਾਂ ਵਜੋਂ ਮਾਨਤਾ ਪ੍ਰਾਪਤ ਹਨ। ਇਨ੍ਹਾਂ ਨਮ-ਸਥਲਾਂ ਵਿਖੇ ਜਲ-ਜੀਵਾਂ ਦੀ ਵੱਡੀ ਹੋਂਦ ਮੌਜੂਦ ਹੈ ਤੇ ਇਥੇ ਪਰਵਾਸੀ ਪੰਛੀ ਵੀ ਆਉਂਦੇ ਹਨ। ਰਾਜ ਵਿਖੇ ਕੁਦਰਤੀ ਜੰਗਲੀ ਖੇਤਰ ਦੀ ਘਾਟ ਨੇ ਰਾਜ ਦੀ ਜੀਵ ਵਿਭਿੰਨਤਾ ਨੂੰ ਡਾਢੀ ਸੱਟ ਮਾਰੀ ਹੈ। ਪੰਜਾਬ ਵਿਖੇ ੧੯੭੯ ਕਿਸਮਾਂ ਦੇ ਐਨਜੀਓਸ ਪਰਮਿਕ ਪੌਦੇ, ੩੮ ਕਿਸਮਾਂ ਦੇ ਦੁਧਾਰੂ, ੩੨੮ ਕਿਸਮਾਂ ਦੇ ਪੰਛੀ ਅਤੇ ੧੧੬ ਕਿਸਮਾਂ ਦੀਆਂ ਮੱਛੀਆਂ ਹੀ ਮੌਜੂਦ ਹਨ। ਰਾਜ ਵਿਖੇ ਪਾਲਤੂ ਪੌਦਿਆਂ ਤੇ ਜੀਵਾਂ ਦੀ ਗਿਣਤੀ ਵੀ ਕਾਫ਼ੀ ਘੱਟ ਚੁੱਕੀ ਹੈ।

ਰਾਜ ਵਿਖੇ ਹੁਸੈਨੀਵਾਲਾ, ਡੋਲਵਾਹਾ, ਮੈਲੀ, ਮੰਗਰੋਵਾਲ ਤੇ ਨੰਗਲ ਵਿਖੇ ਵੀ ਨਮ-ਸਥਲਾਂ ਮੌਜੂਦ ਹਨ। ਰਾਜ ਦੀਆਂ ਨਮ-ਸਥਲਾਂ, ਕੂੜੇ-ਕਰਕਟ ਦੇ ਸੁੱਟਣ ਕਾਰਨ, ਜੰਗਲੀ ਬੂਟੀ ਦੇ ਉੱਗਣ ਕਾਰਨ, ਪ੍ਰਦੂਸ਼ਣ ਤੇ ਚਰਾਗਾਹਾਂ ਵਜੋਂ ਵਰਤਣ ਕਾਰਨ ਖਰਾਬ ਹੋ ਰਹੀਆਂ ਹਨ। ਅੱਜ ਨਮ-ਸਥਲਾਂ ਦਾ ਖੇਤਰ ਮਨੁੱਖੀ ਵਿਕਾਸ ਕ੍ਰਿਆਵਾਂ ਕਾਰਨ ਘਟਦਾ ਜਾ ਰਿਹਾ ਹੈ। ਰਾਜ ਵਿਖੇ ਕੁੱਝ ਨਮ-ਸਥਲਾਂ ਦੇ ਨੇੜਲੇ ਖੇਤਰ ਵਿਖੇ ਇਕੋ ਫਸਲ ਨੂੰ ਬਾਰ ਬਾਰ ਬੀਜਣ ਕਾਰਨ ਤੇ ਬਹੁਤ ਵਧੇਰੇ ਕੀਟ-ਨਾਸ਼ਕਾਂ ਤੇ ਰਸਾਇਣੀ ਖਾਦਾਂ ਦੀ ਵਰਤੋਂ ਕਾਰਨ, ਉਥੋਂ ਦੇ ਪੌਦਾ ਤੇ ਜੀਵ ਜਗਤ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ।

ਨਮ-ਸਥਲਾਂ ਵਿਖੇ ਤਲਛੱਟਾਂ ਤੇ ਗਾਰ ਦੀ ਬਹੁਤਾਤ, ਨਮ-ਸਥਲਾਂ ਦੇ ਚੌਗਿਰਦੇ ਦੇ ਖੇਤਰ ਵਿਖੇ ਰੁੱਖਾਂ ਦਾ ਵਿਨਾਸ਼ ਤੇ ਪਸ਼ੂਆਂ ਦੇ ਚਾਰਨ ਦੀਆਂ ਕ੍ਰਿਆਵਾਂ ਕਾਰਨ ਵੀ ਨਮ-ਸਥਲਾਂ ਭੈੜੇ ਰੂਪ ਵਿਚ ਪ੍ਰਭਾਵਿਤ ਹੋਈਆਂ ਹਨ। ਲੋੜ ਹੈ ਇਨ੍ਹਾਂ ਨਮ-ਸਥਲਾਂ ਤੇ ਸੰਬੰਧਤ ਜੰਗਲੀ ਖੇਤਰਾਂ ਦੀ ਸਾਂਭ-ਸੰਭਾਲ ਵੱਲ ਵਧੇਰੇ ਧਿਆਨ ਦੇਣ ਦੀ, ਤਾਂ ਜੋ ਪੰਜਾਬ ਦਾ ਕੁਦਰਤੀ ਚੌਗਿਰਦਾ ਤੇ ਵਾਤਾਵਰਨ ਆਪਣੇ ਅਸਲ ਰੂਪ ਵਿਚ ਕਾਇਮ ਰਹਿ ਸਕੇ।

## ਸ਼ੋਰ-ਪ੍ਰਦੂਸ਼ਨ

ਪੰਜਾਬ ਦੇ ਸ਼ਹਿਰਾਂ ਤੇ ਨਗਰਾਂ ਵਿਚ ਵਪਾਰਿਕ ਅਤੇ ਉਦਯੋਗਿਕ ਕ੍ਰਿਆਵਾਂ ਕਾਰਨ ਅਤੇ ਵਾਹਨਾਂ ਦੀ ਸੰਖਿਆ ਤੇ ਵਰਤੋਂ ਵਧਣ ਕਾਰਨ ਉਥੋਂ ਦੇ ਵਾਯੂਮੰਡਲ ਵਿਚ ਜ਼ਹਿਰੀਲੇ ਫਾਲਤੂ ਗੈਸੀ ਪਦਾਰਥ ਬਹੁਤ ਵਧ ਚੁੱਕੇ ਹਨ। ਇਥੇ ਹਰ ਪਾਸੇ ਸ਼ੋਰ-ਸ਼ਰਾਬੇ ਦਾ ਮਾਹੌਲ ਹੈ। ਲੁਧਿਆਣਾ ਵਿਖੇ ਸ਼ੋਰ ਦਾ ਪੱਧਰ ਸਵੇਰੇ ਤੋਂ ਸ਼ਾਮ ੯੮ ਅਤੇ ੯੦ ਡੈਸੀਮਲ ਰਿਕਾਰਡ ਕੀਤਾ ਗਿਆ ਹੈ ਜਦੋਂ ਕਿ ਇਹ ੬੫ ਅਤੇ ੫੫ ਡੈਸੀਮਲ



Sri Satguru Jagjit Singh Ji eLibrary NamdhariElibrary@gmail.com

ਚਾਹੀਦਾ ਹੈ। ਜਲੰਧਰ, ਅੰਮ੍ਰਿਤਸਰ, ਪਟਿਆਲਾ, ਰੋਪੜ ਤੇ ਚੰਡੀਗੜ੍ਹ ਵਿਖੇ ਵੀ ਹਾਲ ਇੰਝ ਦਾ ਹੀ ਹੈ।

ਰਾਜ ਦੇ ਪਿੰਡਾਂ ਵਿਖੇ ਧਾਰਮਿਕ ਸਥਾਨਾਂ ਤੋਂ ਸਵੇਰੇ ਤੇ ਸ਼ਾਮ ਕੀਰਤਨ ਪ੍ਰਸਾਰਨ ਦਾ ਚਲਨ ਵੀ ਇਥੋਂ ਦੇ ਇਕਾਂਤ ਤੇ ਸ਼ਾਂਤਮਈ ਮਾਹਲ ਦਾ ਦੁਸ਼ਮਣ ਬਣ ਰਿਹਾ ਹੈ। ਲੋਕਾਂ ਵਿਚ ਸ਼ੋਰ ਪ੍ਰਦੂਸ਼ਣ ਦੇ ਭੈੜੇ-ਪ੍ਰਭਾਵਾਂ ਬਾਰੇ ਅਗਿਆਨਤਾ, ਉਨ੍ਹਾਂ ਨੂੰ ਸਮਾਗਮਾਂ, ਵਿਆਹ-ਸ਼ਾਦੀਆਂ ਤੇ ਪਾਰਟੀਆਂ ਦੌਰਾਨ ਰੌਲੇ-ਰੱਪੇ ਤੇ ਸ਼ੋਰ-ਸ਼ਰਾਬੇ ਤੋਂ ਗੁਰੇਜ਼ ਕਰਨ ਤੋਂ ਅਸਮਰਥ ਬਣਾ ਰਹੀ ਹੈ। ਉਦਯੋਗਾਂ ਵਿਖੇ ਮਸ਼ੀਨੀ ਸ਼ੋਰ ਦੇ ਭੈੜੇ ਪ੍ਰਭਾਵ ਕਾਮਿਆਂ ਦੀ ਸੁਨਣ ਸ਼ਕਤੀ ਤੇ ਸਿਹਤ ਨੂੰ ਪ੍ਰਭਾਵਿਤ ਕਰ ਰਹੇ ਹਨ। ਅਜੇ ਸਾਡੇ ਉਦਯੋਗਪਤੀ ਤੇ ਸਮਾਜ, ਸ਼ੋਰ ਪ੍ਰਦੂਸ਼ਣ ਪ੍ਰਤੀ ਵਧੇਰੇ ਚੇਤੰਨ ਨਹੀਂ ਹਨ ਇਸੇ ਲਈ ਇਸ ਪ੍ਰਦੂਸ਼ਣ ਨੂੰ ਨੱਥ ਪਾਉਣ ਦੇ ਉਪਰਾਲੇ, ਪੰਜਾਬ ਵਿਖੇ ਉੱਘੜ ਕੇ ਸਾਹਮਣੇ ਨਹੀਂ ਆ ਰਹੇ।

## ਊਰਜਾ ਸ੍ਰੋਤ ਅਤੇ ਪ੍ਰਦੂਸ਼ਣ

ਪੰਜਾਬ ਵਿਚ ਊਰਜਾ ਪ੍ਰਾਪਤੀ ਦੇ ਮੁੱਖ ਸ੍ਰੋਤ ਹਨ– ਪਣ-ਬਿਜਲੀ ਸੋਮੇ ਅਤੇ ਥਰਮਲ ਪਾਵਰ ਪਲਾਂਟ। ਪੇਂਡੂ ਖੇਤਰਾਂ ਵਿਚ ਲੱਕੜ ਤੇ ਗੋਹੇ ਦੀਆਂ ਪਾਥੀਆਂ ਵੀ ਊਰਜਾ ਪ੍ਰਾਪਤੀ ਕਾਰਜਾਂ ਲਈ ਵਰਤੀਆਂ ਜਾਂਦੀਆਂ ਹਨ। ਪੰਜਾਬ ਵਿਖੇ ਬਿਜਲੀ ਉਤਪਾਦਨ ਸਮਰਥਾ ੧੯੬੫-੬੬ ਦੇ ਮੁਕਾਬਲੇ ੧੯੯੦-੯੧ ਦੌਰਾਨ ਸੱਤ ਗੁਣਾਂ ਵਧੀ ਹੈ। ਜੋ ਸੰਨ ੨੦੦੦ ਤੱਕ ਵਧ ਕੇ ਇਸ ਸਤਰ ਤੋਂ ਦੁਗੱਣੀ ਹੋ ਚੁੱਕੀ ਹੈ। ਇਸੇ ਤਰ੍ਹਾਂ ਪੰਜਾਬ ਵਿਖੇ ਪੈਟਰੋਲ, ਡੀਜ਼ਲ ਤੇ ਮਿੱਟੀ ਦੇ ਤੇਲ ਆਦਿ ਦੀ ਖੱਪਤ ਵਿਚ ਵੱਡਾ ਵਾਧਾ ਹੋਇਆ ਹੈ। ਪੰਜਾਬ ਵਿੱਚ ਊਰਜਾ ਦੀ ਨਿੱਤ ਵਧਦੀ ਲੋੜ ਤੇ ਰਾਜ ਦੇ ਕੁਦਰਤੀ ਸੋਮਿਆਂ ਦੀ ਸੁੱਰਖਿਆ ਤੇ ਸਾਂਭ-ਸੰਭਾਲ ਦੀ ਵੱਡੀ ਲੋੜ ਹੈ। ਇਸੇ ਲਈ ਰਾਜ ਵਿਚ ਗੈਰ-ਰਵਾਇਤੀ ਊਰਜਾ ਸ੍ਰੋਤਾਂ ਦੇ ਵਿਕਾਸ ਵਲ ਵੀ ਧਿਆਨ ਦਿੱਤਾ ਜਾ ਰਿਹਾ ਹੈ। ਪੰਜਾਬ ਭਰ ਵਿਚ ੧੨੮ ਸਮੁਦਾਇ ਬਾਇਓਗੈਸ ਪਲਾਂਟ ਤੇ ੨੫,੦੦੦ ਪਰਿਵਾਰ ਸਤਰ ਦੇ ਬਾਇਓਗੈਸ ਪਲਾਂਟ ਸਥਾਪਿਤ ਕੀਤੇ ਜਾ ਚੁੱਕੇ ਹਨ। ਬਾਲਣ ਲਈ ਲੱਕੜੀ ਦੀ ਵਰਤੋਂ ਘਟਾਉਣ ਲਈ, ਧੂੰਆਂ ਰਹਿਤ ਚੁੱਲਿਆਂ ਅਤੇ ਸੂਰਜੀ ਊਰਜਾ ਯੰਤਰਾਂ ਦੀ ਵਰਤੋਂ ਤੇ ਪ੍ਰਚਲਣ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਜਿਸ ਕਾਰਨ ਊਰਜਾ ਸ੍ਰੋਤਾਂ ਤੋਂ ਪੈਦਾ ਹੋ ਰਹੇ ਵਾਤਾਵਰਨੀ ਪ੍ਰਦੂਸ਼ਣ ਨੂੰ ਕਾਫ਼ੀ ਹੱਦ ਤਕ ਕਾਬੂ ਹੇਠ ਰੱਖਣਾ ਸੰਭਵ ਹੋ ਚੁੱਕਾ ਹੈ।

ਪੰਜਾਬ ਸਰਕਾਰ ਨੇ ਭਾਰਤ ਸਰਕਾਰ ਵਲੋਂ ਪਾਸ ਕੀਤੇ ਵਾਤਾਵਰਣੀ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਅਪਨਾਉਣ ਦਾ ਫੈਸਲਾ ਕੀਤਾ ਹੈ। ਜਲ (ਪ੍ਰਦੂਸ਼ਣ ਕੰਟਰੋਲ ਅਤੇ ਰੋਕਥਾਮ) ਕਾਨੂੰਨ ੧੯੭੪ ਅਤੇ ਹਵਾ (ਪ੍ਰਦੂਸ਼ਣ ਅਤੇ ਰੋਕਥਾਮ) ਕਾਨੂੰਨ ੧੯੮੧ ਵਿਚ ਅਪਨਾਏ ਗਏ ਹਨ। ਉਨ੍ਹਾਂ ਨੂੰ ਲਾਗੂ ਕਰਨਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰ ਹੇਠ ਰੱਖਿਆ ਗਿਆ ਹੈ। ਵਾਤਾਵਰਣੀ (ਸੁਰੱਖਿਆ) ਕਾਨੂੰਨ, ੧੯੮੬ ਵੀ ਪੰਜਾਬ ਸਰਕਾਰ ਦੁਆਰਾ ਸਵੀਕਾਰ ਕਰ ਲਿਆ ਗਿਆ ਹੈ। ਤੇ ਇਸ ਕਾਨੂੰਨ ਦੀ ਪਾਲਣਾ ਦਾ ਅਧਿਕਾਰ ਸਰਕਾਰ ਨੇ ਆਪਣੇ ਹੱਥਾਂ ਵਿਚ ਲਿਆ ਹੈ। ਰਾਜ ਭਰ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਖੇ ਵਾਤਾਵਰਣੀ ਵਿਸ਼ਿਆਂ ਸੰਬੰਧਤ ਪੜ੍ਹਾਈ, ਲਿਖਾਈ ਤੇ ਪ੍ਰਸਾਰ ਕਾਰਜਾਂ ਦਾ ਪ੍ਰਬੰਧ ਸੁਯੋਗ ਰੂਪ ਵਿਚ ਕੀਤੇ ਜਾਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਪਿਛਲੇ ਸਮੇਂ ਦੌਰਾਨ ਰਾਜ ਵਿਖੇ ਪਰਿਆਵਰਨ ਵਾਹਿਨੀ ਤੇ ਈਕੋ ਕਲੱਬਾਂ ਦਾ ਗਠਨ ਕੀਤੇ ਜਾਣ ਵੱਲ ਧਿਆਨ ਦਿੱਤਾ ਗਿਆ ਹੈ ਤਾਂ ਜੋ ਕਿ ਵਾਤਾਵਰਨੀ ਚੇਤਨਾ ਪ੍ਰਸਾਰ ਕਾਰਜਾਂ ਵਿਚ ਲੋੜੀਂਦੀ ਸਫਲਤਾ ਪ੍ਰਾਪਤ ਕੀਤੀ ਜਾ ਸਕੇ। ਫਿਰ ਵੀ ਵਾਤਾਵਰਨ ਸੰਬੰਧਤ ਪ੍ਰਦੂਸ਼ਨ ਰੋਕਥਾਮ ਕਾਰਜਾਂ ਵੱਲ ਬਹੁਤ ਵਧੇਰੇ ਧਿਆਨ ਦੇਣ ਦੀ ਲੋੜ ਅਜੇ ਬਾਕੀ ਹੈ।


**੯੬ A/N, ਮੋਜੋਵਾਲ ਕਲੋਨੀ,**
**ਨਯਾ ਨੰਗਲ-੧੪੦੧੨੬, (ਜ਼ਿਲਾ ਰੋਪੜ)**



**ਵਰਿਆਮ ਲਈ ਸ਼ੁਭ ਇਛਾਵਾਂ:**
**ਸ. ਅਜੀਤ ਸਿੰਘ ਨਾਮਧਾਰੀ**
**ਨਾਮਧਾਰੀ ਬ੍ਰਦਰਜ਼**
**ਡਾਲਟਨਗੰਜ (ਬਿਹਾਰ)**
**Namdhari Brothers**
**Dalton Ganj (Bihar)**
**Prop. S. Ajit Singh Namdhari**





Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ੧੮੬੭ ਦੀ ਦੀਪਾਵਲੀ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਰਿਮੰਦਰ ਸਾਹਿਬ ਦੀ ਇਤਿਹਾਸਕ ਯਾਤਰਾ

—ਪ੍ਰੋ. ਕਿਰਪਾਲ ਸਿੰਘ ਕਸੇਲ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਤੇ ਅਗਵਾਈ ਵਿਚ ਬਹੁਤ ਸਾਰਾ ਉਹ ਨਾਮਧਾਰੀ ਸਾਹਿਤ ਹੁਣ ਸਾਹਮਣੇ ਆ ਰਿਹਾ ਹੈ ਜੋ ਪਹਿਲਾਂ ਅਗਿਆਤ ਜਾਂ ਗੁਮਨਾਮੀ ਵਿਚ ਹੀ ਰਿਹਾ, ਪਰ ਜਿਸ ਦੇ ਆਧਾਰ ਉੱਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸਮਾਚਾਰਾਂ ਦੇ ਕਈ ਮਹੱਤਵਪੂਰਨ ਤੇ ਉੱਜਲ ਪੱਖ ਸਾਹਮਣੇ ਆ ਰਹੇ ਹਨ; ਇਨ੍ਹਾਂ ਵਿਚੋਂ ਹੀ ਸੰਤ ਧਿਆਨ ਸਿੰਘ ਕਾਦਰਾਬਾਦੀ ਰਚਿਤ ਬ੍ਰਜ ਭਾਸ਼ਾ ਦਾ 'ਸ੍ਰੀ ਸਤਿਗੁਰੂ ਬਿਲਾਸ' ਹੈ, ਜਿਸ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਪ੍ਰਵਚਨਾਂ ਤੇ ਉਪਦੇਸ਼ਾਂ ਵਿਚ ਕਥਾ ਸਮੱਗਰੀ ਵਜੋਂ ਉਪਯੋਗ ਕਰਦੇ ਰਹੇ ਹਨ। ਇਸ ਪੁਸਤਕ ਦਾ ਦਸਵਾਂ ਅਧਿਆਇ ੧੮੬੭ ਈਸਵੀ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਰਿਮੰਦਰ ਸਾਹਿਬ ਦੀ ਯਾਤਰਾ ਬਾਰੇ ਹੈ। ਇਸ ਰਚਨਾ ਵਿਚ ਭਾਈ ਹਰਮੀਤ ਸਿੰਘ ਦੁਆਰਾ ਅੱਖੀਂ ਡਿੱਠੇ ਸਮਾਚਾਰਾਂ ਦਾ ਬੜਾ ਯਥਾਰਥ ਪੂਰਵਕ ਵਰਣਨ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚੜ੍ਹਦੀ ਕਲਾ ਤੇ ਨਾਮਧਾਰੀ ਮੱਤ ਦੇ ਉਥਾਨ ਅਤੇ ਸ੍ਰੀ ਅਕਾਲ ਤਖਤ ਦੇ ਮਹੰਤਾਂ ਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀਆਂ (ਮੁੱਖ ਪ੍ਰਬੰਧਕਾਂ) ਦੇ ਪਰਸਪਰ ਰੂਪ ਵਿਚ ਕੀਤੇ ਗਏ ਸੰਖਾਦ ਦੋਵਾਂ ਧਿਰਾਂ ਦੇ ਦ੍ਰਿਸ਼ਟੀਕੋਣਾਂ ਨੂੰ ਸਪਸ਼ਟ ਕਰਨ ਵਿਚ ਬੜੇ ਸਹਾਈ ਹੋ ਸਕਦੇ ਹਨ। ਸ੍ਰੀ ਤਾਰਾ ਸਿੰਘ ਅਨਜਾਣ ਕਰਤਾ 'ਸਭਹਨ ਕੇ ਸਿਰਮੌਰ' ਇਸ ਯਾਤਰਾ ਨੂੰ ੨੬ ਅਤੇ ੨੭ ਅਕਤੂਬਰ ੧੮੬੭ ਸਮੇਂ ਹੋਈ ਦੱਸਦਾ ਹੈ। ਇਥੇ ਕੇਵਲ ਪਹਿਲੇ ਦਿਨ ਦੇ ਸਮਾਚਾਰਾਂ ਦਾ ਹਵਾਲਾ ਦੇਣਾ ਹੀ ਉਚਿਤ ਹੋਵੇਗਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭੈਣੀ ਸਾਹਿਬ ਤੋਂ ਸੂਬਿਆਂ ਤੇ ਪਰਿਵਾਰ ਦੇ ਜੀਆਂ ਤੇ ਹੋਰ ਸੰਗਤ ਸਮੇਤ ਜਦੋਂ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਉਥੋਂ ਦੀ ਨਾਮਧਾਰੀ ਸਾਧ-ਸੰਗਤ ਨੇ ਚਾਟੀਵਿੰਡ ਦਰਵਾਜ਼ੇ ਦੇ ਬਾਹਰਵਾਰ ਘੜੀਆਲੀਆਂ ਵਾਲੇ ਤਲਾਬ ਦੇ ਸਥਾਨ ਉੱਤੇ ਸ੍ਰੀ ਸਤਿਗੁਰੂ ਜੀ ਦੇ ਡੇਰੇ ਤੇ ਦੀਵਾਨ ਦਾ ਪ੍ਰਬੰਧ ਕੀਤਾ ਹੋਇਆ ਸੀ। ਹਜ਼ਾਰ ਦੇ ਕਰੀਬ ਇਲਾਕੇ ਦੀ ਨਾਮਧਾਰੀ ਸੰਗਤ ਪਹਿਲਾਂ ਹੀ ਪ੍ਰਬੰਧ ਤੇ ਦਰਸ਼ਨਾਂ ਲਈ ਪੁੱਜ ਚੁੱਕੀ ਸੀ। ਅੰਮ੍ਰਿਤਸਰ ਦੇ ਪੁਲਿਸ ਕਪਤਾਨ ਮੈਨਜ਼ੀਸ ਅਤੇ ਕਰਨਲ ਮੈਕਐਂਡਰੀਊ ਇਸ ਦੌਰੇ ਦੀ ਨਿਗਰਾਨੀ ਕਰਨ ਲਈ ਸਰਕਾਰ ਵਲੋਂ ਲਗਾਏ ਗਏ ਸਨ। ਇਹ ਦੋਵੇਂ ਅਧਿਕਾਰੀ ਥਾਣੇਦਾਰ ਨਾਰਾਇਣ ਸਿੰਘ ਅਤੇ ੧੦ ਸਿਪਾਹੀਆਂ ਦੇ ਜਥੇ ਨੂੰ ਨਾਲ ਲੈ ਕੇ ਸ੍ਰੀ ਸਤਿਗੁਰੂ ਜੀ ਦੇ ਡੇਰੇ ਪੁੱਜੇ ਅਤੇ ਇਸ ਯਾਤਰਾ ਸੰਬੰਧੀ ਪੁੱਛ-ਗਿੱਛ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਸਮੇਂ ਇਹ ਅੰਗਰੇਜ਼ ਅਧਿਕਾਰੀ ਤੇ ਪੁਲਿਸ ਦੇ ਪ੍ਰਬੰਧਕ ਵੀ ਨਾਲ ਗਏ ਸਨ ਤਾਂ ਜੋ ਸ੍ਰੀ ਅਕਾਲ ਤਖਤ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਕੋਈ ਵਾਦ-ਵਿਵਾਦ ਜਾਂ ਅਣਸੁਖਾਵੀਂ ਘਟਨਾ ਨਾ ਵਾਪਰੇ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਡੇਰੇ ਤੋਂ ਚੀਨੀ ਘੋੜੀ ਤੇ ਸਵਾਰ ਹੋ ਕੇ ਸੂਬਿਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵੱਲ ਕੂਚ ਕੀਤਾ ਤਾਂ ਗੋਰੇ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਸਵਾਰ ਸਨ ਅਤੇ ਹਜ਼ਾਰਾਂ ਦੀ ਭੀੜ ਜੁੜੀ ਹੋਈ ਸੀ। ਸ੍ਰੀ ਸਤਿਗੁਰੂ ਜੀ ਨੇ ਕੜਾਹ ਪ੍ਰਸ਼ਾਦ ਦੇ ੫ ਥਾਲ ਭੇਟ ਕਰਨ ਲਈ ਤਿਆਰ ਕਰਵਾਏ ਸਨ। ਪਹਿਲਾਂ ਚਾਟੀਵਿੰਡ ਦਰਵਾਜ਼ੇ ਪਹੁੰਚਕੇ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਥੋੜ੍ਹੇ ਸਿੰਘ ਹੀ ਸਾਡੇ ਨਾਲ ਜਾਣ, ਪਰ ਬਾਬਾ ਅੱਟਲ ਸਾਹਿਬ ਤੱਕ ਪਹੁੰਚਦਿਆਂ ਬਹੁਤ ਭੀੜ ਨਾਲ ਜੁੜ ਗਈ ਸੀ ਤੇ ਕੋਠਿਆਂ ਤੇ ਖਲੋ ਕੇ ਵੀ ਲੋਕ ਦਰਸ਼ਨ ਕਰਦੇ ਧੰਨ ਧੰਨ ਕਹਿ ਰਹੇ ਸਨ। ਨਾਲ ਨਾਲ ਢੋਲਕ ਤੇ ਛੈਣਿਆਂ ਨਾਲ ਕੀਰਤਨ ਦੀ ਧੁਨੀ ਆਕਾਸ਼ ਗੂੰਜਾ ਰਹੀ ਸੀ।

ਸਰਕਾਰੀ ਅਧਿਕਾਰੀ ਅੱਗੋਂ ਭੀੜ ਨੂੰ ਲਾਂਭੇ ਕਰਕੇ ਰਸਤਾ ਬਣਾ ਰਹੇ ਸਨ। ਅਗਲਾ ਹਾਲ ਭਾਈ ਧਿਆਨ ਸਿੰਘ ਦੀ ਜ਼ੁਬਾਨੀ:-

ਅਏ ਤਖਤ ਬੁੰਗੇ ਆਕਾਲ।
ਕਰੀ ਬੰਦਨਾ ਦੀਨ ਦਯਾਲ।



Sri Satguru Jagjit Singh Ji eLibrary NamdhariElibrary@gmail.com

ਬੋਲੇ ਪੰਚਾਮ੍ਰਿਤ ਜੁਗ ਥਾਲ।
ਦੇਹੁ ਤਖਤ ਹਰਿ ਗੋਬਿੰਦ ਸਾਲ।
ਸਨਮੁੱਖ ਨੀਚੇ ਆਪ ਸੁਹਾਏ।
ਦਾਏਂ ਬਾਏਂ ਗੋਰੇ ਥਾਏ।
ਔਰ ਸੈਂਕੜੇ ਪੀਛੇ ਦੁਆਲੇ।
ਗੁਰ ਨਾਨਕ ਕੇ ਸਬਦ ਰਸਾਲੇ।
ਪੜ੍ਹ ਸਿਖਨ ਜਬ ਪਾਇਓ ਭੋਗ।
ਦਏ ਥਾਲ ਜੋ ਦੈਨੇ ਜੋਗ।
ਦੋਇ ਥਾਲ ਲੇ ਹਾਥ ਪੁਜਾਰੀ
ਸ੍ਰੀ ਗੁਰ ਕੋ ਤਿਨ ਐਸ ਉਚਾਰੀ।
'ਆਦਿ ਆਪ ਤਨਖਾਹ ਲਵਾਓ'।
'ਕੈਸੀ ਹੈ' ਪ੍ਰਭ ਕਹ੍ਯੋ ਬਤਾਓ।
'ਤੇਰੇ ਸਿਖਨ ਕੀ ਦਸਤਾਰ।
ਉੱਤਰ ਜਾਤ ਦੀਵਾਨ ਮਝਾਰ।
ਬੇ-ਅਦਬੀ ਕੇਸਨ ਕੀ ਹੁਤੀ।
ਲਾਵਾਂ ਬੇਦ ਨ ਦੇਵੈਂ ਦੁਤੀ।
ਗ੍ਰੰਥ ਸਾਹਿਬ ਕੇ ਲਾਵਾਂ ਫੇਰੇ।
ਦੇਤੇ ਹੈਂ ਜੇਤੇ ਸਿਖ ਤੇਰੇ।
ਇਹ ਤਨਖਾਹ ਆਪ ਲਗਵਾਉ।
ਦੋ ਬਿਧਿ ਕੀ ਜੋ ਕਹੀ ਸੁਨਾਉ।
ਮਹਾਰਾਜ ਤਬ ਕਿਯੋ ਉਚਾਰੇ।
ਮਸਤੀ ਹੁਇ ਜਬ ਸਿਖਨ ਪਿਆਰੇ।
ਗੁਰੂ ਨਾਨਾਕ ਕੀ ਅਚਰਜ ਬਾਣੀ।
ਲੂੰ ਲੂੰ ਬੀਚ ਖਾਲਸੇ ਧਾਣੀ।
ਸਬਦ ਗੁਰੂ ਕੋ ਸ੍ਰਵਣ ਸੁਣੇਂ।
ਬੁਧ ਹਰੀ ਸਿਧ ਹੋਤੀ ਉਨੇਂ।
ਅਤਿ ਮਸਤੀ ਹੋ ਜਾਤ ਸ੍ਰੀਰਾ
ਸਾਰ ਨ ਕੁਏ ਪੰਕਜ ਕੀਰਾ
ਪੱਥਰ ਕੰਟਕ ਪਰ ਗਿਰ ਪਰੇਂ
ਜਾਨ ਜਾਨ ਜਿਨ ਸਾਰ ਨ ਜਰੇਂ
ਪਿਆਰਾ ਸੀਸ ਵਾ ਜਾਨ ਨ ਜਾਕੋ
ਸ਼ਰਾ ਕਾਮ ਕਿਆ ਦੇਵੈ ਤਾਕੋ।
ਜਿਨ ਕੋ ਲਾਗੈ ਪੂਰਨ ਪ੍ਰੇਮ।
ਭੂਲ ਜਾਤ ਸਭ ਹੀ ਸੁਧ ਨੇਮ
ਬਾਣੀ ਗੁਰ ਪਸ ਸੀਸ ਵਿਕਾਇਓ।
ਚਾਹੀਏ ਡੰਨ ਨ ਤਾਕੋ ਲਾਇਓ।
ਕੇਸੀਂ ਸਣ ਇਸਨਾਨ ਕਰਾਵੇਂ।
ਬੇ-ਅਦਬੀ ਜਾ ਅਦਬ ਬਤਾਵੇਂ
ਸਤਿ ਨਾਮ ਮੁਖ ਮੰਤ੍ਰ ਜਪਾਉਂ।
ਦਸਮ ਗੁਰੂ ਕੀ ਰੀਤ ਚਲਾਉਂ।
ਪੰਛੀ ਪਸੂ ਕੋ ਸਬਦ ਬਤਾਨਾ।
ਚਾਹਤ ਹੋਂ ਸਭ ਕੀ ਕਲਿਆਨਾ।

ਇਸ ਉਪਰੰਤ ਸਤਿਗੁਰੂ ਜੀ ਨੇ ਅਕਾਲ ਬੁੰਗੇ ਦੇ ਪੁਜਾਰੀਆਂ ਨੂੰ ਸੰਬੋਧਿਤ ਕਰਕੇ ਸੰਤ ਧਿਆਨ ਸਿੰਘ ਦੇ ਸ਼ਬਦਾਂ ਵਿਚ ਇਹ ਬਚਨ ਕਹੇ— ਕਿ ਤੁਸੀਂ ਤਾਂ ਇਕ ਟੰਗ ਉੱਤੇ ਖਲੋ ਕੇ ਬਗਲੇ ਸਮਾਨ ਮੱਛੀਆਂ ਦਾ ਸ਼ਿਕਾਰ ਕਰਨ ਵਾਲੇ ਹੋ। ਤੁਹਾਨੂੰ ਮਾਨ ਸਰੋਵਰ ਵਿਚ ਜੋ ਮੋਤੀ ਹਨ, ਜਿਨ੍ਹਾਂ ਨੂੰ ਹੰਸ ਚੁਗਦੇ ਹਨ, ਉਨ੍ਹਾਂ ਦੀ ਕੋਈ ਸਾਰ ਨਹੀਂ ਹੈ। ਸ਼ੇਰ ਦੀ ਖੱਲ ਪਾ ਕੇ ਸ਼ੇਰ ਨਹੀਂ ਬਣਿਆ ਜਾ ਸਕਦਾ। ਗਿੱਦੜ ਤੇ ਮਿਰਗ ਸ਼ੇਰ ਨਹੀਂ ਬਣ ਸਕਦੇ ਨਾ ਹੀ ਉਹ ਸਿੱਪੀ ਵਿਚੋਂ ਮੋਤੀ ਚੁੱਗ ਸਕਦੇ ਹਨ। ਉਨ੍ਹਾਂ ਦੇ ਮੂੰਹ ਵਿਚ ਤਾਂ ਰੇਤ ਹੀ ਪੈਂਦੀ ਹੈ। ਹੰਸ ਤਾਂ ਸਿੱਪੀ ਦੀ ਰੇਤ ਵਿਚੋਂ ਵੀ ਮੋਤੀ ਲੱਭ ਲੈਂਦੇ ਹਨ ਪਰ ਬਗਲੇ ਤਾਂ ਡੱਡੀਆਂ ਤੇ ਮੱਛੀਆਂ ਹੀ ਖਾਂਦੇ ਹਨ। ਤੁਸੀਂ ਤਾਂ ਗ੍ਰੰਥ ਸਾਹਿਬ ਨੂੰ ਵੀ ਕਾਗਜ਼ ਤੇ ਲਿਖੇ ਸ਼ਬਦ ਹੀ ਮੰਨਦੇ ਹੋ ਅਤੇ ਗੁਰੂ ਦੇ ਬਚਨਾਂ ਦੀ ਸਾਰ ਨਹੀਂ ਜਾਣਦੇ ਹੋ। ਇਸ ਲਈ ਤੁਹਾਡਾ ਗੁਰਬਾਣੀ ਉੱਤੇ ਕੋਈ ਭਰੋਸਾ ਨਹੀਂ ਹੈ। ਫਿਰ ਮੈਨੂੰ ਕਹਿੰਦੇ ਹੋ ਕਿ ਮੈਂ ਬੇਦੀ ਦੀ ਰੀਤ ਹਟਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਲਾਵਾਂ ਕਰਵਾਉਣ ਦੀ ਰੀਤ ਕਿਉਂ ਚਲਾਈ ਹੈ। ਗੁਰੂ ਗ੍ਰੰਥ ਸਾਹਿਬ ਤਾਂ ਕਲਿਜੁਗ ਵਿਚ ਪੰਜਵਾਂ 'ਵੇਦ' ਹੈ! ਜੋ ਗੁਰਬਾਣੀ ਨੂੰ ਪੜ੍ਹਦਾ ਤੇ ਮੰਨਦਾ ਹੈ ਉਸ ਦੀ ਰੱਖਿਆ ਹੁੰਦੀ ਹੈ।

**ਦੋਹਰਾ।**

ਤੁਮੈ ਗ੍ਰੰਥ ਪਰ ਸਿਦਕ ਨਹੀਂ ਤੌ ਤੁਮ ਦੇਹੁ ਸਲਾਹਿ।
ਸਾਚ ਬੇਦ ਸਖਿਆਤ ਇਹ ਪੰਚ ਪਰਵਾਨ ਕਲਿ ਮਾਹਿ।

ਬਾਣੀ ਪੜ੍ਹ ਕੇ ਤਾਂ ਮਨੁੱਖ ਸ਼ਕਤੀਵੰਤ ਹੋ ਜਾਂਦਾ ਹੈ। ਸੰਤਾਂ



Sri Satguru Jagjit Singh Ji eLibrary NamdhariElibrary@gmail.com

ਦੀ ਬਾਣੀ ਦਾ ਤੁਹਾਨੂੰ ਸਾਰ ਨਹੀਂ ਹੈ। ਤੁਹਾਡੀ ਮੱਤ ਤਾਂ ਪੂਜਾ ਦੇ ਧਾਨ ਨੇ ਮਾਰ ਦਿੱਤੀ ਹੈ। ਤੁਸੀਂ ਤਾਂ ਕੌਡੀਆਂ ਨਾਲ ਪ੍ਰੇਮ ਕਰਨ ਵਾਲੇ ਹੋ। ਮੈਂ ਤਾਂ ਗੁਰੂ ਦੇ ਤਖਤ ਦਾ ਦਾਸ ਹਾਂ। ਮੈਂ ਤਾਂ ਬਹੁਤ ਤਨਖਾਹਾਂ ਗੁਰੂ ਦੇ ਖ਼ਜ਼ਾਨੇ ਵਿਚ ਪਾਈਆਂ ਹਨ। ਸਭ ਤੋਂ ਪਹਿਲਾਂ ਲੋਕਾਂ ਕੋਲੋਂ ਚੋਰੀ ਤੇ ਯਾਰੀ ਛੁਡਵਾਈ ਹੈ। ਸ਼ਰਾਬ ਤੇ ਕਬਾਬ ਛਡਾ ਦਿੱਤੇ ਹਨ। ਜੂਏ ਤੇ ਹੋਰ ਕੁਕਰਮਾਂ ਤੋਂ ਹਟਾਇਆ ਹੈ। ਅਫੀਮ ਤੇ ਹੁੱਕੇ ਛਡਵਾ ਦਿੱਤੇ ਹਨ। ਤੁਸੀਂ ਦਸਤਾਰ ਦੇ ਉਤਰਨ ਦੀ ਗੱਲ ਕਰਦੇ ਹੋ। ਜੇਕਰ ਤੁਹਾਡੇ ਵੱਲੋਂ ਕੋਈ ਪੂਰਨ ਵਿਵੇਕੀ ਹੈ ਤਾਂ ਉਹ ਮੈਥੋਂ ਤਨਖਾਹ ਲੈ ਸਕਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਪੁਜਾਰੀਆਂ ਨੂੰ ਨਿਰ ਉੱਤਰ ਕਰ ਦਿੱਤਾ ਹੈ। ਇਹ ਬਚਨ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਇਸ਼ਾਰਾ ਕੀਤਾ ਤੇ ਉਹ ਦੋਵੇਂ ਕੜਾਹ ਪ੍ਰਸ਼ਾਦ ਦੇ ਥਾਲ ਚੁਕਵਾ ਦਿੱਤੇ ਤਾਂ ਪੁਜਾਰੀ ਮੂਰਤ ਸਮਾਨ ਖੜ੍ਹੇ ਰਹੇ।

ਫਿਰ ਸਤਿਗੁਰੂ ਜੀ ਝੰਡੇ ਬੁੰਗੇ ਦੇ ਸਥਾਨ ਤੇ ਪੁੱਜੇ ਤੇ ਉੱਥੇ ਨਮਸਕਾਰ ਕੀਤੀ। ਇਕ ਥਾਲ ਉੱਥੇ ਭੇਟ ਕੀਤਾ। ਪਰ ਉਥੋਂ ਦੇ ਮਹੰਤ ਨੇ ਪੁੱਛਿਆ ਕਿ ਅਕਾਲ ਤਖਤ ਵਾਲਿਆਂ ਨੇ ਭੇਟਾ ਨੂੰ ਪ੍ਰਵਾਨ ਕੀਤਾ ਹੈ ਕਿ ਨਹੀਂ ? ਸਿੱਖ ਨੇ ਇਹ ਉੱਤਰ ਦਿੱਤਾ 'ਉਨ੍ਹਾਂ ਨੇ ਤਾਂ ਪ੍ਰਸ਼ਾਦ ਨਹੀਂ ਲਿਆ ਹੁਣ ਤੁਹਾਡੀ ਕੀ ਮਰਜ਼ੀ ਹੈ। ਝੰਡੇ ਬੁੰਗੇ ਦੇ ਮਹੰਤ ਨੇ ਕਿਹਾ 'ਉਨ ਨਹਿ ਲੀਆ ਤੌ ਹਮ ਨਹਿ ਲੇਤੇ।' ਸਤਿਗੁਰੂ ਜੀ ਦੇ ਇਸ਼ਾਰਾ ਕਰਨ ਉੱਤੇ ਉਸ ਸਿੱਖ ਨੇ ਉਹ ਥਾਲ ਵੀ ਉਠਾ ਲਿਆ। ਸਤਿਗੁਰੂ ਜੀ ਨੇ ਬਚਨ ਕੀਤਾ ਹੈ ਕਿ ਇਨ੍ਹਾਂ ਦੀ ਮੱਤ ਮਾਰੀ ਗਈ ਹੈ। ਇਨ੍ਹਾਂ ਨੇ ਤਾਂ ਅੰਮ੍ਰਿਤ ਰੂਪੀ ਪ੍ਰਸ਼ਾਦ ਨੂੰ ਵੀ ਪ੍ਰਵਾਨ ਨਹੀਂ ਕੀਤਾ। ਇਹੋ ਜਿਹੇ ਪੁਰਖਾਂ ਦਾ ਦਰਸ਼ਨ ਤਾਂ ਦੂਜਿਆਂ ਦੀ ਮੱਤ ਨੂੰ ਵੀ ਮਾਰ ਦਿੰਦਾ ਹੈ।

ਦਰਸ਼ਨੀ ਡਿਊੜੀ ਦੇ ਨੇੜੇ ਪੁੱਜ ਕੇ ਸਤਿਗੁਰੂ ਜੀ ਨੇ ਉਨ੍ਹਾਂ ਤਿਨਾਂ ਥਾਲਾਂ ਨੂੰ ਅਲੱਗ ਕਰਵਾ ਦਿੱਤਾ।

ਅੱਗੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਵੇਸ਼ ਕਰਨ ਦਾ ਬੜਾ ਰੌਚਿਕ ਸਮਾਚਾਰ ਬਿਆਨ ਕੀਤਾ ਗਿਆ ਹੈ। ਦਰਸ਼ਨੀ ਡਿਊਢੀ ਤੇ ਨਮਸਕਾਰ ਕਰਕੇ ਸਤਿਗੁਰੂ ਜੀ ਅੱਗੇ ਗਏ। ਹਰਿਮੰਦਰ ਦੇ ਦਰਵਾਜੇ ਤੇ ਨਮਸਕਾਰ ਕਰਕੇ ਸਤਿਗੁਰੂ ਜੀ ਨੇ ਸ੍ਰੀ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਢੋਲਕ ਛੈਣਿਆਂ ਨਾਲ ਕੀਰਤਨ ਹੋ ਰਿਹਾ ਸੀ। ਸਤਿਗੁਰੂ ਜੀ ਹੱਥ ਜੋੜੇ ਸਨਿਮਰ ਖੜ੍ਹੇ ਸਨ। ਇੰਨੇ ਚਿਰ ਨੂੰ ਅਕਾਲ ਤਖਤ ਅਤੇ ਝੰਡੇ ਬੁੰਗੇ ਦੇ ਪੁਜਾਰੀ ਉੱਥੇ ਪੁੱਜੇ ਤੇ ਕਹਿਣ ਲੱਗੇ– ਅਸੀਂ ਇਨ੍ਹਾਂ ਦਾ ਪ੍ਰਸ਼ਾਦ ਨਹੀਂ ਲਿਆ ਪਰ ਹਰਿਮੰਦਰ ਸਾਹਿਬ ਦੇ ਪੁਜਾਰੀ ਨੇ ਅੱਗੋਂ ਇਹ ਬਚਨ ਕੀਤਾ :

"ਮੰਦਰ ਹਰਿ ਪੂਜਾਰੀ ਕਹੈ।
ਸਤਿਗੁਰ ਕੋ ਦਰ ਨੀਵਾਂ ਅਹੈ"
ਗੁਰ ਦਰ ਨਿੰਮ੍ਰ ਭਾਇ ਜੋ ਆਵੈ
ਤਤਕਾਲ ਵੁਹ ਬਖਸਾ ਜਾਵੈ।
ਮੂਰਤਿ ਨਾਮ ਇਹੈ ਪ੍ਰਭ ਪਿਆਰੇ।
ਤੁਮ ਤਨਖਾਹ ਮਾਂਗ ਹੋ ਸਾਰੇ।
ਬਹੁ ਤਨਖਾਹੀ ਤੁਮ ਹੋ ਜੇਤੇ।
ਕਿਆ ਤਨਖਾਹ ਇਨੋ ਸੇ ਲੇਤੇ।
ਜਿਨੋ ਨਾਮ ਪਰਵਾਹ ਚਲਾਇਆ।
ਕੂਰ ਕਰਮ ਤੇ ਜਗਤ ਹਟਾਇਆ।

ਸਤਿਗੁਰੂ ਜੀ ਨੇ ਕਿਹਾ ਕਿ ਦੋ ਥਾਲ ਇੱਥੇ ਭੇਟ ਕਰੋ ਤੇ ਹੋਰ ਅਨਗਿਣਤ ਮਾਇਆ ਦੀ ਭੇਟਾ ਵੀ ਕੀਤੀ। ਫਿਰ ਪੁਜਾਰੀ ਨੂੰ ਅਤੇ ਕੀਰਤਨ ਕਰ ਰਹੇ ਰਬਾਬੀਆਂ ਨੂੰ ਦਮੜੇ ਭੇਟ ਕੀਤੇ। ਜਦੋਂ ਝਾੜੂ ਬਰਦਾਰ ਨੇ ਨਮਸਕਾਰ ਕੀਤੀ ਤਾਂ ਇਕ ਚਾਂਦੀ ਦਾ ਰੁਪਿਆ ਉਸ ਨੂੰ ਵੀ ਦੇ ਦਿੱਤਾ। ਤਾਂ ਹਰਿਮੰਦਰ ਸਾਹਿਬ ਦੇ ਪੁਜਾਰੀ ਨੇ ਇੱਕ ਦੁਸ਼ਾਲਾ ਇੱਕ ਦਸਤਾਰਾ ਤੇ ਬਹੁਮੁੱਲੇ ਬਸਤਰ ਮੰਗਵਾਏ ਅਤੇ ੧੦ ਮਿਸ਼ਰੀ ਦੇ ਕੂਜ਼ੇ ਮੰਗਵਾ ਕੇ ਸਤਿਗੁਰੂ ਜੀ ਨੂੰ ਅਰਪਨ ਕੀਤੇ, ਪਰ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਨਮਸਕਾਰ ਕਰਕੇ ਉਹ ਸਭ ਵਸਤੂਆਂ ਮੋੜ ਦਿੱਤੀਆਂ ਅਤੇ ਇੰਝ ਬਚਨ ਕੀਤਾ –

"ਮੈਂ ਹੋਂ ਸੇਵਕ ਇਸ ਦਰਬਾਰੇ
ਦਾਸਨ ਕੋ ਭੀ ਦਾਸ ਪਿਆਰੇ
ਲੈਣਾ ਨਹਿ ਮੋਕੋ ਇਹ ਨੀਕੋ
ਸੇਵਾ ਕਰਨ ਚਹੂੰ ਸਭਹੀ ਕੋ
ਮੇਰੀ ਬੰਦਨ ਬਾਰੰ ਬਾਰੇ।
ਆਹਿ ਏਸ ਸਾਚੇ ਗੁਰ ਦੁਆਰੇ

ਫਿਰ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਹੱਥ ਜੋੜ ਕੇ ਇਹ ਬਚਨ ਕੀਤੇ –



Sri Satguru Jagjit Singh Ji eLibrary NamdhariElibrary@gmail.com

ਪੂਰਨ ਪੁਰਖ ਅਹੋ ਪ੍ਰਭ ਆਪ
ਆਜ ਆਪ ਕੋ ਬਡ ਪ੍ਰਤਾਪ
ਪਾਈ ਜਿਨ ਸੇਵਾ ਤੇ ਪਾਈ
ਤਾਤ ਰਹੇ ਲਹਿਣੇ ਹਥ ਆਈ
ਮੂਰਤਿ ਭਜਨ ਆਪ ਨੇ ਧਾਰੀ
ਲਾਖੋਂ ਜੀਵ ਤਰੇ ਭਵ ਭਾਰੀ।

ਇਸ ਪਿੱਛੋਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੇ ਸੇਵਾ ਪਰਥਾਇ ਲੰਮਾ ਵਿਖਿਆਨ ਕੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਇਹ ਬਚਨ ਅਲਾਏ —

ਤੁਮ ਸਮਸਰ ਅਵਤਾਰ ਮੁਰਾਰੇ।
ਕੜਛਾ ਨਾਮ ਬਰਤਾਯੋ ਸਾਰੇ।
ਚਾਰ ਕੂੰਟ ਕਿਯੋ ਨਾਮ ਉਜਾਲਾ।
ਪੂਜ ਯੋਗ ਲਿਹੁ ਪਾਗ ਦੁਸ਼ਾਲਾ॥
ਕਲਿ ਮੇ ਹੈਂ ਮੂਰਖ ਜਨ ਬ੍ਰਿੰਦ।
ਗੁਰੂ ਸੰਤ ਭਗਤਨ ਕੀ ਨਿੰਦ।
ਸਾਚ ਧਰਮ ਪੁਨ ਭਲ ਉਪਕਾਰੀ।
ਤਾਕੋ ਨਿੰਦਤ ਜੇ ਮਤਿ ਹਾਰੀ।
ਆਪ ਰੂਪ ਈਸ਼ੁਰ ਧੰਨ ਜਨਨੀ।
ਰਾਵਰ ਮਹਿਮਾ ਜਾਇ ਨ ਗਨਨੀ।
ਪ੍ਰੇਮੀ ਬੁਧਿਵਾਨ ਜੋ ਭਾਖੀ।
ਏਤੀ ਬਿਨੈ ਸੁਣੀ ਗੁਰ ਸਾਖੀ॥
ਗੁਰੂ ਰਾਮ ਸਿੰਘ ਫੇਰ ਉਚਾਰਿਓ।
ਗੁਰ ਕੇ ਸਿੰਘ ਸੁਣੋ ਮਮ ਪਿਆਰਿਓ।
ਸੇਵਕ ਕੋ ਸੇਵਾ ਹੀ ਕਰਨੀ।
ਆਛੀ ਹੈ ਕਾਰ ਨਾਨਕ ਬਰਨੀ।
ਮੈਂ ਹੋਂ ਗੁਰ ਸਿਖਨ ਕੋ ਚੇਰਾ
ਸਭ ਕੁਛ ਤੁਮਰਾ ਦੀਆ ਬਥੇਰਾ
ਸਤਿਗੁਰ ਨਾਨਕ ਕੇਰ ਖਜਾਨਾ
ਬਖਸਿਆ ਜੇ ਮੋ ਕੋ ਬਿਧਿ ਨਾਨਾ
ਤੋਟ ਨਾ ਆਵੈ ਨ ਵਹੁ ਮੁਕੇ।
ਦਿਖ ਹਮ ਭੀ ਡੋਲਨ ਤੇ ਚੂਕੇ।
ਸਤਿਗੁਰ ਬਾਲਕ ਸਿੰਘ ਕੀ ਕਰੁਨਾ।
ਭਰਮ ਕਲੇਸ ਦੋਖ ਦੁਖ ਹਰਨਾ।

ਜਦੋਂ ਮੁੱਖ ਗ੍ਰੰਥੀ ਨੇ ਬਾਰ ਬਾਰ ਬੇਨਤੀ ਕੀਤੀ ਤਾਂ ਸ੍ਰੀ ਸਤਿਗੁਰੂ ਜੀ ਨੇ ਮਿਸ਼ਰੀ ਦੇ ਕੂਜ਼ੇ ਰੱਖ ਲਏ ਅਤੇ ਪੱਗ ਤੇ ਦੁਸ਼ਾਲੇ ਪਕੜ ਕੇ ਇਹ ਬਚਨ ਕੀਤਾ :-

ਪਾਗ ਦੁਸ਼ਾਲੇ ਲੈ ਇਮ ਕੀਆ।
ਤੁਮ ਹਮ ਕੋ ਮੈ ਤੁਮ ਕੋ ਦੀਆ।
ਤੌ ਗ੍ਰੰਥੀ ਭੀ ਆਨ ਪ੍ਰਸੰਨ
ਕਹਤ ਭਏ ਸਭਹੀ ਧੰਨ ਧੰਨ।
ਸਾਚੋ ਰਾਮ ਸਿੰਘ ਹੈ ਨਾਮ।
ਸਰਬ ਮਨੋਰਥ ਪੂਰਨ ਕਾਮ।
ਪੰਥ ਨ ਚਲੇ ਬਾਝ ਗੁਣ ਸ਼ਕਤੀ।
ਕਹੋਂ ਸਰਬ ਇਹ ਮੂਰਤਿ ਭਗਤੀ।
ਦਾਸਨ ਕੇ ਦੁਖ ਦੋਖ ਦਲੱਯਾ।
ਵਾਹਿ ਵਾਹਿ ਜੱਸਾ ਸਿੰਘ ਜਯਾ।

ਜਦੋਂ ਸਤਿਗੁਰੂ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਪ੍ਰਕਰਮਾ ਕਰਨ ਲਈ ਬਾਹਰ ਆਏ ਤਾਂ ਬੇਅੰਤ ਭੀੜ ਜੁੜ ਗਈ ਸੀ। ਭਾਈ ਹਰਮੀਤ ਸਿੰਘ ਦੇ ਕਹਿਣ ਅਨੁਸਾਰ ਪ੍ਰਕਰਮਾ ਵਿਚ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ। ਸ੍ਰੀ ਸਤਿਗੁਰੂ ਜੀ ਨੇ ਗੋਰਿਆਂ ਨੂੰ ਹੁਕਮ ਕੀਤਾ ਹੈ ਕਿ ਹੁਣ ਭੀੜ ਹਟਾ ਕੇ ਰਸਤਾ ਬਣਾ ਦਿਓ। ਦਰਸ਼ਨੀ ਡਿਉੜੀ ਤੋਂ ਬਾਹਰ ਆ ਕੇ ਸ੍ਰੀ ਸਤਿਗੁਰੂ ਜੀ ਨੇ ਨਮਸਕਾਰ ਕੀਤੀ ਅਤੇ ਆਪਣੇ ਸਿੰਘਾਂ ਨੂੰ ਕੜਾਹ ਪ੍ਰਸ਼ਾਦ ਦੇ ਤਿੰਨਾਂ ਥਾਲਾਂ ਨੂੰ ਸਾਧ-ਸੰਗਤ ਵਿਚ ਵਰਤਾਉਣ ਲਈ ਬਚਨ ਕੀਤਾ।


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**
Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain
Partner: S. Puran Singh Saggu
S. Narinder Singh Saggu
Old Railway Road, Jalandhar.
Phone: 58795, 59056 Mobile Phone 9814028099





Sri Satguru Jagjit Singh Ji eLibrary NamdhariElibrary@gmail.com

# ਪੰਜ ਕਵਿਤਾਵਾਂ

ਸੰਤੋਖ ਸਿੰਘ ਧੀਰ



## ੧. ਗਾਵੇ ਕੌਣ ਮਲ੍ਹਾਰ

ਦੀਪਕ ਰਾਗ ਗਵੱਈਏ ਗਾਇਆ
ਵਰ੍ਹਦੇ ਨੇ ਅੰਗਿਆਰ ,
ਇਸ ਅਗਨੀ ਨੂੰ ਕੌਣ ਬੁਝਾਵੇ
ਗਾਵੇ ਕੌਣ ਮਲ੍ਹਾਰ।

ਤੁਸੀਂ ਹੋ ਐਟਮ ਬੰਬਾਂ ਵਾਲੇ
ਫ਼ੌਜਾਂ ਦੇ ਸਰਦਾਰ,
ਮੇਰੇ ਹੱਥ ਵਿਚ ਕਵੀ ਦੀ ਕਾਨੀ
ਇਹ ਮੇਰਾ ਹਥਿਆਰ।

ਚੁੰਜ ਪਪੀਹਾ ਖੋਲ੍ਹਕੇ ਬੈਠਾ
ਸਹਿਕ ਰਿਹਾ ਸੰਸਾਰ ,
ਇਸ ਅਗਨੀ ਨੂੰ ਕੌਣ ਬੁਝਾਵੇ
ਭਾਂਬੜ ਬਲਣ ਹਜ਼ਾਰ।

ਇਸ ਅਗਨੀ ਨੂੰ ਅਸੀਂ ਬੁਝਾਈਏ
ਇਹ ਸਾਡਾ ਸੰਸਾਰ,
ਇਸ ਸੰਸਾਰ ਨੂੰ ਅਸੀਂ ਬਚਾਈਏ
ਗਾਈਏ ਅਸੀਂ ਮਲ੍ਹਾਰ।

ਆਵੋ ਕਣੀਓਂ ,ਆਵੋ ਬੱਦਲੋ
ਬਰਸੋ ਮੂਸਲਾਧਾਰ ,
ਇਸ ਅਗਨੀ ਨੂੰ ਅਸੀਂ ਬੁਝਾਈਏ
ਆਪਣੀ ਕਿਰਪਾ ਧਾਰ।

## ੨. ਮਹਾਂਬਲੀ

ਨਵੀਆਂ ਅੱਖਾਂ ਲੈਕੇ ਆਓ,
ਮੁੜਕੇ ਇਸ ਸੰਸਾਰ ਨੂੰ ਵਾਚੋ
ਤਵਾਰੀਖ਼ ਦੀਆਂ ਨਜ਼ਰਾਂ ਸੀਮਿਤ
ਅੰਨ੍ਹੇਵਾਹ ਨਾ ਇਸਨੂੰ ਮੰਨੋ।

ਤਵਾਰੀਖ਼ ਹੈ ਕਹਿੰਦੀ ਆਉਂਦੀ
ਮਹਾਂਬਲੀ ਸੀ ਕੋਈ ਸਿਕੰਦਰ
ਕੋਈ ਅਕਬਰ ਮਹਾਂਬਲੀ ਸੀ
ਇਕ ਪੰਜਾਬੀ ਕਵੀ ਹੈ ਕਹਿੰਦਾ
ਮਹਾਂਬਲੀ ਰਣਜੀਤ ਸਿੰਘ ਸੀ
ਜਿਸਨੇ ਤਖ਼ਤ ਲਾਹੌਰ ਦੇ ਉਤੇ
ਚਾਲੀ ਵਰ੍ਹੇ ਸੀ ਰਾਜ ਕਮਾਇਆ
ਤੇ ਸ਼ੇਰੇ-ਪੰਜਾਬ ਕਹਾਇਆ,
ਦੁਨੀਆ ਦੀ ਤਾਰੀਖ਼ ਦੇ ਅੰਦਰ
ਮਹਾਂਬਲੀ ਨੈਪੋਲੀਅਨ ਆਇਆ
ਹੋਰ ਬਥੇਰੇ ਮਹਾਂਬਲੀ ਸਨ
ਇਸ ਧਰਤੀ ਦੇ ਉਤੇ ਆਏ
ਜਿਨ੍ਹਾਂ ਨੇ ਆਪਣੇ, ਤਵਾਰੀਖ਼ ਵਿਚ,
ਮੋਟੇ ਅੱਖਰੀਂ ਨਾਂ ਲਿਖਵਾਏ।

ਈਸਾ , ਨਾਨਕ, ਬੁੱਧ, ਮੁਹੰਮਦ,
ਇਹ ਨਹੀਂ ਆਉਂਦੇ ਇਹਨਾਂ ਅੰਦਰ
ਇਹ ਹਨ ਸਾਡੇ ਪੀਰ -ਪੈਗੰਬਰ
ਕੀ ਆਖੋਗੇ ਉਸ ਹਾਲੀ ਨੂੰ
ਜਿਹੜਾ ਹਲ ਦੀ ਹੱਥੀ ਫੜਕੇ
ਸਾਡੇ ਲਈ ਧਰਤੀ ਨੂੰ ਪਾੜੇ
ਫਿਰ ਉਸ ਧਰਤੀ ਦੇ ਸੀਨੇ ਵਿਚ
ਇਕ-ਇਕ ਕਰਕੇ ਦਾਣਾ ਬੀਜੇ
ਫਿਰ ਸਿੰਜੇ, ਗੋਡੇ ,ਫਿਰ ਸਿੰਜੇ
ਫਿਰ ਸਾਡੇ ਲਈ ਅੰਨ ਉਗਾਏ



Sri Satguru Jagjit Singh Ji eLibrary NamdhariElibrary@gmail.com

ਅੰਨ ਤੋਂ ਉੱਚਾ ਕੌਣ ਦੇਵਤਾ ?
ਜਿਸਨੂੰ ਕਈ ਭਗਵਾਨ ਵੀ ਆਖਣ
ਇਸ ਭਗਵਾਨ ਨੂੰ ਸਿਰਜਣ ਵਾਲਾ
ਭਾਵੇਂ ਹੋਵੇ ਮੁੜ੍ਹਕੋ- ਮੁੜ੍ਹਕੀ
ਭਾਵੇਂ ਮੰਡੀਆਂ ਵਿਚ ਹੈ ਰੁਲਦਾ
ਪਰ ਮੈਂ ਆਪਣਾ ਸੱਚ ਸੁਣਾਵਾਂ :
ਅੱਜ ਦੇ ਯੁੱਗ ਦਾ ਮਹਾਂਬਲੀ ਉਹ
ਮਹਾਂਬਲੀ ਉਹ ਅੱਜ ਦੇ ਯੁੱਗ ਦਾ
ਮਹਾਂਬਲੀ ਉਹ ਹਰ ਇਕ ਯੁੱਗ ਦਾ।
ਮਹਾਂਬਲੀ ਸੜਕਾਂ ਦੇ ਕੰਢੇ
ਸਾਡੇ ਟੁੱਟੇ ਛਿੱਤਰ ਗੰਢੇ
ਸੜਕਾਂ ਉੱਤੇ ਰੋੜੀ ਕੁੱਟੇ
ਮਿੱਲਾਂ ਦੇ ਪੱਟਿਆਂ ਵਿਚ ਆਵੇ
ਅੱਖਰ ਲਿਖੇ, ਪੜ੍ਹੇ- ਪੜ੍ਹਾਵੇ,
ਪਹਿਰੇਦਾਰ ਦੀ ਸੋਟੀ ਫੜਕੇ
ਸਾਨੂੰ ਸੁੱਤਿਆਂ ਤਾਈਂ ਜਗਾਵੇ
ਬੰਬਾਂ- ਐਟਮ ਬੰਬਾਂ ਕੋਲੋਂ
ਦੀਵੇ ਵਾਂਗੂੰ ਓਟਾਂ ਕਰਕੇ
ਮਹਾਂਬਲੀ ਸੰਸਾਰ ਬਚਾਵੇ
ਦਾਨਵ- ਦੈਂਤ ਜੋ ਅੱਗਾਂ ਲਾਉਂਦੇ
ਮਹਾਂਬਲੀ ਉਹ ਅੱਗ ਬੁਝਾਵੇ।
ਨਵੀਆਂ ਅੱਖਾਂ ਲੈਕੇ ਆਓ।
ਮੁੜਕੇ ਇਸ ਸੰਸਾਰ ਨੂੰ ਵਾਚੋ !
ਤਵਾਰੀਖ਼ ਦੀਆਂ ਨਜ਼ਰਾਂ ਸੀਮਿਤ
ਅੰਨ੍ਹੇਵਾਹ ਨਾ ਇਸਨੂੰ ਮੰਨੋ।

## ੩. ਪਿਆਰੇ ਪਾਕਿਸਤਾਨ

ਪਿਆਰੇ ਪਾਕਿਸਤਾਨ!
ਤੂੰ ਵੀ ਮੈਨੂੰ ਓਨਾ ਪਿਆਰਾ
ਜਿੰਨਾ ਹਿੰਦੋਸਤਾਨ।

ਆ ਜਾ ਆਪਾਂ ਬਣੀਏ ਮਾਨਵ
ਬਣ ਜਾਈਏ ਇਨਸਾਨ,
ਸ਼ੈਤਾਨਾਂ ਦੇ ਟੇਟੇ ਚੜ੍ਹਕੇ
ਬਣੀਏ ਨਾ ਸ਼ੈਤਾਨ ।

ਸਿੱਧੀ- ਸਾਦੀ ਗੱਲ ਹੈ ਮੇਰੀ
ਸੌਖੀ ਮੇਰੀ ਜ਼ੁਬਾਨ,
ਇਕੋ ਦੇ ਹਾਂ ਪੁੱਤਰ- ਧੀਆਂ
ਇਕੋ ਦੀ ਸੰਤਾਨ।

ਇਕੋ ਚੋਗਾ, ਇਕੋ ਚਹਿਕਾਂ
ਇਕੋ ਜਿਹੀ ਉਡਾਣ,
ਪੰਛੀ ਕਦੇ ਨਾ ਹੁੰਦੇ ਵੀਰਾ!
ਹਿੰਦੂ , ਮੁਸਲਮਾਨ।

ਜਿੰਨੀ ਮਿੱਠੀ ਗੁਰਾਂ ਦੀ ਬਾਣੀ
ਓਨੀ ਤੇਰੀ ਅਜ਼ਾਨ,
ਲੈ ਫੜ ਮੇਰੇ ਗੁਰਾਂ ਦੀ ਬਾਣੀ
ਦੇਹ ਮੈਨੂੰ ਕੁਰਆਨ ।

ਮੈਂ ਪੂਜਾਂ ਗੁਰੂਆਂ ਦੀ ਬਾਣੀ
ਤੂੰ ਪੂਜੇਂ ਕੁਰਆਨ,
ਆ, ਇਹਨਾਂ ਦਾ ਕਹਿਣਾ ਮੰਨੀਏ
ਬਣ ਜਾਈਏ ਇਨਸਾਨ।

ਕਿੰਨਾ ਖ਼ੂਨ ਹੈ ਵਗਿਆ ਵੀਰਾ!
ਪੰਜ ਦਰਿਆ ਸ਼ਰਮਾਣ ,
ਕੰਡੇ-ਤਾਰਾਂ ਤੱਕ-ਤੱਕ ਸਾਨੂੰ
ਸਾਡੀ ਹੱਸੀ ਉਡਾਣ ।

ਮਿਲਕੇ ਬਹਿਣਾ, ਗੱਲਾਂ ਕਰਨਾ,
ਕਿੰਨੀ ਉੱਚੀ ਸ਼ਾਨ,
ਏਸ ਸ਼ਾਨ ਜਿਹੀ ਸ਼ਾਨ ਨਾ ਕੋਈ
ਆਖਣ ਕਵੀ ਮਹਾਨ।

ਪਿਆਰੇ ਪਾਕਿਸਤਾਨ।
ਤੂੰ ਵੀ ਮੈਨੂੰ ਓਨਾ ਪਿਆਰਾ
ਜਿੰਨਾ ਹਿੰਦੋਸਤਾਨ ।

## ੪. ਰਾਹੀਆ ! ਆ ਟੁਰੀਏ

ਨਾ ਹੁਣ ਸਾਉਣ ਮਹੀਨੇ
ਉਹੋ ਜਿਹੇ ਰਹੇ,
ਨਾ ਮੋਰਾਂ ਦੀ ਛੁਣ- ਛੁਣ



Sri Satguru Jagjit Singh Ji eLibrary NamdhariElibrary@gmail.com

ਕਿਧਰੇ ਨਜ਼ਰ ਪਵੇ।
ਕਾਲੀਦਾਸ ਦੇ ਬੱਦਲ
ਘਿਰ- ਘਿਰ ਆਉਂਦੇ ਨਹੀਂ,
ਯਕਸ਼ ਸੁਨੇਹੇ ਘੱਲੇ,
ਕਿਸਦੇ ਹੱਥ ਘੱਲੇ।

ਉਲਟ-ਪੁਲਟ ਗਈ ਦੁਨੀਆਂ
ਸਮਝ ਨਾ ਪੈਂਦੀ ਕੁਝ,
ਚੱਲਣ ਵਾਲਾ ਚੱਲੇ
ਕਿਹੜੇ ਰਾਹ ਚੱਲੇ,

ਇਕ ਸਵਾਂਤੀ ਬੂੰਦ
ਨਾ ਸਾਨੂੰ ਮਿਲ ਸਕਦੀ,
ਸਾਗਰ ਆਪ ਪਿਆਸੇ
ਸਭ ਕੁਝ ਡੀਕ ਗਏ।
ਭਰਮ-ਭੁਲੇਖੇ ਛੱਡਕੇ
ਰਾਹੀਆ! ਆ ਟੁਰੀਏ
ਆਪੇ ਆਪਣੇ ਰਹਿਬਰ
ਰਾਹਨੁਮਾ ਬਣੀਏ।

## ੫. ਕਸ਼ਮੀਰ

(ਪਹਿਲਗਾਮ, ਅਨੰਤਨਾਗ, ਕੁਪਵਾੜਾ, ਡੋਡਾ, ਬਨਿਆਲ
ਆਦਿ ਵਿਚ ਇਕੋ ਸਮੇਂ ਹੋਏ ਭਾਰੀ ਕਤਲਾਮ ਦੀ ਖ਼ਬਰ ਪੜ੍ਹਕੇ।)

ਮੈਨੂੰ ਜੰਨਤ-ਜੰਨਤ ਨਾ ਆਖੋ
ਇਹ ਤਨਜ਼ ਨਾ ਮੈਥੋਂ ਸਹਿ ਹੋਵੇ,
ਮੈਨੂੰ ਮਾਫ਼ ਕਰੋ! ਮੈਨੂੰ ਮਾਫ਼ ਕਰੋ !!
ਮੈਥੋਂ ਹੋਰ ਨਾ ਕੁਝ ਵੀ ਕਹਿ ਹੋਵੇ ।

ਜੇ ਜੰਨਤ ਮੈਨੂੰ ਆਖੋਗੇ
ਫਿਰ ਦੋਜ਼ਖ਼ ਕਿਸਨੂੰ ਆਖੋਗੇ ?
ਉਹ ਦੋਜ਼ਖ਼, ਦੋਜ਼ਖ਼ ਤੋਂ ਭੈੜਾ
ਜੋ ਦੋਜ਼ਖ਼ ਹਾਂ ਮੈਂ ਭੁਗਤ ਰਿਹਾ।

"ਅੱਲਾ ਹੂ ਅਕਬਰ" ਦਾ ਨਾਅਰਾ
ਜਿਸਦਾ ਹੈ ਅਰਥ ਬੜਾ ਚੰਗਾ
ਜਦ ਕਿਧਰੋਂ ਉੱਚਾ ਹੈ ਹੁੰਦਾ
ਮੇਰੇ ਦਿਲ ਵਿਚ ਪੈਂਦਾ ਹੌਲ ਜਿਹਾ
ਇਕ ਖ਼ੰਜਰ ਲਿਸ਼ਕਣ ਲੱਗ ਪੈਂਦਾ
ਮੇਰੇ ਖ਼ੂਨ ਦਾ ਹੈ ਜੋ ਤਿਰਹਾਇਆ
ਮੇਰਾ ਇਕੋ-ਇਕ ਕਸੂਰ ਹੈ ਇਹ
ਧਨ-ਜੋਬਨ ਵੈਰੀ ਬਣ ਬੈਠੇ
ਮੈਨੂੰ ਕੋਹ-ਕੋਹ ਵੈਰੀ ਮਾਰ ਰਹੇ
ਕੋਈ ਸੁਣਦਾ ਨਹੀਂ ਵਿਰਲਾਪ ਮੇਰੇ।

ਮੇਰਾ ਕੇਸਰ ਦਾ ਫੁੱਲ. ਦੇਖ ਲਵੋ
ਹੈ ਖ਼ੂਨ ਦੇ ਹੰਝੂ ਸੁੱਟ ਰਿਹਾ
ਮੇਰਾ ਫ਼ਲਕ ਨਾਲ ਗੱਲਾਂ ਕਰਦਾ
ਦਿਓਦਾਰ ਹੈ ਬੈਠਾ ਝੁਰ ਰਿਹਾ
ਮੇਰੀ ਡੱਲ, ਸ਼ਿਕਾਰੇ ਰੋਂਦੇ ਪਏ
ਚੀਲਾਂ ਦੇ ਪੱਤਰ ਕੰਬ ਰਹੇ
ਜਦ "ਅਲੀ-ਅਲੀ"ਦੀ ਵਾਜ ਸੁਣਾਂ
ਭਿੱਤ ਭੇੜ ਕੇ ਅੰਦਰ ਵੜ ਜਾਵਾਂ
ਬੇਸ਼ੱਕ ਇਹ ਬੜਾ ਪਵਿੱਤਰ ਨਾਂ
ਪਰ ਮੈਨੂੰ ਇਸਤੋਂ ਡਰ ਲੱਗੇ
ਕਿਉਂਕਿ ਜੋ ਲੋਕ ਇਹ ਨਾਂ ਲੈਂਦੇ
ਹੱਥ ਉਹਨਾਂ ਦੇ ਖ਼ੂਨ ਦੇ ਵਿਚ ਰੰਗੇ
ਇਸ ਪਾਕ ਅਲੀ ਦਾ ਨਾਂ ਲੈਕੇ
ਜੱਲਾਦ, ਮੁਜਾਹਿਦ ਬਣ ਬੈਠੇ
ਕੁਰਆਨ ਸ਼ਰੀਫ਼ ਦੇ ਓਹਲੇ ਬਹਿ
ਬਣ ਰਹੇ ਸ਼ਰੀਫ਼ ਨੇ ਕੁਝ ਗੁੰਡੇ।

ਮੈਨੂੰ ਜੰਨਤ-ਜੰਨਤ ਨਾ ਆਖੋ
ਇਹ ਤਨਜ਼ ਨਾ ਮੈਥੋਂ ਸਹਿ ਹੋਵੇ,
ਮੈਨੂੰ ਮਾਫ਼ ਕਰੋ ! ਮੈਨੂੰ ਮਾਫ਼ ਕਰੋ!!
ਮੈਥੋਂ ਹੋਰ ਨਾ ਕੁਝ ਵੀ ਕਹਿ ਹੋਵੇ ।

☆☆



Sri Satguru Jagjit Singh Ji eLibrary NamdhariElibrary@gmail.com

# ਚਾਰ ਰਚਨਾਵਾਂ

## ਸੁਰਜੀਤ ਪਾਤਰ



### ੧

ਕੀ ਗ਼ਮੀਆਂ ਕੀ ਖ਼ੁਸ਼ੀਆਂ ਭਿੰਨੜੇ, ਕੀ ਉੱਚੀ ਤੇ ਮੱਧਮ ਕੀ,
ਇਹ ਰੁੱਤਾਂ ਦੇ ਰਾਗ ਨੇ ਸਾਰੇ, ਖੜਖੜ ਕੀ ਤੇ ਛਮਛਮ ਕੀ।

ਲੋਕੀਂ ਵੇਖਣ ਡੁਬਦਾ ਚੜ੍ਹਦਾ, ਮੈਂ ਤਾਂ ਬਲਦਾਂ ਰਾਤ ਦਿਨੇ,
ਮੈਂ ਸੂਰਜ ਹਾਂ, ਮੇਰੇ ਭਾਣੇ ਪੂਰਬ ਕੀ ਤੇ ਪੱਛਮ ਕੀ।

ਸ਼ਾਇਰ ਹਾਂ ਛੋਟਾ ਜਾਂ ਵੱਡਾ, ਇਹ ਤਾਂ ਭੇਤ ਨਹੀਂ ਯਾਰੋ।
ਜਦ ਤੱਕ ਸੀਨੇ ਅੱਗ ਹੈ ਬਲਣਾ, ਲਟਲਟ ਕੀ ਤੇ ਮੱਧਮ ਕੀ।

ਇਕ ਤੋਂ ਕਾਲੀ ਲਵਾਂ ਸਿਆਹੀ, ਇਕ ਤੋਂ ਕੋਰੇ ਕਾਗਜ਼ ਮੈਂ,
ਦੋਹਾਂ ਦਾ ਕ਼ਰਜ਼ਾਈ ਹਾਂ ਮੈਂ, ਮੱਸਿਆ ਕੀ ਤੇ ਪੂਨਮ ਕੀ।

ਰੱਤ ਤਾਂ ਅਪਣੀ ਹੀ ਪੀਣੀ ਏਂ, ਇਹ ਤਾਂ ਐਵੇਂ ਪਿਆਲੇ ਨੇ,
ਇਸ਼ਕ ਹੁਸਨ ਇਹ ਹਿਜਰ ਵਸਾਲ ਇਹ ਹੱਵਾ ਕੀ ਤੇ ਆਦਮ ਕੀ।

ਇਕ ਨੇ ਤਨ ਨੂੰ ਨੀਰ ਸਮਝਿਆ, ਦੂਜੇ ਨੇ ਪਥਰਾ ਦਿੱਤਾ,
ਕੋਈ ਨਾ ਮਨ ਦਾ ਮਹਿਰਮ ਹੋਇਆ ਇੰਦਰ ਕੀ ਤੇ ਗੌਤਮ ਕੀ।

ਹੁਣ ਅਖ਼ਬਾਰ ਹੀ ਅੰਬਰ ਹੋਏ, ਕਹਿੰਦਾ ਇਕ ਅਖ਼ਬਾਰ ਨਵੀਸ,
ਜੇ ਨਾ ਲਿਖਾਂ ਚੰਨ ਸੂਰਜ ਤੈਨੂੰ, ਫਿਰ ਤੇਰੀ ਇਹ ਝਮਝਮ ਕੀ।

### ੨.

ਚੱਲ ਪਾਤਰ, ਹੁਣ ਘਰ ਚੱਲ ਅਪਣੇ ਲੋਏ,
ਫਿਰ ਜੋ ਫਿਰੇਂਗਾ ਠੇਡੇ ਖਾਂਦਾ ਨੇਰ੍ਹੇ ਹੋਏ।

ਅੱਖ ਦੀ ਰਮਜ਼ ਪਛਾਣੀਏਂ ਤਾਂ ਹੀ ਆਈਏ ਜਾਈਏ,
ਬੂਹੇ ਭਾਵੇਂ ਖੁੱਲ੍ਹੇ ਹੋਣ ਜਾਂ ਹੋਵਣ ਢੋਏ।

ਹੋਠਾਂ ਤੋਂ ਨਾ ਪੁੱਛੀਏ, ਨੈਣਾਂ ਵਿਚੋਂ ਪੜ੍ਹੀਏ,
ਵਾਕ ਜੋ ਹੋਵਣ ਦਿਲ ਦੀਆਂ ਤਹਿਆਂ ਹੇਠ ਲੁਕੋਏ।

ਮੁੜ ਮੁੜ ਜਿਸਮ ਦਾ ਬੂਹਾ ਲੰਘ ਕੇ ਕੀ ਲੈਣਾ ਏਂ.
ਤੱਕ ਤਾਂ ਲਏ ਨੇ ਉਸ ਦੇ ਦਿਲ ਦੇ ਬੂਹੇ ਢੋਏ।

ਵਸਣ ਨ ਆਇੰਦਾ ਕੋਈ ਇਹਨਾਂ ਚੋਟੀਆਂ ਉੱਤੇ,
ਝੰਡੇ ਗੱਡ ਕੇ ਮੁੜ ਜਾਂਦੇ ਸਭ ਜਿੱਤੇ ਹੋਏ।

ਜਦ ਸੱਜਣਾਂ ਨੂੰ ਵਸਲੋਂ ਨੀਂਦ ਪਿਆਰੀ ਹੋ ਜਾਏ,
ਤੁਰ ਜਾਈਏ ਫਿਰ ਉਠ ਕੇ ਇਉਂ ਕਿ ਬਿੜਕ ਨ ਹੋਏ।

ਨੀਂਦਰ ਹੀ ਮੇਰੀ ਸੀ ਖ਼ਾਬ ਤਾਂ ਤੇਰੇ ਹੀ ਸਨ,
ਅੱਖ ਲੱਗ ਗਈ ਤਾਂ ਵਿਚ ਲੱਗੀਆਂ ਦੇ ਰਾਜ਼ ਲੁਕੋਏ।

### ੩.

ਮੈਂ ਕੱਲ੍ਹ ਅਸਮਾਨ ਡਿਗਦਾ, ਤਾਰੇ ਟੁਟਦੇ, ਚੰਨ ਬੁਝਦਾ ਦੇਖਿਆ ਹੈ।
ਤੁਸਾਂ ਨਹੀਂ ਦੇਖਿਆ ਹੋਣਾ, ਮੈਂ ਆਪਣਾ ਪਿਆਰ ਟੁਟਦਾ ਦੇਖਿਆ ਹੈ।

ਮੈਂ ਕੱਲ੍ਹ ਅਸਮਾਨ ਡਿਗਦਾ, ਤਾਰੇ ਟੁਟਦੇ, ਚੰਨ ਬੁਝਦਾ ਦੇਖਿਆ ਹੈ।
ਮੈਂ ਤੈਨੂੰ ਹੋਰ ਹੁੰਦਾ, ਦੂਰ ਜਾਂਦਾ, ਗ਼ੈਰ ਬਣਦਾ ਦੇਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਕਈ ਗਰਜ਼ਾਂ ਦੀਆਂ ਗੰਢਾਂ ਕਈ ਲੁਕਵੇਂ ਜਿਹੇ ਹਉਮੈ ਦੇ ਟਾਂਕੇ,
ਮੈਂ ਰਿਸ਼ਤੇਦਾਰੀਆਂ ਦੀਆਂ ਬੁਣਤੀਆਂ ਦਾ ਦੂਜਾ ਪਾਸਾ ਦੇਖਿਆ ਹੈ।

ਮੇਰੀ ਹਿੱਕ ਛਾਨਣੀ ਹੋ ਗਈ ਨੀ ਅੜੀਓ, ਕੱਲ੍ਹ ਕਰਵਾ ਚੌਥ ਦੇ ਦਿਨ,
ਮੈਂ ਅਪਣਾ ਚੰਨ ਕਿਸੇ ਹੋਰਸ ਦੇ ਵਿਹੜੇ 'ਚੋਂ ਨਿਕਲਦਾ ਦੇਖਿਆ ਹੈ।

ਸਿਰਫ਼ ਮੈਂ ਹੀ ਰਹੀ ਹਾਂ ਉਮਰ ਭਰ ਸਰਦਲ ਦੇ ਪਿੱਛੇ ਬੁੱਤ ਬਣ ਕੇ,
ਮੈਂ ਆਪਣੇ ਦਿਲ ਨੂੰ ਤਾਂ ਇਸ ਘਰ ਚੋਂ ਲੱਖਾਂ ਵਾਰ ਭੱਜਦਾ ਦੇਖਿਆ ਹੈ।

ਤੂੰ ਜਿਸ ਨੂੰ ਖ਼ਾਕ ਅੰਦਰ ਸੁੱਟਿਆ ਸੀ, ਰੁਲ ਗਿਆ ਹੈ, ਸਮਝਿਆ ਸੀ,
ਕਿਉਂ ਤਾਂ ਬੀਜ ਸੀ ਅਜ ਆਪ ਉਸ ਨੂੰ ਮੈਂ ਬਣ ਕੇ ਫੁੱਲ ਖਿੜਿਆ ਦੇਖਿਆ ਹੈ।

ਤੁਹਾਡੇ ਵਾਸਤੇ ਜੋ ਕੁਝ ਨਹੀਂ, ਦੀਵਾ ਨ ਜੁਗਨੂੰ, ਮੈਂ ਤਾਂ ਉਸ ਨੂੰ,
ਕਿਸੇ ਨਿੱਕੀ ਜਿਹੀ ਦੁਨੀਆ 'ਚ ਸੂਰਜ ਵਾਂਗ ਜਗਦਾ ਦੇਖਿਆ ਹੈ।

੪.

ਮਿਆਨੋਂ ਤੇਗ ਖਿੱਚਾਂਗਾ ਨ ਭੱਥਿਓਂ ਤੀਰ ਖਿੱਚਾਂਗਾ,
ਮੈਂ ਰਮਣੀਕ ਜੰਗਲ ਦੀ ਸਿਰਫ਼ ਤਸਵੀਰ ਖਿਚਾਂਗਾ।

ਜੁ ਪਾਣੀ ਵਾਂਗ ਘੁਲਿਆ ਏ ਜੁ ਬਾਣੀ ਵਾਂਗ ਰਮਿਆ ਏ,
ਕਿਵੇਂ ਉਸ ਦੇ ਤੇ ਅਪਣੇ ਦਰਮਿਆਨ ਲਕੀਰ ਖਿਚਾਂਗਾ।

ਕਿ ਪਹਿਲਾਂ ਤਾਂ ਜਹਾਂਗੀਰੀ ਅਦਲ ਸ਼ਮਸ਼ੀਰ ਖਿਚਾਂਗਾ,
ਕਿ ਆਖ਼ਰ ਤੰਗ ਆ ਕੇ ਮਿਆਨ 'ਚੋਂ ਸ਼ਮਸ਼ੀਰ ਖਿਚਾਂਗਾ।

ਨਹੀਂ ਮੈਂ ਜੰਗ ਦਾ ਨਾਇਕ ਨਹੀਂ ਪਾਤਰ ਹਾਂ ਐ ਧਰਤੀ,
ਹਾਂ ਜ਼ਖ਼ਮੀ ਪਰ ਤੇਰੀ ਹਿਕ ਚੋਂ ਵੀ ਖੁਭਿਆ ਤੀਰ ਖਿਚਾਂਗਾ।

ਜ਼ਮੀਨੋਂ ਫੁਟ ਪਊ ਚਸ਼ਮਾ ਜੇ ਖੁੱਭਿਆ ਤੀਰ ਖਿਚਾਂਗਾ,
ਗੁਰੂ ਦੇ ਨਾਂ ਤੇ ਮੈਂ ਵੀ ਇਕ ਵਲੀ ਦਾ ਨੀਰ ਖਿਚਾਂਗਾ।

☆

## ਦੋ ਗ਼ਜ਼ਲਾਂ

**ਡਾ. ਨਰੇਸ਼**

੧.

ਮਿਲਣ ਦੀ ਤਾਂਘ ਨਾ ਖ਼ਤ ਦੀ ਉਡੀਕ ਹੈ ਯਾਰੋ।
ਉਹ ਮੇਰੇ ਨਾਲ ਜਿਵੇਂ ਵੀ ਹੈ ਠੀਕ ਹੈ ਯਾਰੋ।

ਤੁਸੀਂ ਸ਼ਰੀਕ ਹੋ ਖ਼ੁਸ਼ੀਆਂ ਦੇ ਖੇੜਿਆਂ ਦੇ ਮਗਰ,
ਮੇਰੇ ਗ਼ਮਾਂ ਦਾ ਮੇਰਾ ਦਿਲ ਸ਼ਰੀਕ ਹੈ ਯਾਰੋ।

ਮੈਂ ਕਤਲੇ-ਆਮ ਦਾ ਮੰਜ਼ਰ ਪਚਾ ਲਿਐ ਐਪਰ,
ਅਜੇ ਵੀ ਗਲ'ਚ ਫਸੀ ਕੋਈ ਚੀਕ ਹੈ ਯਾਰੋ।

ਪਤਾ ਨਹੀਂ ਕਦੋਂ ਰੂਹਾਂ ਦੀ ਸਾਰ ਜਾਣਾਂਗੇ,
ਅਜੇ ਨਜ਼ਰ ਦੀ ਪਹੁੰਚ ਜਿਸਮ ਤੀਕ ਹੈ ਯਾਰੋ

'ਨਰੇਸ਼' ਵਾਂਗ ਮੁਫ਼ਾਈਲ ਫ਼ਾਇਲੁਨ ਨਾ ਗਿਣੋ,
ਗ਼ਜ਼ਲ ਜੇ ਛਪ ਗਈ ਸਮਝੋ ਕਿ ਠੀਕ ਹੈ ਯਾਰੋ।

੨

ਭਾਵਨਾ ਹੀ ਹਰ ਅਮਲ ਦਾ ਅਸਲ ਹੈ।
ਬੀਜ ਜਜ਼ਬਾ ਕਰਮ ਉਸਦੀ ਫ਼ਸਲ ਹੈ।
ਮੌਤ ਕੋਲੋਂ ਏਨਾ ਭੈ ਖਾਂਦੇ ਹੋ ਕਿਉਂ,
ਮੌਤ ਹੀ ਤਾਂ ਯਾਰੜੇ ਦਾ ਵਸਲ ਹੈ।
ਹੈ ਦਾ ਧੋਖਾ ਹੈ ਨਹੀਂ 'ਤੇ ਜਾ-ਬ-ਜਾ,
ਜੋ ਨਜ਼ਰ ਆਉਂਦਾ ਨਹੀਂ ਦਰਅਸਲ ਹੈ।
ਮੇਰੇ ਹੰਝੂ ਵੇਖ ਕੇ ਘਾਬਰ. ਨਾ ਯਾਰ,
ਰੋਣ ਵੀ ਤਾਂ ਹਾਸਿਆਂ ਦੀ ਨਸਲ ਹੈ।
ਦੋ ਪੁਲਾਂਘਾਂ ਦਾ ਹੈ ਕੁਲ ਪੈਂਡਾ 'ਨਰੇਸ਼',
ਪਹਿਲੀ ਮੰਜ਼ਿਲ ਇਸ਼ਕ ਦੂਜੀ ਵਸਲ ਹੈ।

✪



Sri Satguru Jagjit Singh Ji eLibrary NamdhariElibrary@gmail.com



# ਦੋ ਗ਼ਜ਼ਲਾਂ

**ਸੁਖਵਿੰਦਰ ਅੰਮ੍ਰਿਤ**

੧.

ਉੱਚੀਆਂ ਹਵਾਵਾਂ ਵਿਚ ਨਾ ਬਹੁਤਾ ਉਛਾਲ ਮੈਨੂੰ
ਮੈਂ ਰੇਤ ਦੀ ਹਾਂ ਮੁੱਠੀ ਸਜਣਾ ਸੰਭਾਲ ਮੈਨੂੰ

ਕਦ ਤਕ ਉਠਾਈ ਰੱਖਾਂ ਇਹ ਬੋਝ ਰੌਸ਼ਨੀ ਦਾ
ਮੈਂ ਅਣਬਲੀ ਸ਼ਮਅ ਹਾਂ ਕਦੇ ਤਾਂ ਬਾਲ ਮੈਨੂੰ

ਐ ਰੁੱਖ, ਮੈਂ ਤੇਰੀ ਛਾਂ ਵਿਚ ਆ ਕੇ ਸਕੂਨ ਪਾਉਣਾ
ਡਰ ਨਾ ਮੇਰੀ ਤਪਿਸ਼ ਤੋਂ ਛਾਵੇਂ ਬਿਠਾਲ ਮੈਨੂੰ

ਮੈਂ ਜਵਾਬ ਲਭਦੀ ਲਭਦੀ ਪੰਹੁਚੀ ਕਜ਼ਾ ਦੇ ਬੂਹੇ
ਐ ਜ਼ਿੰਦਗੀ ਤੂੰ ਕੀਤਾ ਕੈਸਾ ਸਵਾਲ ਮੈਨੂੰ

ਮਿੱਟੀ 'ਚ ਰੁਲਦੇ ਫੁਲ ਨੂੰ ਇਕ ਡਾਲ ਦੇ ਸਕਾਂ ਮੈਂ
ਆਇਆ ਨਾ ਕੋਈ ਕਰਨਾ ਐਸਾ ਕਮਾਲ ਮੈਨੂੰ

ਹਮਦਰਦ ਬਣ ਕੇ ਆਇਐਂ ਕੀ ਦੋਸਤਾ ਤੂੰ ਮੇਰਾ ?
ਜਾਂ ਐਵੇਂ ਸਰਸਰੀ ਹੀ ਪੁੱਛਿਆ ਏ ਹਾਲ ਮੈਨੂੰ

੨.

ਮੈਂ ਉਸ ਦੀ ਪੈੜ ਨਈਂ ਜੋ ਛੱਡ ਕੇ ਤੁਰ ਜਾਏਗਾ ਮੈਨੂੰ
ਮੈਂ ਉਸ ਦਾ ਗੀਤ ਹਾਂ ਸਾਰੇ ਸਫ਼ਰ ਵਿਚ ਗਾਏਗਾ ਮੈਨੂੰ

ਜੇ ਮਿੱਟੀ ਹਾਂ ਤਾਂ ਆਪਣੇ ਜਿਸਮ ਤੋਂ ਉਹ ਝਾੜ ਦੇਵੇਗਾ
ਜੇ ਮੋਤੀ ਹਾਂ ਤਾਂ ਅਪਣੇ ਮੁਕਟ ਵਿਚ ਜੜਵਾਏਗਾ ਮੈਨੂੰ

ਉਦ੍ਹੀ ਤਪਦੀ ਹਯਾਤੀ ਨੂੰ ਕਿਤੇ ਜਦ ਚੈਨ ਨਾ ਆਈ
ਉਹ ਅਪਣੇ ਮਨ ਦੀ ਮਿੱਟੀ 'ਚੋਂ ਅਖੀਰ ਉਗਾਏਗਾ ਮੈਨੂੰ

ਬਹੁਤ ਮਹਿਫ਼ੂਜ਼ ਰੱਖੇਗਾ ਹਵਾ ਦੇ ਬੁੱਲਿਆਂ ਕੋਲੋਂ
ਮੈਂ ਉਸ ਦੀ ਸ਼ਮਅ ਹਾਂ, ਪਰਦੇ ਦੇ ਮਗਰ ਜਗਾਏਗਾ ਮੈਨੂੰ

ਮੁਹੱਬਤ ਦੀ ਬੁਲੰਦੀ ਤੋਂ ਉਹ ਮੈਨੂੰ ਡੇਗ ਦੇਵੇਗਾ
ਮੁਹੱਬਤ ਹੈ ਤਾਂ ਫਿਰ ਇਹ ਖ਼ੌਫ਼ ਵੀ ਤੜਪਾਏਗਾ ਮੈਨੂੰ

ਤੇਰੇ ਸਦਕਾ ਮੈਂ ਖਾ ਕੇ ਠੋਕਰਾਂ ਫਿਰ ਸੰਭਲ ਜਾਂਦੀ ਹਾਂ
ਜੇ ਤੂੰ ਵੀ ਨਾਲ ਨਾ ਹੋਇਆ ਤਾਂ ਕੌਣ ਉਠਆਏਗਾ ਮੈਨੂੰ

ਮੈਂ ਹਰ ਅਗਨੀ ਪਰੀਖਿਆ 'ਚੋਂ ਸਲਾਮਤ ਨਿਕਲ ਆਈ ਹਾਂ
ਜ਼ਮਾਨਾ ਹੋਰ ਕਦ ਤੀਕਰ ਭਲਾ ਅਜ਼ਮਾਏਗਾ ਮੈਨੂੰ



Sri Satguru Jagjit Singh Ji eLibrary NamdhariElibrary@gmail.com

## ਦੋ ਗ਼ਜ਼ਲਾਂ

ਅਜਾਇਬ ਕਮਲ

੧

ਇਹ ਘਰ ਕੈਸਾ, ਨਾ ਅੰਦਰ ਦਾ, ਨਾ ਬਾਹਰ ਦਾ ਪਤਾ ਲੱਗੇ,
ਜਿਸਮ ਕੈਸਾ, ਨਾ ਤਪਦੇ ਦਾ, ਨਾ ਠਰਦੇ ਦਾ ਪਤਾ ਲੱਗੇ।

ਬੜਾ ਕਮਬਖ਼ਤ ਦੀਵਾ ਹੈ ਰਤਾ ਵੀ ਬਿੜਕ ਨਹੀਂ ਕਰਦਾ,
ਨਾ ਬਲਦੇ ਦਾ ਪਤਾ ਲੱਗੇ ਨਾ ਬੁਝਦੇ ਦਾ ਪਤਾ ਲੱਗੇ।

ਪਤਾ ਨਹੀਂ ਆਦਮੀ ਦਾ ਦਿਲ ਕਿਹੜੀ ਮਿੱਟੀ ਦਾ ਬਣਿਆ ਹੈ,
ਨਾ ਟੁਟਦੇ ਦਾ ਪਤਾ ਲੱਗੇ, ਨਾ ਜੁੜਦੇ ਦਾ ਪਤਾ ਲੱਗੇ।

ਉਣੀਂਦੇ ਪਲਾਂ ਵਿਚ ਸੁਪਨਾ ਵਟਾਉਂਦਾ ਭੇਸ ਹੈ ਕਿੰਨੇ,
ਨਾ ਜੰਮਦੇ ਦਾ ਪਤਾ ਲੱਗੇ ਨਾ ਮਰਦੇ ਦਾ ਪਤਾ ਲੱਗੇ।

ਸਰਾਪੇ ਦਰਦ ਦੀ ਹੋਣੀ ਨਿਰੀ ਅੰਗਿਆਰ ਵਰਗੀ ਹੈ,
ਨਾ ਧੁਖਦੇ ਦਾ ਪਤਾ ਲੱਗੇ ਨਾ ਬੁਝਦੇ ਦਾ ਪਤਾ ਲੱਗੇ।

ਜਦੋਂ ਜੀਵਨ ਦੀਆਂ ਛੱਲਾਂ 'ਚ ਬੰਦਾ ਉਲਝ ਜਾਂਦਾ ਹੈ,
ਨਾ ਤਰਦੇ ਦਾ ਪਤਾ ਲੱਗੇ ਨਾ ਡੁਬਦੇ ਦਾ ਪਤਾ ਲੱਗੇ।

੨

ਰੋਜ਼ ਕਿਤਾਬਾਂ ਨਾਲ ਅਸੀਂ ਹਾਂ ਲੜਦੇ ਰਹੇ।
ਅੱਖਰਾਂ ਨੂੰ ਪੁੱਠੇ ਲਟਕਾ ਕੇ ਪੜ੍ਹਦੇ ਰਹੇ।

ਰੋਜ਼ ਸਮੇਂ ਦੀ ਤੇਜ਼ ਹਨੇਰੀ ਝੁਲਦੀ ਰਹੀ,
ਰੋਜ਼ ਉਮਰ ਦੇ ਰੁੱਖ ਨਾਲੋਂ ਪੱਤ ਝੜਦੇ ਰਹੇ।

ਰੋਜ਼ ਹੀ ਸੋਚਾਂ ਦੇ ਵਿਚ ਗੁੰਝਲ ਪੈ ਜਾਂਦੀ,
ਰੋਜ਼ ਹੀ ਕੁੰਡੇ ਕੁੰਡਿਆਂ ਦੇ ਵਿਚ ਅੜਦੇ ਰਹੇ।

ਰੋਜ਼ ਹੀ ਆਪਾਂ ਰਹੇ ਟਾਲਦੇ ਜ਼ਿੰਦਗੀ ਨੂੰ,
ਰੋਜ਼ ਹੀ ਆਪਾਂ ਨਵੇਂ ਬਹਾਨੇ ਘੜਦੇ ਰਹੇ।

ਰੋਜ਼ ਹੀ ਸਾਨੂੰ ਦਿਲ ਨੇ ਪੁੱਠਾ ਟੰਗ ਰੱਖਿਆ,
ਰੋਜ਼ ਹੀ ਆਪਾਂ ਅਪਣੇ ਨਾਲ ਝਗੜਦੇ ਰਹੇ।

ਜ਼ਿੰਦਗੀ ਵਿਚ ਇਕ ਵੀ ਨਾ ਸਿੱਧਾ ਕੰਮ ਕੀਤਾ,
ਦੋਸ਼ ਅਸੀਂ ਪਰ ਦੂਸਰਿਆਂ ਸਿਰ ਧਰਦੇ ਰਹੇ।

## ਗ਼ਜ਼ਲ

ਅਮਰੀਕ ਸਿੰਘ ਪੂਨੀ

ਇਕ ਸੱਚ ਹੀ ਸਹੀ ਨਹੀਂ ਹੁੰਦਾ,
ਉਂਜ ਦੁਨੀਆਂ ਤੇ ਕੀ ਨਹੀਂ ਹੁੰਦਾ ?

ਭਰ ਸਕਦਾ ਹੈ ਜ਼ਖ਼ਮ ਖੰਜਰ ਦਾ,
ਫੱਟ ਬੋਲਾਂ ਦਾ ਸੀ ਨਹੀਂ ਹੁੰਦਾ।

ਬਹੁਤ ਕੀਤੇ ਯਤਨ ਕਿ ਹੋ ਜਾਵੇ,
ਮੈਂ 'ਚੋਂ ਮੈਂ ਨਫ਼ੀ ਨਹੀਂ ਹੁੰਦਾ।

ਕੋਈ ਕਾਰਣ ਜ਼ਰੂਰ ਹੁੰਦਾ ਹੈ,
ਜ਼ਹਿਰ ਐਵੇਂ ਤਾਂ ਪੀ ਨਹੀ ਹੁੰਦਾ।

ਜ਼ਿੰਦਗੀ ਹੈ ਗੁਨਾਹ ਬੇ-ਲੱਜ਼ਤ,
ਕੋਈ ਇਸ ਤੋਂ ਬਰੀ ਨਹੀਂ ਹੁੰਦਾ।

ਸਿਤਮ ਕਰਦਾ ਹੈ ਜਦ ਨਿਤਾਣੇ ਤੇ,
ਆਦਮੀ ਆਦਮੀ ਨਹੀਂ ਹੁੰਦਾ।

ਸੱਭੇ ਚਾਕਰ ਹਾਂ ਲਾਲਸਾਵਾਂ ਦੇ,
ਕੋਈ ਜੋਗ ਤੇ ਜਤੀ ਨਹੀਂ ਹੁੰਦਾ।

ਪੈੜ, ਪੈਂਡਾ, ਪੜਾ ਜਾਂ ਰਲ ਜਾਵਣ,
ਫਿਰ ਕੋਈ ਅਜਨਬੀ ਨਹੀਂ ਹੁੰਦਾ।

ਜਿਉਣ ਦਾ ਅਰਥ ਹੈ ਨਿਡਰ ਹੋਣਾ,
ਨਿੱਤ ਮਰ ਮਰ ਕੇ ਜੀ ਨਹੀਂ ਹੁੰਦਾ।

ਕੀਤੇ ਆਪਣੇ ਦਾ ਫਲ ਮਿਲੇ ਸਭ ਨੂੰ,
ਕਿਉਂ ਇਹ ਕ੍ਰਿਸ਼ਮਾ ਕਦੀ ਨਹੀਂ ਹੁੰਦਾ ?

ਹੋਸ਼ ਆਖੇ ਕਿ ਸਬਰ ਕਰ 'ਅਮਰੀਕ',
ਨਹੀਂ ਹੁੰਦਾ ਨਹੀਂ ਨਹੀਂ ਹੁੰਦਾ!



Sri Satguru Jagjit Singh Ji eLibrary NamdhariElibrary@gmail.com

# ਤਿੰਨ ਗ਼ਜ਼ਲਾਂ

**ਗੁਰਭਜਨ ਗਿੱਲ**



੧.

ਬੇਚੈਨੀ ਵਿਚ ਤੜਫ਼ਦ ਰਾਤਾਂ ਬਹੁਤ ਗੁਜ਼ਾਰੀਆਂ
ਤਾਂ ਹੀ ਮੱਥੇ ਚੀਸ ਹੈ, ਅੱਖਾਂ ਵੀ ਨੇ ਭਾਰੀਆਂ

ਪੁੱਠੀ ਸੋਚ ਜਹਾਨ ਦੀ, ਵੈਰੀ ਬਣ ਗਈ ਜਾਨ ਦੀ,
ਬਿਰਖ਼ ਵਿਚਾਰਾ ਕੀ ਕਰੇ, ਜਣੇ ਖਣੇ ਹੱਥ ਆਰੀਆਂ

ਪਾਣੀ ਚੜ੍ਹਿਆ ਵੇਖ ਕੇ ਪਿੱਛੇ ਮੁੜ ਗਏ ਕਾਫ਼ਲੇ,
ਛੱਡ ਗਏ ਕੱਲ-ਮੁਕੱਲਿਆਂ, ਖਰੀਆਂ ਦਾਅਵੇ ਦਾਰੀਆਂ

ਅੱਧੀ ਸਦੀ ਗੁਜ਼ਾਰ ਕੇ, ਏਥੇ ਪਹੁੰਚੇ ਹਾਰ ਕੇ,
ਚੰਗੇ ਰਹਿੰਦੇ ਅਸੀਂ ਵੀ, ਸਿੱਖਦੇ ਦੁਨੀਆਦਾਰੀਆਂ

ਲੁਕਦਾ ਫਿਰਦਾਂ ਵੇਖ ਲਓ ਹੁਣ ਮੈਂ ਆਪਣੇ ਆਪ ਤੋਂ,
ਤਨ ਤੇ ਮਨ ਵਿਚ ਫ਼ਾਸਲੇ, ਕੇਹੀਆਂ ਬੇਇਤਬਾਰੀਆਂ

ਖਬਰੇ ਕਿੱਸਰਾਂ ਡੰਗਿਆ, ਪਾਣੀ ਵੀ ਨਾ ਮੰਗਿਆ,
ਖਾਧਾ ਸਾਲਮ ਆਦਮੀ, ਨਜ਼ਰਾਂ ਟੂਣੇਹਾਰੀਆਂ

ਸੋਗ 'ਚ ਡੁੱਬੀ ਪੌਣ ਹੈ, ਜਾਂ ਫਿਰ ਖਬਰੇ ਕੌਣ ਹੈ ?
ਅੱਧੀ ਰਾਤੀਂ ਖੜਕਦੇ ਮਨ ਦੇ ਬੂਹੇ ਬਾਰੀਆਂ

੨.

ਭਟਕਣ ਪੱਲੇ ਪਾ ਬੈਠੇਂਗਾ ਨਾ ਛੂਹੀਂ ਪਰਛਾਵੇ
ਕੌਣ ਦੁਪਹਿਰਾ ਕੱਟ ਸਕਦਾ ਹੈ, ਕਲਪ ਬਿਰਖ਼ ਦੀ ਛਾਵੇਂ

ਇਸ ਨੂੰ ਵੇਖ ਉਦਾਸ ਨਹੀਂ ਹੈ, ਜੂਨ ਮਹੀਨੇ ਕੇਸੂ,
ਸੂਹੇ ਸੂਰਜ ਹਰ ਟਾਹਣੀ ਤੇ ਪੱਤਰ ਟਾਵੇਂ ਟਾਵੇਂ

ਲਾਹ ਦੇ ਐਨਕ, ਵੇਸ ਉਦਾਸੀ, ਧੂੜ ਲਪੇਟੇ ਸ਼ੀਸ਼ੇ,
ਟੋਏ ਟਿੱਬੇ ਸਾਰਾ ਰਸਤਾ, ਕਿੱਧਰ ਤੁਰਿਆ ਜਾਵੇ

ਮੈਂ ਤੇਰੇ ਤੋਂ ਕੁਝ ਨਹੀਂ ਲੈਣਾ , ਠੀਕਰੀਆਂ ਨਾ ਲੀਰਾਂ,
ਕਰ ਅਰਦਾਸ ਉਮਰ ਤੱਕ ਤੁਰੀਏ, ਇਕ ਦੂਜੇ ਦੀ ਛਾਵੇਂ

ਮਨ ਦਾ ਵਿਹੜਾ ਹੱਸ ਹੱਸ ਪੈਂਦਾ, ਖਿੜੇ ਚੰਬੇਲੀ ਸਾਹੀਂ,
ਸੂਰਜ ਵਾਂਗੂੰ ਨੇਰ੍ਹ ਚੀਰ ਕੇ, ਤੂੰ ਜਦ ਝਾਤੀ ਪਾਵੇਂ

ਅੱਖੀਆਂ ਅੱਗੇ ਤਾਰੇ ਜਗਦੇ ਬੁਝਦੇ ਸਿਖ਼ਰ ਦੁਪਹਿਰੇ,
ਏਡੀ ਵੱਡੀ ਧਰਤੀ ਤੇ ਜਦ ਤੂੰ ਨਜ਼ਰੀਂ ਨਾ ਆਵੇਂ

੩.

ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ ਦੇ।
ਮਾਣ ਕਰੋ ਨਾ ਐਵੇਂ ਤੇਗਾਂ ਤੀਰਾਂ ਤੇ।

ਉੱਗ ਸਕਦਾ ਏ ਬੰਜਰ ਵਿੱਚ ਵੀ ਸੁਰਖ਼ ਗੁਲਾਬ,
ਹਿੰਮਤ ਕਰ ਲਉ, ਸਭ ਕੁਝ ਵੱਸ ਤਦਬੀਰਾਂ ਦੇ।

ਸਾਬਤ ਕੱਪੜਾ ਵਸਤਰ ਬਣਦਾ ਕਿਸੇ ਲਈ,
ਪੌਣਾਂ ਦੇ ਵਿਚ ਉੱਡਦੇ ਟੋਟੇ ਲੀਰਾਂ ਦੇ।

ਪਾਰਦਰਸ਼ਨੀ ਰਿਸ਼ਤੇ ਨਿਭਦੇ ਉਮਰਾਂ ਤੀਕ,
ਓਹਲਾ ਚੋਰੀ ਵਾਧੂ ਭਾਰ ਜ਼ਮੀਰਾਂ ਦੇ।

ਗੁੜ ਦੇ ਚੌਲ ਨਿਆਜ਼ ਖਾਣ ਨੂੰ ਤਰਸ ਗਿਆ,
ਸਾਡੇ ਪਿੰਡ 'ਚੋਂ ਢਹਿ ਗਏ ਤਕੀਏ ਪੀਰਾਂ ਦੇ।

ਮੱਝੀਆਂ ਦੀ ਥਾਂ ਮਾਪਿਆਂ ਨੂੰ ਅੱਜ ਚਾਰ ਗਏ,
ਫਿਰਦੇ ਵੱਗ ਅਵਾਰਾ, ਰਾਂਝੇ ਹੀਰਾਂ ਦੇ।

ਔੜਾਂ ਵਿਚ ਵੀ ਸੂਹੇ ਫੁੱਲ ਮੁਸਕਾਉਂਦੇ ਨੇ,
ਮੈਂ ਬਲਿਹਾਰੇ ਜਾਵਾਂ ਜੰਡ ਕਰੀਰਾਂ ਦੇ।

*੧੧੩-ਐਫ, ਸ਼ਹੀਦ ਭਗਤ ਸਿੰਘ ਨਗਰ*
*ਪੱਖੋਵਾਲ ਰੋਡ, ਲੁਧਿਆਣਾ*



Sri Satguru Jagjit Singh Ji eLibrary NamdhariElibrary@gmail.com

ਵਧਾਈਆਂ ਵਧਾਈਆਂ ਵਧਾਈਆਂ

# ਵਰਿਆਮ ਦੀ ਸਿਲਵਰ ਜੁਬਲੀ ਮੁਬਾਰਕ



## Sooba Tarsem Singh London

- Mohinder Singh Jheeta
- Tara Singh Sera
- Jatinder Singh Bansal
- Balbir Singh Bhogal
- Pinky
- Gurdial Singh Reehal
- Hardial Singh Chana

London U.K.

Sri Satguru Jagjit Singh Ji eLibrary NamdhariElibrary@gmail.com

*With Best Compliments from*

# Namdhari Sangat Leicester

## U.K.

### ਲੈਸਟਰ ਦੀ ਨਾਮਧਾਰੀ ਸੰਗਤ ਵਲੋਂ
### ਵਰਿਆਮ ਦੀ ਸਿਲਵਰ ਜੁਬਲੀ ਦੀਆਂ
### ਹਾਰਦਿਕ ਮੁਬਾਰਕਾਂ

| | |
|---|---|
| ਗੁਲਜ਼ਾਰਾ ਸਿੰਘ ਚਾਨਾ | ਸਰਪ੍ਰਸਤ |
| ਸਰਵਨ ਸਿੰਘ ਤੂਰ | ਪ੍ਰਧਾਨ |
| ਬਚਿੱਤਰ ਸਿੰਘ | ਸਾਬਕਾ ਪ੍ਰਧਾਨ |
| ਰਣਜੀਤ ਸਿੰਘ ਫਲੌਰਾ | ਸੈਕਟਰੀ |

ਸਤਵੰਤ ਸਿੰਘ ਗੋਰੇ    ਅੰਮ੍ਰਿਤਪਾਲ ਸਿੰਘ ਫਲੌਰਾ
ਸੁਰਜੀਤ ਸਿੰਘ ਫਲੌਰਾ    ਮਨਜੀਤ ਸਿੰਘ ਭਮਰਾ
ਕੁਲਦੀਪ ਸਿੰਘ ਫਲੌਰਾ

## ਅਤੇ ਸਮੂਹ ਮੈਂਬਰ

ਮਾਸਕ ਵਰਿਆਮ ਨੇ ਪੱਤਰਕਾਰੀ ਅਤੇ ਸਾਹਿਤ
ਦੇ ਇਤਿਹਾਸ ਵਿਚ ਡੂੰਘੀਆਂ ਪੈੜਾਂ ਪਾਈਆਂ ਹਨ।
ਸਿਲਵਰ ਜੁਬਲੀ ਦੇ ਅਵਸਰ ਤੇ ਵਰਿਆਮ ਦੇ
ਸੰਸਥਾਪਕ ਅਤੇ ਸੰਪਾਦਕ

## ਸ. ਜਗਦੀਸ਼ ਸਿੰਘ ਵਰਿਆਮ

ਦਾ ਹਾਰਦਿਕ ਅਭਿਨੰਦਨ ਹੈ।

## ਸ. ਰਘਬੀਰ ਸਿੰਘ ਸੌਂਧ

ਸਪੁੱਤਰ ਸੰਤ ਏਕਮ ਸਿੰਘ ਸੌਂਧ
ਬਰਮਿੰਘਮ

**Best Wishes From :**

## S. Raghbir Singh Sondh

**BIRMINGHAM U.K.**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# Heartiest Congratulations on the Silver Jubilee Celebrations of Monthly Waryam

ਹਰਮਨ ਪਿਆਰੇ ਮਾਸਕ ਪੱਤਰ ਵਰਿਆਮ ਦੇ
ਵਿਸ਼ੇਸ਼ ਸਿਲਵਰ ਜੁਬਲੀ ਅੰਕ ਵਾਸਤੇ
ਹਾਰਦਿਕ ਵਧਾਈਆਂ

# ਨਾਮਧਾਰੀ ਸੰਗਤ ਮਿਡਲੈਂਡ ਬਰਮਿੰਘਮ

Namdhari Sangat Midland
Birmingham
U.K.

# ਦੋ ਕਵਿਤਾਵਾਂ

ਸ਼ਿਵਨਾਥ

## ਸਵਾਲ-ਦਰ-ਸਵਾਲ

ਕਿਨ੍ਹੇ ਦਿੱਤਾ ਹੈ ਇਹਨਾਂ ਨੂੰ
ਧਰਮ-ਈਮਾਨ ਦਾ ਠੇਕਾ,
ਜਿਨ੍ਹਾਂ ਨੂੰ, ਅਪਣੇ ਫ਼ਿਰਕੇ ਤੋਂ ਬਿਨਾਂ
ਸਭ ਗ਼ੈਰ ਲਗਦੇ ਨੇ ?

ਕਿਨ੍ਹੇ ਦਿੱਤਾ ਹੈ ਇਹਨਾਂ ਨੂੰ
ਇਹ ਐਸਾ ਗਿਆਨ ਮਜ਼ਬ ਦਾ
ਜਿਦ੍ਹੇ ਵਿਚ ਸਮਝਿਆ ਜਾਂਦਾ ਨਹੀਂ
ਕੁਝ ਵੀ ਮਨੁੱਖਾਂ ਨੂੰ ?

ਕਿਨ੍ਹੇ ਇਹਨਾਂ ਚੋਂ ਸੁੱਤੇ ਦੈਂਤ ਨੂੰ
ਆਵਾਜ਼ ਦਿੱਤੀ ਹੈ
ਜਿਦ੍ਹੇ ਹਿਰਦੇ 'ਚ ਹਰ ਵੇਲੇ
ਭਿਆਨਕ ਅੱਗ ਬਲ਼ਦੀ ਹੈ
ਤੇ ਜਿਸਦੀ ਜੀਭ ਜੀਵਨ ਵਾਸਤੇ
ਜ਼ਹਿਰਾਂ ਉਗਲਦੀ ਹੈ ?

ਕਿਨ੍ਹੇ ਇਹਨਾਂ ਨੂੰ ਇਹ ਤਰਸ਼ੂਲ
ਜਾਂ ਖ਼ੰਜਰ ਫੜਾਏ ਨੇ ?
ਜੋ ਪੀਂਦੇ ਨੇ ਹਮੇਸ਼ਾ ਖ਼ੂਨ ਹੀ
ਪਾਵਨ-ਮਾਸੂਮਾਂ ਦੇ
ਤੇ ਜਿਨ੍ਹਾਂ ਦੀ ਕਦੇ ਵੀ ਪਿਆਸ
ਬੁਝਣ ਤੇ ਨਹੀਂ ਆਉਂਦੀ ?

ਕਿਨ੍ਹੇ ਇਹਨਾਂ ਨੂੰ ਪਾਗਲਪਨ ਦਾ
ਇਹ ਰਸਤਾ ਵਿਖਾਇਆ ਹੈ
ਤੇ ਸ਼ਾਂਤੀ ਦੀ ਜਗ੍ਹਾ ਹਰ ਪਾਸਿਉਂ
ਹੁਲੜ ਮਚਾਇਆ ਹੈ ?
ਜਿਦ੍ਹੇ ਵਿਚ 'ਵਾਜ ਤਕ ਸੁਣਦੀ ਨਹੀਂ
ਕਿਤਿਉਂ ਪੈਗੰਬਰ ਦੀ!

ਕਿਨ੍ਹੇ ਦਿੱਤਾ ਹੈ ਇਹਨਾਂ ਨੂੰ
ਧਰਮ-ਈਮਾਨ ਦਾ ਠੇਕਾ ?
ਕਿਨ੍ਹੇ ਇਹਨਾਂ ਨੂੰ ਆਖ਼ਰ ਇਸ ਤਰ੍ਹਾਂ ਦੀ
ਜਾਗ ਲਾਈ ਹੈ ?
ਜਿਦ੍ਹੇ ਤੋਂ ਤੰਗ ਹੋ ਚੁਕਿਆ ਹੈ
ਹਰ ਇਕ ਨੇਕ-ਦਿਲ ਬੰਦਾ।

## ਨਿਰਲੱਜ

ਕਿਸੇ ਨੂੰ ਦੰਦ ਦਿੱਤੇ ਨੇ
ਕਿਸੇ ਨੂੰ ਚੁੰਝ ਦਿੱਤੀ ਹੈ
ਕਿਸੇ ਨੂੰ ਡੰਗ ਦਿੱਤਾ ਹੈ
ਕਿ ਵੈਰੀ ਨੂੰ ਡਰਾ ਸੱਕੇ

ਕਿਸੇ ਨੂੰ ਨਹੁੰਦ੍ਹਾਂ ਜਾਂ ਸਿੰਗ
ਦਿੱਤੇ ਨੇ ਬਚਾਅ ਖ਼ਾਤਰ
ਕਿਸੇ ਨੂੰ ਪੌੜ ਪੈਰਾਂ ਦੇ
ਕਿ ਡੱਕ ਸੱਕੇ ਵਿਰੋਧੀ ਨੂੰ,
ਕਿਸੇ ਨੂੰ ਧੌਣ ਐਸੀ ਕਿ ਉਹ
ਚਰ ਸਕੇ ਦਰਖ਼ਤਾਂ ਤੋਂ।

ਕਿਸੇ ਨੂੰ ਰਾਖਵੇਂ-ਜਲ ਵਾਸਤੇ
ਉਹ ਮਸ਼ਕ ਦਿੱਤੀ ਹੈ ਜਿਦ੍ਹੇ 'ਚੋਂ
ਕਈ ਦਿਨਾਂ ਤਕ,
ਖ਼ਤਮ ਹੋ ਸਕਦਾ ਨਹੀਂ ਪਾਣੀ
ਕਿਸੇ ਨੂੰ ਸੁੰਡ ਦਿੱਤੀ ਹੈ
ਤੇ ਜੁੱਸੇ ਦੀ ਅਥਾਹ ਸ਼ਕਤੀ।

ਕਿਸੇ ਨੂੰ ਰਾਗ ਦਿੱਤਾ ਹੈ
ਕਿਸੇ ਨੂੰ ਰੰਗ ਦਿੱਤੇ ਨੇ
ਕਿਸੇ ਨੂੰ ਹੈ ਕਲਾ ਦਿੱਤੀ
ਸੁਚੱਜੇ ਘਰ ਉਸਾਰਨ ਦੀ।

ਮਗਰ ਬੰਦੇ ਨੂੰ ਕੁਦਰਤ ਨੇ
ਅਜਿਹਾ ਜ਼ਿਹਨ ਦਿੱਤਾ ਹੈ
ਜਿਦ੍ਹੀ ਵਰਤੋਂ ਨੇ ਲੈ ਆਂਦਾ ਹੈ
ਸਵਰਗਾਂ ਨੂੰ ਪ੍ਰਿਥਵੀ ਤੇ
ਤੇ ਇਹ ਵੀ ਸੱਚ ਹੈ,
ਉਸਦੇ ਸ਼ੈਤਾਨੀ ਕਾਰਨਾਮੇ ਨੇ
ਪ੍ਰਿਥਵੀ ਵਾਸੀਆਂ ਨੂੰ,
ਅੱਜ ਉਹ ਜਲਵਾ ਵਿਖਾਇਆ ਹੈ
ਕਿ ਡਰ ਕੇ ਬਹਿ ਗਏ ਸਾਰੇ।

ਪਸ਼ੂ-ਪੰਛੀ, ਹਵਾ-ਪਾਣੀ
ਕਿਸੇ ਨੂੰ ਵੀ ਨਹੀਂ ਛੱਡਿਆ!
ਤੇ ਜੰਗਲ ਬੇਲਿਆਂ ਤੇ
ਇਸ ਤਰ੍ਹਾਂ ਦਾ ਕਹਿਰ ਢਾਹਿਆ ਹੈ
ਕਿ ਖ਼ੁਦ ਵੀ ਡਰ ਗਿਆ ਜਾਪੇ।
ਪਰ ਉਹ ਨਿਰਲੱਜ ਹੈ
ਜੋ ਫਿਰ ਵੀ ਪਛਤਾਵਾ ਨਹੀਂ ਕਰਦਾ!

੧੨੫-੭-, ਫ਼ੇਜ਼ -੧੦ ਮੁਹਾਲੀ, ੧੬੦੦੫੯

*



Sri Satguru Jagjit Singh Ji eLibrary NamdhariElibrary@gmail.com

# ਸਾਬਤ ਸਬੂਤੀ ਰੂਹ ਸਾਨੂੰ ਚਾਹੀਦੀ

ਮਹਿਮਾ ਸਿੰਘ ਤੂਰ

ਸਾਡੀ ਰੂਹ ਦੀਆਂ ਤਰਬਾਂ ਕਦੇ ਛੇੜਦੀ ਹਵਾ
ਕਦੇ ਹੁੰਮਸ ਨਾਲ ਘੁਟਦਾ ਹੈ ਦਮ ਸਾਡਾ
ਕਦੇ ਸੀਤ ਹਵਾ ਨਾਲ ਛਿੜੇ ਕੰਬਣੀ
ਕਦੇ ਲੂੰਹਦੀਆਂ ਨੇ ਤੱਤੀਆਂ ਹਵਾਵਾਂ......

ਰੁਕਦੀ ਕਦੇ ਵਲ ਖਾਂਦੀ ਤੁਰਦੀ ਹਵਾ ਜਿਵੇਂ
ਓਵੇਂ ਵਗਦੀ ਹੈ ਸਾਡਿਆਂ ਸਰੀਰਾਂ ਵਿਚ ਰੂਹ ਸਾਡੀ
ਸਾਰੀਆਂ ਹੀ ਰੂਹਾਂ
ਕਿਸੇ ਵੱਡੀ ਰੂਹ ਦਾ ਹਿੱਸਾ ਜਾਪਦੀਆਂ
ਜਿਵੇਂ ਹਵਾ ਰਾਹੀਂ ਸਾਹ ਲੈਂਦੇ ਜੀਵ ਸਾਰੇ
ਇੰਜ ਹੀ ਹਾਂ ਰੂਹਾਂ ਨਾਲ ਜਿਉਂਦੇ ਅਸੀਂ......

ਪਰ ਅਧੋਰਾਣੇ ਕਪੜਿਆਂ ਦੇ ਵਾਂਗ ਹੀ
ਇਨ੍ਹਾਂ ਰੂਹਾਂ ਵਿਚ ਵੀ ਹੋ ਜਾਂਵਦੇ ਮਘੋਰੇ ਕਦੇ....
ਉਂਜ ਰੱਖਣੀ ਤਾਂ ਚਾਹੁੰਦਾ ਹਰ ਕੋਈ ਇੱਥੇ ਸਾਬਤ ਸਬੂਤੀ ਰੂਹ
ਪਰ ਇਸ ਤਰ੍ਹਾਂ ਦੀ ਰੂਹ ਕੋਈ ਹੀ ਕਿਤੇ ਹੋਂਵਦੀ
ਕਿ ਰੂਹਾਂ ਵਿਚ ਹੁੰਦੇ ਨੇ ਮਘੋਰੇ ਬਹੁਤ
ਬਹੁਤ ਮੁਸ਼ਕਲ ਹੁੰਦੇ ਬੰਦ ਕਰਨੇ ਇਹ ਮਘੋਰੇ
ਉਂਜ ਤਾਂ ਮਘੋਰੇ ਹਰ ਸ਼ੈਅ ਵਿਚ ਹੀ ਮਾੜੇ ਹੁੰਦੇ
ਪਰ ਕਦੇ ਕਦੇ ਇਨ੍ਹਾਂ ਮਘੋਰਿਆਂ 'ਚੋਂ ਆਉਂਦੀ
ਭੋਰਾ ਤਾਜ਼ਾ ਹਵਾ ਵੀ ਕਿਸੇ ਦਿਸ਼ਾ 'ਚੋਂ

ਜ਼ਿਆਦਾਤਰ ਇਹ ਮਘੋਰੇ
ਟੁੱਟੀਆਂ ਵਸਤਾਂ ਦ ਹੀ ਚਿੰਨ੍ਹ ਬਣਦੇ ਰਹਿੰਦੇ ਸਦਾ
ਪਰ ਰੂਹ ਇਨਸਾਨ ਦੀ
ਹੁੰਦੀ ਕੋਈ ਆਮ ਜਿਹੀ ਵਸਤਾ ਨਾ
ਇਸੇ ਲਈ ਅਕਸਰ ਤਨ ਦੇ ਮਘੋਰੇ ਤਾਂ ਬੰਦ ਕੀਤੇ ਜਾਂਦੇ
ਪਰ ਰੂਹ ਦੇ ਮਘੋਰੇ ਔਖੇ ਹੀ ਬੰਦ ਹੁੰਦੇ ਕਿਤੇ
ਉਂਜ ਰੂਹਾਂ ਦੀ ਵੀ ਹੁੰਦੀ ਇਕ ਉਮਰ ਹੈ
ਨਾਲੇ ਹੁੰਦੀ ਰੂਹਾਂ ਦੀ ਤਾਸੀਰ ਵੱਖ ਵੱਖਰੀ

ਉਂਜ ਭਾਵੇਂ ਇਕੋ ਰੂਹ ਦਾ ਹਿੱਸਾ ਹੋਣ ਰੂਹਾਂ ਸਾਰੀਆਂ
ਪਰ ਓਸ ਸੁਪਰੀਮ ਰੂਹ ਦੀਆਂ ਹੁੰਦੀਆਂ ਤਾਸੀਰਾਂ ਕਈ
ਸਾਰੀਆਂ ਤਾਸੀਰਾਂ ਭਾਵੇਂ ਪੈਦਾ ਹੋਣ ਇਕੋ ਹੀ ਤਾਸੀਰ ਵਿਚੋ....
ਸੋ ਹਰ ਇਕ ਤਨ ਦੀ ਵੀ ਵੱਖਰੀ ਹੀ ਲੋੜ ਹੁੰਦੀ
ਆਪੋ ਆਪਣੀ ਰੂਹ ਨੂੰ ਪਰਚਾਉਣ ਦੀ
ਇਕ ਤ੍ਰਿਪਤੀ ਕਰਵਾਉਣ ਦੀ......

ਕਿ ਬੱਚਿਆਂ ਤੇ ਬੋਟਾਂ ਵਿਚ ਹੁੰਦਾ ਹੈ ਮਾਸੂਮ ਰੂਹ
ਜੋ ਮਿੱਠੀਆਂ ਤੇ ਨਾਜ਼ੁਕ ਚੀਜ਼ਾਂ ਨਾਲ ਪਰਚਦੀ
ਨਹੀਂ ਤਾਂ ਉਹ ਸਦਾ ਹੀ ਤੜਪਦੀ ਤੇ ਕੂਕਦੀ
ਕਿ ਮਾਸੂਮ ਰੂਹਾਂ ਪਨਪਦੀਆਂ ਦੁਲਾਰ ਤੇ ਹੁਲਾਰ ਨਾਲ...
ਫਿਰ ਮਾਸੂਮ ਰੂਹਾਂ ਵਿਚ ਵੀ
ਹੌਲੀ ਹੌਲੀ ਸ਼ੋਖੀ ਜਾਂਦੀ ਆਂਵਦੀ
ਤੇ ਰੂਹ ਗੁਣਗਣਾਂਵਦੀ....

ਤਾਂ ਹੀ ਸ਼ੋਖ ਫੁੱਲਾਂ ਦੀਆਂ
ਤੇ ਸ਼ੋਖ ਜਿਹੇ ਰੰਗਾਂ ਦੀਆਂ
ਜਵਾਨ ਹੁੰਦੀ ਰੂਹ ਨੂੰ ਖਿੱਚਾਂ ਪੈਂਦੀਆਂ.....
ਫਿਰ ਰੂਹਾਂ ਤਾਈਂ ਟੁੰਬਦਾ ਸੰਗੀਤ ਕੋਈ
ਰੂਹ ਜਵਾਨ ਹੋਂਵਦੀ ਤੇ ਗਾਂਵਦੀ......

ਕਿ ਕੁੜੀਆਂ ਤੇ ਤਿੱਤਲੀਆਂ 'ਚ
ਲਰਜ਼ਦੀ ਹੈ ਸ਼ੋਖ ਰੂਹ......
ਇੰਜ ਹੀ ਜੋ ਸਾਗਰਾਂ 'ਚ ਕਿਸ਼ਤੀਆਂ ਨੇ ਤਰਦੀਆਂ
ਉਨ੍ਹਾਂ ਨੂੰ ਵੀ ਖਿੱਚਾਂ ਕੋਈ ਪੈਂਦੀਆਂ ਅਗੰਮੀਆਂ
ਇੰਜ ਹੀ ਫੁੱਲ ਗੁਲਮੋਹਰ ਦੇ ਜਦੋਂ ਹੁੰਦੇ ਨੇ ਅੰਗਾਰਾਂ ਜਿਹੇ
ਉਨ੍ਹਾਂ ਦਾ ਵੀ ਸ੍ਰਿਸ਼ਟੀ 'ਚ ਹੁੰਦਾ ਕੋਈ ਮਕਸਦ ਆਪਣਾ

ਸਾਡੇ ਵਿਹੜੇ ਵਿਚ ਖੜ੍ਹੀ ਨਿੱਕੀ ਗੁਲਮੋਹਰਨੀ ਦੇ ਫੁੱਲਾਂ ਉੱਤੇ
ਕਿੰਨਾ ਝੁਰਮਟ ਹੈ ਪਾਇਆ ਨਿੱਕੀਆਂ ਤਿੱਤਲੀਆਂ ਨੇ
ਫੁੱਲ ਵੀ ਉਹ ਨਿੱਕੇ ਨਿੱਕੇ ਜਿਵੇਂ ਚਿੰਗਾਰੀਆਂ
ਛਹਿਬਰ ਲੱਗੀ ਪਈ ਹੈ ਸ਼ੋਖ ਰੰਗਾਂ ਦੀ


Sri Satguru Jagjit Singh Ji eLibrary NamdhariElibrary@gmail.com

ਕਿ ਹੋਈ ਹੈ ਜਵਾਨ ਗੁਲਮੋਹਰਨੀ ਦੀ ਰੂਹ ਅੱਜ.......

ਪਤਾ ਨਹੀਂ ਇਹ ਇਸ ਤਰ੍ਹਾਂ ਦਾ ਰੂਹਾਂ ਦਾ ਤਕਾਜ਼ਾ ਹੈ
ਕਿ ਸ਼ੋਖ ਰੰਗ ਚਾਹੁੰਦੀਆਂ ਨੇ
ਕੁੜੀਆਂ ਵੀ ਤਿੱਤਲੀਆਂ ਵੀ
ਕਿ ਮੰਗਦੀ ਹੈ ਇਹੋ ਚੀਜ਼ਾਂ ਸਾਬਤ ਸਬੂਤੀ ਰੂਹ......
ਪਰ ਫਿਰ ਉਹ ਸਮਾਂ ਆਂਵਦਾ
ਕਿ ਰੂਹਾਂ ਵਿਚ ਹੋਂਵਦੇ ਮਘੋਰੇ ਕਈ
ਇਨ੍ਹਾਂ ਰੂਹਾਂ ਦੇ ਮਘੋਰਿਆਂ ਦੇ ਨਾਲ ਨਾਲ
ਲਗਦੇ ਨੇ ਤਨਾਂ ਵਾਲੇ ਰੋਗ ਵੀ ਤੇ ਮਨਾਂ ਵਾਲੇ ਰੋਗ ਵੀ
ਕਿ ਤਨਾਂ ਵਾਲੇ ਰੋਗਾਂ ਨਾਲੋਂ ਮਨਾਂ ਵਾਲੇ ਰੋਗ ਮਾੜੇ ਹੋਂਵਦੇ
ਕਿ ਹੌਲੀ ਹੌਲੀ ਰੂਹ ਵੀ ਬੁੱਢੀ ਹੋਂਵਦੀ
ਤਨ ਵਾਲਾ ਚੋਲਾ ਜਾਂਦਾ ਹੰਢਦਾ
ਤਾਂ ਰੂਹ ਵੀ ਜਾਂਦੀ ਹਢੰਦੀ
ਹੁਣ ਉਹ ਹੋਰ ਕੁਝ ਮੰਗਦੀ
ਸਿਰਫ ਕੋਈ ਕੋਈ ਰੂਹ ਹੀ ਇੱਥੇ
ਕਿਸੇ ਸਹੀ ਸੇਧ ਵਿਚ ਵਿਗਸਦੀ
ਸਮੇਂ ਨਾਲ ਰਹਿੰਦੀ ਉਹੋ ਹੋਰ ਵੀ ਹੋ ਨਿਖੱਰਦੀ
ਕਿ ਰੂਹ ਵੀ ਸਾਡੇ ਸਾਹਾਂ ਵਿਚੋਂ ਪੌਣ ਵਾਂਗ ਲੰਘਦੀ
ਉਂਜ ਪੌਣ 'ਚ ਵੀ ਹੁੰਦੇ ਨੇ ਮਘੋਰੇ ਕਈ
ਰੂਹਾਂ 'ਚ ਵੀ ਹੋਂਵਦੇ

ਵਿਗਿਆਨੀ ਕਹਿੰਦੇ ਇਹ ਮਘੋਰੇ ਤਾਂ
ਸਮੁੱਚੇ ਬ੍ਰਹਿਮੰਡ ਵਿਚ ਬਹੁਤ ਨੇ
ਕਿ ਸੂਰਜਾਂ ਦੇ ਵਿਚ ਵੀ ਹੁੰਦੇ ਨੇ ਬਲੈਕ-ਹੋਲ
ਇਹੋ ਬਲੈਕ-ਹੋਲ ਸ਼ਾਇਦ ਰੂਹਾਂ 'ਚ ਵੀ ਹੋਂਵਦੇ
ਕਿ ਬਹੁਤ ਕੁਝ ਗਰਕ ਹੁੰਦਾ ਕਾਲਿਆਂ ਮਘੋਰਿਆਂ 'ਚ
ਇਨ੍ਹਾਂ ਹੀ ਮਘੋਰਿਆਂ ਨੇ ਪੈਦਾ ਕੀਤੇ
ਕਿੰਨੇ ਹਿਟਲਰ, ਚੰਗੇਜ਼ ਖਾਂ, ਖੁਮੈਨੀ ਕਈ
ਕਾਲਿਆਂ ਮਘੋਰਿਆਂ 'ਚ ਗਰਕ ਜਾਣ
ਕਈ ਕਦਰਾਂ ਕੀਮਤਾਂ ਸੁਹਾਣੀਆਂ
ਲੋੜ ਹੈ ਮਨੁੱਖਤਾ ਨੂੰ ਇੰਜ ਰੁਸ਼ਨਾਣ ਦੀ
ਕਿ ਰੂਹਾਂ ਵਿਚ ਹੋਣ ਨਾ ਮਘੋਰੇ ਕਾਲੇ
ਹਰ ਕੋਈ ਚਾਹੁੰਦਾ ਇੱਥੇ ਸਾਬਤ ਸਬੂਤੀ ਰੂਹ.........!

✡

# ਦੋ ਗ਼ਜ਼ਲਾਂ

## ਮਹਾਂਬੀਰ ਸਿੰਘ ਦਰਦੀ

੧.

ਅਜੇ ਮੰਜ਼ਿਲ ਤਾਂ ਆਈ ਨਹੀਂ ਅਜੇ ਤਾਂ ਪੰਧ ਬਾਕੀ ਹੈ
ਵਿਵਸਥਾ ਵਿਚ ਅਜੇ ਤੱਕ ਸਾਮਰਾਜੀ ਗੰਦ ਬਾਕੀ ਹੈ
ਅਜੇ ਸਵਰਾਜ ਦੇ ਨਾਂ ਤੇ ਉਹੀ ਪਰਬੰਧ ਬਾਕੀ ਹੈ
ਬੜੀ ਜ਼ਾਲਮ ਅਜੇ ਦਿੱਲੀ ਅਤੇ ਸਰਹੰਦ ਬਾਕੀ ਹੈ
ਲਹੂ-ਪੀਣੇ ਭਰਿਸ਼ਟਾਚਾਰ ਦਾ ਹਰ ਦੰਦ ਬਾਕੀ ਹੈ
ਅਸਾਡੇ ਕੋਲ ਤਾਂ ਸੰਗਰਾਮ ਦਾ ਇਕ ਸੰਦ ਬਾਕੀ ਹੈ
ਸੁਤੰਤਰਤਾ, ਬਰਾਬਰਤਾ ਅਜੇ ਮਹਿਸੂਸ ਨਹੀਂ ਹੁੰਦੀ
ਅਜੇ ਨਿਰਦੋਸ਼ ਲੋਕਾਂ ਦੇ ਗਲਾਂ ਵਿਚ ਫੰਦ ਬਾਕੀ ਹੈ
ਅਜੇ ਦਿਲਦਾਰ ਦੀ ਚਿੰਤਾ, ਅਜੇ ਸੰਸਾਰ ਦੀ ਚਿੰਤਾ
ਇਕੱਲੀ ਜਾਨ ਨੇ ਪਿੱਟਣਾ ਅਜੇ ਸੌ ਧੰਦ ਬਾਕੀ ਹੈ
ਨਹੀਂ ਕੁੱਲੀ, ਨਹੀਂ ਗੁੱਲੀ, ਨਹੀਂ ਜੁੱਲੀ ਮਿਲੀ ਸਭ ਨੂੰ
ਵਤਨ ਵਿਚ ਅਣਗਿਣਤ ਬੰਦਾ ਜ਼ਰੂਰਤਮੰਦ ਬਾਕੀ ਹੈ
ਹਨ੍ਹੇਰੇ ਦੂਰ ਹੋਵਣਗੇ, ਸਵੇਰੇ ਨੂਰ ਵੰਡਣਗੇ
ਅਜੇ ਚੜ੍ਹਨਾ ਨਵੇਂ ਯੁਗ ਦਾ ਨਵੇਲਾ ਚੰਦ ਬਾਕੀ ਹੈ
ਅਵਾਮੀ ਸੋਚ ਤੇ ਹੋਵੇ ਨਿਰਾਸ਼ਾਵਾਦ ਨਾ ਭਾਰੂ
ਹਯਾਤੀ ਦਾ ਅਜੇ 'ਦਰਦੀ' ਜਿਹਾ ਦਰਦਮੰਦ ਬਾਕੀ ਹੈ

੨.

ਮਨਜ਼ਰ ਅਜੀਬ ਵੇਖਾਂ ਸੁਕਦੇ ਗੁਲਾਬ ਵੇਖਾਂ
ਬੁਝਦੇ ਚਿਰਾਗ਼ ਵੇਖਾਂ ਹਾਲਤ ਖਰਾਬ ਵੇਖਾਂ
ਝਲਦੇ ਕਸੂਰ ਤੋਂ ਬਿਨ ਲੋਕੀਂ ਅਜ਼ਾਬ ਵੇਖਾਂ
ਹਰ ਆਲ੍ਹਣੇ ਦੀ ਰਾਖੀ ਸ਼ਿਕਰੇ ਜਨਾਬ ਵੇਖਾਂ
ਮਾਨਵ 'ਚ ਈਰਖਾ ਅੱਜ ਕੱਲ੍ਹ ਬੇਹਿਸਾਬ ਵੇਖਾਂ
ਹੋਈ ਸਫ਼ਾ ਸਫ਼ਾ ਸਾਂਝਾਂ ਦੀ ਕਿਤਾਬ ਵੇਖਾਂ
ਸਤਲੁਜ, ਬਿਆਸ ਰੋਂਦੇ ਜਿਹਲਮ ਚਨਾਬ ਵੇਖਾਂ
ਕਿਸ ਕਦਰ ਹੋ ਗਿਆ ਲਾਵਾਰਸ ਪੰਜਾਬ ਵੇਖਾਂ
ਹਾਲਾਤ ਮੋੜ ਕਟਦੇ ਕੁਝ ਇਉਂ ਸ਼ਤਾਬ ਵੇਖਾਂ
ਮਿਲਦੇ ਗਲੀਂ ਕਦੀ ਮੈਂ ਦੋਵੇਂ ਪੰਜਾਬ ਵੇਖਾਂ
ਸਾਰੇ ਉਦਾਸ ਮੂੰਹਾਂ ਤੇ ਫੇਰ ਤਾਬ ਵੇਖਾਂ
ਪਰਤੇ ਬਹਾਰ ਮੁੜ ਕੇ ਮੈਂ ਰੋਜ਼ ਖ਼ਾਬ ਵੇਖਾਂ
ਜਿਹੜੇ ਲਾਉਣ ਵਾਲੇ ਓਹੋ ਬੁਝਾਉਣ ਵਾਲੇ
ਹਰ ਥਾਂ ਚੁਫ਼ੇਰ ਗੜੀਏ ਅੱਜ ਕਾਮਯਾਬ ਵੇਖਾਂ
ਡੈਮੋਕਰੇਸੀ ਵਿਚ ਹੁੰਦੇ ਜਾਣ ਲੋਕ ਪੀਲੇ
ਪਰ ਅਰਿਸਟੋਕਰੇਸੀ ਨੂੰ ਸਿਹਤਯਾਬ ਵੇਖਾਂ
ਇਕਸਾਰ ਰੋਸ਼ਨੀ ਵੰਡੇ ਕੁਲ ਜਹਾਨ ਤਾਈਂ
ਐਸਾ ਜਹਾਨ ਤੇ ਚੜ੍ਹਦਾ ਆਫ਼ਤਾਬ ਵੇਖਾਂ
ਹੱਕਦਾਰ ਨੂੰ ਮਿਲੇ ਦਰਦੀ ਹਰ ਹਕੂਕ ਛੇਤੀ
ਮੈਂ ਦੇਸ਼ ਵਿਚ ਇਵੇਂ ਹੁੰਦਾ ਇਨਕਲਾਬ ਵੇਖਾਂ।


Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

# ਕਰਮ ਅਤੇ ਕਰਤਾ ਦਾ ਸੰਪੂਰਨ ਮਿਲਨ
# 'ਜਗਦੀਸ਼ ਸਿੰਘ ਵਰਿਆਮ'

—ਡਾ. ਲਖਵਿੰਦਰ ਜੌਹਲ

ਮਾਸਕ 'ਵਰਿਆਮ' ਦਾ ਸੰਪਾਦਕ ਜਗਦੀਸ਼ ਸਿੰਘ ਅਤੇ ਜਗਦੀਸ਼ ਸਿੰਘ ਦਾ ਮਾਸਕ 'ਵਰਿਆਮ' ਆਪਣੇ ਵਿਆਪਕ ਅਰਥ ਸੰਚਾਰ ਵਿਚ ਇਕ ਦੂਸਰੇ ਵਿਚ ਓਤਪੋਤ ਹਨ। 'ਵਰਿਆਮ' ਅਤੇ ਜਗਦੀਸ਼ ਸਿੰਘ ਨੂੰ ਨਿਖੇੜ ਕੇ ਵੇਖਣਾ ਅਸੰਭਵ ਹੈ। ਓਨਾ ਹੀ ਅਸੰਭਵ ਜਿੰਨਾ ਵਿਅਕਤੀ ਨੂੰ ਉਸਦੇ ਵਿਅਕਤੀਤਵ ਨਾਲੋਂ, ਕਲਾ-ਕ੍ਰਿਤੀ ਨੂੰ ਉਸਦੇ ਸੌਂਦਰਯ ਨਾਲੋਂ, ਕਵਿਤਾ ਨੂੰ ਉਸਦੀ ਕਾਵਿਕਤਾ ਨਾਲੋਂ, ਅਤੇ ਭਾਸ਼ਾ ਨੂੰ ਉਸਦੇ ਭਾਵ ਨਾਲੋਂ।

ਜਦੋਂ ਵਿਅਕਤੀ ਅਤੇ ਉਸਦਾ ਕਰਮ ਇਕ ਦੂਸਰੇ ਦੇ ਪਰਿਆਏ ਬਣ ਜਾਂਦੇ ਹਨ। ਜਦੋਂ ਕਰਮ ਅਤੇ ਕਰਤਾ ਇਕ ਦੂਸਰੇ ਵਿਚ ਅਭੇਦ ਹੋ ਜਾਂਦੇ ਹਨ ਉਦੋਂ ਹੀ ਸੰਪੂਰਨਤਾ ਦੇ ਸਾਖਸ਼ਾਤ ਦਰਸ਼ਨ ਹੁੰਦੇ ਹਨ। ਕਰਮ ਅਤੇ ਕਰਤਾ ਦੇ ਸੰਪੂਰਨ ਮਿਲਨ ਦੀ "ਜਗਦੀਸ਼ ਸਿੰਘ ਵਰਿਆਮ ਦਾਸਤਾਨ" ਜਦੋਂ ਪੱਚੀ ਵਰ੍ਹੇ ਪਹਿਲਾਂ ਸ਼ੁਰੂ ਹੋਈ ਸੀ, ਸਾਹਿਤ ਖੇਤਰ ਵਿਚ ਪ੍ਰਵੇਸ਼ ਕਰਨ ਵਾਲੇ ਉਦੋਂ ਦੇ ਨਵੇਂ ਮੁੰਡਿਆਂ ਦੀ ਸਾਡੀ ਢਾਣੀ ਉਸਦੀ ਸਾਖ਼ਸ਼ੀ ਹੈ।

ਲਾਡੋਵਾਲੀ ਰੋਡ ਉਤੇ ਮਾਸਿਕ 'ਵਰਿਆਮ' ਦਾ ਹੁਣ ਵਾਲਾ ਹੀ ਦਫਤਰ ਸੀ। ਹੁਣ ਵਾਲੇ ਹੀ ਲੱਕੜ ਦੇ ਰੈਕ ਸਨ। ਸਿੱਕੇ ਦੇ ਅੱਖਰ ਚੁਣ ਚੁਣ ਕੇ ਪਰਚਾ ਜੋੜਦੇ ਕੰਪੋਜ਼ੀਟਰਾਂ ਕੋਲ ਬੈਠਾ ਹੁਣ ਵਾਲਾ ਹੀ ਜਗਦੀਸ਼ ਸਿੰਘ ਹੁਣ ਵਾਂਗ ਹੀ ਮਧੁਰ ਸੁਰ ਵਿਚ ਦੁਨੀਆਂ ਭਰ ਦੀਆਂ ਗੱਲਾਂ ਸੁਣਾਉਂਦਾ ਅਤੇ ਹਰ ਆਉਣ ਵਾਲੇ ਨੂੰ ਹਸਾ ਹਸਾ ਕੇ ਦੋਹਰੇ ਤੀਹਰੇ ਕਰਦਾ ਸੀ। ਫ਼ਰਕ ਸਿਰਫ਼ ਏਨਾ ਸੀ ਕਿ ਦਾਹੜੀ ਦਾ ਰੰਗ ਕਾਲਾ ਸੀ ਪ੍ਰੰਤੂ ਦਾਹੜੀ ਦਾ ਇਹ ਕਾਲਾ ਰੰਗ ਵੀ ਸਫੈਦ ਨਾਮਧਾਰੀ ਬਾਣੇ ਵਿਚ ਇਕ ਤਰ੍ਹਾਂ ਅਭੇਦ ਹੋ ਚੁੱਕਿਆ ਸੀ ਕਿ ਕੋਈ ਕੰਟਰਾਸਟ ਨਹੀ ਸੀ ਸਿਰਜਦਾ। ਅੱਜ ਜਦੋਂ ਇਹ ਕਾਲਾ ਰੰਗ ਪੱਚੀ ਸਾਲਾਂ ਦੀ ਯਾਤਰਾ ਕਰਕੇ ਸਫ਼ੈਦ ਬਾਣੇ ਵਾਂਗ ਹੀ ਸਫ਼ੈਦ ਹੋ ਚੁਕਿਆ ਹੈ ਉਦੋਂ ਵੀ ਜਗਦੀਸ਼ ਸਿੰਘ ਉਹੀ ਜਗਦੀਸ਼ ਸਿੰਘ ਹੈ ਜੋ ਅਸੀ ਉਦੋਂ ਵੇਖਿਆ ਸੀ। ਜਿਨ੍ਹਾਂ ਅਖ਼ਬਾਰਾਂ ਵਿਚ ਅਸੀਂ ਕੰਮ ਕਰਦੇ ਸਾਂ ਉਹ ਵੀ ਉਦੋਂ ਉਨ੍ਹਾਂ ਹੀ ਸਿੱਕੇ ਦੇ ਅੱਖਰਾਂ ਨਾਲ ਜੋੜੀਆਂ ਤੇ ਛਾਪੀਆਂ ਜਾਂਦੀਆਂ ਸਨ ਜਿਨ੍ਹਾਂ ਨਾਲ ਵਰਿਆਮ ਉਦੋਂ ਤੱਕ ਛਪਦਾ ਰਿਹਾ, ਜਦੋਂ ਤੱਕ ਇਹ ਸਿੱਕੇ ਦੇ ਅੱਖਰ ਪੂਰੇ ਦੇ ਪੂਰੇ ਛਪਾਈ ਕੱਲਚਰ ਵਿੱਚੋਂ ਹੀ ਅਲੋਪ ਨਹੀਂ ਹੋ ਗਏ।

ਪੈਸੇ ਦੀ ਚਟਕ ਮਟਕ ਅਤੇ ਹੇਰ ਫੇਰ ਦੇ ਰਾਹਾਂ ਤੋਂ ਅਣਛੂਤੇ ਜਗਦੀਸ਼ ਸਿੰਘ ਦਾ 'ਵਰਿਆਮ' ਦੀ ਸਿਲਵਰ ਜੁਬਲੀ ਤੱਕ ਪਹੁੰਚ ਜਾਣਾ ਇਕ ਪਰੀ-ਕਥਾ ਵਰਗਾ ਹੈ। ਜਿਉਂ ਪਰੀਆਂ ਨੂੰ ਦੇਵਤੇ ਮਿਲਦੇ ਨੇ ਇਉਂ ਹੀ ਵਰਿਆਮ ਨੂੰ ਲੋਕਾਂ ਦਾ ਪਿਆਰ ਮਿਲਿਆ ਹੈ। ਇਹ ਪਿਆਰ ਹੀ ਉਹ ਅਦਿੱਖ ਸ਼ਕਤੀ ਹੈ ਜਿਸਨੇ ਇਸ ਚਮਤਕਾਰੀ ਸਫ਼ਰ ਨੂੰ ਚਾਂਦੀ ਰੰਗੀ ਮੰਜ਼ਿਲ ਤੱਕ ਪਹੁੰਚਾਇਆ ਹੈ। 'ਵਰਿਆਮ' ਧਾਰਮਕ ਅਤੇ ਸਾਹਿਤਕ ਪੱਤਰਕਾਰੀ ਦਾ ਇਕ ਅਜਿਹਾ ਸੁਮੇਲ ਹੈ ਜਿਸਨੂੰ ਵੱਖਰਿਆ ਕੇ ਵੇਖਣਾ ਬਹੁਤ ਮੁਸ਼ਕਲ ਹੈ। ਨਾਮਧਾਰੀ ਦਰਬਾਰ ਦਾ ਅਧਿਕਾਰਤ ਬੁਲਾਰਾ ਨਾ ਹੋਣ ਦੇ ਬਾਵਜੂਦ 'ਵਰਿਆਮ' ਨਾਮਧਾਰੀ ਦਰਬਾਰ ਦਾ ਸਰਬ-ਸਮਰੱਥ ਬੁਲਾਰਾ ਹੈ। ਪ੍ਰਮੁੱਖ ਨਾਮਧਾਰੀ ਸਰਗਰਮੀਆਂ ਦਾ ਸਾਬੁੱਧ ਦਸਤਾਵੇਜ਼। ਸਤਿਗੁਰੂ ਰਾਮ ਸਿੰਘ, ਸਤਿਗੁਰੂ ਪਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ ਅਤੇ ਸੂਬਾ ਸਾਹਿਬ ਸਿੰਘ ਬਾਰੇ 'ਵਰਿਆਮ' ਦੇ ਵਿਸ਼ੇਸ਼ ਅੰਕ ਨਾ ਸਿਰਫ਼ ਪੰਜਾਬ ਦੇ ਰਾਜਨੀਤਕ ਧਾਰਮਿਕ ਅਤੇ ਸਭਿਆਚਾਰਕ ਇਤਿਹਾਸ ਦੇ ਦਸਤਾਵੇਜ਼ ਹਨ ਸਗੋਂ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦੀ ਲਗਪਗ ਸਵਾ ਸਦੀ ਦੀ ਗਾਥਾ ਸਾਂਭੀ ਬੈਠੇ ਹਨ। ਨਾਮਧਾਰੀ ਸੰਗੀਤ ਸੰਮੇਲਨਾਂ ਅਤੇ ਖਾਸ ਕਰਕੇ ਲਖਨਊ ਅਤੇ ਔਰੰਗਬਾਦ ਸੰਗੀਤ ਸੰਮੇਲਨਾਂ ਬਾਰੇ ਵਿਸ਼ੇਸ਼ ਸਚਿੱਤਰ ਅੰਕ, ਆਪਣੀ ਹਰ ਕਿਸਮ ਦੇ ਵਿਸ਼ੇਸ਼ 'ਵਾਤਾਵਰਣ ਅੰਕ' ਅਤੇ 'ਏਸ਼ੀਆਡ ਅੰਕ' 'ਵਰਿਆਮ' ਦੀ ਵਿਲੱਖਣਤਾ ਅਤੇ ਦੂਰਅੰਦੇਸ਼ੀ ਦੇ ਲਿਖਾਇਕ ਅੰਕ ਹਨ। ਪੰਜਾਬੀ ਸਾਹਿਤ ਦੀਆਂ ਨਾਮਵਰ ਸ਼ਖਸ਼ੀਅਤਾਂ ਬਾਰੇ ਵਿਸ਼ੇਸ਼ ਅੰਕਾਂ ਵਿਚ ਡਾ. ਵਰਿਆਮ ਸਿੰਘ ਸੰਧੂ ਬਾਰੇ ਅੰਕ ਵੀ ਨਿਵੇਕਲੀ ਪੇਸ਼ਕਸ਼ ਕਿਹਾ ਜਾ ਸਕਦਾ ਹੈ। ਇਤਿਹਾਸ ਖੋਜ ਦੀ ਸਮੱਗਰੀ ਨਾਲ ਭਰਪੂਰ ਕਰਕੇ ਪੁਰਾਣੀਆਂ ਅਤੇ ਪ੍ਰਮਾਣਕ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਛਾਪ ਕੇ ਅਤੇ ਦੁਰਲੱਭ ਤਸਵੀਰਾਂ ਨੂੰ ਮੁੜ ਸੁਰਜੀਤ ਕਰਕੇ ਜਿਸ ਤਰ੍ਹਾਂ ਇਹ ਅੰਕ ਸ਼ਿੰਗਾਰੇ ਸੰਵਾਰੇ ਅਤੇ ਛਾਪੇ ਗਏ ਹਨ ਉਹ 'ਵਰਿਆਮ' ਦੀ ਸੰਪਾਦਕੀ ਸਾਰਥਕਤਾ ਦੀ ਭਰਪੂਰ ਗਵਾਹੀ ਦਿੰਦੇ ਹਨ।


Sri Satguru Jagjit Singh Ji eLibrary NamdhariElibrary@gmail.com

ਸਾਹਿਤ ਦੀਆਂ ਵਿਭਿੰਨ ਵਿਧਾਵਾਂ ਨੂੰ ਪਰਚੇ ਵਿਚ ਜਗਾਹ ਦੇਣ ਦੇ ਨਾਲ ਨਾਲ 'ਵਰਿਆਮ' ਵਲੋਂ ਸ਼ੁਰੂ ਕੀਤੇ ਗਏ ਕੁਝ ਵਿਸ਼ੇਸ਼ ਕਾਲਮ ਵੀ ਜ਼ਿਕਰ ਦੀ ਮੰਗ ਕਰਦੇ ਹਨ। ਜਿਨ੍ਹਾਂ ਵਿਚ ਪ੍ਰੀਤਮ ਸਿੰਘ ਕਵੀ ਦਾ ਕਾਲਮ 'ਬੀਤੇ ਦੀਆਂ ਪੈੜਾਂ', ਜਗਦੀਸ਼ ਸਿੰਘ ਦਾ ਆਪਣਾ ਕਾਲਮ 'ਖਿੱਲਰੇ ਪੱਤਰੇ', ਦਲਬੀਰ ਦਾ ਕਾਲਮ 'ਘੁਣਤਰਾਂ' ਸਵਿਤੋਜ ਦਾ ਕਾਲਮ 'ਹਾਜ਼ਰ ਗ਼ੈਰਹਾਜ਼ਰ', ਜਸਵੰਤ ਸਿੰਘ ਵਿਰਦੀ ਦਾ ਕਾਲਮ 'ਵਗਦੇ ਪਾਣੀ' ਆਦਿ। ਇਨ੍ਹਾਂ ਤੋਂ ਬਿਨਾਂ ਅਮਰ ਭਾਰਤੀ, ਮਾਸਟਰ ਨਿਹਾਲ ਸਿੰਘ, ਗੁਰਬਚਨ ਸਿੰਘ ਨਾਮਧਾਰੀ, ਪਿਆਰਾ ਸਿੰਘ ਦਾਤਾ, ਵਰਿਆਮ ਸਿੰਘ ਸੰਧੂ ਅਤੇ ਸਵਰਨ ਸਿੰਘ ਵਿਰਕ ਵਰਗੇ ਲੇਖਕਾਂ ਦੀਆਂ ਲਿਖਤਾਂ ਨੂੰ 'ਵਰਿਆਮ' ਦੇ ਪੰਨਿਆਂ ਵਿਚ ਪਹਿਲੀ ਵਾਰ ਛਪਣ ਦਾ ਸੁਭਾਗ ਵੀ ਪ੍ਰਾਪਤ ਹੁੰਦਾ ਰਿਹਾ ਹੈ।

ਸਰਲ ਸਾਦੀ ਛਪਾਈ ਵਿਚ ਛਪਣ ਵਾਲੇ ਇਸ ਪਰਚੇ ਨੂੰ ਸਮੱਗਰੀ ਦੀ ਸਾਰਥਕਤਾ ਅਤੇ ਇਸਦੀ ਚੋਣ ਦੇ ਤਵਾਜ਼ਨ ਦੀ ਨਜ਼ਰ ਨਾਲ ਵੇਖੀਏ ਤਾਂ ਕੋਈ ਹੋਰ ਪਰਚਾ ਇਸ ਪਰਚੇ ਦਾ ਸਾਨੀ ਨਹੀਂ ਹੈ। ਜਿੰਨੀ ਮਿਹਨਤ ਅਤੇ ਲਗਨ ਨਾਲ ਜਗਦੀਸ਼ ਸਿੰਘ ਨੇ 'ਵਰਿਆਮ' ਦੀ ਇਸ ਯਾਤਰਾ ਨੂੰ ਇਸ ਮੁਕਾਮ ਤਕ ਲੈ ਕੇ ਆਂਦਾ ਹੈ ਉਹ ਆਪਣੀ ਮਿਸਾਲ ਆਪ ਹੈ। ਲਿਖਤ-ਪੜ੍ਹਤ ਤੋਂ ਦੂਰ ਹੋ ਰਹੇ ਸਮੇਂ ਵਿਚ ਵੀ ਲਿਖਣ ਪੜ੍ਹਨ ਵਾਲਿਆਂ ਤੋਂ ਸਮੇਂ ਦੇ ਅਨੁਕੂਲ ਸਮਗਰੀ ਨੂੰ ਲਿਖਵਾ ਲੈਣਾ ਅਤੇ ਸਮਾਂ ਰਹਿੰਦੇ ਉਸਨੂੰ ਛਾਪ-ਸ਼ਿੰਗਾਰ ਕੇ ਪਾਠਕਾਂ ਤਕ ਪਹੁੰਚਾ ਦੇਣ ਦੀ ਸੰਪਾਦਕੀ-ਕਲਾ ਅਤੇ ਉਦਮ ਜਗਦੀਸ਼ ਸਿੰਘ ਦੇ ਸੁਭਾਅ ਦਾ ਸਹਿਜ ਹਾਸਲ ਹੈ। ਉਸਦੇ ਇਸੇ ਸੁਭਾਅ ਨੇ ਉਸਨੂੰ ਸਾਹਿਤ, ਸਭਿਆਚਾਰ, ਸੰਗੀਤ, ਧਰਮ ਅਤੇ ਸੰਪਾਦਨਾ ਦੇ ਖੇਤਰਾਂ ਵਿਚ ਬਹੁਪੱਖੀ ਜ਼ਿੰਮੇਵਾਰੀਆਂ ਨਿਭਾਉਣ ਦਾ ਬਲ ਬਖਸ਼ਿਆ ਹੈ। ਸਿਰਫ਼ ਅਤੇ ਸਿਰਫ਼ ਸੰਪਾਦਨਾ ਨੂੰ ਆਪਣੇ ਕਰਮ ਦਾ ਖੇਤਰ ਬਣਾ ਕੇ ਘਰ-ਗ੍ਰਹਿਸਤੀ ਨੂੰ ਚਲਾਉਣਾ ਅਤੇ ਨਿਭਾਉਣਾ ਇਸ ਗੱਲ ਦਾ ਸਬੂਤ ਹੈ ਕਿ ਜ਼ਿੰਦਗੀ ਦੀ ਸਹਿਜ ਤੋਰ ਵਿਚ ਸੱਚ ਸਾਦਗੀ ਅਤੇ ਸਾਫ਼ਗੋਈ ਨੂੰ ਕਦੇ ਆਂਚ ਨਹੀਂ ਆਉਂਦੀ। ਸ਼ਾਇਦ ਇਹੀ ਕਾਰਨ ਹੈ ਕਿ ਡਗਮਗਾਉਂਦੇ ਦਿਨਾਂ ਵਿਚ ਵੀ ਜਗਦੀਸ਼ ਸਿੰਘ ਦਾ ਮਨ ਕਦੇ ਨਹੀਂ ਡੋਲਿਆ। ਪਰਚਾ ਕਦ ਕਦਾਈਂ ਲੇਟ ਤਾਂ ਹੋਇਆ ਹੋਵੇਗਾ ਪਰ ਹਾਰ ਕੇ ਕਦੇ ਨਹੀਂ ਬੈਠਿਆ। ਨਾ ਉਸਨੇ ਕਦੇ ਸਿਰਫ਼ ਇਸ਼ਤਿਹਾਰਾਂ ਲਈ ਸਰਕਾਰਾਂ ਨਾਲ ਸਮਝੌਤੇ ਕੀਤੇ ਅਤੇ ਨਾ ਕਦੇ ਮਿਆਰੀ ਸੰਪਾਦਨਾ ਨੂੰ ਸਿੱਕਿਆ ਉਤੇ ਕੁਰਬਾਨ ਹੋਣ ਦਿੱਤਾ। ਉਸਨੇ ਪਰਚੇ ਦਾ ਇਕ ਨਿੱਗਰ ਸੰਪਾਦਕੀ ਬਿੰਬ ਸਿਰਜਿਆ ਹੈ। ਧਾਰਮਕ ਅਤੇ ਸਾਹਿਤਕ ਪੱਤਰਕਾਰੀ ਦੇ ਸੁੰਦਰ ਸੁਮੇਲ ਦਾ ਇਹ ਬਿੰਬ ਨਾ ਆਪਣੀ ਧਾਰਮਿਕਤਾ ਤੋਂ ਵਿਰਵਾ ਹੈ ਅਤੇ ਨਾ ਆਪਣੀ ਸਾਹਿਤਕਤਾ ਤੋਂ। ਸਾਹਿਤ, ਸੰਗੀਤ ਅਤੇ ਧਰਮ ਨੂੰ ਪਰਣਾਇਆ ਹੋਇਆ ਜਗਦੀਸ਼ ਸਿੰਘ ਜਲੰਧਰ ਤੋਂ ਭੈਣੀ ਸਾਹਿਬ ਤਕ, ਬਰਨਾਲੇ ਤੋਂ ਜੀਵਨ ਨਗਰ ਤੱਕ, ਥਾਈਲੈਂਡ ਤੋਂ ਨੈਰੋਬੀ ਤੱਕ, ਤਨਜ਼ਾਨੀਆ ਤੋਂ ਰੂਸ ਤੱਕ ਅਤੇ ਲੰਡਨ ਤੋਂ ਮਿਲਵਾਕੀ ਤੱਕ ਦੇ ਸਾਹਿਤ ਇਕੱਠਾਂ, ਸੰਗੀਤ ਸੰਮੇਲਨਾਂ ਅਤੇ ਨਾਮਧਾਰੀ ਸਮਾਗਮਾਂ ਵਿਚ ਪੂਰੀ ਸਰਗਰਮੀ ਅਤੇ ਉਮਾਹ ਨਾਲ ਹਾਜ਼ਰ ਹੁੰਦਾ ਰਿਹਾ ਹੈ। ਇਹ ਹਾਜ਼ਰੀ ਕਦੇ ਵੀ ਨਿਰਜਿੰਦ ਕੁਰਸੀ ਵਰਗੇ ਡੈਲੀਗੇਟਾਂ ਵਾਲੀ ਨਹੀਂ ਹੁੰਦੀ। ਇਸ ਵਿਚ ਉਹ ਸਾਰੀ ਸਰਗਰਮੀ ਸ਼ਾਮਲ ਹੁੰਦੀ ਹੈ ਜਿਸਦੀ ਸਾਰਥਿਕ ਸਮਾਗਮਾਂ ਨੂੰ ਸਦਾ ਜ਼ਰੂਰਤ ਰਹੀ ਹੈ।

ਆਪਣੇ ਸਰਲ ਸਾਦੇ ਸੁਭਾਅ ਅਤੇ ਸਦਾਚਾਰੀ ਆਚਰਣ ਵਾਲੇ ਜਗਦੀਸ਼ ਸਿੰਘ ਨੂੰ ਜ਼ਿੰਦਗੀ ਨੇ ਨਿੱਤ ਨਵੀਂ ਦਿਸ਼ਾ ਵਲ ਤੋਰਿਆ ਹੈ ਅਤੇ ਹਰ ਨਵੀਂ ਮੰਜ਼ਲ ਲਈ ਰਾਹ ਆਪਣੇ ਆਪ ਬਣੇ ਹਨ। ਇਹ ਸਭ ਕੁਝ ਕਿਵੇਂ ਹੁੰਦਾ ਹੈ ? ਸ਼ਾਇਦ ਜਨ-ਪਿਆਰ ਦਾ ਸਤਿਗੁਰੀ ਪਰਤਾਪ ਹੀ ਇਹ ਸਭ ਕੁਝ ਕਰਵਾ ਰਿਹਾ ਹੈ ਅਤੇ ਇਸ ਸਭ ਕੁਝ ਵਿੱਚ ਹੀ ਸ਼ਾਮਲ ਹੈ ਅੱਜ ਦਾ ਇਹ ਸਿਲਵਰ ਜੁਬਲੀ ਸਮਾਗਮ। ਜਿਸ ਬਾਰੇ ਕਿਸੇ ਨੇ ਤਾਂ ਕੀ ਖ਼ੁਦ ਜਗਦੀਸ਼ ਸਿੰਘ ਨੇ ਵੀ ਨਹੀਂ ਸੋਚਿਆ ਹੋਣਾ ਕਿ ਇਹ ਸਬੱਬ ਇਸ ਤਰ੍ਹਾਂ ਵੀ ਬਣ ਸਕਦਾ ਹੈ। ਇਹੀ ਹੈ ਉਹ ਚਮਤਕਾਰ, ਜੋ ਜਗਦੀਸ਼ ਸਿੰਘ ਦੀ ਸਾਧਨਾ ਦਾ ਹਾਸਲ ਹੈ। ਇਹ ਸਾਧਨਾ ਇਸੇ ਤਰਾਂ ਬਣੀ ਰਹੇ। 'ਵਰਿਆਮ' ਇਸੇ ਤਰ੍ਹਾਂ ਚਲਦਾ ਰਹੇ। ਨਵੀਆਂ ਤਕਨੀਕਾਂ ਨਾਲ ਨਵੀਆਂ ਲਿਸ਼ਕੋਰਾਂ ਜ਼ਰੂਰ ਗ੍ਰਹਿਣ ਕਰੇ, ਪਰ ਇਨਾਂ ਨਵੀਆਂ ਲਿਸ਼ਕੋਰਾਂ ਦਾ ਲਿਸ਼ਕਾਰਾ ਜਗਦੀਸ਼ ਸਿੰਘ ਦੇ ਵਿਅਕਤੀਤਵ ਉਤੇ ਨਾ ਪਵੇ। ਇਹੀ ਸਾਡੀ ਤਮੰਨਾ ਹੈ। ਕਰਮ ਅਤੇ ਕਰਤਾ ਦੇ ਸੰਪੂਰਨ ਮਿਲਨ ਦੀ 'ਜਗਦੀਸ਼ ਸਿੰਘ ਵਰਿਆਮ ਦਾਸਤਾਨ' ਆਪਣੇ ਅਗਲੇਰੇ ਉਸਾਰ ਲਈ ਇਸੇ ਤਰ੍ਹਾਂ ਦੀ ਭਾਵਨਾ ਮੰਗਦੀ ਹੈ। ਆਓ 'ਵਰਿਆਮ' ਅਤੇ ਜਗਦੀਸ਼ ਸਿੰਘ ਦੇ ਸਫ਼ਰ ਦਾ ਸਾਥ ਦੇਈਏ ਤਾਂ ਕਿ ਇਹ ਸਫ਼ਰ ਸਾਹਿਤਕ ਪੱਤਰਕਾਰੀ ਸਭਿਆਚਾਰ, ਸੰਗੀਤ ਅਤੇ ਧਰਮ ਦੇ ਖੇਤਰਾਂ ਵਿਚ ਆਪਣੇ ਯੋਗਦਾਨ ਦੀਆਂ ਹੋਰ ਹੋਰ ਮੰਜ਼ਿਲਾਂ ਤੈਅ ਕਰੇ।

*ਦੂਰਦਰਸ਼ਨ ਕੇਂਦਰ*
*ਦਿੱਲੀ*



Sri Satguru Jagjit Singh Ji eLibrary NamdhariElibrary@gmail.com

# ਜਗਦੀਸ਼ ਸਿੰਘ ਨਾਲ ਪਹਿਲੀ ਮੁਲਾਕਾਤ

—ਪਿਆਰਾ ਸਿੰਘ ਦਾਤਾ

ਸ. ਜਗਦੀਸ਼ ਸਿੰਘ ਨਾਲ ਮੇਰੀ ਮੁਲਾਕਾਤ ਕਸ਼ਮੀਰ ਵਿਖੇ ਸੰਨ ੧੯੭੨ ਨੂੰ ਹੋਈ। ਅਸੀਂ ਇਕ ਦੂਜੇ ਨੂੰ ਜਾਣਦੇ ਪਛਾਣਦੇ ਨਹੀਂ ਸੀ। ਕਸ਼ਮੀਰ ਮੈਂ ਇਸ ਤੋਂ ਪਹਿਲਾਂ ਕਈ ਵਾਰ ਗਿਆ ਸਾਂ। ਸ੍ਰ. ਜਗਦੀਸ਼ ਸਿੰਘ ਇਸ ਯਾਤਰਾ ਵਿੱਚ ਮੇਰਾ ਸਾਥੀ ਸੀ। ਉਦੋਂ ਇਹ ਨਾ ਸੰਤ ਸੀ, ਨਾ ਵਰਿਆਮ ਸੀ। ਮੇਰੇ ਵਾਂਗ ਉਹ ਮਸਤ ਮਲੰਗ ਸੀ।

ਕਸ਼ਮੀਰ ਯਾਤਰਾ ਵਿਚ ਗੁਲਮਰਗ ਇਕਠੇ ਹੋਏ।

ਅਸੀਂ ੨੧ ਜੂਨ ਸੰਨ ੧੯੭੨ ਨੂੰ ਗੁਲਮਰਗ ਯਾਤਰਾ ਸਮੇਂ ਇਕ ਦੂਜੇ ਦੇ ਸਾਥੀ ਸਾਂ।

## ਗੁਲਮਰਗ ਦੀ ਯਾਤਰਾ

੨੧ ਜੂਨ ੧੯੭੨ ਨੂੰ ਅਸੀਂ ਦੋਵੇਂ ਸਾਥੀ ਸ੍ਰੀ ਨਗਰ ਤੋਂ ਸਵੇਰੇ ਅੱਠ ਵਜੇ ਬੱਸ ਤੇ ਬੈਠ ਗਏ, ਤੇ ਦੱਸ ਕੁ ਵਜੇ ਟਨਮਰਗ ਪਹੁੰਚ ਗਏ। ਉਥੇ ਅੱਗੇ ਤਿੰਨ ਕੁ ਮੀਲ ਗੁਲਮਰਗ ਪੈਦਲ ਜਾਂ ਘੋੜਿਆਂ ਤੇ ਜਾਣ ਦਾ ਰਸਤਾ ਹੈ। ਅਸੀਂ ਪੈਦਲ ਜਾਣ ਦਾ ਫੈਸਲਾ ਕੀਤਾ। ਸਾਡੀ ਬੱਸ ਦੀਆਂ ਲੱਗਪਗ ਸਾਰੀਆਂ ਸਵਾਰੀਆਂ ਸਾਡੇ ਨਾਲ ਪੈਦਲ ਤੁਰ ਪਈਆਂ। ਇਨ੍ਹਾਂ ਯਾਤਰੀਆਂ ਵਿਚ ਕੁਝ ਇਸਤਰੀਆਂ, ਕੁਝ ਬੱਚੇ, ਇਕ ਦੋ ਬਜ਼ੁਰਗ ਤੇ ਬਾਕੀ ਹਮਾਤੜ ਸਾਥੀ ਨੌਜਵਾਨ ਹੀ ਸਨ।

ਗੁਲਮਰਗ ਦੀ ਬੜੀ ਤਿੱਖੀ ਚੜ੍ਹਾਈ ਹੈ। ਠੰਢ ਵੀ ਇਥੇ ਕਾਫੀ ਪੈਂਦੀ ਹੈ। ਇਕ ਪਾਸੇ ਤ੍ਰਿਛੀ ਤੇ ਔਖੀ ਘਾਟੀ ਹੈ। ਅਸੀਂ ਪਸੀਨਾ ਪਸੀਨਾ ਹੋ ਗਏ। ਚੜ੍ਹਾਈ ਚੜ੍ਹਨ ਤੇ ਪਸੀਨੇ ਨਾਲ ਤਰ ਹੋਣ ਦੇ ਨਾਲ ਹੀ ਠੰਢ ਨਾਲ ਕੰਬਣੀ ਸ਼ੁਰੂ ਹੋ ਗਈ। ਸਾਨੂੰ ਉਪਰ ਪਹੁੰਚਣ ਤੀਕ ਡੇਢ ਕੁ ਘੰਟਾ ਲੱਗ ਗਿਆ। ਗੁਲਮਰਗ ਪਹੁੰਚੇ ਤਾਂ ਵਰਖਾ ਵੀ ਸ਼ੁਰੂ ਹੋ ਗਈ। ਇਕ ਦਮ ਤੇਜ਼। ਕੋਈ ਕਿਧਰੇ ਦੌੜਿਆ ਕੋਈ ਕਿਧਰੇ। ਅਸਾਂ ਦੋਹਾਂ ਸਾਥੀਆਂ ਨੇ ਇਕ ਹੋਟਲ ਦੇ ਬਾਹਰ ਲੱਗੀ ਹੋਈ ਛੌਲਦਾਰੀ ਹੇਠਾਂ ਸਿਰ ਜਾ ਲੁਕਾਇਆ। ਉਸ ਸਮੇਂ ਕੁਝ ਯਾਤਰੀ ਘੋੜਿਆਂ ਤੇ ਸਵਾਰ ਹੋ ਖਿਲਨਮਰਗ, ਬਰਫ ਦੇਖਣ ਤੁਰ ਗਏ ਸਨ, ਤੇ ਕੁਝ ਤਿਆਰੀਆਂ ਵਿਚ ਹੀ ਸਨ ਕਿ ਬਾਰਸ਼ ਨੇ ਸਭ ਨੂੰ ਤਿਤਰ-ਬਿਤਰ ਕਰ ਦਿੱਤਾ। ਜਿਹੜੇ ਯਾਤਰੀ ਖਿਲਨਮਰਗ ਵੱਲ ਤੁਰ ਗਏ ਸਨ, ਉਹ ਬਾਰਸ਼ ਦੀ ਤਕੜੀ ਮਾਰ ਹੇਠਾਂ ਆਕੇ ਵਾਪਸ ਆ ਗਏ। ਬਾਰਸ਼ ਖੂਬ ਜ਼ੋਰਾਂ ਤੇ ਸੀ। ਮਿੰਟਾਂ ਵਿਚ ਹੀ ਚੌਪਾਸੀਂ ਜਲਥਲ ਹੋ ਗਿਆ। ਛੌਲਦਾਰੀ ਅੰਦਰ ਬੈਠਿਆਂ ਵੀ ਸਰਦੀ ਨਾਲ ਕਾਂਬਾ ਛਿੜ ਗਿਆ। ਇਸੇ ਹਾਲਤ ਵਿਚ ਅਸੀਂ ਖਾਣਾ ਖਾਧਾ। ਘੰਟਾ ਕੁ ਬਾਰਸ਼ ਦਾ ਇਹੀ ਹਾਲ ਰਿਹਾ। ਬਾਰਾਂ ਕੁ ਵਜੇ ਵਰਖਾ ਥੰਮ ਗਈ। ਤਾਂ ਇਕ ਦਮ ਸੈਂਕੜੇ ਘੋੜੇ ਤੇ ਯਾਤਰੀ ਮੈਦਾਨ ਵਿਚ ਆ ਨਿਤਰੇ। ਅਸੀਂ ਦੋਵੇਂ ਵੀ ਬਾਕੀ ਯਾਤਰੀਆਂ ਨਾਲ ਘੋੜਿਆਂ ਤੇ ਸਵਾਰ ਹੋ ਖਿਲਨਮਰਗ ਵੱਲ ਨਿਕਲ ਤੁਰੇ। ਹਾਲੀਂ ਦੋ ਕੁ ਫਰਲਾਂਗ ਹੀ ਗਏ ਹੋਵਾਂਗੇ ਕਿ ਬਾਰਸ਼ ਫਿਰ ਸ਼ੁਰੂ ਹੋ ਗਈ। ਸਿਰ ਤੋਂ ਲੈ ਕੇ ਪੈਰਾਂ ਤੀਕ ਪਾਣੀ ਚੋ ਰਿਹਾ ਸੀ। ਨਾਲ ਹੀ ਠੰਢ ਨਾਲ ਕੰਬਣੀ ਸ਼ੁਰੂ ਹੋ ਗਈ। ਦੰਦ ਸਰਦੀ ਨਾਲ ਆਪੋ ਵਿਚ ਵੱਜ ਰਹੇ ਸਨ। ਰਾਹ ਵਿਚ ਘੋੜੇ ਅਸੀਂ ਇਕ ਲੱਕੜੇ ਦੇ ਸ਼ੈਡ ਹੇਠ ਠਹਿਰਾਏ, ਤੇ ਨਾਲ ਹੀ ਆਪ ਵੀ ਵਾਛੜ ਤੋਂ ਬਚਣ ਲਈ ਖੜੋ ਗਏ।

ਥੋੜੀ ਦੇਰ ਨੂੰ ਬਾਰਸ਼ ਰੁਕ ਗਈ। ਫਿਰ ਦੋਵੇਂ ਘੋੜ ਸਵਾਰ ਅੱਗੇ ਨੂੰ ਤੁਰ ਪਏ। ਬਾਰਸ਼ ਫਿਰ ਸ਼ੁਰੂ ਹੋ ਗਈ। ਅਸੀਂ ਅੱਗੇ ਤੁਰੀ ਗਏ। ਕੁਝ ਚੜ੍ਹਾਈ ਚੜ੍ਹਨ ਮਗਰੋਂ ਬਾਰਸ਼ ਤੇਜ਼ ਹੋ ਗਈ। ਤੇ ਸਰਦੀ ਵੀ ਵਧ ਗਈ। ਅਸੀਂ ਦਸ ਹਜ਼ਾਰ ਫੁਟ ਦੀ ਉਚਾਈ ਤੇ ਪਹੁੰਚਣਾ ਸੀ। ਅੱਧ ਵਿਚ ਪਹੁੰਚਕੇ ਘੋੜਿਆਂ ਨੂੰ ਥੋਹੜਾ ਆਰਾਮ ਦਿਤਾ। ਨੇੜੇ ਹੀ ਇਕ ਟੁੱਟੀ ਫੁੱਟੀ ਚਾਹ ਦੀ ਦੁਕਾਨ ਹੈ। ਉਥੋਂ ਅਸੀਂ ਚਾਹ ਪੀਤੀ। ਅੱਧਾ ਘੰਟਾ ਆਰਾਮ ਕੀਤਾ। ਬਾਰਸ਼ ਵੀ ਥੰਮ ਚੁਕੀ ਸੀ। ਪਰ ਸਾਡੇ ਤੁਰਦਿਆਂ ਹੀ ਬਾਰਸ਼ ਫਿਰ ਸ਼ੁਰੂ ਹੋ ਗਈ।

ਜਿਓਂ ਜਿਓਂ ਖਿਲਨਮਰਗ ਨੇੜੇ ਆ ਰਿਹਾ ਸੀ। ਬਾਰਸ਼ ਤੇਜ਼ ਹੁੰਦੀ ਜਾ ਰਹੀ ਸੀ। ਅਸੀਂ ਦੋਵੇਂ ਆਪੋ ਵਿਚ ਵੀ ਗੱਲ ਨਹੀਂ ਸਾਂ ਕਰ ਸਕਦੇ, ਕਿਉਂਕਿ ਸਖਤ ਸਰਦੀ ਕਾਰਣ ਸਰੀਰ ਵਿਚ ਕਾਂਬੇ ਦੀ ਲਹਿਰ ਛਿੜੀ ਹੋਈ ਸੀ। ਇਸੇ ਹਾਲਤ ਵਿਚ ਅਸੀਂ ਖਿਲਨਮਰਗ ਜਾ ਪੁਜੇ। ਵਰਖਾ ਜਾਰੀ ਸੀ। ਘੋੜਿਆਂ ਤੋਂ ਉਤਰ ਕੁਝ ਦੂਰ ਪੈਦਲ ਬਰਫ ਤੀਕ ਜਾਣਾ ਸੀ। ਜਦ ਅਸੀਂ ਬਰਫ ਨੇੜੇ ਪੁਜੇ ਤਾਂ ਬਾਰਸ਼ ਹੋਰ ਤੇਜ਼ ਹੋ ਗਈ। ਨਾਲ ਹੀ ਬਰਫਬਾਰੀ ਆਰੰਭ ਹੋ ਗਈ। ਇਸੇ ਹਾਲਤ ਵਿਚ ਅਸੀਂ ਉਸ ਬਰਫ ਕੱਜੀ ਧਰਤੀ ਤੇ ਪਦ-ਯਾਤਰਾ ਕੀਤੀ ਤੇ ਘੋੜਿਆਂ ਤੇ ਚੜ੍ਹ ਗੁਲਮਰਗ ਵਲ ਤੁਰ ਪਏ। ਅਸੀਂ ਚਾਰ ਵਜੇ ਗੁਲਮਰਗ



Sri Satguru Jagjit Singh Ji eLibrary NamdhariElibrary@gmail.com

ਪਹੁੰਚ ਕੇ ਸ੍ਰੀਨਗਰ ਲਈ ਬਸ ਫੜਨੀ ਸੀ। ਪਰ ਇਥੇ ਹੀ ਚਾਰ ਵਜ ਗਏ ਸਨ।

ਵਾਪਸੀ ਤੇ ਉਸੇ ਦੁਕਾਨ ਤੋਂ ਅਸੀ ਕਾਫ਼ੀ ਦਾ ਇਕ ਇਕ ਪਿਆਲਾ ਪੀਤਾ, ਤਾਂ ਸਰੀਰ ਕੁਝ ਗਰਮ ਹੋਇਆ। ਫਿਰ ਘੋੜਿਆਂ ਤੇ ਸਵਾਰ ਹੋ ਗਏ। ਬਾਰਸ਼ ਲਗਾਤਾਰ ਵਧਦੀ ਜਾ ਰਹੀ ਸੀ। ਉਤਰਾਈ ਤੇ ਰਸਤੇ ਦੀ ਚੀਕਣੀ ਮਿੱਟੀ ਕਾਰਣ ਘੋੜੇ ਵੀ ਤਿਲਕਦੇ ਸਨ। ਅੰਤ ਰੱਬ ਰੱਬ ਕਰਕੇ ਅਸੀਂ ਗੁਲਮਰਗ ਦੇ ਨੇੜੇ ਪੁਜ ਗਏ। ਉਥੇ ਹੀ ਸਾਨੂੰ ਆਪਣੀ ਬੱਸ ਵਾਲੇ ਸਾਰੇ ਯਾਤਰੀ ਬਾਰਸ਼ ਨਾਲ ਭਿੱਜੇ ਤੇ ਠੰਡ ਨਾਲ ਕੰਬਦੇ ਮਿਲੇ। ਥੋਹੜੀ ਦੂਰ ਜਾ ਕੇ ਜਦ ਘੋੜਿਆਂ ਤੋਂ ਉਤਰੇ ਤਾਂ ਧਰਤੀ ਤੇ ਪੈਰ ਨਾ ਟਿਕਣ। ਕਦੀ ਸੱਜੇ ਡਿਗੀਏ, ਕਦੀ ਖੱਬੇ ਪਾਸੇ। ਕੁਝ ਮਿੰਟ ਸਾਡਾ ਇਹੀ ਹਾਲ ਰਿਹਾ। ਫਿਰ ਜ਼ਰਾ ਸਰੀਰ ਦੀ ਹਾਲਤ ਸੰਭਲੀ ਪਰ ਕੰਬਣੀ ਪਹਿਲਾਂ ਵਾਂਗ ਜ਼ੋਰਾਂ ਤੇ ਸੀ। ਤੇ ਬਾਰਸ਼ ਵੀ ਕਹੇ, ਮੈਂ ਅੱਜ ਵਰ੍ਹਨਾ ਹੈ। ਸ਼ਾਮ ਦੇ ਪੰਜ ਵਜਣ ਵਾਲੇ ਸਨ। ਬਸ ਨੇ ਚਾਰ ਵਜੇ ਤੁਰਨਾ ਸੀ। ਪਰ ਬਹੁਤ ਸਾਰੀਆਂ ਸਵਾਰੀਆਂ ਹਾਲੀ ਗੁਲਮਰਗ ਹੀ ਸਨ, ਇਸ ਲਈ ਖਿਆਲ ਸੀ ਬੱਸ ਸਾਨੂੰ ਜ਼ਰੂਰ ਉਡੀਕੇਗੀ।

ਸੋ ਬਸ ਮਿਲ ਹੀ ਗਈ ਤੇ ਅਸੀਂ ਸ੍ਰੀਨਗਰ ਜਾ ਪੁਜੇ। ਰਾਤ ਖਾਣਾ ਆਪਣੇ ਹਾਊਸ ਬੋਟ ਵਿਚ ਹੀ ਖਾਧਾ। ਹਾਊਸ ਬੋਟ ਦਾ ਮਾਲਕ ਮਹਿਮੂਦ ਸੀ।

ਉਦੋਂ ਜਗਦੀਸ਼ ਸਿੰਘ ਨੂੰ ਕੀ ਪਤਾ ਸੀ ਕਿ ਉਹ ਵਰਿਆਮ ਦੇ ਨਾਂ ਦਾ ਮੈਗਜ਼ੀਨ ਕਢੇਗਾ, ਜੋ ਨਿਰਾ ਪੰਜਾਬ ਵਿਚ ਹੀ ਨਹੀਂ ਨਾਮਣਾ ਖਟੇਗਾ, ਸਗੋਂ ਵਿਦੇਸ਼ਾਂ ਵਿਚ ਵੀ ਉਸ ਪਰਚੇ ਦਾ ਡੰਕਾ ਵੱਜੇਗਾ।

ਅੰਤਰ ਰਾਸ਼ਟਰੀ–ਪੰਜਾਬੀ ਕਾਨਫਰੰਸ ਬੈਂਕੌਕ ਵਿਚ ਜਗਦੀਸ਼ ਸਿੰਘ ਤੇ ਮੈਂ ਇਕਠੇ ਰਹੇ। ਇਕ ਕਰੋੜਪਤੀ ਨਾਮਧਾਰੀ ਸੱਜਣ ਦਾ ਬੜਾ ਵੱਡਾ ਨੌ ਮੰਜ਼ਲੀ ਹੋਟਲ ਸੀ। ਦੋ ਕੁ ਸੌ ਪੰਜਾਬੀ ਲੇਖਕ, ਨਾਟਕਕਾਰ, ਕਵੀ, ਨਾਮਧਾਰੀ ਸੰਸਥਾ ਦੇ ਪ੍ਰਮੁਖ ਸੱਜਣ ਪਹੁੰਚੇ ਹੋਏ ਸਨ। ਸਤਿਗੁਰ ਜਗਜੀਤ ਸਿੰਘ ਜੀ ਦੀ ਨਿਗਰਾਨੀ ਵਿਚ ਇਹ ਸਮਾਗਮ ਹੋ ਰਿਹਾ ਸੀ।

ਆਖਰੀ ਦਿਨ ਹਰ ਸੱਜਣ ਨੇ ਆਪਣੀ ਜਾਣ ਪਛਾਣ ਦਰਸਾਣੀ ਸੀ। ਮੇਰੇ ਤੋਂ ਪਹਿਲਾਂ ਡਾ. ਸ਼ਾਨ ਜੀ ਨੇ ਆਪਦੀਆਂ ਪੁਸਤਕਾਂ, ਆਪਣੀ ਵਿਦਿਅਕ ਪਰਨਾਲੀ, ਕਿਥੇ ਕਿਥੇ ਉਨ੍ਹਾਂ ਸਫਰ ਕੀਤਾ, ਜਾਂ ਕਿੰਨ੍ਹਾਂ ਕਿਨ੍ਹਾਂ ਕਾਲਜਾਂ ਤੇ ਯੂਨੀਵਰਸਟੀਆਂ ਵਿੱਚ ਕਿੰਨਾ ਕੰਮ ਕੀਤਾ। ਕਿੰਨੇ ਇਨਾਮ ਇਕਦਮ ਪ੍ਰਾਪਤ ਕੀਤੇ। ਕਿੰਨੀਆਂ ਵਡੀਆਂ ਵਡੀਆਂ ਪੁਸਤਕਾਂ ਛਾਪੀਆਂ ਤੇ ਕਿੰਨੀਆਂ ਪੁਸਤਕਾਂ ਉਨਾਂ ਦੀਆਂ ਕਾਲਜਾਂ ਤੇ ਯੂਨੀਵਰਸਟੀਆਂ ਵਿਚ ਲਗੀਆਂ ਹੋਈਆਂ ਹਨ।

ਡਾ. ਸ਼ਾਨ ਜੀ ਤੋਂ ਮਗਰੋਂ ਮੇਰੀ ਵਾਰੀ ਆਈ। ਮੈਂ ਪੰਜਾਬੀ ਵਿਚ ਆਪਣਾ ਨਾਂ ਪਤਾ ਦੱਸਿਆ, ਤੇ ਨਾਲ ਹੀ ਕਿਹਾ, ਡਾ. ਸ਼ਾਨ ਤੋਂ ਵੀਹ ਪੁਸਤਕਾਂ ਵੱਧ ਮੇਰੀਆਂ ਛਪੀਆਂ ਹਨ।

ਮੇਰੀ ਬਾਤ ਸੁਣ ਕੇ ਕਾਨਫਰੰਸ ਵਿੱਚ ਆਏ ਹੋਏ, ਲੇਖਕਾਂ ਕਲਾਕਾਰਾਂ ਤੇ ਨਾਮਧਾਰੀ ਸੰਗਤ ਨੇ ਖੂਬ ਤਾੜੀਆਂ ਮਾਰੀਆਂ। ਕਿੰਨਾ ਚਿਰ ਹੱਸ ਹੱਸ ਲੋਕੀ ਲੋਟਪੋਟ ਹੁੰਦੇ ਰਹੇ।

ਉਸ ਮਗਰੋਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਜਿਥੇ ਮੈਨੂੰ ਦਰਸ਼ਨ ਹੁੰਦੇ, ਮੈਂ ਕਹਿੰਦਾ, ਮਹਾਰਾਜ ਮੈਨੂੰ ਪਛਾਣਿਆ ਹੈ ? ਅਗੋਂ ਉਹ ਹਸ ਹਸ ਕਹਿੰਦੇ, ਦਾਤਾ ਜੀ। ਤੁਹਾਨੂੰ ਕਿਵੇਂ ਭੁਲ ਸਕਦੇ ਹਾਂ। ਜਿਨ੍ਹਾਂ ਨੇ ਡਾ. ਸ਼ਾਨ ਤੋਂ ਵੀਹ ਪੁਸਤਕਾਂ ਵਧ ਲਿਖੀਆਂ ਹਨ।

ਗਲਾਂ ਚੋਂ ਗਲ ਚਲਦੀ ਹੈ ਉਸ ਕਾਨਫਰੰਸ ਵਿਚ ਮੈਂ ਤੇ ਆਪਣੇ ਮਿੱਤਰ ਪਿਆਰੇ ਸ. ਜਗਦੀਸ਼ ਸਿੰਘ ਨੇ ਬੜਾ ਅਨੰਦ ਮਾਣਿਆ।

ਤੇ ਹੁਣ ਉਸ ਜਗਦੀਸ਼ ਸਿੰਘ ਜੀ ਦੇ ਮਾਸਕ ਪੱਤਰ 'ਵਰਿਆਮ' ਦੀ ਸਿਲਵਰ ਜੁਬਲੀ ਹੈ।

ਇਸ ਪੂਰੀ ਸਦੀ ਦਾ ਚੌਥਾ ਹਿੱਸਾ ਵਰਿਆਮ ਨੇ ਬੜੀ ਸ਼ਾਨ ਨਾਲ ਬਿਤਾਇਆ। ਇਨ੍ਹਾਂ ਸਾਲਾਂ ਵਿੱਚ ਕਈ ਮੁਸ਼ਕਲਾਂ ਵਾਪਰੀਆਂ। ਹਰ ਮਹੀਨੇ ਪੇਪਰ ਖਰੀਦਣਾ, ਵਰਿਆਮ ਦੀ ਛਪਵਾਈ ਆਦ ਮੁਸ਼ਕਲਾਂ ਚੋਂ ਇਹ ਪਰਚਾ ਲੰਘਿਆ। ਕਦੀ ਕਾਗਜ਼, ਕਦੀ ਛਪਵਾਈ, ਕਦੀ ਮਸ਼ੀਨਾਂ ਦੀਆਂ ਕਠਨਾਈਆਂ, ਪਰ ਧੰਨ ਹਨ, ਸ. ਜਗਦੀਸ਼ ਸਿੰਘ ਜੀ, ਉਨ੍ਹਾਂ ਆਪਣੇ ਪੈਰਾਂ ਤੇ ਖੜੋ ਕੇ ਇਨ੍ਹਾਂ ਕਠਨਾਈਆਂ, ਮੁਸ਼ਕਲਾਂ ਪਰੇਸ਼ਾਨੀਆਂ, ਮਾਇਆ ਦੀਆਂ ਤੰਗੀਆਂ ਆਦਿ ਨੂੰ ਖਿੜੇ ਮੱਥੇ ਝਲਿਆ।

ਮੇਰਾ ਸੰਦੇਸ਼ ਸ. ਜਗਦੀਸ਼ ਸਿੰਘ ਅਤੇ ਵਰਿਆਮ ਨੂੰ ਪੁਚਾ ਦਿਤਾ ਜਾਵੇ, ਕਿ ਵਰਿਆਮ ਅਗੇ ਤੋਂ ਵਧ ਉਨਤੀ ਕਰੇਗਾ। ਤੇ ਸ. ਜਗਦੀਸ਼ ਸਿੰਘ ਜੀ ਨੂੰ ਪਿਛਲੇ ੨੫-੨੬ ਸਾਲ ਜਿੰਨੀ ਕੁ ਉਨ੍ਹਾਂ ਨੇ ਮਿਹਨਤ ਕੀਤੀ, ਉਸਦੀ ਅਸੀਂ ਦਿਲੋਂ ਮਨੋਂ ਦਾਦ ਦੇਂਦੇ ਹਾਂ। ਸ੍ਰ. ਜਗਦੀਸ਼ ਸਿੰਘ ਤੇ ਵਰਿਆਮ ਜ਼ਿੰਦਾਬਾਦ।

*੮੦/੧੪ ਬੀ. ਮਾਲਵੀਆ ਨਗਰ*
*ਨਵੀਂ ਦਿੱਲੀ*



Sri Satguru Jagjit Singh Ji eLibrary NamdhariElibrary@gmail.com

# ਸੰਤਾਂ ਵਰਗਾ ਮਨੁੱਖ

—ਸੁਖਜੀਤ

ਜਗਦੀਸ਼ ਸਿੰਘ ਵਰਿਆਮ– 'ਵਰਿਆਮ' ਦੇ ਸੰਪਾਦਕ ਹਨ, ਸਾਹਿਤਕਾਰ ਹਨ, ਸੰਗੀਤਕਾਰ ਹਨ। ਵਰਿਆਮ ਜੀ, ਸੰਪਾਦਕ, ਸਾਹਿਤਕਾਰ, ਸੰਗੀਤਕਾਰ ਹੋਣ ਤੋਂ ਪਹਿਲਾਂ ਨਾਮਧਾਰੀ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਸੇਵਕ ਹਨ।

ਸਿਆਣੇ ਕਹਿੰਦੇ ਨੇ ਹਰ ਇੱਕ ਵੱਡੇ ਰਾਹ ਵਿੱਚ ਕੁੱਝ ਨਿੱਕੇ ਨਿੱਕੇ ਰਾਹ ਵੀ ਹੁੰਦੇ ਹਨ। ਇਸੇ ਤਰ੍ਹਾਂ ਹਰ ਵੱਡੇ ਸਮਾਜ ਵਿੱਚ ਕੁੱਝ ਹੋਰ ਸਮਾਜ ਵੀ ਸਮਾਏ ਹੁੰਦੇ ਹਨ, ਜਿਵੇਂ ਭਾਰਤੀ ਸਮਾਜ ਵਿਚ ਪੰਜਾਬੀ ਸਮਾਜ, ਸਿੱਖ ਸਮਾਜ ਤੇ ਅੱਗੇ ਨਾਮਧਾਰੀ ਸਮਾਜ। ਅਨੇਕਾਂ ਲੋਕ ਮਸਾਂ ਹੀ ਕਿਸੇ ਇੱਕ ਸਮਾਜ ਵਿੱਚ ਪਛਾਣ ਬਣਾਉਂਦੇ ਹਨ, ਪਰ ਜਗਦੀਸ਼ ਵਰਿਆਮ ਜੀ ਨਾਮਧਾਰੀ ਭਾਈਚਾਰੇ ਦਾ ਮਹੱਤਵਪੂਰਨ ਅੰਗ ਹੁੰਦਿਆਂ ਸਿੱਖ ਸਮਾਜ ਤੋਂ ਵੀ ਅਗਾਂਹ ਵਿਸ਼ਵ ਭਾਈਚਾਰੇ ਦੇ ਜ਼ਿੰਮੇਵਾਰ ਪਾਤਰ ਹਨ। ਉਂਜ ਨਾਮਧਾਰੀਆਂ ਵਿੱਚ ਹਰ ਕਿਸੇ ਨੂੰ 'ਸੰਤ ਜੀ' ਕਹਿਣ ਦਾ ਪ੍ਰਚਲਣ ਹੈ, ਪਰ ਜਗਦੀਸ਼ ਵਰਿਆਮ ਹੋਰਾਂ ਨੂੰ 'ਸੰਵੇਦਨਸ਼ੀਲ ਕਿਰਤੀ ਮਨੁੱਖ' ਆਖਣਾ ਮੈਨੂੰ ਜ਼ਿਆਦਾ ਢੁਕਵਾਂ ਲੱਗਦਾ ਹੈ। ਉਹਨਾਂ ਦੀ ਵਿਲੱਖਣਤਾ ਹੈ ਕਿ ਜਿੰਨੇ ਪਿਆਰ ਨਾਲ 'ਆਸਤਿਕਾਂ' ਨੂੰ ਮਿਲਦੇ ਹਨ ਓਨੇ ਨਾਲ ਹੀ 'ਨਾਸਤਿਕਾਂ' ਨੂੰ। ਆਸਤਿਕ ਅਤੇ ਨਾਸਤਿਕ ਵੀ ਉਹਨਾਂ ਦਾ ਇੱਕੋ ਜਿੰਨਾ ਮਾਣ ਕਰਦੇ ਹਨ। ਜਿਵੇਂ ਨਾਮਧਾਰੀਆਂ ਵਿੱਚ ਕਲਮਾਂ ਵਾਲੇ ਵੀ ਤੇ ਬੰਦੂਕਾਂ ਵਾਲੇ ਵੀ ਉਹਨਾਂ ਨੂੰ ਇੱਕੋ ਜਿਹਾ ਆਪਣਾ ਸਮਝਦੇ ਹਨ ਤਿਵੇਂ ਉਹ ਸੇਠਾਂ, ਵਿੱਚ ਤੇ 'ਹੇਠਾਂ ਵਾਲਿਆਂ' ਵਿੱਚ ਸਮਾਨ-ਮਕਬੂਲ ਹਨ। ਜਿੰਨੇ ਅਰਾਮ ਨਾਲ ਉਹ ਸੇਠ ਤਰਲੋਕ ਸਿੰਘ ਹੋਰਾਂ ਦੀ ਵਿਸ਼ਾਲ ਕੋਠੀ ਦੇ ਵੱਡੇ ਕਮਰੇ ਵਿੱਚ ਰਾਤ ਬਿਤਾ ਸਕਦੇ ਹਨ, ਉਸ ਅਰਾਮ ਨਾਲ ਹੀ ਉਹ ਸੁਰਜੀਤ ਖੁਰਸ਼ੀਦੀ ਦੇ ਕਿਤਾਬਾਂ ਨਾਲ ਭਰੇ ਨਿੱਕੇ ਜਿਹੇ ਕਮਰੇ ਦੀ ਸਫ਼ (ਚਟਾਈ) ਉੱਤੇ ਰਾਤ ਕੱਟ ਸਕਦੇ ਹਨ। ਉਹ ਉਹਨਾਂ ਚੋਂ ਹਨ ਜਿਹੜੇ ਮਿਲ ਜਾਏ ਤਾਂ ਸ਼ੁਕਰ ਕਰਦੇ ਹਨ ਨਾ ਮਿਲੇ ਤਾਂ ਸਬਰ। ਇਸ ਲਈ ਮੈਂ ਉਹਨਾਂ ਨੂੰ ਸੰਤ ਨਹੀਂ ਆਖਦਾ (ਕਿਉਂਕਿ ਅੱਜ ਕਲ 'ਸੰਤ' ਇਸ ਤਰ੍ਹਾਂ ਦੇ ਨਹੀਂ ਹੁੰਦੇ)। ਸੋ ਵਰਿਆਮ ਜੀ ਸੰਤ ਨਹੀਂ ਹਨ। 'ਸੰਤਾਂ ਵਰਗੇ ਮਨੁੱਖ' ਹਨ ਜਿਹਨਾਂ ਨੂੰ ਸਾਹਿਤ, ਸੰਗੀਤ, ਸਮਾਜ ਅਤੇ ਧਰਮ ਦੀ ਪੂਰੀ ਸਮਝ ਹੈ। ਸਤਿਗੁਰੂ, ਸਿੱਖ, ਸੰਗਤ, ਕਿਰਤ, ਸਿਮਰਨ, ਸ਼ਰਧਾ ਦੇ ਬਾਹਰੀ ਅਤੇ ਅੰਤਰੀਵ ਭਾਵ ਉਹਨਾਂ ਦੇ ਲਹੂ ਵਿੱਚ ਰਚੇ ਹੋਏ ਹਨ। ਏਸੇ ਲਈ ਸਤਿਗੁਰੂ ਪ੍ਰਤੀ ਉਹਨਾਂ ਦੀ ਸ਼ਰਧਾ 'ਅੱਖਾਂ ਵਾਲੀ' ਹੈ ਅੰਨ੍ਹੀ ਨਹੀਂ। ਅੰਨ੍ਹੀ ਸ਼ਰਧਾ ਨੂੰ ਠੋਕਰ ਵੱਜ ਜਾਂਦੀ ਹੈ ਤੇ ਕਈ ਵਾਰੀ ਵੱਡੀ ਠੋਕਰ ਸ਼ਰਧਾ ਦੇ ਟੁੱਟ ਜਾਣ ਦਾ ਕਾਰਨ ਬਣ ਜਾਂਦੀ ਹੈ। ਪਰ ਜਗਦੀਸ਼ ਵਰਿਆਮ ਹੋਰਾਂ ਦੀ ਸ਼ਰਧਾ ਸਮਝ ਦੀ, ਸੂਝ ਦੀ ਅਤੇ ਜਾਨਣ ਵਾਲੇ ਦੀ ਸ਼ਰਧਾ ਹੈ। ਸਿਧਾਂਤ ਅਤੇ ਵਿਸ਼ਵਾਸ ਦੀ ਸ਼ਰਧਾ ਹੈ। ਇਸ ਸ਼ਰਧਾ ਦੇ ਕਾਰਨ ਹੀ ਵਰਿਆਮ ਜੀ ਪਿਛਲੇ ੨੫ ਸਾਲਾਂ ਤੋਂ ਆਪਣੇ ਸਤਿਗੁਰੂ ਦੇ ਚਰਨਾਂ ਵਿੱਚ ਅਰਘ ਦੇ ਰਹੇ ਹਨ। ਸ਼ਬਦਾਂ ਦੀ ਵਗਦੀ ਸੁੱਚੀ ਧਾਰਾ ਦਾ ਅਰਘ। ਜੇ ਇਹ ਕਹਿ ਲਿਆ ਜਾਵੇ ਤਾਂ ਗਲਤ ਨਹੀਂ ਹੋਵੇਗਾ ਕਿ ਇਹ ਸਿਲਵਰ ਜੁਬਲੀ 'ਵਰਿਆਮ' ਦੀ ਨਹੀਂ, ਸ਼ਰਧਾ ਦੀ ਸਿਲਵਰ ਜੁਬਲੀ ਹੈ। ਗੁਰੂ ਅਤੇ ਸਿੱਖ ਦੇ ਰਿਸ਼ਤੇ ਅੰਦਰਲੇ ਅਥਾਹ ਵਿਸ਼ਵਾਸ ਦੀ ਸਿਲਵਰ ਜੁਬਲੀ ਹੈ। ਜਿਹੜਾ ਮਨੁੱਖ ੨੫ ਸਾਲਾਂ ਤੋਂ ਸੁੱਚੇ ਮੋਤੀਆਂ ਵਰਗੇ ਸਾਹਿਤਕ ਅਤੇ ਸੰਗੀਤਕ ਸ਼ਬਦਾਂ ਨੂੰ ਗੁਰੂ-ਚਰਨਾਂ ਵਿੱਚ ਅਰਪਣ ਕਰ ਰਿਹਾ ਹੈ, ਜੋ ਆਪਣੇ ਤਨ ਮਨ ਨੂੰ ਲੈਅ-ਬੱਧ ਅਤੇ ਸੁਰ ਕਰਕੇ ਆਪਣੇ ਇਸ਼ਟ ਦੇ ਸਨਮੁੱਖ ਪ੍ਰੇਮ-ਮਈ ਰਾਗ ਅਲਾਪ ਰਿਹਾ ਹੈ, ਉਸ 'ਸੰਤਾਂ ਵਰਗੇ ਮਨੁੱਖ' ਦੀਆਂ ਸ਼ਰਧਾਮਈ ਭਾਵਨਾਵਾਂ ਦੀ ਸਿਲਵਰ ਜੁਬਲੀ ਹੈ। ਸ਼ਬਦਾਂ ਦੀ ਕਿਰਤ ਕਰਦਿਆਂ ਜਿੱਥੇ ਉਹ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ, ਉੱਥੇ ਸਾਹਿਤਅਰਥ ਦੇ ਸਿਮਰਨ ਨਾਲ ਹਰ ਮਹੀਨੇ ਵਰਿਆਮ-ਮਾਲਾ ਵਿੱਚ ਇੱਕ ਅਰਥ-ਭਰਪੂਰ ਮਣਕਾ ਪਰੋ ਰਹੇ ਹਨ। ਇਸ ਮਣਕੇ ਦੀ ਪ੍ਰਾਪਤੀ ਨਾਲ ਨਾਮਧਾਰੀ ਅਤੇ ਸਾਹਿਤ ਜਗਤ ਵਿੱਚ ਜਿਸ ਖੁਸ਼ੀ ਅਤੇ ਤਸੱਲੀ ਦਾ ਅਨੁਭਵ ਕੀਤਾ ਜਾਂਦਾ ਹੈ, ਉਹ ਕਹਿਣ ਸੁਨਣ ਤੋਂ ਬਾਹਰ ਹੈ।

ਵਰਿਆਮ ਨੇ ੨੫ ਸਾਲ ਸਾਡੀ ਸਾਹਿਤਕ ਭੁੱਖ ਹੀ ਨਹੀਂ ਪੂਰੀ ਕੀਤੀ ਸਗੋਂ ਸਮਾਜ ਦੀਆਂ ਖਾਸ ਕਰਕੇ ਨਾਮਧਾਰੀ ਸਮਾਜ ਦੀਆਂ ਹਰ ਤਰ੍ਹਾਂ ਦੀਆਂ ਸਰਗਰਮੀਆਂ ਤੋਂ ਜਾਣੂੰ ਕਰਵਾਇਆ ਹੈ। ਇੱਕ ਅਹਿਮ ਗੱਲ ਇਹ ਵੀ ਹੈ ਕਿ ਵਰਿਆਮ ਇੱਕ 'ਦਸਤਾਵੇਜ਼' ਬਣ ਗਿਆ ਹੈ। ਇਤਹਾਸਿਕ ਦਸਤਾਵੇਜ਼। ਵਰਿਆਮ ਦੇ ਅੰਕਾਂ ਦੀਆਂ ਜਿਲਦਾਂ 'ਹਵਾਲਾ ਗ੍ਰੰਥ' ਵਾਂਗੂ ਵਰਤੀਆਂ ਜਾਂਦੀਆਂ ਹਨ। ਸਤਿਗੁਰੂ ਰਾਮ ਸਿੰਘ ਦੇ '੨੨



Sri Satguru Jagjit Singh Ji eLibrary NamdhariElibrary@gmail.com

ਸੂਬਿਆਂ' ਦੀ ਸੂਚੀ ਚਾਹੀਦੀ ਹੈ, ਵਰਿਆਮ ਦੇ ਕਿਸੇ ਅੰਕ ਵਿੱਚੋਂ ਮਿਲ ਜਾਵੇਗੀ। ਏਸੇ ਤਰ੍ਹਾਂ 'ਮਲੇਰਕੋਟਲੇ ਦੇ ੬੬ ਸ਼ਹੀਦਾਂ' ਦੀ ਵੀ ਤੇ 'ਰਾਏਕੋਟ' ਜਾਂ 'ਅੰਮ੍ਰਿਤਸਰ ਦੇ ਸ਼ਹੀਦਾਂ' ਦੀ ਸੂਚੀ ਵੀ। ਵਰਿਆਮ ਤੁਹਾਨੂੰ ਇਹ ਵੀ ਪਤਾ ਦੇਵੇਗਾ ਕਿ ਸਤਿਗੁਰੂ ਜਗਜੀਤ ਸਿੰਘ ਅਫ਼ਰੀਕਾ, ਇੰਗਲੈਂਡ, ਥਾਈਲੈਂਡ ਜਾਂ ਕਿਸੇ ਹੋਰ ਦੇਸ਼ ਦੇ ਕਿਨਵੇਂ ਦੌਰੇ ਉੱਤੇ ਕਦੋਂ ਗਏ ਸਨ, ਅਤੇ ਉਹਨਾਂ ਦੇਸ਼ਾਂ ਦੇ ਕਿਸ ਕਿਸ ਖਾਸ ਸ਼ਖਸਾਂ ਨੇ ਚਰਨ ਪਰਸੇ ਅਤੇ ਕੀ ਕੀ ਵਿਚਾਰ ਵਿਅਕਤ ਕੀਤੇ ਸਨ ? ਵਰਿਆਮ ਦਾ ਕੋਈ ਹੋਰ ਅੰਕ ਇਹ ਸੂਚਨਾ ਦੇਵੇਗਾ ਕਿ ੨੭ ਮਾਰਚ ੧੯੮੧ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ੍ਰੀਮਤੀ ਇੰਦਰਾ ਨੇ ਕਿਹੜੀ ਤਕਰੀਰ ਕੀਤੀ। ਤੁਸੀਂ ਸ੍ਰੀਮਤੀ ਇੰਦਰਾ ਅਤੇ ਗਿਆਨੀ ਜ਼ੈਲ ਸਿੰਘ ਦੀ ਤਕਰੀਰ ਦਾ 'ਅੱਖਰ ਅੱਖਰ' ਪੜ੍ਹ ਸਕੋਗੇ ਤੇ ਇਹ ਵੀ ਗਿਆਤ ਹੋਵੇਗਾ ਕਿ ਉਸ ਵਕਤ ਸ੍ਰੀਮਤੀ ਗਾਂਧੀ ਨੇ ਕਿਹੜੀ ਸਾੜ੍ਹੀ ਪਹਿਨੀ ਹੋਈ ਸੀ ? ਮਹਾਨ ਬੋਧੀ ਸਾਧੂ ਡਾ. ਸੁਚਾਹਟ ਨੇ ਸ਼ਾਂਤੀ ਮੰਦਰ ਦਾ ਨੀਂਹ ਪੱਥਰ ਸਤਿਗੁਰੂ ਜੀ ਕੋਲੋਂ, ਕਦੋਂ ਕਿੱਥੇ ਤੇ ਕਿੰਞ ਰਖਵਾਇਆ ? ਅਤੇ ਇਹ ਵੀ ਕਿ ਥਾਈਲੈਂਡ ਵਿਖੇ ਕਰਨਲ ਚਮਲੌਂਗਸੀ ਨੇ ੩ ਮਈ ੧੯੮੧ ਨੂੰ ਸ਼ਾਕਾਹਾਰ ਬਾਰੇ ਜਿਹੜੀ ਮਹੱਤਵਪੂਰਨ ਤਕਰੀਰ ਕੀਤੀ ਉਹ ਕਿਹੜੀ ਹੈ ? ਇੱਥੇ ਹੀ ਬਸ ਨਹੀਂ ਸੰਗੀਤ ਪ੍ਰੇਮੀਆਂ ਨੂੰ ਪਿਛਲੇ ੨੫ ਸਾਲਾਂ ਦੇ ਸੰਗੀਤ ਬਾਰੇ ਸਾਰੇ ਦਾ ਸਾਰਾ ਵਿਵਰਣ ਮਿਲ ਜਾਵੇਗਾ। ਸੰਗੀਤ ਸੰਮੇਲਨਾਂ ਅਤੇ ਸੰਗੀਤਕਾਰਾਂ ਬਾਰੇ ਪੂਰਣ-ਜਾਣਕਾਰੀ ਮਿਲੇਗੀ, ਇਥੋਂ ਤੱਕ ਕਿ 'ਫਲਾਣੇ' ਥਾਂ 'ਫਲਾਣੇ ਸਮੇਂ' 'ਆਹ ਸੰਗੀਤਕਾਰ' ਉਸ ਵਕਤ ਦੇ 'ਇਸ ਰਾਗ' ਨੂੰ ਗਾ ਜਾਂ ਵਜਾ ਰਿਹਾ ਸੀ ਤੇ ਉਸ ਨਾਲ ਤਬਲੇ 'ਤੇ ਸੰਗਤ 'ਆਹ ਸੱਜਣ' ਦੇ ਰਿਹਾ ਸੀ। ਏਨੀਆਂ ਮਹੱਤਵਪੂਰਨ ਇਤਿਹਾਸਕ ਜਾਣਕਾਰੀਆਂ, ਏਨੀ ਸੌਖੀ ਤਰ੍ਹਾਂ, ਬੇਹੱਦ ਸਰਲ ਅਤੇ ਸਪੱਸ਼ਟ ਵਿਧੀ ਨਾਲ ਸ਼ਾਇਦ ਹੋਰ ਕਿੱਧਰੋਂ ਨਾ ਮਿਲ ਸਕਣ। ਕਮਾਲ ਅਤੇ ਅਚੰਭੇ ਦੀ ਗੱਲ ਇਹ ਹੈ ਕਿ ਏਨੀ ਮਹੱਤਤਾ ਵਾਲੇ ਏਸ ਸਾਰੇ ਕੰਮ ਨੂੰ ਕੋਈ ਸੰਸਥਾ ਨਹੀਂ ਕਰ ਰਹੀ। ਕਰ ਰਿਹਾ ਹੈ ਤਾਂ 'ਵਰਿਆਮ ਅਕੇਲਾ'। ਸੱਚਮੁੱਚ ਏਸ 'ਸੰਤਾਂ ਵਰਗੇ ਮਨੁੱਖ' ਜਗਦੀਸ਼ ਸਿੰਘ ਵਰਿਆਮ ਉੱਤੇ 'ਨਾਮਧਾਰੀ ਭਾਈਚਾਰੇ' ਤੋਂ ਲੈ ਕੇ 'ਵਿਸ਼ਵ ਭਾਈਚਾਰੇ' ਤੱਕ ਹਰ ਕਿਸੇ ਨੂੰ ਮਾਣ ਹੈ। ਸਤਿਗੁਰੂ ਜਗਜੀਤ ਸਿੰਘ ਕਿਰਪਾ ਕਰਨ ਵਰਿਆਮ ਜੀ ਨੂੰ ਏਸੇ ਤਰ੍ਹਾਂ ਨਿਵਾਜਦੇ ਰਹਿਣ ਤੇ ਅੱਗੋਂ ਉਹ ਸਾਨੂੰ ਸਾਰਿਆਂ ਨੂੰ ਏਵੇਂ ਸਰਸ਼ਾਰ ਕਰਦੇ ਰਹਿਣ। •
ਆਮੀਨ !

*ਸ੍ਰੀ ਭੈਣੀ ਸਾਹਿਬ*

## "ਮੁਬਾਰਕਾਂ"

ਮਾਸਿਕ ਪੱਤਰ "ਵਰਿਆਮ" ਦੇ ਪੰਝੀ ਸਾਲ ਪੂਰੇ ਕਰਨ ਤੇ ਸ੍ਰ. ਜਗਦੀਸ਼ ਸਿੰਘ ਨੂੰ ਉਨ੍ਹਾਂ ਦੇ ਸਾਹਸ ਤੇ ਸਿਰੜ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਥੋੜ੍ਹੀ ਹੈ, ਕਿਉਂਕਿ ਇਕ ਨਿਰੋਲ ਸਾਹਿਤਕ ਤੇ ਸਾਫ਼ ਸੁਥਰੇ ਪੰਜਾਬੀ ਮਾਸਿਕ ਪਰਚੇ ਨੂੰ ਨਿਰੰਤਰ ਚਾਲੂ ਰੱਖਣਾ ਆਪਣੇ ਆਪ ਵਿਚ ਇਕ ਸੰਘਰਸ਼ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਸ ਕਾਰਜ ਨੂੰ ਸਫ਼ਲ ਕਰਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਦਾ ਉਨ੍ਹਾਂ ਦੇ ਸਿਰ ਤੇ ਹਮੇਸ਼ਾ ਮਿਹਰ ਭਰਿਆ ਹੱਥ ਰਿਹਾ ਹੈ।

ਬਹੁਤ ਹੀ ਸਾਦਾ ਤੇ ਮਿਲਣਸਾਰ ਸੁਭਾਅ ਵਾਲੇ ਸ੍ਰ. ਜਗਦੀਸ਼ ਸਿੰਘ ਦਾ ਕਈ ਸੰਸਥਾਵਾਂ ਵਿਚ ਉੱਘਾ ਯੋਗਦਾਨ ਰਿਹਾ ਹੈ, ਜਿਨ੍ਹਾਂ ਵਿਚ ਇਕ ਹੈ ਸੰਸਾਰ ਪ੍ਰਸਿੱਧ ਸਾਲਾਨਾ ਹਰਿਬਲਭ ਸੰਗੀਤ ਸੰਮੇਲਨ, ਜਿਸ ਨਾਲ ਉਹ ਸ਼ੁਰੂ ਤੋਂ ਹੀ ਜੁੜੇ ਹੋਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਆਪ ਮਹਾਨ ਸੰਗੀਤਕਾਰ ਹਨ ਤੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਦੇ ਮੁੱਖ ਸਰੋਤ ਹਨ। ਉਹ ਹਰਿਬਲਭ ਸੰਗੀਤ ਸੰਮੇਲਨ ਦੀ ਸਫਲਤਾ ਵਿਚ ਇਕ ਬਹੁਤ ਵਡੇ ਯੋਗਦਾਨੀ ਹਨ ਅਤੇ ਸ੍ਰੀ ਹਰਿਬਲਭ ਸੰਗੀਤ ਮਹਾਂਸਭਾ ਵਿਚ ਉਨਾਂ ਦੀ ਨੁਮਾਇੰਦਗੀ ਸ੍ਰ. ਜਗਦੀਸ਼ ਸਿੰਘ ਜੀ ਕਰਦੇ ਹਨ। ਮਾਸਿਕ 'ਵਰਿਆਮ' ਵਾਹਿਦ ਇਕੋ ਇਕ ਪੱਤਰ ਹੈ, ਜਿਸ ਦਾ ਸਾਹਿਤਿਕ ਤੇ ਸਮਾਜਿਕ ਗਤੀਵਿਧੀਆਂ ਦੇ ਨਾਲ ਨਾਲ ਸ਼ਾਸਤਰੀ ਸੰਗੀਤ ਸੰਬੰਧੀ ਭਰਪੂਰ ਜਾਣਕਾਰੀ ਇਕ ਮਹੱਤਵਪੂਰਨ ਅੰਗ ਹੈ ਅਤੇ ਇਸ ਸ਼ਲਾਘਾਯੋਗ ਯਤਨ ਦਾ ਸਿਹਰਾ ਸ੍ਰ. ਜਗਦੀਸ਼ ਸਿੰਘ ਦੇ ਸਿਰ ਹੀ ਹੈ।

ਅਸੀਂ ਸਭ ਇਸ ਸ਼ੁਭ ਮੌਕੇ ਤੇ ਸ੍ਰ. ਜਗਦੀਸ਼ ਸਿੰਘ ਨੂੰ ਦਿਲੀ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੀ ਲੰਮੀ ਉਮਰ ਅਤੇ ਤੰਦਰੁਸਤੀ ਦੀ ਕਾਮਨਾ ਕਰਦੇ ਹਾਂ, ਤਾ ਕਿ ਉਹ "ਵਰਿਆਮ" ਦੀ ਗੋਲਡਨ ਜੁਬਲੀ ਮਨਾਉਣ ਤੇ ਸਾਹਿਤਿਕ ਪੱਤਰਕਾਰੀ ਦੇ ਖੇਤਰ ਵਿਚ ਨਵੇਂ ਮਾਪਦੰਡ ਸਥਾਪਤ ਕਰਨ।

*—ਸੁਰਜੀਤ ਸਿੰਘ ਅਜੀਮਲ*

*ਮੁੱਖ ਇੰਜੀਨੀਅਰ, ਪੰਜਾਬ ਰਾਜ ਬਿਜਲੀ ਬੋਰਡ (ਰੀਟਾਇਰਡ)*

*ਡਾਇਰੈਕਟਰ, ਸ੍ਰੀ ਬਾਬਾ ਹਰਿਬਲਭ ਸੰਗੀਤ ਮਹਾਸਭਾ, ਜਲੰਧਰ।*



Sri Satguru Jagjit Singh Ji eLibrary NamdhariElibrary@gmail.com

# ਸਦਾ ਚਲਦੇ ਰਹਿਣ ਵਰਿਆਮ

—ਬਲਦੇਵ ਰਾਜ ਮਨੋਤਾ

ਜਲੰਧਰ ਦੇ ਲਾਡੋਵਾਲੀ ਰੋਡ ਉਤੇ ਢੱਠ ਚੁੱਕੀ ਮਦਨ ਫਲੋਰ ਮਿੱਲ ਦੇ ਲਾਗੇ ਸਕੂਟਰਾਂ ਕਾਰਾਂ ਵਿਚ ਪਾਉਣ ਵਾਲੇ ਮੋਬਾਇਲ ਤੇਲ ਅਤੇ ਡਿਪੂਆਂ ਨੂੰ ਮਿੱਟੀ ਦਾ ਤੇਲ ਸਪਲਾਈ ਕਰਨ ਵਾਲੇ ਡੀਲਰਾਂ ਦੀਆਂ ਦੁਕਾਨਾਂ ਵਿਚ ਘਿਰਿਆ ਹੋਇਆ "ਮਾਸਿਕ ਵਰਿਆਮ" ਦਾ ਦਫਤਰ, ਆਮ ਬੰਦੇ ਨੂੰ ਲੱਭਣ ਵਿਚ ਤਾਂ ਮੁਸ਼ਕਲ ਪੇਸ਼ ਆ ਸਕਦੀ ਹੈ, ਪਰ ਵਰਿਆਮ ਦੇ ਚਹੇਤਿਆਂ ਅਤੇ ਸਾਹਿਤਕਾਰਾਂ ਨੂੰ ਨਹੀਂ। ਉਹ ਤਾਂ ਅੱਖਾਂ ਮੀਟੀ ਹੀ ਦਫਤਰ ਦੇ ਅੱਗੇ ਆ ਕੇ ਲੱਤ ਲਾਉਂਦੇ ਹਨ। ਇਹ ਦਫਤਰ ਸਿਰਫ ਵਰਿਆਮ ਦਾ ਹੀ ਦਫਤਰ ਨਹੀਂ, ਨਾਲ ਲਗਦਾ 'ਕੇਂਦਰੀ ਪੰਜਾਬੀ ਲੇਖਕ ਸਭਾ ਜਲੰਧਰ, ਦਾ ਵੀ ਦਫਤਰ ਹੈ। ਦਫਤਰ ਐਡਾ ਸਜਿਆ ਹੋਇਆ ਨਹੀਂ। ਬਸ ਨੀਵੇਂ ਜਿਹੇ ਕਮਰੇ ਵਿਚ ਪੁਰਾਣੇ ਜਿਹੇ ਕਾਊਂਟਰ ਦੇ ਲਾਗੇ ਇਕ ਲੱਕੜ ਦੀ ਕੁਰਸੀ ਸੰਪਾਦਕ ਸਾਹਿਬ ਦੀ ਅਤੇ ਸਾਹਮਣੇ ਬੈਠਣ ਲਈ ਪੁਰਾਣੇ ਮਾਡਲ ਦੀਆਂ ਲੋਹੇ ਦੀਆਂ ਦੋ ਕੁਰਸੀਆਂ ਤੇ ਹੁਣੇ ਹੀ ਲਿਆਂਦੀਆਂ ਚਾਰ ਕੁਰਸੀਆਂ ਨਵੇਂ ਡਿਜ਼ਾਇਨ ਦੀਆਂ। ਵਾਧੇ-ਘਾਟੇ ਲਈ ਦੋ ਕੁ ਸਟੂਲ ਰੱਖੇ ਹੋਏ ਹਨ। ਕੰਧ ਨਾਲ ਲੱਗੀਆਂ ਹੋਈਆਂ ਰੈਕਾਂ ਪੁਰਾਣੇ ਵਰਿਆਮਾਂ ਨਾਲ ਅਤੇ ਕਿਤਾਬਾਂ ਰਿਸਾਲਿਆਂ ਨਾਲ ਭਰੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਇਸੇ ਦਫਤਰ ਵਿਚ ਬੈਠ ਕੇ ਹੀ ਜਗਦੀਸ਼ ਸਿੰਘ, "ਵਰਿਆਮ" ਰਸਾਲਾ ਤਿਆਰ ਕਰਦੇ ਹਨ। ਇਸੇ ਦਫਤਰ ਤੋਂ ਵਰਿਆਮ ਦੀ ਪ੍ਰਕਾਸ਼ਨਾ ਹੁੰਦੀ ਹੈ ਅਤੇ ੨੬ ਸਾਲ ਤੋਂ ਲਗਾਤਾਰ ਪ੍ਰਕਾਸ਼ਤ ਹੋ ਰਿਹਾ ਹੈ।

ਦਫਤਰ ਦੀ ਗੱਲ ਤੋਂ ਯਾਦ ਆ ਗਿਆ— ਇਕ ਵਾਰ ਅਫਰੀਕਾ ਤੋਂ ਵਰਿਆਮ ਦੇ ਪਾਠਕ (ਔਰਤ-ਮਰਦ) ਲੱਭਦੇ ਲਭਾਉਂਦੇ ਇਥੇ ਆ ਗਏ। ਦੇਖ-ਪਾਖ ਕੇ ਔਰਤ ਕਹਿਣ ਲੱਗੀ, "ਅਫਰੀਕਾ ਵਿਚ ਮੈਂ ਵਰਿਆਮ ਦੇ ਦਫਤਰ ਬਾਰੇ ਜੋ ਸੋਚਦੀ ਸੀ, ਉਹ ਕੁਝ ਤਾਂ ਇਥੇ ਹੈ ਨਹੀਂ। ਮੈਂ ਸਮਝਦੀ ਸੀ ਬਹੁਤ ਵੱਡਾ ਦਫਤਰ ਹੋਵੇਗਾ......ਮਸ਼ੀਨਾਂ ਹੋਣਗੀਆਂ, ਕੰਪਿਊਟਰ ਹੋਣਗੇ......ਤੇ ਹੋਰ ਅਮਲਾ ਹੋਵੇਗਾ।......ਪਰ ਇਥੇ ਤਾਂ ਕੁਝ ਵੀ ਨਹੀਂ ਪੁਰਾਣੀਆਂ ਕਿਤਾਬਾਂ ਤੋਂ ਸਿਵਾ! ਓਦਾਂ ਤਾਂ ਵਰਿਆਮ ਦੀਆਂ ਬੜੀਆਂ ਗੱਲਾਂ ਹੁੰਦੀਆਂ ਹਨ।"

......ਦਫਤਰ ਭਾਵੇਂ ਕਿੱਦਾਂ ਦਾ ਵੀ ਹੋਵੇ, ਪਰ ਇਸ ਵਿਚੋਂ ਤਿਆਰ ਹੋ ਕੇ ਜੋ ਮੈਗਜ਼ੀਨ 'ਵਰਿਆਮ' ਨਿਕਲਦਾ ਹੈ, ਉਸਦੀ ਤਾਂ ਨਾਮਧਾਰੀ ਸਮਾਜ ਵਿਚ ਅਤੇ ਸਾਹਿਤਕ ਹਲਕਿਆਂ ਵਿਚ ਬਹੁਤ ਡੂੰਘੀ ਪਛਾਣ ਹੈ ਅਤੇ ਚੰਗੀ ਪੁਜ਼ੀਸ਼ਨ ਹੈ। ਵਰਿਆਮ ਦੀ ਪੁਜ਼ੀਸ਼ਨ ਤਾਂ ਜੋ ਹੈ ਸੋ ਹੈ, ਜਗਦੀਸ਼ ਸਿੰਘ ਵਰਿਆਮ ਦੀ ਬਹੁਤ ਹੀ ਜ਼ਿਆਦਾ ਹਰ ਥਾਂ ਪੁੱਛ-ਦੱਸ ਹੈ, ਕਿਉਂਕਿ ਇਕ ਤਾਂ ਉਹ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਹਨ ਅਤੇ ਦੂਜੇ ਉਹ ਕੇਂਦਰੀ ਪੰਜਾਬੀ ਲਿਖਾਰੀ ਸਭਾ ਜਲੰਧਰ ਦੇ ਪ੍ਰਧਾਨ ਵੀ ਹਨ।

ਵਰਿਆਮ ਦੇ ਸਿਲਵਰ ਜੁਬਲੀ ਸਮਾਗਮਾਂ ਨੂੰ ਚਲਦਿਆਂ ਤਾਂ ਸਾਲ ਤੋਂ ਵੀ ਉਪਰ ਹੋ ਚੁੱਕਾ ਹੈ। ਸਭ ਥਾਈਂ ਕੀ ਅਫਰੀਕਾ, ਕੀ ਇੰਗਲੈਂਡ, ਤੇ ਹੋਰ ਕਈ ਬਾਹਰਲੇ ਮੁਲਕਾਂ ਵਿਚ ਸਿਲਵਰ ਜੁਬਲੀ ਦੇ ਜਸ਼ਨ ਹੋ ਚੁੱਕੇ ਹਨ। ਇਥੋਂ ਤੱਕ ਕਿ ਸਾਡੇ ਆਪਣੇ ਦੇਸ਼ ਵਿਚ ਵੀ ਜਿਥੇ ਜਿਥੇ ਵੀ ਵਰਿਆਮ ਦੇ ਸਨੇਹੀ ਰਹਿੰਦੇ ਹਨ, ਹਰ ਜਗ੍ਹਾ ਜਗਦੀਸ਼ ਸਿੰਘ ਨੂੰ ਸੱਦ ਕੇ ਸਮਾਗਮ ਕੀਤੇ ਗਏ ਹਨ ਅਤੇ ਵਰਿਆਮ ਜੀ ਨੂੰ ਸਨਮਾਨਤ ਕੀਤਾ ਗਿਆ ਹੈ।

ਹੁਣ ਸ. ਜਗਦੀਸ਼ ਸਿੰਘ ਵਰਿਆਮ ਵਲੋਂ ਸਿਲਵਰ ਜੁਬਲੀ ਸਮਾਗਮ ਵੱਡੀ ਪੱਧਰ ਤੇ ਮਨਾਇਆ ਜਾ ਰਿਹਾ ਹੈ। ਇਸੇ ਸਬੰਧ ਵਿਚ ਵਰਿਆਮ ਦਾ ਇਕ ਵਿਸ਼ੇਸ਼ ਅੰਕ ਵੀ ਕੱਢਿਆ ਜਾ ਰਿਹਾ ਹੈ। ਉਸ ਵਿਚ ਛਪਣ ਲਈ ਅਨੇਕਾਂ ਲੇਖਕਾਂ, ਸਾਹਿਤਕਾਰਾਂ, ਬੁਧੀਜੀਵੀਆਂ, ਅਖਬਾਰ-ਨਵੀਸਾਂ ਅਤੇ ਹੋਰ ਕਈ ਵਿਦਵਾਨਾਂ ਨੇ ਆਪਣੇ ਸ਼ਬਦਾਂ ਦੇ ਮੋਤੀਆਂ ਨਾਲ ਸਜਾ ਕੇ "ਜਗਦੀਸ਼ ਸਿੰਘ ਵਰਿਆਮ" ਬਾਰੇ ਅਤੇ "ਮਾਸਿਕ ਵਰਿਆਮ" ਬਾਰੇ ਆਪਣੀਆਂ ਰਚਨਾਵਾਂ ਤੇ ਵਧਾਈ ਸੰਦੇਸ਼ ਭੇਜੇ ਹਨ। ਪਤਾ ਨਹੀਂ ਕਿਉਂ ਮੇਰਾ ਵੀ ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਦੀ ਭੀੜ ਵਿਚ ਆਪਣੀਆਂ ਕੁਝ ਗੱਲਾਂ ਲਿਖਕੇ ਵਰਿਆਮ ਦੀ ਕਿਸੇ ਨੁੱਕਰ ਵਿਚ ਫਸਾਉਣ ਨੂੰ ਜੀ ਕਰਦਾ ਹੈ। ਹਾਲਾਂ ਕਿ ਮੈਨੂੰ ਲਿਖਣਾ ਨਹੀਂ ਆਉਂਦਾ, ਪਰ ਫਿਰ ਵੀ ਜਦੋਂ ਕਦੇ ਇਥੇ ਦਫਤਰ ਵਿਚ ਪ੍ਰਸਿੱਧ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਆਉਂਦੇ ਹਨ ਤਾਂ ਮਜ਼ਾਕ ਨਾਲ ਹੱਸਦੇ-ਹੱਸਦੇ ਕਹਿ ਦਿੰਦੇ ਹਨ—"ਤੂੰ ਵੀ ਕੁਝ ਲਿਖਿਆ ਕਰ!" ਇਸੇ ਤਰ੍ਹਾਂ ਹੀ ਜਗਦੀਸ਼ ਵਰਿਆਮ ਵੀ ਇਥੇ ਆਏ ਲੇਖਕਾਂ ਨਾਲ ਹਾਸੇ-ਮਜ਼ਾਕ ਦੀਆਂ ਗੱਲਾਂ ਕਰਦੇ-ਕਰਦੇ ਕਹਿ ਦਿੰਦੇ ਹਨ— "ਲਿਖਣ ਦਾ ਕੀ ਏ......ਥੋੜ੍ਹਾ ਜਿੰਨਾ ਤਾਂ ਸਾਡਾ ਬੰਦਾ ਵੀ



Sri Satguru Jagjit Singh Ji eLibrary NamdhariElibrary@gmail.com

ਲਿਖ ਲੈਂਦਾ ਹੈ।" ਇਸ ਗੱਲ ਨੂੰ ਸਾਹਮਣੇ ਰੱਖ ਕੇ ਹੀ ਲਿਖ ਰਿਹਾ ਹਾਂ, ਸ਼ਾਇਦ ਕਿਸੇ ਨੁੱਕਰ ਵਿਚ ਜਗ੍ਹਾ ਮਿਲ ਹੀ ਜਾਏ।

ਲਿਖਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਮੈਂ ਮਾਸਿਕ ਵਰਿਆਮ ਵਿਚ ਨੌਕਰੀ ਕਰਦਾ ਹਾਂ ਅਤੇ ਬਹੁਤ ਸਾਰੀਆਂ ਗੱਲਾਂ ਤੋਂ ਜਾਣੂੰ ਹਾਂ ਅਤੇ ਜਗਦੀਸ਼ ਵਰਿਆਮ ਦੇ ਬਹੁਤ ਨੇੜੇ ਰਹਿੰਦਾ ਹਾਂ। ਜਗਦੀਸ਼ ਵਰਿਆਮ ਦੀ ਨੇੜਤਾ ਬਹੁਤ ਸਾਰੇ ਬੰਦਿਆਂ ਨਾਲ ਹੈ। ਉਨ੍ਹਾਂ ਦਾ ਹਰ ਬੰਦੇ ਨਾਲ ਗੱਲਬਾਤ ਕਰਨ ਦਾ ਅੰਦਾਜ਼ ਵੱਖਰਾ-ਵੱਖਰਾ ਹੈ। ਅਤੇ ਗੱਲਾਂ ਗੱਲਾਂ ਵਿਚ ਹੀ ਹਰ ਇਕ ਦਾ ਮਨ ਮੋਹ ਲੈਂਦੇ ਹਨ। ਤੇ ਬਾਰ-ਬਾਰ ਇਨ੍ਹਾਂ ਨੂੰ ਮਿਲਣ ਨੂੰ ਜੀ ਕਰਦਾ ਰਹਿੰਦਾ ਹੈ। ਪਰ ਮੇਰੀ ਨੇੜਤਾ ਸਿਰਫ ਕੰਮ ਤੱਕ ਦੀ ਸੀਮਤ ਨਹੀਂ ਹੈ, ਕੁਝ ਦੇਰ ਤੋਂ ਉਹ ਜ਼ਿੰਮੇਵਾਰੀ ਵੀ ਦੇਣ ਲੱਗ ਪਏ ਹਨ ਤੇ ਦਫਤਰ ਮੇਰੇ ਹਵਾਲੇ ਛੱਡ ਕੇ ਇਕ-ਦੋ ਮਹੀਨੇ ਵਿਦੇਸ਼ ਵੀ ਰਹਿ ਆਉਂਦੇ ਹਨ। ਇਕ ਵਾਰ ਦਾ ਮੌਕਿਆ ਹੈ- ਪਹਿਲਾਂ ਤਾਂ ਉਨ੍ਹਾਂ ਨੂੰ ਵੀਜ਼ਾ ਨਾ ਮਿਲ ਸਕਿਆ, ਫਿਰ ਇਕਦਮ ਫੋਨ ਆ ਗਿਆ ਕਿ ਆਪ ਦਾ ਵੀਜ਼ਾ ਮਨਜ਼ੂਰ ਹੋ ਗਿਆ ਹੈ ਤੇ ਫਲਾਣੀ ਤਰੀਕ ਨੂੰ ਸੀਟ ਵੀ ਓ. ਕੇ. ਹੋ ਗਈ ਹੈ, ਇਸ ਲਈ ਜਲਦੀ ਤਿਆਰੀ ਕਰਕੇ ਦਿੱਲੀ ਆ ਜਾਓ। ਜਾਣ ਲੱਗੇ ਮੈਨੂੰ ਕਹਿਣ ਲੱਗੇ—ਮੈਟਰ ਤਾਂ ਸਾਰਾ ਤਿਆਰ ਹੈ ਥੋੜ੍ਹੀ ਜਿਹੀ ਕਸਰ ਰਹਿੰਦੀ ਹੋਊ ਤਾਂ ਆਪ ਦੇਖ ਕੇ ਮੈਟਰ ਪਾ ਲਈਂ। ਹੁਣ ਤੇਰੀ ਜ਼ਿੰਮੇਵਾਰੀ ਹੈ ਤੂੰ ਹੀ ਨਿਸ਼ਚਿਤ ਤਰੀਕ ਤੇ ਪਰਚਾ ਪੋਸਟ ਕਰਨਾ ਹੈ। ਇਸ ਤਰ੍ਹਾਂ ਹੀ ਇਕ ਵਾਰ ਇੰਗਲੈਂਡ ਤੋਂ ਬੈਠਿਆਂ ਹੀ ਫੋਨ ਤੇ ਮੈਨੂੰ ਸਭ ਕੁਝ ਦੱਸਕੇ ਉਨ੍ਹਾਂ ਪਰਚਾ ਪੋਸਟ ਕਰਵਾਇਆ ਸੀ।

ਜਦੋਂ ਮੈਂ ਕੰਪੋਜ਼ਿੰਗ ਦਾ ਕੰਮ ਕਰਦਾ ਹੁੰਦਾ ਸੀ ਤਾਂ ਅਸੀਂ ਪਰੂਫ ਕੱਢਕੇ ਇਨ੍ਹਾਂ ਨੂੰ ਦੇ ਦਿੰਦੇ ਸਾਂ। ਕਿੰਨੇ ਕਿੰਨੇ ਦਿਨ ਇਨ੍ਹਾਂ ਦਾ ਪਰੂਫ ਪੜ੍ਹਨ ਦਾ ਟਾਈਮ ਨਾ ਲੱਗਣਾ। ਤੇ ਇਨ੍ਹਾਂ ਕਹਿਣਾ ਕੋਈ ਬੰਦਾ ਰੱਖ ਲੈਣਾ ਚਾਹੀਦਾ ਹੈ ਜਿਹੜਾ ਮੇਰੀ ਮੱਦਦ ਕਰ ਦਿਆ ਕਰੇ। ਮੈਂ ਕਿਹਾ ਜੇ ਕਹੋ ਤਾਂ ਮੈਂ ਫਸਟ ਰੀਡਿੰਗ ਕਰ ਦਿਆ ਕਰਾਂਗਾ। ਇਨ੍ਹਾਂ ਦੇ ਬਿਨਾਂ 'ਹਾਂ' ਕਰਨ ਤੋਂ ਪਰੂਫ ਪੜ੍ਹਕੇ ਇਨ੍ਹਾਂ ਨੂੰ ਦੇ ਦਿਆ ਕਰਨੇ। ਏਨੇ ਨਾਲ ਇਨ੍ਹਾਂ ਨੂੰ ਕੁਝ ਸੁਖਾਲ ਹੋ ਗਈ। ਹੁਣ ਵੀ ਇਨ੍ਹਾਂ ਦੀ ਮਰਜ਼ੀ ਹੋਵੇ ਤਾਂ ਪਹਿਲੀ ਰੀਡਿੰਗ ਕਰਕੇ ਗਲਤੀਆਂ ਲਾ ਦੇਈਦੀਆਂ ਹਨ। ਕਦੇ ਕਦੇ ਪਰਚੇ ਬਾਰੇ ਸਲਾਹ ਵੀ ਕਰ ਲੈਂਦੇ ਹਨ। ਹਰ ਮਹੀਨੇ ਪਰਚੇ ਦੀ ਡੇਟ ਤੋਂ ਇਕ ਹਫਤਾ ਪਹਿਲਾਂ ਹੀ ਤਿਆਰੀ ਫੜਦੇ ਹਨ। ਜ਼ਿਆਦਾ ਕੰਮ ਹੋਵੇ ਤਾਂ ਉਲਝ ਵੀ ਜਾਂਦੇ ਹਨ। ਫਿਰ ਰਾਤਾਂ ਲਾ ਕੇ ਟਾਈਮ ਦੇ ਟਾਈਮ ਪਰਚਾ ਤਿਆਰ ਕਰ ਦਿੰਦੇ ਹਨ। ਇਹ ਇਨ੍ਹਾਂ ਦੀ ਖਾਸੀਅਤ ਹੈ।

### ਵਰਿਆਮਾਂ ਦਾ ਭੁਲੇਖਾ

ਸ. ਜਗਦੀਸ਼ ਵਰਿਆਮ ਦਾ ਨਾਂਅ ਅਕਸਰ ਦੋ ਵਰਿਆਮਾਂ ਨਾਲ ਜੁੜ ਜਾਂਦਾ ਹੈ— ਇਕ ਤਾਂ ਹਨ ਪ੍ਰਸਿੱਧ ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ ਅਤੇ ਦੂਜੇ ਹਨ ਡਾਕਟਰ ਵਰਿਆਮ ਸਿੰਘ ਰਾਜਪੂਤ। ਪਰ ਜਗਦੀਸ਼ ਸਿੰਘ ਵਰਿਆਮ, ਵਰਿਆਮ ਸਿੰਘ ਨਹੀਂ, ਉਹਨਾਂ ਦਾ ਤਾਂ ਤਖੱਲਸ ਬਣ ਗਿਆ ਹੈ 'ਵਰਿਆਮ'। ਭਾਵੇ ਵਰਿਆਮ ਮੈਗਜ਼ੀਨ ਨੂੰ ਨਿਕਲਦਿਆਂ ੨੬ ਸਾਲ ਹੋ ਗਏ ਹਨ, ਪਰ ਕਈ ਪੜ੍ਹੇ ਲਿਖੇ ਲੋਕਾਂ ਨੂੰ ਅਜੇ ਵੀ ਭੁਲੇਖਾ ਪੈ ਜਾਂਦਾ ਹੈ ਕਿ ਸੰਪਾਦਕ ਦਾ ਅਸਲ ਨਾਂ ਕੀ ਹੈ। ਬਹੁਤ ਵਾਰ ਐਸਾ ਹੋ ਜਾਂਦਾ ਹੈ। ਜਗਦੀਸ਼ ਸਿੰਘ ਦੀ ਗ਼ੈਰ ਹਾਜ਼ਰੀ ਵਿਚ ਅਕਸਰ ਹੁਣ ਵੀ ਕੋਈ ਦਫਤਰ ਆ ਕੇ ਮੈਨੂੰ ਪੁੱਛਦਾ ਹੈ— "ਵਰਿਆਮ ਸਿੰਘ ਕਿਥੇ ਨੇ ?" ਅੱਗੋਂ ਪੁੱਛੀਦਾ— "ਕਿਹੜਾ ਵਰਿਆਮ ਸਿੰਘ!" "ਉਹੀ ਜਿਹੜਾ ਰਸਾਲਾ ਛਾਪਦਾ"। "ਉਹ ਤਾਂ ਜਗਦੀਸ਼ ਸਿੰਘ ਵਰਿਆਮ ਐ!" "ਓਹਦਾ ਨਾਂਅ ਵਰਿਆਮ ਸਿੰਘ ਨਹੀਂ!, ਕਹਿੰਦੇ ਤਾਂ ਸਾਰੇ ਉਹਨੂੰ ਵਰਿਆਮ ਆ।" ਇਸੇ ਤਰ੍ਹਾਂ ਕੋਈ ਕੋਈ ਲੇਖਕ ਸਾਹਿਤਕਾਰ ਵੀ ਏਸ ਭੁਲੇਖੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਪੁੱਛਦਾ ਹੈ— "ਵਰਿਆਮ ਸਿੰਘ ਸੰਧੂ ਨੂੰ ਮਿਲਣਾ।" "ਉਹ ਤਾਂ ਜੀ ਲਾਇਲਪੁਰ ਖਾਲਸਾ ਕਾਲਜ ਹੋਣਗੇ।" "ਨਹੀਂ.....ਜਿਹੜੇ ਲੇਖਕ ਸਭਾ ਦੇ ਪ੍ਰਧਾਨ ਨੇ।" "ਅੱਛਾ ਅੱਛਾ, ਆਓ ਬੈਠੋ, ਹੁਣੇ ਘਰ ਫੋਨ ਕਰਕੇ ਗੱਲ ਕਰਵਾ ਦੇਨੇ ਆਂ।" ਇਸੇ ਤਰ੍ਹਾਂ ਹੀ ਇਕ ਵਾਰ ਮੈਨੂੰ ਜਗਦੀਸ਼ ਭਾਅ ਜੀ ਨੇ ਦਿਲਕੁਸ਼ਾ ਮਾਰਕੀਟ ਬੈਂਕ ਆਫ ਬੜੌਦਾ ਵਿਚ ਪੈਸੇ ਲੈਣ ਭੇਜਿਆ। ਜਿਸ ਵੇਲੇ ਮੈਡਮ ਸਾਹਿਬਾ ਚੈੱਕ ਪਾਸ ਕਰਨ ਲੱਗੀ ਤਾਂ ਆਵਾਜ਼ ਦੇ ਕੇ ਬੋਲੀ—"ਵਰਿਆਮ ਦਾ ਚੈੱਕ ਕੌਣ ਲੈ ਕੇ ਆਇਆ ? ਇਧਰ ਆਵੇ।" "ਮੈਡਮ, ਮੈਂ ਲੈ ਕੇ ਆਇਆ, ਦੱਸੋ।" "ਇਹ ਡਾਕਟਰ ਵਰਿਆਮ ਸਿੰਘ ਦਾ ਚੈਕ ਆ ?" ਅੱਗੋਂ ਮੈਂ ਕਿਹਾ, "ਜੀ ਨਹੀਂ, ਇਹ ਜਗਦੀਸ਼ ਸਿੰਘ ਵਰਿਆਮ ਦਾ ਚੈਕ ਹੈ।" ਮੈਡਮ ਦੀ ਕੁਝ ਤਸੱਲੀ ਹੋਈ ਤੇ ਕੁਝ ਛਿੱਥੀ ਜਿਹੀ ਹੋ ਕੇ ਕਹਿੰਦੀ—"ਅੱਛਾ.....ਜਗਦੀਸ਼ ਸਿੰਘ ਵਰਿਆਮ......ਮੈਂ ਸਮਝੀ ਸੀ ਡਾਕਟਰ ਵਰਿਆਮ ਸਿੰਘ ਰਾਜਪੂਤ ਦੇ ਪੈਸੇ ਹਨ।" ਇਸ ਤਰ੍ਹਾਂ ਕਦੇ-ਕਦੇ ਰੌਲਾ ਜਿਹਾ ਪੈ ਜਾਂਦਾ ਹੈ। ਸੈਂਟਰਲ ਟਾਊਨ ਦੀ ਗੁਰਦੁਆਰਾ ਕਮੇਟੀ ਵੀ ਜਦੋਂ ਕਦੇ ਨਗਰ ਕੀਰਤਨ ਵਾਸਤੇ ਉਗਰਾਹੀ ਕਰਨ ਆਵੇ ਤਾਂ ਪ੍ਰਧਾਨ ਜੀ ਵੀ ਇਹੀ ਕਹਿ ਦਿੰਦੇ ਹਨ—"ਵਰਿਆਮ



Sri Satguru Jagjit Singh Ji eLibrary NamdhariElibrary@gmail.com

ਸਿੰਘ ਅਜੇ ਆਏ ਨਹੀਂ।" ਇਨ੍ਹਾਂ ਦੇ ਨਾਂਅ ਦੀ ਪੁਸ਼ਟੀ ਤਾਂ ਕਰ ਦੇਈਦੀ ਹੈ, ਪਰ ਪ੍ਰਧਾਨ ਜੀ ਭੁਲ ਜਾਂਦੇ ਹਨ ਤੇ ਅਗਲੀ ਵਾਰ ਉਗਰਾਹੀ ਤੇ ਫਿਰ ਉਹੀ "ਵਰਿਆਮ ਸਿੰਘ" ਦੀ ਰਟ ਲਾਉਂਦੇ ਹਨ। ਤੇ ਉਨ੍ਹਾਂ ਦਾ ਭੁਲੇਖਾ ਦਿਮਾਗ 'ਚੋਂ ਨਿਕਲਦਾ ਨਹੀਂ।

ਵਰਿਆਮ ਬਾਰੇ ਕੀ ਲਿਖਾਂ ? ਆਪਣੇ ਮੂੰਹੋਂ ਆਪਣੀ ਤਾਰੀਫ਼ ਕਰਨੀ ਚੰਗੀ ਗੱਲ ਨਹੀਂ : ਕਿਉਂਕਿ ਅਸੀਂ ਤਾਂ ਤਿਆਰ ਕਰਦੇ ਹਾਂ। ਇਸ ਦੀ ਚੰਗੀ ਮਾੜੀ ਤਾਰੀਫ਼ ਕਰਨੀ ਤਾਂ ਪਾਠਕਾਂ ਦਾ ਕੰਮ ਹੈ। ਸਾਡਾ ਕੰਮ ਹੈ ਵਰਿਆਮ ਤਿਆਰ ਕਰਨਾ। ਵਰਿਆਮ ਵਿਚ ਪ੍ਰਤੀਕਿਰਿਆਵਾਂ ਛਪਦੀਆਂ ਰਹਿੰਦੀਆਂ ਹਨ। ਬਹੁਤੇ ਤਾਂ ਖਤ ਤਰੀਫ਼ਾਂ ਦੇ ਹੀ ਹੁੰਦੇ ਹਨ, ਪਰ ਕਈ ਪਾਠਕ ਵਰਿਆਮ ਦੀਆਂ ਗਲਤੀਆਂ ਵੀ ਫੜ ਲੈਂਦੇ ਹਨ ਤੇ ਕਰਾਰੀ ਪ੍ਰਤੀਕਿਰਿਆ ਲਿਖਕੇ ਭੇਜਦੇ ਹਨ। ਪਰ ਵਰਿਆਮ ਆਪਣੀ ਨੁਕਤਾਚੀਨੀ ਵਾਲੀਆਂ ਚਿਠਿਆਂ ਪਹਿਲਾਂ ਛਾਪਦਾ ਹੈ। ਇਕ ਵਾਰ ਇੰਗਲੈਂਡ ਤੋਂ ਸੁਰਜੀਤ ਸਿੰਘ ਜੀਤ ਨੇ ਆਪਣੀ ਪ੍ਰਤੀਕਿਰਿਆ ਇੰਝ ਜ਼ਾਹਿਰ ਕੀਤੀ ਸੀ– "ਸਾਰਾ ਵਰਿਆਮ ਪੜ੍ਹਿਆ, ਪੜ੍ਹਕੇ ਬੜਾ ਅਨੰਦ ਆਇਆ। ਪਰ ਇਕ ਗੱਲੋਂ ਗੁੱਸਾ ਆਇਆ ਕਿ ਹੋਵੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਵਾਲਾ ਮਹੀਨਾ.....ਤੇ ਵਰਿਆਮ ਨੇ ਇਕ ਵੀ ਸ਼ਬਦ ਸਤਿਗੁਰੂ ਜੀ ਬਾਰੇ ਨਾ ਲਿਖਿਆ ਹੋਵੇ, ਕਿੰਨੀ ਮਾੜੀ ਗੱਲ ਹੈ। ਵਰਿਆਮ ਵਗਾਹ ਕੇ ਪਰੇ ਸੁੱਟ ਦਿੱਤਾ ਤੇ ਮਨ ਬੜਾ ਦੁਖੀ ਹੋਇਆ।" ਸੋ ਇਸ ਤਰ੍ਹਾਂ ਦੀਆਂ ਚੰਗੀਆਂ ਬੁਰੀਆਂ ਤਾਂ ਪਾਠਕ ਜਨ ਹੀ ਦੱਸਦੇ ਹਨ। ਤੇ ਦੱਸਦੇ ਰਹਿਣਗੇ। ਵਰਿਆਮ ਆਪਣੀਆਂ ਗਲਤੀਆਂ ਨੂੰ ਛੁਪਾਉਂਦਾ ਨਹੀਂ, ਸਗੋਂ ਪ੍ਰਤੀਕਿਰਿਆਵਾਂ ਦੇ ਰੂਪ ਵਿਚ ਪਾਠਕਾਂ ਸਾਹਮਣੇ ਰੱਖਦਾ ਹੈ।

ਮੈਂ ਸ੍ਰ. ਜਗਦੀਸ਼ ਸਿੰਘ ਹੋਰਾਂ ਦੀ ਅਤੇ ਮਾਸਿਕ ਵਰਿਆਮ ਦੀ ਲੰਮੀ ਉਮਰ ਬਾਰੇ ਕਾਮਨਾ ਕਰਦਾ ਹਾਂ ਕਿ ਸੱਚੇ ਪਾਤਸ਼ਾਹ ਇਨ੍ਹਾਂ ਤੇ ਮੇਹਰ ਭਰਿਆ ਹੱਥ ਰੱਖਣ ਅਤੇ ਇਹ ਹਮੇਸ਼ਾ ਇਸ ਤਰ੍ਹਾਂ ਹੀ ਨਾਮਣਾ ਖੱਟਦੇ ਰਹਿਣ ਤੇ ਅਦਾਰਾ ਵਰਿਆਮ ਸਦਾ ਚਲਦਾ ਰਹੇ। ਅਤੇ ਅਸੀਂ ਇਸ ਵਿਚ ਕੰਮ ਕਰਦੇ ਰਹੀਏ ਅਤੇ ਆਪਣੇ ਪਰਿਵਾਰ ਦਾ ਪੇਟ ਪਾਲਦੇ ਰਹੀਏ ਅਤੇ ਸਾਡਾ ਰੋਟੀ ਦਾ ਮਸਲਾ ਹੱਲ ਹੋਇਆ ਰਹੇ।

ਵਰਿਆਮ ਦੀ ਸਿਲਵਰ ਜੁਬਲੀ ਦੀ ਲੱਖ ਲੱਖ ਵਧਾਈ!!

*—ਪਿੰਡ ਤੇ ਡਾਕਖਾਨਾ ਮਾਧੋਪੁਰ*
*ਤਹਿ : ਫਗਵਾੜਾ, ਜ਼ਿਲਾ ਕਪੂਰਥਲਾ*

## ਸੁਨੇਹਾ

ਸਤਿਕਾਰਯੋਗ ਗੁਰਬਖਸ਼ ਸਿੰਘ ਬੰਨੋਆਣਾ, ਸਤਨਾਮ ਚਾਨਾ ਅਤੇ ਵਰਿਆਮ ਸਿੰਘ ਸੰਧੂ ਜੀ, ਜੈ ਹਿੰਦ!

ਆਪ ਦੀ ਚਿੱਠੀ ਲਈ ਬਹੁਤ ਧੰਨਵਾਦ! ਬੜੀ ਖੁਸ਼ੀ ਹੈ ਕਿ ਅਸੀਂ ਸ੍ਰ. ਜਗਦੀਸ਼ ਸਿੰਘ ਵਰਿਆਮ ਜੀ ਦਾ ਸਨਮਾਨ ਕਰਨ ਜਾ ਰਹੇ ਹਾਂ। ਅਜਿਹੀ ਘੜੀ ਪੰਜਾਬੀ ਭਾਸ਼ਾ ਤੇ ਪੰਜਾਬ ਦੇ ਖਿੱਤੇ ਲਈ ਸੁਭਾਗੀ ਹੈ। ਆ ਨਾ ਸਕਾਂ ਤਾਂ ਇਹ ਜ਼ਰੂਰ ਪੜ੍ਹ ਦੇਣਾ ਜੀ–

"ਨਾਮਧਾਰੀ ਸਮਾਜ ਸ਼ਾਂਤੀ ਅਤੇ ਸ਼ਰਧਾ, ਸੰਗੀਤ ਅਤੇ ਪਿਆਰ, ਨਿਰਮਲਤਾ ਅਤੇ ਅਨੁਸ਼ਾਸਨ ਨੂੰ ਧਿਆ ਰਿਹਾ ਹੈ ਅਤੇ ਸਾਡੀ ਜ਼ਮੀਰ ਨੂੰ ਖਾਸ ਤਰ੍ਹਾਂ ਸਾਂਭ ਰਿਹਾ ਹੈ ਸਾਡੇ ਲਈ। ਇਸ ਦਾ ਅਤੀਤ ਅਤੇ ਭਵਿੱਖ ਵਿਚ ਰੱਖਿਆ ਪੈਰ ਖੋਜ ਅਤੇ ਤਰੱਕੀ ਲਈ ਜ਼ਰੂਰ ਲਾਹੇਵੰਦ ਸਾਬਤ ਹੋਵੇਗਾ। ਸੰਸਾਰੀਕਰਨ ਦੀਆਂ ਹਵਾਵਾਂ ਦੇ ਤੇਜ਼ ਹੁੰਦਿਆਂ ਹੀ ਅਸੀਂ ਇਨ੍ਹਾਂ ਦੇ ਸਮਾਜ ਉਤੇ ਅੱਖ ਕੱਢਿਆ ਸੀ ਤਾਂ ਜੋ ਆਪਣੀਆਂ ਜੜ੍ਹਾਂ ਤੇ ਪੱਕੇ ਹੋ ਸਕੀਏ! ਇੰਝ ਜਾਪਦਾ ਹੈ ਕਿ ਸਾਡਾ ਇਨਸਾਨਾਂ ਦਾ ਅਚੇਤ ਮਨ ਇਕ ਤਰਲ ਜਿਉਂਦੀ ਚੀਜ਼ ਹੈ, ਜਿਸ ਦੀ ਕੋਈ ਜ਼ੁਬਾਨ ਨਹੀਂ। ਉਹ ਬਿੰਬਾਂ, ਖ਼ੁਸ਼ਬੋਆਂ, ਝਉਲਿਆਂ, ਆਵਾਜ਼ਾਂ ਦੇ ਦੁਹਰਾਅ, ਸੁਫ਼ਨਿਆਂ ਆਦਿ ਰਾਹੀਂ ਬੋਲਦਾ ਹੈ। ਉਸਦੀ ਜ਼ੁਬਾਨ ਲੱਭਣ ਦਾ ਤੇ ਉਸਨੂੰ ਗੱਲੀਂ ਲਾਉਣ ਦਾ ਕੰਮ ਅਜਿਹੇ ਸਮਾਜ ਕਰ ਰਹੇ ਹਨ। ਸਾਡੇ ਸਭ ਦੇ ਰਾਹ ਮਿਲਣ ਹੀ ਵਾਲੇ ਮੈਨੂੰ ਜਾਪਦੇ ਹਨ।"

*ਹਿਤੂ—ਪੂਨਮ ਸਿੰਘ*
*ਪ੍ਰੀਤਲੜੀ ਚੰਡੀਗੜ੍ਹ*

## ਚੌਮਿਸਰਾ

ਜਦੋਂ ਨਿਕਲੇ ਮੂੰਹੋਂ ਦੁਆ ਨਿਕਲੇ,
ਚੜ੍ਹਦੀ ਕਲਾ 'ਚ ਰਹੇ ਵਰਿਆਮ ਸਾਡਾ।
ਘਰ ਘਰ ਤੇ ਦੇਸ-ਪ੍ਰਦੇਸ ਅੰਦਰ,
ਜਿਸ ਕੀਤਾ ਮਸ਼ਹੂਰ ਏ ਨਾਮ ਸਾਡਾ।
ਪੱਚੀ ਵਰ੍ਹਿਆਂ ਤੋਂ ਸਾਡੀ ਜ਼ੁਬਾਨ ਅੰਦਰ,
ਦਿੰਦਾ ਰਿਹਾ ਏ ਪ੍ਰੇਮ-ਪੈਗ਼ਾਮ ਸਾਡਾ।
ਕਿਤੇ 'ਚਰਨ' ਜਗਦੀਸ਼ ਸਿੰਘ ਮਿਲ ਜਾਵੇ,
ਹੱਥ ਜੋੜ ਕੇ ਕਹਿਣਾ ਪ੍ਰਣਾਮ ਸਾਡਾ।

*—ਚਰਨ ਸੀਚੇਵਾਲਵੀ*
*੪੨੮, ਗੁਰੂ ਨਾਨਕਪੁਰਾ (ਵੈਸਟ)*
*ਡਾਕ-ਚੌਗਿੱਟੀ, ਜਲੰਧਰ-੧੪੪੦੦੯*



Sri Satguru Jagjit Singh Ji eLibrary NamdhariElibrary@gmail.com

# ਇਕ ਗੱਲ ਇਹ ਵੀ

—ਸੰਤ ਬਲਬੀਰ ਸਿੰਘ ਰਾਗੀ, ਜਲੰਧਰ

ਪਿਛਲੇ ਦਿਨੀਂ ਵਰਿਆਮ ਦਾ ਸਿਲਵਰ ਜੁਬਲੀ ਸਮਾਗਮ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਬੜੇ ਹੀ ਸੁਹਣੇ ਢੰਗ ਨਾਲ ਸੰਪੰਨ ਹੋਇਆ, ਜਿਸ ਵਿਚ ਮੈਨੂੰ ਵੀ ਜਾਣ ਦਾ ਮੌਕਾ ਮਿਲਿਆ। ਇਹ ਇਕ ਅਨੋਖਾ ਸਮਾਗਮ ਸੀ। ਮੈਨੂੰ ਇੱਥੇ ਬੈਠ ਕੇ ਕਿੰਨੇ ਵੱਡੇ ਵੱਡੇ ਲੇਖਕਾਂ ਕਵੀਆਂ ਅਤੇ ਜਲੰਧਰ ਸ਼ਹਿਰ ਦੇ ਪ੍ਰਮੁੱਖ ਅਖਬਾਰਾਂ ਦੇ ਸੰਪਾਦਕਾਂ ਦੀ ਹਾਜ਼ਰੀ ਵਿਚ ਜਗਦੀਸ਼ ਸਿੰਘ ਵਰਿਆਮ ਨੂੰ ਸਨਮਾਨ ਮਿਲਣ ਦਾ ਨਜ਼ਾਰਾ ਵੇਖਣ ਦਾ ਅਵਸਰ ਮਿਲਿਆ। ਮੇਰੇ ਲਈ ਬਹੁਤ ਵੱਡੀ ਖੁਸ਼ੀ ਦੀ ਗੱਲ ਸੀ। ਜਦੋਂ ਵਰਿਆਮ ਜੀ ਸਟੇਜ ਤੇ ਬੈਠੇ ਸਨ ਉਨਾਂ ਦੇ ਸਨਮਾਨ ਵਿੱਚ ਵੱਖ ਵੱਖ ਲੇਖਕ ਜਥੇਬੰਦੀਆਂ, ਧਰਮਾਂ ਅਤੇ ਸੰਪਰਦਾਵਾਂ ਦੇ ਬੁਲਾਰਿਆਂ ਵਲੋਂ ਬਹੁਤ ਹੀ ਸਤਿਕਾਰਯੋਗ ਸ਼ਬਦਾਂ ਨਾਲ ਉਨਾਂ ਨੂੰ ਸਿਰੋਪੇ ਭੇਂਟ ਕਰਨਾ, ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਜਾਪਦੀ ਸੀ। ਸੋਚਦਾ ਸਾਂ ਕਿ ਇਹ ਉਹੀ ਜਗਦੀਸ਼ ਸਿੰਘ ਹਨ ਜਿਹੜੇ ਮੇਰੇ ਵਰਗੇ ਸਾਧਾਰਣ ਜਿਹੇ ਰਾਗੀ ਨਾਲ ਬੈਠ ਕੇ ਕੀਰਤਨ ਵਿਚ ਸ਼ਿਰਕਤ ਵੀ ਕਰਦੇ ਹਨ। ਭਾਵੇਂ ਮੈਂ ਵਰਿਆਮ ਜੀ ਨੂੰ ਅਨੇਕਾਂ ਸਮਾਗਮਾਂ ਤੇ ਸਨਮਾਨ ਲੈਂਦੇ ਵੇਖਿਆ ਸੀ, ਪਰ ਇਹ ਸਮਾਰੋਹ ਮੈਨੂੰ ਸੁਪਨੇ ਵਾਂਗ ਅਲੋਕਾਰ ਲਗ ਰਿਹਾ ਸੀ। ਭਾਵੇਂ ਸੰਗੀਤ ਸੰਮੇਲਨਾਂ ਵਿੱਚ ੮-੧੦ ਘੰਟੇ ਬੈਠ ਕੇ ਵੀ ਅਸੀਂ ਥਕਾਵਟ ਮਹਿਸੂਸ ਨਹੀਂ ਕਰਦੇ, ਪਰ ਤਕਰੀਰਾਂ ਵਾਲੀ ਥਾਂ ਤੇ ਮੈਂ ਹਮੇਸ਼ਾਂ ਬੋਰੀਅਤ ਮਹਿਸੂਸ ਕਰਦਾ ਹਾਂ।

ਪਰ ਇਹ ਪਹਿਲਾ ਸਮਾਗਮ ਸੀ ਜਿਥੇ ਸਤ ਘੰਟੇ ਲਗਾਤਾਰ ਬੈਠ ਕੇ ਵੀ ਬੋਰੀਅਤ ਮਹਿਸੂਸ ਨਹੀਂ ਹੋਈ। ਇਕ ਕਾਰਨ ਇਹ ਹੋ ਸਕਦਾ ਹੈ ਕਿ ਸਤਿਕਾਰਯੋਗ ਜਗਦੀਸ਼ ਸਿੰਘ ਦਾ ਸਿਲਵਰ ਜੁਬਲੀ ਸਨਮਾਨ ਸਮਾਰੋਹ ਸੀ ਅਤੇ ਵਰਿਆਮ ਨੂੰ ਪੰਝੀ ਸਾਲ ਚਲਾਉਣ ਲਈ ਉਹਨਾਂ ਦੀ ਭਰਵੀਂ ਸ਼ਲਾਘਾ ਹੋ ਰਹੀ ਸੀ, ਪਰ ਅਸਲ ਗਲ ਇਹ ਹੈ ਕਿ ਵੱਖ-ਵੱਖ ਵਿਦਵਾਨਾਂ ਲੇਖਕਾਂ ਦੇ ਸੁੰਦਰ ਵਿਚਾਰ ਅਤੇ ਸ਼ਬਦ ਮਨਾਂ ਨੂੰ ਕੀਲ ਰਹੇ ਸਨ। ਇਹ ਸਾਰੀਆਂ ਵਧੀਆ ਗਲਾਂ ਸੁਣ ਕੇ ਮੇਰੇ ਮਨ ਵਿਚ ਵੀ ਕੁਝ ਕਹਿਣ ਲਿਖਣ ਦਾ ਵਿਚਾਰ ਆਇਆ ਪਰ ਹਰ ਵਾਰ ਹੀ ਵਰਿਆਮ ਸਿੰਘ, ਸੰਧੂ, ਪਿਆਰਾ ਸਿੰਘ ਭੋਗਲ, ਗੁਰਲਾਲ ਸਿੰਘ, ਕੁਲਦੀਪ ਸਿੰਘ ਬੇਦੀ ਅਤੇ ਸਤਨਾਮ ਮਾਣਕ ਜਿਹੇ ਲੇਖਕ ਪੱਤਰਕਾਰ ਅਤੇ ਹੋਰ ਵੱਡੇ ਵਡੇਰੇ ਲੇਖਕਾਂ ਦੇ ਲੇਖ ਪੜ੍ਹ ਕੇ ਅਤੇ ਭਾਸ਼ਨ ਸੁਣ ਕੇ ਮੈਂ ਕੁਝ ਕਹਿਣ ਜਾਂ ਲਿਖਣ ਤੋਂ ਸੰਗਦਾ ਰਿਹਾ ਕਿਉਂ ਜੁ ਮੈਂ ਅਜਿਹਾ ਲਿਖ ਹੀ ਨਹੀਂ ਸਕਦਾ। ਪਰ ਮੇਰੇ ਮਨ ਵਿਚ ਇਕ ਗਲ ਸੀ ਕਿ ਜਗਦੀਸ਼ ਸਿੰਘ ਜੀ ਦਾ ਇਕ ਪਹਿਲੂ ਹੋਰ ਵੀ ਹੈ ਜਿਸ ਨੂੰ ਮੈਂ ਹੀ ਜਾਣਦਾ ਹਾਂ ਇਸ ਵਾਸਤੇ ਆਖਰ ਅਪਣੇ ਹੀ ਸ਼ਬਦਾਂ ਵਿਚ ਇਸ ਨੂੰ ਦਸਣ ਦੀ ਕੋਸ਼ਿਸ਼ ਕੀਤੀ ਹੈ।

ਸੰਮੇਲਨ ਵਿੱਚ ਜਗਦੀਸ਼ ਸਿੰਘ ਵਰਿਆਮ ਦੀ ਸ਼ਖ਼ਸੀਅਤ ਨੂੰ ਕਈ ਰੂਪਾਂ ਵਿਚ ਪੇਸ਼ ਕੀਤਾ ਗਿਆ ਪਰ ਉਨਾਂ ਵਿਚੋਂ ਇਕ ਰੂਪ ਜਿਸਦਾ ਜ਼ਿਕਰ ਘੱਟ ਹੋਇਆ ਕਿ ਵਰਿਆਮ ਇਕ ਸੰਗੀਤਕਾਰ ਦੇ ਨਾਲ ਨਾਲ ਇਕ ਕੀਰਤਨ-ਕਾਰ ਵੀ ਹੈ। ਉਂਜ ਤਾਂ ਨਾਮਧਾਰੀ ਸਮਾਜ ਵਿਚ ਕੀਰਤਨ ਆਮ ਜਿਹੀ ਗੱਲ ਹੈ ਪਰ ਸੁਰ, ਤਾਲ, ਲੈਅ ਵਿੱਚ ਕੀਰਤਨ ਕਰਨ ਦੀ ਕਾਫੀ ਘਾਟ ਹੈ...... ਪਰ ਵਰਿਆਮ ਜੀ ਵਿਚ ਇਹ ਤਿੰਨੇ ਗੱਲਾਂ ਮੌਜੂਦ ਹਨ।

ਦੋ ਤਿੰਨ ਦਹਾਕਿਆਂ ਤੋਂ ਮੈਨੂੰ ਚੰਗੀ ਤਰਾਂ ਯਾਦ ਵੀ ਨਹੀਂ ਕਿ ਵਰਿਆਮ ਜੀ ਕਦੋਂ ਜੰਮੂ ਛੱਡ ਕੇ ਆਏ। ਮੈਨੂੰ ਵੀ ਤਿੰਨ, ਚਾਰ ਵਾਰ ਜੰਮੂ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਜਿਥੇ ਇਹ ਚੰਨੀ (ਸਿਤਾਰ) ਸਤਪਾਲ ਸਿੰਘ (ਬੰਸਰੀ) ਨਾਲ ਵਾਇਲਨ ਵਜਾਉਂਦੇ ਰਹੇ ਤੇ ਨਾਲ ਸ਼ੌਕੀਆ ਕੀਰਤਨ ਕਰਕੇ ਜੰਮੂ ਨੂੰ ਤਾਰਦੇ ਰਹੇ। ਜੰਮੂ ਵਿੱਚ ਇਨ੍ਹਾਂ ਉੱਥੋਂ ਦੇ ਨਾਮਧਾਰੀ ਸਮਾਜ ਵਿੱਚ ਅਤੇ ਲੋਕਾ ਦੇ ਦਿਲਾਂ ਵਿੱਚ ਇੱਕ ਨਾ ਮਿਟਣ ਵਾਲੀ ਛਾਪ ਛੱਡੀ ਹੋਈ ਹੈ। ਕਿਉਂਕਿ ਮੈਨੂੰ ਪਤੈ ਜਦੋਂ ਵੀ ਜੰਮੂ ਗਏ ਉੱਥੇ ਦੇ ਲੋਕਾਂ ਨੂੰ ਚਾਅ ਜਿਹਾ ਚੜ੍ਹ ਜਾਂਦਾ ਹੈ। ਇਹ ਜੰਮੂ ਭਾਵੇਂ ਛੱਡ ਆਏ ਹੋਏ ਹਨ ਪਰ ਇਨਾਂ ਦਾ ਸਤਿਕਾਰ ਉਵੇਂ ਦਾ ਉਵੇਂ ਬਣਿਆ ਹੈ। ਸਗੋਂ ਵਧਿਆ ਹੀ ਹੈ।

ਵਰਿਆਮ ਜੀ ਜਲੰਧਰ ਆ ਗਏ ਕਿਉਂਕਿ ਇਨਾਂ ਦੇ ਮਨ ਵਿਚ ਸਮਾਜ ਨੂੰ ਅਗੇ ਲਿਜਾਣ ਵਾਲੀ ਗੱਲ ਬਣੀ ਰਹਿੰਦੀ ਸੀ। ਇਹ ਚਾਹੁੰਦੇ ਸਨ ਕਿ ਨਾਮਧਾਰੀ ਬੱਚੇ ਵੀ ਸੰਗੀਤ ਅਤੇ ਕੀਰਤਨ ਸਿੱਖਣ। ਇਨਾਂ ਦੀ ਇਸ ਸੋਚ ਨੇ



Sri Satguru Jagjit Singh Ji eLibrary NamdhariElibrary@gmail.com

ਇਕ ਸ਼ਲਾਘਾਯੋਗ ਕਦਮ ਚੁਕਿਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਅਪਾਰ ਕ੍ਰਿਪਾ ਅਤੇ ਆਸ਼ੀਰਵਾਦ ਦੇ ਨਾਲ ਹੀ ਇਨਾਂ ਦੇ ਉਤਸ਼ਾਹ ਸਦਕਾ ਹੀ ਜਲੰਧਰ ਸ਼ਹਿਰ ਵਿਚ ਨਾਮਧਾਰੀ ਸੰਗੀਤ ਕੇਂਦਰ ਦੀ ਸਥਾਪਨਾ ਹੋਈ ਅਤੇ ਇਸ ਕੇਂਦਰ ਵਿਚ ਪ੍ਰੋ. ਕਿਰਪਾਲ ਸਿੰਘ ਜੀ ਵਰਗੇ ਉਸਤਾਦ ਸੰਗੀਤਚਾਰਯ ਅਤੇ ਪੰਡਤ ਰਮਾਕਾਂਤ ਜੀ ਵਰਗੇ ਉਚ ਕੋਟੀ ਦੇ ਤਬਲਾਵਾਦਕ ਉਸਤਾਦ ਥਾਪੇ ਗਏ। ਦਾਸ ਵੀ ਇਸ ਕੇਂਦਰ ਦਾ ਹੀ ਵਿਦਿਆਰਥੀ ਹੈ।

ਇਸ ਕੇਂਦਰ ਵਿਚ ਪਹਿਲਾਂ ਬਨਾਰਸ ਦੇ ਸ੍ਰੀ ਜਗਦੀਸ਼ ਸ਼ੰਕਰ ਮਿਸ਼ਰਾ ਜੀ ਵੀ ਤਬਲਾ ਸਿਖਾਂਦੇ ਰਹੇ ਸਨ। ਬਾਦ ਵਿਚ ਪੰਡਿਤ ਰਮਾਂ ਕਾਂਤ ਜੀ ਤਬਲੇ ਦੇ ਅਧਿਆਪਕ ਨਿਯੁਕਤ ਹੋਏ, ਜੋ ਅੱਜ ਤਕ ਵੀ ਮਾਰਗ ਦਰਸ਼ਨ ਕਰਦੇ ਆ ਰਹੇ ਹਨ। ਜਲੰਧਰ ਕੇਂਦਰ ਦੇ ਦੋ ਵਿਦਿਆਰਥੀ ਸੁਖਵਿੰਦਰ ਸਿੰਘ ਪੱਪੂ ਤੇ ਸੁਖਦੇਵ ਸਿੰਘ ਸਤਿਗੁਰੂ ਜੀ ਨੇ ਬਨਾਰਸ ਪੰਡਿਤ ਕ੍ਰਿਸ਼ਨ ਮਹਾਰਾਜ ਕੋਲ ਤਬਲਾ ਸਿਖਣ ਵਾਸਤੇ ਭੇਜੇ। ਪੱਪੂ ਦਾ ਹੱਥ ਬਹੁਤ ਸਾਫ ਸੀ ਅਤੇ ਉਸ ਨੇ ਬਹੁਤ ਵੱਡਾ ਕਲਾਕਾਰ ਬਨਣਾ ਸੀ ਪਰ ਉਹ ਰਾਹ ਵਿਚ ਹੀ ਛੱਡ ਗਿਆ ਅਤੇ ਕੰਮ ਕਰਕੇ ਕਮਾਈ ਵਲ ਲੱਗ ਗਿਆ। ਜੇ ਉਹ ਸਾਧਨਾ ਵਿਚ ਲਗਾ ਰਹਿੰਦਾ ਤਾਂ ਜਿਵੇਂ ਅੱਜ ਜਗਦੀਸ਼ ਸਿੰਘ ਹੋਰਾਂ ਦੀ ਥਾਂ ਬਣੀ ਹੈ ਉਸ ਦੀ ਵੀ ਸੰਗੀਤ ਵਿਚ ਹੋਣੀ ਸੀ। ਦੂਸਰਾ ਕਲਾਕਾਰ ਸੁਖਦੇਵ ਸਿੰਘ ਬਨਾਰਸ ਰਹਿ ਕੇ ਬਹੁਤ ਕੁਝ ਸਿਖ ਆਇਆ। ਅਜ ਕਲ੍ਹ ਤਬਲਾ ਵਜਾਉਣ ਉਹ ਇੰਗਲੈਂਡ ਗਿਆ ਹੈ। ਨਾਮਧਾਰੀ ਸਮਾਜ ਦਾ ਇਕ ਬਹੁਤ ਵੱਡਾ ਕਲਾਕਾਰ ਤਬਲਾਵਾਦਨ ਵਿਚ ਦੁਨੀਆ ਵਿਚ ਪਰਸਿਧ ਹੈ। ਉਹ ਹੈ ਸੁਖਵਿੰਦਰ ਸਿੰਘ ਪਿੰਕੀ। ਪਿੰਕੀ ਨੂੰ ਛੋਟੇ ਜਿਹੇ ਨੂੰ ਬਨਾਰਸ ਜਗਦੀਸ਼ ਸਿੰਘ ਹੀ ਲੈ ਕੇ ਗਏ ਸਨ ਜੋ ਸੰਗੀਤ ਸਿਖਦੇ ਬੱਚਿਆਂ ਨੂੰ ਮਿਲਣ ਅਕਸਰ ਸਤਿਗੁਰੂ ਜੀ ਵਲੋਂ ਬਨਾਰਸ ਜਾਇਆ ਕਰਦੇ ਸਨ।

ਹਾਂ ਤੇ ਗੱਲ ਚੱਲ ਰਹੀ ਸੀ ਕੀਰਤਨ ਦੀ—

ਆਸਾ ਦੀ ਵਾਰ ਦਾ ਕੀਰਤਨ ਅਤੇ ਵਾਰੇ ਦਾ ਕੀਰਤਨ (ਢੋਲਕੀ ਛੈਣਿਆਂ ਦਾ ਕੀਰਤਨ) ਨਾਮਧਾਰੀਆਂ ਵਿੱਚ ਖਾਸ ਗੱਲ ਹੈ। ਵਰਿਆਮ ਜੀ ਅਤੇ ਮੈਂ, ਮੈਨੂੰ ਯਾਦ ਨਹੀਂ ਅਸਾਂ ਕਦੋਂ ਅਤੇ ਕਿਸ ਸਾਲ ਵਿਚ ਕੀਰਤਨ ਸ਼ੁਰੂ ਕੀਤਾ, ਮੈਨੂੰ ਥੋੜਾ ਥੋੜਾ ਯਾਦ ਹੈ ਜਦੋਂ ਨਗਰ ਕੀਰਤਨ ਵਿੱਚ ਜੱਥੇਦਾਰ ਨੱਥਾ ਸਿੰਘ ਜੀ (ਵਰਿਆਮ ਦੇ ਪਿਤਾ ਜੀ) ਨਾਲ ਕਈ ਵਾਰੀ ਗਲ ਢੋਲਕੀ ਪਾਕੇ ਮੈਂ ਅਤੇ ਵਰਿਆਮ ਜੀ ਧਾਰਨਾ ਪੜਦੇ ਸ਼ਬਦ ਗਾਉਂਦੇ ਰਹਿੰਦੇ। ਉਂਜ ਤੇ ਵਾਰੇ ਵਿੱਚ ਸੁਰ ਲਾਉਣਾ ਜਾਂ ਉੱਚੀ ਸਕੇਲ ਰੱਖਣੀ ਜ਼ਰੂਰੀ ਜਿਹੀ ਗੱਲ ਜਾਪਦੀ ਹੈ ਕਿਉਂਕਿ ਢੋਲਕੀ ਛੈਣਿਆਂ ਨਾਲ ਆਵਾਜ਼ ਵੀ ਉੱਚੀ ਹੋਣਾ ਜ਼ਰੂਰੀ ਗਲ ਹੈ। ਪਰ ਜਗਦੀਸ਼ ਸਿੰਘ ਜੀ ਜਿਸ ਦਿਨ ਵਾਰੇ ਵਿਚ ਸ਼ਾਮਲ ਹੋਣ (ਉਹ ਕਦਾਈ ਹੀ ਆਉਂਦੇ ਹਨ), ਉਸ ਦਿਨ ਗੱਲ ਹੀ ਕੁਝ ਹੋਰ ਹੁੰਦੀ ਹੈ। ਹਰ ਛੱਕੇ ਨਾਲ ਰਾਗ ਬਦਲਣਾ ਅਤੇ ਛੱਕੇ ਨਾਲ ਢੁਕਵੇਂ ਸ਼ਬਦ ਪੜ੍ਹਨਾ ਅਤੇ ਪਰਮਾਣ ਦੇਣਾ ਇਨਾਂ ਦੀ ਖਾਸ ਗੱਲ ਹੈ। ਇਨਾਂ ਦੇ ਮਨ ਪਸੰਦ ਰਾਗ ਆਸਾ, ਦੇਸ, ਖਮਾਚ ਆਦਿ ਹਨ। ਨਿਰਮਾਣਤਾ ਏਨੀ ਹੈ ਕਿ ਮੇਰੇ ਵਰਗੇ ਆਮ ਰਾਗੀ ਨਾਲ ਵੀ ਢੋਲਕ ਤੇ ਸਾਥ ਦੇਣ ਤੋਂ ਸੰਕੋਚ ਨਹੀਂ ਕਰਦੇ।

ਜਲੰਧਰ ਦੇ ਵੱਡੇ ਵੱਡੇ ਸੰਗੀਤ ਪ੍ਰੋਗਰਾਮ ਕਰਵਾਉਣ ਵਿੱਚ ਇਨਾਂ ਦਾ ਵੱਡਾ ਹੱਥ ਹੁੰਦਾ ਹੈ। ਜਲੰਧਰ ਵਿਚ ਫਿਰ ਨਵੇਂ ਸਿਰੇ ਤੋਂ ਕੀਰਤਨ ਸਿਖੌਣ ਵਾਸਤੇ ਇਨਾਂ ਉਪਰਾਲਾ ਕੀਤਾ ਹੈ। ਅਜ ਕਲ ਪ੍ਰੋ. ਕ੍ਰਿਪਾਲ ਸਿੰਘ ਉਸਤਾਦ ਅਤੇ ਪ੍ਰੋ. ਰਮਾਂ ਕਾਂਤ ਜੀ ਪਾਸੋ ਲਗਭਗ ੧੫ ਵਿਦਿਆਰਥੀ ਸੰਗੀਤ ਅਤੇ ਕੀਰਤਨ ਦੀ ਸਿਖਿੱਆ ਲੈ ਰਹੇ ਹਨ। ਜਲੰਧਰ ਕੇਂਦਰ ਵਲੋਂ ਵਖ ਵਖ ਸਮਿਆਂ ਤੇ ਸੰਗੀਤ ਸਮਾਗਮ ਹੁੰਦੇ ਹੀ ਰਹਿੰਦੇ ਹਨ। ਇਹ ਸੱਚਮੁਚ ਹੀ ਇਨ੍ਹਾਂ ਦੀ ਪ੍ਰੇਰਨਾ ਸਦਕਾ ਹੈ। ਵਰਿਆਮ ਦਾ ਕੀਰਤਨ ਨਾਲ ਕਿੰਨਾ ਪਿਆਰ ਹੈ। ਇਹ ਦਸਣਾ ਮੇਰੇ ਸ਼ਬਦਾਂ ਦੀ ਵੱਸ ਦੀ ਗਲ ਨਹੀਂ।

## ਮਾਲੇਰ ਕੋਟਲਾ ਵਿਖੇ ਸ਼ਹੀਦੀ ਕਵੀ ਦਰਬਾਰ

ਮਿਤੀ ੧੭.੪.੨੦੦੧ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਮਲੇਰ ਕੋਟਲਾ ਨਾਮਧਾਰੀ ਸ਼ਹੀਦੀ ਸਮਾਗਮ ਵਿਖੇ ਮਾਸਿਕ ਮੇਲੇ ਤੇ ਬਹੁਤ ਹੀ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ, ਜਿਸ ਵਿਚ ਸਰਵ ਸ੍ਰੀ ਕਰਨੈਲ ਸਿੰਘ ਅਸਪਾਲ, ਪੂਰਨ ਸਿੰਘ ਨਿਰਾਲਾ, ਨਰੈਣ ਸਿੰਘ ਬਾਜਵਾ, ਹਰਭਜਨ ਸਿੰਘ ਰਾਜਾ, ਬਿਅੰਤ ਸਿੰਘ ਮੋਖਲ, ਲਖਵਿੰਦਰ ਸਿੰਘ ਬਾਜਵਾ, ਗੁਰਦਿਆਲ ਸਿੰਘ ਪ੍ਰੀਤ, ਸੂਬਾ ਬਲਵਿੰਦਰ ਸਿੰਘ, ਸਵਰਨ ਸਿੰਘ, ਕੁਲਦੀਪ ਸਿੰਘ, ਸੁਲਖਣ ਸਿੰਘ ਅਤੇ ਬੀਬੀ ਰਾਜਵੀਰ ਕੌਰ ਦੋਲਤਪੁਰ ਨੇ ਆਪਣੀਆਂ ਬਹੁਤ ਹੀ ਉਚ ਕੋਟੀ ਦੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

*—ਬਾਜਵਾ*



Sri Satguru Jagjit Singh Ji eLibrary NamdhariElibrary@gmail.com

## ਸਿਲਵਰ ਜੁਬਲੀ ਦੀਆਂ ਵਧਾਈਆਂ

ਸਭ ਤੋਂ ਪਹਿਲਾਂ "ਵਰਿਆਮ" ਦੀ ਸਿਲਵਰ ਜੁਬਲੀ ਦੀਆਂ ਬਹੁਤ-ਬਹੁਤ ਵਧਾਈਆਂ ਕਬੂਲ ਕਰਨੀਆਂ।

ਮਨ ਦੀ ਬੜੀ ਇੱਛਾ ਸੀ ਕਿ ਕਲ੍ਹ ੨੯ ਅਪਰੈਲ ਨੂੰ ਜਲੰਧਰ ਆਪ ਪਹੁੰਚ ਕੇ "ਸਿਲਵਰ ਜੁਬਲੀ ਉਤਸਵ" ਦਾ ਆਨੰਦ ਮਾਣਾਂ ਤੇ ਆਪ ਜੀ ਨੂੰ ਗਲਵਕੜੀ ਪਾ ਕੇ ਤਹਿ ਦਿਲੋਂ ਮੁਬਾਰਕਾਂ ਦਿਆਂ। ਪਰ ਚਾਹੁੰਦਿਆਂ ਹੋਇਆਂ ਵੀ ਸ਼ਾਮਲ ਨਹੀਂ ਹੋ ਸਕਿਆ, ਜਿਸ ਦਾ ਮੈਨੂੰ ਖੇਦ ਹੈ।

ਅਜ ਦੀ "ਪੰਜਾਬੀ ਟ੍ਰਿਬਿਊਨ" ਵਿਚ ਕਲ੍ਹ ਦੇ ਸਮਾਗਮ ਦੀ ਪੂਰੀ ਰੀਪੋਰਟ ਤਸਵੀਰ ਸਹਿਤ ਛਪੀ ਦੇਖੀ ਤੇ ਪੜ੍ਹੀ ਹੈ। ਮਨ ਨੂੰ ਆਇਆ ਕਿ ਜੇ ਮੈਂ ਵੀ ਅੱਖੀਂ ਇਹ ਸਭ ਦੇਖਦਾ ਤਾਂ ਇਸ ਦਾ ਨਜ਼ਾਰਾ ਹੀ ਹੋਰ ਸੀ। ਖ਼ੈਰ! ਸਮਾਗਮ ਬਹੁਤ ਵਧੀਆ ਤੇ ਪ੍ਰਭਾਵਸ਼ਾਲੀ ਰਿਹਾ— ਆਪ ਇਸ ਤੋਂ ਕਿਤੇ ਇਸ ਯੋਗ ਸੀ। ਵੀਰ ਵਰਿਆਮ ਸੰਧੂ ਜੀ ਨੇ ਪੂਰੀ ਤਨਦੇਹੀ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਹੈ— ਉਹ ਵੀ ਇਸ ਦੇ ਵਧਾਈ ਦੇ ਪਾਤਰ ਹਨ। ਮੇਰੀ ਵੱਲੋਂ ਉਹਨਾਂ ਨੂੰ ਮੁਬਾਰਕ!

"ਵਰਿਆਮ" ਪਰਚਾ ਹਰ ਮਹੀਨੇ ਲਗਾਤਾਰ ਮਿਲ ਰਿਹਾ ਹੈ। ਜਿਸ ਤਨਦੇਹੀ ਨਾਲ ਆਪ ਇਹ ਪਰਚਾ ਚਲਾ ਰਹੇ ਹੋ, ਇਹ ਪੰਜਾਬੀ ਸਾਹਿਤ ਲਈ ਇਕ ਕਾਬਲੇ-ਤਾਰੀਫ਼ ਗੱਲ ਹੈ। ਵਰਨਾ ਪੰਜਾਬੀ ਦੇ ਪਰਚੇ ਚਲਣੇ ਬੜੇ ਹੀ ਔਖੇ ਹਨ। ਕਲ੍ਹ ਐਤਵਾਰ ਦੀ ਪੰਜਾਬੀ ਟ੍ਰਿਬਿਊਨ ਵਿਚ ਸ਼ਾਮ ਸਿੰਘ ਹੋਰਾਂ ਦਾ "ਅੰਗ-ਸੰਗ" ਵਿਚ ਲਿਖਿਆ ਅਤੇ ਕਲ੍ਹ ਐਤਵਾਰ ਦੀ "ਅਜੀਤ" ਵਿਚ ਸਤਨਾਮ ਮਾਣਕ ਜੀ ਦਾ ਲਿਖਿਆ ਵੀ ਬੜਾ ਵਧੀਆ ਲਗਾ।

ਅੰਤ ਵਿਚ ਆਪ ਜੀ ਨੂੰ ਸਿਲਵਰ ਜੁਬਲੀ ਮਨਾਣ ਦੀਆਂ ਇਕ ਵਾਰ ਫੇਰ ਮੁਬਾਰਕਾਂ ਅਤੇ "ਵਰਿਆਮ" ਦੀ ਚੜ੍ਹਦੀ ਕਲਾ ਲਈ ਅਰਦਾਸਾਂ।

ਧੰਨਵਾਦ ਸਹਿਤ!

*—ਆਪ ਦਾ ਆਪਣਾ*
***ਚਰਨਜੀਤ ਸਿੰਘ ਚੰਨ (ਜਨਤਕ ਪ੍ਰੈਸ ਦਿਲੀ)***

## ਸਿਲਵਰ ਜੁਬਲੀ ਦੀਆਂ ਵਧਾਈਆਂ

ਬਹੁਤ ਪਿਆਰੇ ਤੇ ਸਾਈਂ ਸੰਵਾਰੇ,
ਮਾਨਯੋਗ ਸ. ਜਗਦੀਸ਼ ਸਿੰਘ ਵਰਿਆਮ ਜੀਓ,
ਅਤੇ ਸਤਿਕਾਰਯੋਗ ਸ. ਵਰਿਆਮ ਸਿੰਘ ਸੰਧੂ ਜੀਓ
ਫਤਹਿ, ਸਤਿਕਾਰ ਅਤੇ ਨਿੱਘੀ-ਮਿੱਠੀ ਯਾਦ ਪੁਜੇ।
ਵਾਹਿਗੁਰੂ ਜੀ ਸਦਾ ਸਹਾਈ ਹੋਣ ਅਤੇ ਸਤਿਗੁਰੂ ਜੀ ਹਮੇਸ਼ਾ ਅੰਗ-ਸੰਗ ਰਹਿਣ!

ਮਾਸਕ "ਵਰਿਆਮ" ਦੀ ਸਿਲਵਰ ਜੁਬਲੀ ਮੁਬਾਰਕ ਹੋਵੇ, ਸੁਭਾਗੀ ਅਤੇ ਸੁਹੰਢਣੀ ਹੋਵੇ! ਸ਼ਾਲਾ! ਇਹ ਅਤੇ ਇਸ ਦੇ ਬੜੇ ਹੀ ਸਿਆਣੇ ਤੇ ਸੁਹਿਰਦ, ਹਿੰਮਤੀ ਤੇ ਮੇਹਨਤੀ, ਸੂਰਬੀਰ ਤੇ ਸੁਚੱਜੇ ਸੰਪਾਦਕ ਸ. ਜਗਦੀਸ਼ ਸਿੰਘ ਜੀ ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰਦੇ ਰਹਿਣ। ਉਨ੍ਹਾਂ ਦਾ ਮਾਣ-ਤਾਣ ਸਦਾ ਵਧਦਾ ਹੀ ਰਹੇ ਅਤੇ ਉਹ ਇਸ ਨੂੰ ਵਧ ਤੋਂ ਵਧ ਸੁੰਦਰ, ਸੁਨੱਖਾ, ਲਾਭਦਾਇਕ ਤੇ ਚਿਰ-ਰਹਿਣਾ ਬਣਾਉਣ ਲਈ ਇਸੇ ਤਰ੍ਹਾਂ ਤਤਪਰ ਰਹਿਣ!

੨੯ ਅਪਰੈਲ ੨੦੦੧ ਲਈ ਨਿਯਤ ਇਸ ਦੇ ਜੁਬਲੀ ਉਤਸਵ ਵਿਚ ਸ਼ਾਮਲ ਹੋਣ ਲਈ ਭੇਜੇ ਸੱਦੇ ਵਾਸਤੇ ਮੈਂ ਦਿਲੋਂ ਰਿਣੀ ਹਾਂ, ਪਰ ਉਸ ਦਿਨ ਲਈ ਪਹਿਲਾਂ ਹੀ (ਨੱਥੀ ਪੱਤਰ ਅਨੁਸਾਰ) ਨੱਕੋ-ਨੱਕ ਰੁਝਿਆ ਹੋਇਆ ਹੋਣ ਕਰਕੇ, ਮੈਂ ਤੀਬਰ ਇੱਛਾ ਦੇ ਬਾਵਜੂਦ ਹਾਜ਼ਰ ਨਹੀਂ ਹੋ ਸਕਾਂਗਾ ਜਿਸ ਲਈ ਬੜੇ ਤੀਖਣ ਅਰਮਾਨਾਂ ਸਹਿਤ ਖਿਮਾ ਦਾ ਜਾਚਕ ਹਾਂ। ਸੋ, ਮੇਰੀ ਇਸ ਮਜਬੂਰੀ ਨੂੰ ਮੁਖ ਰਖਦਿਆਂ, ਇਹ ਗ਼ੈਰ-ਹਾਜ਼ਰੀ ਮਾਫ਼ ਕਰ-ਕਰਵਾ ਦੇਣੀ ਜੀ।

ਭਰਵੇਂ ਪਿਆਰਾਂ ਤੇ ਭਰਪੂਰ ਸ਼ੁਭ-ਇੱਛਾਵਾਂ ਅਤੇ ਲੱਖ-ਵੱਖ ਵਧਾਈਆਂ ਤੇ ਸਦ ਸਦ ਮੁਬਾਰਕਾਂ ਸਹਿਤ

*ਆਪ ਜੀ ਦਾ ਸ਼ੁਭ-ਚਿੰਤਕ,*
***ਹਰਨਾਮ ਸਿੰਘ ਸ਼ਾਨ (ਡਾ.), ਚੰਡੀਗੜ੍ਹ***



Sri Satguru Jagjit Singh Ji eLibrary NamdhariElibrary@gmail.com

# ਅਭਿਨੰਦਨ ਵਰਿਆਮ




ਸੰਪਾਦਕ
**ਵਰਿਆਮ ਸਿੰਘ ਸੰਧੂ**

Sri Satguru Jagjit Singh Ji eLibrary NamdhariElibrary@gmail.com



## ਸਾਹਿਤ ਸੰਗਤ



ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਇਕ ਸਮਾਰੋਹ ਸਮੇਂ ਸੰਧੂ ਸਟੂਡੀਓ ਲੁਧਿਆਣਾ ਵਿਚ ਖਿੱਚੀ ਇਕ ਗਰੁਪ ਫੋਟੋ :
ਖੜੇ ਲੇਖਕ : ਸ. ਦਲਜੀਤ ਸਿੰਘ, ਪ੍ਰੋ. ਗੁਰਭਜਨ ਗਿਲ, ਡਾ. ਵਰਿਆਮ ਸਿੰਘ ਸੰਧੂ,
ਸ. ਹੁਕਮ ਸਿੰਘ ਭੱਟੀ, ਸ. ਅਮਰੀਕ ਸਿੰਘ ਪੂਨੀ ਪ੍ਰਧਾਨ ਸਾਹਿਤ ਅਕੈਡਮੀ,
ਪ੍ਰੋ. ਸਤੀਸ਼ ਵਰਮਾ, ਡਾ. ਆਤਮਜੀਤ, ਪ੍ਰੋ. ਪਿਆਰਾ ਸਿੰਘ ਭੋਗਲ, ਪ੍ਰੋ. ਰਵਿੰਦਰ ਭਠਲ ਅਤੇ ਤੇਜ ਪ੍ਰਤਾਪ ਸੰਧੂ।
ਬੈਠੇ : ਡਾ. ਹਰਚਰਨ ਸਿੰਘ, ਸ੍ਰੀਮਤੀ ਉਰਮਿਲਾ ਅਨੰਦ, ਸ. ਜਗਜੀਤ ਸਿੰਘ ਅਨੰਦ ਤੇ ਸ. ਜਗਦੀਸ਼ ਸਿੰਘ ਵਰਿਆਮ।



ਪੰਜਾਬੀ ਸੱਥ ਲਾਂਬੜਾ ਦੇ ਸਮਾਗਮ ਸਮੇਂ : ਫਰਾਂਸ ਦੇ ਵਿਦਵਾਨ ਡਾ. ਜਾਂ ਮਾਰੀ ਲਾਂਫੋ ਦੇ ਨਾਲ : ਸ੍ਰੀ ਤਰਲੋਕ ਮਨਸੂਰ, ਜਗਦੀਸ਼ ਸਿੰਘ ਵਰਿਆਮ,
[illegible] ਸਿੰਘ ਖੋਜੀ, ਸ. ਪਿਆਰਾ ਸਿੰਘ [illegible] ਪਾਲ ਸਿੰਘ।

Sri Satguru Jagjit Singh Ji eLibrary NamdhariElibrary@gmail.com





ਸੰਗੀਤ ਮੇਲਾ ਹਰਬਲਭ ਦੀ ਸਟੇਜ ਤੇ ਸ. ਜਗਦੀਸ਼ ਸਿੰਘ ਵਰਿਆਮ ਦਾ ਅਭਿਨੰਦਨ : ਖਬਿਓਂ ਸ੍ਰੀ ਸੁਰੇਂਦਰ ਸੇਠ, ਸ੍ਰੀ ਰਾਕੇਸ਼ ਦਾਦਾ, ਸ੍ਰੀ ਵਿਜੇ ਚੋਪੜਾ ਜੀ ਅਤੇ ਗਾਇਕ ਹੰਸ ਰਾਜ ਹੰਸ।



ਬਰਮਿੰਘਮ ਇੰਗਲੈਂਡ ਵਿਚ ਲੇਖਕਾਂ ਦੀ ਇਕ ਗਰੁਪ ਫੋਟੋ : (ਖੱਬੇ ਤੋਂ) ਸ. ਕਰਤਾਰ ਸਿੰਘ ਪੰਛੀ, ਪ੍ਰੋ. ਤਾਰਾ ਸਿੰਘ ਅਨਜਾਣ, ਸਯਦ ਆਸਫ ਸ਼ਾਹਕਾਰ (ਸਵੀਡਨ), ਜਨਾਬ ਅਫਜ਼ਲ ਅਹਿਸਨ ਰੰਧਾਵਾ (ਪਾਕਿਸਤਾਨ) ਸੰਪਾਦਕ ਵਰਿਆਮ ਅਤੇ ਜਨਾਬ ਅਹਿਮਦ ਸਲੀਮ (ਪਾਕਿਸਤਾਨ)

Sri Satguru Jagjit Singh Ji eLibrary NamdhariElibrary@gmail.com

# ਅਭਿਨੰਦਨ ਵਰਿਆਮ





ਲੰਡਨ ਦੇ ਇਕ ਸਮਾਗਮ ਵਿਚ (ਖੱਬੇ ਤੋਂ) ਸੂਬਾ ਗੁਰਦਿਆਲ ਸਿੰਘ, ਸ. ਹਰਚਰਨ ਸਿੰਘ ਰੰਧਾਵਾ, ਸ. ਜਗਦੀਸ਼ ਸਿੰਘ ਵਰਿਆਮ ਅਤੇ ਸ. ਹਰਵਿੰਦਰ ਸਿੰਘ ਸਿਆਣ।



ਜੰਮੂ ਵਿਚ ਵਰਿਆਮ ਦੇ ਸਿਲਵਰ ਜੁਬਲੀ ਸਮਾਗਮ ਤੇ ਸੰਪਾਦਕ ਵਰਿਆਮ ਨੂੰ ਪ੍ਰਸ਼ਸਤੀ ਪੱਤਰ ਦੇ ਰਹੇ ਪ੍ਰਧਾਨ ਸੰਤ ਕਰਤਾਰ ਸਿੰਘ ਜੀ ਅਤੇ ਸੂਬਾ ਸੁਖਦੇਵ ਸਿੰਘ ਜੀ, ਪਿਛੇ ਡਾ. ਤਰੁਣ ਸਿੰਘ ਵੀ ਦਿਖਾਈ ਦੇ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

# ਅਭਿਨੰਦਨ ਵਰਿਆਮ

ਸੰਪਾਦਕ : ਵਰਿਆਮ ਸਿੰਘ ਸੰਧੂ

ਸਮਾਗਮ ਮਿਤੀ ੨੯ ਅਪਰੈਲ ੨੦੦੧
ਦੇਸ਼ ਭਗਤ ਯਾਦਗਾਰ ਹਾਲ ਜਲੰਧਰ

ਪ੍ਰਕਾਸ਼ਕ

**ਮਾਸਕ ਵਰਿਆਮ ਸਿਲਵਰ ਜੁਬਲੀ ਉਤਸਵ ਕਮੇਟੀ।**

ਲਾਡੋਵਾਲੀ ਰੋਡ, ਜਲੰਧਰ।



Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਸ਼ੁਕਰਾਨਾ--ਵਰਿਆਮ ਸਿੰਘ ਸੰਧੂ ---------- ੫
ਸੰਦੇਸ਼—ਤਰਲੋਚਨ ਸਿੰਘ ---------- ੬
ਵਰਿਆਮ ਦੀ ਸਿਲਵਰ ਜੁਬਲੀ-ਮੁਬਾਰਕਬਾਦ—ਡਾ. ਹਰਿਭਜਨ ਸਿੰਘ ---------- ੭
ਸੁੱਚੀ ਕਲਮ ਦਾ ਸਫ਼ਰ—ਬਰਜਿੰਦਰ ਸਿੰਘ ਹਮਦਰਦ ---------- ੮
ਸਫਲਤਾ ਅਤੇ ਵਿਕਾਸ ਦੀ ਕਾਮਨਾ—ਖੁਸ਼ਵੰਤ ਸਿੰਘ ---------- ੯
ਜਗਦੀਸ਼ ਸਿੰਘ ਤੋਂ ਜਗਦੀਸ਼ ਸਿੰਘ 'ਵਰਿਆਮ'—ਵਿਜੇ ਕੁਮਾਰ ਚੋਪੜਾ ---------- ੧੦
ਸ਼ੁਭ ਕਾਮਨਾਵਾਂ —ਕਰਤਾਰ ਸਿੰਘ ਦੁੱਗਲ ---------- ੧੧
ਸ਼ੁਭ ਸੰਦੇਸ਼—ਪ੍ਰੋ. ਗੁਰਦਿਆਲ ਸਿੰਘ ---------- ੧੨
ਲੇਖਕਾਂ ਦਾ ਸਖਾ —ਪ੍ਰੋ. ਪ੍ਰੀਤਮ ਸਿੰਘ ---------- ੧੩
ਪੰਜਾਬੀ ਪਾਠਕਾਂ ਵਿਚ ਵਿਸ਼ੇਸ਼ ਸਥਾਨ—ਹਰਭਜਨ ਸਿੰਘ ਹਲਵਾਰਵੀ ---------- ੧੪
ਉੱਜਲਤਾਈ ਦੀਆਂ ਕਿਰਨਾਂ--ਸੰਤੋਖ ਸਿੰਘ ਧੀਰ ---------- ੧੫
ਨੈਤਿਕ ਤੇ ਸਾਹਿਤਕ ਮਿਆਰ ਆਪਣੇ ਆਪ ਵਿਚ ਮਿਸਾਲ—ਅਮਰੀਕ ਸਿੰਘ ਪੂਨੀ ---------- ੧੭
ਸਭ ਪਰਚਿਆਂ ਨਾਲੋਂ ਵਿਲੱਖਣ—ਡਾ. ਜਗਤਾਰ ---------- ੧੭
ਸੁਚੇ ਮਿਆਰ ਵਾਲਾ ਵਰਿਆਮ —ਹਰਵਿੰਦਰ ਸਿੰਘ ਹੰਸਪਾਲ ---------- ੧੮
ਰੱਬ ਵਰਗਾ ਬੰਦਾ—ਡਾ. ਵਰਿਆਮ ਸਿੰਘ ਸੰਧੂ ---------- ੧੯
'ਵਰਿਆਮ'-ਇਕੇਲਾ—ਰਾਮ ਸਰੂਪ ਅਣਖੀ ---------- ੨੧
ਸੂਝਵਾਨ ਲਗਨ ਦਾ ਹਸਤਾਖਰ--ਸਤਿੰਦਰ ਸਿੰਘ ---------- ੨੨
'ਵਰਿਆਮ ਸਿਲਵਰ ਜੁਬਲੀ' : ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ—ਡਾ. ਕਰਨੈਲ ਸਿੰਘ ਥਿੰਦ ---------- ੨੩
ਮਾਸਿਕ ਪੱਤਰ ਵਰਿਆਮ ਦੀ ਸੁਨਹਿਰੀ ਯਾਤਰਾ—ਕਿਰਪਾਲ ਸਿੰਘ ---------- ੨੪
ਵਡਮੁੱਲਾ ਇਤਿਹਾਸਕ ਯੋਗਦਾਨ—ਪ੍ਰੀਤਮ ਸਿੰਘ ਨਵਯੁਗ ---------- ੨੪
ਇਸ ਸਦੀ ਦੀ ਸਭ ਤੋਂ ਵੱਡੀ ਖ਼ਬਰ—ਅਮਰ ਭਾਰਤੀ ---------- ੨੫
ਕੁਝ ਲਿਖੇ ਤੇ ਬਹੁਤੇ ਅਣਲਿਖੇ ਪੱਤਰਿਆਂ ਦਾ ਲੇਖਕ—ਪਿਆਰਾ ਸਿੰਘ ਭੋਗਲ ---------- ੨੮
'ਵਰਿਆਮ ਦੀ ਵਰਿਆਮਤਾ'—ਗੁਰਬਚਨ ਸਿੰਘ ਭੁੱਲਰ ---------- ੩੧
ਜਗਦੀਸ਼ ਸਿੰਘ ਵਰਿਆਮ ਦੇ ਸ਼ਬਦ ਚਿੱਤਰ—ਸੁਵਰਨ ਸਿੰਘ ਵਿਰਕ ---------- ੩੩
ਵਰਿਆਮ ਤੇ ਵਰਿਆਮ—ਡਾ. ਗੁਰਲਾਲ ਸਿੰਘ ---------- ੪੧
ਵਰਿਆਮ ਤੇ ਸਰੋਕਾਰ—ਗੁਰਬਖਸ਼ ਸਿੰਘ ਬੰਨੋਆਣਾ ---------- ੪੩




Sri Satguru Jagjit Singh Ji eLibrary NamdhariElibrary@gmail.com

ਪੰਥ ਦਾ ਪਹਿਰੂ-ਜਗਦੀਸ਼ ਵਰਿਆਮ—*ਗੁਰੂਬਚਨ ਸਿੰਘ ਨਾਮਧਾਰੀ* ---- ੫੦
ਜਗਦੀਸ਼ ਸਿੰਘ 'ਵਰਿਆਮ' ਬਨਾਮ 'ਵਰਿਆਮ ਸਿੰਘ'—*ਦਲਬੀਰ ਸਿੰਘ* ---- ੫੨
ਵਰਿਆਮ ਅਤੇ ਜਗਦੀਸ਼ ਵਰਿਆਮ ਤੁਰੇ ਜਾ ਰਹੇ ਹਨ—*ਸਤਨਾਮ ਚਾਨਾ* ---- ੫੫
ਸਾਰਥਕ ਜ਼ਿੰਦਗੀ ਦਾ ਪ੍ਰਤੀਕ—*ਨਰਿੰਜਨ ਸਿੰਘ ਸਾਥੀ* ---- ੫੬
ਮਿੱਟੀ ਦੀ ਮਹਿਕ ਖਲਾਰਦਾ ਵਰਿਆਮ—*ਤਾਰਾ ਸਿੰਘ ਅਨਜਾਣ* ---- ੫੭
ਵਰਿਆਮ : ਮਾਂ ਬੋਲੀ ਦਾ ਜ਼ਿੰਦਾ ਪੁੱਤਰ—*ਡਾ. ਨਿਰਮਲ ਸਿੰਘ* ---- ੬੧
ਜਗਦੀਸ਼ ਸਿੰਘ ਬਨਾਮ 'ਵਰਿਆਮ'—*ਡਾ. ਕੀਰਤੀ ਕੇਸਰ* ---- ੬੨
ਦੋ ਸ਼ਬਦ ਮੇਰੇ ਵੀ—*ਹਰਭਜਨ ਸਿੰਘ ਬਟਾਲਵੀ* ---- ੬੫
ਮੇਰੇ ਚੇਤੇ ਦੀ ਚੰਗੇਰ ਵਿਚਲਾ 'ਵਰਿਆਮ'—*ਜਗਜੀਤ ਸਿੰਘ ਅਨੰਦ* ---- ੬੬
ਖੂਬ ਤੇਰੀ ਪਗੜੀ ਮੀਠੇ ਤੇਰੇ ਬੋਲ.......—*ਕੁਲਦੀਪ ਸਿੰਘ ਬੇਦੀ* ---- ੬੭
ਵਰਿਆਮ ਪੰਜਾਬੀ ਪਾਠਕ ਪੈਦਾ ਕਰਦਾ ਏ—*ਪ੍ਰੇਮ ਪ੍ਰਕਾਸ਼* ---- ੬੮
ਆਪਣੀ ਹੀ ਧੁਨ ਵਿਚ ਵਿਚਰਨ ਵਾਲੀ ਸ਼ਖਸੀਅਤ ਜਗਦੀਸ਼ ਸਿੰਘ ਵਰਿਆਮ—*ਸਤਨਾਮ ਸਿੰਘ ਮਾਣਕ* ---- ੬੯
ਫੁੱਲਾਂ ਦਾ ਲਿਬਾਸ—*ਸੰਤੋਖ ਸਿੰਘ ਸਫ਼ਰੀ* ---- ੭੧
ਵਰਿਆਮ ਦੀ ਵਰਿਆਮਗੀ—*ਡਾ. ਜਤਿੰਦਰਪਾਲ ਸਿੰਘ ਜੌਲੀ* ---- ੭੨
ਸ੍ਰੀ ਸੰਤ ਜਗਦੀਸ਼ ਸਿੰਘ 'ਵਰਿਆਮ'—*ਸੰਤੋਖ ਸਿੰਘ ਸਫਰੀ* ---- ੭੬
ਵਰਿਆਮ ਦੇ ਪੱਚੀ ਸਾਲ—*ਨੀਲਮ ਸੰਜੀਵ* ---- ੭੭
ਮਿੱਠੀ-ਮੋਹਕਮ ਚਾਲ ਦਾ ਪਾਂਧੀ : ਵਰਿਆਮ—*ਦੇਸ ਰਾਜ ਕਾਲੀ* ---- ੭੮
ਸਾਹਿਤ ਅਤੇ ਸੰਗੀਤ ਪ੍ਰੇਮੀ-ਜਗਦੀਸ਼ ਸਿੰਘ—*ਜੋਗਿੰਦਰ ਬਾਵਰਾ* ---- ੮੦
ਯਾਦ ਬੀਤੇ ਦਿਨਾਂ ਦੀ—*ਪੰਡਿਤ ਰਮੇਸ਼ ਲਾਲ* ---- ੮੧
ਵਰਿਆਮ ਤੇ ਸੰਗੀਤ—*ਗੁਰਦਿੱਤ ਸਿੰਘ* ---- ੮੩
ਚੂੜੇ ਦੀ ਵੰਗ ਵਰਗਾ—*ਜੋਗਿੰਦਰ ਕੌਰ ਖਾਮੋਸ਼* ---- ੮੪
'ਸਾਡਾ ਵਰਿਆਮ'—*ਗੁਰਬਚਨ ਸਿੰਘ* ---- ੮੫
ਸੂਰਮਿਆਂ ਯੋਧਿਆਂ ਦਾ ਪ੍ਰਤਿਨਿਧ—*ਡਾ. ਅਜੀਤ ਸਿੰਘ* ---- ੮੬
ਵਰਿਆਮ ਦੇ ਸੰਪਾਦਕੀ—*ਗੁਰਬਖਸ਼ ਸਿੰਘ* ---- ੮੮
ਪੁਰਾਣਾ ਮਾਖਿਓਂ—*ਕੁਝ ਮੁਢਲੇ ਲੇਖ, ਕੁਝ ਖ਼ਬਰਾਂ, ਚਿੱਠੀਆਂ* ---- ੯੭
ਕੁਝ ਵਰਿਆਮ ਦੇ ਪੰਨਿਆਂ ਉੱਤੇ ਖਿਲਰੇ ਇਤਿਹਾਸ ਵਿਚੋਂ—*ਗੁਰਬਖਸ਼ ਸਿੰਘ ਬੰਨੋਆਣਾ* ---- ੧੩੭

**ਛਾਪਕ**
*ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ।*
*ਫ਼ੋਨ-0181-226877*

**ਆਰਟਿਸਟ**
*ਸੁਖਵੰਤ ਸਿੰਘ*



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਵਲੋਂ

# ਆਸ਼ੀਰਵਾਦ

ਅਜ ਸਾਹਿੱਤ ਅਤੇ ਸਮਾਜ ਵਿਚ, ਸਮੇਂ ਦੇ ਪ੍ਰਭਾਵ ਨਾਲ, ਕਈ ਤਰ੍ਹਾਂ ਦੀਆਂ ਗਿਰਾਵਟਾਂ ਆ ਗਈਆਂ ਤੇ ਆ ਰਹੀਆਂ ਹਨ। 'ਸਹਿਤ' ਦੇ ਨਾਂ ਤੇ ਗੰਦ ਤੇ ਭੰਡੀ ਪ੍ਰਚਾਰ ਦਾ ਕੰਮ ਸਗੋਂ ਬਹੁਤਾ ਹੋ ਰਿਹਾ ਹੈ ਤੇ ਇਹ ਸਾਹਿੱਤ ਤੇ ਸਮਾਜ ਦੋਹਾਂ ਲਈ ਹਾਨੀਕਾਰਕ ਤੇ ਮਾਰੂ ਹੈ। ਅਜਿਹੇ ਅਧੋਗਤੀ ਦੇ ਸਮੇਂ ਵਿਚ ਕਿਸੇ 'ਵਰਿਆਮ' ਦਾ ਹੀ ਕੰਮ ਹੈ ਕਿ ਉਹ ਸਮਾਜ ਨੂੰ ਸਹੀ ਸੇਧ ਦੇਣ ਵਾਲਾ ਸਾਹਿੱਤ ਪੈਦਾ ਕਰਕੇ ਸਮਾਜ ਦੀ ਸਹੀ ਸੇਵਾ ਕਰੇ। ਮੈਨੂੰ ਪੂਰਨ ਆਸ ਹੈ ਕਿ 'ਵਰਿਆਮ' ਵਰਿਆਮਤਾ ਨਾਲ ਆਪਣਾ ਫ਼ਰਜ਼ ਪੂਰਾ ਕਰੇਗਾ।

'ਵਰਿਆਮ' ਦੀ ਸਫ਼ਲਤਾ ਲਈ ਮੈਂ ਸ਼ੁਭ ਕਾਮਨਾਵਾਂ ਭੇਜਦਾ ਹਾਂ।



Sri Satguru Jagjit Singh Ji eLibrary NamdhariElibrary@gmail.com

# ਸ਼ੁਕਰਾਨਾ

ਮਾਸਿਕ 'ਵਰਿਆਮ' ਨੂੰ ਸ. ਜਗਦੀਸ਼ ਸਿੰਘ ਦੀ ਸੰਪਾਦਨਾ ਤੇ ਅਗਵਾਈ ਅਧੀਨ ਪੰਜਾਬੀ ਭਾਸ਼ਾ, ਸਾਹਿਤ ਤੇ ਨਾਮਧਾਰੀ ਇਤਿਹਾਸ, ਸਮਾਜ ਅਤੇ ਸਭਿਆਚਾਰ ਦੀ ਸੇਵਾ ਕਰਦਿਆਂ ਪੂਰੇ ਪੰਝੀ ਸਾਲ ਹੋ ਚੁੱਕੇ ਹਨ। 'ਵਰਿਆਮ' ਦੇ ਰੂਪ ਵਿਚ ਜਗਦੀਸ਼ ਸਿੰਘ ਦੀ ਘਾਲਣਾ ਦੀ ਸ਼ਲਾਘਾ ਵਜੋਂ ਨਾਮਧਾਰੀ ਜਗਤ ਨਾਲ ਜੁੜੀਆਂ ਵਿਭਿੰਨ ਜਥੇਬੰਦੀਆਂ ਵਲੋਂ ਵੱਖ ਵੱਖ ਅਤੇ ਦੂਰ ਦੁਰੇਡੇ ਸ਼ਹਿਰਾਂ ਵਿਚ ਉਸਨੂੰ ਸਨਮਾਨਿਤ ਕਰਨ ਦਾ ਅਜਿਹਾ ਅਟੁੱਟ ਸਿਲਸਿਲਾ ਚਲਿਆ ਕਿ 'ਵਰਿਆਮ' ਨਾਲ ਜੁੜੇ ਬਹੁਤ ਸਾਰੇ ਮਿੱਤਰ-ਪਿਆਰਿਆਂ ਨੂੰ ਅਚਨਚੇਤ ਆਪਣੇ ਪਛੜ ਜਾਣ ਦਾ ਖ਼ਿਆਲ ਆਇਆ। ਉਹਨਾਂ ਸਭ ਨੇ ਮਿਲ ਬੈਠ ਕੇ ਵਿਚਾਰ ਕੀਤਾ ਕਿ ਜੇ ਅਸੀਂ ਜਗਦੀਸ਼ ਸਿੰਘ ਦੀਆਂ ਸੇਵਾਵਾਂ ਦਾ ਅਭਿਨੰਦਨ ਕਰਨ ਵਾਲੇ ਪਹਿਲੇ ਬੰਦਿਆਂ ਵਿਚ ਨਾ ਆ ਸਕਣ ਦੀ ਭੁੱਲ ਕਰ ਹੀ ਬੈਠੇ ਹਾਂ ਤਾਂ ਘੱਟੋ ਘੱਟ ਅਸੀਂ ਫਾਡੀ ਹੋਣੋਂ ਤਾਂ ਬਚ ਹੀ ਜਾਈਏ।

ਦੇਰ ਨਾਲ ਹੀ ਸਹੀ ਪਰ ਫਿਰ ਵੀ ਸਮੇਂ ਸਿਰ ਸੁਝ ਗਈ ਸੁੱਚੀ ਸੋਚ ਨੇ 'ਵਰਿਆਮ' ਦੇ ਹਿਤੈਸ਼ੀਆਂ ਤੇ ਸਨੇਹੀਆਂ ਨੇ ਇਕ ਇਕੱਠ ਕਰਕੇ ਜਗਦੀਸ਼ ਸਿੰਘ ਦੀ ਸਫ਼ਲਤਾ ਨੂੰ ਆਪਣੀ ਸਫ਼ਲਤਾ ਮੰਨਦਿਆਂ 'ਵਰਿਆਮ' ਦੀ ਸਿਲਵਰ ਜੁਬਲੀ ਪੂਰੀ ਸ਼ਾਨ-ਸ਼ੌਕਤ ਨਾਲ ਮਨਾਉਣ ਦਾ ਫੈਸਲਾ ਕਰ ਲਿਆ। ਇਕ ਵਿਸ਼ੇਸ਼ ਸਿਲਵਰ ਜੁਬਲੀ ਸਮਾਗਮ ਵਿਚ ਜਗਦੀਸ਼ ਸਿੰਘ ਵਰਿਆਮ ਦਾ ਅਭਿਨੰਦਨ ਕਰਨ ਦਾ ਨਿਰਣਾ ਨੇਪਰੇ ਚੜ੍ਹਣ ਲਈ ਸਾਡੇ ਕੋਲ ਸਮਾਂ ਬਹੁਤ ਘੱਟ ਸੀ। ਅਭਿਨੰਦਨ ਗ੍ਰੰਥ ਲਈ ਵੱਖ-ਵੱਖ ਵਿਦਵਾਨਾਂ ਕੋਲੋਂ ਉਹਨਾਂ ਦੀਆਂ ਲਿਖਤਾਂ ਮੰਗੀਆਂ ਗਈਆਂ। ਬਹੁਤ ਥੋੜ੍ਹੇ ਸਮੇਂ ਦੇ ਨੋਟਿਸ 'ਤੇ ਵੀ ਸਾਡੇ ਸਨੇਹੀਆਂ ਨੇ ਸਾਨੂੰ ਭਰਪੂਰ ਸਹਿਯੋਗ ਦਿੱਤਾ। ਅਸੀਂ ਪੂਰੇ ਆਦਰ ਨਾਲ ਇਸ ਗ੍ਰੰਥ ਵਿਚ ਉਹਨਾਂ ਦੇ ਵਿਚਾਰ ਛਾਪਦੇ ਹੋਏ ਉਹਨਾਂ ਦੇ ਸਹਿਯੋਗ ਲਈ ਧੰਨਵਾਦੀ ਵੀ ਹਾਂ।

ਜਗਦੀਸ਼ ਸਿੰਘ ਲਈ ਸਾਡੇ ਡੁੱਲ੍ਹ ਡੁੱਲ੍ਹ ਪੈਂਦੇ ਪਿਆਰ ਦੇ ਅਨੁਪਾਤ ਵਿਚ ਨਿਸ਼ਚੈ ਹੀ ਸਾਡੀਆਂ ਜੇਬਾਂ ਛੋਟੀਆਂ ਹਨ 'ਤੇ ਮੁਹੱਬਤ ਦੇ ਰਿਸ਼ਤੇ ਵਿਚ ਜੇਬਾਂ ਨਹੀਂ ਦਿਲ ਵੇਖੇ ਜਾਂਦੇ ਹਨ। ਜਗਦੀਸ਼ ਸਿੰਘ ਸਾਡੇ ਦਿਲਾਂ ਨੂੰ ਜਾਣਦਾ ਹੈ ਕਿਉਂਕਿ ਉਹ ਆਪ ਵੀ ਮੁਹੱਬਤਾਂ ਭਰੇ ਵੱਡੇ ਦਿਲ ਦਾ ਮਾਲਕ ਹੈ। ਇਸ ਲਈ ਸਾਡੇ ਛੋਟੇ ਜਿਹੇ ਉਦਮ ਨੂੰ ਵੱਡਾ ਸਮਝਕੇ ਝੋਲੀ ਵਿਚ ਪੁਆ ਲੈਣ ਦੀ ਜਗਦੀਸ਼ ਸਿੰਘ ਦੀ ਖ਼ੁਸ਼ ਅਸਲੂਬੀ 'ਤੇ ਸਾਨੂੰ ਮਾਣ ਹੈ।

ਵਰਿਆਮ ਸਿੰਘ ਸੰਧੂ
ਸੰਪਾਦਕ ਤੇ ਕਨਵੀਨਰ
ਮਾਸਕ ਵਰਿਆਮ ਸਿਲਵਰ ਜੁਬਲੀ ਉਤਸਵ ਕਮੇਟੀ
ਜਲੰਧਰ



Sri Satguru Jagjit Singh Ji eLibrary NamdhariElibrary@gmail.com

तरलोचन सिंह

उपाध्यक्ष

**TARLOCHAN SINGH**

**Vice Chairman**

NATIONAL COMMISSION FOR MINORITIES
ਕੌਮੀ ਘੱਟ ਗਿਣਤੀ ਕਮਿਸ਼ਨ
ਲੋਕ ਨਾਇਕ ਭਵਨ (ਪੰਜਵੀਂ ਮੰਜ਼ਿਲ)
Lok Nayak Bhavan (Fifth Floor)
ਖਾਨ ਮਾਰਕੀਟ, ਨਵੀ ਦਿੱਲੀ-110003
Khan Market, New Delhi-110003
ਫੋਨ ਨੰ. 4690809
TEL. 4690809
ਫੈਕਸ Fax. 011-464245, 4693302
E-mail : vcncm@ncm.delhi.nic.in

ਅਪ੍ਰੈਲ 3, 2001

ਪਿਆਰੇ ਸ੍ਰ. ਜਗਦੀਸ਼ ਸਿੰਘ ਜੀ,

ਬਹੁਤ ਵਧਾਈ, ਜੋ ਤੁਸੀਂ ਵਰਿਆਮ ਦਾ ੨੫ ਸਾਲਾ ਮਨਾ ਰਹੇ ਹੋ। ਸਤਿਗੁਰਾਂ ਦੀ ਬਖਸ਼ਿਸ਼ ਨਾਲ ਤੇ ਤੁਹਾਡੀ ਹਿੰਮਤ ਨਾਲ ਇਹ ਪੈਂਡਾ ਤੁਸੀ ਤੈਅ ਕੀਤਾ ਹੈ। ਆਪਣੀ ਥਾ ਬਣਾਈ ਹੈ ਤੇ ਪੰਜਾਬੀ ਪੱਤਰਕਾਰੀ ਦੇ ਜਗਤ ਵਿਚ ਇਹ ਵੱਡਮੁੱਲੀ ਪ੍ਰਾਪਤੀ ਹੈ। ਮੈ ਜਦ ਤੋਂ 'ਵਰਿਆਮ' ਦਾ ਪਾਠਕ ਬਣਿਆ ਹਾਂ ਤੁਹਾਡੇ ਪ੍ਰਤੀ ਸ਼ਰਧਾ ਵਧੀ ਹੈ। ਅਫਰੀਕਾ ਤੇ ਕੀਨੀਆ ਦੇ ਟੂਰ ਵਿਚ ਤੁਹਾਡੀ ਦੋਸਤੀ ਦੇ ਨਿੱਘ ਦਾ ਮਾਣ ਮੈਨੂੰ ਮਿਲਿਆ ਸੀ। ਤੁਸੀਂ ਮੈਨੂੰ ੨੯ ਅਪ੍ਰੈਲ ਲਈ ਯਾਦ ਕੀਤਾ ਹੈ, ਮੈਂ ਹਾਜ਼ਰ ਹੋਵਾਂਗਾ। ਪ੍ਰੋਗਰਾਮ ਲਿਖ ਕੇ ਭੇਜਣਾ ਤਾਂ ਜੋ ਉਸ ਅਨੁਸਾਰ ਮੈਂ ਜਲੰਧਰ ਪਹੁੰਚਣ ਦਾ ਉਪਰਾਲਾ ਕਰ ਸਕਾਂ। ਖੁਸ਼ੀਆਂ ਭਰੀ ਤੁਹਾਨੂੰ ਮੁਬਾਰਕ।

ਤੁਹਾਡਾ

ਤਰਲਚੋਨ ਸਿੰਘ

ਸ੍ਰ. ਜਗਦੀਸ਼ ਸਿੰਘ ਵਰਿਆਮ
ਸੰਪਾਦਕ ਵਰਿਆਮ
ਲਾਡੋਵਾਲੀ ਰੋਡ,
ਜਲੰਧਰ 144001



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੀ ਸਿਲਵਰ ਜੁਬਲੀ-ਮੁਬਾਰਕਬਾਦ

—ਡਾ. ਹਰਿਭਜਨ ਸਿੰਘ

ਮਾਸਿਕ 'ਵਰਿਆਮ' ਅਪਣੇ ਬਾਕਾਇਦਾ ਅਤੇ ਨਿਰੰਤਰ ਪ੍ਰਕਾਸ਼ਨ ਦੇ ਪੰਝੀ ਵਰ੍ਹੇ ਪੂਰੇ ਕਰ ਚੁੱਕਾ ਹੈ ਅਤੇ ਹੁਣ ਛੱਬੀਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਰਿਹਾ ਹੈ। ਸਿਲਵਰ ਜੁਬਲੀ ਦੇ ਇਸ ਮੌਕੇ ਤੇ ਵਰਿਆਮ ਮਾਲਕ-ਐਡੀਟਰ ਸ. ਜਗਦੀਸ਼ ਸਿੰਘ ਪਾਠਕਾਂ ਦੀ ਦਿਲੋਂ ਮਨੋਂ ਮੁਬਾਰਕਬਾਦ ਦਾ ਹਕਦਾਰ ਹੈ।

ਪੰਜਾਬੀ ਵਿਚ ਮਾਸਿਕ ਪੱਤਰ ਚਲਾਉਣਾ ਵੱਡੀ ਸੂਰਮਗਤੀ ਵਾਲਾ ਕੰਮ ਹੈ। ਘਰ ਫੂਕ ਤਮਾਸ਼ਾ ਵੇਖਣ ਵਾਲਾ ਕਾਰਨਾਮਾ ਕਿਉਂਕਿ ਪੰਜਾਬੀ ਪਾਠਕਾਂ ਵਿਚ ਕੋਈ ਰਚਨਾ, ਸਾਹਿਤਕ ਜਾਂ ਪੱਤਰਕਾਰਕ, ਖਰੀਦ ਕੇ ਪੜ੍ਹਨ ਦਾ ਸ਼ੌਕ ਜਾਂ ਰਿਵਾਜ ਨਹੀਂ। ਇਸ ਨਿਸ਼ਕਾਮ ਸੇਵਾ ਨਾਲ ਲੇਖਕ ਤੇ ਜੋ ਬੀਤਦਾ ਹੈ ਉਸਦਾ ਇਕ ਉਦਾਹਰਣ ਪੇਸ਼ ਹੈ। ਕੁਝ ਮਹੀਨੇ ਹੋਏ ਪੰਜਾਬੀ ਕਹਾਣੀਕਾਰ ਤੇ ਮੇਰਾ ਮਿਤਰ ਹਰਬਖ਼ਸ਼ ਸਿੰਘ ਹੰਸਪਾਲ ਮੈਨੂੰ ਆਪਣੇ ਨਵੇਂ ਕਹਾਣੀ-ਸੰਗ੍ਰਹਿ 'ਜ਼ਿੰਦਗੀ ਦੀ ਕੀਮਤ' ਦੀ ਇਕ ਪ੍ਰਤੀ, ਮਾਨ ਅਰਥ ਪ੍ਰਦਾਨ ਕਰਕੇ ਗਿਆ। ਪਿਛਲੇ ਹਫਤੇ ਉਹ ਫਿਰ ਮਿਲਣ ਆਇਆ ਤੇ ਆਪਣੇ ਵੇਦਨਾਮਈ ਅਨੁਭਵ ਦਾ ਵਰਣਨ ਸੁਣਾ ਗਿਆ। ਕਹਿੰਦਾ 'ਰੀਟਾਇਰ ਹੋ ਕੇ ਪੈਨਸ਼ਨ ਤੇ ਗੁਜ਼ਰ ਬਸਰ ਕਰਦਾ ਹਾਂ। ਕਹਾਣੀ ਲਿਖਣ ਦਾ ਸ਼ੌਕ ਬਦਸਤੂਰ ਪਾਲ ਰਿਹਾ ਹਾਂ। ਆਪਣੀਆਂ ਲਿਖਤਾਂ ਦਾ ਸੰਗ੍ਰਹਿ ਆਪਣੇ ਹੀ ਪਲਿਓਂ ਖਰਚ ਕੇ ਛਾਪਦਾ ਹਾਂ। ਆਪਣਾ ਨਵਾਂ ਸੰਗ੍ਰਹਿ ਆਪਣੇ ਪੜ੍ਹੇ ਲਿਖੇ ਤੇ ਸਾਹਿਤ ਪ੍ਰੇਮੀ ਯਾਰਾਂ ਦੋਸਤਾਂ ਨੂੰ ਉਹਨਾਂ ਦੇ ਘਰ ਪੰਹੁਚ ਕੇ ਭੇਂਟ ਕੀਤਾ। ੬੦-੭੦ ਕਾਪੀਆਂ ਏਦਾਂ ਵੰਡ ਕੇ ਖੁਸ਼ੀ ਹੋਈ। ਆਸ ਇਹੋ ਸੀ ਕਿ ਮੇਰੇ ਮਿਤਰ ਇਸ ਪੁਸਤਕ ਵਿਚੋਂ ਕੁਝ ਨਾ ਕੁਝ ਪੜ੍ਹਨਗੇ ਤੇ ਮੈਨੂੰ ਇਹਨਾਂ ਸੁਹਿਰਦ ਅਤੇ ਪਾਰਖੂ ਦੋਸਤਾਂ ਤੋਂ ਫੀਡਬੈਕ ਪ੍ਰਾਪਤ ਹੋਏਗੀ। ਪਰ ਐਸਾ ਹੁੰਗਾਰਾ ਇਕ ਵੀ ਨਹੀਂ ਮਿਲਿਆ। ਸ਼ਰਮ-ਸੰਕੋਚ ਇਕ ਪਾਸੇ ਕਰਕੇ ਜੇ ਕਿਸੇ ਪਾਸੋਂ ਆਪਣੀ ਪੁਸਤਕ ਦੀ ਸੁਖ ਸਾਂਦ ਪੁੱਛੀ ਤਾਂ ਜ਼ਿਆਦਾਤਰ ਇਹੋ ਸੁਣਨ ਨੂੰ ਮਿਲਿਆ 'ਮਾਫ਼ ਕਰੀਂ ਯਾਰ, ਪੜ੍ਹਣ ਦਾ ਵਕਤ ਹੀ ਨਹੀਂ ਮਿਲਿਆ। ਉਰਲੇ ਪਰਲੇ ਰੁਝੇਵੇਂ ਹੀ ਸਾਹ ਨਹੀਂ ਲੈਣ ਦੇਂਦੇ।' ਹੁਣ ਤੂੰ ਹੀ ਦਸ ਮੈਂ ਕਹਾਣੀ ਲਿਖਦਾ, ਛਾਪਦਾ ਅਤੇ ਸੁਹਿਰਦ ਮਿਤਰਾਂ ਦੇ ਹੱਥਾਂ ਤਕ ਪਹੁੰਚਾ ਵੀ ਦੇਂਦਾ ਹਾਂ, ਪੜ੍ਹਣ ਲਈ ਸਮਾਂ ਮੈਂ ਕਿਥੋਂ ਲਿਆ ਦੇਵਾਂ? ਇਹ ਇਕ ਪਾਸੜ ਸਾਧਨਾ ਕਿਥੋਂ ਕੁ ਤਕ ਕਾਇਮ ਰਖ ਸਕਾਂਗਾ' ਉਹਦੇ ਬੋਲਾਂ ਵਿਚ ਡੂੰਘੀ ਚਿੰਤਾ ਤੇ ਸੁਰ ਰੋਣਹਾਕਾ ਸੀ।

ਐਡੀਟਰ 'ਵਰਿਆਮ' ਨਾਲ ਮੇਰਾ ਏਨਾ ਨੇੜੇ ਦਾ ਰਿਸ਼ਤਾ ਨਹੀਂ ਕਿ ਉਹ ਆਪਣਾ ਪੱਤਰਕਾਰਕ ਦੁੱਖ-ਸੁਖ ਮੇਰੇ ਨਾਲ ਸਾਂਝਾ ਕਰੇ। ਤਾਂ ਵੀ ਉਹਦੀ ਸਥਿਤੀ ਮੈਨੂੰ ਆਮ ਪੰਜਾਬੀ ਲੇਖਕ ਤੋਂ ਵਖਰੀ ਪ੍ਰਤੀਤ ਨਹੀਂ ਹੁੰਦੀ। ਭਗਤ ਲਛਮਣ ਸਿੰਘ ਅੰਗਰੇਜ਼ੀ ਹਫ਼ਤਾਵਾਰ 'ਦਾ ਖਾਲਸਾ' ਦਾ ਮਾਲਕ ਐਡੀਟਰ ਸੀ। ਆਪਣੀ ਸ੍ਵੈਜੀਵਨੀ ਵਿਚ ਲਿਖਦਾ ਹੈ 'ਹਰ ਇਸ਼ੂ ਲਿਖਣ, ਛਾਪਣ, ਪਰੂਫ ਪੜ੍ਹਣ ਤੋਂ ਲੈ ਕੇ ਰੈਪਰ ਤੇ ਟਿਕਟਾਂ ਲਾ ਕੇ ਪੋਸਟ ਕਰਨ ਦਾ ਕੰਮ ਮੈਨੂੰ ਕਲੇ ਕਾਰ ਨੂੰ ਆਪ ਹੀ ਕਰਨਾ ਪੈਂਦਾ ਸੀ। ਸਾਲਾਂ ਬੱਧੀ ਜਿਸਮਾਨੀ ਮਿਹਨਤ, ਮਨੋਕਲੇਸ਼ ਤੇ ਮਾਇਕ ਘਾਟੇ ਦੇ ਬਾਦ ਇਹ ਪਰਚਾ ਬੰਦ ਕਰਨਾ ਪਿਆ। ਜਗਦੀਸ਼ ਸਿੰਘ 'ਵਰਿਆਮ ਇਕੇਲਾ' ਇਸਨੂੰ ਹੋਰ ਅਗਾਂਹ ਤਕ ਜਾਰੀ ਰੱਖੇਗਾ, ਐਸੀ ਆਸ ਅਤੇ ਅਰਦਾਸ ਕਰਦਾ ਹਾਂ।

ਮੇਰੀ ਅਰਦਾਸ ਵਿਚ ਸ਼ੁਕਰ ਗੁਜ਼ਾਰੀ ਦਾ ਤੱਤ ਵੀ ਸ਼ਾਮਿਲ ਹੈ। 'ਵਰਿਆਮ' ਦੀ ਭਾਸ਼ਾ ਸ਼ੈਲੀ ਸਰਲ ਅਤੇ ਸੁਬੋਧ ਹੈ। ਸਰਲਤਾ ਸੁਹਿਰਦਤਾ ਦਾ ਹੀ ਦੂਜਾ ਨਾਮ ਹੈ। ਨਾਮਧਾਰੀ ਜੀਵਨ ਗੀਤ ਅਤੇ ਇਤਿਹਾਸ ਦੀ ਜਾਣਕਾਰੀ ਵੀ ਮੈਨੂੰ ਇਸ ਪਰਚੇ ਤੋਂ ਲਗਾਤਾਰ ਮਿਲਦੀ ਰਹਿੰਦੀ ਹੈ। ਇਸੇ ਕਾਰਨ ਮੈ ਸ਼ੁਕਰਗੁਜ਼ਾਰ ਹਾਂ। ਇਸ ਪਰਚੇ ਨੂੰ ਮੈਂ ਹੀ ਨਹੀਂ, ਮੇਰੀ ਜੀਵਨ ਸਾਥਣ ਤੇ ਨੂੰਹ ਘਰ ਦੇ ਕੰਮਾਂ ਚੋਂ ਵਕਤ ਕੱਢ ਕੇ ਪੜ੍ਹਦੀਆਂ ਹਨ। ਜੋ ਪਰਚਾ ਘਰ ਦੀਆਂ ਸੁਆਣੀਆਂ ਵੀ ਪੜ੍ਹਣ ਉਹ ਸਹਿਜੇ ਹੀ ਘਰ ਦੇ ਭਾਵੁਕ ਸੰਤੁਲਨ ਦਾ ਅੰਗ ਬਣ ਜਾਂਦਾ ਹੈ। ਇਹ ਪ੍ਰਾਪਤੀ ਵੀ ਮੇਰੇ ਲਈ ਬਹੁਤ ਮੁਲਵਾਨ ਹੈ। ਪੰਜਾਬੀ ਸਾਹਿਤ ਨਾਲ ਸੰਬੰਧਿਤ ਹੋ ਕੇ ਵੀ ਇਹ ਪਰਚਾ ਸਾਹਿਤਕ ਗੁਟਬੰਦੀ ਤੋਂ ਨਿਰਲੇਪ ਹੈ। ਉਲਾਰ ਕਿਸਮ ਦਾ ਚੁੱਕ-ਉਥਲ ਨਹੀਂ ਇਸ ਵਿਚ। ਨਿੰਦਿਆ ਜਾਂ ਚਮਚਾਬਾਜ਼ੀ ਦਾ ਪਰਛਾਵਾਂ ਨਹੀਂ ਪਿਆ ਇਸ ਤੇ। ਸੰਤ ਜਗਦੀਸ਼ ਸਿੰਘ ਉਸ ਹੰਸ ਵਰਗਾ ਹੈ ਜੋ ਗੁਣਾਂ ਦਾ ਦੁੱਧ ਗ੍ਰਹਿਣ ਕਰ ਲੈਂਦਾ ਹੈ, ਪਰ ਮਿਲਾਵਟ ਵਾਲਾ ਪਾਣੀ ਤਿਆਗ ਦੇਂਦਾ ਹੈ।

'ਸੰਤ ਹੰਸ ਗੁਣ ਗ੍ਰਹਿਣ ਕਰੇ ਦੁਖ, ਪਰਿਹਰੇ ਵਾਰਿ-ਵਿਕਾਰਾ'

ਇਸੇ ਲਈ ਮੈਂ ਹਰ ਮਹੀਨੇ ਇਸ ਪਰਚੇ ਦੀ ਆਮਦ ਨੂੰ ਉਡੀਕਦਾ ਹਾਂ। ਇਸ ਦੀ ਲੰਬੀ ਉਮਰ ਲਈ ਅਸੀਸ ਤੇ ਆਸ ਕਰਦਾ ਹਾਂ।

ਇਤਿ। ਸ਼ੁਭ। ਧੰਨਵਾਦ ਸਹਿਤ।



Sri Satguru Jagjit Singh Ji eLibrary NamdhariElibrary@gmail.com

# ਸੁੱਚੀ ਕਲਮ ਦਾ ਸਫ਼ਰ

**—ਬਰਜਿੰਦਰ ਸਿੰਘ**



ਸ. ਬਰਜਿੰਦਰ ਸਿੰਘ ਅਤੇ ਸ. ਜਗਦੀਸ਼ ਸਿੰਘ

'ਵਰਿਆਮ' ਦੇ ਸੰਪਾਦਕ ਸ. ਜਗਦੀਸ਼ ਸਿੰਘ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ ਜਦੋਂ ਅਸੀਂ ਦੋਵੇਂ ਅਜੇ ਜ਼ਿੰਦਗੀ ਦੇ ਰਾਹਾਂ ਦੀ ਤਲਾਸ਼ ਵਿਚ ਸਾਂ। ਮੈਂ ੧੯੭੨ ਵਿਚ ਮਾਸਿਕ ਪੱਤਰ 'ਦ੍ਰਿਸ਼ਟੀ' ਸ਼ੁਰੂ ਕੀਤਾ ਤਾਂ ਜਗਦੀਸ਼ ਸਿੰਘ ਨੇ ੧੯੭੫ ਵਿਚ ਮਾਸਿਕ 'ਵਰਿਆਮ' ਕੱਢ ਲਿਆ। ਛੇ ਸਾਲ 'ਦ੍ਰਿਸ਼ਟੀ' ਦਾ ਸੰਪਾਦਕੀ ਅੰਨਦ ਮਾਣ ਕੇ ਮੈਂ ਚੰਡੀਗੜ੍ਹ ਤੋਂ ਛਪਦੇ ਅੰਗਰੇਜ਼ੀ ਟ੍ਰਿਬਿਊਨ ਵਲੋਂ ਸ਼ੁਰੂ ਕੀਤੇ ਗਏ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਵਿਚ ਚਲਾ ਗਿਆ। ਛੇ ਸਾਲ 'ਪੰਜਾਬੀ ਟ੍ਰਿਬਿਊਨ' ਦੀ ਜ਼ਿੰਮੇਵਾਰੀ ਨਿਭਾ ਕੇ ਮੈਂ ਵਾਪਸ ਰੋਜ਼ਾਨਾ ਅਜੀਤ ਜਲੰਧਰ ਵਿਚ ਪਰਤਿਆ ਤਾਂ ਉਸ ਸਮੇਂ ਵੀ ਮਾਸਿਕ 'ਵਰਿਆਮ' ਬਾਖੂਬੀ ਛਪ ਰਿਹਾ ਸੀ। ਆਮ ਤੌਰ 'ਤੇ ਹੁੰਦਾ ਇੰਜ ਹੈ ਕਿ ਪੰਜਾਬੀ ਰਸਾਲੇ ਜਿੰਨੇ ਚਾਹ ਅਤੇ ਉਤਸ਼ਾਹ ਨਾਲ ਨਿਕਲਦੇ ਹਨ, ਉਨੀ ਹੀ ਛੇਤੀ ਅਲੋਪ ਹੋ ਜਾਂਦੇ ਹਨ। ਪਰ ਇਹ ਸ. ਜਗਦੀਸ਼ ਸਿੰਘ ਦੀ ਲਗਨ, ਜੁਗਤ ਅਤੇ ਹਿੰਮਤ ਹੈ ਕਿ 'ਵਰਿਆਮ' ਦਾ ਸਫ਼ਰ ਹੁਣ ਤੱਕ ਜਾਰੀ ਹੈ। ਜਗਦੀਸ਼ ਸਿੰਘ ਤੇ 'ਵਰਿਆਮ' ਇੰਨੇ ਇਕ-ਮਿਕ ਹੋ ਗਏ ਹਨ ਕਿ ਦੋਸਤ-ਮਿੱਤਰ ਹੁਣ ਜਗਦੀਸ਼ ਸਿੰਘ ਨੂੰ ਵੀ 'ਵਰਿਆਮ' ਆਖ ਕੇ ਹੀ ਬੁਲਾਉਂਦੇ ਹਨ।

'ਵਰਿਆਮ' ਨੇ ਆਪਣੀ ਉਮਰ ਦੇ ੨੫ ਸਾਲ ਪੂਰੇ ਕਰ ਲਏ ਹਨ ਅਤੇ ਇਹ ਆਪਣੀ ਸਿਲਵਰ ਜੁਬਲੀ ਮਨਾ ਰਿਹਾ ਹੈ। ਜਗਦੀਸ਼ ਸਿੰਘ ਰਾਤੋ-ਰਾਤ ਕ੍ਰਿਸ਼ਮਾ ਕਰਨ ਵਿਚ ਯਕੀਨ ਨਹੀਂ ਰੱਖਦਾ। ਉਹ ਧੀਮੀ ਤੇ ਟਿਕਵੀਂ ਚਾਲ ਵਾਲਾ ਪਾਂਧੀ ਹੈ। ਉਹ ਵਿਤੋਂ ਬਾਹਰ ਹੋ ਕੇ ਚੰਨ ਤਾਰੇ ਤੋੜਨ ਨਹੀਂ ਜਾਂਦਾ ਸਗੋਂ ਕਲਮ ਦੀ ਸੁੱਚੀ ਕਿਰਤ ਵਿਚ ਵਿਸ਼ਵਾਸ ਰੱਖਦਾ ਹੈ। ਪਰ ਸਦੀ ਦਾ ਚੌਥਾਈ ਹਿੱਸਾ ਬਿਨਾਂ ਥਿੜਕੇ, ਅਡੋਲ ਆਪਣੀ ਮੰਜ਼ਿਲ ਵੱਲ ਨਿਰੰਤਰ ਵਧਦੇ ਜਾਣਾ ਵੀ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੈ।

'ਵਰਿਆਮ' ਇਸ ਸਮੇਂ ਭਰ ਜੁਆਨੀ ਦੀ ਅਵਸਥਾ ਵਿਚੋਂ ਲੰਘ ਰਿਹਾ ਹੈ। ਹਰ ਮਹੀਨੇ ਬਣ ਸੰਵਰ ਕੇ ਨਵੀਂ ਦਿੱਖ ਨਾਲ ਸਾਡੇ ਸਾਹਮਣੇ ਆਉਂਦਾ ਹੈ। 'ਵਰਿਆਮ' ਦੀ ਪ੍ਰਤੀਬੱਧਤਾ, ਜਗਦੀਸ਼ ਸਿੰਘ ਵਾਂਗ, ਸਾਹਿਤ ਅਤੇ ਨਾਮਧਾਰੀ ਜੀਵਨ ਜਾਚ ਦੇ ਪ੍ਰਤੀ ਹੈ। 'ਵਰਿਆਮ' ਦੇ ਹਰ ਅੰਕ ਵਿਚ ਚੰਗਾ ਸਾਹਿਤ ਅਤੇ ਨਾਮਧਰੀ ਸੰਪਰਦਾਇ ਦੇ ਵਿਵਿਧ ਉਜਲੇ ਪੱਖ ਪੇਸ਼ ਕੀਤੇ ਜਾਂਦੇ ਹਨ। 'ਵਰਿਆਮ' ਨਾਮਧਾਰੀ ਸੰਪਰਦਾਇ ਅਤੇ ਸਾਹਿਤ ਦੋਹਾਂ ਨੂੰ ਇਕੋ ਜਿਹਾ ਸਮਰਪਿਤ ਹੈ। ਅਸੀਂ 'ਵਰਿਆਮ' ਦੀ ਸਿਲਵਰ ਜੁਬਲੀ 'ਤੇ ਜਗਦੀਸ਼ ਸਿੰਘ ਨੂੰ ਵਧਾਈ ਦਿੰਦੇ ਹਾਂ ਅਤੇ ਇਸ ਸਾਰਥਕ ਅਤੇ ਸੁਚੱਜੇ ਮਾਸਿਕ ਪੱਤਰ ਦੀ ਗੋਲਡਨ ਜੁਬਲੀ ਦੀ ਉਡੀਕ ਕਰਦੇ ਹਾਂ।

ਮੁੱਖ ਸੰਪਾਦਕ
ਰੋਜ਼ਾਨਾ 'ਅਜੀਤ' ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਸਫਲਤਾ ਅਤੇ ਵਿਕਾਸ ਦੀ ਕਾਮਨਾ

**Dear Jagdish Singh Ji,**

**You have been kind enough to send me "Waryam" regularly. I can assure you I read all the articles carefully because I find them imformative and well written. I wish your journal success and prosperity.**

**Your,**

**Khushwant Singh**

**1. Dec.2000**

ਪਿਆਰੇ ਜਗਦੀਸ਼ ਸਿੰਘ ਜੀ,

ਤੁਸੀਂ ਮੈਨੂੰ ਲਗਾਤਾਰ 'ਵਰਿਆਮ' ਭੇਜਣ ਦੀ ਮਿਹਰਬਾਨੀ ਕਰਦੇ ਹੋ ਮੈਂ ਤੁਹਾਨੂੰ ਭਰੋਸਾ ਦੁਆ ਸਕਦਾ ਹਾਂ ਕਿ ਮੈਂ ਸਾਰੇ ਹੀ ਲੇਖ ਧਿਆਨ ਨਾਲ ਪੜ੍ਹਦਾ ਹਾਂ ਕਿਉਂਕਿ ਉਹ ਮੈਨੂੰ ਗਿਆਨ ਭਰਪੂਰ ਅਤੇ ਵਧੀਆ ਲਿਖੇ ਹੋਏ ਲਗਦੇ ਹਨ। ਮੈਂ ਤੁਹਾਡੇ ਪਰਚੇ ਦੀ ਸਫਲਤਾ ਅਤੇ ਵਿਕਾਸ ਦੀ ਕਾਮਨਾ ਕਰਦਾ ਹਾਂ।

ਤੁਹਾਡਾ,

ਖੁਸ਼ਵੰਤ ਸਿੰਘ

੧. ਦਸੰਬਰ, ੨੦੦੦



Sri Satguru Jagjit Singh Ji eLibrary NamdhariElibrary@gmail.com

# ਜਗਦੀਸ਼ ਸਿੰਘ ਤੋਂ ਜਗਦੀਸ਼ ਸਿੰਘ 'ਵਰਿਆਮ'

—ਵਿਜੇ ਕੁਮਾਰ



੧੯੭੫ ਦੇ ਨਵੰਬਰ ਮਹੀਨੇ ਦੀ ਗੱਲ ਹੈ ਜਦੋਂ ਪ੍ਰਤਾਪ ਬਾਗ ਜਲੰਧਰ ਵਿਚ ਪ੍ਰਿੰਟਰਜ਼ ਐਸੋਸੀਏਸ਼ਨ ਦੀ ਇਕ ਮੀਟਿੰਗ ਵਿਚ ਸ੍ਰੀ ਜਗਦੀਸ਼ ਸਿੰਘ ਵਰਿਆਮ ਨੇ ਪੰਜਾਬੀ ਦੇ ਮਾਸਕ ਪੱਤਰ 'ਵਰਿਆਮ' ਦੀ ਪਹਿਲੀ ਕਾਪੀ ਮੈਨੂੰ ਭੇਟ ਕੀਤੀ ਸੀ। ਪਰਚਾ ਕੱਢਣਾ ਅਤੇ ਇਸ ਦੀ ਲਗਾਤਾਰਤਾ ਬਣਾਈ ਰੱਖਣੀ ਬੜਾ ਜੋਖਮ ਭਰਿਆ ਅਤੇ ਆਰਥਿਕ ਥੁੜਾਂ ਨਾਲ ਦੋ ਚਾਰ ਹੋਣ ਵਾਲਾ ਕੰਮ ਹੈ। ਇਸ ਕਰਕੇ ਉਦੋਂ ਮੇਰੇ ਦਿਮਾਗ਼ 'ਚ ਇਹ ਗੱਲ ਆਈ ਕਿ ਪਰਚੇ ਤਾਂ ਬਹੁਤ ਨਿਕਲਦੇ ਹਨ ਪਰ ਇਨ੍ਹਾਂ ਨੂੰ ਚਿਰਜੀਵੀ ਰੱਖਣਾ ਬੜਾ ਮੁਸ਼ਕਲ ਕਾਰਜ ਹੈ। 'ਵਰਿਆਮ' ਪ੍ਰਤੀ ਹੋ ਸਕਦਾ ਹੈ ਕਿ ਉਦੋਂ ਮੇਰੇ ਕੁਝ ਇਹੋ ਜਿਹੇ ਹੀ ਵਿਚਾਰ ਬਣੇ ਹੋਣ ਪਰ ਜਗਦੀਸ਼ ਸਿੰਘ ਵਰਿਆਮ, ਆਪਣੀ ਪੂਰੀ ਲਗਨ ਮਿਹਨਤ ਅਤੇ ਸਿਰੜ ਨਾਲ ਇਸ ਪਰਚੇ ਦੀ ਪ੍ਰਕਾਸ਼ਨਾ ਨੂੰ ਹਰ ਮਹੀਨੇ ਯਕੀਨੀ ਬਣਾਉਂਦੇ ਰਹੇ ਅਤੇ ਇਹ ਪਰਚਾ ਆਪਣੇ ਪਾਠਕਾਂ ਤੱਕ ਹਰ ਮਹੀਨੇ ਪਹੁੰਚਦਾ ਰਿਹਾ। ਸਿਦਕ ਅਤੇ ਸਿਰੜ ਦੇ ਨਾਲ ਹੀ ਇਨਸਾਨ ਸਫ਼ਲਤਾ ਪ੍ਰਾਪਤ ਕਰਦਾ ਹੈ। ਇਹੀ ਵਜ੍ਹਾ ਹੈ ਕਿ ਮਾਸਿਕ ਪਰਚੇ ਨੂੰ ਲਗਾਤਾਰ ਛਾਪ ਕੇ ਪਾਠਕਾਂ ਤੱਕ ਪਹੁੰਚਾਉਣ ਵਰਗੇ ਕਾਰਜ ਨੂੰ ਪਿਛਲੇ ੨੫ ਸਾਲਾਂ ਤੋਂ ਜਗਦੀਸ਼ ਸਿੰਘ ਹੁਰੀਂ ਨੇਪਰੇ ਚਾੜ੍ਹਦੇ ਆ ਰਹੇ ਹਨ।

ਖੁਸ਼ੀ ਦੀ ਗੱਲ ਹੈ ਕਿ 'ਵਰਿਆਮ' ਨੂੰ ਛਪਦਿਆਂ ਪੰਝੀ ਵਰ੍ਹੇ ਹੋ ਗਏ ਹਨ ਅਤੇ ਪੰਝੀ ਵਰ੍ਹੇ ਇਕ ਚੌਥਾਈ ਸਦੀ ਹੁੰਦੀ ਹੈ। ਜਗਦੀਸ਼ ਸਿੰਘ ਹੁਰਾਂ ਨੇ ਇਸ ਪਰਚੇ ਦੀ ਦਿੱਖ ਬੜੀ ਵਧੀਆ ਬਣਾਈ ਅਤੇ ਇਸ ਪਰਚੇ ਲਈ ਅਜਿਹੀ ਸਮੱਗਰੀ ਦੀ ਚੋਣ ਕੀਤੀ ਜੋ ਉਸਾਰੂ ਸੋਚ ਵਾਲੀ ਅਤੇ ਜ਼ਿੰਦਗੀ ਦੀਆਂ ਉੱਚੀਆਂ ਕਦਰਾਂ-ਕੀਮਤਾਂ ਨੂੰ ਪੇਸ਼ ਕਰਨ ਵਾਲੀ ਹੁੰਦੀ ਹੈ। 'ਵਰਿਆਮ' ਦੀ ਸਫਲਤਾ ਦਾ ਇਸ ਨਾਲੋਂ ਵੱਡਾ ਸਬੂਤ ਭਲਾ ਹੋਰ ਕੀ ਹੋ ਸਕਦਾ ਹੈ ਕਿ ਅੱਜ ਜਗਦੀਸ਼ ਸਿੰਘ ਹੁਰਾਂ ਨੂੰ ਜਗਦੀਸ਼ ਸਿੰਘ ਵਰਿਆਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਗਦੀਸ਼ ਸਿੰਘ ਵਰਿਆਮ ਦੀ ਸੰਪਾਦਨਾ ਹੇਠ ਛਪਣ ਵਾਲਾ ਇਹ ਪਰਚਾ ਸਿਲਵਰ ਜੁਬਲੀ ਦੇ ਸਮਾਗਮ ਮਨਾ ਰਿਹਾ ਹੈ। ਜਗਦੀਸ਼ ਸਿੰਘ ਵਰਿਆਮ ਸਿਰਫ਼ ਸੰਪਾਦਕ ਹੀ ਨਹੀਂ, ਸਗੋਂ ਉਹ ਸਾਹਿਤਕ ਜਥੇਬੰਦੀਆਂ ਦੇ ਕਰਤਾ-ਧਰਤਾ ਵੀ ਹਨ ਅਤੇ ਉਨ੍ਹਾਂ ਦੀ ਰਹਿਨੁਮਾਈ ਹੇਠ ਬਹੁਤ ਸਾਰੇ ਸਮਾਗਮ ਵੀ ਹੁੰਦੇ ਰਹਿੰਦੇ ਹਨ। ਉਨ੍ਹਾਂ ਦੀ ਇਸ ਸਾਰੀ ਸ਼ਖ਼ਸੀਅਤ ਪਿਛੇ ਉਨ੍ਹਾਂ ਦਾ ਉੱਚਾ ਇਖ਼ਲਾਕ, ਮਿੱਠੀ ਬੋਲ ਬਾਣੀ ਅਤੇ ਮਿਲਾਪੜਾ ਸੁਭਾਅ ਹੈ, ਜਿਸ ਦੇ ਸਦਕਾ ਉਹ ਧਾਰਮਿਕ, ਸਮਾਜਿਕ ਅਤੇ ਸਾਹਿਤਕ ਖੇਤਰ 'ਚ ਹਰਮਨ ਪਿਆਰੇ ਹਨ। ਉਨ੍ਹਾਂ ਉੱਤੇ ਸਤਿਗੁਰੂ ਜਗਜੀਤ ਸਿੰਘ ਹੁਰਾਂ ਦੀ ਕ੍ਰਿਪਾ ਹੈ ਅਤੇ ਇਸੇ ਕ੍ਰਿਪਾ ਸਦਕਾ ਅੱਜ ਉਹ ਹਰ ਖੇਤਰ 'ਚ ਸਫ਼ਲਤਾ ਨਾਲ ਵਿਚਰ ਰਹੇ ਹਨ। 'ਵਰਿਆਮ' ਦੀ ਇਸ ਸਿਲਵਰ ਜੁਬਲੀ ਦੇ ਮੌਕੇ 'ਤੇ ਮੈਂ ਜਗਦੀਸ਼ ਸਿੰਘ ਹੁਰਾਂ ਨੂੰ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ 'ਵਰਿਆਮ' ਰਾਹੀਂ ਆਪਣੇ ਪਾਠਕਾਂ ਨੂੰ ਨਿਗਰ ਵਿਚਾਰਾਂ ਵਾਲੀ ਸਮੱਗਰੀ ਪ੍ਰਦਾਨ ਕਰਦੇ ਰਹਿਣਗੇ।

ਮੁੱਖ ਸੰਪਾਦਕ
ਹਿੰਦ ਸਮਾਚਾਰ ਪੱਤਰ ਸਮੂਹ, ਜਲੰਧਰ।



Sri Satguru Jagjit Singh Ji eLibrary NamdhariElibrary@gmail.com

# ਸ਼ੁਭ ਕਾਮਨਾਵਾਂ



ਇਹ ਜਾਣਕੇ ਕਿ ਮਾਸਿਕ ਵਰਿਆਮ ਆਪਣੇ ਸੁਹਾਣੇ ਜੀਵਨ ਦੇ ੨੫ ਵਰ੍ਹੇ ਬਤੀਤ ਕਰ ਚੁੱਕਾ ਹੈ, ਖੁਸ਼ੀ ਹੋਈ। ਕਿਸੇ ਪਰਚੇ ਨੂੰ ਬਿਨਾ ਨਾਗਾ, ਸਮੇਂ ਸਿਰ ਪ੍ਰਕਾਸ਼ਿਤ ਕਰਨਾ ਬੜਾ ਜੋਖ਼ਮ ਦਾ ਕੰਮ ਹੁੰਦਾ ਹੈ ਤੇ ਵਰਿਆਮ ਨੇ ਇਹ ਸਫ਼ਰ ਆਪਣੀ ਨੁਹਾਰ ਨੂੰ ਉਂਜ-ਦਾ-ਉਂਜ ਬਣਾਏ ਹੋਏ ਹੰਢਾ ਲਿਆ ਹੈ। ਇਸ ਲਈ ਵਧੇਰੇ ਪ੍ਰਸੰਨਤਾ ਹੋ ਰਹੀ ਹੈ।

ਮੈਨੂੰ ਵਰਿਆਮ ਵਿਚ ਪੰਜਾਬੀ ਸਭਿਆਚਾਰ ਵਿਸ਼ੇਸ਼ ਕਰਕੇ ਸੰਗੀਤ ਬਾਰੇ ਲੇਖ ਵਧੇਰੇ ਚੰਗੇ ਲੱਗਦੇ ਨੇ। ਨਾਮਧਾਰੀ ਦਰਬਾਰ ਬਾਰੇ ਇਸ ਪਰਚੇ ਵਿਚ ਜਿਹੜੀ ਸਮੱਗਰੀ ਹੁੰਦੀ ਹੈ, ਉਹ ਆਪਣੇ-ਆਪ ਵਿਚ ਇਕ ਪ੍ਰਾਪਤੀ ਹੈ।

ਮੈਂ ਇਸ ਅਵਸਰ ਤੇ ਆਪਣੀਆਂ ਸ਼ੁਭ-ਕਾਮਨਾਵਾਂ ਪੇਸ਼ ਕਰਦਾ ਹਾਂ। ਖਾਸ ਤੌਰ 'ਤੇ *ਵੀਰ ਜਗਦੀਸ਼ ਸਿੰਘ ਵਰਿਆਮ ਹੋਰਾਂ ਨੂੰ।*

ਕਰਤਾਰ ਸਿੰਘ ਦੁੱਗਲ

ਮੈਂਬਰ ਰਾਜ ਸਭਾ।



Sri Satguru Jagjit Singh Ji eLibrary NamdhariElibrary@gmail.com

# ਸ਼ੁਭ ਸੰਦੇਸ਼

'ਵਰਿਆਮ' ਨਾਮਧਾਰੀ ਸੰਗਤ ਨੂੰ ਸਮਰਪਿਤ ਪਤ੍ਰਿਕਾ ਹੈ। ਜਿਸਦਾ ਪੰਜਾਬ ਦੇ ਇਤਿਹਾਸਕ, ਸਭਿਆਚਾਰਿਕ ਤੇ ਧਾਰਮਿਕ ਖੇਤਰ ਵਿਚ ਬੜਾ ਮਹੱਤਵਪੂਰਨ ਸਥਾਨ ਹੈ। ਪਰ ਜਿਹੜੀਆਂ ਟੋਾ ਰਚਨਾਵਾਂ ਵੀ ਇਸ ਵਿਚ ਛਪਦੀਆਂ ਰਹੀਆਂ ਹਨ ਉਹ ਵਿਸ਼ੇਸ਼ ਪੱਧਰ ਦੀਆਂ ਹੀ ਚੁਣੀਆਂ ਜਾਂਦੀਆਂ ਹਨ। ਇਹੋ ਕਾਰਨ ਹੈ ਕਿ 'ਵਰਿਆਮ' ਪੰਜਾਬੀ ਦਾ ਸਾਹਿਤਿਕ ਮਾਸਿਕ ਦੇ ਰੂਪ ਵਿਚ ਜਾਣਿਆ ਜਾਂਦਾ ਹੈ ਤੇ ਇਸਦੇ ਪਾਠਕਾਂ ਦਾ ਘੇਰਾ ਵੀ ਕਈ ਹੋਰ ਪਤ੍ਰਿਕਾਵਾਂ ਤੋਂ ਵਧੇਰੇ ਫੈਲਿਆ ਹੋਇਆ ਹੈ।

ਲਗਾਤਾਰ ਪੰਝੀ ਸਾਲ ਕਿਸੇ ਵੀ ਮਾਸਿਕ ਪਤ੍ਰਿਕਾ ਨੂੰ ਨਿਰਵਿਘਨ ਚਲਾਈ ਰੱਖਣ ਲਈ ਜਿਥੇ ਦ੍ਰਿੜ ਇਰਾਦੇ ਤੇ ਉਦਮ ਦੀ ਲੋੜ ਹੈ, ਉਥੇ ਸਾਧਨ ਵੀ ਅਤਿਅੰਤ ਜ਼ਰੂਰੀ ਹੈ। ਇਹ ਇਸ ਮਾਸਿਕ ਦੇ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੀ ਹਿੰਮਤ ਤੇ ਅਣਥੱਕ ਮਿਹਨਤ ਸਦਕਾ ਹੀ ਸੰਭਵ ਹੋ ਸਕਿਆ ਹੈ ਕਿ ਅੱਜ ਇਹ ਮਾਸਿਕ ਆਪਣੀ ਸਿਲਵਰ-ਜੁਬਲੀ ਮਨਾਉਣ ਦੇ ਸਮਰੱਥ ਹੋ ਸਕਿਆ ਹੈ।

ਇਕ ਪਾਠਕ ਦੇ ਨਾਤੇ ਮੇਰੀ ਇੱਛਾ ਹੈ ਕਿ ਇਹ ਪਤ੍ਰਿਕਾ ਆਪਣੀ ਸਵਰਨ-ਜੁਬਲੀ ਤੇ ਫੇਰ ਡਾਇਮੰਡ ਜੁਬਲੀ ਵੀ ਮਨਾਏ। ਵਿਸ਼ਵਾਸ ਵੀ ਹੈ ਕਿ 'ਵਰਿਆਮ' ਆਉਣ ਵਾਲੇ ਸਮੇਂ ਅੰਦਰ ਆਪਣੀ ਯੋਗਤਾ ਦੇ ਕਾਰਨ ਅਜਿਹੀਆਂ ਕਈ ਜੁਬਲੀਆਂ ਮਨਾਏਗਾ।

**ਸ਼ੁਭ ਇਛਾਵਾਂ ਸਹਿਤ।**

ਪ੍ਰੋ. ਗੁਰਦਿਆਲ ਸਿੰਘ

ਜੈਤੋ



Sri Satguru Jagjit Singh Ji eLibrary NamdhariElibrary@gmail.com

# ਲੇਖਕਾਂ ਦਾ ਸਖਾ

ਜਿਸ ਮਾਹੌਲ ਵਿਚ ਸ਼ੁੱਧ ਗੁਰਮਤਿ-ਸੰਗੀਤ ਦੀ ਸੰਭਾਲਕ ਸੰਸਥਾ ਦੇ ਰਾਗੀਆਂ ਨੂੰ ਗੁਰਦੁਆਰਿਆਂ ਵਿਚ ਗੁਰਬਾਣੀ ਦੇ ਗਾਇਨ ਦੀ ਮਨਾਹੀ ਦੇ ਏਲਾਨ ਹੁੰਦੇ ਹੋਣ, ਉਸ ਸੰਸਥਾ ਦੇ ਇਕ ਸ਼ਰਧਾਵਾਨ ਮੈਂਬਰ ਸ. ਜਗਦੀਸ਼ ਸਿੰਘ ਆਪਣੀ ਸੰਸਥਾ ਨੂੰ ਸਮਰਪਿਤ ਇਕ ਰਿਸਾਲਾ 'ਵਰਿਆਮ' ਪਿਛਲੇ ੨੫ ਸਾਲਾਂ ਤੋਂ ਹਰ ਮਹੀਨੇ ਨਿਰਵਿਘਨ ਬਿਨਾਂ ਕਿਸੇ ਰੋਸ ਜਗਾਏ ਕੱਢਦੇ ਰਹੇ ਹੋਣ ਤਾਂ ਦ੍ਰਿੜ੍ਹ ਵਿਸ਼ਵਾਸ ਵਾਲੇ ਸੰਪਾਦਕ ਦੀ ਸਿਆਣਪ ਤੇ ਲਗਨ ਨੂੰ ਧੰਨ ਕਹੇ ਬਿਨਾਂ ਨਹੀਂ ਰਿਹਾ ਜਾਂਦਾ। ਜਗਦੀਸ਼ ਸਿੰਘ ਹੁਰਾਂ ਦੀ ਸਫਲਤਾ ਦਾ ਭੇਤ ਇਹ ਹੈ ਕਿ ਉਨ੍ਹਾਂ ਨੇ ਹਰ ਰੰਗ ਦੇ ਲੇਖਕ ਨਾਲ ਬਣਾ ਕੇ ਰੱਖੀ ਹੋਈ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦੀ ਸਰਲਤਾ, ਨਿਸ਼ਕਪਟਤਾ, ਮਿਠਾਸ ਤੇ ਸਹਿਣ-ਸ਼ੀਲਤਾ ਵਾਲੇ ਚੁੰਬਕੀ ਗੁਣਾਂ ਨੇ ਉਨ੍ਹਾਂ ਨੂੰ ਲੇਖਕਾਂ ਦਾ ਸਖਾ ਬਣਾਇਆ ਹੋਇਆ ਹੈ। ਜਲੰਧਰ ਦੀ ਲੇਖਕ ਸਭਾ ਹੋਵੇ, ਚਾਹੇ ਕੇਂਦਰੀ ਪੰਜਾਬੀ ਲੇਖਕ ਸਭਾ ਹੋਵੇ, ਜਗਦੀਸ਼ ਸਿੰਘ ਜੀ ਹਮੇਸ਼ਾ ਮੂਹਰਲੇ ਸੇਵਕਾਂ ਵਿਚ ਕਾਰਜਸ਼ੀਲ ਦਿੱਸਦੇ ਹਨ।

ਮੇਰੀ ਅਰਦਾਸ ਹੈ ਕਿ ਜਗਦੀਸ਼ ਸਿੰਘ ਹੁਰਾਂ ਦੀ ਉਮਰ ਲੰਮੀ ਤੇ ਅਰੋਗ ਹੋਵੇ ਤਾਂ ਜੋ ਉਹ 'ਵਰਿਆਮ' ਦੀ ਘੱਟ-ਘੱਟ ਡਾਇਮੰਡ ਜੁਬਲੀ ਆਪਣੀ ਹਯਾਤੀ ਵਿਚ ਮਨਾਉਣ ਦੀ ਖੁਸ਼ੀ ਹੰਢਾ ਸਕਣ।

ਪ੍ਰੀਤਮ ਸਿੰਘ (ਪ੍ਰੋ.)
ਪਟਿਆਲਾ



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਪਾਠਕਾਂ ਵਿਚ ਵਿਸ਼ੇਸ਼ ਸਥਾਨ

ਸਤਿਕਾਰ ਯੋਗ ਜਗਦੀਸ਼ ਸਿੰਘ ਜੀ

ਤੁਹਾਡਾ ਪੱਤਰ ਮਿਲਿਆ ਹੈ। ਇਹ ਜਾਣ ਕੇ ਬੇਹੱਦ ਖ਼ੁਸ਼ੀ ਹੋਈ ਹੈ ਕਿ ਤੁਹਾਡੀ ਦੇਖ-ਰੇਖ ਤੇ ਪ੍ਰਬੰਧ ਹੇਠ ਮਾਸਿਕ 'ਵਰਿਆਮ' ਨੇ ਆਪਣੀ ਹੋਂਦ ਦੇ ੨੫ ਸਾਲ ਪੂਰੇ ਕਰ ਲਏ ਹਨ। ਇਹ ਬਹੁਤ ਹੀ ਮਾਣ ਭਰਪੂਰ ਪ੍ਰਾਪਤੀ ਹੈ। 'ਵਰਿਆਮ' ਨੇ ਕੇਵਲ ਆਪਣੀ ਸਿਲਵਰ ਜੁਬਲੀ ਹੀ ਪੂਰੀ ਨਹੀਂ ਕੀਤੀ ਸਗੋਂ ਪੰਜਾਬੀ ਦੇ ਪਾਠਕਾਂ ਵਿਚ ਆਪਣਾ ਵਿਸ਼ੇਸ਼ ਸਥਾਨ ਵੀ ਬਣਾਇਆ ਹੈ। ਇਸ ਸ਼ੁਭ ਅਵਸਰ 'ਤੇ ਜਿਥੇ ਮੈਂ ਆਪ ਜੀ ਨੂੰ ਆਪ ਦੀ ਲਗਨ ਤੇ ਸਿਰੜ ਲਈ ਹਾਰਦਿਕ ਵਧਾਈ ਪੇਸ਼ ਕਰਦਾ ਹਾਂ ਉਥੇ ਇਹ ਕਾਮਨਾ ਵੀ ਕਰਦਾ ਹਾਂ ਕਿ ਇਹ ਮੈਗਜ਼ੀਨ ਆਪਣੀ ਨਿਰੰਤਰਤਾ ਕਾਇਮ ਰੱਖਦਾ ਹੋਇਆ ਪੱਤਰਕਾਰੀ ਦੇ ਖੇਤਰ ਵਿਚ ਨਵੀਆਂ ਉਚਾਈਆਂ ਛੁਹੇ।

**ਸ਼ੁਭ ਕਾਮਨਾਵਾਂ ਸਹਿਤ।**

**ਤੁਹਾਡਾ ਆਪਣਾ,**

**ਹਰਭਜਨ ਸਿੰਘ ਹਲਵਾਰਵੀ**

**ਸੰਪਾਦਕ ਪੰਜਾਬੀ ਟ੍ਰਿਬਿਊਨ**

# ਬੇਗਰਜ਼ ਘਾਲਣਾ

ਸ. ਜਗਦੀਸ਼ ਸਿੰਘ ਸਹਿਜ, ਸੂਹਜ ਤੇ ਸੰਤੁਲਨ ਦੀ ਸਾਕਾਰ ਮੂਰਤ ਹੈ। ਇਕ ਵਿਅਕਤੀ ਵਜੋਂ ਉਸਦੀ ਸ਼ਖ਼ਸੀਅਤ ਵਿਚ ਮੈਨੂੰ ਹਮੇਸ਼ਾ ਅਜਿਹਾ ਆਕਰਸ਼ਣ ਮਹਿਸੂਸ ਹੋਇਆ ਹੈ ਜੋ ਦੂਜੇ ਮਿਲਣ ਵਾਲੇ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਮਿੱਠ ਬੋਲੜਾ ਤੇ ਮਧੁਰ-ਭਾਸ਼ੀ ਜਗਦੀਸ਼ ਸਿੰਘ ਆਪਣੇ ਬਸਤਰਾਂ ਵਰਗਾਂ ਹੀ ਉਜਲ-ਬੁੱਧ ਤੇ ਬਬੇਕੀ ਹੈ।

ਇਕ ਪੱਤਰਕਾਰ ਵਜੋਂ ਪਿਛਲੇ ਪੰਝੀ ਸਾਲ ਤੋਂ 'ਵਰਿਆਮ' ਨੂੰ ਨਿਰੰਤਰ ਪੰਜਾਬੀ ਪਾਠਕਾਂ ਦੇ ਸਨਮੁੱਖ ਕਰੀ ਰੱਖਣਾ ਅਜਿਹਾ ਕਠਿਨ ਕਾਰਜ ਹੈ ਜਿਸਦਾ ਮੈਨੂੰ ਇਕ ਸੰਪਾਦਕ ਵਜੋਂ ਖ਼ੁਦ ਨੂੰ ਡੂੰਘਾ ਅਨੁਭਵ ਹੈ। ਉਸ ਦੀ ਇਸ ਬੇਗਰਜ਼ ਘਾਲਣਾ ਦੀ ਦਾਦ ਦੇਣੀ ਸਾਡਾ ਸਭ ਦਾ ਫ਼ਰਜ਼ ਬਣਦਾ ਹੈ।

ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਵਜੋਂ ਭਾਰਤ ਪੱਧਰ ਦੇ ਪੰਜਾਬੀ ਵਿਦਵਾਨਾਂ ਦੀ ਸ਼ਮੂਲੀਅਤ ਵਾਲੀਆਂ ਕਾਨਫ਼ਰੰਸਾਂ ਜਾਂ ਸਮਾਗਮ ਕਰਕੇ ਜਗਦੀਸ਼ ਸਿੰਘ ਨੇ ਆਪਣੀ ਪ੍ਰਬੰਧਕੀ ਯੋਗਤਾ ਦਾ ਇਕ ਹੋਰ ਸਿਖ਼ਰ ਸਿਰਜਿਆ ਹੈ।

ਅਜਿਹੇ ਸੁਹਿਰਦ ਇਨਸਾਨ, ਸਿਰੜੀ ਪੱਤਰਕਾਰ, ਸੁਘੜ ਲੇਖਕ ਤੇ ਸੁਚੱਜੇ ਪ੍ਰਬੰਧਕ ਦਾ ਅਭਿਨੰਦਨ ਕਰਨ ਦੇ ਮੌਕੇ ਉਤੇ ਮੈਂ ਦਿਲ ਦੇ ਪੂਰੇ ਖ਼ਲੂਸ ਅਤੇ ਮੁਹੱਬਤ ਨਾਲ ਸਮੂਹ ਪੰਜਾਬੀ ਪਿਆਰਿਆਂ ਵਿਚ ਸ਼ਾਮਲ ਹਾਂ।

**ਡਾ. ਰਘਬੀਰ ਸਿੰਘ 'ਸਿਰਜਣਾ'**



Sri Satguru Jagjit Singh Ji eLibrary NamdhariElibrary@gmail.com

# ਉੱਜਲਤਾਈ ਦੀਆਂ ਕਿਰਨਾਂ

**—ਸੰਤੋਖ ਸਿੰਘ ਧੀਰ**

ਜਗਦੀਸ਼ ਸਿੰਘ ਵਰਿਆਮ ਜੀ ਨੂੰ ਮੈਂ ਉਸ ਸਮੇਂ ਤੋਂ ਜਾਣਦਾ ਹਾਂ, ਜਦੋਂ ਅਜੇ ਜਗਦੀਸ਼ ਸਿੰਘ 'ਵਰਿਆਮ' ਨਹੀਂ ਸਨ ਬਣੇ। ਉਹ ਸਿਰਫ ਜਗਦੀਸ਼ ਸਿੰਘ ਹੁੰਦੇ ਸਨ ਤੇ ਬੜੇ ਪਿਆਰੇ ਜਗਦੀਸ਼ ਸਿੰਘ। ਪੰਜਾਬ ਵਿਚ ਧੜਾਧੜ ਸਾਹਿਤ ਸਭਾਵਾਂ ਬਣ ਰਹੀਆਂ ਸਨ। ਜਲੰਧਰ ਸਾਹਿਤ ਸਭਾ ਵੀ ਬਣੀ। ਜਦੋਂ ਵੀ ਮੈਨੂੰ ਕਦੇ ਜਲੰਧਰ ਦੀ ਸਾਹਿਤ ਸਭਾ ਵਿਚ ਜਾਣ ਦਾ ਮੌਕਾ ਮਿਲਦਾ ਸੀ, ਹੋ ਰਹੀ ਮੀਟਿੰਗ ਦੀਆਂ ਸਭ ਤੋਂ ਪਿਛਲੀਆਂ ਸੀਟਾਂ ਉਤੇ ਨਾਮਧਾਰੀ ਪਹਿਰਾਵੇ ਵਿਚ ਇਕ ਨੌਜਵਾਨ ਨੂੰ ਵੇਖਦਾ ਤਾਂ ਥੋੜਾ ਜਿਹਾ ਹੈਰਾਨ ਹੁੰਦਾ। ਇਹ ਪਹਿਰਾਵਾ ਸ਼ੀਲਤਾ, ਸ਼ੁੱਧਤਾ, ਪੱਵਿਤਰਤਾ ਤੇ ਸੱਚੇ-ਸੁੱਚੇ ਹੋਰ ਕਈ ਬੰਦੇਜਾਂ ਦਾ ਲਖਾਇਕ ਸੀ ਤੇ ਇਸ ਸਭਾ ਵਿਚ ਇਹ ਆਪਣੇ ਆਪ ਵਿਚ ਵੱਖਰਾ ਹੀ ਲੱਗ ਰਿਹਾ ਸੀ। ਨੌਜਵਾਨ ਅੰਤਾਂ ਦਾ ਨਿਰਮਾਣ ਅਤੇ ਸ਼ਰਧਾ ਭਰਿਆ। ਇਹ ਸ਼ਰਧਾ ਆਪਣੇ ਧਰਮ ਨਾਲ ਨਹੀਂ ਸੀ, ਪੰਜਾਬੀ ਸਾਹਿਤ ਨਾਲ ਸੀ। ਇਸ ਸਮੇਂ ਧਰਮ ਉਸਦਾ ਆਪਣੇ ਨਿੱਜ ਤਕ ਸੀਮਤ ਰਹਿੰਦਾ। ਏਥੇ ਉਹ ਪੰਜਾਬੀ ਸਾਹਿਤ ਦਾ ਦਿਲੋਂ-ਮਨੋਂ ਦਿਲਦਾਦਾ ਹੁੰਦਾ। ਉਮਰ ਉਸਦੀ ਛੋਟੀ। ਗੋਲ ਚਿਹਰਾ ਤੇ ਨਿੱਕੀ-ਨਿੱਕੀ ਤੇ ਕਾਲੀ-ਕਾਲੀ ਗੋਲ ਦਾੜ੍ਹੀ। ਹੋਠਾਂ ਉਤੇ ਮੁਸਕਰਾਹਟ। ਹਰ ਸਮੇਂ ਹੀ ਮੁਸਕਰਾਹਟ। ਜਿਵੇਂ ਉਹਨੂੰ ਉਥੇ ਬੈਠਾ ਹਰ ਕੋਈ ਚੰਗਾ ਲਗਦਾ ਹੋਵੇ। ਖਿੜੀ-ਖਿੜੀ ਰੂਹ। ਪਤਾ ਲੱਗਾ, ਇਹ ਸਭਾ ਦੇ ਸਿਰਜਣ ਹਾਰਿਆਂ ਵਿਚੋਂ ਇਕ ਹਨ। ਜਗਦੀਸ਼ ਸਿੰਘ ਨਾਂ ਹੈ।



ਜਗਦੀਸ਼ ਸਿੰਘ ਮੈਨੂੰ ਬੜੇ ਸਤਿਕਾਰ ਨਾਲ ਮਿਲਦਾ ਹੁੰਦਾ। ਮੈਨੂੰ ਵੀ ਉਹ ਚੰਗਾ ਲਗਦਾ। ਸਾਡੀ ਵਾਕਫ਼ੀ ਵਧ ਗਈ। ਜਦੋਂ ਕਦੇ ਜਲੰਧਰ ਮੇਰੀ ਕੋਈ ਕਿਤਾਬ ਛੱਪਦੀ ਹੁੰਦੀ ਤਾਂ ਮੈਨੂੰ ਕਾਫ਼ੀ ਸਮੇਂ ਲਈ ਜਲੰਧਰ ਰਹਿਣਾ ਪੈਂਦਾ ਹੁੰਦਾ। ਜਗਦੀਸ਼ ਸਿੰਘ 'ਨਵਾਂ ਜ਼ਮਾਨਾ' ਦੇ ਦਫ਼ਤਰ ਆਮ ਹੀ ਆਉਂਦਾ ਰਹਿੰਦਾ। ਮੈਨੂੰ ਉਹ ਖੁਲ੍ਹ-ਦਿਲਾ, ਉਦਾਰ ਅਤੇ ਅਗਾਂਹਵਧੂ ਖ਼ਿਆਲਾਂ ਦਾ ਧਾਰਨੀ ਜਾਪਿਆ। ਲਾਡੋਵਾਲੀ ਰੋਡ ਉਤੇ ਛੋਟਾ ਜਿਹਾ ਪ੍ਰੈੱਸ ਸੀ ਉਹਦਾ। ਮੈਂ ਵਿਹਲਾ ਹੁੰਦਾ ਤਾਂ ਉਸ ਕੋਲ ਜਾ ਬੈਠਦਾ। ਮੈਨੂੰ ਉਸ ਕੋਲ ਸਮਾਂ ਬਿਤਾਣਾ ਬੜਾ ਚੰਗਾ ਲਗਦਾ ਹੁੰਦਾ। 'ਵਰਿਆਮ' ਸ਼ੁਰੂ ਨਹੀਂ ਹੋਇਆ ਸੀ ਅਜੇ। ਅਜੇ ਤਾਂ 'ਵਰਿਆਮ' ਬਾਰੇ ਸ਼ਾਇਦ ਜਗਦੀਸ਼ ਸਿੰਘ ਹੋਰਾਂ ਸੁਫਨਾ ਵੀ ਨਾ ਲਿਆ ਹੋਵੇ। ਜਾਂ ਇਹ ਸੁਫ਼ਨਾ ਉਹਨਾਂ ਦੇ ਮਨ ਦੀ ਦੁਨੀਆ ਤਕ ਹੀ ਸੀਮਤ ਹੋਵੇ।

'ਵਰਿਆਮ' ਜਾਰੀ ਹੋ ਗਿਆ। ਜਾਰੀ ਹੋਣ ਦੇ ਨਾਲ ਹੀ, ਜਗਦੀਸ਼ ਸਿੰਘ, 'ਵਰਿਆਮ' ਬਣ ਗਿਆ। ਹੁਣ ਉਹ ਜਗਦੀਸ਼ ਸਿੰਘ ਨਹੀਂ, ਜਗਦੀਸ਼ ਸਿੰਘ 'ਵਰਿਆਮ' ਹੈ। ਜਗਦੀਸ਼ ਸਿੰਘ 'ਵਰਿਆਮ' ਲੱਗਣ ਤੋਂ ਬਿਨਾਂ, ਅਧੂਰਾ ਨਾਂਅ ਹੈ।

ਗੁਰਬਖ਼ਸ਼ ਸਿੰਘ ਆਪਣੇ ਆਪ ਵਿਚ ਬਹੁਤ ਵੱਡਾ ਨਾਂ ਹੈ। ਪਰ 'ਪ੍ਰੀਤ ਲੜੀ' ਮੱਲੋ-ਮੱਲੀ ਹੀ ਉਹਨਾਂ ਦੇ ਨਾਂ ਨਾਲ ਲੱਗ ਗਿਆ। ਇਹ ਉਹ ਘਟਨਾਵਾਂ ਹਨ ਜੋ ਆਪਣੇ ਆਪ ਹੀ ਸਾਡੇ ਸਾਹਿਤ ਦੀ ਦੁਨੀਆ ਵਿਚ ਵਾਪਰੀਆਂ। ਇਹ ਪਾਠਕਾਂ ਵਲੋਂ ਆਪਣੀ ਲੋੜ ਲਈ ਦਿੱਤੇ ਜਾਂਦੇ ਲਕਬ ਹਨ।

ਇਕ ਗੱਲ ਮੈਂ ਸਦਾ ਤੋਂ ਹੀ ਨੋਟ ਕਰਦਾ ਆਉਂਦਾ ਹਾਂ : ਜਗਦੀਸ਼ ਸਿੰਘ ਵਰਿਆਮ ਨੂੰ ਮੈਂ ਕਿਸੇ ਨਾਲ, ਕਿਸੇ ਸਮੇਂ ਵੀ ਗੁਸੇ ਹੁੰਦੇ ਨਹੀਂ ਵੇਖਿਆ। ਸਾਡੇ ਪੰਜ ਵਿਕਾਰਾਂ ਵਿਚੋਂ ਗੁੱਸਾ ਇਕ ਵਿਕਾਰ ਹੈ। ਪਰ, ਇਹ ਵਿਕਾਰ ਹੋਣ ਤੋਂ ਪਹਿਲਾਂ ਇਕ ਮਨੁੱਖੀ ਪ੍ਰਵਿਰਤੀ ਹੈ। ਕੋਈ ਵੀ ਪ੍ਰਵਿਰਤੀ ਜਦੋਂ ਹੱਦ ਤੋਂ ਵੱਧ ਵਧ ਜਾਂਦੀ ਹੈ, ਉਦੋਂ ਵਿਕਾਰ ਹੁੰਦੀ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ ਬੜੇ ਜ਼ਰੂਰੀ ਹਨ। ਇਹਨਾਂ ਤੋਂ ਬਿਨਾਂ ਮਨੁੱਖ ਦਾ ਮਨੁੱਖਤਵ ਅਕਾਰਥ ਹੈ। ਪਰ ਵਿਕਾਰ ਨਾ ਸਹੀ, ਜਗਦੀਸ਼ ਸਿੰਘ ਵਰਿਆਮ ਵਿਚ ਪ੍ਰਵਿਰਤੀ ਤਾਂ ਇਹ ਹੋਵੇ ਕੁਝ। ਪਰ ਨਹੀਂ, ਜਿਵੇਂ ਉਹਨਾਂ ਵਿਚ ਇਹ ਪ੍ਰਵਿਰਤੀ ਹੈ ਹੀ ਨਹੀਂ। ਕਈ ਵਾਰ ਜਾਪਦਾ ਹੈ,



Sri Satguru Jagjit Singh Ji eLibrary NamdhariElibrary@gmail.com

ਕਿਤੇ ਇਸ ਕਮੀ ਕਾਰਨ, ਇਹ ਇਕ ਮਾਨਸਿਕ ਰੋਗ ਤਾਂ ਨਹੀਂ। ਗ਼ੁੱਸਾ ਕੱਦੇ ਵੀ ਆਉਂਣਾ ਹੀ ਨਾ ? ਜਿਵੇਂ ਕਿਸੇ ਦਾ ਚੁੱਪ ਰਹਿਣਾ ਜਾਂ ਬੋਲਦੇ ਹੀ ਚਲੇ ਜਾਣਾ ਮਨੋਰੋਗ ਹੋ ਸਕਦਾ ਹੈ। ਜਗਦੀਸ਼ ਸਿੰਘ ਵਰਿਆਮ ਨੂੰ ਇਹ ਮਨੋਰੋਗ ਪਸੰਦ ਹੈ, ਗ਼ੁੱਸੇ ਹੋਣਾ ਪਸੰਦ ਨਹੀਂ। ਕੀ ਕੀਤਾ ਜਾਵੇ?

'ਵਰਿਆਮ' ਮੈਨੂੰ ਆਪਣੇ ਮੁਢਲੇ ਅੰਕ ਤੋਂ ਹੀ ਆ ਰਿਹਾ ਹੈ। ਪਰ ਮੈਨੂੰ ਬੜੀ ਸ਼ਰਮਿੰਦਗੀ ਹੈ, ਵਰਿਆਮ ਨੂੰ ਮੈਂ ਆਪਣੀ ਕਲਮੀ ਮਿਲਵਰਤਣ ਉਨੀ ਨਹੀਂ ਦਿੱਤੀ, ਜਿੰਨੀ ਦੇਣੀ ਚਾਹੀਦੀ ਸੀ। ਠੀਕ, ਕਸੂਰਵਾਰ ਹਾਂ। ਪਰ ਇਕ ਗੱਲੋਂ ਨਿਸਚਿੰਤ ਹਾਂ, ਜਗਦੀਸ਼ ਸਿੰਘ ਵਰਿਆਮ ਜੀ ਨੂੰ ਜਿਹੜੀ 'ਕਦੇ ਵੀ ਗ਼ੁੱਸਾ ਨਾ ਆਉਣ' ਦੀ ਲਾ-ਇਲਾਜ 'ਬੀਮਾਰੀ' ਹੈ, ਉਹ ਮੇਰੀ ਰੱਖਿਆ ਕਰ ਰਹੀ ਹੈ। ਕੌਣ ਹੈ ਜੋ ਇਸ 'ਬੀਮਾਰੀ' ਨੂੰ ਸਦਾ-ਸਦਾ ਲਈ ਲਾ-ਇਲਾਜ ਹੀ ਦੇਖਣਾ ਨਹੀਂ ਚਾਹੇਗਾ? ਵਰਿਆਮ ਹੋਰਾਂ ਲਿਖਿਆ ਹੈ, ਇਸ ਵਿਸ਼ੇਸ਼ ਅੰਕ ਲਈ ਮੈਂ ਆਪਣੇ ਵਲੋਂ 'ਵਰਿਆਮ' ਨੂੰ ਆਸ਼ੀਰਵਾਦ ਜ਼ਰੂਰ ਦੇਵਾਂ। ਭੋਲੇ ਹਨ ਵਰਿਆਮ ਜੀ। ਮੈਂ ਭਲਾ ਕੌਣ ਹਾਂ ਆਸ਼ੀਰਵਾਦ ਦੇਣ ਵਾਲਾ? ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਉਹਨਾਂ ਉਤੇ ਪਹਿਲਾਂ ਹੀ ਆਸ਼ੀਰਵਾਦੀ ਹੱਥ ਹੈ। ਜਿਨ੍ਹਾਂ ਉਤੇ ਉਹਨਾਂ ਦਾ ਆਸ਼ੀਰਵਾਦੀ ਹੱਥ ਹੋਵੇ, ਉਹਨਾਂ ਨੂੰ ਹੋਰ ਕਿਸੇ ਦੀ ਆਸ਼ੀਰਵਾਦ ਦੀ ਲੋੜ ਨਹੀਂ। ਉਹ ਤਾਂ ਸਗੋਂ ਸਾਡੇ ਸਭ ਦੇ ਬੇਸਹਾਰਾ ਸਿਰਾਂ ਉਤੇ ਵੀ ਹੱਥ ਰੱਖਣ ਵਾਲੇ ਹਨ।

ਜਗਦੀਸ਼ ਸਿੰਘ ਵਰਿਆਮ ਜੀ ਦਾ ਪਹਿਰਾਵਾ ਹੀ ਉੱਜਲਾ ਨਹੀਂ ਹੈ, ਦਿਲ ਵੀ ਬੜਾ ਉੱਜਲਾ ਹੈ। ਮੇਰੀ ਦਿਲੀ ਕਾਮਨਾ ਹੈ, ਇਸ ਉੱਜਲਤਾਈ ਦੀਆਂ ਕਿਰਨਾਂ ਮੈਨੂੰ ਸਦਾ ਹੀ ਪੋਂਹਦੀਆਂ ਰਹਿਣ।

# ਪ੍ਰੇਮ ਪਿਆਰ ਤੇ ਉੱਚ ਆਚਾਰ ਦਾ ਸੰਦੇਸ਼

—ਪਿਆਰਾ ਸਿੰਘ ਪਦਮ

ਤੁਹਾਡੀ ਰੁਪਹਿਲੀ ਸਮਾਗਮ ਦੀ ਰੌਣਕ ਨੂੰ ੨੫ ਦੀਵਿਆਂ ਦੀ ਰੋਸ਼ਨੀ ਵਿਚ ੨੫ ਵਾਰ ਪ੍ਰਣਾਮ ਕਰਦਾ ਹਾਂ। ਪਰਚੇ ਹੋਰ ਵੀ ਬਹੁਤ ਨਿਕਲਦੇ ਹਨ, ਕਈ ਸੰਪ੍ਰਦਾਈ ਕਈ ਅਸੰਪ੍ਰਦਾਈ। ਲੇਕਿਨ ਤੁਹਾਡਾ ਸਰੂਪ ਤੇ ਸੁਭਾਅ ਸ੍ਰੋਤਿਆਂ ਨੂੰ ਸਦਾ ਸਰਸ਼ਾਰ ਕਰਦਾ ਹੈ। ਕਾਰਣ ਸੰਪਾਦਕ ਜਗਦੀਸ਼ ਸਿੰਘ ਵਰਿਆਮ ਹੈ ਜੋ ਕ੍ਰਿਸ਼ਨ ਕਨ੍ਹਈਏ ਵਾਂਗ ਕਦੇ ਬੰਸਰੀ ਵੀ ਵਜਾਉਂਦਾ ਤੇ ਕਦੀ ਕਦੀ ਸੁਦਰਸ਼ਨ ਚੱਕਰ ਵੀ ਚਲਾਉਂਦਾ ਹੈ ਪਰ ਕਦੀ ਕੌੜੀ ਕਸੈਲੀ ਚੋਟ ਨਹੀਂ ਕਰਦਾ। ਇਹ ਵੀ ਇਕ ਜੁਗਤਿ ਹੈ ਜੋ ਪੰਜਾਬੀ ਸਭਿਆਚਾਰ ਦੀ ਸੁਹਿਰਦਤਾ ਤੇ ਸੁੰਦਰਤਾ ਨੂੰ ਕਦੀ ਕਿਤੇ ਆਂਚ ਨਹੀ ਪਹੁੰਚਣ ਦਿੰਦੀ। ਇਹ ਇਕ ਵੱਡੀ ਪ੍ਰਾਪਤੀ ਹੈ।

ਇਹ ਵੀ ਮਹਾਰਾਜ ਦੀ ਮਿਹਰ ਹੈ ਕਿ ਇਸ ਪੱਤਰਕਾਰੀ ਦੇ ਮੁਸਾਫਰ ਨੂੰ ਕਦੀ ਮਾਲੀ ਸੰਕਟ ਕਾਰਨ ਮਾਯੂਸੀ ਦਾ ਮੂੰਹ ਨਹੀਂ ਦੇਖਣਾ ਪਿਆ। ਗੁਰੂ ਕ੍ਰਿਪਾ ਕਰੇ ਕਿ ਉਹ ਆਪਣੇ ਪਾਠਕਾਂ ਨੂੰ ਪ੍ਰੇਮ ਪਿਆਰ ਤੇ ਉਚ ਆਚਾਰ ਦਾ ਸੰਦੇਸ਼ਾ ਦਿੰਦਾ ਰਹੇ।

ਕਲਮ ਮੰਦਰ ਪਟਿਆਲਾ



Sri Satguru Jagjit Singh Ji eLibrary NamdhariElibrary@gmail.com

# ਅਸ਼ੀਰਵਾਦ







ਸੰਪਾਦਕ ਵਰਿਆਮ ਸ. ਜਗਦੀਸ਼ ਸਿੰਘ ਵਾਸਤੇ ਅਤਿ ਮਹੱਤਵ ਪੂਰਨ ਛਿਣ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੱਖ-ਵੱਖ
ਸਮਿਆਂ ਤੇ ਅਸ਼ੀਰਵਾਦ ਪ੍ਰਦਾਨ ਕੀਤਾ।

Sri Satguru Jagjit Singh Ji eLibrary NamdhariElibrary@gmail.com



ਦਿਲੀ ਦੇ ਪੰਜਾਬੀ ਭਵਨ ਵਿਚ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਸ਼ਤਾਬਦੀ ਸਮਾਗਮ ਸਮੇਂ ਦੀ ਇਕ ਗਰੁਪ ਤਸਵੀਰ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਕ ਪਾਸੇ ਬੈਠੇ ਹਨ, ਪ੍ਰੋ. ਪ੍ਰੀਤਮ ਸਿੰਘ ਪਟਿਆਲਾ, ਦੂਸਰੇ ਪਾਸੇ ਡਾ. ਹਰਿਭਜਨ ਸਿੰਘ ਜੀ ਅਤੇ ਉਹਨਾਂ ਦੇ ਘਰੋਂ ਬੀਬੀ ਜੀ। ਪਿਛੇ ਖੜੇ ਹਨ, ਸੰਤ ਗੁਰਦੀਪ ਸਿੰਘ, ਸ. ਜਗਦੀਸ਼ ਸਿੰਘ ਵਰਿਆਮ, ਭਾਪਾ ਪ੍ਰੀਤਮ ਸਿੰਘ ਜੀ ਆਰਸੀ-ਨਵਯੁਗ, ਚਰਨਜੀਤ ਸਿੰਘ ਚੰਨ ਜਨਤਕ ਪ੍ਰੈਸ, ਸ. ਹਰਭਜਨ ਸਿੰਘ ਰਤਨ, ਸੰਤ ਮਹਿੰਦਰ ਸਿੰਘ ਪੂਰਬਾ ਅਤੇ ਸ. ਹਰਵਿੰਦਰ ਸਿੰਘ ਹੰਸਪਾਲ ਆਦਿ।



ਪੰਜਾਬੀ ਭਵਨ ਦਿੱਲੀ ਦੀ ਲਾਇਬ੍ਰੇਰੀ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਗਦੀਸ਼ ਸਿੰਘ ਵਰਿਆਮ, ਸੰਤ ਰਛਪਾਲ ਸਿੰਘ, ਸ੍ਰੀ [illegible] ਸਿੰਘ ਪਬਲਿਸ਼ਰ ਅਤੇ ਸ. [illegible] ਸਿੰਘ।

Sri Satguru Jagjit Singh Ji eLibrary NamdhariElibrary@gmail.com



ਸੰਗੀਤ ਦੇ ਕੁੰਭ, ਹਰਬਲਭ ਮੇਲੇ ਤੇ ੨੭-੧੨-੧੯੯੮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਦਾ ਨਿੱਘ ਮਾਣ ਰਹੇ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਵਿਜੇ ਚੋਪੜਾ ਮੁਖ ਸੰਪਾਦਕ ਹਿੰਦ ਸਮਾਚਾਰ ਪੰਜਾਬ ਕੇਸਰੀ, ਜਗ ਬਾਣੀ ਪੱਤਰ ਸਮੂਹ..........ਆਦਿ।




ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ (ਸੰਨ ੧੯੯੩) ਵਿਚ ਸ. ਜਗਦੀਸ਼ ਸਿੰਘ ਵਰਿਆਮ ਸੰਬੋਧਨ ਕਰਦੇ ਹੋਏ। ਮੰਚ ਤੇ ਸ੍ਰੀ ਸਤਿਗੁਰੂ ਜੀ ਨਾਲ ਸਸ਼ੋਭਤ ਹਨ, ਡਾ. ਕੁਲਬੀਰ ਸਿੰਘ ਕਾਂਗ, ਗਿਆਨੀ ਹਰਬੰਸ ਸਿੰਘ ਚੇਅਰਮੈਨ ਸੁਆਗਤੀ ਕਮੇਟੀ, ਸ. ਜਗਦੀਸ਼ ਸਿੰਘ ਨਰੂਲਾ [illegible] ਗੁਰੂ ਨਾਨਕ ਦੇਵ [illegible] (ਹਿੰਦ ਸਮਾਚਾਰ)।

Sri Satguru Jagjit Singh Ji eLibrary NamdhariElibrary@gmail.com





ਸ੍ਰੀ ਸਤਿਗੁਰੂ ਜੀ ਵਲੋਂ ਵੱਖ-ਵੱਖਸਮਿਆਂ 'ਤੇ ਅਸ਼ੀਰਵਾਦ।

Sri Satguru Jagjit Singh Ji eLibrary NamdhariElibrary@gmail.com

# ਨੈਤਿਕ ਤੇ ਸਾਹਿਤਕ ਮਿਆਰ ਆਪਣੇ ਆਪ ਵਿਚ ਮਿਸਾਲ

—ਅਮਰੀਕ ਸਿੰਘ ਪੂਨੀ, ਆਈ. ਏ. ਐਸ



ਵਰਿਆਮ ਦੇ ਪੰਝੀ ਸਫਲ ਵਰ੍ਹੇ ਪੂਰੇ ਕਰਨ ਤੇ ਹਾਰਦਿਕ ਮੁਬਾਰਕਬਾਦ ਕਬੂਲ ਕਰਨਾ। ਅਜ ਦੇ ਸਮੇਂ ਵਿਚ ਮਿਆਰੀ ਸਾਹਿਤਕ ਪੱਤ੍ਰਿਕਾ ਕੱਢਣਾ ਕੜੀ ਤਪੱਸਿਆ ਦੀ ਤਰ੍ਹਾਂ ਹੈ। ਬਹੁਤ ਖੁਸ਼ੀ ਹੁੰਦੀ ਹੈ ਇਹ ਵੇਖਕੇ ਕਿ ਤੁਸਾਂ ਇਹ ਕਾਰਜ ਆਪਣੀ ਲਗਨ ਤੇ ਸਤਿਗੁਰਾਂ ਦੀ ਮਿਹਰ ਸਦਕਾ ਨਿਹਾਇਤ ਖ਼ੁਸ਼ ਅਸਲੂਬੀ ਤੇ ਸਫਲਤਾ ਸਹਿਤ ਸਿਰੇ ਚਾੜ੍ਹ ਰਹੇ ਹੋ। ਮੈਂ ਵਰਿਆਮ ਲਗਾਤਾਰ ਪੜ੍ਹਦਾ ਆ ਰਿਹਾ ਹਾਂ ਅਤੇ ਮਹਿਸੂਸ ਕਰਦਾ ਹਾਂ ਕਿ ਇਸ ਵਿਚ ਛਪਦੀ ਸਮਗਰੀ ਦਾ ਨੈਤਿਕ ਤੇ ਸਾਹਿਤਕ ਮਿਆਰ ਜਿਸ ਉੱਚੇ ਪਾਏ ਦਾ ਹੈ ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਕਦੇ ਕੁਝ ਵੀ ਹਲਕਾ ਤੇ ਨੀਵੀਆਂ ਕਦਰਾਂ ਕੀਮਤਾਂ ਵਾਲਾ ਨਹੀਂ ਹੁੰਦਾ ਤੇ ਪਰਚਾ ਪੜ੍ਹਨ ਉਪਰੰਤ ਸਦਾ ਚੰਗਾ ਚੰਗਾ ਮਹਿਸੂਸ ਕਰੀਦਾ ਹੈ।

ਮੇਰੀ ਤੇ ਇਹੋ ਅਰਦਾਸ ਹੈ ਕਿ ਸਤਿਗੁਰੂ ਕਿਰਪਾ ਕਰਨ ਤੇ ਵਰਿਆਮ ਇਸੇ ਤਰਾਂ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ।

ਮੁੱਖ ਸਕੱਤਰ ਪੰਜਾਬ ਸਰਕਾਰ (ਰੀਟਾ:),
ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ ਲੁਧਿਆਣਾ

## ਸਭ ਪਰਚਿਆਂ ਨਾਲੋਂ ਵਿਲੱਖਣ

ਡਾ. ਜਗਤਾਰ,

ਮੈਂ ਵਰ੍ਹਿਆਂ ਤੋਂ ਵਰਿਆਮ ਦਾ ਪਾਠਕ ਹਾਂ। ਇਹ ਪਰਚਾ ਪੰਜਾਬੀ ਦੇ ਸਭ ਪਰਚਿਆਂ ਨਾਲੋਂ ਇਸ ਲਈ ਵਿਲੱਖਣ ਹੈ ਕਿ ਇਸ ਵਿਚ ਸਿਰਫ਼ ਕਹਾਣੀਆਂ, ਕਵਿਤਾਵਾ ਜਾਂ ਅਲੋਚਨਾ ਹੀ ਨਹੀਂ ਹੁੰਦੀ, ਬਲਕਿ ਸਾਡੇ ਇਤਿਹਾਸ ਦੇ ਅਜਿਹੇ ਪਹਿਲੂ ਉਜਾਗਰ ਕੀਤੇ ਗਏ ਹੁੰਦੇ ਹਨ, ਜਿਨ੍ਹਾਂ ਦਾ ਅੰਦਰਾਜ ਅਜੇ ਇਤਿਹਾਸ ਵਿਚ ਹੋਣਾ ਹੈ। ਇਹ ਇੱਕੋ-ਇਕ ਪਰਚਾ ਹੈ ਜਿਹੜਾ ਸੰਗੀਤ ਬਾਰੇ ਤੇ ਸੰਗੀਤਕਾਰਾਂ ਬਾਰੇ ਭਰਪੂਰ ਜਾਣਕਾਰੀ ਦੇਂਦਾ ਹੈ।

ਵਿਅਕਤੀ ਚਿੱਤਰ, ਸਫ਼ਰਨਾਮੇ ਤੇ ਸੰਸਮਰਨ ਵੀ ਇਸਦੀ ਵਿਸ਼ੇਸ਼ ਦੇਣ ਹੈ।

ਕਦੇ ਕਦੇ ਕੁਝ ਦੁਰਲਭ ਤਸਵੀਰਾਂ ਦੇ ਦਰਸ਼ਨ ਵੀ ਹੁੰਦੇ ਹਨ।

ਅਜਿਹੇ ਪਰਚੇ ਦਸਤਾਵੇਜ਼ੀ ਹੈਸੀਅਤ ਰਖਦੇ ਹਨ। ਇਹ ਪਰਚਾ ***Reference Books*** ਵਾਂਗ ਸੰਭਾਲਣਾ ਚਾਹੀਦਾ ਹੈ।

ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ



Sri Satguru Jagjit Singh Ji eLibrary NamdhariElibrary@gmail.com

# ਸੁੱਚੇ ਮਿਆਰ ਵਾਲਾ ਵਰਿਆਮ

**—ਹਰਵਿੰਦਰ ਸਿੰਘ ਹੰਸਪਾਲ**



'ਵਰਿਆਮ' ਜਲੰਧਰ ਤੋਂ ਛਪਣ ਵਾਲਾ ਪੰਜਾਬੀ ਮਾਸਿਕ ਪੱਤਰ ਹੈ। ਸ. ਜਗਦੀਸ਼ ਸਿੰਘ ਨੇ ਇਹ ਪਰਚਾ ਨਵੰਬਰ ੧੯੭੫ ਵਿਚ ਆਪਣੀ ਹੀ ਸੰਪਾਦਨਾ ਹੇਠ ਚਾਲੂ ਕੀਤਾ ਸੀ। ੨੫ ਸਾਲ ਦੇ ਲੰਮੇ ਸਮੇਂ ਵਿਚ ਬਹੁਤ ਸਾਰੇ ਪੰਜਾਬੀ ਮਾਸਿਕ, ਸਪਤਾਹਿਕ, ਜਾਂ ਦੈਨਿਕ ਨਿਕਲਣੇ ਸ਼ੁਰੂ ਹੋਏ, ਪਰ ਬਹੁਤੇ ਇੰਨੀ ਲੰਮੀ ਉਮਰ ਨਹੀਂ ਭੋਗ ਸਕੇ। ਪਰ ਵਰਿਆਮ ਨੇ ਪਾਠਕਾਂ, ਸਾਹਿਤਕਾਰਾਂ, ਪ੍ਰਸੰਸਕਾਂ ਤੇ ਆਪਣੇ ਹਮਦਰਦਾਂ ਵਿਚ ਚੰਗਾ ਥਾਂ ਬਣਾਇਆ ਹੈ। ਇਸ ਦਾ ਮੁੱਖ ਕਾਰਨ ਜਿਵੇਂ ਮੈਂ ਸਮਝ ਸਕਿਆ ਹਾਂ, ਇਸਦੇ ਸੰਪਾਦਕ ਦੀ ਇਸ ਦੇ ਮਿਆਰ ਪ੍ਰਤੀ ਕਮਿਟਮੈਂਟ (ਪ੍ਰਤੀਬਧਤਾ) ਹੈ। ਬਹੁਤੇ ਪਰਚਿਆਂ ਨਾਲ ਜੁੜੇ ਹੋਏ ਪ੍ਰਬੰਧਕ ਪਰਚੇ ਲਈ ਸਰਕਾਰੀ ਇਸ਼ਤਿਹਾਰ ਮੰਗਦੇ ਹਨ। ਉਹਨਾਂ ਦੀ ਇਛਾ ਹੁੰਦੀ ਹੈ ਕਿ ਕੋਈ ਮੇਹਰਬਾਨ ਆਪਣਾ ਅਸਰ ਰਸੂਖ ਵਰਤ ਕੇ ਉਹਨਾਂ ਨੂੰ ਕੋਈ ਕਮਾਊ ਇਸ਼ਤਿਹਾਰ ਦੁਆ ਦੇਵੇ। ਉਹ ਇਸ਼ਤਿਹਾਰ ਬਹੁਤੇ ਸਰਕਾਰੀ ਹੀ ਹੁੰਦੇ ਹਨ। ਪਰ ਜਗਦੀਸ਼ ਸਿੰਘ ਨੇ ਸਰਕਾਰੀ ਇਸ਼ਤਿਹਾਰ ਲੈਣ ਲਈ ਕਦੇ ਜੋੜ ਤੋੜ ਨਹੀਂ ਕੀਤੀ। ਇਸੇ ਕਰਕੇ ਵਰਿਆਮ ਵਿਚ ਕੋਈ ਸਰਕਾਰੀ ਇਸ਼ਤਿਹਾਰ ਨਹੀਂ ਛਪਿਆ। ਉਸਨੂੰ ਕਈ ਵਾਰ ਆਖਿਆ ਵੀ ਹੈ, ਕਿ ਕਾਗਜ਼ੀ ਲੋੜਾਂ ਉਹ ਪੂਰੀਆਂ ਕਰੇ ਕਿਸੇ ਨੂੰ ਆਖਣਾ ਵੇਖਣਾ ਹੋਇਆ ਤਾਂ ਆਖ ਲਿਆ ਜਾਵੇਗਾ। ਉਸਨੇ ਸਾਫ ਆਖ ਦਿੱਤਾ, ਭਾ ਜੀ ਇਸ਼ਤਿਹਾਰ ਲੈਣ ਲਈ ਝੂਠ ਬੋਲਣਾ ਪੈਂਦਾ ਹੈ। ਇਹ ਕੰਮ ਮੇਰੇ ਕੋਲੋਂ ਨਹੀਂ ਹੋਣਾ ਤੇ ਅੱਜ ਤੱਕ ਸੱਚਮੁਚ ਇਹ ਕੰਮ ਉਸਨੇ ਨਹੀਂ ਕੀਤਾ। ਪੈਸੇ ਲਈ ਕਈ ਪੱਤਰਕਾਰ [illegible] ਦੀ ਪੱਗ ਲਾਹੁੰਦੇ ਕਿਸੇ ਨੂੰ ਅਸਮਾਨੇ ਚਾੜ੍ਹਦੇ ਹਨ। ਪਰ ਇਸਨੂੰ ਸ਼ਾਇਦ ਜਾਚ ਹੀ ਨਹੀਂ ਇੰਝ ਕਮਾਈ ਕਰਨ ਦੀ।

ਇਸਦਾ ਮਤਲਬ ਇਹ ਵੀ ਨਹੀਂ ਕਿ ਜਗਦੀਸ਼ ਸਿੰਘ ਬੜਾ ਧਨਾਡ ਵਿਅਕਤੀ ਹੈ, ਅਤੇ ਪੈਸਾ ਖਰਚ ਕੇ ਆਪਣੇ ਸ਼ੌਕ ਪੂਰੇ ਕਰ ਰਿਹਾ ਹੈ। ਉਹ ਮੱਧ ਸ਼੍ਰੇਣੀ ਦਾ ਸਧਾਰਨ ਮਿਲਨਸਾਰ ਸੁਹਿਰਦ ਵਿਅਕਤੀ ਹੈ। ਅੱਜ ਦੇ ਜ਼ਮਾਨੇ ਦੀ ਚਾਲ ਦੇ ਉਲਟ ਉਹ ਸੰਤੁਸ਼ਟ ਹੈ, ਆਪਣੇ ਸੀਮਿਤ ਸਾਧਨਾਂ ਨਾਲ। ਉਂਝ ਵੀ ਜਿਹੜੇ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕਰਦੇ ਆਪਣੀਆਂ ਕਦਰਾਂ ਕੀਮਤਾਂ ਨੂੰ ਪੱਲੇ ਬੰਨ੍ਹੀ ਰੱਖਦੇ ਹਨ, ਜੇ ਉਹਨਾਂ ਕੋਲ ਧਨ ਪਦਾਰਥ ਘੱਟ ਵੱਧ ਵੀ ਹੋਵੇ ਤਾਂ ਉਹਨਾਂ ਨੂੰ ਡੁਲਾ ਨਹੀਂ ਸਕਦਾ। ਉਹਨਾਂ ਦਾ ਕਿਰਦਾਰ ਸਦਾ ਉੱਚਾ ਰਹਿੰਦਾ ਹੈ।

ਸ੍ਰ. ਜਗਦੀਸ਼ ਸਿੰਘ ਦੀ ਬੜੀ ਰੀਝ ਸੀ ਕਿ ਉਸਦੀ ਆਪਣੀ ਕਾਰ ਹੋਵੇ। ਭਾਵੇਂ ਉਹ ਨਹੀਂ ਲਈ ਜਾ ਸਕੀ ਫੇਰ ਵੀ ਉਹ ਸੰਤੁਸ਼ਟ ਹੈ। ਏਦਾਂ ਹੀ ਉਸਨੇ ਵਰਿਆਮ ਦਾ ਮਿਆਰ ਉਚਾ ਰੱਖਿਆ ਹੈ। ਉਹ ਵਧੀਆ ਸਾਹਿਤਕ ਰਚਨਾਵਾਂ ਛਾਪਦਾ ਹੈ ਤੇ ਵਧੀਆ ਤਰੀਕੇ ਨਾਲ ਲਿਖੀਆਂ ਰਿਪੋਰਟਾਂ, ਏਸੇ ਕਰਕੇ ਪੰਜਾਬੀ ਦੇ ਸਾਹਿਤਕਾਰ, ਬੁੱਧੀਜੀਵੀ ਤੇ ਭਲੇ ਮਾਨਸ ਸਿਆਸਤਦਾਨ ਉਸਦੀ ਕਦਰ ਕਰਦੇ ਹਨ।

ਸ੍ਰ. ਜਗਦੀਸ਼ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ਰਧਾਵਾਨ ਸਿੱਖ ਹੈ। ਉਹ ਉਹਨਾਂ ਦਾ ਹੀ ਝੰਡਾ ਬਰਦਾਰ ਹੈ ਕਿਉਂਕਿ ਉਸਨੂੰ ਪਤਾ ਹੈ ਕਿ ਭਾਰਤ ਦੀਆਂ ਅਮੀਰ ਪ੍ਰੰਪਰਾਵਾਂ ਨੂੰ ਉਹਨਾਂ ਦੇ ਸਿੱਖ ਸੰਭਾਲੀ ਬੈਠੇ ਹਨ। ਉਸਦੇ ਪਰਚਿਆਂ ਦੇ ਟਾਈਟਲ ਉਤੇ ਛਪੀਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਪੂਰਵ ਸਤਿਗੁਰੂ ਸਾਹਿਬਾਨ ਅਤੇ ਸ਼ਹੀਦੀ ਸਾਕਿਆਂ ਦੀਆਂ ਤਸਵੀਰਾਂ ਦਸਦੀਆਂ ਹਨ ਕਿ ਉਹ ਸ੍ਰੀ ਸਤਿਗੁਰੂ ਜੀ ਦੀ ਸੁੱਚ ਪਵਿੱਤਰਤਾ, ਭਜਨ ਬੰਦਗੀ, ਸਾਦੀ ਜ਼ਿੰਦਗੀ ਨੂੰ ਵਿਸ਼ਵ ਕਲਿਆਣ ਲਈ ਲਾਹੇਵੰਦ ਸਮਝਕੇ ਪ੍ਰਚਾਰਨ ਪ੍ਰਸਾਰਣ ਵਿਚ ਆਪਣਾ ਹਿੱਸਾ ਪਾ ਰਿਹਾ ਹੈ। ਇਸ ਤੋਂ ਬਿਨਾਂ ਨਾਨਕ ਸਿੰਘ, ਗੁਰਬਖਸ਼ ਸਿੰਘ, ਪ੍ਰੋ. ਮੋਹਨ ਸਿੰਘ, ਸ.ਸ. ਮੀਸ਼ਾ, ਵਰਿਆਮ ਸਿੰਘ ਸੰਧੂ, ਤਰਨ ਸਿੰਘ ਵਹਿਮੀ ਆਦਿ ਸਾਹਿਤਕਾਰਾਂ ਦੀ ਕੀਰਤੀ ਤੇ ਕਲਮ ਦੀ ਕਰਾਮਾਤ ਨੂੰ ਉਜਾਗਰ ਕਰਦੇ ਵਿਸ਼ੇਸ਼ ਅੰਕ ਵੀ ਉਸ ਕੱਢੇ ਹਨ। ਉਸਦੇ ਕੁਝ ਅੰਕ ਉਸਤਾਦ ਸੰਗੀਤਕਾਰਾਂ ਦੀ ਕਦਰਦਾਨੀ ਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਕੱਢੇ ਗਏ ਹਨ।

ਵਰਿਆਮ ਦੀ ਸਮਾਜ ਵਾਸਤੇ, ਦੇਸ਼ ਵਾਸਤੇ ਬਹੁਤ ਵੱਡੀ ਦੇਣ ਹੈ। ੨੫ ਕੁ ਸਾਲਾਂ ਦਾ ਯੁੱਗ ਪਰਚੇ ਲਈ ਕਾਫੀ ਲੰਬਾ ਹੈ। ਭਾਵੇਂ ਦੇਸ਼ ਸਮਾਜ ਲਈ ਇਹ ਸਮਾਂ ਛੋਟਾ ਹੁੰਦਾ ਹੈ। ਵਰਿਆਮ ਦੀ ਚੜ੍ਹਦੀ ਕਲਾ ਵਾਸਤੇ ਕਾਮਨਾ ਕਰਦਾ ਹਾਂ ਅਤੇ ਸ੍ਰੀ ਸਤਿਗੁਰੂ ਜੀ ਪਾਸੋਂ ਇਸਦੀ ਤਰੱਕੀ ਲਈ ਸਦਾ ਅਸ਼ੀਰਵਾਦ ਮੰਗਦਾ ਹਾਂ।

**ਸਾਬਕਾ ਮੈਂਬਰ ਰਾਜ ਸਭਾ**
**ਪ੍ਰਧਾਨ ਨਾਮਧਾਰੀ ਦਰਬਾਰ**



Sri Satguru Jagjit Singh Ji eLibrary NamdhariElibrary@gmail.com

# ਰੱਬ ਵਰਗਾ ਬੰਦਾ

—ਡਾ. ਵਰਿਆਮ ਸਿੰਘ ਸੰਧੂ

ਜਗਦੀਸ਼ ਸਿੰਘ ਨਾਲ ਮੇਰਾ ਪਹਿਲੀ ਨਜ਼ਰ ਦਾ ਪ੍ਰੇਮ ਹੈ ਤੇ ਇਹ ਉਦੋਂ ਤੋਂ ਹੈ ਜਦੋਂ ਉਹ ਅਜੇ 'ਵਰਿਆਮ' ਨਹੀਂ ਸੀ ਹੁੰਦਾ। ਅਠਵੇਂ ਦਹਾਕੇ ਦੇ ਪਹਿਲੇ ਅੱਧ ਵਿਚ ਕਿਸੇ ਸਾਲ ਕਿਸੇ ਸਾਹਿਤਕ ਕਾਨਫਰੰਸ ਦੇ ਮੌਕੇ 'ਤੇ ਉਹ ਮੈਨੂੰ ਦੇਸ਼-ਭਗਤ ਯਾਦਗਾਰ ਹਾਲ ਵਿਚ ਮਿਲਿਆ ਸੀ। ਘੱਟ ਲੰਮੀ ਦਾੜ੍ਹੀ ਕਾਲੇ ਰੰਗ ਦੀ, ਸਫ਼ੈਦ ਨਾਮਧਾਰੀ ਬਸਤ੍ਰ, ਐਨਕਾਂ ਦੇ ਪਿਛੇ ਬੁੱਲ੍ਹਾਂ ਵਾਂਗ ਮੁਸਕਰਾਉਂਦੀਆਂ ਅੱਖਾਂ। ਬੱਸ ਏਨਾ ਕੁ ਹੀ ਯਾਦ ਹੈ। ਇਕ ਦੂਜੇ ਦੀ ਖ਼ੈਰ-ਸੁੱਖ ਪੁੱਛੀ ਹੋਵੇਗੀ ਤੇ ਬੱਸ, ਪਰ ਮਿਲਦਿਆਂ ਹੀ ਮੈਨੂੰ ਲੱਗਾ ਸੀ, ਇਹ ਬੰਦਾ ਆਪਣਾ ਹੈ....।

ਇਸ ਆਪਣੇ ਬੰਦੇ ਦੀ ਅਪਣੱਤ ਨੇ, ਮੇਰੇ ਜਲੰਧਰ ਆਉਣ ਤੇ ਮੈਨੂੰ ਖਿਚ ਲਿਆ। ਉਹ ਤੇ ਗੁਰਬਖਸ਼ ਸਿੰਘ ਬੰਨੋਆਣਾ ਚਾਹੁੰਦੇ ਸਨ ਕਿ ਮੈਂ ਪੰਜਾਬੀ ਲੇਖਕ ਸਭਾ ਜਲੰਧਰ ਲਈ ਕਹਾਣੀ ਦਰਬਾਰ ਕਰਵਾਉਣ ਦਾ ਜ਼ਿੰਮਾ ਲਵਾਂ। ਮੈਂ ਸੁਭਾ ਮੁਤਾਬਕ ਟਾਲੀ ਜਾਂਦਾ। ਆਖ਼ਰਕਾਰ ਜਗਦੀਸ਼ ਸਿੰਘ ਦੀ ਜਿੱਤ ਹੋਈ। ਅਸੀਂ ਰਲਕੇ ਮੈਦਾਨ ਫ਼ਤਹਿ ਕਰ ਲਿਆ। ਕਹਾਣੀ ਬਾਰੇ ਏਡਾ ਵੱਡਾ ਪ੍ਰੋਗਰਾਮ ਅੱਜ ਤੱਕ ਪੰਜਾਬੀ ਸਾਹਿਤਕ ਸਮਾਗਮਾਂ ਦੇ ਇਤਿਹਾਸ ਵਿਚ ਨਹੀਂ ਸੀ ਹੋਇਆ। ਚੋਟੀ ਦੇ ਕਹਾਣੀਕਾਰ, ਸਿਖਰਲੇ ਗਲਪ ਆਲੋਚਕ ਤੇ ਪ੍ਰਬੁੱਧ ਪਾਠਕ ਚਾਰ ਸੌ ਦੀ ਗਿਣਤੀ ਤੱਕ ਦੇਸ਼-ਭਗਤ ਯਾਦਗਾਰ ਹਾਲ ਵਿਚ ਇਕੱਠੇ ਹੋਏ। ੧੯੯੧ ਦੇ ਦਿਨ, ਖਾੜਕੂਵਾਦ/ਅੱਤਵਾਦ ਦਾ ਜ਼ੋਰ ਸਿਖਰ ਤੇ। ਪ੍ਰੋਗਰਾਮ ਵਾਲੇ ਦਿਨ ਆਵਾਜਾਈ ਦੇ ਬੰਦ ਦਾ ਸੱਦਾ। ਇਸ ਬੰਦ ਦੀ ਪ੍ਰਵਾਹ ਨਾ ਕਰਦਿਆਂ ਵੀ ਜਲੰਧਰ ਦਾ ਇਹ ਕਹਾਣੀ ਮੇਲਾ ਆਪਣੇ ਆਪ ਵਿਚ ਹਾਜ਼ਰੀ ਅਤੇ ਸੰਵਾਦ ਪੱਖੋਂ ਇਤਿਹਾਸ ਸਿਰਜ ਗਿਆ। ਮੈਂ ਇਸ ਸਮਾਗਮ ਦਾ ਕਨਵੀਨਰ ਸਾਂ। ਪਰ ਪਿਛੇ ਮੇਰੇ ਤਾਕਤ ਸੀ ਜਗਦੀਸ਼ ਸਿੰਘ, ਬੰਨੋਆਣਾ ਤੇ ਪੰਜਾਬੀ ਲੇਖਕ ਸਭਾ ਜਲੰਧਰ ਦੀ। ਦਿਸਦਾ ਮੈਂ ਸਾਂ ਪਰ ਨਿਰਾਕਾਰ ਹਸਤੀਆਂ ਦੀ ਨਿਰਮਾਣਤਾ ਤੇ ਕਾਰਜਕੁਸ਼ਲਤਾ ਇਸ ਸਮਾਗਮ ਦੀ ਸਫ਼ਲਤਾ ਦਾ ਪ੍ਰਮੁੱਖ ਰਾਜ਼ ਸੀ। ਇਸ ਕਹਾਣੀ ਉਤਸਵ ਤੋਂ ਪਿਛੋਂ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਸਹਿਯੋਗ ਨਾਲ ਪੰਜਾਬੀ ਲੇਖਕ ਸਭਾ ਵਲੋਂ ਮੇਰੀ ਅਗਵਾਈ ਵਿਦ ਦੋ ਹੋਰ ਕਾਵਿ ਉਤਸਵ ਏਡੇ ਹੀ ਵੱਡੇ ਪੱਧਰ ਤੇ ਜਲੰਧਰ ਵਿਚ ਕਰਵਾਏ ਗਏ। ਸਿੱਟੇ ਵਜੋਂ ਸਭ ਤੋਂ ਵੱਧ ਸਰਗਰਮੀ ਤੇ ਗੰਭੀਰਤਾ ਨਾਲ ਪੰਜਾਬੀ ਕਹਾਣੀ ਦਾ ਜ਼ਿਕਰ ਛਿੜਿਆ ਤੇ ਇਸ ਤਰਜ਼ ਤੇ ਹੋਰ ਲੋਕਾਂ ਨੇ ਵੀ 'ਉਤਸਵ' ਮਨਾਉਣੇ ਸ਼ੁਰੂ ਕਰ ਦਿੱਤੇ। ਜਲੰਧਰ ਦੇ ਕਹਾਣੀ ਉਤਸਵਾਂ ਬਾਰੇ ਤੇ ਇਕ ਗੰਭੀਰ ਮਜ਼ਾਕ ਇਹ ਵੀ ਚੱਲ ਪਿਆ ਸੀ ਕਿ ਕਹਾਣੀ ਨਾਲ ਜੁੜੇ ਲੋਕ ਆਪਣੇ ਬੱਚਿਆਂ ਦੇ ਵਿਆਹ ਦੀਆਂ ਤਰੀਕਾਂ ਵੀ ਕਹਾਣੀ ਉਤਸਵ ਦੀਆਂ ਤਰੀਕਾਂ ਪੁਛ ਕੇ ਧਰਦੇ ਨੇ।

ਕੇਂਦਰੀ ਲੇਖਕ ਸਭਾ ਦਾ ਇਕ ਛੋਟਾ ਹਿੱਸਾ ਹੁੰਦੀ ਹੋਈ ਪੰਜਾਬੀ ਲੇਖਕ ਸਭਾ ਜੇ ਇਹੋ ਜਿਹੇ ਇਤਿਹਾਸਕ ਸਮਾਗਮ ਕਰਵਾ ਸਕੀ ਤਾਂ ਇਸ ਪਿਛੇ ਜਗਦੀਸ਼ ਸਿੰਘ ਦੀ ਪ੍ਰਧਾਨਗੀ ਤੇ ਉੱਦਮ ਸ਼ਾਮਲ ਹੈ। ਵੱਡੇ ਤੇ ਇਤਿਹਾਸਕ ਸਮਾਗਮਾਂ ਦੀ ਲੜੀ ਵਿਚ ਲੇਖਕ ਕਾਨਫ਼ਰੰਸਾਂ ਦੀ ਮੇਜ਼ਬਾਨੀ, ਨਾਨਕ ਸਿੰਘ ਸ਼ਤਾਬਦੀ ਕਾਨਫਰੰਸ ਸਮੇਤ ਪਤਾ ਨਹੀਂ ਕਿੰਨੀਆਂ ਕੁ ਅਜਿਹੀਆਂ ਕਾਨਫਰੰਸਾਂ ਹਨ ਜਿਨ੍ਹਾਂ ਦੀ ਸਫ਼ਲਤਾ ਦਾ ਸਿਹਰਾ ਜਗਦੀਸ਼ ਸਿੰਘ ਵਰਿਆਮ ਤੇ ਉਸਦੀ ਟੀਮ ਨੂੰ ਜਾਂਦਾ ਹੈ। ਇਸ ਪੱਖੋਂ ਜਗਦੀਸ਼ ਸਿੰਘ ਦੀ ਅਭੂਤਪੂਰਵ ਦੇਣ ਹੈ।

ਜਦੋਂ ਉਸਨੇ ਵਰਿਆਮ ਮਾਸਿਕ ਪੱਤਰ ਸ਼ੁਰੂ ਕੀਤਾ ਤਾਂ ਛੇਤੀ ਹੀ ਐਮਰਜੈਂਸੀ ਲੱਗ ਗਈ। ਸੈਂਸਰ ਵਾਲੇ ਸਰਕਾਰੀ ਬੰਦਿਆਂ ਨੇ ਉਸਨੂੰ ਬਚੇ ਰਹਿਣ ਲਈ ਸਲਾਹ ਦਿੱਤੀ ਕਿ ਵਰਿਆਮ ਸੰਧੂ ਤੇ ਕੁਝ ਇਕ ਹੋਰ ਲੇਖਕਾਂ ਨੂੰ ਪਰਚੇ ਵਿਚ ਨਾ ਛਾਪਣਾ, ਫਿਰ ਤੁਹਾਨੂੰ ਕੋਈ ਖਤਰਾ ਨਹੀਂ। ਪਰ ਹਾਲਤਾਂ ਦੇ ਰੰਗ ਵੇਖੋ ਕਿ ਉਸੇ ਵਰਿਆਮ ਸਿੰਘ ਸੰਧੂ ਨਾਲ ਏਨਾ ਪੀਚ ਪੈ ਗਿਆ ਕਿ ਵਰਿਆਮ ਦਾ ਵਰਿਆਮ ਸਿੰਘ ਸੰਧੂ ਅੰਕ ਪ੍ਰਕਾਸ਼ਿਤ ਕਰ ਕੇ ਉਸਨੂੰ ਸਨਮਾਨਿਤ ਕਰਨਾ ਪਿਆ। ਪਤਾ ਨਹੀਂ ਇਹ ਸਾਡੇ ਦੋਹਾਂ ਵਿਚੋਂ ਕੀਹਦੇ ਪਿਆਰ ਦੀ ਜਿੱਤ ਸੀ।

ਜਿਥੇ ਇਕ ਵਰਿਆਮ ਹੋਵੇ, ਦੂਜੇ ਵਰਿਆਮ ਦੀ ਹਾਜ਼ਰੀ ਹੋਣੀ ਲੋਕ ਲਾਜ਼ਮੀ ਸਮਝਦੇ ਹਨ। ਮੇਰੀ ਮਾਂ ਵੀ ਆਖਦੀ ਹੈ, "ਜਦੋਂ ਮੈਂ ਅਖ਼ਬਾਰ ਵਿਚ ਜਗਦੀਸ਼ ਸਿੰਘ ਦੀ ਚਿੱਟੀ ਪੱਗ ਵੇਖਦੀ ਹਾਂ ਤਾਂ ਨਾਲ ਹੀ ਤੇਰੀ ਫ਼ੋਟੋ ਵੀ ਲੱਭਣੀ ਸ਼ੁਰੂ ਕਰ ਦਿੰਦੀ ਹਾਂ। ਤੂੰ ਉਹਦੇ ਨਾਲ ਹੀ ਤਾਂ ਹੁੰਦਾ ਏਂ।" ਮੇਰੇ ਲੜਕੇ ਸੁਪਨਦੀਪ ਨੇ ਕੈਨੇਡਾ ਤੋਂ ਫੋਨ ਕਰਕੇ ਮੈਨੂੰ 'ਲਾਹੌਰ ਕਾਨਫ਼ਰੰਸ' 'ਤੇ ਜਾਣ ਵਾਲੇ ਬੰਦਿਆਂ ਬਾਰੇ ਪੁੱਛਿਆ। ਜਦੋਂ ਉਸਨੂੰ ਇਸ ਗੱਲ ਦਾ ਪਤਾ ਲੱਗਾ ਕਿ ਮੇਰੇ ਨਾਲ ਜਗਦੀਸ਼ ਸਿੰਘ ਨਹੀਂ ਜਾ ਰਿਹਾ ਤਾਂ



Sri Satguru Jagjit Singh Ji eLibrary NamdhariElibrary@gmail.com

ਇਹ ਉਸ ਲਈ ਹੈਰਾਨੀ ਵਾਲੀ ਗੱਲ ਸੀ, "ਤੁਸੀਂ ਜਾਉ ਤੇ ਜਗਦੀਸ਼ ਸਿੰਘ ਅੰਕਲ ਨਾਲ ਨਾ ਹੋਣ-ਮੰਨਣ ਵਿਚ ਨਹੀਂ ਆਉਂਦਾ।"

ਜਿਵੇਂ ਜਗਦੀਸ਼ ਸਿੰਘ ਨਾਲ 'ਵਰਿਆਮ' ਸ਼ਬਦ ਜੁੜ ਗਿਆ ਹੈ, ਇਵੇਂ ਹੀ 'ਜਗਦੀਸ਼ ਸਿੰਘ ਵਰਿਆਮ' ਨਾਲ 'ਵਰਿਆਮ ਸਿੰਘ ਸੰਧੂ' ਇੰਜ ਜੁੜ ਗਿਆ ਹੈ ਕਿ ਅਜਨਬੀ ਲੋਕਾਂ ਲਈ ਪਹਿਲੀ ਵਾਰ ਸਾਡੇ ਵਿਚ ਨਿਖੇੜ ਕਰਨਾ ਔਖਾ ਹੋ ਜਾਂਦਾ ਹੈ। ਇਕ ਵਾਰ ਮੈਂ ਤੇ ਜਗਦੀਸ਼ ਸਿੰਘ ਦੋਵੇਂ ਇਕੱਠੇ ਖਲੋਤੇ ਸਾਂ ਲੁਧਿਆਣੇ ਇਕ ਕਾਨਫਰੰਸ ਵਿਚ। ਇਕ ਸ਼ਾਇਰ ਮੇਰੇ ਕੋਲ ਆਇਆ ਤੇ ਮੈਨੂੰ ਕਹਿਣ ਲੱਗਾ, "ਮੈਂ ਵਰਿਆਮ ਲਈ ਦੋ ਗ਼ਜ਼ਲਾਂ ਭੇਜ ਦਿੱਤੀਆਂ ਹਨ। ਵੇਖ ਲੈਣਾ...." ਉਸ ਲਈ 'ਵਰਿਆਮ' ਦਾ ਸੰਪਾਦਕ ਮੈਂ ਹੀ ਸਾਂ।

ਬਤੌਰ ਸੰਪਾਦਕ ਇਕ ਸਿਰੜੀ ਯੋਧੇ ਵਾਂਗ 'ਨੰਗੇ ਧੜ' ਬਿਨਾਂ ਕੋਈ ਵਿਸ਼ੇਸ਼ ਆਰਥਿਕ ਸਹਾਇਤਾ ਮਿਲਣ ਤੇ ਪੰਜਾਬੀ ਮਾਸਿਕ ਪੱਤਰ ਚਲਾਉਣਾ ਤੇ ਲਗਾਤਾਰ ਚਲਾਈ ਰੱਖਣਾ ਜਗਦੀਸ਼ ਸਿੰਘ ਦੀ ਵਰਿਆਮਗੀ ਹੀ ਹੈ। ਇਕ ਸ਼ਾਂਤ ਭਰ ਵਗਦੇ ਦਰਿਆ ਵਾਂਗ ਹੈ ਜਗਦੀਸ਼ ਸਿੰਘ। ਨਾ ਕੰਢਿਆਂ ਤੋਂ ਬਾਹਰ ਉਛਲਦਾ ਹੈ ਤੇ ਨਾਊਣਾ ਹੋ ਕੇ ਵਗਦਾ ਹੈ। ਸ਼ਿਕਵੇ-ਸ਼ਿਕਾਇਤਾਂ, ਗਿਲੇ ਗੁਜ਼ਾਰੀਆਂ ਕਰਨਾ ਊਣੇ ਬੰਦਿਆਂ ਦੇ ਹਿੱਸੇ ਆਉਂਦਾ ਹਨ। ਜਗਦੀਸ਼ ਸਿੰਘ 'ਸਹਿ' ਸਕਦਾ ਹੈ ਪਰ 'ਕਹਿੰਦਾ' ਕੁਝ ਨਹੀਂ ਮੰਦ ਮੁੰਦ ਮੁਸਕਰਾਉਂਦਾ ਹੋਇਆ ਉਹ ਹਰ ਵਿਰੋਧ ਜਾਂ ਨਰਾਜਗੀ ਪੀ ਜਾਂਦਾ ਹੈ। ਭਲੇ ਵੇਲਿਆਂ ਦੀ ਉਡੀਕ ਕਰਨਾ ਕੋਈ ਉਸ ਤੋਂ ਸਿੱਖੇ। ਇਹ ਸਿੱਖ ਮੱਤ ਉਹਦੇ ਕੋਲ ਹੋਣ ਕਰਕੇ ਉਹ ਮਾੜੇ ਦਿਨਾਂ ਨੂੰ ਵੀ ਭਲੇ ਦਿਨਾਂ ਵਾਂਗ ਲੈਣਾ ਸਿੱਖ ਗਿਆ ਹੈ।

ਜਿਵੇਂ ਉਹਦੀ ਸ਼ਖ਼ਸੀਅਤ ਵਿਚ ਸਹਿਜ ਅਤੇ ਸੰਤੁਲਨ ਹੈ ਇੰਜ ਹੀ ਉਹਦੇ ਪਰਚੇ ਦੀ ਸ਼ਖ਼ਸੀਅਤ ਹੈ। ਉਹ ਨਾਮਧਾਰੀ ਜੀਵਨ ਜਾਚ ਤੇ ਇਤਿਹਾਸ ਦੇ ਨਾਲ ਨਾਲ ਪੰਜਾਬੀ ਸਾਹਿਤ ਵਿਚ ਇਕ ਸੰਤੁਲਨ ਬਣਾ ਕੇ ਰੱਖਦਾ ਹੈ। ਨਾਮਧਾਰੀ ਭਾਈਚਾਰੇ ਨੂੰ ਸਾਹਿਤ ਪੜ੍ਹਣ ਦੀ ਆਦਤ ਪਾ ਰਿਹਾ ਹੈ ਤੇ ਸਾਹਿਤਕਾਰਾਂ ਨੂੰ ਨਾਮਧਾਰੀ ਜੀਵਨ ਜਾਚ ਦੇ ਨੇੜੇ ਕਰਨ ਦਾ ਉਦਮ ਤੇ ਉਪਰਾਲਾ ਕਰ ਰਿਹਾ ਹੈ। ਮੈਂ ਮੰਨਦਾ ਹਾਂ ਕਿ ਮੈਂ ਜਗਦੀਸ਼ ਸਿੰਘ ਤੇ ਉਸਦੇ ਪਰਚੇ ਰਾਹੀਂ ਹੀ ਨਾਮਧਾਰੀ ਇਤਿਹਾਸ ਤੇ ਜੀਵਨ-ਜਾਚ ਤੋਂ ਵਾਕਫ ਹੋਇਆ ਹਾਂ। ਸਤਿਗੁਰੂ ਜਗਜੀਤ ਸਿੰਘ ਦੇ ਦਰਸ਼ਨ ਕਰ ਸਕਿਆ ਹਾਂ ਤੇ ਉਹਨਾਂ ਦੀ ਸਤਰੰਗੀ ਸ਼ਖਸੀਅਤ ਦੀ ਮਹਿਕ ਮਾਣ ਸਕਿਆ ਹਾਂ। ਮੇਰੇ ਵਾਂਗ ਹੋਰ ਅਨੇਕਾਂ ਅਜਿਹੇ ਵੱਡਭਾਗੇ ਹੋਣਗੇ ਜਿਨ੍ਹਾਂ ਦਾ ਵਿਚੋਲਾ ਜਗਦੀਸ਼ ਸਿੰਘ ਬਣਿਆ ਹੋਵੇਗਾ।

ਮੈਂ ਜਗਦੀਸ਼ ਸਿੰਘ ਵਿਚ ਇਕ ਬਹੁਤ ਹੀ ਜਾਨਦਾਰ ਵਾਰਤਾਕਾਰ ਲੁਕਿਆ ਦੇਖਿਆ ਹੈ। ਜੇ ਉਹ ਥੋੜ੍ਹਾ ਜਿਹਾ ਧਿਆਨ ਕੇਂਦਰਤ ਕਰੇ ਤਾਂ ਸਾਡੇ ਵਧੀਆ ਵਾਰਤਕ ਲੇਖਕਾਂ ਵਿਚ ਉਸਦਾ ਸ਼ੁਮਾਰ ਹੋ ਸਕਦਾ ਹੈ। ਮੇਰੇ ਕਹਿਣ 'ਤੇ ਉਸਨੇ ਆਪਣੀ ਜੀਵਨੀ ਦਾ ਮੁਢਲਾ ਭਾਗ 'ਖਿਲਰੇ ਪੱਤਰੇ' ਲਿਖਿਆ ਤਾਂ ਉਸਦੀ ਪ੍ਰਤਿਭਾ ਦੇ ਅਨੋਖੇ ਦੀਦਾਰ ਹੋਏ। ਦੇਸ਼-ਵੰਡ ਤੋਂ ਬਾਦ ਹੋਏ ਤਬਾਦਲੇ ਤੇ ਮਾਰ-ਧਾੜ ਨਾਲ ਜੁੜੇ ਅਨੇਕਾਂ ਬਿਰਤਾਂਤ ਉਪਲੱਬਧ ਹਨ ਪਰ ਜਗਦੀਸ਼ ਸਿੰਘ ਦੀ ਵਾਰਤਕ ਇਹਨਾਂ ਸਭ ਤੋਂ ਅਨੋਖੀ ਵਿਲੱਖਣ ਤੇ ਮਨ ਨੂੰ ਛੂਹ ਜਾਣ ਵਾਲੀ ਹੈ। ਉਹੋ ਜਿਹੀ ਲਿਖਤ ਪੜ੍ਹਕੇ ਤਾਂ ਮੇਰਾ ਵੀ ਜੀ ਕਰਦਾ ਸੀ ਕਿ ਕਾਸ਼! ਕਿਤੇ ਇਹੋ ਜਿਹੀ ਲਿਖਤ ਮੈਂ ਲਿਖੀ ਹੁੰਦੀ। ਕਿਸੇ ਦੀ ਲਿਖਤ ਆਪਣੇ ਨਾ ਕਰਾਉਣ ਨੂੰ ਜਦੋਂ ਜੀ ਕਰਦਾ ਹੋਵੇ ਤਾਂ ਸਮਝੋ ਉਸ ਲਿਖਤ ਦਾ ਮੁੱਲ ਪੈ ਗਿਆ। ਪਰ ਇਹ ਲਿਖਤ ਇਸ ਪਏ ਮੁਲਾਂ ਤੋਂ ਵੀ ਪਾਰ ਦੀ ਹੈ ਤੇ ਇਸਨੂੰ ਪੜ੍ਹਿਆਂ ਹੀ ਬਣਦਾ ਹੈ।

ਜਗਦੀਸ਼ ਸਿੰਘ ਬਾਰੇ ਮੈਂ ਅਕਸਰ ਆਖਦਾ ਹੁੰਦਾ ਹਾਂ ਕਿ ਉਹ ਰੱਬ ਵਾਂਗ ਸਭ ਦੇ ਨੇੜੇ ਹੈ। ਹਰ ਕੋਈ ਸਮਝਦਾ ਹੈ ਕਿ ਉਹ ਹੋਰਨਾਂ ਸਭ ਨਾਲੋਂ ਉਸਦੇ ਆਪਣੇ ਵੱਧ ਨਜਦੀਕ ਹੈ। ਮੈਂ ਆਪਣੀ ਥਾਂ ਸਮਝਦਾ ਹਾਂ ਬੰਨੂਆਣਾ ਆਪਣੀ ਥਾਂ ਤੇ ਲਖਵਿੰਦਰ ਜੌਹਲ ਆਪਣੀ ਥਾਂ 'ਤੇ ਅੰਤ ਹੋਰ ਸਾਰੇ ਆਪੋ ਆਪਣੀ ਥਾਂ ਸਭ ਤੋਂ ਵੱਧ ਜਗਦੀਸ਼ ਸਿੰਘ ਨੂੰ ਆਪਣਾ ਆਖਣ ਦਾ ਦਾਅਵਾ ਕਰ ਸਕਦੇ ਹਨ। ਇਹੋ ਹੀ ਰੱਬੀ ਲੱਛਣ ਹੈ ਉਸਦਾ। ਉਹ ਸਭ ਦਾ ਹੀ ਸਭ ਤੋਂ ਪਿਆਰਾ 'ਉਸਦਾ ਆਪਣਾ' ਹੈ। ਸ਼ਾਇਦ ਇਹੋ ਹੀ ਕਾਰਨ ਹੈ ਕਿ ਉਹ ਕਿਸੇ ਦੀ ਪ੍ਰਸੰਸਾ ਤਾਂ ਕਰ ਸਕਦਾ ਹੈ ਤੇ ਉਹ ਵੀ ਰੱਜ ਕੇ ਪਰ ਨਿੰਦਾ ਚੁਗਲੀ ਕਰਨਾ ਉਸਦੇ ਸੁਭਾਅ ਦਾ ਹਿੱਸਾ ਹੀ ਨਹੀਂ।

ਆਮ ਤੌਰ ਤੇ ਧਾਰਮਿਕ ਵਿਅਕਤੀਆਂ ਨੂੰ 'ਗੁਰੂ ਵਾਲੇ' ਤੇ 'ਗੁਰੂ ਵਰਗੇ' ਬਣਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ ਤਾਂ ਕਿ ਉਹ ਆਤਮਿਕ ਸ਼ੁੱਧੀ ਦੇ ਸਿਖਰ ਨੂੰ ਪਾ ਸਕਣ। ਮੈਂ ਕਦੀ ਜਗਦੀਸ਼ ਸਿੰਘ ਬਾਰੇ ਲਿਖਿਆ ਸੀ ਕਿ ਜਗਦੀਸ਼ ਸਿੰਘ ਏਨਾ ਚੰਗਾ ਹੈ ਕਿ ਜੇ ਅਸੀਂ 'ਗੁਰੂ ਵਰਗੇ' ਨਹੀਂ ਬਣ ਸਕਦੇ ਤਾਂ ਜਗਦੀਸ਼ ਸਿੰਘ ਵਰਗੇ ਹੀ ਬਣ ਜਾਈਏ ਤਾਂ ਬਹੁਤ ਵੱਡੀ ਗੱਲ ਹੈ। ਤੇ ਇਹ ਗੱਲ ਕੋਈ ਝੂਠੀ ਤੇ ਵਧਾਈ ਚੜ੍ਹਾਈ ਵੀ ਨਹੀਂ।



Sri Satguru Jagjit Singh Ji eLibrary NamdhariElibrary@gmail.com

# ‘ਵਰਿਆਮ’-ਇਕੇਲਾ

—ਰਾਮ ਸਰੂਪ ਅਣਖੀ



‘ਵਰਿਆਮ’ ਛਪਦੇ ਨੂੰ ਪੱਚੀ ਵਰ੍ਹੇ ਹੋ ਗਏ। ਇਹ ਸ਼ੁਰੂ ਤੋਂ ਹੀ ਮੇਰੇ ਕੋਲ ਡਾਕ ਵਿਚ ਆਉਂਦਾ ਹੈ। ਮੇਰੇ ਧਿਆਨ ਵਿਚ ਨਹੀਂ ਕਿ ਇਹ ਮੈਗਜ਼ੀਨ ਕਦੇ ਪਛੜ ਕੇ ਆਇਆ ਹੋਵੇ। ਹਰ ਮਹੀਨੇ ਘਰ ਦੇ ਵਿਹੜੇ ਵਿਚ ਕਿਰੇ ਹੋਏ ਅੰਬ ਵਾਂਗ ਨਾਹ ਆ ਕੇ ਡਿਗਦਾ ਹੈ।

‘ਵਰਿਆਮ’ ਚਾਹੇ ‘ਨਾਮਧਾਰੀ’ ਮਿਸ਼ਨ ਨਾਲ ਜੁੜਿਆ ਹੋਇਆ ਪਰਚਾ ਹੈ, ਪਰ ਇਸ ਵਿਚ ਖੁੱਲਾ ਸਮਾਜਕ ਸਾਹਿਤ ਵੀ ਛਪਦਾ ਰਹਿੰਦਾ ਹੈ - ਕਹਾਣੀਆਂ, ਕਵਿੱਤਾਵਾਂ, ਗ਼ਜ਼ਲਾਂ ਤੇ ਹਾਸ-ਵਿਅੰਗ ਵੀ, ਸਾਹਿਤਕ ਸਮਾਚਾਰ ਤੇ ਸੂਚਨਾਵਾਂ ਵੀ ਹੁੰਦੀਆਂ ਹਨ। ਸਾਹਿਤਕ, ਸਮਾਜਕ ਅਤੇ ਉੱਚ ਪੱਧਰ ਦੇ ਰਾਜਨੀਤਕ ਸੰਪਾਦਕੀ ਵੀ।

ਪ੍ਰੀਤਮ ਸਿੰਘ ਕਵੀ ਨੂੰ ਮੈਂ ‘ਵਰਿਆਮ’ ਤੋਂ ਵੀ ਪਹਿਲਾਂ ਦਾ ਜਾਣਦਾ ਹਾਂ। ਉਹ ‘ਨਵਾਂ ਜ਼ਮਾਨਾ’ ਦੇ ਪ੍ਰੈਸ ਵਿਚ ਮਨੇਜਰ ਹੁੰਦੇ ਤੇ ਸਾਡੀਆਂ ਬਰਨਾਲੇ ਵਾਲਿਆ ਦੀਆਂ ਉਥੇ ਕਿਤਾਬਾਂ ਛਪਦੀਆਂ ਰਹਿੰਦੀਆਂ ਸਨ। ਇਕ ਮਾਸਟਰ ਈਸ਼ਰ ਸਿੰਘ ਹੁੰਦੇ ਉਹਨਾ ਤੋਂ ਪਹਿਲਾਂ ਤੇ ਹੁਣ ਫੇਰ ‘ਵਰਿਆਮ’ ਵਿਚ ਜਦੋਂ ਕਵੀ ਜੀ ਦਾ ‘ਸਫ਼ਰਨਾਮਾ’ (ਬੀਤੇ ਦੀਆਂ ਪੈੜਾਂ) ਪੜ੍ਹਨ ਨੂੰ ਮਿਲਦਾ ਤਾਂ ਚੰਗਾ-ਚੰਗਾ ਲਗਦਾ।

‘ਵਰਿਆਮ’ ਵਿਚ ਮੇਰੀਆਂ ਕਈ ਕਹਾਣੀਆਂ ਅਤੇ ਲੇਖ ਛਪੇ ਹਨ। ਪਰ ਰਚਨਾ ਭੇਜਣ ਵੇਲੇ ਇਹ ਸੋਚਣਾ ਪੈਂਦਾ ਸੀ ਕਿ ਇਹ ‘ਵਰਿਆਮ’ ਦੇ ਅਨੁਕੂਲ ਹੈ ਜਾਂ ਨਹੀਂ। ਇਕ ਗੱਲ ਦੀ ਤਸੱਲੀ ਬਹੁਤ ਸੀ ਕਿ ਰਚਨਾ ਛਪਕੇ ਸਾਰੇ ਸੰਸਾਰ ਵਿਚ ਪੜ੍ਹੀ ਜਾਵੇਗੀ।

ਪੰਜਾਬੀ ਵਿਚ ਹੀ ਕਿਉਂ, ਹਿੰਦੀ ਵਿਚ ਵੀ, ਅਨੇਕਾਂ ਮਾਸਕ-ਪੱਤਰ ਚੰਗੇ-ਭਲੇ ਛਪਦੇ-ਛਪਦੇ ਬੰਦ ਹੋ ਗਏ। ਚਾਹੇ ਵੱਡਾ ਕਾਰਨ ਆਰਥਿਕ ਤੰਗੀ ਹੋਵੇਗੀ, ਪਰ ਹੋਰ ਕਾਰਨ ਵੀ ਹੋ ਸਕਦੇ ਹਨ।

‘ਪੰਜ ਦਰਿਆ’, ‘ਕਵਿਤਾ’, ‘ਨੀਲਮਣੀ’, ‘ਕੌਮੀ ਏਕਤਾ’, ‘ਨਵਾਂ ਸਾਹਿਤ’ ਆਦਿ ਛਪਦੇ-ਛਪਦੇ ਸਾਡੇ ਸਾਹਮਣੇ ਬੰਦ ਹੋਏ ਅਤੇ ਹੁਣ ‘ਆਰਸੀ’ ਵੀ ਅਲੋਪ ਹੋ ਗਿਆ। ‘ਵਰਿਆਮ’ ਬੰਦ ਨਹੀਂ ਹੋਵੇਗਾ।

ਇੱਕ ਤਾਂ ਇਹ ਕਿਸੇ ਮਿਸ਼ਨ ਨਾਲ ਜੁੜਿਆ ਹੈ, ਮਿਸ਼ਨ ਦੇ ਪਾਠਕ ਇਸ ਨੂੰ ਬੰਦ ਨਹੀਂ ਹੋਣ ਦੇਣਗੇ, ਦੂਜੇ ਜਗਦੀਸ਼ ਸਿੰਘ ਜੀ ਖੁਦ ਬੜੇ ਹਿਮਤੀ, ਉਤਸ਼ਾਹੀ ਅਤੇ ਲਗਨ ਭਰਪੂਰ ਸੰਪਾਦਕ ਹਨ ਯਾਨੀ ‘ਵਰਿਆਮ’ ਹਨ। ਇਸ ਤੋਂ ਵੱਡੀ ਸ਼ਕਤੀ ਸੰਪਾਦਕ ਨੂੰ ਹੋਰ ਕੀ ਮਿਲੇਗੀ ਕਿ ਜਗਦੀਸ਼ ਸਿੰਘ ਦੇ ਨਾਂ ਨਾਲ ‘ਵਰਿਆਮ’ ਸ਼ਬਦ ਤਖੱਲੁਸ ਵਾਂਗ ਜੁੜ ਗਿਆ ਹੈ।

ਮੈਂ ‘ਵਰਿਆਮ’ ਦੀ ਪੰਜਾਹਵੀਂ ਵਰ੍ਹੇ-ਗੰਢ ਵੀ ਵੇਖਣਾ ਚਾਹੁੰਦਾ ਹਾਂ। ਇਸ ਵਿਚ ਮੇਰਾ ਆਪਣਾ ਲਾਲਚ ਵੀ ਹੈ। ਪੰਜਾਹਵੀਂ ਵਰ੍ਹੇ-ਗੰਢ ਦੇਖਣੀ ਨਸੀਬ ਹੋਈ ਤਾਂ ਮੈਂ ਸੌ ਦੇ ਨੇੜੇ ਪਹੁੰਚ ਚੁੱਕਿਆ ਹੋਵਾਂਗਾ।

ਕੱਚਾ ਕਾਲਜ ਰੋਡ,
ਬਰਨਾਲਾ



Sri Satguru Jagjit Singh Ji eLibrary NamdhariElibrary@gmail.com

# ਸੂਝਵਾਨ ਲਗਨ ਦਾ ਹਸਤਾਖਰ

—ਡਾ. ਸਤਿੰਦਰ ਸਿੰਘ

ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਮਾਸਿਕ ਪਤ੍ਰਿਕਾ 'ਵਰਿਆਮ' ਦਾ ਨਿਵੇਕਲਾ ਅਤੇ ਵਡਮੁੱਲਾ ਸਥਾਨ ਹੈ। ਵਰਿਆਮ ਦਾ ਅਜਿਹਾ ਨਿਵੇਕਲਾਪਨ ਇਸ ਲਈ ਹੈ ਕਿ ਇਹ ਆਪਣੇ ਛੋਟੇ ਜਿਹੇ ਕਲਾਵੇ ਵਿੱਚ ਬਹੁਤ ਵੱਡੀਆਂ ਸੰਭਾਵਨਾਵਾਂ ਪੇਸ਼ ਕਰਨ ਦੀ ਸਮਰਥਾ ਨਿਰੰਤਰ ਰੂਪ ਵਿਚ ਪ੍ਰਗਟਾਉਂਦਾ ਆ ਰਿਹਾ ਹੈ। ਵਰਿਆਮ ਦਾ ਕੋਈ ਵੀ ਅੰਕ ਅਜਿਹਾ ਨਹੀਂ ਹੁੰਦਾ ਜਿਸ ਵਿਚ ਧਾਰਮਿਕ, ਸਭਿਆਚਾਰਕ, ਸਾਹਿਤਕ ਆਦਿ ਸਭ ਤਰ੍ਹਾਂ ਦੀਆਂ ਰੁਚੀਆਂ ਰੱਖਣ ਵਾਲੇ ਪਾਠਕਾਂ ਲਈ ਰੋਚਕ ਅਤੇ ਜਾਣਕਾਰੀ ਭਰਪੂਰ ਸਾਮਗਰੀ ਨਾ ਹੁੰਦੀ ਹੋਵੇ। ਪਤ੍ਰਿਕਾ ਦਾ ਮਹੱਤਵ ਉਦੋਂ ਹੋਰ ਵਧ ਜਾਂਦਾ ਹੈ। ਜਦੋਂ ਇਹ ਦੇਸ਼, ਵਿਦੇਸ਼ ਦੀਆਂ ਮਹੱਤਵਪੂਰਣ ਰੁਚੀਆਂ ਸੰਮੇਲਨਾਂ ਅਤੇ ਸਾਹਿਤਕ ਇਕੱਤਰਤਾਵਾਂ ਨੂੰ ਵੀ ਬਾਖੂਬੀ ਪੇਸ਼ ਕਰਦਾ ਹੈ। 'ਵਰਿਆਮ' ਮਾਸਿਕ ਪੱਤਰ ਮੁਖ ਰੂਪ ਵਿਚ ਸਿੱਖੀ ਸਭਿਆਚਾਰ, ਸਿੱਖੀ ਵਿਰਸੇ ਅਤੇ ਨਾਮਧਾਰੀ ਲਹਿਰ ਨਾਲ ਸਬੰਧਤ ਹੈ। ਪਰ ਨਾਲ ਹੀ ਇਹ ਸਾਮਨਯ ਜੀਵਨ ਚੇਤਨਾ ਨੂੰ ਵੀ ਪੇਸ਼ ਕਰਦਾ ਹੈ। ਇਨ੍ਹਾਂ ਖੇਤਰਾਂ ਵਿੱਚ ਇਸ ਅੰਕ ਨੇ ਬੜਾ ਨਿੱਗਰ ਕੰਮ ਕੀਤਾ ਹੈ ਅਤੇ ਇਨ੍ਹਾਂ ਖੇਤਰਾਂ ਨਾਲ ਸਬੰਧਤ ਜਾਣਕਾਰੀ ਨੂੰ ਬੜੇ ਆਕਰਸ਼ਕ ਤੇ ਉੱਚ ਮਿਆਰੀ ਢੰਗ ਨਾਲ ਲੋਕਾਂ ਤੀਕ ਪਹੁੰਚਾਇਆ ਹੈ। ਮੈਂ ਸਮਝਦਾ ਹਾਂ ਕਿ ਵਰਿਆਮ ਮਾਸਿਕ ਪੱਤਰ ਨੇ ਜਿਤਨੀ ਸੰਜੀਦਗੀ ਤੇ ਖੁਸ਼ ਅਸਲੂਬੀ ਨਾਲ ਆਪਣੇ ਪੰਨਿਆਂ ਉੱਤੇ ਇਨ੍ਹਾਂ ਲੇਖਣੀਆਂ ਨੂੰ ਪੇਸ਼ ਕੀਤਾ ਅਤੇ ਇਸ ਵਿਚ ਜੋ ਨਿਰੰਤਰਤਾ ਤੇ ਦ੍ਰਿੜਤਾ ਦਰਸਾਈ ਹੈ, ਉਸ ਸਦਕਾ ਹੀ ਇਸ ਦੇ ਹਰੇਕ ਅੰਕ ਨੇ ਪੂਰਬਲੇ ਅੰਕ ਨਾਲੋਂ ਵਿਕਾਸ ਤੇ ਵਾਧਾ ਦਰਸਾਉਂਦੇ ਹੋਏ ਉਚਤਾ ਨੂੰ ਛੋਹਿਆ ਹੈ। ਦਿੱਖ, ਫੋਟੋਆਂ ਅਤੇ ਰੰਗੀਨ ਛਪਾਈ ਨੇ ਵੀ ਇਹ ਸਾਬਤ ਕਰ ਦਿੱਤਾ ਹੈ ਕਿ 'ਵਰਿਆਮ' ਮਾਸਿਕ ਪੱਤਰ ਇਨ੍ਹਾਂ ਸਾਰੇ ਪੱਖਾਂ ਵਿਚ ਵੀ ਹੈ। ਵਰਿਆਮ ਦਾ ਅਕਤੂਬਰ ੨੦੦੦ ਦਾ ਪੱਚੀਵੇਂ ਸਾਲ ਦਾ ਅੰਕ ਇਸ ਉਚੇਰੇ ਮਿਆਰ ਦਾ ਪ੍ਰਤੱਖ ਪ੍ਰਮਾਣ ਹੈ।

ਵਰਿਆਮ ਪੱਤਰ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਸ ਨੇ ਇੱਕ ਪਾਸੇ ਆਪਣੇ ਖੇਤਰ ਦੇ ਚੋਟੀ ਦੇ ਲਿਖਾਰੀਆਂ ਦੀਆਂ ਰਚਨਾਵਾਂ ਨੂੰ ਸ਼ਾਇਆ ਕੀਤਾ ਹੈ, ਤਾਂ ਦੂਜੇ ਪਾਸੇ ਪੁੰਗਰ ਰਹੇ ਨਵ-ਲੇਖਕਾਂ ਨੂੰ ਵੀ ਪੂਰੀ ਪ੍ਰੇਰਨਾ ਤੇ ਉਤਸ਼ਾਹ ਦਿੰਦੇ ਹੋਏ ਪੰਜਾਬੀ ਮਾਂ-ਬੋਲੀ ਦੀ ਭਰਵੀਂ ਸੇਵਾ ਕੀਤੀ ਹੈ। ਕੀ ਪੰਜਾਬੀ ਕੀ ਭਾਰਤੀ ਅਤੇ ਕੀ ਵਿਦੇਸੀ ਸਾਰੇ ਲੇਖਕਾਂ ਦੀਆਂ ਰਚਨਾਵਾਂ ਵਰਿਆਮ ਦੇ ਅੰਕਾਂ ਵਿਚ ਪੂਰੀ ਪ੍ਰਤਿਨਿਧਤਾ ਪਾਉਂਦੀਆਂ ਚਲੀਆਂ ਆ ਰਹੀਆਂ ਹਨ। ਮੈਨੂੰ ਹੈਰਾਨੀ ਹੈ ਕਿ ਇੰਨੇ ਥੋੜੇ ਮੁੱਲ (ਦਸ ਰੁਪਏ) ਵਿਚ ਵਰਿਆਮ ਦਾ ਅੰਕ ਆਪਣੀ ਥੋੜੀ ਕੀਮਤ ਨਾਲ ਖਰਚੇ ਤੇ ਵਿਤੀ ਲੋੜਾਂ ਨੂੰ ਕਿਸ ਤਰ੍ਹਾਂ ਪੂਰਿਆਂ ਕਰਦਾ ਹੋਵੇਗਾ। ਨਿਸਚੇ ਹੀ ਇਹ ਇਸ ਮਾਸਿਕ ਪੱਤਰ ਦੇ ਅਣਥੱਕ ਜਰਨੈਲ ਅਤੇ ਸੂਝਵਾਨ ਸੰਪਾਦਕ ਸ. ਜਗਦੀਸ਼ ਸਿੰਘ ਵਰਿਆਮ ਦਾ ਹੀ ਉਦਮ ਹੈ ਅਤੇ ਉਨ੍ਹਾਂ ਉਪਰ ਸਤਿਗੁਰਾਂ ਦੀ ਬਖਸ਼ਿਸ਼ ਸਦਕਾ ਹੀ ਅਜਿਹਾ ਹੋਣਾ ਸੰਭਵ ਹੋ ਰਿਹਾ ਹੈ। ਮੈਨੂੰ ਯਕੀਨ ਹੈ ਕਿ ਜਗਦੀਸ਼ ਸਿੰਘ ਵਰਿਆਮ ਜਿਤਨੀ ਕਰੜੀ ਘਾਲਣਾ ਤੇ ਸੂਝ ਬੂਝ ਨਾਲ ਇਹ ਪਰਚਾ ਨਿਕਾਲ ਰਹੇ ਹਨ। ਉਹ ਛੇਤੀ ਹੀ ਵਿੱਤੀ ਤੰਗੀਆਂ ਵਿਚੋਂ ਵੀ ਉਪਰ ਉਭਰ ਆਉਣਗੇ। ਇਸ ਕੰਮ ਲਈ ਨਿਸਚੇ ਹੀ ਪੰਜਾਬੀ ਜਗਤ ਦੇ ਪਾਠਕਾਂ ਦਾ ਵੀ ਬਹੁਤ ਜ਼ਰੂਰੀ ਰੋਲ ਤੇ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੱਡੀ ਗਿਣਤੀ ਵਿਚ ਇਸਦੇ ਮੈਂਬਰ ਜਾਂ ਜੀਵਨ ਮੈਂਬਰ ਬਣਨਾ। ਬਦੇਸ਼ਾਂ ਵਿਚ ਬੈਠੇ ਹੋਏ ਪਾਠਕਾਂ ਨੂੰ ਵੀ ਜ਼ਿਆਦਾ ਗਿਣਤੀ ਵਿਚ ਮੈਂਬਰਸ਼ਿਪ ਲੈਣੀ ਚਾਹੀਦੀ ਹੈ। ਕਿਉਂਕਿ ਵਰਿਆਮ ਵਿਚ ਪ੍ਰਕਾਸ਼ਿਤ ਹੋ ਰਹੀ ਸਾਮਗਰੀ ਸਾਰਿਆਂ ਲਈ ਮੁਲਵਾਨ ਤੇ ਸਾਰਥਕ ਸੇਧ ਭਰਪੂਰ ਹੈ।

ਇਹ ਸ੍ਰ. ਜਗਦੀਸ਼ ਸਿੰਘ ਵਰਿਆਮ ਦੀ ਨੇਕ ਦਿਲੀ ਅਤੇ ਸੁਦ੍ਰਿੜ ਲਗਨ ਦਾ ਹੀ ਪ੍ਰਮਾਣ ਹੈ, ਉਨ੍ਹਾਂ ਦੀ ਆਪਣੀ ਸ਼ਖਸੀਅਤ ਅਤੇ ਵਰਿਆਮ ਮਾਸਕ ਪੱਤਰ ਇਕਮਿਕ ਹੋ ਚੁੱਕੇ ਹਨ। ਮੈਂ ਉਨ੍ਹਾਂ ਨੂੰ ਵਰਿਆਮ ਮਾਸਕ ਪੱਤਰ ਦੇ ਸਿਲਵਰ ਜੁਬਲੀ ਦੀ ਪ੍ਰਾਪਤੀ ਦੀ ਵਧਾਈ ਦੇਣ ਵਿਚ ਹਾਰਦਿਕ ਖੁਸ਼ੀ ਮਹਿਸੂਸ ਕਰਦਾ ਹਾਂ।

ਪੰਜਾਬੀ ਪਿਆਰਿਆਂ ਵਲੋਂ ਵਰਿਆਮ ਨੂੰ ਭਰਵੇਂ-ਹੁੰਗਾਰੇ ਦੀ ਅਪੀਲ ਕਰਦਾ ਹੋਇਆ।

**ਸ਼ੁਭ ਚਿੰਤਕ**

**ਪ੍ਰੋਫੈਸਰ ਤੇ ਮੁਖੀ,**
**ਨਾਮਧਾਰੀ ਗੁਰੂ ਰਾਮ ਸਿੰਘ ਚੇਅਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**



Sri Satguru Jagjit Singh Ji eLibrary NamdhariElibrary@gmail.com

# 'ਵਰਿਆਮ ਸਿਲਵਰ ਜੁਬਲੀ' : ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ

—ਡਾ. ਕਰਨੈਲ ਸਿੰਘ ਥਿੰਦ



ਇੱਕੀਵੀਂ ਸਦੀ ਦੇ ਪ੍ਰਵੇਸ਼ ਦੇ ਨਾਲ ਹੀ ਵਰਿਆਮ ਵੀ ਇਕ-ਚੌਥਾਈ ਸਦੀ ਦਾ ਸਫਰ ਮੁਕੰਮਲ ਕਰਕੇ ਆਪਣੀ ਹੋਂਦ ਦੇ ਨਵੇਂ ਦੌਰ ਵਿਚ ਦਾਖਲ ਹੋ ਚੁਕਾ ਹੈ। ਪੰਜਾਬੀ ਵਿਚ ਮਾਸਿਕ ਪੱਤਰ ਕੱਢਣਾ ਅਤੇ ਫਿਰ ਉਸ ਨੂੰ ਲਗਾਤਾਰ ੨੫ ਸਾਲਾਂ ਲਈ ਜਾਰੀ ਰਖਣਾ ਕੋਈ ਸਹਿਲ ਕਾਰਜ ਨਹੀਂ ਹੈ। ਇਸ ਦੌਰਾਨ ਵਰਿਆਮ ਦੇ ਕਈ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਹੋਏ ਹਨ ਅਤੇ ਪਾਠਕਾਂ ਦਾ ਘੇਰਾ ਵੀ ਵਿਸ਼ਾਲ ਹੋਇਆ ਹੈ। ਇਸ ਪ੍ਰਾਪਤੀ ਤੇ ਜਗਦੀਸ਼ ਸਿੰਘ ਵਰਿਆਮ ਸਾਡੀ ਮੁਬਾਰਕ ਦਾ ਹੱਕਦਾਰ ਹੈ। ਉਸਨੇ ਇਕਸਾਰ ਲਗਨ, ਮਿਹਨਤ ਤੇ ਹਿੰਮਤ ਨਾਲ ਪਰਚੇ ਨੂੰ ਪਾਠਕਾਂ ਨਾਲ ਜੋੜੀ ਰਖਿਆ ਹੈ। ਉਹ ਤਨੋ-ਮਨੋ ਪੰਜਾਬੀ ਬੋਲੀ, ਸਾਹਿਤ, ਸਭਿਆਚਾਰ ਤੇ ਪੱਤਰਕਾਰੀ ਦੀ ਸੇਵਾ ਵਿਚ ਜੁੱਟਿਆ ਰਿਹਾ ਹੈ।

ਪੰਝੀ ਵਰ੍ਹੇ ਪੂਰੇ ਹੋਣ ਤੇ ਭਾਵੇਂ ਵਰਿਆਮ ਦੇ ਸਿਲਵਰ ਜੁਬਲੀ ਸਮਾਰੋਹਾਂ ਦੀ ਲੜੀ ਜਾਰੀ ਹੈ, ਪਰ ਨਾਲ ਹੀ ਜਗਦੀਸ਼ ਸਿੰਘ ਵਰਿਆਮ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪਵੇਗਾ। ਪੰਜਾਬੀ ਵਿਚ ਨਿਰੋਲ ਸਾਹਿਤਕ ਪਰਚਿਆਂ ਦੀ ਘਾਟ ਹੈ। ਵ[illegible]ਆਮ ਦਾ ਸਾਹਿਤਕ ਪੱਧਰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਚੰਗੇ ਲੇਖਕਾਂ ਦਾ ਸਹਿਯੋਗ ਜ਼ਰੂਰੀ ਹੈ, ਤਾਂ ਜੋ ਉਨ੍ਹਾਂ [illegible]ਆਂ ਰਚਨਾਵਾਂ ਦੁਆਰਾ ਪਰਚੇ ਦਾ ਮਿਆਰ ਕਾਇਮ ਰਖਿਆ ਜਾ ਸਕੇ। ਇਕ ਸਮਾਂ ਸੀ 'ਖਾਲਸਾ ਸਮਾਚਾਰ' ਦੇ ਸ਼ਰਧਾਲੂ ਤੇ ਪ੍ਰਸੰਸਕ ਹਰ ਨਵੇਂ ਪਰਚੇ ਦੀ ਬੜੀ ਬੇਤਾਬੀ ਨਾਲ ਉਡੀਕ ਕਰਦੇ ਸਨ। ਪ੍ਰੀਤਲੜੀ ਦੇ ਪਾਠਕ ਇੰਜ ਇੰਤਜ਼ਾਰ ਕਰਦੇ ਸਨ, ਜਿਵੇਂ ਮਹਿਬੂਬ ਨੇ ਦਰਸ਼ਨ ਦੇਣੇ ਹੋਣ। ਜਗਦੀਸ਼ ਸਿੰਘ ਦੇ ਨਾਂ ਨਾਲ ਵਰਿਆਮ ਉਸੇ ਪ੍ਰਕਾਰ ਜੁੜ ਗਿਆ ਹੈ, ਜਿਵੇਂ ਗੁਰਬਖਸ਼ ਦੇ ਨਾਂ ਨਾਲ ਪ੍ਰੀਤਲੜੀ। ਪਰ ਵਰਿਆਮ ਨੇ ਫਿਲਹਾਲ ਹੋਰ ਹਰਮਨ-ਪਿਆਰਾ ਹੋਣਾ ਹੈ ਤਾਂ ਜੋ ਸੱਚਮੁੱਚ ਹੀ ਉਹ ਪਾਠਕਾਂ ਦਾ ਮਹਿਬੂਬ ਬਣ ਸਕੇ।

ਪੰਜਾਬੀ ਵਿਚ ਕੋਈ ਵੀ ਸਾਹਿਤਕ ਪਰਚਾ ਮਹਿਜ਼ ਮੈਂਬਰਾਂ ਦੇ ਚੰਦੇ ਉਪਰ ਨਿਰਭਰ ਨਹੀਂ ਕਰ ਸਕਦਾ। ਭਾਵੇਂ ਜਗਦੀਸ਼ ਸਿੰਘ ਨਾਮਧਾਰੀ ਤੋਂ ਜਗਦੀਸ਼ ਸਿੰਘ ਵਰਿਆਮ ਬਣ ਗਿਆ ਹੈ, ਉਸ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਸੀਸ ਅਤੇ ਨਾਮਧਾਰੀ ਸੰਪ੍ਰਦਾਇ ਦਾ ਸਹਿਯੋਗ ਵੀ ਪ੍ਰਾਪਤ ਹੈ, ਪਰ ਵਰਿਆਮ ਨੂੰ ਪੰਜਾਬੀ ਦੇ ਮਾਸਿਕ ਪੱਤਰਾਂ ਵਿਚ ਮਾਡਲ ਪਰਚਾ ਬਣਾਉਣ ਲਈ ਅਜਿਹੇ ਧੜੱਲੇਦਾਰ ਸੰਪਾਦਕ ਦਾ ਰੋਲ ਅਦਾ ਕਰਨਾ ਹੋਵੇਗਾ ਜਿਹੜਾ ਗ਼ਲਤ ਰਾਜਸੀ ਨੀਤੀਆਂ ਅਤੇ ਸਮਾਜੱਕ ਬੇ-ਨਿਯਮੀਆਂ ਵਿਰੁਧ ਜਹਾਦ ਕਰ ਸਕੇ।

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਜਗਦੀਸ਼ ਸਿੰਘ ਨੇ ਵਰਿਆਮ ਦਾ ਇਕ ਹੋਰ ਵਿਸ਼ੇਸ਼ ਅੰਕ ਛਾਪਣ ਦੀ ਯੋਜਨਾ ਬਣਾਈ ਹੈ। ਇਸ ਮੌਕੇ ਤੇ ਆਪਣੀਆਂ ਹਾਰਦਿਕ ਸ਼ੁਭ-ਇਛਾਵਾਂ ਭੇਜਦਾ ਹੋਇਆ ਮੈਂ ਆਸ ਕਰਦਾ ਹਾਂ ਕਿ ਜਗਦੀਸ਼ ਸਿੰਘ ਜਲਦ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਬਾਰੇ ਵਰਿਆਮ ਦਾ ਖਾਸ ਨੰਬਰ ਕੱਢਣਗੇ, ਜਿਸ ਵਿਚ ਹੋਰ ਪੱਖਾਂ ਤੋਂ ਛੁੱਟ ਇਹ ਜਾਇਜ਼ਾ ਵੀ ਲਾਇਆ ਜਾਏਗਾ ਕਿ ਪੰਜਾਬ ਸਰਕਾਰ ਹੁਣ ਤਕ ਪੰਜਾਬ ਵਿਚ ਨਾ ਤਾਂ ਕੋਈ ਠੋਸ ਭਾਸ਼ਾ-ਨੀਤੀ ਅਤੇ ਨਾ ਹੀ ਨਿੱਗਰ ਸਿੱਖਿਆ ਨੀਤੀ ਨਿਰਧਾਰਤ ਕਰ ਸਕੀ ਹੈ, ਜਿਸ ਕਾਰਣ ਪੰਜਾਬੀ ਪਹਿਚਾਣ ਅਤੇ ਪੰਜਾਬੀ ਰਹਿਤਲ ਨੂੰ ਬਹੁਤ ਹਾਨੀ ਹੋਈ ਹੈ।

ਸਾਬਕਾ ਰਜਿਸਟਰਾਰ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ



Sri Satguru Jagjit Singh Ji eLibrary NamdhariElibrary@gmail.com

# ਮਾਸਿਕ ਪੱਤਰ ਵਰਿਆਮ ਦੀ ਸੁਨਹਿਰੀ ਯਾਤਰਾ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਇਕ ਅਜਿਹੇ ਮਾਸਿਕ ਪੱਤਰ 'ਵਰਿਆਮ' ਦਾ ਬੀਜ ਬੀਜਿਆ ਗਿਆ ਜੋ ਹੁਣ ਬਹੁਤ ਵੱਡੇ ਮੌਲਦੇ ਬ੍ਰਿਛ ਸਮਾਨ ਪੁਸ਼ਪਾਂ ਦੀ ਸੁਗੰਧੀ ਦੇ ਬਸੰਤ ਰੁੱਤੀਂ ਖੇੜੇ ਨੂੰ ਚਾਰ ਚੁਫੇਰੇ ਪਸਾਰ ਰਿਹਾ ਹੈ। ਇਹ ਨਾਮਧਾਰੀ ਪੰਥ ਦਾ ਪ੍ਰਵਕਤਾ ਵੀ ਹੈ ਅਤੇ ਉੱਚ-ਕੋਟੀ ਦੀ ਸਾਹਿਤਕ ਪੱਤ੍ਰਿਕਾ ਵੀ। ਇਸ ਦੇ ਮੁੱਖ ਸੰਪਾਦਕ ਤੇ ਸੰਚਾਲਕ ਸ. ਜਗਦੀਸ਼ ਸਿੰਘ ਦੀ ਸੁਯੋਗਤਾ ਅਤੇ ਪ੍ਰਬੀਨ ਤੇ ਸੰਤੁਲਿਤ ਦ੍ਰਿਸ਼ਟੀਕੋਨ ਸਦਕਾ ਇਸ ਨੇ ਜਿੱਥੇ ਨਾਮਧਾਰੀ ਪੰਥ ਦੀ ਵੱਡਮੁੱਲੀ ਸੇਵਾ ਕੀਤੀ ਹੈ, ਉੱਥੇ ਸਾਹਿਤਕ ਪੱਖ ਤੋਂ ਵੀ ਇਸ ਵਿਚ ਉੱਚ-ਕੋਟੀ ਦੇ ਲੇਖਕਾਂ ਦੀਆਂ ਸਰਵੋਤਮ ਤੇ ਖੋਜ ਭਰਪੂਰ ਰਚਨਾਵਾਂ ਨਿਰੰਤਰ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਵਰਿਆਮ ਦੇ ਵਿਸ਼ੇਸ਼ ਅੰਕਾਂ ਨੇ ਤਾਂ ਸਦਾ ਹੀ ਹਰ ਖੇਤਰ ਦੇ ਪਾਠਕਾਂ ਦਾ ਮਨ ਮੱਲੀ ਰੱਖਿਆ ਹੈ ਅਤੇ ਉਹ ਬੜੀ ਤਾਂਘ ਨਾਲ ਇਸ ਦੇ ਅਗਲੇ ਅੰਕ ਦੀ ਉਡੀਕ ਕਰਦੇ ਰਹਿੰਦੇ ਹਨ। ਮੇਰੀਆਂ ਸ਼ੁਭ ਕਾਮਨਾਵਾਂ ਇਸ ਦੇ ਸੰਪਾਦਕ ਸ. ਜਗਦੀਸ਼ ਸਿੰਘ ਦੇ ਨਾਲ ਹਨ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਉੱਤੇ ਅਰਦਾਸ ਬੇਨਤੀ ਹੈ ਕਿ ਭਵਿੱਖ ਵਿਚ ਇਸ ਪੱਤਰ ਦਾ ਨਾਮ ਹੋਰ ਵੀ ਰੋਸ਼ਨ ਹੋਵੇ ਅਤੇ ਇਹ ਧਰਮੰਧਤਾ ਤੇ ਭਰਮ-ਅਗਿਆਨ ਦੇ ਅੰਧਕਾਰ ਨੂੰ ਮੇਟਦਾ ਹੋਇਆ ਸਚਿਆਰਤਾ ਦੀ ਜੋਤ ਨੂੰ ਸਦਾ ਜਗਾਈ ਰੱਖੇ।

ਕਿਰਪਾਲ ਸਿੰਘ ਕਸੇਲ
ਪਟਿਆਲਾ

# ਵਡਮੁੱਲਾ ਇਤਿਹਾਸਕ ਯੋਗਦਾਨ

ਮੇਰੇ ਪਿਆਰੇ ਜਗਦੀਸ਼ ਸਿੰਘ ਜੀ

ਇਹ ਜਾਣਕੇ ਬੜੀ ਖੁਸ਼ੀ ਹੋਈ ਹੈ ਕਿ ਮਾਸਿਕ "ਵਰਿਆਮ" ਆਪਣੀ ਮਹੱਤਵਪੂਰਨ ਤੇ ਕਲਿਆਣਕਾਰੀ ਯਾਤਰਾ ਦੀ ਸਿਲਵਰ ਜੁਬਲੀ ਮਨਾ ਰਿਹਾ ਹੈ ਅਤੇ ਤੁਸੀਂ ਇਸ ਮੌਕੇ ਇਕ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰ ਰਹੇ ਹੋ।

ਕਿਸੇ ਵੀ ਪਰਚੇ ਦਾ ਨਿਰੰਤਰ ਪੰਝੀ ਸਾਲ ਤੱਕ ਪ੍ਰਕਾਸ਼ਤ ਹੁੰਦੇ ਰਹਿਣਾ ਉਸਦੇ ਹਰਮਨ ਪਿਆਰੇ ਹੋਣ ਦਾ ਸਬੂਤ ਤਾਂ ਹੈ ਹੀ, ਨਾਲ ਹੀ ਸੰਪਾਦਕ ਦੀ ਸਿਰੜ ਅਤੇ ਲਗਨਭਰੀ ਮਿਹਨਤ ਦਾ ਪ੍ਰਮਾਣ ਵੀ ਹੈ। ਖਾਸ ਕਰ ਉਦੋਂ ਜਦੋਂ ਅੱਜ ਦੇ ਰਸਾਤਲ ਵੱਲ ਜਾ ਰਹੇ ਸਮਾਜ ਵਿਚ ਪਰਚਾ ਨਰੋਈਆਂ ਤੇ ਸਿਹਤਮੰਦ ਕਦਰਾਂ ਕੀਮਤਾਂ ਦਾ ਝੰਡਾ-ਬਰਦਾਰ ਹੋਵੇ।

ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਉੱਨਤੀ ਵਿਚ ਅਤੇ ਪੰਜਾਬੀ ਭਾਈਚਾਰੇ ਨੂੰ ਮਨੁੱਖ-ਹਿਤੈਸ਼ੀ ਸੇਧ ਦੇਣ ਵਿਚ "ਵਰਿਆਮ" ਦਾ ਯੋਗਦਾਨ ਵਡਮੁੱਲਾ ਤੇ ਇਤਿਹਾਸਕ ਹੈ। ਮੇਰੀ ਦਿਲੀ ਕਾਮਨਾ ਹੀ ਨਹੀਂ ਆਸ ਵੀ ਹੈ ਕਿ ਆਉਂਦੇ ਸਮੇਂ ਵਿਚ "ਵਰਿਆਮ" ਇਸ ਪਾਸੇ ਵੱਲ ਹੋਰ ਵੀ ਵਧੇਰੇ ਉੱਦਮ ਤੇ ਉਪਰਾਲੇ ਕਰੇਗਾ। ਮੇਰੀਆਂ ਸ਼ੁਭਕਾਮਨਾਵਾਂ ਸਦਾ ਤੁਹਾਡੇ ਨਾਲ ਹਨ।

ਪ੍ਰੀਤਮ ਸਿੰਘ
ਨਵਯੁਗ ਪਬਲਿਸ਼ਰਜ਼ ਦਿੱਲੀ



Sri Satguru Jagjit Singh Ji eLibrary NamdhariElibrary@gmail.com

# ਇਸ ਸਦੀ ਦੀ ਸਭ ਤੋਂ ਵੱਡੀ ਖ਼ਬਰ

—ਅਮਰ ਭਾਰਤੀ



ਇਸ ਸਦੀ ਦੀ ਸਭ ਤੋਂ ਵਡੀ ਖ਼ਬਰ ਇਹ ਹੈ ਕਿ 'ਵਰਿਆਮ' ਪੰਝੀ ਸਾਲ ਦਾ ਹੋ ਗਿਆ ਹੈ, ਸਹੀ ਸਲਾਮਤ ਹੈ, ਚੜ੍ਹਦੀ ਕਲਾ ਵਿਚ ਹੈ ਤੇ ਦਿਨੋ-ਦਿਨ ਆਪਣਾ ਰੂਪ ਰੰਗ ਨਿਖਾਰ ਕੇ ਹਰਮਨ ਪਿਆਰਾ ਹੋ ਰਿਹਾ ਹੈ।

ਏਸ ਜਗਤ ਵਿਚ ਹਰ ਵਿਅਕਤੀ, ਹਰ ਪਰਿਵਾਰ, ਹਰ ਸੰਸਥਾ, ਹਰ ਪੰਥ, ਹਰ ਪਿੰਡ, ਹਰ ਸ਼ਹਿਰ, ਹਰ ਦੇਸ਼ ਤੇ ਦੇਸ਼ਾਂ ਦਾ ਹਰ ਸਮੂਹ ਆਪਣੇ ਆਪ ਬਾਰੇ ਇਸ ਕੁਦਰਤੀ ਧਾਰਨਾ ਨੂੰ ਸੰਜੋ ਕੇ ਵਿਚਰਦਾ ਹੈ ਕਿ ਉਸ ਦੀ ਹੋਂਦ ਬਹੁਤ ਮਹੱਤਵ ਪੂਰਨ ਹੈ। ਉਸ ਤੋਂ ਬਿਨਾ ਜਗਤ ਮਹੱਤਵ ਹੀਣ ਹੈ।

ਇਸ ਦ੍ਰਿਸ਼ਟੀ ਤੋਂ ਵੇਖਿਆਂ ਇਹ ਖ਼ਬਰ ਅਰਥ ਭਰਪੂਰ ਹੈ ਕਿ ਵਰਿਆਮ ਪੰਝੀ ਸਾਲ ਤੋਂ ਲਗਾਤਾਰ ਛਪਦਾ ਆ ਰਿਹਾ ਹੈ। ਇਸ ਦੇ ਲੇਖਕਾਂ ਤੇ ਪਾਠਕਾਂ ਦੀ ਜਮਾਤ ਵਿਚ ਵਾਧਾ ਹੋ ਰਿਹਾ ਹੈ।

ਏਸੇ ਤਰ੍ਹਾਂ, ਵਰਿਆਮ ਦੇ ਕਰਤਾ-ਧਰਤਾ ਜਗਦੀਸ਼ ਸਿੰਘ ਜੀ ਵੀ ਆਪਣੀ ਗਹਿਰ ਗੰਭੀਰ ਚਾਲੇ ਚਲਦੇ, ਵਰਿਆਮ ਦੇ ਸੰਪਾਦਕੀ ਲਿਖਦੇ, ਵਰਿਆਮ ਦੀ ਮਦਦ ਲਈ ਅਪੀਲਾਂ ਕਰਦੇ ਟਿਕਟਾਂ ਲਗਾ-ਲਗਵਾ ਕੇ ਇਸ ਨੂੰ ਡਾਕੇ ਪਾਉਂਦੇ ਦਿੱਸ ਰਹੇ ਨੇ।

'ਵਰਿਆਮ' ਨੇ ਪੰਝੀ ਸਾਲਾਂ ਤੋਂ ਦੋਹਰੀ ਜ਼ਿਮੇਵਾਰੀ ਨਿਭਾਈ ਹੈ। ਪਹਿਲੀ ਇਹ ਕਿ ਇਸ ਨੇ ਜਗਦੀਸ਼ ਸਿੰਘ ਜੀ ਦੇ ਇਸ ਸ਼ੌਕ ਨੂੰ ਬਲਵਾਨ ਕੀਤਾ ਹੈ ਕਿ ਉਹ ਇਕ ਚੰਗੇ ਮਾਸਿਕ ਪੱਤਰ ਦੇ ਸੰਪਾਦਕ ਬਣਨ। ਦੂਜੀ ਜ਼ਿੰਮੇਵਾਰੀ ਇਹ ਕਿ ਉਹ ਪ੍ਰਬੁੱਧ ਨਾਮਧਾਰੀ ਸਮਾਜ ਤੇ ਨਾਮਧਾਰੀ ਸਮਾਜ ਤੋਂ ਬਾਹਰਲੇ ਸਮਾਜਾਂ ਦੇ ਪ੍ਰਬੁੱਧ ਵਰਗ ਵਿਚਕਾਰ ਇਕ ਬੌਧਿਕ ਸਾਂਝ ਪੈਦਾ ਕਰਨ ਦਾ ਮਾਧਿਅਮ ਬਣੇ।

'ਵਰਿਆਮ' ਨੇ ਇਨ੍ਹਾਂ ਦੋਹਾਂ ਇੱਛਾਵਾਂ ਨੂੰ ਕਾਫ਼ੀ ਹੱਦ ਤਕ ਪੂਰਿਆਂ ਕੀਤਾ ਹੈ। ਬੇਸ਼ੱਕ ਜਗਦੀਸ਼ ਸਿੰਘ ਜੀ ਇਸ ਵਿਚ ਛਪਣ ਲਈ ਆਪਣੀਆਂ ਲਿਖਤਾਂ ਨੂੰ ਸੰਖੇਪ ਹੀ ਰੱਖਦੇ ਆ ਰਹੇ ਨੇ, ਫਿਰ ਵੀ ਉਨ੍ਹਾਂ ਨੇ ਜਿੰਨਾ ਲਿਖਿਆ ਹੈ ਉਹ ਉਨ੍ਹਾਂ ਦੀ ਸੋਚ ਤੇ ਦ੍ਰਿਸ਼ਟੀ ਪੱਖੋਂ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ। ਬਹੁਤ ਨਾ ਲਿਖਣ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਵਰਿਆਮ ਦੀ ਛਪਾਈ, ਕਾਗਜ਼ ਟਿਕਟਾਂ ਆਦਿ ਲਈ ਜਿੰਨੀ ਮਾਇਆ ਦੀ ਲੋੜ ਹੈ ਉਸ ਦੀ ਪ੍ਰਾਪਤੀ ਲਈ ਜਗਦੀਸ਼ ਸਿੰਘ ਜੀ ਨੂੰ ਬਹੁਤ ਸਾਰਾ ਸਮਾਂ ਤੇ ਉਰਜਾ ਖ਼ਰਚ ਕਰਨੇ ਪੈਂਦੇ ਨੇ। ਬਿਨਾ ਸਰਕਾਰੀ ਇਸ਼ਤਿਹਾਰਾਂ ਦੇ, ਵੱਡੀਆਂ ਦੇਸੀ ਕੰਪਨੀਆਂ ਤੇ ਵਦੇਸ਼ੀ ਜਾਂ ਬਹੁ ਰਾਸ਼ਟਰੀ ਕੰਪਨੀਆਂ ਦੇ ਇਸ਼ਤਿਹਾਰਾਂ ਦੀ ਆਮਦਨ ਤੋਂ ਪੰਝੀ ਸਾਲ ਤਕ ਲਗਾਤਾਰ ਇਕ ਮਾਸਿਕ ਪੱਤਰ ਚਲਾਈ ਜਾਣਾ, ਆਪਣੇ ਆਪ ਵਿਚ ਇਕ ਅਚੰਭੇ ਵਾਲੀ ਗੱਲ ਹੈ, ਜੋ ਸਾਡੇ ਸਾਹਮਣੇ ਹੋ ਰਿਹਾ ਹੈ।

ਜੇ ਜਗਦੀਸ਼ ਸਿੰਘ ਜੀ ਦੇ ਆਪਣੇ ਨਿਜੀ ਸ਼ੌਕ ਦੀ ਪੂਰਤੀ ਵਾਲੀ ਗੱਲ ਨੂੰ ਇਕ ਪਾਸੇ ਰੱਖ ਦੇਈਏ ਤਾਂ ਵੀ ਵਰਿਆਮ ਬਾਰੇ ਇਹ ਸੋਚ ਬਹੁਤ ਮਹੱਤਵਪੂਰਨ ਹੈ ਕਿ ਇਸ ਨੇ ਪੰਜਾਬ ਦੇ ਹੋਰ ਕਿਸੇ ਵੀ ਰਿਸਾਲੇ ਜਾਂ ਅਖ਼ਬਾਰ ਨਾਲੋਂ ਬਿਲਕੁਲ ਵਖਰੇ ਪਿਛੋਕੜ ਦੀ ਵਿਰਾਸਤ ਨੂੰ ਆਪਣੇ ਲਿਖਣ ਦੀ ਪ੍ਰੇਰਨਾ ਬਣਾਇਆ ਹੈ।

ਇਹ ਦੁਨੀਆ ਏਸੇ ਤਰ੍ਹਾਂ ਦੀ ਹੈ ਕਿ ਇਸ ਵਿਚ ਜੋ ਬਹੁਤ ਮਹੱਤਵਪੂਰਨ ਹੈ ਉਹ ਅਣਗੌਲਿਆ ਛੱਡ ਦਿੱਤਾ ਜਾਂਦਾ



Sri Satguru Jagjit Singh Ji eLibrary NamdhariElibrary@gmail.com

ਹੈ ਅਤੇ ਜੋ ਬਿਲਕੁਲ ਮਹੱਤਵ ਹੀਣ ਤੇ ਨੁਕਸਾਨ ਦੇਹ ਹੈ ਉਸ ਲਈ ਜ਼ਮੀਨ ਅਸਮਾਨ ਇਕ ਕਰ ਦਿੱਤਾ ਜਾਂਦਾ ਹੈ। ਜਿਵੇਂ ਕਿ ਆਮ ਆਦਮੀ ਦੇ ਰੈਣ ਬਸੇਰੇ ਵਾਲੀਆਂ ਝੁੱਗੀਆਂ-ਝੌਂਪੜੀਆਂ ਰੁੜ੍ਹਦੀਆਂ ਤੇ ਬਰਬਾਦ ਹੁੰਦੀਆਂ ਰਹਿੰਦੀਆਂ ਹਨ, ਪਰ ਅਮੀਰਾਂ ਲਈ ਗਗਨ ਚੁੰਬੀ ਇਮਾਰਤਾਂ ਦੀ ਉਸਾਰੀ ਜ਼ੋਰ-ਸ਼ੋਰ ਨਾਲ ਚੱਲਦੀ ਰਹਿੰਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਆਮ ਆਦਮੀ ਦੇ ਮਨ ਵਿਚ ਇਹ ਵਿਸ਼ਵਾਸ ਕਦੇ ਵੀ ਪੱਕਾ ਨਹੀਂ ਹੁੰਦਾ ਕਿ ਉਹ ਇਸੇ ਦੇਸ਼ ਦਾ ਵਾਸੀ ਹੈ ਜਾਂ ਮਾਲਿਕ ਹੈ। ਉਹ ਹਮੇਸ਼ਾ ਆਪਣੇ ਆਪ ਨੂੰ ਟੱਪਰੀ ਵਾਸੀ ਹੀ ਮੰਨਣ ਲਈ ਮਜਬੂਰ ਰਹਿੰਦਾ ਹੈ ਅਤੇ ਇਸ ਦਾ ਨਤੀਜਾ ਸਾਹਮਣੇ ਆਉਂਦਾ ਹੈ- ਦੇਸ਼ ਉਪਰ ਆਉਣ ਵਾਲੇ ਸੰਕਟਾਂ ਜਾਂ ਹੋਣ ਵਾਲੇ ਹਮਲਿਆ ਵੇਲੇ। ਜਿਸ ਆਮ ਆਦਮੀ ਨੇ ਦੇਸ਼ ਨੂੰ ਸੰਕਟ ਤੋਂ ਉਭਾਰਨਾ ਹੁੰਦਾ ਹੈ - ਉਹ ਉਦਾਸੀਨ ਰਹਿੰਦਾ ਹੈ। ਭਾਰਤ ਦੀ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਏਸੇ ਰੁਚੀ ਦਾ ਪਰਮਾਣ ਹੈ।

ਉਨੀਵੀਂ ਸਦੀ ਵਿਚ ਪੰਜਾਬ ਤੇ ਹਿੰਦੋਸਤਾਨ ਵਿਚ ਇਕ ਐਸੀ ਘਟਨਾ ਘਟੀ ਜਿਹੜੀ ਨੇੜੇ ਤੇੜੇ ਦੇ ਇਤਿਹਾਸਕ ਕਾਲ ਵਿਚ ਆਪਣੀ ਮਿਸਾਲ ਆਪ ਹੀ ਸੀ ਤੇ ਆਜ਼ਾਦੀ ਦੇ ਸੰਘਰਸ਼ਾਂ ਵਿਚ ਵਿਲੱਖਣ ਸੀ। ਇਕ ਆਮ ਜਿਹੇ ਦਿੱਸਦੇ ਸੰਤ ਸਿਪਾਹੀ ਨੇ ਸਾਰੀ ਦੁਨੀਆ ਵਿਚ ਪੱਸਰੇ ਬ੍ਰਿਟਿਸ਼ ਸਾਮਰਾਜ ਨੂੰ ਲਲਕਾਰਿਆ। ਇਹ ਉਹ ਸਾਮਰਾਜ ਸੀ ਜਿਸ ਦੇ ਭੂਗੋਲਕ ਦਾਇਰੇ ਵਿਚ ਸੂਰਜ ਨਹੀਂ ਸੀ ਡੁਬਦਾ। ਆਜ਼ਾਦੀ ਲਈ ਸੰਗ੍ਰਾਮ ਪਹਿਲਾਂ ਵੀ ਜ਼ਰੂਰ ਹੋਏ ਸਨ, ਪਰ ਉਹ ਰਾਜਿਆਂ, ਮਹਾਰਾਜਿਆ ਵੱਲੋਂ ਹੁੰਦੇ ਸਨ। ਜਿਨ੍ਹਾਂ ਦਾ ਆਪਣਾ ਰਾਜ ਖੁੱਸ ਗਿਆ ਹੁੰਦਾ ਸੀ। ਪਰ ਇਸ ਸੰਤ ਸਿਪਾਹੀ ਸਤਿਗੁਰੂ ਰਾਮ ਸਿੰਘ ਜੀ ਨੇ ਅਜ਼ਾਦੀ ਦਾ ਜੋ ਸੰਗ੍ਰਾਮ ਸ਼ੁਰੂ ਕੀਤਾ, ਉਹ ਆਮ ਜਾਂ ਸਧਾਰਨ ਕਿਰਤੀ ਕਿਸਾਨ ਵੱਲੋਂ ਬ੍ਰਿਟਿਸ਼ ਸਾਮਰਾਜ ਨੂੰ ਜੜ੍ਹੋਂ ਪੁਟ ਸੁਟਣ ਦਾ ਸੰਗ੍ਰਾਮ ਸੀ। ਪੰਜਾਬ ਦੇ ਰਾਜਿਆਂ ਮਹਾਰਾਜਿਆਂ ਤੇ ਧਾਰਮਕ ਤਖ਼ਤਾਂ ਉਪਰ ਵਿਰਾਜਮਾਨ ਅਨਸਰਾਂ ਨੇ ਇਸ ਸੰਗ੍ਰਾਮ ਦਾ ਅੰਗ੍ਰੇਜ਼ਾਂ ਨਾਲੋਂ ਵੀ ਜ਼ਿਆਦਾ ਵਿਰੋਧ ਕੀਤਾ।

ਇਸ ਸੰਗ੍ਰਾਮ ਜਾਂ ਅੰਦੋਲਨ ਨੂੰ ਕੂਕਾ ਅੰਦੋਲਨ ਦਾ ਨਾਂ ਦਿੱਤਾ ਗਿਆ। ਇਸ ਨੂੰ ਸਿਰੇ ਚਾੜ੍ਹਣ ਲਈ ਜੋ ਤਰੀਕੇ ਅਖ਼ਤਿਆਰ ਕੀਤੇ ਗਏ, ਉਹ ਵੀ ਇਤਿਹਾਸਕ ਪੱਖੋਂ ਵਿੱਲਖਣ ਸਨ। ਉਨ੍ਹਾਂ ਵਿਚ ਪ੍ਰਮੁੱਖ ਸੀ, ਬਾਈਕਾਟ ਜਾਂ ਅੰਗ੍ਰੇਜ਼ਾਂ ਨਾਲ ਅਸਹਿਯੋਗ। ਅੰਗ੍ਰੇਜ਼ਾਂ ਨਾਲ ਹਰ ਪੱਖੋਂ ਨਾਮਿਲਵਰਤਨ। ਅੰਗ੍ਰੇਜ਼ਾਂ ਦੀ ਭਾਸ਼ਾ ਅੰਗ੍ਰੇਜ਼ੀ ਦਾ ਬਾਈਕਾਟ, ਅੰਗ੍ਰੇਜ਼ਾਂ ਵਲੋਂ ਲਿਆਂਦੀ ਵਿੱਦਿਆ ਪ੍ਰਣਾਲੀ ਦਾ ਬਾਈਕਾਟ, ਅੰਗ੍ਰੇਜ਼ਾਂ ਰਾਹੀਂ ਆਉਣ ਵਾਲੀਆਂ ਵਦੇਸ਼ੀ ਵਸਤਾਂ ਦਾ ਬਾਈਕਾਟ, ਅੰਗ੍ਰੇਜ਼ੀ ਪਰਬੰਧ ਵਾਲੀ ਡਾਕ ਪ੍ਰਣਾਲੀ ਤੇ ਨਿਆਂ ਪ੍ਰਣਾਲੀ ਦਾ ਬਾਈਕਾਟ।

ਨਤੀਜੇ ਵਜੋਂ ਅੰਗ੍ਰੇਜ਼ਾਂ ਨੇ ਇਸ ਅੰਦੋਲਨ ਨੂੰ ਤੋਪਾਂ ਦੇ ਗੋਲ਼ਿਆਂ, ਫਾਂਸੀਆਂ, ਜੇਹਲਾਂ, ਨਜ਼ਰਬੰਦੀਆਂ ਤੇ ਦੇਸ਼ ਨਿਕਾਲਿਆਂ ਦੀ ਤਾਕਤ ਨਾਲ ਕੁੱਚਲ ਦਿੱਤਾ। ਜੀਵਨ ਲਈ ਮੱਹਤਵਪੂਰਨ ਆਜ਼ਾਦੀ ਦੀ ਇਸ ਲਹਿਰ ਨੂੰ ਕੁਚਲਨ ਲਈ ਅਸਰਦਾਰ ਤਬਕੇ ਨੇ ਅੰਗ੍ਰੇਜ਼ਾਂ ਦੀ ਪੂਰੀ ਮਦਦ ਕੀਤੀ ਅਤੇ ਜੀਵਨ ਲਈ ਨੁਕਸਾਨ ਦੇਹ ਗ਼ੁਲਾਮੀ ਨੂੰ ਚਾਂਈ-ਚਾਂਈ ਪਰਵਾਨ ਕੀਤਾ।

ਸੱਤ ਲੱਖ ਦੀ ਗਿਣਤੀ ਵਾਲਾ ਨਾਮਧਾਰੀ ਸਮਾਜ ਅੰਨ੍ਹੇਰੀ ਨੁੱਕਰ ਵਿਚ ਧੱਕ ਦਿੱਤਾ ਗਿਆ। ਚਾਰ ਚੁਫੇਰੇ ਅਨ੍ਹੇਰੀਆਂ ਤਾਕਤਾਂ ਦਾ ਪਹਿਰਾ ਤੇ ਵਾੜ ਖੜੀ ਕਰ ਦਿੱਤੀ ਗਈ। ਉਸ ਅਨ੍ਹੇਰੇ ਦੌਰ ਦੇ ਪੰਜਾਹ ਸਾਲਾਂ ਵਿਚ ਨਾਮਧਾਰੀ ਸਮਾਜ ਵਿਚ ਉਦਾਸੀ ਛਾ ਗਈ। ਬਹੁਤ ਸਾਰਾ ਵਿਖਰਾਵ ਹੋ ਗਿਆ। ਜਿਹੜੇ ਸਾਬਤ ਕਦਮ ਰਹੇ, ਉਨ੍ਹਾਂ ਨੇ ਕੇਵਲ ਨਾਮ ਬਾਣੀ ਦਾ ਆਸਰਾ ਤੱਕਿਆ ਤੇ ਕਿਸੇ ਤਰਾਂ, ਆਪਣੀ ਹਸਤੀ ਨੂੰ ਬਚਾਈ ਰੱਖਣ ਤਕ ਹੀ ਆਪਣੀਆਂ ਕੋਸ਼ਿਸ਼ਾਂ ਨੂੰ ਸੀਮਿਤ ਕਰ ਲਿਆ। ਪੰਜਾਹ ਸਾਲ ਬਾਅਦ ਜਦੋਂ ਨਾਮਧਾਰੀ ਸਮਾਜ ਤੋਂ ਅੰਗ੍ਰੇਜ਼ਾਂ ਨੇ ਪਾਬੰਦੀਆਂ ਚੁੱਕੀਆਂ, ਉਦੋਂ ਤਕ ਪੰਜਾਬ ਤੇ ਦੇਸ਼ ਦੀ ਹਾਲਤ ਬਿਲਕੁਲ ਬਦਲ ਚੁੱਕੀ ਸੀ। ਆਜ਼ਾਦੀ ਦੇ ਅੰਦੋਲਨ ਦੀ ਵਾਗਡੋਰ ਕਾਂਗਰਸ ਨੇ ਸੰਭਾਲ ਲਈ ਹੋਈ ਸੀ। ਉਸ ਅੰਦੋਲਨ ਨੂੰ ਅੰਦਰੋਂ ਤੋੜਨ ਲਈ ਇਹੋ ਜਿਹੀਆਂ ਸਿੱਖ, ਹਿੰਦੂ ਤੇ ਮੁਸਲਿਮ ਜਥੇਬੰਦੀਆਂ ਵਜੂਦ ਵਿਚ ਆ ਚੁੱਕੀਆਂ ਸਨ, ਜਿਨ੍ਹਾਂ ਦਾ ਕੰਮ ਸਭ ਫਿਰਕਿਆਂ ਨੂੰ ਆਪਸ ਵਿਚ ਲੜਾਉਣਾ ਸੀ ਤੇ ਕਿਸੇ ਵੀ ਬਹਾਨੇ ਬ੍ਰਿਟਿਸ਼ ਹਕੂਮਤ ਦੀ ਉਮਰ ਵਧਾਉਣਾ ਸੀ। ਸਭ ਸਰਕਾਰੀ ਧੰਦਿਆਂ



Sri Satguru Jagjit Singh Ji eLibrary NamdhariElibrary@gmail.com

ਉਪਰ ਇਹਨਾ ਹੀ ਜਥੇਬੰਦੀਆਂ ਦਾ ਕਬਜ਼ਾਂ ਸੀ। ਵਿਦਿਅਕ ਸੰਸਥਾਵਾਂ ਇਹਨਾ ਦੀ ਮਾਲਿਕੀ ਹੇਠ ਸਨ, ਧਰਮ ਦੀ ਵਿਆਖਿਆ ਇਹਨਾ ਜਥੇਬੰਦੀਆਂ ਦੇ ਵਿਦਵਾਨਾਂ ਹੱਥ ਸੀ। ਸਭਿਆਚਾਰਕ ਅਦਾਰਿਆਂ ਉਪਰ ਇਹਨਾ ਦਾ ਤਸੱਲਤ ਸੀ। ਪਰਚਾਰ ਦੇ ਸਭ ਸਾਧਨ ਇਹਨਾ ਦੀ ਸੇਵਾ ਵਿਚ ਹਾਜ਼ਰ ਸਨ।

ਕਾਮਾਗਾਟਾ ਮਾਰੂ ਵਾਲੇ ਗ਼ਦਰੀ ਸੂਬੀਰਾਂ ਦੀ ਗ਼ਦਰ ਲਹਿਰ ਇਹਨਾ ਦੇ ਸਹਿਯੋਗ ਨਾਲ ਕੁਚਲੀ ਜਾ ਚੁੱਕੀ ਸੀ। ਸ਼ਹੀਦ ਭਗਤ ਸਿੰਘ ਦੇ ਸੋਸ਼ਲਿਸਟ ਸਾਥੀਆਂ ਦੀ ਲਹਿਰ ਫਾਹੇ ਲਾਈ ਜਾ ਰਹੀ ਸੀ। ਬੱਬਰ ਅਕਾਲੀ ਮਾਰ ਮੁਕਾਏ ਜਾ ਰਹੇ ਸਨ।

ਨਾਮਧਾਰੀਆਂ ਨੇ ਪ੍ਰਕਾਸ਼ ਵਿਚ ਆਉਣ ਤੋਂ ਬਾਅਦ ਕਾਂਗਰਸ ਦਾ ਸਾਥ ਦਿੱਤਾ, ਪਰ ਲਹਿਰ ਜਾ ਸੰਗਰਾਮ ਦੀ ਸਰਗਰਮ ਪਹਿਲ ਕਦਮੀ ਕਾਂਗਰਸ ਦੇ ਹੱਥ ਵਿਚ ਰਹੀ। ਨਾਮਧਾਰੀਆਂ ਦੇ ਪਰਚਾਰ ਸਾਧਨਾਂ ਨੇ ਆਪਣੇ ਗੌਰਵਪੂਰਨ ਅੰਦੋਲਨ ਦੇ ਇਤਿਹਾਸ ਦੀ ਚਰਚਾ ਕੀਤੀ, ਉਸ ਦਾ ਗੌਰਵ ਗਾਨ ਸ਼ੁਰੂ ਕੀਤਾ ਤੇ ਜਾਂ ਫਿਰ ਆਪਣੇ ਵੱਖਰੇ ਸਰੂਪ ਦੀ, ਆਪਣੀ ਰਹਿਤ ਬਹਿਤ ਦੀ ਚਰਚਾ ਕੀਤੀ। ਵਿਚਾਰਾਂ ਦੇ ਖੇਤਰ ਵਿਚ ਨਾਮਧਾਰੀਆਂ ਨੇ ਗੁਰਮਤ ਤੇ ਗੁਰਬਾਣੀ ਦੇ ਕੇਂਦਰੀ ਤੱਤ ਦੇਹਧਾਰੀ ਸਤਿਗੁਰੂ ਦੇ ਸਿਧਾਂਤ ਨੂੰ ਪਹਿਲ ਦਿੱਤੀ। ਸਮੇਂ ਸਮੇਂ ਨਾਮਧਾਰੀ ਬੁੱਧੀਵਾਨਾਂ ਨੇ ਅਖ਼ਬਾਰਾਂ ਰਿਸਾਲੇ ਵੀ ਕੱਢੇ ਪਰ ਉਹ ਥੋੜ੍ਹਾ ਥੋੜ੍ਹਾ ਸਮਾਂ ਹੀ ਚੱਲ ਕੇ ਬੰਦ ਹੋ ਗਏ। ਹੁਣ ਤੋਂ ਪੰਝੀ ਵਰ੍ਹੇ ਪਹਿਲਾਂ ਉਹਨਾ ਅਖ਼ਬਾਰਾਂ ਤੇ ਰਿਸਾਲਿਆਂ ਦੀ ਹੀ ਲੜੀ ਵਿਚ 'ਵਰਿਆਮ' ਪ੍ਰਕਾਸ਼ ਵਿਚ ਆਇਆ। ਇਸ ਨੇ ਆਪਣੇ ਲਈ ਜੋ ਟੀਚੇ ਮਿਥੇ ਉਹ ਸਨ, ਭਾਸ਼ਾ ਸਾਹਿਤ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਨਾਮਧਾਰੀਆਂ ਦੀ ਪਛਾਣ ਦੂਜੇ ਸਮਾਜਾਂ ਤਕ ਪੁਚਾਣੀ ਅਤੇ ਦੂਜੇ ਸਮਾਜਾਂ ਦੇ ਬੁਧੀਵਾਨਾਂ ਦੀਆਂ ਸਰਗਰਮੀਆਂ ਨੂੰ ਨਾਮਧਾਰੀ ਸਮਾਜ ਦੇ ਬੁਧੀਵਾਨਾਂ ਤਕ ਪੁਚਾਣਾ। ਵਰਿਆਮ ਨੇ ਸਾਹਿਤ ਦੀਆਂ ਸਭ ਵਿਧਾਵਾਂ ਨੂੰ ਪੰਜਾਬ ਦੀਆਂ ਸਭ ਸ਼੍ਰੇਣੀਆਂ ਦੇ ਬੁਧੀਵਾਨਾਂ ਦੀਆਂ ਲਿਖਤਾਂ ਰਾਹੀਂ ਸਭ ਤਰ੍ਹਾਂ ਦੇ ਪਾਠਕਾਂ ਤਕ ਪੁਚਾਣ ਦਾ ਕੰਮ ਕੀਤਾ ਹੈ। ਇਸੇ ਤਰ੍ਹਾਂ ਨਾਮਧਾਰੀ ਸਮਾਜ ਦੀਆਂ ਸਭ ਤਰ੍ਹਾਂ ਦੀਆਂ ਵਰਤਮਾਨ ਸਰਗਰਮੀਆਂ ਨੂੰ ਹੋਰਨਾ ਸਮਾਜਾਂ ਦੇ ਦ੍ਰਿਸ਼ਟੀਗੋਚਰ ਕੀਤਾ ਹੈ। ਕਹਾਣੀ, ਕਵਿਤਾ, ਲੇਖ, ਯਾਤਰਾ ਵਿਰਤਾਂਤ ਦਰਸ਼ਨ ਸ਼ਾਸਤਰ, ਗੁਰਬਾਣੀ ਦੇ ਅਧਾਰ ਆਦਿ ਸਭ ਵਿਸ਼ੇ 'ਵਰਿਆਮ' ਦੇ ਸਫਿਆਂ ਦਾ ਸ਼ਿੰਗਾਰ ਹਨ।

ਅਧੂਰੇ ਰਹਿ ਗਏ ਸਵਰਾਜ ਤੇ ਸੁਦੇਸ਼ੀ ਦੇ ਏਜੰਡੇ ਦੀ ਪੂਰਤੀ ਲਈ ਜੋ ਕੋਸ਼ਿਸ਼ਾਂ ਵੱਖ ਵੱਖ ਰਾਜਸੀ ਤੇ ਸਮਾਜਕ ਸੰਸਥਾਵਾਂ ਵੱਲੋਂ ਹੋ ਰਹੀਆਂ ਹਨ, ਉਨ੍ਹਾਂ ਵਿਚ ਵਰਿਆਮ ਸਹਿਯੋਗੀ ਹੈ।

ਅੱਜ ਸੁਦੇਸ਼ੀ ਤੇ ਸੁਰਾਜ ਦੀ ਹਾਲਤ ਸਤਿਗੁਰੂ ਰਾਮ ਸਿੰਘ ਜੀ ਦੇ ਅੰਦੋਲਨ ਵਾਲੇ ਸਮੇਂ ਤੋਂ ਵੀ ਖਰਾਬ ਹੈ। ਉਦੋਂ ਇਕ ਈਸਟ ਇੰਡੀਆ ਕੰਪਨੀ ਹਿੰਦੋਸਤਾਨ ਦੀ ਗ਼ੁਲਾਮੀ ਦਾ ਸਾਧਨ ਬਣੀ ਸੀ ਪਰ ਅੱਜ ਅਨੇਕਾਂ ਬਹੁਰਾਸ਼ਟਰੀ ਕੰਪਨੀਆਂ ਇਸ ਕੰਮ ਵਿਚ ਲਗੀਆਂ ਹੋਈਆਂ ਨੇ। ਅੱਜ ਸਾਡੇ ਆਮ ਆਦਮੀ ਦੀ ਵਰਤੋਂ ਵਿਚ ਆਉਣ ਵਾਲੀ ਹਰ ਚੀਜ਼ ਵਦੇਸ਼ਾਂ ਤੋਂ ਆ ਰਹੀ ਹੈ ਤੇ ਬਿਨਾ ਸਾਡੇ ਕਾਰੀਗਰਾਂ ਦੇ ਹੱਥ ਵੱਢਿਆਂ ਹੀ ਸਾਡੇ ਕਾਰੀਗਰਾਂ ਦੇ ਹੱਥ ਬੇਕਾਰ ਕੀਤੇ ਜਾ ਰਹੇ ਨੇ। ਕਣਕ, ਚੌਲ, ਤੇਲ, ਸਰ੍ਹੋਂ, ਮੂੰਗਫਲੀ, ਕਪੜਾ ਕਪਾਹ, ਫਲ ਸਬਜ਼ੀਆਂ, ਨਾਰੀਅਲ ਸਭ ਕੁਝ ਬਾਹਰੋਂ ਵਦੇਸ਼ਾਂ ਤੋਂ ਦੇਸ਼ ਵਿਚ ਆ ਰਿਹਾ ਹੈ ਤੇ ਦੇਸ਼ ਵਿਚ ਉਗਣ-ਉਪਜਨ ਵਾਲੀ ਹਰ ਚੀਜ਼, ਹਰ ਜਿਨਸ ਉਪਜਾਣ ਵਾਲੇ ਕਿਸਾਨ ਕਾਰੀਗਰ ਆਤਮ ਹੱਤਿਆ ਲਈ ਮਜਬੂਰ ਹੋ ਰਹੇ ਹਨ।

ਵਰਿਆਮ ਇਸ ਬਦੇਸ਼ੀ ਦੀ ਆਮਦ ਦੇ ਖਿਲਾਫ਼ ਚਲਣ ਵਾਲੇ ਅੰਦੋਲਨ ਦਾ ਸਹਾਇਕ ਹੈ, ਪਰਚਾਰਕ ਹੈ। 'ਵਰਿਆਮ' ਦੇ ਇਸ ਕਰਮ ਦੇ ਪਿਛੋਕੜ ਵਿਚ, ਸਤਿਗੁਰੂ ਰਾਮ ਸਿੰਘ ਜੀ ਦਾ ਸੁਪਨਾ ਹੈ, ਆਦਰਸ਼ ਹੈ, ਜੋ ਪੰਜਾਬੀ ਦੇ ਸਭ ਅਖ਼ਬਾਰਾਂ ਰਿਸਾਲਿਆਂ ਵਿਚੋਂ ਕੇਵਲ ਇਸੇ ਦੇ ਹਿੱਸੇ ਆਇਆ ਹੈ।

ਪ੍ਰਾਰਥਨਾ ਹੈ, ਅਰਦਾਸ ਹੈ ਸਤਿਗੁਰੂ ਅਗੇ ਕਿ ਵਰਿਆਮ ਨੂੰ ਇਹ ਬਲ ਹਾਸਿਲ ਰਹੇ, ਇਸ ਦੀ ਉਮਰ ਵੱਡੀ ਹੋਵੇ।



Sri Satguru Jagjit Singh Ji eLibrary NamdhariElibrary@gmail.com

# ਕੁਝ ਲਿਖੇ ਤੇ ਬਹੁਤੇ ਅਣਲਿਖੇ ਪੱਤਰਿਆਂ ਦਾ ਲੇਖਕ

**ਪਿਆਰਾ ਸਿੰਘ ਭੋਗਲ**

ਸ. ਜਗਦੀਸ਼ ਸਿੰਘ ਵਰਿਆਮ ਦੀ ਸਵੈ ਜੀਵਨੀ "ਖਿਲਰੇ ਪੱਤਰੇ" ਮਾਸਕ ਪੱਤਰ "ਵਰਿਆਮ" ਵਿਚ ਪੜ੍ਹੀ ਸੀ। ਹੁਣ ਉਸਨੂੰ ਦੋਬਾਰਾ ਨਿੱਠ ਕੇ ਪੜ੍ਹਿਆ ਹੈ। ਮਹਿਸੂਸ ਹੋਇਆ ਹੈ ਕਿ ਜਗਦੀਸ਼ ਸਿੰਘ ਨੇ ਜੀਵਨ ਭੋਗਿਆ ਵੀ ਹੈ, ਤੇ ਉਸ ਦੇ ਵੰਨ-ਸੁਵੰਨੇ ਅਨੁਭਵਾਂ ਵਿਚੋਂ ਲੰਘਦਿਆਂ ਦੁੱਖਾਂ-ਸੁੱਖਾਂ ਨੂੰ ਮਹਿਸੂਸ ਹੀ ਨਹੀਂ ਕੀਤਾ, ਜ਼ਿੰਦਗੀ ਦੀਆਂ ਹਕੀਕਤਾਂ ਬਾਰੇ ਸਿਆਣੇ ਵਿਅਕਤੀ ਵਾਂਗ ਸੋਚਿਆ ਵੀ ਹੈ। ਇਹੋ ਜਿਹੇ ਅਹਿਸਾਸ ਅਤੇ ਸੋਚਾਂ ਹੀ ਸਾਹਿਤ ਪੈਦਾ ਕਰਦੇ ਹਨ। ਜਦੋਂ "ਖਿਲਰੇ ਪੱਤਰੇ" ਮਾਸਿਕ-ਪੱਤਰ ਵਿਚ ਛਪ ਰਹੇ ਸਨ, ਉਦੋਂ ਵੀ ਅਤੇ ਹੁਣ ਇਨ੍ਹਾਂ ਨੂੰ ਦੋਬਾਰਾ ਪੜ੍ਹਦਿਆਂ ਵੀ ਇਸ ਗਲ ਬਾਰੇ ਵਾਰ ਵਾਰ ਅਫਸੋਸ ਹੁੰਦਾ ਰਿਹਾ ਕਿ ਸ. ਜਗਦੀਸ਼ ਸਿੰਘ ਸੰਪਾਦਕੀ-ਪ੍ਰਬੰਧਕੀ ਰੁਝੇਵਿਆਂ ਵਿਚੋਂ ਵਕਤ ਕੱਢਕੇ ਲਿਖਣ-ਕਾਰਜ ਵੱਲ ਵਧੇਰੇ ਧਿਆਨ ਕਿਉਂ ਨਹੀਂ ਦਿੰਦੇ ? ਉਨ੍ਹਾਂ ਵਿਚ ਚੰਗਾ ਨਿਬੰਧ ਲਿਖਣ, ਚੰਗੀ ਜੀਵਨੀ ਲਿਖਣ ਅਤੇ ਚੰਗਾ ਸਫਰਨਾਮਾ ਲਿਖਣ ਦੀ ਯੋਗਤਾ ਹੈ। ਕਵਿਤਾ ਲਿਖਣ ਨਾਲੋਂ ਵਾਰਤਕ ਲਿਖਣੀ ਔਖਾ ਕੰਮ ਹੈ। ਇਸ ਸਿਰਜਣਾ ਲਈ ਵਧੇਰੇ ਗਿਆਨ ਅਤੇ ਵਧੇਰੇ ਵੰਨ-ਸਵੰਨੇ ਅਨੁਭਵਾਂ ਦੀ ਲੋੜ ਹੁੰਦੀ ਹੈ। ਸ. ਜਗਦੀਸ਼ ਸਿੰਘ ਸੰਘਰਸ਼ਸ਼ੀਲ ਜੀਵਨ ਵਿਚੋਂ ਲੰਘੇ ਹਨ। ਆਪਣੇ ਪਿਤਾ ਜੀ, ਆਪਣੇ ਤਾਏ ਅਤੇ ਹੋਰ ਸਕੇ-ਸੰਬੰਧੀਆਂ ਦੇ ਵਿਚਿਤਰ-ਚਰਿੱਤਰ ਦੇਖੇ ਘੋਖੇ ਪਛਾਣੇ ਹਨ। ਨਾਮਧਾਰੀ ਸੰਪਰਦਾ ਦੀਆਂ ਜ਼ੁੰਮੇਵਾਰੀਆਂ ਨਿਭਾਉਂਦਿਆਂ ਦੇਸ਼ ਬਦੇਸ਼ ਵਿਚ ਲੰਬੇ ਸਫਰ ਕੀਤੇ ਹਨ। ਇਨ੍ਹਾਂ ਸਫਰਾਂ ਵਿਚ ਵੀ ਸੈਂਕੜੇ ਪਾਤਰਾਂ ਨਾਲ ਵਾਹ ਪੈਂਦਾ ਰਿਹਾ ਹੈ। ਇਨ੍ਹਾਂ ਸਫਰਾਂ ਦੀਆਂ ਉਹ ਕਾਫੀ ਲੰਬੀਆਂ ਲੰਬੀਆਂ ਰਿਪੋਰਟਾਂ ਲਿਖ ਕੇ ਛਾਪਦੇ ਰਹੇ ਹਨ। ਉਹ ਰਿਪੋਰਟਾਂ ਵੀ ਅਸੀਂ ਪੜ੍ਹੀਆਂ ਹਨ। ਪਰ ਅਸੀਂ ਵਾਰ ਵਾਰ ਸੋਚਦੇ ਰਹੇ ਹਾਂ, ਇਨ੍ਹਾਂ ਰਿਪੋਰਟਾਂ ਵਿਚ ਘਟਨਾਵਾਂ ਅਤੇ ਪਾਤਰਾਂ ਉਤੇ ਟਿੱਪਣੀ ਕਰਦੇ ਕਰਦੇ ਕਦੇ ਇਹ ਰੁਕਦੇ ਕਿਉਂ ਨਹੀਂ ? ਕਿਉਂ ਨਹੀਂ ਸੋਚਦੇ ਕਿ ਜੀਵਨ ਅਨੁਭਵ ਦਾ ਇਹ ਟੋਟਾ ਕਿਸੇ ਨਿਬੰਧ ਜਾਂ ਕਹਾਣੀ ਵਿਚ ਪੁਨਰ-ਸਿਰਜਤ ਕੀਤਿਆਂ ਮੈਨੂੰ ਵੀ ਵਧੇਰੇ ਰਸ ਆਏਗਾ, ਤੇ ਪਾਠਕਾਂ ਨੂੰ ਵੀ।

"ਖ਼ਿਲਰੇ ਪੱਤਰੇ" ਜਗਦੀਸ਼ ਸਿੰਘ ਦੀਆਂ ਬਚਪਨ ਦੀਆਂ ਯਾਦਾਂ ਦਾ ਵਰਨਣ ਹੈ। ਪਰ ਇਹ ਬਚਪਨ ਸਾਧਾਰਨ ਨਹੀਂ ਸੀ। ਪਹਿਲਾਂ ਇਹ ਬਚਪਨ ਮਿੱਠਾ ਮਿੱਠਾ ਸੀ। ਪਿੰਡ ਢੇ ਦਾ ਜੀਵਨ। ਰਾਵਲ ਪਿੰਡੀ ਦਾ ਰੰਗੀਨੀਆਂ ਭਰਪੂਰ ਜੀਵਨ। ਸ. ਨੱਥਾ ਸਿੰਘ ਅਤੇ ਸੰਤ ਅਤਰ ਸਿੰਘ ਦੇ ਸ਼ਰਧਾ ਭਰੇ ਜੋਸ਼ ਅਤੇ ਸੰਗੀਤਕ ਲੈਅ-ਰਸ ਪੈਦਾ ਕਰਦੇ ਦੀਵਾਨ। ਅਮਨ-ਸ਼ਾਂਤੀ ਭਰਪੂਰ ਜੀਵਨ। ਫਰ ਅਚਾਨਕ ਪੰਜਾਬ ਦੀ ਵੰਡ। ਨਿੱਕੇ ਜਿਹੇ ਦੀਸ਼ੇ ਦਾ ਦਹਿਸ਼ਤ, ਭੁੱਖ, ਪਿਆਸ, ਹੜਾਂ ਅਤੇ ਲਾਸ਼ਾਂ ਵਿਚੋਂ ਲੰਘਦਿਆ ਜ਼ਿਲ੍ਹਾ ਸਿਆਲਕੋਟ ਛੱਡ ਕੇ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਜਲੰਧਰ ਪਹੁੰਚਣਾ। ਇਹੋ ਜਿਹੀਆਂ ਘਟਨਾਵਾਂ "ਨਿਆਣੇ" ਨੂੰ ਵੀ "ਸਿਆਣਾ" ਬਣਾ ਦਿੰਦੀਆਂ ਹਨ। ਦਿਲ-ਦਿਮਾਗ ਵਕਤ ਤੋਂ ਪਹਿਲਾਂ ਜੁਆਨ ਹੋ ਜਾਂਦੇ ਹਨ। ਜ਼ਿੰਦਗੀ ਦੇ ਰਸ ਕਾਇਮ ਰਹਿੰਦੇ ਹਨ। ਪਰ ਨਾਲ ਨਾਲ ਗੰਭੀਰਤਾ ਵੀ ਆ ਜਾਂਦੀ ਹੈ। ਸੰਵੇਦਨਸ਼ੀਲਤਾ ਤਾਂ ਪ੍ਰਫੁੱਲਤ ਹੁੰਦੀ ਹੀ ਹੈ। ਚੇਤਨਾ ਦੀ ਸਾਣ ਵੀ ਤਿੱਖੀ ਹੁੰਦੀ ਜਾਂਦੀ ਹੈ। ਇਹ ਸੰਵੇਦਨਸ਼ੀਲਤਾ ਤੇ ਚੇਤਨਾ ਸਾਹਿਤਕਾਰੀ ਕਰਨ ਲਈ ਮੁੱਢਲੀਆਂ ਯੋਗਤਾਵਾਂ ਹਨ। ਸਾਨੂੰ ਯਕੀਨ ਹੈ ਕਿ ਸ. ਜਗਦੀਸ਼ ਸਿੰਘ ਪਿਛਲੇ ਛੇ ਦਹਾਕਿਆਂ ਦੇ ਜੀਵਨ-ਇਤਿਹਾਸ ਦੇ ਹਜ਼ਾਰਾਂ ਖਿਲਰੇ-ਵਰਕੇ ਯਾਦਾਂ ਦੇ ਆਕਾਸ਼ ਵਿਚ ਖਿਲਾਰਦੇ ਆਏ ਹਨ। ਪਰ ਯਾਦਾਂ ਦੇ ਵਰਕੇ ਸਮੇਂ ਦੀ ਹਵਾ ਵਿਚ ਉਡਾਰੀਆਂ ਮਾਰਕੇ ਵੀ ਸਿਮਰਤੀਆਂ ਦੀ ਪੋਥੀ ਵਿਚ ਮੁੜ ਆਇਆ ਕਰਦੇ ਹਨ। "ਵਰਿਆਮ" ਵਿਚ ਛਪੇ "ਖਿਲਰੇ ਵਰਕੇ" ਬਹੁਤ ਥੋੜੇ ਹਨ। ਉਂਜ ਵੀ ਇਹ ਪੰਜਾਹ ਸਾਲ ਪਹਿਲਾਂ ਦੀਆਂ ਮਿੱਠੀਆਂ-ਕੌੜੀਆਂ ਯਾਦਾਂ ਉਤੇ ਝਾਤੀ ਪੁਆਉਂਦੇ ਹਨ। ਉਜੜਕੇ ਦੋਬਾਰਾ ਵਸੇਬਾ ਹਾਸਲ ਕਰਦਿਆਂ, ਦੋਬਾਰਾ ਸਕੂਲ-ਕਾਲਜ ਦੀ ਸਿਖਿਆ ਹਾਸਲ ਕਰਦਿਆਂ, ਦੋਬਾਰਾ ਆਪਣੇ ਪਿਤਾ ਸਤਿਕਾਰਯੋਗ ਸ. ਨਥਾ ਸਿੰਘ ਅਤੇ ਹੋਰ ਨਾਮਧਾਰੀ ਜਥੇਦਾਰਾਂ ਦੇ ਦੀਵਾਨਾਂ ਦੇ ਅਨੋਖੇ ਸੰਗੀਤਕ-ਰਸ ਵਿਚ ਟੁੱਭੀਆਂ ਲਾਉਂਦਿਆਂ, ਦੋਬਾਰਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਸ਼ਮਾਤੀ ਸ਼ਖਸੀਅਤ ਦਾ ਜਲੌਅ ਮਾਣਦਿਆਂ, ਉਨ੍ਹਾਂ ਦੇ ਬਹੁਤ ਕੁਝ ਦੇਖਿਆ, ਸੁਣਿਆ, ਮਹਿਸੂਸਿਆ ਅਤੇ ਸੋਚਿਆ ਹੈ, ਜੋ ਸਵੈ ਜੀਵਨੀ ਦਾ ਅੰਗ ਬਣ ਸਕਦਾ ਹੈ, ਹੋਰ ਕਈ ਸਾਹਿਤ-ਰੂਪਾਕਾਰਾਂ ਵਿਚ ਵੀ ਢਲਕੇ ਪਾਠਕਾਂ ਦੇ ਰਸ ਵਿਚ ਵਾਧਾ ਕਰ ਸਕਦਾ ਹੈ।

ਯਾਦਾਂ ਦੀ ਭਾਰੀ ਗੌਰੀ ਪੋਥੀ ਵਿਚੋਂ ਜਿਹੜੇ ਵਰਕੇ ਸ. ਜਗਦੀਸ਼ ਸਿੰਘ ਨੇ ਪੇਸ਼ ਕੀਤੇ ਹਨ, ਉਨ੍ਹਾਂ ਨੂੰ ਪੜ੍ਹਦਿਆਂ ਵੀ ਸ. ਜਗਦੀਸ਼ ਸਿੰਘ ਦਾ ਮੁਸ਼ਾਹਦਾ ਅਤੇ ਗਲ ਕਹਿਣ ਦਾ ਅੰਦਾਜ਼ ਪ੍ਰਭਾਵਤ ਕਰਦਾ ਹੈ, ਚਕ੍ਰਿਤ ਕਰਦਾ ਹੈ। ਨਿੱਕਾ ਜਿਹਾ ਬੱਚਾ ਪਿੰਡ ਦੇ ਸਕੂਲ ਵਿਚ ਇਕ ਜਮਾਤ ਪਾਸ ਕਰਕੇ ਰਾਵਲ ਪਿੰਡੀ ਦੇ ਸਕੂਲ ਵਿਚ ਦਾਖਲਾ ਲੈਂਦਾ ਹੈ। ਪਿੰਡ ਵਿਚ ਵੀ ਉਰਦੂ ਪੜ੍ਹਿਆ ਸੀ, ਪਰ ਅਜੇ ਬੱਚੇ ਨੇ ਇਹ ਨਹੀਂ ਸਿਖਿਆ ਸੀ ਕਿ ਉਰਦੂ ਵਿਚ ਲੱਤ ਨੂੰ ਟਾਂਗ ਕਹਿੰਦੇ ਹਨ। ਉਹ ਤਾਂ ਅਜੇ ਰਾਵਲ



Sri Satguru Jagjit Singh Ji eLibrary NamdhariElibrary@gmail.com

ਪਿੰਡੀ ਦੀਆਂ ਸੜਕਾਂ ਉਤੇ ਟਨ ਟਨ ਕਰਕੇ ਚਲਦੇ ਰੰਗੀਨ-ਟਾਂਗਿਆਂ ਨਾਲ ਹੀ ਪ੍ਰੀਚਿਤ ਹੋਇਆ ਸੀ। ਸ਼ਹਿਰੀ-ਸਕੂਲ ਦਾ ਮਾਸਟਰ ਪਿੰਡ ਤੋਂ ਆਏ ਬੱਚੇ ਨੂੰ ਉਰਦੂ ਵਿਚ ਪ੍ਰਸ਼ਨ ਪੁੱਛਦਾ ਹੈ "ਘੋੜੇ ਕੀ ਕਿਤਨੀ ਟਾਂਗੇ ਹੋਤੀ ਹੈਂ ?" ਬੱਚਾ ਭੋਲੇ ਭਾਅ ਉੱਤਰ ਦਿੰਦਾ ਹੈ "ਇਕ" ਮਾਸਟਰ ਹਸਦਾ ਹੈ। ਸ਼ਹਿਰੀ ਬੱਚੇ ਵੀ। ਪਰ ਪੇਂਡੂ ਬੱਚਾ ਹੈਰਾਨ ਪ੍ਰੇਸ਼ਾਨ ਹੈ। ਹਾਸਾ ਕਿਉਂ ? ਮਾਸਟਰ ਬੱਚੇ ਦੀ "ਨਾਲਾਇਕੀ" ਸਾਬਤ ਕਰਨ ਲਈ ਅਗਲਾ ਪ੍ਰਸ਼ਨ ਵਗਾਹ ਮਾਰਦਾ ਹੈ। "ਤੇਰੀ ਟਾਂਗੇ ਕਿਤਨੀ ਹੈਂ ?" ਜ਼ਾਲਮਾਨਾ ਸਵਾਲ ਦੇ ਜਵਾਬ ਵਿਚ ਬੱਚੇ ਦਾ ਮਾਸੂਮ ਉੱਤਰ ਹੈ "ਕੋਈ ਨਹੀਂ।" ਇਕ ਵਾਰ ਫੇਰ ਹਾਸਾ ਮਚਿਆ। ਬੱਚਾ ਇਕ ਵਾਰ ਫੇਰ ਪ੍ਰੇਸ਼ਾਨ ਹੋਇਆ। ਪਰ ਬੱਚੇ ਦੀ ਮਾਸੂਮੀਅਤ ਤਾਂ ਇੰਨੀ ਛੇਤੀ ਨਾ ਕਠੋਰ-ਅਧਿਆਪਕ ਖੋਹ ਸਕਦੇ ਸਨ, ਨਾ ਸ਼ਹਿਰੀਏ ਜਮਾਤੀ। ਸੋ, ਬੱਚੇ ਦਾ ਉਸ ਹਾਲਤ ਵਿਚ ਬਹੁਤ ਯਥਾਰਥਕ ਮਨੋਭਾਵ ਸੀ, ਮਾਸਟਰ ਤਾਂ ਨਾ ਹੀ ਹੋਣ, ਇਹ ਹੀ ਗਲ ਚੰਗੀ ਲਗਦੀ ਸੀ, ਪਰ ਕੀ ਕੀਤਾ ਜਾ ਸਕਦਾ ਸੀ ?

ਰਾਵਲ ਪਿੰਡੀ ਸ਼ਹਿਰ ਦੇ ਸਕੂਲ ਵਿਚ ਪਹੁੰਚਕੇ ਇਹੋ ਜਿਹੀਆਂ ਚੁੱਭਵੀਆਂ ਰਗੜਾਂ ਦਾ ਦੁੱਖ ਝੱਲਣ ਤੋਂ ਪਹਿਲਾਂ ਇਹੋ ਬੱਚਾ ਜਦੋਂ ਪਿੰਡ ਤੋਂ ਸ਼ਹਿਰ ਆਇਆ ਹੈ ਤਾਂ ਉਸ ਦਾ ਸਿਆਣਪ ਭਰਪੂਰ ਡੂੰਘਾ ਅਹਿਸਾਸ ਇਕ ਵਾਕ ਵਿਚ ਅੰਕਿਤ ਹੋਇਆ ਪਾਠਕ ਨੂੰ ਰੋਕ ਕੇ ਬਿਠਾ ਲੈਂਦਾ ਹੈ।

"ਪਿੰਡ ਤੋਂ ਮੈਂ ਪਹਿਲੀ ਪਾਸ ਕਰ ਗਿਆ ਸਾਂ। ਸੌ ਤੱਕ ਗਿਣਤੀ ਕਰ ਲੈਂਦਾ ਸਾਂ। ਉਹ ਵੀ ਉਰਦੂ ਦੇ ਹਿੰਦਸਿਆਂ ਵਿਚ। ਪਰ ਰਾਵਲ ਪਿੰਡੀ ਦੇ ਕਿਸੇ ਸਕੂਲ ਵਿਚ ਪੜ੍ਹਦੇ ਹੋਣਾ ਆਪਣੇ ਆਪ ਵਿਚ ਇਕ ਰੁਤਬਾ ਸੀ।"

ਇਸੇ ਰਾਵਲਪਿੰਡੀ ਵਿਚ ਬੱਚਾ ਵੱਡਾ ਹੋ ਗਿਆ। ੧੯੪੭ ਆ ਗਿਆ। ਹਿੰਦੂ-ਸਿਖ-ਮੁਸਲਿਮ ਨਫਰਤ ਭੜਕ ਪਈ। ਦੰਗੇ ਹੋਣ ਲੱਗੇ। ਭਾਵੇਂ ਜਗਦੀਸ਼ ਸਿੰਘ ਹੁਣ ਕੁਝ ਵੱਡਾ ਸੀ ਤਾਂ ਵੀ ਇਹ ਨਫਰਤ ਤੇ ਦੰਗੇ ਅਚੰਭਤ ਕਰਨ ਵਾਲਾ ਅਣਕਿਆਸਿਆ ਅਨੁਭਵ ਸੀ। ਕਰਫਿਊ ਲੱਗ ਗਿਆ। ਘਰਾਂ ਵਿਚ ਬੱਚੇ ਤੇ ਵੱਡੇ ਛੱਤਾਂ ਦੇ ਬਨੇਰਿਆਂ ਤੋਂ ਬਾਹਰ ਨੂੰ ਝਾਕਣ। ਜਗਦੀਸ਼ ਸਿੰਘ ਦਾ ਇਸ ਸਮੇਂ ਦਾ ਤਜਰਬਾ ਪੜ੍ਹੋ—

"ਕੀ ਵੇਖਦੇ ਹਾਂ ਕਿ ਗਲੀ ਦੇ ਸਿਰੇ ਤੇ ਦੌੜਦਾ ਹੋਇਆ ਗੋਰਖਾ ਫੌਜੀ ਆਇਆ। ਛੋਟੀਆਂ ਛੋਟੀਆਂ ਚਮਕਦੀਆਂ ਅੱਖਾਂ। ਸਿਰ ਤੇ ਵੱਡਾ ਸਾਰਾ ਹੈਟ। ਉਸਨੇ ਬੰਦੂਕ ਦੀ ਨਾਲੀ ਸਿੱਧੀ ਗਲੀ ਵੱਲ ਕਰ ਦਿੱਤੀ ਅਤੇ ਹੱਥ ਘੋੜੇ ਤੇ ਰਖਿਆ। ਜਿੱਦਾਂ ਕਾਂ ਗੁਲੇਲ ਨੂੰ ਵੇਖਕੇ ਉਡਦਾ ਹੈ, ਇਵੇਂ ਹੀ ਛੱਤਾਂ ਤੋਂ ਬਾਹਰ ਨਿਕਲੀਆਂ ਸਾਰੀਆਂ ਮੁੰਡੀਆਂ ਅੰਦਰ ਹੋ ਗਈਆਂ। ਹੁਣ ਪਤਾ ਲੱਗਾ, ਕਾਰਫੀਊ ਕੀ ਹੁੰਦਾ ਹੈ ?

ਸ਼ਹਿਰ ਦੀ ਹਾਲਤ ਭੈੜੀ ਦੇਖਕੇ ਸ. ਨੱਥਾ ਸਿੰਘ ਪਰਿਵਾਰ ਸਮੇਤ ਪਿੰਡ ਢੇ ਆ ਗਏ। ਪਿੰਡ ਫੌਜੀਆਂ ਦਾ ਸੀ। ਪੱਕੀਆਂ ਰਫਲਾਂ ਵਾਲੇ ਫੌਜੀ ਸੂਬੇਦਾਰ। ਲਾਈਸੈਂਸੀ ਬੰਦੂਕਾਂ। ਬਣ ਰਹੇ ਪਾਕਿਸਤਾਨ ਦੇ ਮਾਹੌਲ ਦੇ ਕਾਰਨ ਕਿਉਂਕਿ ਪੱਛਮੀ ਪੰਜਾਬ ਦੇ ਸਭ ਸ਼ਹਿਰਾਂ ਪਿੰਡਾਂ ਵਿਚ ਦੰਗਾ-ਫਸਾਦ ਕਰਨ ਦੀਆਂ ਸੋਆਂ ਸੁਣ ਰਹੀਆਂ ਹਨ, ਨਿਸ਼ਾਨੀਆਂ ਵੀ ਪ੍ਰਗਟ ਹੋ ਰਹੀਆਂ ਸਨ, ਇਸ ਕਰਕੇ ਗੈਰ-ਫੌਜੀ ਵੀ ਤਲਵਾਰਾਂ-ਬਰਛੀਆਂ ਬਣਵਾਉਣ ਲੱਗ ਪਏ। ਸ. ਨੱਥਾ ਸਿੰਘ ਆਪਣੀ ਭੈਣ ਦੇ ਪਿੰਡ ਗਾਹੜੂਵਾਲ ਗਏ। ਆਪਣੇ ਲਈ ਤਲਵਾਰ ਬਣਵਾ ਲਿਆਏ। ਪੁੱਤਰ ਨੇ ਛੋਟੀ ਜਿਹੀ ਬਰਛੀ ਬਣਵਾ ਲਈ। ਉਂਜ ਪਿੰਡ ਦੇ ਮੁਸਲਮਾਨਾਂ, ਸਿੱਖਾਂ-ਹਿੰਦੂਆਂ ਨੇ ਮਿਲ ਕੇ "ਅਮਨ ਕਮੇਟੀ" ਬਣਾ ਲਈ। ਬਾਹਰ ਕੁਝ ਵੀ ਹੋਵੇ, ਆਪਣੇ ਪਿੰਡ ਵਿਚ ਸ਼ਾਂਤੀ ਅਤੇ ਸੁਰੱਖਿਆ ਰੱਖਣੀ ਹੈ। ਇਕ ਦਿਨ ਨੇੜੇ ਦੇ ਪਿੰਡ ਪੱਖੋਵਾਲ ਤੋਂ ਨੌਜਵਾਨ ਸਿੱਖਾਂ ਦਾ ਜਥਾ ਆ ਗਿਆਂ। ਲੇਖਕ ਦੇ ਸ਼ਬਦਾਂ ਵਿਚ "ਦਸਤਾਰਾਂ 'ਤੇ ਪਟਕੇ ਬੰਨ੍ਹੇ ਸਨ, ਜਿਵੇਂ ਬੰਦਾ ਬਹਾਦਰ ਦੀ ਫੌਜ ਹੋਵੇ। ਕੋਈ ਤੀਹ-ਪੈਂਤੀ ਇਕੋ ਜਿਹੇ ਜੁਆਨ। ਕਹਿਣ ਲੱਗੇ, "ਤੁਹਾਡੇ ਪਿੰਡ ਤੇ ਹਮਲਾ ਹੋਣ ਵਾਲਾ ਹੈ। ਅਸੀਂ ਤੁਹਾਡੀ ਮਦਦ ਲਈ ਆਏ ਹਾਂ।" ਲੇਖਕ ਲਿਖਦਾ ਹੈ "ਸਾਡੇ ਪਿੰਡ ਵਾਲਿਆਂ ਕਿਹਾ, ਜਲ ਪਾਣੀ ਛਕੋ, ਤੇ ਆਪਣੇ ਪਿੰਡ ਵਾਪਸ ਮੁੜ ਜਾਉ। ਮਾਯੂਸ ਜਿਹਾ ਹੋ ਕੇ ਉਹ ਜਥਾ ਵਾਪਸ ਮੁੜ ਗਿਆ।"

ਪਰ ਪਿਛੋਂ ਜਿਵੇਂ ਹਾਲਾਤ ਦੀ ਸਿਤਮਜ਼ਰੀਫੀ ਨੇ ਭੋਲੇ-ਭਾਲੇ ਜਗਦੀਸ਼ ਸਿੰਘ ਨੂੰ, ਉਸਦੇ ਪਿਤਾ ਜਥੇਦਾਰ ਨੱਥਾ ਸਿੰਘ ਨੂੰ, ਪੂਰੇ ਟੱਬਰ ਨੂੰ, ਪਿੰਡ ਢੇ ਦੇ ਸਭ ਗੈਰ-ਮੁਸਲਮਾਨਾਂ ਨੂੰ ਰਾਤੋ-ਰਾਤ ਕੱਖੋਂ ਹੌਲੇ ਕਰ ਦਿੱਤਾ, ਹਾਲਾਤ ਦੀਆਂ ਇਹੋ ਜਿਹੀਆਂ ਕਰਵਟਾਂ ਹੀ ਸਾਧਾਰਨ ਮਨੁੱਖਾਂ ਨੂੰ ਉਹ ਡੂੰਘੇ ਜਜ਼ਬਾਤ ਅਤੇ ਉੱਚੇ ਖਿਆਲ ਬਖਸ਼ਦੀਆਂ ਹਨ, ਜੋ ਸਾਹਿਤ ਲਿਖਣ ਲਈ ਪ੍ਰੇਰਨਾ ਬਣਦੀਆਂ ਹਨ। ੧੯੪੭ ਵਿਚ ਇਉਂ ਹੀ ਅਲੱਗ ਕਿਸਮ ਦੀ ਵੱਥ ਵਾਲਾ ਸਾਹਿਤ ਅਚਾਨਕ ਪੈਦਾ ਹੋ ਗਿਆ ਸੀ। ਕੁਝ ਮਹੀਨਿਆਂ ਵਿਚ ਹੀ ਇੰਨਾ ਸਾਹਿਤ ਸਿਰਜਿਆ ਗਿਆ ਸੀ, ਜਿੰਨਾ ਇਸ ਤੋਂ ਪਹਿਲਾਂ ਦਸ ਸਾਲਾਂ ਵਿਚ ਨਹੀਂ ਸਿਰਜਿਆ ਗਿਆ ਸੀ। ਜਗਦੀਸ਼ ਸਿੰਘ ਦੀਆਂ ੧੯੪੭ ਬਾਰੇ ਭਾਵਨਾਵਾਂ ਤੇ ਸੋਚਾਂ ਅੱਜ ਵੀ ਸੱਜਰੀਆਂ ਹਨ।

"ਸਭ ਪਾਸੇ ਰੌਲਾ ਸੀ ਕਿ ਹਮਲਾ ਹੋ ਗਿਆ ਹੈ। ਪਿੰਡ ਪੂੰਗਾਂ ਤੋਂ ਦੌੜਦੇ ਲੋਕਾਂ ਦੀ ਇਕ ਲੰਮੀ ਲਾਈਨ ਸਾਡੇ ਪਿੰਡ ਨੂੰ ਆ ਰਹੀ ਸੀ। ਪੂੰਗਾਂ ਤੇ ਹਮਲਾ ਹੋ ਗਿਆ ਤੇ ਬਹੁਤ ਲੋਕ ਕਤਲ ਹੋ ਗਏ ਸਨ। ..... ਅਮਨ ਕਮੇਟੀ ਬੇ-ਅਰਥ ਹੋ ਗਈ ਸੀ। ਸਾਡੀ ਮਦਦ ਤੇ ਆਏ ਜਥੇ ਨੂੰ ਤਾਂ ਵਾਪਸ ਭੇਜ ਦਿੱਤਾ ਸੀ। ਹੁਣ ਕਿਥੋਂ ਬੁਲਾਈਏ ਉਹਨਾਂ ਨੂੰ ? ਹਮਲਾਵਰ ਹਜੂਮ ਤਾਂ ਸਾਫ ਦਿਸਦਾ



Sri Satguru Jagjit Singh Ji eLibrary NamdhariElibrary@gmail.com

ਸੀ। ਅਨੁਮਾਨ ਸੀ, ਢੇ ਤੇ ਹਮਲਾ ਰਾਤ ਨੂੰ ਹੋਵੇਗਾ। ਰਣਨੀਤੀ ਇਹ ਬਣੀ ਕਿ ਔਰਤਾਂ ਤੇ ਬੱਚਿਆਂ ਨੂੰ ਨਾਲ ਦੇ ਸਿੱਖਾਂ ਦੇ ਪਿੰਡ ਪੱਖੋਵਾਲ ਛੱਡ ਆਈਏ, ਆਪ ਵਾਪਸ ਆ ਕੇ ਮੁਕਾਬਲਾ ਕਰੀਏ। ..... ਉਹੋ ਇੱਕੋ ਸਾਈਕਲ ਹੀ ਲਿਆ ਅਤੇ ਉਸ ਉੱਤੇ ਮਾਤਾ ਜੀ ਨੂੰ ਬਿਠਾ ਲਿਆ, ਤੇ ਅਸੀਂ ਚੱਲ ਪਏ।"

ਹੁਣ ਵਿੰਡਬਨਾਤਮਕ-ਘਟਨਾ ਪੜ੍ਹੋ। ਪਹਿਲਾਂ ਪੱਖੋਵਾਲੀਏ ਜਥਾ ਬਣਾ ਕੇ ਢੇ ਦੀ ਮਦਦ ਉੱਤੇ ਆਏ ਸਨ। ਹੁਣ ਢੇ ਵਾਲੇ ਪੱਖੋਵਾਲ ਔਰਤਾਂ ਤੇ ਬੱਚੇ ਛੱਡਣ ਜਾ ਰਹੇ ਸਨ। ਪਰ ਜਦੋਂ ਪੱਖੋਵਾਲ ਪਹੁੰਚੇ, ਤਾਂ ਪੱਖੋਵਾਲ ਆਪ ਮਾਰਿਆ ਤੇ ਉਜਾੜਿਆ ਜਾ ਚੁੱਕਾ ਸੀ। ਪਿੰਡ ਵਿਚ ਇਕ ਜੀਅ ਵੀ ਨਹੀਂ ਸੀ। ਸਿਰਫ ਕੁੱਤੇ ਹੀ ਗੁਰਾ ਰਹੇ ਸਨ।

ਭੁੱਖੇ ਭਾਣੇ ਕਈ ਦਿਨ ਤੇ ਕਈ ਰਾਤਾਂ ਸਫਰ ਕਰਦੇ ਅਚਾਨਕ ਆਈਆਂ ਬਾਰਸ਼ਾਂ ਦੇ ਹੜ੍ਹ ਵਿਚ ਗੋਤੇ ਖਾਂਦੇ, ਇਹ "ਘਰਾਂ" ਵਾਲੇ ਪਰ ਸਿਆਸਤ ਵਲੋਂ ਬੇਘਰ ਕੀਤੇ ਲੋਕ, ਕਿਵੇਂ ਡੇਰ੍ਹਾ ਬਾਬਾ ਨਾਨਕ ਪਹੁੰਚਦੇ ਹਨ, ਲਾਸ਼ਾਂ ਦੀ ਬੋ ਵਿਚ ਹੱਥੀਂ ਪਕਾਈਆਂ ਰੋਟੀਆਂ ਦੀ ਮਹਿਕ ਮਾਣਦੇ ਹਨ, ਇਹ ਸਾਰਾ ਸਫਰਨਾਮਾ ਭਾਵੇਂ ਜਗਦੀਸ਼ ਸਿੰਘ ਨੇ ਸੰਙ ਸਰਫੇ ਦੇ ਸ਼ਬਦਾਂ ਵਿਚ ਬਹੁਤ ਹੀ ਸੰਖੇਪ ਲਿਖਿਆ ਹੈ, ਪਰ ਅਸੀਂ ਜਗਦੀਸ਼ ਸਿੰਘ ਦੀ, ਉਸ ਦੀ ਨਵੀਂ ਜੰਮੀ ਭੈਣ ਦੀ, ਉਸ ਦੀ ਬਿਮਾਰ ਮਾਂ ਤੇ ਸਿਦਕੀ-ਸਿਰੜੀ ਪਿਤਾ ਦੀ ਹੱਡ ਬੀਤੀ ਪੜ੍ਹਦਿਆਂ ਮਹਿਸੂਸ ਕੀਤਾ ਹੈ, ਇਹ ਘਟਨਾਵਾਂ ਤਾਂ ਬਹੁਤ ਵਿਸਥਾਰ ਨਾਲ ਲਿਖੇ ਜਾਣਨਾ ਮੰਗ ਕਰਦੀਆਂ ਹਨ। ਕੌਮਾਂ ਨੂੰ ਇਹੋ ਜਿਹੇ ਦਿਲ-ਕੰਬਾਊ ਅਤੇ ਸੋਚਾਂ ਵਿੱਚ ਪਾਊ ਵਾਕਿਆਤ ਨਹੀਂ ਭੁੱਲਣੇ ਚਾਹੀਦੇ। ਇਹਂ ਯਾਦਾਂ ਇਸ ਕਰਕੇ ਨਹੀਂ ਯਾਦ ਰੱਖਣੀਆਂ ਚਾਹੀਦੀਆਂ ਕਿ ਨਫਰਤਾਂ ਭੜਕਾਉਣ, ਸਗੋਂ ਇਸ ਕਰਕੇ ਯਾਦ ਰੱਖਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਕੌਮਾਂ ਨੂੰ ਵਿਵੇਕਸ਼ੀਲ ਬਣਾਉਂਦੀਆਂ ਹਨ।

ਜਗਦੀਸ਼ ਸਿੰਘ ਨੇ ਆਪਣੇ ਪਿਤਾ ਦੇ ਸਾਈਕਲ ਦਾ ਜ਼ਿਕਰ ਕਰਦਿਆਂ ਆਪਣੀਆਂ ਇਨ੍ਹਾਂ ਯਾਦਾਂ ਵਿਚ ਕਈ ਦਿਲਚਸਪ ਵੇਰਵੇ ਦਿੱਤੇ ਹਨ। ਇਹ ਸਾਈਕਲ ਉਨ੍ਹਾਂ ਦੇ ਪਿਤਾ ਨੇ ੧੯੪੭ ਤੋਂ ਪਹਿਲਾਂ ਖਰੀਦਿਆ ਸੀ। ਪਿਛੋਂ ਇਹੋ ਸਾਈਕਲ ਪਿੰਡ ਢੇ ਤੋਂ ਡੇਰਾ ਬਾਬਾ ਨਾਨਕ ਤੱਕ ਦੇ ਲੰਬੇ ਸਫਰ ਵਿਚ ਟੱਬਰ ਦਾ "ਮਜ਼ਬੂਤ ਮਿੱਤਰ" ਸਾਬਤ ਹੋਇਆ ਸੀ। ਬਿਮਾਰ ਪਤਨੀ ਨੂੰ ਪਤੀ ਨੇ ਇਸ ਸਾਈਕਲ ਉਤੇ ਲੰਬੇ ਸਫਰ ਵਿਚ ਢੋਇਆ ਸੀ। "ਖਿਲਰੇ ਪੱਤਰੇ" ਪੜ੍ਹਦਿਆਂ ਸਾਨੂੰ ਵਾਰ ਵਾਰ ਤੇਜਾ ਸਿੰਘ ਦਾ ਨਿਬੰਧ "ਸ਼ਹਿਰ ਦਾ ਨਲਕਾ" ਯਾਦ ਆਉਂਦਾ ਰਿਹਾ। ਤੇਜਾ ਸਿੰਘ ਨੇ ਇਹ ਨਿਬੰਧ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਗਿਆਰਵੀਂ-ਬਾਰ੍ਹਵੀਂ ਵਿਚ ਪੜ੍ਹਦਿਆਂ ਲਿਖਿਆ ਸੀ। ਇਸ ਇਕੋ ਨਿਬੰਧ ਵਿਚ ਸਮੇਂ ਦਾ ਇਤਿਹਾਸ ਸਮੇਂ ਦਾ ਸਮਾਜ ਅਤੇ ਤੇਜਾ ਸਿੰਘ ਦੀ ਸਾਹਿਤ-ਲਿਖਣ ਦੀ ਯੋਗਤਾ ਛੁਪੀ ਹੋਈ ਹੈ।

ਜਗਦੀਸ਼ ਸਿੰਘ ਨੇ "ਸ਼ਹਿਰ ਦਾ ਨਲਕਾ" ਵਰਗਾ ਨਿਬੰਧ ਆਪਣੇ ਪਿਤਾ ਦੇ ਇਸ ਸਾਈਕਲ ਬਾਰੇ ਨਹੀਂ ਲਿਖਿਆ, ਪਰ ਸਮੇਂ ਦੇ ਇਤਿਹਾਸ ਅਤੇ ਸਮੇਂ ਦੇ ਸਮਾਜ ਵੱਲ ਇਨ੍ਹਾਂ ਖਿਲਰੇ ਪੱਤਰਿਆਂ ਵਿਚ ਇਸ਼ਾਰੇ ਜ਼ਰੂਰ ਹਨ।

"ਜਦੋਂ ਦੀ ਗਲ ਮੈਂ ਕਰਦਾ ਹਾਂ, ਉਦੋਂ ਹਰ ਆਦਮੀ ਕੋਲ ਸਾਈਕਲ ਨਹੀਂ ਸੀ ਹੁੰਦਾ। ਮੈਂ ਅੱਖੀਂ ਵੇਖਿਆ ਸੀ ਕਿ ਜੇ ਕਿਤੇ ਪਿੰਡ ਵਿਚ ਸਾਈਕਲ ਆ ਜਾਣਾ, ਤਾਂ ਸਾਡੇ ਪਿੰਡ ਦੇ ਸਾਰੇ ਮੁੰਡੇ ਮਗਰ ਦੌੜੇ ਫਿਰਦੇ ਸੀ। ਇਹਨੂੰ "ਕਲਾ ਦਾ ਘੋੜਾ" ਕਹਿੰਦੇ ਸਨ।"

"ਛੱਤ ਤੇ ਪਏ ਸਾਈਕਲ ਨਾਲ ਬਹੁਤ ਯਾਦਾਂ ਜੁੜੀਆਂ ਹੋਈਆਂ ਹਨ। ਇਹ ਇਕ ਯੁੱਗ ਦੀ ਦਾਸਤਾਨ ਦਸਦਾ ਹੈ। ਬੀਤੇ ਇਤਿਹਾਸ ਦੀ ਉੱਨੀ ਕੋਈ ਕਿਤਾਬ ਨਹੀਂ ਦਸਦੀ, ਜਿੰਨਾ ਇਹ। ..... ਅੱਧੀ ਰਾਤ ਨੂੰ ਜਦੋਂ ਪੰਡਿਤ ਨਹਿਰੂ ਬੋਲ ਰਿਹਾ ਸੀ ਕਿ ਕੌਮਾਂ ਦੀ ਜ਼ਿੰਦਗੀ ਵਿਚ ਇਹੋ ਜਿਹਾ ਦਿਨ (੧੫ ਅਗਸਤ ੧੯੪੭) ਕਦੇ ਹੀ ਆਉਂਦਾ ਹੈ, ਜਦੋਂ ਅਸੀਂ ਇਕ ਯੁੱਗ 'ਚੋਂ ਦੂਸਰੇ ਵਿਚ ਪ੍ਰਵੇਸ਼ ਕਰਦੇ ਹਾਂ, ਤਾਂ ਉਦੋਂ ਇਸ ਸਾਈਕਲ ਨੇ ਇਕ ਸਫਰ ਤੈਅ ਕੀਤਾ ਸੀ, ਜਿਸਦਾ ਰਾਹ ਅੱਗ ਲੱਗੇ ਪਿੰਡਾਂ, ਬੋ ਮਾਰਦੇ ਮੁਰਦਿਆਂ, ਚਿੱਕੜਾਂ ਅਤੇ ਦਲਦਲਾਂ ਵਿਚੋਂ ਦੀ ਲੰਘਦਾ ਸੀ। ਜਦੋਂ ਨਾਰੋਵਾਲ ਰੋਡ ਉਤੇ ਕਾਫਲਾ ਵੱਢਿਆ ਜਾਣ ਵਾਲਾ ਸੀ, ਉਦੋਂ ਵੀ ਇਹ ਸਾਡੇ ਨਾਲ ਸੀ। ਜਦੋਂ ਸ਼ੂਕਦੀ ਰਾਵੀ ਵਿਚ ਲੋਕੀਂ ਤਿਲਕ ਤਿਲਕ ਕੇ ਡੁੱਬਦੇ ਰਹੇ, ਉਦੋਂ ਵੀ ਇਹ ਨਾਲ ਸੀ। ਜਦੋਂ ਲੋਕਾਂ ਨੇ ਆਪਣਾ ਸਾਰਾ ਸਾਮਾਨ ਹੌਲੀ ਹੌਲੀ ਸੁੱਟਕੇ ਆਪਣੀ ਜਾਨ ਨੂੰ ਹੀ ਹਲਕਿਆਂ ਕਰਕੇ ਦੌੜਨਾ ਬਿਹਤਰ ਸਮਝਿਆ, ਉਦੋਂ ਵੀ ਇਹ ਸਾਈਕਲ ਸਾਡੇ ਨਾਲ ਰਿਹਾ... ਪਰ ਹੁਣ ਇਹ ਗੁੰਮਨਾਮ ਵਾਧੂ ਜਿਹਾ ਹੋ ਕੇ ਇਵੇਂ ਇਉਂ ਪਿਆ ਹੈ, ਜਿਵੇਂ ਆਜ਼ਾਦੀ ਸੰਗਰਾਮ ਦਾ ਕੋਈ ਸਾਧਾਰਨ ਘੁਲਾਟੀਆ ਸੁੱਤਾ ਪਿਆ ਹੋਵੇ। ਇਤਿਹਾਸ ਦਾ ਇਕ ਅਵਿਸ਼ੇਸ਼, ਇਕ ਖੰਡਰ ਇਕ ਥੇਹ।

ਸਾਨੂੰ ਜਗਦੀਸ਼ ਸਿੰਘ ਦੇ ਇਹ ਖਿਲਰੇ-ਵਰਕੇ ਪੜ੍ਹਕੇ ਬਹੁਤ ਆਨੰਦ ਆਇਆ ਹੈ, ਪਰ ਇਹ ਸੋਚਕੇ ਹੋਰ ਵੀ ਵੱਧ ਆਨੰਦ ਆਉਂਦਾ ਹੈ ਕਿ ਸ਼ਾਇਦ ਸ. ਜਗਦੀਸ਼ ਸਿੰਘ ਸਾਡੀਆਂ ਇਹ ਸਤਰਾਂ ਪੜ੍ਹਕੇ ਅਣਲਿਖੇ ਵਰਕੇ ਲਿਖਣ ਲਈ ਵੀ ਕਮਰ ਕੱਸਾ ਕਰ ਲੈਣ।



Sri Satguru Jagjit Singh Ji eLibrary NamdhariElibrary@gmail.com

# 'ਵਰਿਆਮ' ਦੀ ਵਰਿਆਮਤਾ

—ਗੁਰਬਚਨ ਸਿੰਘ ਭੁੱਲਰ

'ਵਰਿਆਮ' ਦੀ ਸਿਲਵਰ ਜੁਬਲੀ ਮਨਾਈ ਜਾ ਰਹੀ ਹੈ। ਇਹ ਗੱਲ ਸੰਪਾਦਕ ਲਈ ਤਾਂ ਖੁਸ਼ੀ ਵਾਲੀ ਹੋਣੀ ਹੀ ਸੀ, ਇਸਦੇ ਪਾਠਕਾਂ ਅਤੇ ਲੇਖਕਾਂ ਲਈ ਵੀ ਕੋਈ ਘੱਟ ਉਸਤਵੀ ਨਹੀਂ।

'ਵਰਿਆਮ' ਉਹਨਾਂ ਸੁਭਾਗੇ ਪੱਤਰਾਂ ਵਿੱਚੋਂ ਹੈ ਜਿਨ੍ਹਾਂ ਨੇ ਆਪਣੇ ਜਨਮ-ਦਾਤਿਆਂ ਨੂੰ ਆਪਣਾ ਨਾਂ ਦੇ ਕੇ ਪਿਤਰੀ ਰਿਣ ਚੁਕਾਉਣ ਦਾ ਜਤਨ ਕੀਤਾ। ਜਿਵੇਂ 'ਪ੍ਰੀਤਲੜੀ' ਨੇ ਗੁਰਬਖਸ਼ ਸਿੰਘ ਨੂੰ ਪੱਕੇ ਤੌਰ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਬਣਾ ਦਿੱਤਾ ਅਤੇ 'ਪੰਜ ਦਰਿਆ', 'ਆਰਸੀ' ਤੇ 'ਸਿਰਜਨਾ' ਸਦਕਾ ਮੋਹਨ ਸਿੰਘ, ਪ੍ਰੀਤਮ ਸਿੰਘ ਤੇ ਰਘਬੀਰ ਸਿੰਘ ਕ੍ਰਮਵਾਰ ਮੋਹਨ ਸਿੰਘ ਪੰਜ ਦਰਿਆ, ਪ੍ਰੀਤਮ ਸਿੰਘ ਆਰਸੀ ਤੇ ਰਘਬੀਰ ਸਿੰਘ ਸਿਰਜਨਾ ਬਣ ਗਏ, ਉਸੇ ਪ੍ਰਕਾਰ 'ਵਰਿਆਮ' ਸਦਕਾ ਇਹਦੇ ਸਥਾਪਕ ਸੰਤ ਜਗਦੀਸ਼ ਸਿੰਘ ਵੀ ਨਿਰਸੰਦੇਹ ਜਗਦੀਸ਼ ਸਿੰਘ ਵਰਿਆਮ ਸਜ ਗਏ।

ਪਰ ਉਪਰੋਕਤ ਹੋਰ ਸਾਰੇ ਪੱਤਰਾਂ ਦੇ ਟਾਕਰੇ ਤੇ ਵਰਿਆਮ ਦੀ ਵਰਿਆਮਤਾ ਕੁਝ ਵਧੀਕ ਹੈ। ਜਿਥੇ ਇਹਨਾਂ ਸਾਰੇ ਸੰਪਾਦਕਾਂ ਦੇ ਨਾਵਾਂ ਨਾਲ ਉਹਨਾਂ ਦੇ ਪੱਤਰਾਂ ਦੇ ਨਾਂ ਭਾਵੇ ਪੂਰੇ ਸਾਹਿਤਕ ਸੰਸਾਰ ਨੇ ਲੈਣੇ ਸ਼ੁਰੂ ਕਰ ਦਿੱਤੇ, ਤਾਂ ਵੀ ਉਹਨਾਂ ਨੇ ਆਪਣੇ ਵਲੋਂ ਆਪਣੇ ਨਾਂ ਪਹਿਲਾਂ ਵਾਲੇ ਹੀ ਰੱਖੇ। ਦੂਜਿਆਂ ਸਭਨਾਂ ਲਈ ਉਹ ਗੁਰਬਖਸ਼ ਸਿੰਘ ਪ੍ਰੀਤਲੜੀ ਸਨ, ਪਰ ਆਪਣੀ ਕਲਮ ਨਾਲ ਉਹ ਕੇਵਲ ਗੁਰਬਖਸ਼ ਸਿੰਘ ਹੀ ਲਿਖਦੇ ਰਹੇ। ਇਸੇ ਪ੍ਰਕਾਰ ਲੋਕਾਂ ਦੇ ਮੋਹਨ ਸਿੰਘ ਪੰਜ ਦਰਿਆ, ਪ੍ਰੀਤਮ ਸਿੰਘ ਆਰਸੀ ਅਤੇ ਰਘਬੀਰ ਸਿੰਘ ਸਿਰਜਣਾ ਆਪਣੇ ਵਲੋਂ ਮੋਹਨ ਸਿੰਘ ਪ੍ਰੀਤਮ ਸਿੰਘ ਅਤੇ ਰਘਬੀਰ ਸਿੰਘ ਹੀ ਰਹੇ। ਪਰ ਇਹ ਵਰਿਆਮ ਦੀ ਵਰਿਆਮਤਾ ਹੈ ਕਿ ਸੰਪਾਦਕ ਜਗਦੀਸ਼ ਸਿੰਘ ਨੂੰ ਜਦੋਂ ਉਹਨਾਂ ਦੇ ਸਾਜੇ ਵਰਿਆਮ ਨੇ ਲੋਕਾਂ ਲਈ ਜਗਦੀਸ਼ ਸਿੰਘ ਵਰਿਆਮ ਬਣਾ ਦਿਤਾ ਤਾਂ ਉਹ ਆਪ ਵੀ, ਆਪਣੀ ਕਲਮੋਂ ਅਤੇ ਆਪਣੇ ਮੂੰਹੋਂ, ਜਗਦੀਸ਼ ਸਿੰਘ ਵਰਿਆਮ ਹੀ ਹੋ ਗਏ। ਲਾਲੀ ਮੇਰੇ ਲਾਲ ਕੀ ਜਿਤ ਦੇਖੂੰ ਤਿਤ ਲਾਲ, ਲਾਲੀ ਦੇਖਣ ਮੈਂ ਗਈ, ਖ਼ੁਦ ਭੀ ਹੋ ਗਈ ਲਾਲ। ਰਾਂਝਾ-ਰਾਂਝਾ ਆਖਦੀ ਨੀ ਮੈਂ ਆਪੂੰ ਰਾਂਝਾ ਹੋਈ, ਸੱਦੋ ਨੀ ਮੈਨੂੰ ਧੀਦੋ ਰਾਂਝਾ,ਹੀਰ ਨਾ ਆਖੋ ਕੋਈ।

ਸੰਤ ਜਗਦੀਸ਼ ਸਿੰਘ ਵਰਿਆਮ ਇਕ ਸਮਰਪਿਤ ਅਤੇ ਸ਼ਰਧਾਵਾਨ ਨਾਮਧਾਰੀ ਹਨ। ਉਹਨਾਂ ਦੀ ਸਮੁੱਚੀ ਸੋਚ, ਕਰਨੀ ਅਤੇ ਕਹਿਣੀ ਨਾਮਧਾਰੀ ਸਿਧਾਂਤ ਅਤੇ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਵੱਲ ਸੇਧੀ ਰਹਿੰਦੀ ਹੈ। ਇਹ ਉਹਨਾਂ ਦੀ ਇਸ ਸਬੰਧ ਵਿਚ ਇਕਾਗਰਤਾ ਅਡੋਲਤਾ ਦਾ ਪ੍ਰਮਾਣ ਹੀ ਹੈ ਕਿ ਅੱਜ ਵਰਿਆਮ ਮਾਸਕ ਨੂੰ ਵੀ ਨਾਮਧਾਰੀ ਪੰਥ ਨਾਲ ਓਨੀ ਹੀ ਨੇੜਵੀਂ ਤਰ੍ਹਾਂ ਜੋੜ ਕੇ ਦੇਖਿਆ ਜਾਂਦਾ ਹੈ ਜਿਵੇਂ ਪਾਠਕ ਅਧਿਕਾਰਿਤ ਸਪਤਾਹਿਕ ਸਤਿਜੁਗ ਨੂੰ ਦੇਖਦੇ ਹਨ।

ਪਰ ਸੰਤ ਜਗਦੀਸ਼ ਸਿੰਘ ਵਰਿਆਮ ਦੀ ਧਾਰਮਿਕਤਾ ਦੇ ਨਾਲ-ਨਾਲ ਉਹਨਾਂ ਦੇ ਅੰਦਰ ਇਕ ਸਾਹਿਤਕਾਰ, ਇਕ ਵਾਰਤਿਕਕਾਰ ਵੀ ਬੈਠਾ ਹੋਇਆ ਹੈ ਜੋ ਸਮੇਂ-ਸਮੇਂ ਇਹਨਾਂ ਦੇ ਚਾਹੁੰਦਿਆਂ ਨਾ ਚਾਹੁੰਦਿਆਂ ਪ੍ਰਗਟ ਹੁੰਦਾ ਰਹਿੰਦਾ ਹੈ। 'ਵਰਿਆਮ' ਦੇ ਪੰਨਿਆ ਉਤੇ ਸਾਹਿਤ ਦਾ ਛਿੱਟਾ ਨਿਰੰਤਰ ਦਿੰਦਾ ਰਹਿੰਦਾ ਹੈ। ਇਉਂ ਵਰਿਆਮ ਜਿੰਨਾ ਧਾਰਮਿਕ ਹਲਕਿਆਂ ਲਈ ਆਪਣਾ ਬਣ ਗਿਆ ਹੈ, ਓਨਾ ਹੀ ਸਾਹਿਤਕ ਹਲਕਿਆਂ ਵਿਚ ਹਰਮਨ-ਪਿਆਰਾ ਹੋ ਨਿਬੜਿਆ ਹੈ। ਸੰਪਾਦਕ ਦੀ ਸਾਹਿਤਕਤਾ ਅਤੇ ਵਾਰਤਿਕਤਾ ਹਰ ਅੰਕ ਦੇ ਸੰਪਾਦਕੀ ਵਿਚ ਤਾਂ ਉਜਾਗਰ ਹੁੰਦੀ ਹੀ ਹੈ, ਕਦੀ-ਕਦੀ ਜਦੋਂ ਉਹਨਾਂ ਨੂੰ ਆਪਣੀ ਬਹੁਭਾਂਤੀ ਭੱਜ-ਭਜਾਈ ਵਿਚੋਂ ਕੁਝ ਫੁਰਸਤ ਮਿਲ ਸਕੇ, ਕਿਸੇ ਲੰਮੇਰੀ ਲਿਖਤ ਦੇ ਰੂਪ ਵਿਚ ਵੀ ਆਪਣਾ ਕਮਾਲ ਦਿਖਾ ਜਾਂਦੀ ਹੈ। ਸ਼ਾਇਦ ਪਾਠਕਾਂ ਵਿਚੋਂ ਧਾਰਮਿਕ ਧਿਰ ਇਹ ਸੋਚਦੀ ਹੋਵੇ ਕਿ ਸੰਪਾਦਕ ਦੀ ਸਾਹਿਤਕਤਾ ਉਹਨਾਂ ਦੀ ਧਾਰਮਿਕਤਾ ਵਿਚੋਂ ਹਿੱਸਾ ਵੰਡਾ ਕੇ ਲੈ ਜਾਂਦੀ ਹੈ, ਪਰ ਮੇਰਾ ਮੱਤ ਹੈ ਕਿ ਧਾਰਮਿਕਤਾ ਉਹਨਾਂ ਦੀ ਸਾਹਿਤਕਤਾ ਨੂੰ ਬਣਦਾ ਹਿੱਸਾ ਦੇਣ ਨਹੀਂ ਦਿੰਦੀ।

ਮੈਨੂੰ ਇਕ ਮਿਸਾਲ ਚੇਤੇ ਆਉਂਦੀ ਹੈ। ਪਿਛਲੇ ਸਾਲ ਜੁਲਾਈ ਅੰਕ ਵਿਚ ਜਗਦੀਸ਼ ਸਿੰਘ ਜੀ ਨੇ ਸੁਰਿੰਦਰ ਸੁਮਨ ਦੇ ਚਲਾਣੇ ਸੰਬੰਧੀ ਇਕ ਲੇਖ ਲਿਖਿਆ, 'ਸੁਮਨ ਨੂੰ ਯਾਦ ਕਰਦਿਆਂ' ਇਹਨਾਂ ਨੂੰ ਅਤੇ ਇਹਨਾਂ ਦੀ ਕਲਮ ਨੂੰ ਚਿਰਾਂ ਤੋਂ ਜਾਣਦਾ ਹੋਣ ਦੇ ਬਾਵਜੂਦ ਮੈਂ ਹੈਰਾਨ ਹੀ ਰਹਿ ਗਿਆ। ਮੈਂ ਸੋਚਿਆਂ ਕਿ ਜੇ ਪੂਰਾ ਧਿਆਨ ਨਾ ਸਹੀ, ਕੁਝ ਕੁ ਵਧੀਕ ਧਿਆਨ ਹੀ ਵਾਰਤਿਕ ਲਿਖਣ ਵੱਲ ਦੇ ਸਕਦੇ ਹੁੰਦੇ, ਕੀ ਦਾ ਕੀ ਹੋ ਜਾਂਦਾ।

ਇਹ ਲੇਖ ਪੜ੍ਹ ਕੇ ਭੇਜੀ ਅਤੇ 'ਵਰਿਆਮ' ਦੇ ਅਗਸਤ ਅੰਕ ਵਿਚ ਛਪੀ ਚਿੱਠੀ ਵਿਚ ਮੈਂ ਲਿਖਿਆ ਸੀ : "ਉਂਜ ਤਾਂ ਮੈਂ ਤੁਹਾਨੂੰ ਅਨੇਕ ਵਾਰ ਦੱਸ ਚੁੱਕਿਆ ਹਾਂ ਕਿ 'ਵਰਿਆਮ' ਮੈਨੂੰ ਚੰਗਾ ਲਗਦਾ ਹੈ, ਪਰ ਅੱਜ ਇਹ ਇਕ ਹੋਰ ਕਾਰਨ ਕਰਕੇ ਚੰਗਾ ਲਗਿਆ। ਉਹ ਇਹ ਕਿ ਇਹ ਤੁਹਾਨੂੰ ਰੁਝਾਈ ਰਖਦਾ ਹੈ। ਕਾਗਜ਼ ਖਰੀਦੋ, ਰਚਨਾਵਾਂ ਮੰਗਵਾਉ, ਪਰੂਫ਼ ਪੜ੍ਹੋ, ਬਾਈਡਿੰਗ



Sri Satguru Jagjit Singh Ji eLibrary NamdhariElibrary@gmail.com

ਕਰੋ, ਡਾਕ ਵਿਚ ਪਾਓ, ਵਗੈਰਾ ਵਗੈਰਾ। ਜੇ ਇਹ ਨਾ ਹੁੰਦਾ ਅਤੇ ਰੱਬ ਨਾ ਕਰੇ, ਤੁਸੀਂ ਵਾਰਤਿਕ ਲਿਖਣ ਵੱਲ ਪੂਰਾ ਧਿਆਨ ਦੇ ਦਿੰਦੇ, ਜੋ ਸਾਡੇ 'ਮਹਾਨ' ਵਾਰਤਿਕਕਾਰ ਹਨ, ਉਹ ਬਿਚਾਰੇ ਕਿੱਧਰ ਜਾਂਦੇ ? ਅਗਰ ਦੁਨੀਆ ਚਮਨ ਹੋਤੀ, ਤੋ ਵੀਰਾਨੇ ਕਹਾਂ ਜਾਤੇ ?"

ਇਹ ਗੱਲ ਵੱਖਰੀ ਹੈ ਅਤੇ ਮੈਂ ਪਾਠਕਾਂ ਨਾਲ ਇਸਨੂੰ ਸਾਂਝੀ ਕਰਕੇ ਆਪਣਾ ਆਪ ਬਗੋਣਾ ਅਤੇ ਆਪੇ ਖੱਜਲ ਹੋਣਾ ਨਹੀਂ ਚਾਹੁੰਦਾ ਕਿ ਮੇਰੀ ਕੀਤੀ ਇਹ ਵਡਿਆਈ ਮੇਰੇ ਕਿਸੇ ਕੰਮ ਨਾ ਆਈ। ਮਹਾਂਰਿਸ਼ੀ ਚਾਰਵਾਕ ਦਾ ਉਪਦੇਸ਼ ਹੈ, "ਇਹੋ ਸੰਸਾਰ ਯਥਾਰਥ ਹੈ, ਸੋ ਇਸੇ ਨੂੰ ਮਾਣੋ। ਜੇ ਮਾਣਨ ਵਾਲੀ ਕੋਈ ਚੀਜ਼ ਮੰਗਣੀ ਪਵੇ, ਮੰਗਣੋ ਨਾ ਝਿਜਕੋ। ਜੇ ਮੰਗਿਆਂ ਨਾ ਮਿਲੇ, ਚੋਰੀ ਕਰੋ। ਪਰ ਮਾਣੋ ਜ਼ਰੂਰ!" ਦਿੱਲੀ ਬੈਠਾ ਜਲੰਧਰ ਚੋਰੀ ਤਾਂ ਕਰ ਨਹੀਂ ਸਾਂ ਸਕਦਾ, ਸੋ ਮਹਾਂਰਿਸ਼ੀ ਚਾਰਵਾਕ ਨੂੰ ਧਿਆ ਕੇ ਅਤੇ ਬੇਝਿਜਕ ਹੋ ਕੇ ਸੰਤ ਜਗਦੀਸ਼ ਸਿੰਘ ਵਰਿਆਮ ਦੀ ਵਾਰਤਿਕ ਦੀ ਏਨੀ ਮੁਕਤ-ਕਲਮ ਵਡਿਆਈ ਬਦਲੇ ਮੈਂ ਉਹਨਾਂ ਤੋਂ ਸੁਰਿੰਦਰ ਸੁਮਨ ਦੀ ਕੈਸਿਟ ਉਸੇ ਚਿੱਠੀ ਵਿਚ ਮੰਗ ਲਈ। 'ਮਾਂਗੇ ਮਿਲੇ ਨਾ ਭੀਖ' ਦੇ ਲੋਕ-ਕਥਨ ਅਨੁਸਾਰ ਉਹਨਾਂ ਨੇ ਮੇਰੀ ਇਹ ਮੰਗ ਛਾਪ ਤਾਂ ਦਿੱਤੀ, ਪਰ ਕੈਸਿਟ ਮੈਨੂੰ ਨਾ ਹੀ ਮਿਲੀ। ਇਸ ਲੇਖ ਦੀ ਵਾਰਤਿਕ ਦੇ ਕਮਾਲ ਨੇ ਜਿੰਨਾ ਹੈਰਾਨ ਕੀਤਾ ਸੀ, ਸੰਪਾਦਕ ਵਲੋਂ ਮੇਰੀ ਇਸ ਮੰਗ ਨੂੰ ਅਣਸੁਣਿਆ ਕੀਤੇ ਜਾਣ ਨੇ ਓਨਾ ਹੀ ਪਰੇਸ਼ਾਨ ਕੀਤਾ ਹੈ। ਮੇਰੀ ਇਸ ਪਰੇਸ਼ਾਨੀ ਵਿਚ ਇਹ ਸੋਚ ਕੇ ਹੋਰ ਵਾਧਾ ਹੋ ਜਾਂਦਾ ਹੈ ਕਿ ਸਾਡੇ ਵਰਗਿਆਂ ਦੀਆਂ ਪੱਗ ਦੇ ਉਲਟ ਨਾਮਧਾਰੀ ਪੱਗ, ਦੋਵੇਂ ਕੰਨ ਨੰਗੇ ਛਡਦੀ ਹੋਣ ਕਰਕੇ, ਗੱਲ ਸੁਣੀ ਨਾ ਹੋਣ ਦਾ ਬਹਾਨਾ ਕਰਦਿਆਂ ਅਣਸੁਣੀ ਕਰ ਦੇਣ ਦੀ ਗੁੰਜਾਇਸ਼ ਨਹੀਂ ਛਡਦੀ। ਚਲੋ, ਜੇ ਸੰਪਾਦਕ ਜੀ ਅਜੇ ਵੀ ਸੁਰਿੰਦਰ ਸੁਮਨ ਦੀ ਕੈਸਿਟ ਨਹੀਂ ਭੇਜਦੇ ਤਾਂ ਦੇਖਣਾ ਪਵੇਗਾ ਕਿ ਇਹਦੀ ਪ੍ਰਾਪਤੀ ਲਈ ਮਹਾਂਰਿਸ਼ੀ ਚਾਰਵਾਕ ਦਾ ਕਿਹੜਾ ਹੋਰ ਉਪਦੇਸ਼ ਅਮਲ ਵਿਚ ਲਿਆਂਦਾ ਜਾਵੇ।

'ਵਰਿਆਮ' ਦੀ ਸਾਹਿਤਕਤਾ ਕੇਵਲ ਸੰਪਾਦਕ ਦੀ ਵਾਰਤਿਕ ਵਿਚ ਹੀ ਨਹੀਂ, ਸਗੋਂ ਇਸ ਵਿਚ ਸਾਹਿਤ ਨੂੰ ਉਚੇਚ ਜਤਨਾਂ ਨਾਲ ਸਥਾਨ ਦੇਣ ਵਿਚ ਵੀ ਹੈ। ਇਸ ਤੋਂ ਵੀ ਵਧ ਕੇ 'ਵਰਿਆਮ' ਨੇ ਸਮੇਂ-ਸਮੇਂ ਨਾਮੀ ਸਾਹਿਤਕਾਰਾਂ ਦੇ ਵਿਸ਼ੇਸ਼ ਅੰਕ ਕੱਢ ਕੇ ਪ੍ਰਸੰਸਾਯੋਗ ਕਾਰਜ ਕੀਤਾ ਹੈ। ਇਹਨਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ ਨਾਵਲਕਾਰ, ਪ੍ਰੋ. ਮੋਹਨ ਸਿੰਘ ਆਦਿ ਨੂੰ ਸਮਰਪਿਤ ਅੰਕ ਵਿਸ਼ੇਸ਼ ਚਰਚਾ ਦਾ ਵਿਸ਼ਾ ਬਣੇ ਹਨ। ਤੇ ਫੇਰ ਵਰਿਆਮ ਸਿੰਘ ਸੰਧੂ ਅੰਕ। ਵਰਿਆਮ ਸਿੰਘ ਸੰਧੂ ਦਾ ਵਰਿਆਮ ਮਾਸਕ ਅਤੇ ਜਗਦੀਸ਼ ਸਿੰਘ ਵਰਿਆਮ ਨਾਲ ਬਹੁਤ ਪਿਆਰਾ ਸਬੰਧ ਹੈ। ਅਜਿਹੇ ਸੰਬੰਧਾਂ ਬਾਰੇ ਪੰਜਾਬੀ ਵਿਚ ਇਕ ਕਹਾਵਤ ਹੈ ਜੋ ਇਸ ਸਮੇਂ ਮੇਰੇ ਮਨੋਂ ਉੱਤਰ ਗਈ ਹੈ ਅਤੇ ਕਾਹਲੀ ਵਿਚ ਯਾਦ ਨਹੀਂ ਆ ਰਹੀ। ਉਸ ਕਹਾਵਤ ਅਨੁਸਾਰ, ਪਤਾ ਨਹੀਂ ਕਿਸਨੂੰ ਪਤਾ ਨਹੀਂ ਕੌਣ ਸੌ ਵਲ-ਫੇਰ ਪਾ ਕੇ ਆ ਮਿਲਦਾ ਹੈ। ਇਹਨਾਂ ਸਾਰੇ ਵਰਿਆਮਾਂ ਦਾ ਮਿਲਨ ਅਜਿਹਾ ਹੀ ਹੈ। ਇਸਨੂੰ ਅੰਗਰੇਜ਼ੀ ਵਾਲੇ 'ਮੇਡ ਫ਼ਾਰ ਈਚ ਅਦਰ' ਆਖਦੇ ਹਨ, ਇਕ ਦੂਜੇ ਲਈ ਜਿਉਣ ਵਾਲੇ।

ਗੁਰੂ ਸਾਹਿਬਾਨ ਬਾਰੇ ਅਨੇਕਾਂ-ਅਨੇਕ ਅੰਕਾਂ ਤੋਂ ਇਲਾਵਾ ਆਜ਼ਾਦੀ-ਸੰਗਰਾਮ ਦੀਆਂ ਯਾਦਾਂ ਨੂੰ ਸਮਰਪਿਤ ਅੰਕ ਯਾਦਗਾਰੀ ਰਹੇ ਹਨ। ਤੇ ਫੇਰ ਸਾਹਿਤ ਤੋਂ ਇਲਾਵਾ ਹੋਰ ਕਲਾਵਾਂ ਖਾਸ ਕਰਕੇ ਸੰਗੀਤ ਕਲਾ। ਸ਼ਾਸਤਰੀ ਸੰਗੀਤ ਨੂੰ 'ਵਰਿਆਮ' ਦੇ ਪੰਨਿਆਂ ਅਤੇ ਟਾਈਟਲਾਂ ਉਤੇ ਵਿਸ਼ੇਸ਼ ਆਦਰ ਮਿਲਦਾ ਹੈ। ਇਸੇ ਪ੍ਰਕਾਰ ਖੇਡਾਂ ਨੂੰ ਲੋੜੀਂਦਾ ਸਥਾਨ ਦਿੱਤਾ ਜਾਂਦਾ ਹੈ।

'ਵਰਿਆਮ' ਦੀ ਇਕ ਹੋਰ ਸਿਫ਼ਤ, ਜੋ ਮੈਨੂੰ ਖਾਸ ਕਰਕੇ ਪਿਆਰੀ ਲਗਦੀ ਹੈ, ਉਹ ਹੈ ਇਹਦੇ ਕਲਾ-ਭਰਪੂਰ ਟਾਈਟਲ। ਇਹਦੇ ਟਾਈਟਲ, ਜੋ ਆਮ ਕਰਕੇ ਚਿਤਰਕਾਰ ਸੁਖਵੰਤ ਸਿੰਘ ਦੇ ਬਣਾਏ ਹੁੰਦੇ ਹਨ, ਏਨੇ ਮਨਮੋਹਕ ਹੁੰਦੇ ਹਨ ਕਿ ਅੱਖਾਂ ਦੇਖ ਕੇ ਰਜਦੀਆਂ ਨਹੀਂ। ਦਸੰਬਰ ੧੯੯੭ ਦੇ ਕਵਰ ਦੀ ਸ਼ਾਂਤ ਅਧਿਆਤਮਿਕਤਾ, ਅਗਸਤ ੧੯੯੮ ਦੇ ਕਵਰ ਦਾ ਅਲੌਕਿਕ ਵਿਸਮਾਦ, ਮਾਰਚ ੧੯੯੯ ਦੇ ਕਵਰ ਦਾ ਪ੍ਰਕਿਰਤੀ ਪ੍ਰਕਾਸ਼ ਆਪਣੀਆਂ ਮਿਸਾਲਾਂ ਆਪ ਹਨ।

ਜ਼ਿੰਦਗੀ ਨਾਲ, ਕਲਾ ਨਾਲ, ਸਮਾਜ ਨਾਲ ਏਨੀ ਪਰਵਾਹ, ਜ਼ਿੰਮੇਵਾਰੀ ਅਤੇ ਲਗਨ ਨਾਲ ਜੁੜੇ ਹੋਏ ਮਾਸਕ 'ਵਰਿਆਮ' ਨੂੰ ਉਹਦੀ ਸਿਲਵਰ ਜੁਬਲੀ ਸਮੇਂ ਚਹੁੰ ਕੂੰਟਾਂ ਤੋਂ ਵਧਾਈਆਂ, ਅਸੀਸਾਂ ਅਤੇ ਸ਼ੁਭ-ਕਾਮਨਾਵਾਂ ਦਾ ਮਿਲਣਾ ਸੁਭਾਵਿਕ ਹੀ ਹੈ। ਬਿਨਾਂ-ਸ਼ੱਕ ਇਸ ਨਾਲ 'ਵਰਿਆਮ' ਦੇ ਸੰਤ ਜਗਦੀਸ਼ ਸਿੰਘ ਵਰਿਆਮ ਨੂੰ ਉਤਸ਼ਾਹ ਵੀ ਮਿਲੇਗਾ ਅਤੇ ਆਪਣੀ ਸੰਪਾਦਕੀ ਜ਼ਿੰਮੇਵਾਰੀ ਦਾ ਹੋਰ ਤਿਖੇਰਾ ਅਹਿਸਾਸ ਵੀ ਹੋਵੇਗਾ। ਉਹਨਾਂ ਦੀ ਹੁਣ ਤੱਕ ਦੀ ਘਾਲਨਾ ਵੱਲ ਦੇਖਦਿਆਂ ਇਹ ਵਿਸ਼ਵਾਸ ਬੱਝਣਾ ਵੀ ਸੁਭਾਵਿਕ ਹੈ ਕਿ ਉਹ ਆਪਣੀ ਇਸ ਜ਼ਿੰਮੇਵਾਰੀ ਨੂੰ ਪਹਿਲਾਂ ਨਾਲੋਂ ਵੀ ਵੱਧ ਨਿਸ਼ਠਾ ਨਾਲ ਨਿਭਾਉਣਗੇ। ਹੋਰ ਚੌਵੀ ਸਾਲ, ਤੇ ਫੇਰ ਅਸੀਂ 'ਵਰਿਆਮ' ਦੀ ਗੋਲਡਨ ਜੁਬਲੀ ਇਸ ਸਿਲਵਰ ਜੁਬਲੀ ਨਾਲੋਂ ਵੀ ਵੱਧ ਸਜਣਾਂ ਨਾਲ ਮਨਾਵਾਂਗੇ।

*ਐਨ ਡੀ-੫੦ ਵਿਸ਼ਾਖ ਐਨਕਲੇਵ*
*ਦਿੱਲੀ-੧੧੦੦੮੮*



Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਡੇਰਾ ਰਾਧਾ ਸੁਆਮੀ ਬਿਆਸ ਵਿਚ ਸ੍ਰੀ ਮਹਾਰਾਜ ਚਰਨ ਸਿੰਘ ਜੀ ਦੀ ਸਿਹਤ ਦਾ ਪਤਾ ਲੈਣ ਵਾਸਤੇ ਪਧਾਰੇ। ਇਸ ਅਵਸਰ ਤੇ ਖਿੱਚੀ ਗਈ ਇਤਿਹਾਸਕ ਤਸਵੀਰ ਦੇ ਹੋਰ ਪਾਤਰ ਹਨ, ਪਿਛੇ ਖੜੇ ਸ. ਜਗਦੀਸ਼ ਸਿੰਘ ਵਰਿਆਮ, ਸ. ਗੁਰਦੇਵ ਸਿੰਘ ਮਦਾਰ, ਸ. ਹਰਮੀਤ ਸਿੰਘ ਬਿੱਟੂ ਮੰਡੀ ਅਤੇ ਸੰਤ ਮਹਿੰਦਰ ਸਿੰਘ ਪਰਬਾ। ੫ ਜਨ-੧੯੯੯

Sri Satguru Jagjit Singh Ji eLibrary NamdhariElibrary@gmail.com




ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਦਿੱਲੀ ੧੯੭੪ ਦੀ ਸਟੇਜ ਦਾ ਸੰਚਾਲਨ ਕਰਦਿਆਂ ਜਗਦੀਸ਼ ਸਿੰਘ। ਸ੍ਰੀ ਸਤਿਗੁਰੂ ਜਗਜੀਤ ਜੀ ਦੀ ਛੱਤਰ ਛਾਇਆ ਹੇਠ ਹੋਏ ਸੰਮੇਲਨ ਵਿਚ ਸਤਿਗੁਰੂ ਜੀ ਦੇ ਸਨਮੁਖ ਬੈਠੇ ਹਨ ਡਾਕਟਰ ਸ਼ੰਕਰ ਦਿਆਲ ਸ਼ਰਮਾ, ਮਹਾਰਾਜ ਬੀਰ ਸਿੰਘ ਅਤੇ ਸੇਠ ਤਰਲੋਕ ਸਿੰਘ ਚਾਵਲਾ।



ਲਖਨਊ ਸੰਗੀਤ ਸੰਮੇਲਨ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਇਕ ਯਾਦਗਾਰੀ ਗਰੁਪ ਫੋਟੋ। ਖੱਬੇ ਤੋਂ ਸੱਜੇ ਸੁਰਿੰਦਰ ਸਿੰਘ ਸੁਮਨ ਗਾਇਕ, ਸ. ਸੁਰਿੰਦਰ ਸਿੰਘ ਮਨਚੰਦਾ, ਸ੍ਰੀ ਸਤਿਗੁਰੂ ਜੀ, ਜਗਦੀਸ਼ ਸਿੰਘ ਵਰਿਆਮ, ਪ੍ਰਿੰ. ਸ. [illegible] ਸਿੰਘ, ਸ੍ਰੀ [illegible] ਸਿੰਘ ਪੰਛੀ ਅਤੇ ਸ੍ਰੀ [illegible] ਸਿੰਘ ਕਵੀ।

Sri Satguru Jagjit Singh Ji eLibrary NamdhariElibrary@gmail.com



ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਭਾਰਤ ਦੇ ਨਾਲ। ਸ੍ਰੀਮਤੀ ਗਾਂਧੀ ਵਰਿਆਮ ਦੇ ਸਤਿਗੁਰੂ ਜਗਜੀਤ ਸਿੰਘ ਅੰਕ ਦੀ ਪਰਸ਼ੰਸਾ ਕਰਦੇ ਹੋਏ ਸਤਿਗੁਰੂ ਜੀ ਨਾਲ ਆਪਣੀ ਤਸਵੀਰ ਨਿਹਾਰਦਿਆਂ। ਉਸਤਾਦ ਹਰਭਜਨ ਸਿੰਘ, ਸ. ਹ.ਸ. ਹੰਸਪਾਲ ਐਸ.ਪੀ.(ਗਰੁਪ ਲੀਡਰ) ਸ. ਬਲਦੇਵ ਸਿੰਘ ਦਿੱਲੀ ਅਤੇ ਸ. ਸੁਲੱਖਣ ਸਿੰਘ ਵੀ ਨਾਲ ਹਨ।



ਗਿਆਨੀ ਜ਼ੈਲ ਸਿੰਘ ਜੀ ਨੂੰ ਰਾਸ਼ਟਰਪਤੀ ਬਨਣ ਤੇ ਵਧਾਈਆਂ ਪੇਸ਼ ਕਰ ਰਹੇ ਵਰਿਆਮ ਸੰਪਾਦਕ ਸ. ਜਗਦੀਸ਼ ਸਿੰਘ। ਨਾਲ ਹਨ ਸ. ਹਰਵਿੰਦਰ ਸਿੰਘ ਹੰਸਪਾਲ।

Sri Satguru Jagjit Singh Ji eLibrary NamdhariElibrary@gmail.com




ਸੰਤ ਹਰਚੰਦ ਸਿੰਘ ਲੌਂਗੋਵਾਲ ਨਮਿਤ ਪਏ ਭੋਗ ਸਮੇਂ ਨਾਮਧਾਰੀ ਦਰਬਾਰ ਵਲੋਂ ਸ. ਸੁਰਜੀਤ ਸਿੰਘ ਬਰਨਾਲਾ ਨੂੰ ਸਿਰੋਪਾਓ ਮਾਲਾ, ਦਸਤਾਰ, ਗੁਟਕਾ ਗੜਵਾ, ਪਊਲੇ ਭੇਟ ਕਰਦੇ ਹੋਏ ਸ. ਜਗਦੀਸ਼ ਸਿੰਘ ਵਰਿਆਮ। ਸ. ਬਲਵੰਤ ਸਿੰਘ ਰਾਮੂਵਾਲੀਆ (ਸਟੇਜ ਸੰਚਾਲਕ) ਨਾਲ ਖੜੇ ਹਨ।



ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਰੋਹ ਜਲੰਧਰ ਸਮੇਂ ਪੰਜਾਬ ਦੇ ਮੁਖ ਮੰਤਰੀ ਸ. ਦਰਬਾਰਾ ਸਿੰਘ ਨੂੰ ਸਨਮਾਨ ਬੈਜ [illegible] ਸਿੰਘ ਵਰਿਆਮ। (ਮਿ[illegible])

Sri Satguru Jagjit Singh Ji eLibrary NamdhariElibrary@gmail.com

# ਜਗਦੀਸ਼ ਸਿੰਘ ਵਰਿਆਮ ਦੇ ਸ਼ਬਦ ਚਿੱਤਰ

**ਸੁਵਰਨ ਸਿੰਘ ਵਿਰਕ**

ਬੜਾ ਚਿਰ ਹੱਸਿਆ ਸੋਨੇ ਦਾ ਜੰਗਲ, ਜਦੋਂ ਇਹ ਆਖ ਕੇ ਲੱਗਿਆ ਮੈਂ ਪਰਤਣ
ਕਿ ਤੇਰੇ ਚਾਂਦੀ ਰੰਗੇ ਕੰਡਿਆਂ ਵਿਚ, ਮੇਰੀ ਪਗੜੀ ਦਾ ਸ਼ਮਲਾ ਅੜਕਦਾ ਹੈ।

—*ਸੁਰਜੀਤ ਪਾਤਰ*

ਹਰ ਮਨੁੱਖ ਦਾ ਆਪਣਾ ਇਕ ਇਤਿਹਾਸ ਹੁੰਦਾ ਹੈ ਜਿਸ ਵਿਚ ਉਸ ਦੇ ਭੂਗੋਲ ਦਾ ਵੀ ਯੋਗਦਾਨ ਹੁੰਦਾ ਹੈ। ਪੂਰਨ ਭਗਤ ਦੀ ਲੋਕ ਕਥਾ ਨੇ ਸ਼ਹਿਰ ਸਿਆਲਕੋਟ ਨੂੰ ਪ੍ਰਸਿਧੀ ਬਖਸ਼ੀ। ਇਸ ਦੀ ਤਹਿਸੀਲ ਨਾਰੋਵਾਲ ਨੂੰ ਸਾਡਾ 'ਬਿਰਹਾ ਦਾ ਸੁਲਤਾਨ' ਸ਼ਾਇਰ ਸ਼ਿਵ ਕੁਮਾਰ ਇਹ ਕਹਿ ਕੇ ਸਾਹਿਤ ਵਿਚ ਦਰਜ ਕਰ ਗਿਆ :

ਨਾਰੋਵਾਲ ਦੀ ਕੰਜਰੀ
ਕਮਾਮੀ ਪਾਨ ਖਾਂਦੀ ਆ।

ਇਸੇ ਤਹਿਸੀਲ ਦਾ ਇਕ ਪਿੰਡ 'ਢੇ' ਜਿਸ ਦਾ ਨਾਂ ਜਾਪੁ ਸਾਹਿਬ ਦੇ ਇਕ ਅੱਖਰੀ ਛੰਦ ਵਰਗਾ ਹੈ। ਜਿਸ ਪਿੰਡ ਦੇ ਬਾਂਕ ਫੌਜੀ ਸਿੰਘਾਂ ਦੀ ਛੱਬ ਵੇਖ ਕੇ ਹੀ ਵੀਹਵੀਂ ਸਦੀ ਦਾ ਗੁਰਬਾਣੀ ਦਾ ਸੁਸ਼ਟ ਵਿਆਖਿਆਕਾਰ ਪ੍ਰਿੰਸੀਪਲ ਸਾਹਿਬ ਸਿੰਘ ਗੁਰੂ ਕੇ ਪੰਥ ਵਿਚ ਸ਼ਾਮਲ ਹੋ ਗਿਆ ਸੀ। 'ਫਰੜੇ ਵਿਅਕਤੀ' ਅਤੇ 'ਫਰੜੇ ਨਜ਼ਾਮ ਨੂੰ' ਨਾ ਪਸੰਦ ਕਰਨ ਵਾਲੇ ਸੰਤ ਨੱਥਾ ਸਿੰਘ ਨਾਮਧਾਰੀ, ਜੋ ਇਸੇ ਪਿੰਡ ਦੇ ਸਨ, ਦੇ ਬਾਲਕੇ 'ਦੀਸ਼ੇ' ਨੇ ਹੀ ਕਾਲਾਂਤਰ ਵਿਚ ਜਗਦੀਸ਼ ਸਿੰਘ ਵਰਿਆਮ ਦਾ ਨਾਂ ਧਾਰਨ ਕੀਤਾ। ਭਾਈ ਲਾਲੋਆਂ ਦੇ ਕਿਰਤੀ ਪਰਿਵਾਰ ਦਾ ਸਾਤਵਿਕ ਪਿਛੋਕੜ, ਜਗੀਰੂ ਤੇ ਸਾਮਰਾਜੀ-ਬਸਤੀ ਵਾਦੀ ਹਰ ਤਰ੍ਹਾਂ ਦੀ ਲੁਟ ਚੋਂਘ ਦਾ ਵਿਰੋਧ ਕਰਨ ਦੀ ਨਾਮਧਾਰੀ ਪੰਥ ਦੀ ਵਿਰਾਸਤ, ਚਾਂਦੀ ਵਾਂਗੂ ਚਮਕਦੀਆਂ ਤੇ ਇਸ ਭੂ ਭਾਗ ਨੂੰ ਛੋਹ ਕੇ ਲੰਘਣ ਵਾਲੀਆਂ ਰਾਵੀ ਦੀਆਂ ਛੱਲਾਂ ਵਿਚੋਂ ਸੁਰ ਸ਼ਬਦ ਅਤੇ ਸਾਹਿਤ ਦਾ ਸੁਮੇਲ ਬਣਨਾ, ਜਗਦੀਸ਼ ਸਿੰਘ ਵਰਿਆਮ ਦੀ ਪ੍ਰਤਿਭਾ ਦੇ ਹਿਸੇ ਆਇਆ। ਦੋ ਪੈਰ ਘੱਟ ਤੁਰ ਕੇ ਵੀ ਮਟਕ ਨਾਲ ਤੁਰਨ ਦੀ ਠੇਠ ਪੰਜਾਬੀ ਸ਼ੈਲੀ ਨੂੰ ਪਰਣਾਇਆ ਸਾਡਾ ਇਹ ਸਾਹਿਤਕ ਪੱਤਰਕਾਰ ਸੁਰਜੀਤ ਪਾਤਰ ਦੇ ਉਪਰੋਕਤ ਦਰਗਾਹੀ ਲਫਜ਼ਾਂ ਤੇ ਖਰਾ ਉਤਰਦਾ ਹੈ।

ਕਿਸੇ ਸਿਆਣੇ ਨੇ ਕਦੇ ਕਿਹਾ ਸੀ ਕਿ ਪੰਜਾਬੀ ਵਿਚ ਪਰਚਾ ਕੱਢਣਾ 'ਤੇ ਉਹ ਵੀ ਸਾਹਿਤਕ ਪਰਚਾ ਕਿੱਕਰ ਨੂੰ ਜੱਫੀ ਪਾਉਣ ਵਾਲੀ ਗੱਲ ਸੀ ਜਿੱਥੇ ਸੂਲਾਂ ਵੀ ਨੇ ਤੇ ਕੀੜੇ ਵੀ ਨੇ।

ਉਸ ਦੌਰ ਵਿਚ ਉਸੇ ਸੱਜਣ ਦੇ ਮੁਤਾਬਿਕ ਪੰਜਾਬ ਦੇ ਹਰ ਸ਼ਹਿਰ ਵਿਚੋਂ ਕੋਈ ਨਾ ਕੋਈ ਪਰਚਾ ਨਿਕਲਣਾ ਸ਼ੁਰੂ ਹੋਇਆ। ਪਰੰਤੂ ਬਹੁਤ ਸਾਰੇ ਪਰਚਿਆਂ ਦੀ ਛੇਤੀ ਹੀ 'ਇੱਕਤੀ ਫਰਵਰੀ' ਹੋ ਗਈ। ਇਹ ਇਕ ਸੁਖਦ ਅਨੁਭਵ ਹੀ ਤਾਂ ਕਿਹਾ ਜਾਏਗਾ ਕਿ 'ਵਰਿਆਮ' ਆਪਣੇ ਸਿਲਵਰ ਜੁਬਲੀ ਵਰ੍ਹੇ ਨੂੰ ਸਫਲਤਾ ਪੂਰਵਕ ਪਾਰ ਕਰ ਗਿਆ ਹੈ। ਇਸ ਵਿਚ ਉਸ ਦੇ ਸੰਗੀਆਂ ਸਾਥੀਆਂ ਲੇਖਕਾਂ ਪਾਠਕਾਂ ਤੇ ਹੋਰ ਸਹਿਯੋਗੀਆਂ ਦਾ ਵੀ ਭਰਵਾਂ ਯੋਗਦਾਨ ਹੈ ਪਰ 'ਵਰਿਆਮ ਚੱਲਦਾ ਰਹੇਗਾ' ਕਹਿਣ ਵਾਲੇ ਦਾ ਅਸ਼ੀਰਵਾਦ ਵੀ ਸਦਾ ਉਸ ਦੇ 'ਅੰਗ ਸੰਗ' ਰਿਹਾ। ਅੱਜ ਜਦੋਂ ਆਪਣੇ ਦੁਆਰਾ ਤਹਿ ਕੀਤੇ ਲੰਮੇ ਸਮੇਂ ਤੇ ਪਿੱਛਲ ਝਾਤ ਪਾਉਂਦਾ ਹੈ ਤਾਂ ਜਿੱਥੇ ਇਕ ਮਾਨਸਿਕ ਸੰਤੁਸ਼ਟੀ ਦੀ ਸੋਚ ਉਸ ਦੇ ਮਨ ਮਸਤਕ ਤੇ ਪੈਲਾਂ ਪਾਉਂਦੀ ਹੈ ਉੱਥੇ ਸਾਡੇ ਸ਼੍ਰੋਮਣੀ ਕਵੀ ਦੇ ਇਹ ਬੋਲ ਵੀ ਉਸ ਦੇ ਜ਼ਿਹਨ ਵਿਚ ਜ਼ਰੂਰ ਉਭਰਦੇ ਹੋਣਗੇ :

'ਕਿਸੇ ਚੰਦਰੇ ਵਕਤ ਸੀ ਨਿਹੁ ਲੱਗਾ
ਵਾਰਿਸ ਬੀਜਿਆ ਦਾਨਿਆਂ ਭੁੰਨਿਆਂ ਨੂੰ।'

ਭੁੱਜੇ ਦਾਣੇ ਬੀਜ ਕੇ ਉਸ ਦੇ ਝਾੜ ਦੀ ਆਸ ਵਿਚ ਸਮਾਂ ਕੱਟਣਾ ਕਿਸੇ ਦਿਲ ਗੁਰਦੇ ਵਾਲੇ ਸਜਣ ਦੇ ਹਿੱਸੇ ਹੀ ਆਉਂਦਾ ਹੈ। ਦਿਲਾਂ ਦੇ ਤਖਤਾਂ ਦੀ ਬਾਦਸ਼ਾਹੀ ਭੋਗਣ ਵਾਲੇ ਇਸ ਤਰ੍ਹਾਂ ਦੇ ਕ੍ਰਿਸ਼ਮੇ ਕਰ ਲਿਆ ਕਰਦੇ ਹਨ। ਸਧਾਰਨ ਦੁਨੀਆਦਾਰਾਂ ਦੇ ਵੱਸ ਦੀਆਂ ਇਹ ਬਾਤਾਂ ਨਹੀਂ। ਕੋਈ ਆਸ਼ਕ ਹਿਰਦਾ ਹੀ ਇਸ ਤਰ੍ਹਾਂ ਦੇ ਸਿਰੜ ਪਾਲ ਸੱਕਦਾ ਹੈ। ਤੇ ਕਿਸੇ ਵੀ ਇਸ਼ਕ ਤੋਂ ਸੱਖਣੇ ਬੰਦੇ ਨੂੰ ਹੀ ਸੱਯਦ ਵਾਰਿਸ ਸ਼ਾਹ ਭੁੱਖਾ ਨੰਗਾ ਹੀ ਫਿਰਦਾ ਦੱਸਦੇ ਹਨ। ਉਹਨਾਂ ਦੀ ਹੀਰ ਵਿਚ ਥਾਂ ਥਾਂ ਤੇ ਇਸ ਤਰ੍ਹਾਂ ਦੀਆਂ ਗਵਾਹੀਆਂ ਮਿਲਦੀਆਂ ਹਨ :-

'ਭਾਬੀ ਇਸ਼ਕ ਤੋਂ ਨੱਸ ਕੇ ਉਹ ਜਾਂਦੇ
ਪੁੱਤਰ ਹੋਣ ਜੋ ਕਿਸੇ ਕੰਗਾਲ ਦੇ ਨੀ।'

ਤੇ ਸਾਡੇ ਬੇਲੀ ਜਗਦੀਸ਼ ਸਿੰਘ ਨੇ ਆਪਣੇ ਪਰਚੇ 'ਵਰਿਆਮ' ਨਾਲ ਜਿਸ ਤਰ੍ਹਾਂ ਦਾ ਇਸ਼ਕ ਨਿਭਾਇਆ ਹੈ ਉਹ ਮਿਸਾਲੀ ਹੋ ਨਿੱਬੜਿਆ ਹੈ। ਝੱਖੜਾਂ ਦੀ ਰਾਤ ਵਿਚ ਦੀਵਾ ਬਲਦਾ ਰੱਖਣ ਵਰਗਾ ਸੀ ਇਹ ਸਿਰੜ। ਕਦੇ ਕਦੇ ਲੱਗਦਾ ਕਿ



Sri Satguru Jagjit Singh Ji eLibrary NamdhariElibrary@gmail.com

ਇਹ ਹੁਣ ਵੀ ਬੁੱਝਿਆ ਤੇ ਹੁਣ ਵੀ ਬੁੱਝਿਆ। ਵੇਖਣ ਵਾਲੇ ਵੀ ਕਹਿੰਦੇ ਕਿ ਇਕ ਕਿਰਤੀ ਦਾ ਬੇਰੋਜ਼ਗਾਰ ਪੁੱਤਰ ਤੇ ਸੀਨੇ ਵਿ ਸ਼ੌਂਕ ਬਾਦਸ਼ਾਹ ਵਾਲੇ ਪਾਲ ਲਏ ਸੂ। ਮੁੱਢ ਤੋਂ ਹੀ 'ਆਰਥਕ ਮੰਦਹਾਲੀ ਨਾਲ ਜੂਝਦਿਆਂ ਕਈ ਵਾਰ ਮਹਿੰਗਾਈ ਦੇ ਸਮੁੰਦ ਵਿਚ ਡੁੱਬ ਜਾਣ ਦੀ ਨੌਬਤ ਆਈ। ਪਰ ਹਰਵਾਰ ਹੀ 'ਜੌਂ ਭਰ ਸੁੰਡ' ਬੱਚੀ ਰਹੀ।'

ਹਾਸ਼ਮ ਕਵੀ ਦੇ ਇਹ ਬੋਲ ਉਸ ਦੇ ਪ੍ਰੇਰਨਾ ਸਰੋਤ ਹੋ ਨਿਬੜੇ :

'ਹਾਸ਼ਮ ਫਤੇਹ ਨਸੀਬ ਤਿਨਾਂਹ ਨੂੰ
ਜਿਹਨਾਂ ਹਿੰਮਤ ਯਾਰ ਬਣਾਈ।'

ਪਰਚੇ ਦੀ ਛੇਵੀਂ ਵਰ੍ਹੇ ਗੰਢ ਤੇ ਹੀ ਇਸਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ, ਆਪਣੇ ਸਫਰ ਨੂੰ ਨਿਰੰਤਰ ਜਾਰੀ ਰੱਖ ਦੀ ਬਲਵਾਨ ਇੱਛਾ ਸ਼ਕਤੀ ਨੂੰ, ਜਗਦੀਸ਼ ਸਿੰਘ ਨੇ ਆਪਣੇ ਪਾਠਕਾਂ ਨਾਲ ਸਾਂਝਾ ਕਰ ਲਿਆ ਸੀ :

ਪਰ ਮੇਰੇ ਅੰਦਰ ਇਕ ਵਿਸ਼ਵਾਸ ਹੈ ਕਿ ਹਰ ਮਾੜੀ ਚੀਜ਼ ਚੰਗੀ ਗੱਲ ਦਾ ਪੇਸ਼ ਖੇਮਾ ਹੁੰਦੀ ਹੈ। ਵਰਿਆਮ ਜੇ ਅੱਗੇ ਡੁੱਬਦ ਬਚਦਾ ਰਿਹਾ ਹੈ ਤਾਂ ਤਰੇ ਗਾ ਹੁਣ ਵੀ ਜ਼ਰੂਰ। ਇਸ ਨੂੰ ਬਚਾਉਣ ਵਾਲਿਆਂ ਦੀ ਅਸੀਮ ਸਮਰੱਥਾ ਵਿਚ ਡੂੰਘੀ ਨਿਸ਼ਠਾ ਹੈ ਕੇਵਲ ਜਗਾਉਣ ਦੀ ਲੋੜ ਹੀ ਹੈ।' (ਵਰਿਆਮ ਨਵੰਬਰ ੧੯੯੦ ਸਫਾ ੪੩)

ਸਵੈ ਭਰੋਸੇ ਦੀ ਇਸੇ ਕੰਨੀ ਨੂੰ ਫੜਕੇ ਵਰਿਆਮ ਨੇ ਆਪਣੀ ਪੰਝੀਵੀਂ ਵਰ੍ਹੇ ਗੰਢ ਮਣਾ ਲਈ ਹੈ ਪਰ ਆਪਣੇ ਨਿਰਮਾਣ ਸੁਭਾਅ ਮੁਤਾਬਿਕ ਉਹ ਲਿਖਦਾ ਹੈ :

ਅਜਿਹੀ ਚੁਣੌਤੀਆਂ ਭਰਪੂਰ ਸਦੀ ਦੇ ਅਖੀਰਲੇ ਚੌਥੇ ਭਾਗ ਵਿਚ ਕਿਸੇ ਪਰਚੇ ਦਾ ਕਾਇਮ ਰਹਿਣਾ ਰੱਬੀ ਰਹਿਮਤ ਤੋਂ ਘਟ ਗੱਲ ਨਹੀਂ । ਪੰਜਾਬੀ ਪਰਚਿਆ ਵਿਚ ਤਾਂ ਹੋਂਦ ਬਣਾਈ ਰੱਖਣੀ ਵੀ ਵੱਡੀ ਗੱਲ ਗਿਣੀ ਜਾਂਦੀ ਹੈ।

'ਪਰ ਇਸ ਪੱਚੀ ਸਾਲ ਦੀ ਹੋਂਦ ਨੂੰ ਅਸੀਂ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਸਾਡੇ ਹਿਸਾਬ ਨਾਲ ਇਹ ਕੋਈ ਮਾਅਰਕੇ ਵਾਲੀ ਗੱਲ ਨਹੀਂ। ਉਂਝ ਵੀ ਵਰਿਆਮ ਵਿਚ ਕੋਈ ਸਿਫਤੀ ਤਬਦੀਲੀ ਨਹੀਂ ਆਈ। ਮੁਸ਼ਕਲਾਂ ਓਵੇਂ ਦੀਆਂ ਓਵੇਂ ਹਨ ਸਗੋਂ ਜ਼ਿਆਦਾ ਹੀ ਹਨ।' (ਵਰਿਆਮ ਅਕਤੂਬਰ ੨੦੦੦ ਸਫਾ ੩)

ਕੋਈ ਵੀ ਉਲਾਰ ਬਿਰਤੀ ਵਾਲਾ ਵਿਅਕਤੀ ਇਸ ਤਰ੍ਹਾਂ ਦੇ ਅਲੂਣੀ ਸਿਲ ਚੱਟਣ ਕਾਰਜ ਨੂੰ ਵਰ੍ਹਿਆਂ ਬੱਧੀ ਜਾਰੀ ਨਹੀਂ ਰੱਖ ਸੱਕਦਾ। ਇਸ ਦੇ ਲਈ ਇਕ ਸਾਧੀ ਹੋਈ ਸ਼ਖਸੀਅਤ ਅਤੇ ਬਿਖਮ ਮਾਰਗਾਂ ਤੇ ਵੀ ਅਡੋਲ ਟੁਰ ਸੱਕਣ ਦੀ ਇਕਾਗਰਤਾ ਦੀ ਲੋੜ ਹੁੰਦੀ ਹੈ। ਇਹ ਸ਼ਾਇਦ ਜਗਦੀਸ਼ ਸਿੰਘ ਵਰਗੀਆਂ ਤਰੀਆਂ ਹੋਈਆਂ ਰੂਹਾਂ ਹੀ ਹੁੰਦੀਆਂ ਹਨ ਜਿਨ੍ਹਾਂ ਬਾਰੇ ਸਾਡੀ ਸ਼ਾਇਰ ਦਾ ਕਥਨ ਹੈ :

'ਮੈਂ ਤਾਂ ਭੂਤ ਤੇ ਭਵਿਖ ਵਿਚਲੀ
ਅਣਹੋਣੀ ਕਥਾ ਦਾ ਬਿਆਨ ਹਾਂ।
ਮੈਂ ਤਾਂ ਕੱਸੀ ਹੋਈ ਰੱਸੀ ਤੇ ਤੁਰਦਾ
ਸਾਡੀ ਪੀੜੀ ਦਾ ਉਨੀਂਦਾ ਵਰਤਮਾਨ ਹਾਂ'

-ਮਨਜੀਤ ਟਿਵਾਣਾ

ਇਹੋ ਜਿਹੇ ਲੋਕਾਂ ਬਾਰੇ ਹੀ ਕਬੀਰ ਸਾਹਿਬ ਚਿਰੋਕਣੇ ਕਹਿ ਗਏ ਹਨ –:

ਸੁਖੀਆ ਸਭ ਸੰਸਾਰ ਹੈ
ਖਾਵੇ ਅਰ ਸੋਵੈ।
ਦੁਖੀਆ ਦਾਸ ਕਬੀਰ ਹੈ
ਜਾਗੇ ਅਰ ਰੋਵੈ।

ਸੁਖ ਦੀ ਨੀਂਦੇ ਸਉਣ ਵਾਲਿਆਂ ਨੂੰ ਵੀ ਪਤਾ ਨਹੀਂ ਸ਼ਾਇਦ ਇਸੇ ਕਾਰਨ ਹੀ ਸਾਡੇ ਸੂਫੀ ਕਵੀ ਹਾਸ਼ਮ ਸ਼ਾਹ ਹੋਰਾਂ ਵੀ ਪਸੰਦ ਨਹੀਂ ਕੀਤਾ :-

ਮੂਰਖ ਲੋਕ ਸਦਾ ਸੁਖ ਸੌਂਦੇ
ਅਤੇ ਰੋਜ਼ ਕਮਾਵਣ ਪੈਸਾ।
ਨਾ ਕਿਛ ਉਚ ਨਾ ਨੀਚ ਪਛਾਨਣ
ਅਤੇ ਪ੍ਰੇਮ ਨਾ ਜਾਨਣ ਕੈਸਾ

ਤੇ ਇਹ ਜਾਗੇ ਹੋਏ ਲੋਕ ਆਪਣੀ ਆਤਮਾ ਦੇ ਬੰਦੀ ਹੁੰਦੇ ਹਨ। ਉਹ ਆਪਣੀਆਂ ਆਪੇ ਮਿਥੀਆਂ ਅੱਵਲੀਆਂ ਰਾਹਾਂ ਤੇ ਤੁਰਨ ਲਈ ਕਿਸੇ ਅੰਦਰੂਨੀ ਲੱਲ ਕਾਰਨ ਮਜਬੂਰ ਹੁੰਦੇ ਹਨ। ਜਿਹਨੂੰ ਆਮ ਦੁਨੀਆਂ ਦਾਰ ਸ਼ੁਦਾ ਦੱਸਦਾ ਹੈ ਸਾਡੇ ਦੋਹੜਿਆਂ ਦੇ ਬਾਦਸ਼ਾਹ ਹਾਸ਼ਮ ਉਹਨੂੰ 'ਸਮਝ' ਦਾ ਨਾਂ ਦਿੰਦੇ ਹਨ :-



Sri Satguru Jagjit Singh Ji eLibrary NamdhariElibrary@gmail.com

'ਤੈਨੂੰ ਹੁਸਨ ਖਰਾਬ ਕਰੇਂਦਾ
ਅਤੇ ਸਾਨੂੰ ਸਮਝ ਸਤਾਇਆ'

ਸਿਲਵਰ ਜੁਬਲੀ ਦੇ ਸਮਾਪਨ ਦੇ ਸਮੇਂ ਅਸੀਂ ਜਗਦੀਸ਼ ਸਿੰਘ ਹੋਰਾਂ ਦੀ ਇਸੇ 'ਸਮਝ' ਅੱਗੇ ਨਤਮਸਤਕ ਹੁੰਦੇ ਹਾਂ। ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਨਾਮਧਾਰੀ ਪੰਥ ਦੀ ਕਲਿਆਣਕਾਰੀ ਸੋਚ ਨਾਲ ਲੈਸ ਸਾਡਾ ਇਹ ਸੰਪਾਦਕ ਆਪਣੀ ਕਲਮ ਦੁਆਰਾ ਇਸ ਯੁੱਗ ਦੀਆ ਅਗਰਗਾਮੀ ਸ਼ਕਤੀਆਂ ਦੇ ਗੂਹੜੇ ਸਨੇਹ ਨੂੰ ਮਾਣਦਾ ਰਿਹਾ ਹੈ। ਉਸ ਦੇ ਪਿਛੋਕੜ ਵਿਚ ਆਪਣੇ ਸਮੇਂ ਦੀਆਂ ਜਾਣੀਆਂ ਪਛਾਣੀਆਂ ਨਾਮਧਾਰੀ ਸਾਹਿਤਕ ਸ਼ਖਸੀਅਤਾਂ, ਤਕਰੀਰ ਤੇ ਤਹਿਰੀਰ ਧਨੀ ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਸਮੇਂ ਸਮੇਂ ਸਿਰ ਨਾਮਧਾਰੀ ਦਰਬਾਰ ਦੇ ਮੁੱਖ ਬੁਲਾਰੇ ਸਤਿਜੁਗ ਦੇ ਰਹਿ ਚੁੱਕੇ ਸੰਪਾਦਕ, (ਦੋਹਾਂ ਵਰਣਿਤ ਸੰਤਾਂ ਤੋਂ ਇਲਾਵਾ) ਪ੍ਰੀਤਮ ਸਿੰਘ ਕਵੀ,ਮਾਸਟਰ ਨਿਹਾਲ ਸਿੰਘ, ਮੰਗਲ ਸਿੰਘ ਲਾਇਲਪੁਰੀ ਅਤੇ ਰਾਜਿੰਦਰ ਸਿੰਘ ਗੁਰੂ ਸਰ ਆਦਿ ਸ਼ਾਮਲ ਹਨ। ਜਗਦੀਸ਼ ਸਿੰਘ ਦੀ ਖੂਬੀ ਇਸ ਗੱਲ ਵਿਚ ਹੈ ਕਿ ਜਿੱਥੇ ਉਹ ਆਪਣੀਆਂ ਸਮਾਜਿਕ ਤੇ ਧਾਰਮਿਕ ਸਰਗਰਮੀਆਂ ਸਦਕਾ ਨਾਮਧਾਰੀ ਪੰਥ ਦੀ ਰਾਮ ਕਾਰ ਵਿਚ ਹੈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕ੍ਰਿਪਾ ਦਾ ਪਾਤਰ ਹੈ, ਉਥੇ ਉਸ ਨੇ ਆਪਣੇ ਪਰਚੇ ਨੂੰ ਸਿਰਫ ਆਪਣੀ ਸੰਪ੍ਰਦਾਇ ਤੱਕ ਸੀਮਿਤ ਨਹੀਂ ਰੱਖਿਆ ਅਤੇ ਇਹੋ ਕਾਰਨ ਹੈ ਕਿ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਵਿਚ ਉਹ ਆਪਣਾ ਇਕ ਨਿਵੇਕਲਾ ਸਥਾਨ ਬਣਾਈ ਬੈਠਾ ਹੈ ਅਤੇ ਪੰਜਾਬੀ ਦੇ ਚੋਟੀ ਦੇ ਸ਼ਾਇਰ, ਕਥਾਕਾਰ ਅਤੇ ਹੋਰ ਲੇਖਕ ਉਸਨੂੰ ਮਿੱਤਰ ਵੱਤ ਸਹਿਯੋਗ ਦੇ ਕੇ ਆਪਣੀ ਘਾਲ ਥਾਂਇ ਪਈ ਸਮਝਦੇ ਹਨ। ਉਹ ਇਕੋ ਸਮੇਂ ਧਰਤੀ ਦਾ ਵਾਸੀ ਹੁੰਦਾ ਹੋਇਆ ਵੀ ਆਕਾਸ਼ ਉਡਾਰੀਆਂ ਲਾਉਣ ਦੇ ਵੀ ਸਮਰੱਥ ਹੈ।

ਸੰਪਾਦਕ ਦੇ ਨਾਤੇ ਉਹ ਅਨੇਕਾਂ ਅਹਿਮ ਵਕਤੀ ਮਸਲਿਆਂ ਤੇ ਵੀ ਨਿਰਭਉ-ਨਿਰਵੈਰ ਹੋਕੇ ਆਪਣੀਆਂ ਬੇਬਾਕ ਟਿੱਪਣੀਆਂ ਕਰ ਜਾਂਦਾ ਹੈ, ਇਸ ਦੇ ਨਾਲ ਨਾਲ ਅਨੇਕਾਂ ਸਮਕਾਲੀ ਅਤੇ ਪਹਿਲੀਆਂ ਸਖਸ਼ੀਅਤਾਂ ਬਾਰੇ ਵੀ ਕਲਮ ਰੂਪੀ ਬੁਰਸ਼ ਦੀਆਂ ਛੋਹਾਂ ਨਾਲ ਉਹਨਾਂ ਦੇ ਸਜੀਵ ਬਿੰਬ ਚਿਤਰ ਦਿੰਦਾ ਹੈ। ਆਪਣੇ ਸਮੇਂ ਦੇ ਲੋਕਾਂ, ਲੇਖਕਾਂ ਬਾਰੇ ਪੰਜਾਬੀ ਵਿਚ ਰੇਖਾ ਚਿਤਰ ਲਿਖਣ ਦਾ ਰਿਵਾਜ, ਬਲਵੰਤ ਗਾਰਗੀ, ਡਾ. ਜੀਤ ਸਿੰਘ ਸੀਤਲ, ਪ੍ਰੋ ਪ੍ਰੀਤਮ ਸਿੰਘ, ਸ. ਜੀਵਨ ਸਿੰਘ (ਲਹੌਰ ਬੁੱਕ ਸ਼ਾਪ ਵਾਲੇ), ਕੁਲਬੀਰ ਸਿੰਘ ਕਾਂਗ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਤਾਰਾ ਸਿੰਘ, ਸੂਬਾ ਸਿੰਘ, ਡਾ ਕਰਨਜੀਤ ਸਿੰਘ ਆਦਿ ਸਮੱਰਥ ਲੇਖਕਾਂ ਨੇ ਸ਼ੁਰੂ ਕੀਤਾ। ਇਸੇ ਪਰੰਪਰਾ ਵਿਚ ਹੀ ਅਸੀਂ ਜਗਦੀਸ਼ ਸਿੰਘ ਦੁਆਰਾ ਸਿਰਜੇ ਸ਼ਬਦ ਚਿਤਰਾਂ ਨੂੰ ਵੀ ਰੱਖ ਸੱਕਦੇ ਹਾਂ। ਭਾਵੇਂ ਉਸ ਦੁਆਰਾ ਇਹਨਾਂ ਸ਼ਖਸੀਅਤਾਂ ਦਾ ਵਰਨਣ ਬਹੁਤਾ ਲੰਮਾ ਚੌੜਾ ਨਹੀਂ ਹੁੰਦਾ, ਸੂਝਵਾਨ ਸੰਪਾਦਕ ਹੋਣ ਦੇ ਨਾਤੇ ਉਹ ਆਪਣੇ ਪਰਚੇ ਵਿਚ ਥਾਂ ਮੱਲਣ ਲੱਗਾ, ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਵਾਂਗ ਫੈਲਦਾ ਨਹੀਂ, ਸਗੋਂ ਉਹ ਕਈ ਵਾਰ ਤਾਂ ਇਕੋ ਸਫਾ ਤੇ ਕਦੇ ਸਫੇ ਦੇ ਚੌਥਾਈ ਭਾਗ ਨਾਲ ਹੀ ਆਪਣੀ ਹਾਜ਼ਰੀ ਲੁਆ ਕੇ ਸੰਤੁਸ਼ਟ ਹੋ ਜਾਂਦਾ ਹੈ। ਇਸ ਲਈ ਉਸ ਦੁਆਰਾ ਰਚਿਤ ਇਹ ਸ਼ਬਦ ਚਿਤਰ ਭਾਵੇਂ ਸੰਖੇਪ ਹੁੰਦੇ ਹਨ ਪਰ ਸਬੰਧਿਤ ਵਿਅਕਤੀ ਦੇ ਬਾਹਰੀ ਰੰਗ ਰੂਪ ਦੀ ਬਜਾਏ, ਉਸ ਦੀ ਅੰਤਰ ਆਤਮਾ ਦੇ ਧੁਰ ਅੰਦਰ ਤਕ ਦੇ ਦਰਸ਼ਨ ਕਰਵਾ ਦਿੰਦੇ ਹਨ।

ਪੰਜਾਬ ਦੇ ਲੋਕ ਨਾਇਕ ਅਤੇ ਸੁਤੰਤਰਤਾ ਸੰਗ੍ਰਾਮ ਦੇ ਭਾਰਤ ਵਿਚ ਮੋਢੀ ਸਤਿਗੁਰੂ ਰਾਮ ਸਿੰਘ ਜੀ ਨਾਲ ਜੋ ਸਲੂਕ ਫਰੰਗੀ ਬਦੇਸ਼ੀਆਂ ਕੀਤਾ ਉਹ ਤਾਂ ਭੁਲਣ ਵਾਲਾ ਹੀ ਨਹੀਂ ਪਰ ਆਪਣਿਆਂ ਵੀ ਘੱਟ ਨਾ ਗੁਜ਼ਾਰੀ। ਇਸ ਅੱਦੁਤੀ ਪ੍ਰਤਿਭਾ ਬਾਰੇ ਲਿਖਣ ਲੱਗੇ ਜਗਦੀਸ਼ ਸਿੰਘ ਵੀ ਕਿਸੇ ਮਾਨਸਿਕ ਸੰਤਾਪ ਵਿਚੋਂ ਲੰਘਦੇ ਨਜ਼ਰ ਆਉਂਦੇ ਹਨ :

'ਪੰਜਾਬੀ ਲੋਕ ਆਪਣੇ ਨਾਇਕ ਦੀ ਪਛਾਣ ਵਿਚ ਕਈ ਤਰ੍ਹਾਂ ਦੇ ਝਗੜੇ ਅਕਸਰ ਪਾ ਲੈਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਸਮਾਜ ਵਾਸਤੇ ਦੇਣ ਨੂੰ ਲਾਂਭੇ ਕਰਕੇ ਉਹਨਾਂ ਦੇ ਗੁਰੂ ਹੋਣ ਜਾਂ ਨਾ ਹੋਣ ਜਾਂ ਬਾਬੇ ਹੋਣ ਦੀ ਬਹਿਸ ਵਿਚ ਪਏ ਰਹੇ ਅਤੇ ਬਾਜ਼ ਹਾਲਤਾਂ ਵਿਚ ਤਾਂ ਬਹੁਤ ਮੰਦ ਭਾਗੇ ਵਾਦ ਵਿਵਾਦ ਵਿਚ। ਉਹਨਾਂ ਨੂੰ ਕਿਸੇ ਵਿਸ਼ੇਸ਼ਣ ਨਾਲ ਯਾਦ ਕਰੋ ਪਰ ਉਹਨਾਂ ਦੀ ਕੀਰਤੀ ਤਾਂ ਸੂਰਜ ਵਾਂਗ ਰੋਸ਼ਨ ਹੈ। ਉਹਨਾਂ ਨੂੰ ਤਾਂ ਦੁਸ਼ਮਨਾਂ ਨੇ ਵੀ ਸਤਿਕਾਰ ਦਿਤਾ ਹੈ। ਅੰਬਾਲੇ ਦੇ ਕਮਿਸ਼ਨਰ ਮੈਕਨਬ ਨੇ ੪ ਨਵੰਬਰ ੧੯੭੧ ਦੀ ਰੀਪੋਰਟ ਵਿਚ ਹੀ ਕਿਹਾ ਸੀ ਕਿ, 'ਗੁਰੂ ਰਾਮ ਸਿੰਘ ਤੇਜ਼ ਬੁੱਧੀ ਵਾਲਾ, ਧੀਰਜ ਵਾਲਾ, ਗੰਭੀਰ ਅਤੇ ਉੱਚ ਆਚਰਨ ਵਾਲਾ ਪੁਰਖ ਹੈ। ਉਸ ਨੇ ਆਪਣੇ ਹਰ ਬਚਨ ਅਤੇ ਕਰਮ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ... ਹੋਰ ਵੀ ਬਹੁਤ ਸਾਰੇ ਲੋਕਾਂ ਨੇ ਦੇਖ ਪਰਖ ਕੇ ਇਸ ਅੱਦੁਤੀ ਸਖਸ਼ੀਅਤ ਦਾ ਮੁਲੰਕਣ ਸੋਹਣੇ ਸ਼ਬਦਾਂ ਵਿਚ ਕੀਤਾ ਹੈ। (ਵਰਿਆਮ ਜਨਵਰੀ-ਮਾਰਚ ੧੯੯੩ ਸਫਾ ੧੧)

ਤਾਰਾ ਸਿੰਘ ਕਾਮਿਲ, ਜਿਹਨਾਂ ਕਦੇ ਪੰਜਾਬ ਦੇ ਕਾਲੇ ਦਿਨਾਂ ਦੇ ਸਮੇਂ ਇਹ ਕਿਹਾ ਸੀ :-

ਕਾਹਨੂੰ ਬਾਲਦੈਂ ਬਨੇਰਿਆਂ ਤੇ ਮੋਮਬੱਤੀਆਂ।
ਲੰਘ ਜਾਣ ਦੇ ਬਾਜ਼ਾਰ 'ਚੋਂ ਹਵਾਵਾਂ ਤੱਤੀਆਂ।

ਉਸ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲਿਖਿਆ ਹੈ :- 'ਹੁਣ ਵੀ ਐਉਂ ਲੱਗਦਾ ਹੈ ਕਿ ਉਹ, ਅਛੋਪਲੇ ਜਿਹੇ ਆ ਕੇ ਲਤੀਫਾ ਸੁਣਾਉਣਗੇ। ਜਦੋਂ ਉਹ ਅੜ ਜਾਂਦੇ ਤਾਂ ਵੱਡੇ ਤੋਂ ਵੱਡੇ ਨਾਢੂ ਖਾਂ ਦੀ ਪ੍ਰਵਾਹ ਨਾ ਕਰਦੇ ਤੇ ਮੰਨਣ ਲੱਗਦੇ ਤਾਂ ਸਾਧਾਰਨ ਬੰਦਿਆਂ ਦੀ ਗੱਲ ਵੀ ਪਰਵਾਨ ਕਰਦੇ। ਤਾਰਾ ਸਿੰਘ ਜੀ ਨਾਲ ਸਾਡੀਆਂ ਦੇਸ਼ ਵਿਦੇਸ਼ ਦੀਆਂ ਯਾਦਾਂ ਜੁੜੀਆਂ ਪਈਆਂ ਹਨ



Sri Satguru Jagjit Singh Ji eLibrary NamdhariElibrary@gmail.com

ਅਤੇ ਇਹ ਸਾਡੀ ਕੀਮਤੀ ਪੂੰਜੀ ਹੈ।' ...(ਉਹੀ ਸਫ਼ਾ ੧੨)

ਇਸ ਤਰ੍ਹਾਂ ਦੀਆਂ ਯਾਦਾਂ ਦੀ ਪੂੰਜੀ ਸਮੇਟਣ ਵਾਲੇ ਕੋਈ ਸੰਵੇਦਨਸ਼ੀਲ ਕਵੀ ਹਿਰਦੇ ਹੀ ਹੁੰਦੇ ਹਨ।

'ਉਜਾਲੇ ਅਪਨੀ ਯਾਦੋਂ ਕੇ
ਹਮਾਰੇ ਪਾਸ ਰਹਿਨੇ ਦੋ,
ਨ ਜਾਨੇ ਕਿਸ ਗਲੀ ਮੇਂ,
ਜ਼ਿੰਦਗੀ ਕੀ ਸ਼ਾਮ ਹੋ ਜਾਏ।'

ਪੰਜਾਬੀ ਪੱਤਰਕਾਰੀ ਦੇ ਬਾਬਾ ਬੋਹੜ, ਗੁਰਬਖ਼ਸ਼ ਸਿੰਘ ਬੰਨੋਆਣਾ ਨੇ ਬਹੁਤ ਸਾਰੇ ਪ੍ਰਸਿੱਧ ਪੱਤਰਕਾਰਾਂ ਸੰਪਾਦਕਾਂ ਨੂੰ ਪੱਤਰਕਾਰੀ ਦੀ ਪਹੁਲ ਦਿਤੀ ਹੈ। ਉਹਨਾਂ ਦੇ ਕੰਮ ਕਰਨ ਦੇ ਨਿਵੇਕਲੇ ਢੰਗ ਤਰੀਕਿਆਂ ਬਾਰੇ ਲਿਖਦੇ ਹਨ :-

" ਬੰਨੋਆਣਾ ਦਾ ਕੰਮ ਕਰਨ ਦਾ ਤਰੀਕਾ ਅਸਲੋਂ ਹੀ ਵੱਖਰਾ ਹੈ। ਉਹ ਲੋਕਾਂ ਵਿਚ ਵਿਚਰਦਾ ਤੇ ਉਹਨਾਂ ਦੇ ਮਨਾਂ ਵਿਚੋਂ ਭਾਵਾਂ ਨੂੰ ਟਟੋਲਦਾ ਅਤੇ ਫਿਰ ਆਪਣੇ ਡੂੰਘੇ ਅਧਿਐਨ ਨਾਲ ਉਹ ਮੇਲ ਬਠਾ ਕੇ ਕਿਸੇ ਮਸਲੇ ਬਾਰੇ ਗੱਲ ਕਰਦਾ ਹੈ ਤਾਂ ਉਹ ਪੱਥਰ ਤੇ ਲੀਕ ਹੁੰਦੀ ਹੈ। ਉਸ ਦੇ ਪੈਰ ਸਦਾ ਜ਼ਮੀਨ ਵਿਚ ਰਹੇ ਤੇ ਸਿਰ ਅਕਾਸ਼ ਤੱਕ ਵੀ ਵੇਖ ਆਉਂਦਾ ਹੈ। ਬਾਬਾ ਬੰਨੋਆਣਾ ਵਿਚ ਖਬਰਾਂ ਚੂਸਣ ਦੀ ਬੜੀ ਸ਼ਕਤੀ ਹੈ। ਬਾਬਾ ਬੰਨੋਆਣਾ ਚੁਟਕੀ ਨਾਲ ਕਿਸੇ ਕਿਤਾਬ ਨੂੰ ਫੋਲਕੇ ਵਿਚੋਂ ਤੱਤ ਕੱਢ ਲਵੇਗਾ। ਉਹ ਰਿਕਸ਼ੇ ਵਾਲੇ ਦੀਆਂ ਗੱਲਾਂ ਤੋਂ ਖਬਰ ਜਾਂ ਲੇਖ ਬਣਾ ਦੇਵੇਗਾ। ਉਹ ਛੋਟੇ ਛੋਟੇ ਨਗੂਣੇ ਅਖਬਾਰ ਵੀ ਪੜ੍ਹ ਜਾਏਗਾ।...

'ਉਹ ਸਿਰੜੀ ਪੱਤਰਕਾਰ ਹੈ। ਉਹ ਹਾਲਾਤ ਦੀ ਸਿਤਮ ਜ਼ਰੀਫ਼ੀ ਤੋਂ ਪਰੇਸ਼ਾਨ ਤਾਂ ਹੋ ਸੱਕਦਾ ਹੈ ਪਰ ਘਬਰਾਉਂਦਾ ਬਿਲਕੁਲ ਨਹੀਂ। ... ਉਹ ਵੱਡੇ ਆਦਮੀਆਂ ਦਾ ਛੋਟਾਪਣ ਵੀ ਝੱਟ ਪਛਾਣ ਲੈਂਦਾ ਹੈ ਅਤੇ ਛੋਟੇ ਆਦਮੀਆਂ ਦਾ ਵੱਡਪਣ ਵੀ। ... ਉਹ ਤਾਂ ਵਗਦਾ ਦਰਿਆ ਹੈ। ਸਦਾ ਚੱਲਦਾ ਸਦਾ ਗਤੀਸ਼ੀਲ। ਬੈਠਿਆ ਹੋਇਆਂ ਵੀ ਹਿਲਦੀ ਉਸ ਦੀ ਲੱਤ ਇਸੇ ਗਤੀਸ਼ੀਲਤਾ ਦੀ ਹੀ ਤਾਂ ਪ੍ਰਤੀਕ ਹੈ।' (ਵਰਿਆਮ, ਮਈ ੧੯੯੩ ਸਫ਼ਾ ੧੫)

ਦੁਆਬੇ ਦੇ ਪ੍ਰਸਿੱਧ ਨਾਮਧਾਰੀ ਸੂਬਾ ਅਮਰੀਕ ਸਿੰਘ ੧੯੮੧ ਵਿਚ ਸੁਰਗਵਾਸ ਹੋ ਗਏ। ਸਤਿਗੁਰੂ ਅਤੇ ਸੰਗਤ ਦੇ ਵਿਚਲੇ ਕੜੀ ਹੁੰਦੇ ਹਨ ਇਹ ਸੂਬੇ। ਅੱਤ ਕਠਿਨ ਹਾਲਤਾਂ ਵਿਚ ਵੀ ਉਹਨਾਂ ਨੂੰ ਆਪਣੀਆ ਜ਼ਿਮੇਵਾਰੀਆਂ ਕਿਵੇਂ ਬਖ਼ੂਬੀ ਨਿਭਾਉਣੀਆਂ ਪਈਆਂ ਇਸ ਦਾ ਦਿਲਚਸਪ ਵਰਨਣ ਵਰਿਆਮ ਨੇ ਇਉਂ ਕੀਤਾ ਹੈ :-

ਤਸਵੀਰ ਮੂਧੀ ਮਾਰ ਦਿਤੀ ਹੈ। ਪਰ ਸੂਬਾ ਅਮਰੀਕ ਸਿੰਘ ਦਾ ਵਿਸ਼ਾਲ ਵਿਅਕਤਤ੍ਰ ਮੇਰੇ ਸਾਹਮਣੇ ਹੈ। ਉਹ ਲਟ ਲਟ ਬਲਦਾ ਜੀਵਨ। ਜੀਵਨ ਜਿਹਨੇ ਭੁੱਖਾਂ ਦੀ ਪਰਵਾਹ ਨਾ ਕੀਤੀ। ਜਿਹਨੇ, ਦੁੱਖਾਂ ਦੀ ਪਰਵਾਹ ਨਾ ਕੀਤੀ, ਬੀਮਾਰੀਆਂ ਗੁਰਬਤਾਂ ਜਿਦਾ ਈਮਾਨ ਨਾ ਡੁਲਾ ਸੱਕੀਆਂ। ਸ਼ੂਗਰ ਦੀ ਬੀਮਾਰੀ, ਪੈਰ ਵਿਚ ਜ਼ਖਮ ਦਾ ਮਘੋਰਾ, ਪੈਸੇ ਦੀ ਅਣਹੋਂਦ, ਸਭ ਰੁਕਾਵਟਾਂ ਦੇ ਉੱਤੋਂ ਦੀ ਹੋ ਕੇ ਡਾਂਗ ਫੜਕੇ ਫਿਰ ਮਿਲਣ ਆ ਜਾਣਾ, ਫਿਰ ਕੰਮ ਤੇ ਤੁਰ ਪੈਣਾ। ਜਿਵੇਂ ਸੋਹਣੀ ਸ਼ੂਕਦੇ ਝਨਾ ਨੂੰ ਪਾਰ ਕਰਕੇ ਆਪਣੇ ਆਸ਼ਕ ਮਹੀਵਾਲ ਨੂੰ ਆ ਮਿਲਦੀ, ਇਵੇਂ ਸੂਬਾ ਅਮਰੀਕ ਸਿੰਘ ਆਪਣੇਂ ਪਿਆਰੇ ਸਤਿਗੁਰੂ ਵਾਸਤੇ ਸਭ ਝੱਖੜਾਂ, ਹੜਾਂ, ਰੁਕਾਵਟਾਂ ਨੂੰ ਚੀਰ ਸੁੱਟਦੇ।' (ਵਰਿਆਮ, ਜੁਲਾਈ ੧੯੮੧ ਸਫ਼ਾ ੪)

ਕਿਸੇ ਵੀ ਸੰਪ੍ਰਦਾਇ ਦੀ ਵਿਸ਼ਾਲਤਾ ਦਾ ਮੁੱਢ ਬੰਨਣ ਵਿਚ ਉਸਦੇ ਪ੍ਰਚਾਰਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਨਾਮਧਾਰੀਆਂ ਦੇ ਪ੍ਰਚਾਰ ਪਰਸਾਰ ਵਿਚ ਢੋਲਕ ਛੈਣਿਆਂ ਨਾਲ ਦੀਵਾਨ ਸਜਾਉਣ ਵਾਲੇ ਜਥੇਦਾਰਾਂ ਦੀ ਅਹਿਮ ਭੂਮਿਕਾ ਹੈ। ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਸਮੇਂ ਤੱਕ ਆਮ ਜਥੇਦਾਰ ਜੋਟੀਆਂ ਦੇ ਸ਼ਬਦ ਹੀ ਪੜ੍ਹਿਆ ਕਰਦੇ ਸਨ। ਨਾਮਧਾਰੀ ਪਰੰਪਰਾਗਤ ਦੀਵਾਨ ਜਿਸ ਨੂੰ ਹੱਲੇ ਦਾ ਦੀਵਾਨ ਕਿਹਾ ਜਾਂਦਾ ਹੈ, ਕਿਉਂਕਿ ਉਸਦੀ ਸ਼ੈਲੀ ਇਸ ਤਰ੍ਹਾਂ ਦੀ ਹੁੰਦੀ ਹੈ ਜਿਵੇ ਹਮਲੇ ਦਾ ਦ੍ਰਿਸ਼ ਹੋਵੇ, ਇਹ ਹਮਲਾ ਬਾਹਰੀ ਦੁਸ਼ਮਣ ਵਿਰੁੱਧ ਵੀ ਹੋ ਸੱਕਦਾ ਹੈ ਅਤੇ ਕਾਮ ਕਰੋਧ ਆਦਿ ਅੰਦਰੂਨੀ ਦੁਸ਼ਮਣ ਖਿਲਾਫ ਵੀ। ਇਸ ਦਾ ਆਰੰਭ ਸੰਤ ਭਗਤ ਸਿੰਘ ਦਾਤੇਵਾਲੀਏ ਤੋਂ ਹੋਇਆ ਸੁਣੀਦਾ ਹੈ। ਪਹਿਲੇ ਪਹਿਲ ਖਲੋ ਕੇ ਪੜ੍ਹਨ ਦੀ ਪਰੰਪਰਾ ਉਹਨਾਂ ਤੋਂ ਹੀ ਤੁਰਦੀ ਹੈ। ਨਾਮਧਾਰੀ ਘਰ ਦੀ ਪਛਾਣ ਬਾਰੇ ਤਾਂ ਇਹ ਲੋਕ ਗੀਤ ਹੀ ਬਣ ਗਿਆ ਹੈ :-

ਉਹ ਘਰ ਕੂਕਿਆਂ ਦਾ
ਜਿੱਥੇ ਛੈਣੇ ਢੋਲਕੀ ਖੜਕੇ

ਜਥੇਦਾਰ ਬੰਤਾ ਸਿੰਘ ਬੂੜੇਡੱਲੀਆ, ਜਥੇਦਾਰ ਅਤਰ ਸਿੰਘ ਸੰਭੜਵਾਲੀਆ, ਜਥੇਦਾਰ ਗਿਆਨ ਸਿੰਘ ਵੀਰੋਕਿਆਂ ਵਾਲੇ....... ਪੰਡਿਤ ਗੋਪਾਲ ਸਿੰਘ ਆਦਿ ਹੱਲੇ ਦੇ ਦੀਵਾਨ ਲਾਉਣ ਵਾਲੇ ਪ੍ਰਸਿੱਧ ਨਾਮਧਾਰੀ ਜਥੇਦਾਰ ਹੋਏ ਹਨ। ਵਰਤਮਾਨ ਸਮੇਂ ਵਿਚ, ਹੁਣ ਤਾਂ ਮ੍ਰਿਤ ਸ਼ੈਯਾ ਤੇ ਵਿਰਾਜਮਾਨ, ਜਥੇਦਾਰ ਨਿਰੰਜਨ ਸਿੰਘ ਕੱਕੜ ਦਾ ਦੀਵਾਨ ਵੀ ਘੰਟਿਆਂ ਬੱਧਾ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦਾ ਸੀ। ਜਗਦੀਸ਼ ਸਿੰਘ ਨੇ ਉਹਨਾਂ ਦਾ ਬੜੇ ਦਿਲਕਸ਼ ਅੰਦਾਜ਼ ਵਿਚ ਸ਼ਬਦ ਚਿੱਤਰ ਖਿਚਿਆ ਹੈ :-

'ਜਥੇਦਾਰ ਨਿਰੰਜਨ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਸ ਵੇਲੇ ਹੱਲੇ ਦਾ ਟਕਸਾਲੀ ਦੀਵਾਨ ਲਾਉਣ ਵਾਲੇ ਹਨ। ਨਾਮਧਾਰੀਆਂ ਦਾ ਹੱਲੇ ਦਾ ਟਕਸਾਲੀ ਦੀਵਾਨ ਹੁੰਦਾ ਕੀ ਹੈ? ਜਥੇਦਾਰ ਖੜਾ ਹੋ ਕੇ ਉਚੀਆਂ ਸੁਰਾਂ ਵਿਚ ਧਾਰਨ ਪੜ੍ਹ ਰਿਹਾ



Sri Satguru Jagjit Singh Ji eLibrary NamdhariElibrary@gmail.com

ਹੋਵੇ। ਇਕ ਹੱਥ ਕੰਨ ਤੇ ਹੋਏ ਤੇ ਬਾਂਹ ਚੁੱਕੀ ਹੋਵੇ, ਅੱਖਾਂ ਮੀਟੀਆਂ ਹੋਣ। ੨੦ ਕੁ ਜੋੜੀਆਂ ਛੈਣਿਆਂ ਦੀ ਹੋਣ। ਏਨੇ ਕੁੱਝ ਦੇ ਉਤੋਂ ਦੀ ਜਾਕੇ ਜਥੇਦਾਰ ਪਹਿਲਾਂ ਪੜੇ ਤੇ ਮਗਰੋਂ ਜਥੇ ਵਾਲੇ ਬੋਲਣ। ਜੇ ਤਾਂ ਲਾਗੇ ਚਾਗੇ ਦੇ ਪਿੰਡਾਂ ਤੱਕ ਆਵਾਜ਼ ਚਲੀ ਜਾਵੇ ਤਾਂ ਇਹ ਟਕਸਾਲੀ ਹਲੇ ਦਾ ਦੀਵਾਨ ਹੋਇਆ।

.....'ਜਥੇਦਾਰ ਨਿਰੰਜਨ ਸਿੰਘ ਦਾ ਬਿਆਨ ਭਾਵੇਂ ਬਹੁਤਾ ਪੜ੍ਹਿਆਂ ਲਿਖਿਆਂ ਵਾਲਾ 'ਆਲਮਾਨਾ' ਨਹੀਂ ਹੁੰਦਾ ਪਰ ਸਾਧਾਰਨ ਬੋਲ ਵਿਚ ਆਮ ਲੋਕਾਂ ਦੇ ਹਿਰਦੇ ਵਿਚ ਉਤਰਦਾ ਹੈ। ਸ਼ਬਦ ਉਚਾਰਨ ਵੱਲ ਧਿਆਨ ਨਾ ਦਿਓ ਤਾਂ ਗੱਲ ਬੜੀ ਸਿੱਧੇ ਸ਼ਬਦਾਂ ਵਿਚ ਲੋਕ ਦਲੀਲਾਂ ਨਾਲ ਕਰਦੇ ਹਨ ਜੋ ਕਾਇਲ ਕਰਦੀ ਹੈ। ਸੰਖੇਪਤਾ ਵਾਸਤੇ 'ਓਣ ਆਖਿਆ' ਕਹਿ ਕਹਿ ਕੇ ਹੀ ਕਹਾਣੀ ਅੱਗੇ ਤੋਰ ਦਿੰਦੇ ਹਨ।

'ਓਣ ਆਖਿਆ 'ਮੈਂ ਮਾਤ ਲੋਕ ਤੇ ਚੱਲਿਆਂ'
ਓਣ ਆਖਿਆ 'ਚੱਲ ਮੈਂ ਤੇਰੇ ਮਗਰੇ ਈ ਆਇਆਂ।'
ਓਣ ਆਖਿਆ 'ਮੈਂ ਦੋ ਤੋਂ ਇਕ ਕਰ ਦਊਂ।'
ਓਣ ਆਖਿਆ 'ਮੈਂ ਦੋ ਤੋਂ ਤਿੰਨ ਕਰ ਦਊਂ।'
ਓਣ ਆਖਿਆ 'ਜੇ ਤਾਂ ਬੰਦੇ ਦਾ ਪੁੱਤ ਬਣਕੇ ਰਿਹਾ ਤਾਂ ਠੀਕ ਹੈ ਨਹੀਂ ਤਾਂ ਮਗਰੇ ਈ ਆਇਆ ਜਾਣ। ਆਣ ਕੇ ਸੂਤ ਕਰੂੰ ਤੈਨੂੰ।'

ਇਹ ਵਾਰਤਾਲਾਪ ਗੁਰੂ ਗੋਬਿੰਦ ਸਿੰਘ ਜੀ ਤੇ ਔਰੰਗਜ਼ੇਬ ਦੇ ਕਿਸੇ ਪਿਛਲੇ ਜਨਮ ਦਾ ਹੈ।' (ਵਰਿਆਮ, ਨਵੰਬਰ ੧੯੮੧ ਸਫਾ ੨੭)

ਕਿਸੇ ਵੀ ਖੇਤਰੀ ਸੱਭਿਆਚਾਰ ਦੇ ਅਹਿਮ ਅੰਗਾਂ ਨੂੰ ਭੂਤ ਦੀਆਂ ਭੁਲ ਭੁੱਲਈਆਂ ਵਿਚ ਲੁਪਤ ਹੋਣੋਂ ਬਚਾਉਣ ਲਈ 'ਵਰਿਆਮ' ਦਾ ਕੀਤਾ ਤਰੱਦਦ ਸਾਰਥਿਕ ਸਿੱਧ ਹੋਏਗਾ। ਇਸੇ ਸੰਬਧ ਵਿਚ 'ਢੋਲਕ ਵੱਜਦੀ ਰਹੀ' ਨਾਮੀ ਉਸਦਾ ਲੇਖ ਤਾਂ ਇਤਿਹਾਸਕ ਬਣ ਚੁੱਕਿਆ ਹੈ ਜਿਸ ਵਿਚ ਪੰਜਾਬੀ ਦੇ ਉੱਚ ਕੋਟੀ ਦੇ ਲੇਖਕਾਂ ਵਿਦਵਾਨਾਂ ਦੇ ਨਾਮਧਾਰੀ ਦੀਵਾਨਾਂ ਬਾਰੇ ਉਦਗਾਰ ਦਰਜ ਹਨ।

ਅਜੋਕੇ ਯੁੱਗ ਵਿਚ ਹੀ ਇਸ ਤਰ੍ਹਾਂ ਦੇ ਹੀ ਇਕ ਹੋਰ ਨਾਮਧਾਰੀ ਪ੍ਰਚਾਰਕ ਜਥੇਦਾਰ ਗਿਆਨ ਸਿੰਘ ਜੀ ਵੀਰੋਕਿਆਂ ਵਾਲੇ ਹੋਏ ਹਨ। ਨਿਰਮਾਣਤਾ ਸਾਦਗੀ ਦੀ ਸਾਕਾਰ ਮੂਰਤੀ ਅਤੇ ਗੁਰਬਾਣੀ ਦੇ ਗੂਹੜ ਰਹੱਸਾਂ ਨੂੰ ਸੁਖੈਨ ਢੰਗ ਨਾਲ ਸਮਝਾ ਦੇਣ ਵਾਲੇ ਬੜੇ ਸਫਲ ਵਿਆਖਿਆਕਾਰ। ੧੯੯੨ ਈ. ਵਿਚ ਯੂ.ਪੀ. ਦੇ ਗੋਲਾ ਗੋਕਰਨ ਨਾਥ ਦੇ ਹੋਲੇ ਸਮੇਂ ਜਥੇਦਾਰ ਹੋਰਾਂ ਦੇ ਦੀਵਾਨ ਦੀ ਛੱਬ ਨੂੰ ਵੇਖੋ ਵਰਿਆਮ ਦੀ ਪੇਸ਼ਕਾਰੀ ਵਿਚ :-

'ਯੂ.ਪੀ. ਦੇ ਇਸ ਪੰਜਾਬੀ ਵੱਸੋਂ ਵਾਲੇ ਸ਼ਹਿਰ ਵਿਚ ਰਾਤ ਨੂੰ ਜਥੇਦਾਰ ਗਿਆਨ ਸਿੰਘ ਜੀ ਨੂੰ ਸਮਾਂ ਮਿਲਿਆ। ਪੱਚੀ ਤੀਹ ਹਜ਼ਾਰ ਦੀ ਹਾਜ਼ਰੀ ਸਿੱਖ ਗੈਰ ਸਿੱਖ ਸਰੋਤਿਆਂ ਦੀ ਸੀ। ਨਾਮਧਾਰੀ ਸੰਗਤਾਂ ਤਾਂ ਉਚੇਚਿਆਂ ਗਈਆਂ ਹੀ ਸਨ। .. ਪੰਜ ਫੁੱਟ ਉੱਚਾ ਸਟੇਜ ਸੀ। ਡੇਢ ਕੁ ਸੌ ਦਾ ਜੱਥਾ ਸਾਜ਼ ਵਜਾਉਣ ਅਤੇ ਸ਼ਬਦ ਗਾਉਣ ਵਾਲਾ ਸੀ। ਗੁਰਮੁਖ ਸਿੰਘ ਸੰਤਨਗਰ ਵਰਗਾ ਢੋਲਕ ਦਾ ਉਸਤਾਦ ਵਜੰਤਰੀ ਢੋਲਕ ਉੱਤੇ ਉਣਤ ਬੁਣਤ ਕਰਦਾ ਗੂੰਜਾਂ ਪਾ ਰਿਹਾ ਸੀ। ਸੰਤਾਂ ਦਾ ਭਾਣਜਾ ਜਥੇਦਾਰ ਦਾਨ ਸਿੰਘ ਵੀ ਹੋਰ ਢੋਲਕ ਨਾਲ ਸੀ। ਬਲੀ ਸਿੰਘ ਜਿਹਾ ਸਿਧ ਹਸਤ ਕਲਾਕਾਰ ਹਾਰਮੋਨੀਅਮ ਤੇ ਬਦਲ ਬਦਲ ਕੇ ਨਗਮੇ ਵਜਾ ਰਿਹਾ ਸੀ।... ..ਸੰਤਾਂ ਦੇ ਦੀਵਾਨ ਦੀ ਟੇਕ ਸੀ- 'ਦੁਨੀਆ ਜੰਗਲ ਫੇਰ ਹਰਾ।' ਇਹ ਪ੍ਰਸਿੱਧ ਨਾਮਧਾਰੀ ਇਤਿਹਾਸਕਾਰ ਕਵੀ ਸੰਤ ਧਿਆਨ ਸਿੰਘ ਹੋਰਾਂ ਦੀ ਇਕ ਰਚਨਾ ਜਿਸ ਵਿਚ ਉਹ ਸਤਿਗੁਰੂ ਰਾਮ ਸਿੰਘ ਜੀ ਵਲੋਂ .... ਸੰਨ ੧੮੬੭ ਵਿਚ ਕੀਤੇ ਹੋਲੇ ਦਾ ਵਰਣਨ ਕਰਦੇ ਹਨ, ਦੀ ਇਕ ਤੁਕ ਹੈ। ਸੰਤਾਂ ਦਾ ਮਜ਼ਮੂਨ ਸਤਿਜੁਗ ਦੇ ਪ੍ਰਹਿਲਾਦ ਤੋਂ ਲੈਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਫੈਲਿਆ ਹੋਇਆ ਸੀ। ਅਤੇ ਉਹਨਾਂ ਦੇ ਗਾਇਨ ਦੀ ਸੁਰ ਸਭ ਸਪਤਕਾਂ ਪਾਰ ਕਰ ਰਹੀ ਸੀ। ਅੰਤਰੇ ਵਿਚੋਂ ਹੋਰ ਅੰਤਰਾ ਨਿਕਲਕੇ ਸੁਰ ਉਪਰ ਜਾਂਦੀ ਅਤੇ ਵਾਪਸੀ ਤੇ ਉਤਰਦੀ ਸਥਾਈ ਤਕ ਆਉਂਦੀ। ਜਥੇ ਦੀ ਆਵਾਜ਼ ਦੀ ਗੂੰਜ ਨਾਲ ਤਰਾਈ ਦਾ ਇਲਾਕਾ ਥਿਰਕ ਰਿਹਾ ਸੀ। (ਅੱਜ) 'ਦੁਨਿਆ ਜੰਗਲ ਫੇਰ ਹਰਾ।' ਢੋਲਕ ਛੈਣਿਆਂ ਦੀ ਛਹਿਬਰ ਵਿਚ ਮਸਤਾਨੇ ਲੋਟ ਪੋਟ ਹੋ ਰਹੇ ਸਨ। ਇਸੇ ਪਰੰਪਰਾ ਵਿਚ ਸੰਤ ਪ੍ਰਮਾਣ ਦੇ ਰਹੇ ਸਨ' ਕਹੁੰ ਜਪ ਗੁਰਮੰਤੇ, ਊਚ ਕਟੰਤੇ, ਸ਼ਬਦ ਸੁਨੰਤੇ, ਕੰਨ ਗੁਰੂ। ਕਹੁੰ ਢੋਲਕ ਬਾਜਤ, ਛੈਣੇ ਛਾਜਤ, ਧਰਮ ਸੁ ਗਾਜਤ ਧੰਨ ਗੁਰੂ। ਹਵੈ ਹੈ ਮਸਤਾਨੇ। ਨਚਤ ਦਿਵਾਨੇ, ਲਾਜ ਲੁਭਾਨੇ ਪ੍ਰੇਮ ਬਸੀ। ਸਭ ਲਾਲੋ ਲਾਲੇ, ਗਿਰਦ ਗੁਪਾਲੇ, ਬਹੁ ਖੁਸ਼ਹਾਲੀ ਨੇਮ ਵਸੀ।' ..... (ਵਰਿਆਮ ਸਤੰਬਰ ਅਕਤੂਬਰ ੧੯੯੮ ਸਫਾ ੭-੮)

'ਕੂਕਿਆਂ ਦਾ ਰੱਕੜ ਹੈ ਕਾਲਜ ਕੁਰਬਾਨੀ ਦਾ' ਵਰਗੀਆਂ ਜਜ਼ਬੇ ਗੁੱਧੀਆਂ ਕਵਿਤਾਵਾਂ ਲਿਖਣ ਵਾਲੇ, ਸਤਿਜੁਗ ਦੇ ਸਾਬਕਾ ਸੰਪਾਦਕ ਮਹੰਤ ਆਤਮਾ ਸਿੰਘ ਜੀ ਸਨਖਤਰਵੀ ਹੋਏ ਹਨ। ਉਹਨਾਂ ਦੇ ਵਿਸ਼ਾਲ ਮਸਤਕ ਵਿਚੋਂ ਹਮੇਸ਼ਾਂ ਗਿਆਨ ਦੇ ਚਾਨਣ ਦੀਆਂ ਰਿਸ਼ਮਾਂ ਫੁੱਟਦੀਆਂ ਰਹਿੰਦੀਆਂ ਸਨ। ਉਹਨਾਂ ਦੀ ਜਾਣ ਪਛਾਣ ਵਰਿਆਮ ਇਸ ਤਰ੍ਹਾਂ ਕਰਵਾਉਂਦਾ ਹੈ :-

'ਉਹਨਾਂ ਵਿਚ ਬਹੁਤ ਗੁਣ ਸਨ। ਉਹ ਪਿਤਾ ਪੁਰਖੀ ਮਹੰਤ ਸਨ। ਆਪਣੇ ਪਿੰਡ ਸਨਖਤਰਾ, ਜ਼ਿਲ੍ਹਾ ਸਿਆਲਕੋਟ



Sri Satguru Jagjit Singh Ji eLibrary NamdhariElibrary@gmail.com

(ਪਾਕਿਸਤਾਨ) ਦੀ ਧਰਮਸ਼ਾਲਾ ਵਿਚ ਉਹ ਬਚਪਨ ਤੋ ਹੀ ਸੇਵਾ ਕਾਰਜ ਵਿਚ ਲੱਗ ਗਏ। ਬਚਪਨ ਤੋਂ ਹੀ ਉਹ ਅਖੰਡ ਪਾਠੀ ਬਣ ਗਏ। ਉਹ ਕਥਾਕਾਰ, ਕੀਰਤਨਕਾਰ, ਭਾਸ਼ਣਕਾਰ, ਸਟੇਜ ਸਕੱਤਰ ਅਤੇ ਨਾਮਧਾਰੀ ਦਰਬਾਰ ਦੇ ਵੀ ਸਕੱਤਰ ਸਨ। ਉਹ ਸੰਪਾਦਕ ਤਾਂ ਸਨ ਹੀ, ਲੇਖਕ ਵੀ ਸਨ ਤੇ ਬਹਿਸਕਾਰ ਵੀ। ਗੱਲ ਮੁਕਾਉਣੀ ਹੋਵੇ ਤਾਂ ਸਿਵਾਏ ਚੜ੍ਹਨ ਵਾਲੀ ਕਾਰ ਤੋਂ ਉਹ ਸਭ ਤਰ੍ਹਾਂ ਦੇ 'ਕਾਰ' ਸਨ ਪਰ ਮੈਂ ਮੁੱਢਲੇ ਤੌਰ ਤੇ ਉਹਨਾਂ ਨੂੰ ਕਵੀ ਮੰਨਦਾ ਹਾਂ।.....

'ਇਸ ਸਾਦਗੀ ਦੇ ਬਹੁਤ ਸਾਰੇ ਕਿੱਸੇ ਹਨ। ਦਿੱਲੀ ਤੋਂ ਅਸੀਂ ਪਵਨਾਰ ਵਿਨੋਬਾ ਭਾਵੇ ਜੀ ਦੇ ਆਸ਼ਰਮ ਲਈ ਜਾਣ ਲੱਗੇ। ਦਲੀਪ ਸਿੰਘ ਲੁਧਿਆਣਾ ਸਾਡੇ ਨਾਲ ਸਨ। ਦਲੀਪ ਸਿੰਘ ਨੇ ਵਾਹੋ ਦਾਹ ਪੁੱਛਿਆ ' ਨਾਲ ਪੜ੍ਹਣ ਲਈ ਕੀ ਲਵੋਗੇ। 'ਕਵੀ' ਜੀ ਨੇ ਕਿਹਾ 'ਹਿੰਦੀ ਬਲਿਟਜ਼ ਲੈ ਆ, ਮੈਂ 'ਇੰਡੀਆ ਟੂਡੇ' ਦੀ ਮੰਗ ਕੀਤੀ। ਮਹੰਤ ਜੀ ਨੇ ਕਿਹਾ ਕਿ ਅੱਛਾ ਬਹੁਤਾ ਜ਼ੋਰ ਪਾਉਂਦੇ ਹੋ ਤਾਂ 'ਚੰਦਾ ਮਾਮਾ' ਲੈ ਆਓ। ਦਲੀਪ ਸਿੰਘ ਨੇ ਹੈਰਾਨੀ ਨਾਲ ਫੇਰ ਪੁੱਛਿਆ, 'ਚੰਦਾ ਮਾਮਾ?' ਇਹ ਤਾਂ ਬੱਚਿਆਂ ਦਾ ਪਰਚਾ ਹੈ। 'ਆਹੋ ਪਰ ਉਹਦੇ ਵਿਚ ਕਹਾਣੀਆਂ ਵਧੀਆ ਹੁੰਦੀਆਂ ਹਨ। ਪੁਰਾਣੇ ਇਤਿਹਾਸ ਦੀਆਂ।' ਹੁਣ ਮੈਂ ਸੋਚਦਾ ਹਾਂ ਕਿ ਸੱਚ ਮੁੱਚ ਰਮਾਇਣ, ਮਹਾਭਾਰਤ ਅਤੇ ਪੁਰਾਣ ਕਥਾਵਾਂ ਦਾ ਜੋ ਪ੍ਰਭਾਵ ਲੋਕ ਮਨਾਂ ਤੇ ਹੈ ਜਾਂ ਜੀਵਨ ਨੂੰ ਇਹ ਸੇਧ ਦਿੰਦੀਆਂ ਹਨ, ਨਵੀਨ ਜੁੱਗ ਦੇ ਪਰਚਾਰ ਸਾਧਨ ਕਿੱਥੇ ਦੇ ਰਹੇ ਹਨ।' (ਵਰਿਆਮ, ਅਗਸਤ ੧੯੯੮, ਸਫਾ ੪੧-੪੩)

ਹਰ ਵਿਅਕਤੀ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਕੁਝ ਤਾਂ ਵਿਅਕਤੀਆਂ ਦਾ ਅਹਿਮ ਯੋਗਦਾਨ ਹੁੰਦਾ ਹੈ। ਜਗਦੀਸ਼ ਸਿੰਘ ਨੂੰ ਆਪਣੇ ਨਾਮਧਾਰੀ ਪੰਥ ਨਾਲ ਇਸ਼ਕ ਦੀ ਹੱਦ ਤੱਕ ਪਿਆਰ, ਦਵੈਤ ਈਰਖਾ ਮਾਇਆ ਪਦਲਾਲਸਾ ਹਉਮੈਂ ਤੋਂ ਮੁਕਤੀ ਅਤੇ ਉੜਿਆਂ ਥੁੜਿਆਂ ਲੋਕਾਂ-ਮੁਲਕਾਂ ਦੇ ਹੱਕ ਵਿਚ ਆਪਣੀ ਕਲਮ ਦੁਆਰਾ ਭੁਗਤਣ ਦਾ ਸਦੀਵੀ ਚਾਉ ਆਪਣੇ ਪਿਤਾ ਸੰਤ ਨੱਥਾ ਸਿੰਘ ਜੀ ਤੋਂ ਵਿਰਸੇ ਵਿਚ ਮਿਲਿਆ ਹੈ। ਉਹਨਾਂ ਦੇ ਗੁਜ਼ਰ ਜਾਣ ਤੇ ਸ਼੍ਰਧਾਂਜਲੀ ਵਜੋਂ ਜੋ ਮਾਰਮਿਕ ਸ਼ਬਦ ਚਿੱਤਰ ਵਰਿਆਮ ਨੇ ਪੇਸ਼ ਕੀਤਾ ਹੈ ਉਹ ਅਨੂਠਾ ਹੈ। ਮੈਂ ਉਸ ਨੂੰ ਵਾਰ ਵਾਰ ਪੜ੍ਹਿਆ ਹੈ ਅਤੇ ਹਰ ਵਾਰ ਕਿਸੇ ਸ਼ਾਹਕਾਰ ਰਚਨਾ ਜਿਉਂ ਉਸਦਾ ਅਲੌਕਿਕ ਸੰਸਾਰ ਅੱਖਾਂ ਸਾਂਹਵੇਂ ਰੂਪਮਾਨ ਹੋਇਆ ਹੈ। ਸੰਤਾਂ ਦੀ ਛੱਤਰ ਛਾਇਆ ਨੂੰ ਜਗਦੀਸ਼ ਸਿੰਘ ਹੋਰਾਂ ਕੁਝ ਇਸ ਤਰ੍ਹਾਂ ਮਾਣਿਆ ਹੈ:-

'ਵਰਿਆਮ ਪਰਚੇ ਦੀ ਹੋਂਦ ਅਤੇ ਜੀਵਨ ਪੰਧ ਵਿਚ ਉਹਨਾਂ ਦਾ ਉੱਘਾ ਯੋਗਦਾਨ ਰਿਹਾ ਹੈ। ਜੇ ਉਹ ਇਕ ਵਾਰ ਵੀ ਕਹਿ ਦਿੰਦੇ ਕਿ ਕਾਕਾ ਤੁਸੀਂ ਜਵਾਨ ਹੋ ਗਏ ਹੋ। ਆਪਣਾ ਕਮਾਓ, ਖਾਓ ਤੇ ਟੱਬਰ ਪਾਲੋ ਅਤੇ ਸਾਡੀ ਵੀ ਸੇਵਾ ਕਰੋ। ਮੈਂ ਹੁਣ ਬੁੱਢਾ ਹੋ ਗਿਆਂ ਤੁਹਾਨੂੰ ਨਹੀਂ ਪਾਲ ਸੱਕਦਾ ਤਾਂ ਕਿੱਥੇ ਵਰਿਆਮ ਤੇ ਕਿੱਥੇ ਕੁੱਝ ਹੋਰ ਹੋਣਾ ਸੀ। ਉਹਨਾਂ ਸਾਨੂੰ ਸਣ ਟੱਬਰਿਆਂ ਨੂੰ ਰੋਟੀਆਂ ਵੀ ਦਿਤੀਆਂ, ਕੱਪੜੇ ਵੀ ਦਿਤੇ, ਸਿਰ ਉਤੇ ਛੱਤ ਵੀ ਬਖਸ਼ੀ ਤੇ ਚੂੰ ਵੀ ਨਹੀਂ ਕੀਤੀ। ਅਸੀਂ ਦੁੜੰਗੇ ਮਾਰਦੇ ਰਹੇ। ਕਦੇ ਹਾਕੀ ਫੁੱਟਬਾਲ ਖੇਡਦੇ ਰਹੇ, ਕਦੇ ਸੰਗੀਤ ਸਿਖਦੇ ਰਹੇ, ਕਦੇ ਸਮਾਗਮਾਂ ਤੇ ਜਾਂਦੇ ਅਤੇ ਸੈਰਾਂ ਕਰਦੇ ਰਹੇ। ਘਰੋ ਲਟਾ ਪਲਾਣਾ ਛੱਡ ਚਲੇ ਜਾਂਦੇ ਰਹੇ ਬਾਹਰਲੇ ਦੇਸ਼ ਨੂੰ ਵੀ, ਉਹ ਘਰ ਸਾਂਭਦੇ ਰਹੇ।'

ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਵੀ ਨਾਮਧਾਰੀ ਦੀਵਾਨਾਂ ਦੀ ਸ਼ਾਨ ਹੋਇਆ ਕਰਦੀ ਸੀ ਰਾਗੀ ਦਰਸ਼ਨ ਸਿੰਘ ਅਤੇ ਖਜ਼ਾਨ ਸਿੰਘ ਦੋਹਾਂ ਜੱਟ ਭਰਾਵਾਂ ਦੀ ਜੋੜੀ। ਖਜ਼ਾਨ ਸਿੰਘ ਹੋਰਾਂ ਨੂੰ ਇਕ ਸਦ ਖਿੜੇ ਫੱਲ ਦੇ ਰੂਪ ਵਿਚ ਜਗਦੀਸ਼ ਸਿੰਘ ਹੋਰਾਂ ਨੇ ਇਸ ਤਰ੍ਹਾਂ ਚਿਤਰਿਆ ਹੈ :-

'ਸੰਤ ਖਜ਼ਾਨ ਸਿੰਘ ਬਾਹਰ ਮੈਦਾਨ ਵਿਚ ਖੜੇ ਸਨ। ਤਰਾਸ਼ਿਆ ਹੋਇਆ ਪੀਡਾ ਸਰੀਰ, ਸਿਰ ਤੇ ਖੂਬਸੂਰਤ ਨਾਮਧਾਰੀ ਦਸਤਾਰ, ਕੁੜਤਾ ਪਜਾਮਾ ਚਿਟਾ ਫੱਬਵਾਂ ਭਰ ਜਵਾਨੀ ਪਰ ਵੇਖਣੀ ਚਾਖਣੀ ਸਭ ਸਾਧੀ ਹੋਈ। ਹੱਥ ਵਿਚ ਇਕ ਰੰਗੀਨ ਸੋਟੀ ਫੜੀ ਹੋਈ। ਇਕ ਮਟਕ ਜਿਹੀ ਨਾਲ ਇਕ ਇੰਚ ਏਧਰ ਹੋ ਜਾਣ ਇਕ ਓਧਰ। ਸਮਾਗਮ ਵਿਚ ਆਇਆ ਹਰ ਵਿਅਕਤੀ ਖਲੋ ਜਾਵੇ ਸੰਤ ਖਜ਼ਾਨ ਸਿੰਘ ਨੂੰ ਵੇਖਣ ਵਾਸਤੇ। ਗੱਲਾਂ ਹੋਣ 'ਭੈਣੀ ਸਾਹਿਬ ਤੋਂ ਨਾਮਧਾਰੀ ਰਾਗੀ ਆਏ ਨੇ। ਤਕਿਆ ਜੋ ਚਿਹਰੇ ਤੇ ਕਿਤਨਾ ਨੂਰ ਹੈ।.....

ਕੀਰਤਨ ਦੀ ਤਿਆਰੀ ਖਜ਼ਾਨ ਸਿੰਘ ਕਿਵੇਂ ਕਰਦੇ ਹਨ:-

'ਖਜ਼ਾਨ ਸਿੰਘ ਆਪਣੇ ਤਬਲੇ ਦੀ ਜੋੜੀ ਆਪ ਖੋਲ੍ਹਦੇ ਹਨ। ਮੱਖਣ ਵਰਗੇ ਆਟੇ ਦੇ ਪੇੜੇ ਨੂੰ ਧਾਮੇ ਉਤੇ ਇਕ ਅੰਦਾਜ਼ ਨਾਲ ਲਾਉਂਦੇ ਹਨ। ਇਸ ਧਾਮੇ ਤੇ ਜਦੋਂ ਹੱਥ ਮਾਰਦੇ ਹਨ ਤਾਂ ਇਉਂ ਲੱਗਦਾ ਹੈ ਜਿਵੇਂ ਨਗਾਰਾ ਵਜਿਆ ਹੈ। ਦੂਸਰੇ ਪੁੜੇ ਨੂੰ ਉਂਗਲ, ਅੱਖਾਂ ਅਤੇ ਦਿਮਾਗ ਨਾਲ ਸੁਰ ਕਰਦੇ ਹਨ। ਹਥੌੜੀ ਮਾਰ ਮਾਰ ਕੇ, ਤਬਲੇ ਨੂੰ ਘੁਮਾ ਘੁਮਾ ਕੇ ਉਸ ਦੀ ਆਵਾਜ਼ ਵੱਲ ਇਵੇਂ ਧਿਆਨ ਦਿੰਦੇ ਹਨ ਜਿਵੇਂ ਮਹਿਬੂਬ ਨਾਲ ਗੱਲਾਂ ਕਰ ਰਹੇ ਹੋਣ। ਤੇ ਜੇ ਤਬਲਾ ਥੋੜਾ ਝੂਠ ਬੋਲੇ ਤਾਂ ਹਥੌੜੀ ਦੀ ਮਾੜੀ ਜਿਹੀ ਟਕੋਰ ਮਾਰ ਕੇ ਪਲੋਸ ਕੇ ਪੁੱਛ ਰਹੇ ਹੋਣ ਹੁਣ ਠੀਕ ਏਂ। ਚੰਗਾ ਬੱਚਾ ਤਕੜਾ ਹੋ ਜਾ।.....

'ਸੰਤ ਖਜ਼ਾਨ ਸਿੰਘ ਕਦੇ ਢੋਲਕ ਵਜਾਉਂਦੇ ਹੋਣ ਤਾਂ ਜੀ ਕਰਦਾ ਹੈ ਹੋਰ ਕੁਝ ਵੀ ਨਾ ਸੁਣੀਏ। ਢੋਲਕ ਸੁਣ ਕੇ ਇਕ ਵੇਰ ਇਕ ਭੋਲੇ ਬਜ਼ੁਰਗ ਨੇ ਕਿਹਾ 'ਖਜ਼ਾਨ ਸਿੰਹਾਂ' ਤੂੰ ਏਨੀ ਵਧੀਆ ਢੋਲਕੀ ਵਜਾਉਂਦਾ ਹੈ ਤੈਨੂੰ ਤਬਲਾ ਵਜਾਉਣ ਦੀ ਕੀ ਲੋੜ ਐ!' (ਵਰਿਆਮ ਅਕਤੂਬਰ ੧੯੯੨ ਸਫਾ ੩-੪)

ਜਗਦੀਸ਼ ਸਿੰਘ ਰਾਗ ਦੀਆਂ ਬਾਰੀਕੀਆਂ ਨੂੰ ਵੀ ਸਮਝਣ ਤੇ ਮਾਨਣ ਦੇ ਸਮਰੱਥ ਹੈ ਅਤੇ ਭਾਰਤ ਭਰ ਦੇ ਪ੍ਰਸਿੱਧ



Sri Satguru Jagjit Singh Ji eLibrary NamdhariElibrary@gmail.com

ਗਵੰਤਰੀਆਂ ਤੇ ਵਜੰਤਰੀਆਂ ਦੀ ਸੰਗਤ ਉਸ ਨੇ ਮਾਣੀ ਹੈ ਕਿਉਂਕਿ ਇਹ ਲੋਕ ਸਤਿਗੁਰੂ ਜਗਜੀਤ ਸਿੰਘ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਕਸਰ ਉਹਨਾਂ ਪਾਸ ਭੈਣੀ ਸਾਹਿਬ ਆਉਂਦੇ ਰਹਿੰਦੇ ਹਨ। ਨਾਮਧਾਰੀ ਦਰਬਾਰ ਜਿਸ ਦੇ ਵਰਿਆਮ ਹੋਰੀਂ ਜਨਰਲ ਸਕੱਤਰ ਹਨ ਉਸਨੇ ਵੀ ਅਨੇਕਾਂ ਥਾਈਂ ਉਚ ਪੱਧਰੀ ਸੰਗੀਤ ਸੰਮੇਲਨ ਆਯੋਜਿਤ ਕੀਤੇ ਹਨ। ਪਹਿਲੋਂ ਤਬਲਾ ਵਾਦਕ ਰਹੇ ਸ਼ਿਵ ਕੁਮਾਰ ਸ਼ਰਮਾ ਨੇ ਇਕ ਕਸ਼ਮੀਰੀ ਸਾਜ਼ ਸੰਤੂਰ ਵਿਚ ਢੇਰ ਮੁਹਾਰਤ ਹਾਸਲ ਕਰ ਲਈ। ਉਸ ਦਾ ਜ਼ਿਕਰ ਜਗਦੀਸ਼ ਸਿੰਘ ਇਉਂ ਕਰਦੇ ਹਨ :-

'ਤੇ ਇਕ ਦਿਨ ਜਦੋਂ ਇਹ ਐਲਾਨ ਪੜ੍ਹਿਆ ਕਿ ਕਿਸੇ ਸੰਮੇਲਨ ਵਿਚ ਉਹ ਜੰਮੂ ਦੇ ਗੁਲਾਬ ਭਵਨ ਵਿਚ ਸੰਤੂਰ ਵਜਾ ਰਹੇ ਹਨ ਤਾਂ ਸੁਣਨ ਤੋਂ ਪਹਿਲਾਂ ਹੀ ਉਹਨਾਂ ਦੀ ਸਰਦਾਰੀ ਤਸਲੀਮ ਕਰ ਲਈ। ਕਾਰਨ ਇਹ ਸੀ ਕਿ ਇਸ਼ਤਿਹਾਰਾਂ ਵਿਚ ਲਿਖਿਆ ਸੀ ਕਿ ਸ਼ਿਵ ਕੁਮਾਰ ਨਾਲ ਤਬਲੇ ਤੇ ਸੰਗਤ ਬਨਾਰਸ ਦੇ ਪੰਡਤ ਕਿਸ਼ਨ ਮਹਾਰਾਜ ਕਰ ਰਹੇ ਹਨ। ਕਿਸ਼ਨ ਮਹਾਰਾਜ ਦਾ ਨਾਮ ਸੁਣਦਿਆਂ ਹੀ ਦਿਮਾਗ ਵਿਚ ਪੰਡਿਤ ਰਵੀ ਸ਼ੰਕਰ, ਉਸਤਾਦ ਵਲਾਇਤ ਖਾਂ ਆ ਗਏ ਜਿਹਨਾਂ ਦੇ ਜੋੜ ਦੇ ਉਹ ਕਲਾਕਾਰ ਹਨ।.. ਕਿਸ਼ਨ ਮਹਾਰਾਜ ਨਾਲ ਬੈਠਣਾ ਕੋਈ ਸਧਾਰਨ ਗੱਲ ਨਹੀਂ। ਕਲਾਕਾਰ ਨੂੰ ਬਹੁਤ ਸੁਚੇਤ ਰਹਿਣਾ ਪੈਂਦਾ ਹੈ।....

'ਪਰ ਪ੍ਰੋਗਰਾਮ ਵਿਚ ਸ਼ਿਵ ਕੁਮਾਰ ਜੀ ਨੇ ਜਿੱਥੇ ਸੰਤੂਰ ਦੀਆਂ ਲਹਿਰਾਂ ਨੂੰ ਫਿਜ਼ਾ ਵਿਚ ਵੱਖ ਵੱਖ ਪੈਟਰਨਾਂ ਰਾਹੀਂ ਬਖੇਰਿਆ ਉੱਥੇ ਲੈਅ ਕਾਰੀ ਅਤੇ ਤਾਲ ਕਮਾਲ ਵਿਚ ਕਿਸ਼ਨ ਮਹਾਰਾਜ ਨਾਲ ਬਿਦ ਬਿਦ ਕੇ ਲੈ ਦੇ ਕੀਤੀ। ਦੋਹਾਂ ਕਲਾਕਾਰਾਂ ਦੇ ਸਾਜ਼ ਇਕ ਹੋਏ ਪਏ ਸਨ। ਸੌ ਤਾਰਾਂ ਵਾਲਾ ਚੋਖਟਾ ਸਾਜ਼ ਸ਼ਿਵ ਦੇ ਪੱਟਾਂ ਤੇ ਟਿਕਿਆ ਪਿਆ ਸੀ ਅਤੇ ਲਕੜੀ ਦੀਆਂ ਕਲਮਾਂ ਨਾਲ ਉਹਨੂੰ ਛੇੜਿਆ ਜਾ ਰਿਹਾ ਸੀ। ਉਹ ਤਰੰਗਾਂ ਬਿਖੇਰ ਰਿਹਾ ਸੀ। ਕਦੀ ਤ੍ਰੇਲ ਬੂੰਦਾਂ ਮੱਠੀਆਂ ਮੱਠੀਆਂ ਬਰਸਦੀਆਂ। ਕਦੀ ਮਾੜੀ ਮਾੜੀ ਕਿਣ ਮਿਣ ਹੁੰਦੀ ਕਦੇ ਮੂਸਲੇਧਾਰ ਬਾਰਸ਼ ਅਤੇ ਕਦੇ ਘਨਘੋਰ ਗਰਜਾਂ। ਬਸੰਤ ਵਿਚ ਫੁੱਲਾਂ ਤੇ ਨੱਚਦੀਆਂ ਥਿਰਕਦੀਆਂ ਤਿਤਲੀਆਂ ਦੇ ਮਨੋਵੇਗ। (ਵਰਿਆਮ ਜੂਨ ੧੯੮੧ ਸਫਾ ੧੨-੧੩)

ਡਾਕਟਰ ਨੇ ਉਸਤਾਦ ਵਲਾਇਤ ਖਾਨ ਨੂੰ ਲਖਨਊ ਸੰਗੀਤ ਸੰਮੇਲਨ ਵਿਚ ਸਿਰਫ ਦਸ ਮਿੰਟ ਸਿਤਾਰ ਵਜਾਉਣ ਦੀ ਇਜਾਜ਼ਤ ਦਿਤੀ ਸੀ। ਪ੍ਰੰਤੂ ਜਦੋਂ ਰੰਗ ਬੱਝ ਗਿਆ ਤਾਂ ਬਕੌਲ ਜਗਦੀਸ਼ ਸਿੰਘ :-

'ਇਸੇ ਦੌਰਾਨ ਉਹਨਾਂ ਮਾਇਕ ਤੇ ਕਿਹਾ-

'ਏਕ ਤੋ ਸਤਿਗੁਰੂ ਜੀ ਕੀ ਕਾਨਫਰੰਸ, ਦੂਸਰੇ ਇਤਨੇ ਅੱਛੇ ਸੁਨਣੇ ਵਾਲੇ ਹੈਂ..... ਮੈਂ ਸਾਰੀ ਰਾਤ ਬਜਾਨਾ ਚਾਹਤਾ ਹੂੰ।'

'ਫਿਰ ਗਾ ਕੇ ਅਤੇ ਵਜਾ ਕੇ ਰਾਜਸਥਾਨ ਦਾ ਮਾਂਡ ਸੁਣਾਇਆ। ਫਿਰ ਲਖਨਊ ਅੰਗ ਦੀ ਠੁਮਰੀ ਵਿਚ ਬਗੈਰ ਤੁਣਕੇ ਤੋਂ ਹੀ ਸੁਰਾਂ ਪੈਦਾ ਕਰਕੇ ਇਸ ਸੰਗੀਤ ਮਹਾਂ ਸੰਮੇਲਨ ਦੇ ਅਨੰਦ ਮਈ ਵਾਤਾਵਰਣ ਨੂੰ ਸਿਖਰਾਂ ਤੇ ਪਹੁੰਚਾ ਦਿਤਾ।'

ਆਪਣੀ ਉਮਰ ਦੇ ਅਧਵਾਟੇ ਹੀ ਨਾਮਧਾਰੀ ਪਰਿਵਾਰ ਵਿਚੋਂ ਇਕ ਬੜਾ ਪਿਆਰਾ ਗਜ਼ਲ ਗਾਇਕ ਸੁਰਿੰਦਰ ਸੁਮਨ ਪਿਛਲੇ ਵਰ੍ਹੇ ਚਲਾਣਾ ਕਰ ਗਿਆ ਹੈ। ਮੈਂ ਜਗਦੀਸ਼ ਸਿੰਘ ਹੋਰਾਂ ਦੀ ਉਸ ਬਾਰੇ ਜਦੋਂ ਲਿਖਤ 'ਸੁਰਿੰਦਰ ਸੁਮਨ ਨੂੰ ਯਾਦ ਕਰਦਿਆਂ' ਪੜ੍ਹੀ ਤਾਂ ਬਹੁਤ ਅਫਸੋਸ ਹੋਇਆ ਕਿ ਐਸਾ ਸੱਜਣ ਸਾਨੂੰ ਮਿਲੇ ਬਿਨਾਂ ਲੰਮੇ ਰਾਹਾਂ ਦਾ ਪਾਂਧੀ ਬਣ ਗਿਆ ਹੈ। ਉਸ ਸਾਧਾਰਨ ਦਿਖ ਵਾਲੇ ਬੰਦੇ ਦੀ ਜੋ ਤਸਵੀਰ ਵਰਿਆਮ ਨੇ ਖਿਚੀ ਹੈ ਉਸ ਨਾਲ ਦੋਵੇਂ ਅਮਰ ਹੋ ਗਏ ਹਨ। ਇਹ ਵਰਿਆਮ ਦੇ ਅਤਿ ਪਿਆਰੇ ਸ਼ਬਦ ਚਿਤਰਾਂ ਵਿਚੋਂ ਇਕ ਹੈ। ਤੁਸੀਂ ਵੀ ਮੁਲਾਹਜ਼ਾ ਫਰਮਾਓ :-

'ਉਸ ਤੋਂ ਬਾਦ ਸੁਮਨ ਦੇ ਗੁਣ ਅਤੇ ਔਗੁਣ ਇਕ ਦੂਜੇ ਤੋਂ ਵੱਡੇ ਵੱਡੇ ਲੱਗਣ ਲੱਗੇ। ਕਿਸੇ ਵੇਲੇ ਲੱਗਦਾ ਕਿ ਉਹ ਇਸ ਦੁਨੀਆਂ ਦਾ ਹੀ ਬਾਸ਼ਿੰਦਾ ਨਹੀਂ। ਉਹਦਾ ਸਰੀਰ ਹੀ ਇਸ ਸੰਸਾਰ ਵਿਚ ਹੈ ਰੂਹ ਕਿਸੇ ਹੋਰ ਲੋਕ ਵਿਚ ਹੈ। ਸੁਰਾਂ ਦਾ ਬਾਦਸ਼ਾਹ ਹੈ। ਉਹਦਾ ਭੈਰਵੀ ਵਿਚ ਗਾਇਆ 'ਮਿਤਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ' ਸੁਣਿਆ ਤਾਂ ਲੱਗਾ ਇਹ ਬੰਦਾ ਪੱਥਰ ਪਿਘਲਾ ਦੇਵੇਗਾ। ਉਹਦੇ ਗਲੇ ਵਿਚੋਂ, ਉਹਦੇ ਮੱਥੇ ਤੇ ਅੱਖਾਂ 'ਚੋਂ ਦਰਦ ਦੀ ਹੂਕ ਵੱਗਦੀ ਲਗੀ। ਉਹ ਸੋਜ਼ ਦਾ ਆਜਿਜ਼ੀ ਤੇ ਗਰੀਬੀ ਦਾ ਰੂਪ ਹੋਇਆ ਪਿਆ ਸੀ। ਉਸ ਵੇਲੇ ਜਹਾਨ ਉਸਦੇ ਕਦਮਾਂ 'ਚ ਜਾਪਦਾ। ਉਸ ਦੇ ਐਨ ਉਲਟ ਜਦੋਂ ਉਹ ਗੱਲਾਂ ਕਰ ਰਿਹਾ ਹੁੰਦਾ ਤਾਂ ਐਸੀਆਂ ਅਟਕਲ ਪੱਚੂ ਮਾਰਦਾ ਕਿ ਲੱਗਦਾ ਕਿ ਇਹ ਸੁੱਦਾ ਹੀ ਕਮਲਾ ਹੈ।' (ਵਰਿਆਮ ਜੁਲਾਈ ੨੦੦੦, ਸਫਾ ੩੫)

ਇਸ ਕਲਾਕਾਰ ਦੀ ਪਹਿਲੀ ਸ਼ਾਦੀ ਬਿਖਰ ਗਈ ਸੀ। ਅੰਤ ਸਮੇਂ ਜਦੋਂ ਸਿਹਤ ਜ਼ਿਆਦਾ ਖਰਾਬ ਹੋ ਗਈ ਹੋਸ਼ ਆਉਣ ਤੇ ਆਪਣੀ ਭੈਣ ਨੂੰ, ਜਿਸ ਪਾਸ ਰਹਿ ਰਿਹਾ ਸੀ, ਪੁੱਛਣਾ ' ਮੇਰੇ ਵਿਆਹ ਦਾ ਕੀ ਕੀਤਾ ਜੇ।' ਭੈਣੀ ਸਾਹਿਬ, ਜੋ ਵਰਿਆਮ ਮੁਤਾਬਕ ਕਲਾਕਾਰਾਂ ਦੀ ਆਖਰੀ ਪਨਾਹਗਾਹ ਹੈ, ਪਹੁੰਚਿਆ ਤਾਂ ਸਤਿਗੁਰੂ ਜੀ ਨੇ ਦਇਆਨੰਦ ਹਸਪਤਾਲ ਲੁਧਿਆਣੇ ਦਾਖਲ ਕਰਵਾ ਦਿਤਾ। ਪਰ ਵਕਤ ਨੇ ਵਫਾ ਨਾ ਕੀਤੀ। ਉਸ ਦੇ ਲੰਮੇ ਪਰਸੰਗ ਵਿਚ ਉਹਦੇ ਵਿਆਹ ਬਾਰੇ ਵੇਰਵੇ ਨੂੰ ਵਰਿਆਮ ਹੋਰਾਂ ਨੇ ਬੜੀ ਸਾਦਗੀ ਨਾਲ ਚਿਤਰਿਆ ਹੈ :-

'ਮੁੰਡੇ ਕਹਿੰਦੇ ਨੇ ਕਿ ਰਾਣੀਆਂ ਹੋਲੇ ਮਹੱਲੇ ਸਮੇਂ ਜਦੋਂ ਸਟੇਜ ਤੋਂ ਇਹ ਅਨਾਊਂਸ ਹੋਇਆ ਕਿ ਅੰਨਦ ਕਾਰਜਾਂ ਵਾਲੇ ਲੜਕੇ ਲੜਕੀਆਂ ਦੇ ਨਾਮ ਫਲਾਣੇ ਥਾਂ ਲਿਖਵਾਏ ਜਾਣ ਤਾਂ ਸੁਮਨ ਵੀ ਉਥੇ ਚਲਾ ਗਿਆ ਕਿ ਮੇਰਾ ਵੀ ਨਾਂਅ ਲਿਖ ਲਵੋ



Sri Satguru Jagjit Singh Ji eLibrary NamdhariElibrary@gmail.com

ਜੀ! ਉਨ੍ਹਾਂ ਕਿਹਾ ਕਿ ਬੀਬੀ ਦਾ ਨਾਂਅ ਕੀ ਹੈ ਤਾਂ ਕਹਿਣ ਲੱਗਾ ਕਿ ਉਹ ਤਾਂ ਮੈਨੂੰ ਪਤਾ ਨਹੀਂ ਮੈਂ ਤਾਂ ਆਪਣਾ ਨਾਂਅ ਲਿਖਾਉਣ ਆਇਆ ਹਾਂ ਬੀਬੀ ਦਾ ਤੁਸਾਂ ਦਸਣਾ ਹੈ ਤਾਂ ਅੱਗੋਂ ਪ੍ਰਬੰਧਕਾਂ ਕਿਹਾ ਭਾਈ ਤੂੰ ਚਲਦਾ ਬਣ। ਅਸਲ ਵਿਚ ਉਥੇ ਤਾਂ ਨਾਂਅ ਸਮੇਤ ਮਾਤਾ ਪਿਤਾ ਦੇ ਉਹਨਾਂ ਜੋੜਿਆਂ ਦੇ ਲਿਖੇ ਜਾਂਦੇ ਹਨ ਜਿਨ੍ਹਾਂ ਦੇ ਰਿਸ਼ਤੇ ਪਹਿਲਾਂ ਤੈਅ ਹੋ ਚੁੱਕੇ ਹੁੰਦੇ ਹਨ।(ਉਹੀ ਸਫਾ ੩੭)

ਇਸ ਤਰ੍ਹਾਂ ਦੇ ਅਨੇਕਾਂ ਪਾਤਰ ਹਨ ਜੋ ਜਗਦੀਸ਼ ਸਿੰਘ ਹੋਰਾਂ ਦੀ ਪਾਰਖੂ ਅੱਖ ਦੀ ਪਕੜ ਵਿਚ ਆ ਕੇ, ਸ਼ਬਦਾਂ ਦਾ ਜਾਮਾ ਪਹਿਨ ਗਏ ਹਨ ਅਤੇ ਇਉਂ ਉਹ ਚੇਤਿਆਂ ਵਿਚ ਜੁਗਨੂੰਆਂ ਜਿਉਂ ਟਿਮਟਿਮਾਉਂਦੇ ਰਹਿਣਗੇ। ਇਹ ਵਿਅਕਤੀ, ਬਿਨਾਂ ਕਿਸੇ ਲੋਭ ਲਾਲਚ ਤੋਂ, ਕੇਵਲ ਉਹਨਾਂ ਦੇ ਕੁਝ ਸਾਂਭਣ ਯੋਗ ਗੁਣਾਂ ਸਦਕਾ ਜਦੋਂ ਉਹਨਾਂ ਦੀ ਘਾਲੀ ਘਾਲ ਦਾ ਜ਼ਿਕਰ ਕਰਕੇ, ਖੁਦ ਵੀ ਸੁਰਖਰੂ ਹੋ ਜਾਂਦਾ ਹੈ ਅਤੇ ਆਪਣੇ ਪਾਤਰਾਂ ਨੂੰ ਵੀ ਲੋਕ ਮਨਾਂ ਵਿਚ ਬਣਦੀ ਥਾਂ ਦੁਆ ਜਾਂਦਾ ਹੈ।

ਜਗਦੀਸ਼ ਸਿੰਘ ਜਿਹਾ ਸੂਖਮ ਭਾਵੀ ਅਤੇ ਸਮਾਜਿਕ ਯਥਾਰਥ ਬੋਧ ਨਾਲ ਓਤ ਪੋਤ ਲੇਖਕ ਹੀ, ਆਪਣੇ ਆਲੇ ਦੁਆਲੇ ਦੀਆਂ ਸਧਾਰਨ ਤੋਂ ਲੈ ਕੇ ਅਤੀ ਵਿਸ਼ਿਸ਼ਟ ਸ਼ਖਸੀਅਤਾਂ ਦੇ ਅਜਿਹੇ ਸਜੀਵ ਬਿੰਬ ਸਿਰਜ ਸੱਕਦਾ ਹੈ। ਅਸੀਂ ਆਪਣੇ ਭੂਤ ਦੀ ਸਹਾਇਤਾ ਨਾਲ ਹੀ ਵਰਤਮਾਨ ਦੀ ਸਹੀ ਪੜਚੋਲ ਕਰਕੇ ਭਵਿੱਖ ਵਾਸਤੇ ਠੀਕ ਨਕਸ਼ੇ ਉਲੀਕ ਸੱਕਦੇ ਹਾਂ। ਸੋ ਹਰ ਬੀਤ ਗਿਆ ਵਿਅਕਤੀ ਆਪਣਾ ਇਤਿਹਾਸ ਰੱਖਦਾ ਹੈ ਬਸ਼ਰਤੇ ਕਿ ਤੁਹਾਡੇ ਪਾਸ ਉਸ ਨੂੰ ਪੜ੍ਹਨ ਦੀ ਦਿੱਬ ਦਰਿਸ਼ਟੀ ਹੋਵੇ। ਇਹੋ ਜਿਹੇ ਆਮ ਲੋਕਾਂ ਬਾਰੇ ਲਿਖਣ ਵਾਲੇ ਸਧਾਰਨ ਨਹੀਂ ਰਹਿ ਜਾਂਦੇ। ਉਹ ਸਮੇਂ ਦੇ ਸੱਚ ਨੂੰ ਪਰਣਾਏ ਹੁੰਦੇ ਹਨ।

ਅੱਜ ਸਾਮਰਾਜੀ ਵਿਤੀ ਏਜੰਸੀਆਂ ਦੀ ਸ਼ਹਿ ਤੇ ਫੇਰ ਨਵ ਬਸਤੀ ਵਾਦੀ ਹੱਲੇ ਕਾਰਨ, ਤੀਜੀ ਦੁਨੀਆਂ ਦੇ ਦੇਸ਼ਾਂ ਦਾ ਸੱਭਿਚਾਰਕ ਮੂੰਹ ਮੁਹਾਂਦਰਾ ਵਿਗਾੜਨ ਦੀਆਂ ਸਾਜਿਸ਼ਾਂ ਤਹਿਤ, ਸੂਚਨਾ ਸਾਮਰਾਜ ਲੰਗਰ ਲੰਗੋਟੇ ਕੱਸ ਰਿਹਾ ਹੈ। ਪੁਰਾਣੇ ਦੇ ਮਰਨ ਤੇ ਅਫਸੋਸ ਤਾਂ ਨਹੀਂ ਹੁੰਦਾ ਪਰ ਉਸਦੇ ਜਿਊਣ ਜੋਗੇ ਤੱਤਾਂ ਨੂੰ ਜੇ ਨਵੇਂ ਵਿਚ ਆਤਮ ਸਾਤ ਕਰ ਲਿਆ ਜਾਵੇ ਤਾਂ ਕਮਾਲ ਹੋ ਜਾਂਦੀ ਹੈ। ਮੁਨੱਖਵਾਦੀ ਪੈਂਤੜੇ ਤੇ ਖਲੋ ਕੇ ਹੀ ਨਰੋਏ ਸੁਹਜ ਸੁਆਦ ਦੀ ਬਾਤ ਪਾਈ ਜਾਂਦੀ ਹੈ ਅਤੇ ਆਪਣੇ ਚਗਲੇ ਹੋਏ ਸੁਆਦਾਂ ਤੋਂ ਖਹਿੜਾ ਛੁਡਾਇਆ ਜਾ ਸੱਕਦਾ ਹੈ। ਜਗਦੀਸ਼ ਸਿੰਘ ਜਿਹਾ ਸਫਲ ਸ਼ਬਦ ਚਿਤੇਰਾ ਆਪਣੀ ਕਲਮ ਦੇ ਸਦਕਾ ਵਕਤ ਦੇ ਹਾਣ ਦਾ ਹੋਣ ਲਈ ਸਦਾ ਪ੍ਰਯਾਸਰਤ ਰਹਿੰਦਾ ਹੈ। ਇਸ ਦੀਆਂ ਛੋਟੀਆਂ ਛੋਟੀਆਂ ਗਲਪ ਟੁਕੜੀਆਂ ਵੀ ਡੂੰਘੇ ਅਰਥ ਬੋਧ ਦਾ ਸੰਚਾਰ ਕਰਦੀਆਂ ਹਨ। ਪੰਜਾਬ ਦੇ ਕਿਸਾਨਾਂ ਦੀ ਧਾਨ ਦੀ ਫਸਲ ਦੀ ਮੰਡੀਆਂ ਵਿਚ ਖੱਜਲ ਖੁਆਰੀ ਸਮੇਂ ਵੀ ਪਿਛਲੇ ਦਿਨੀਂ ਉਹਨੇ ਆਪ ਵੀ ਹਾਅ ਦਾ ਨਾਹਰਾ ਮਾਰਿਆ ਅਤੇ ਸਾਡੇ ਸ਼੍ਰੋਮਣੀ ਸ਼ਾਇਰ ਸੁਰਜੀਤ ਪਾਤਰ ਨੂੰ ਵੀ ਇਕ ਪਰਚੇ ਵਿਚ ਐਫ. ਸੀ. ਆਈ. ਦੇ ਚੇਅਰਮੈਨ ਭੂਰੇ ਲਾਲ ( ਜਿਸਦਾ ਕਹਿਣਾ ਸੀ ਕਿ ਪੰਜਾਬ ਦਾ ਝੋਨਾ ਖਾਣ ਯੋਗ ਨਹੀਂ ਰਿਹਾ ਇਸ ਲਈ ਖਰੀਦਾਂਗੇ ਨਹੀਂ) ਦੇ ਵਿਰੁੱਧ ਇਉਂ ਭੁਗਤਾਇਆ ਹੈ :

ਭੂਰੇ ਲਾਲ ਆਖਦਾ ਏ, ਤੇਰੇ ਝੋਨੇ ਦੇ ਦਾਣਿਆਂ ਤੇ ਦਾਗ ਨੇ,

ਹਾਂ ਭੂਰੇ ਲਾਲ, ਹਰੇ ਕੇਸਰੀ ਚਿੱਟੇ ਪੀਲੇ,

ਲੀਡਰ, ਅਫਸਰ, ਸਾਇੰਸਦਾਨ, ਮਾਹਿਰ, ਤੁਸੀਂ ਸਭ ਬੇਦਾਗ ਹੋ।

ਲੱਗਦਾ ਹੈ ਹੁਣ ਮੈਂ,
ਖੇਤਾਂ ਵਿਚ ਜੋ ਵੀ ਉਗਾਇਆ ਕਰਾਂਗਾ,
ਉਸ ਉਤੇ ਦਾਗ ਨਾ ਹੋਏ,
ਤਾਂ ਤੁਸੀਂ ਬੇਦਾਗ ਕਿਵੇਂ ਸਾਬਤ ਹੋਵੋਂਗੇ।

ਆਉਣ ਵਾਲਾ ਸਮਾਂ ਬਹੁਤ ਭਿਆਨਕ ਨਜ਼ਰ ਆ ਰਿਹਾ ਹੈ। ਉਪ ਭੋਗਤਾਵਾਦੀ ਸੰਸਕ੍ਰਿਤੀ ਨੇ ਆਮ ਜਣੇ ਨੂੰ ਤਾਂ ਹਾਸ਼ੀਆ ਤੇ ਧਕੇਲ ਦਿਤਾ ਹੈ। ਬਾਹਰ ਵਾਲਿਆਂ ਲਈ ਹਿੰਦੁਸਤਾਨ ਇਕ ਮੁਲਖ ਦੀ ਥਾਂ ਤੇ ਹੁਣ ਸਿਰਫ ਇਕ ਬਾਜ਼ਾਰ ਬਣਦਾ ਜਾ ਰਿਹਾ ਹੈ। ਜਿਹੜਾ ਸਾਮਰਾਜ ਵਿਰੋਧ, ਸਵਦੇਸ਼ੀ ਪ੍ਰਚਾਰ, ਗਊ ਗਰੀਬ ਲਈ ਅਪੂਰਵ ਬਲੀਦਾਨ ਸਤਿਗੁਰੂ ਰਾਮ ਸਿੰਘ ਜੀ ਦੇ ਅਤੇ ਉਹਨਾਂ ਸਿੱਖਾਂ ਨੇ ਦਿਤਾ ਸੀ, ਲੱਗਦਾ ਹੈ ਕਿ ਜਗਦੀਸ਼ ਸਿੰਘ ਅਤੇ ਉਸਦੇ ਸੰਗੀਆਂ ਸਾਥੀਆਂ ਨੂੰ ਵੀ ਉਸ ਲੜਾਈ ਦੀ ਦੂਜੀ ਕਿਸ਼ਤ ਵਿਚ ਮੋਹਰੀ ਹੋ ਕੇ ਲੜਨਾ ਪਵੇਗਾ ਅਤੇ ਇਸੇ ਸੰਦਰਭ ਵਿਚ ਹੀ ਉਸ ਦੇ ਪਰਚੇ ਵਰਿਆਮ ਦਾ ਪੂਰਨ ਮੁਲੰਕਣ ਕੀਤਾ ਜਾਵੇਗਾ।

**ਕਰੀਵਾਲਾ (ਸਿਰਸਾ)**
**ਪਿਨ ੧੨੫੦੭੫**



Sri Satguru Jagjit Singh Ji eLibrary NamdhariElibrary@gmail.com

# 'ਵਰਿਆਮ' ਤੇ ਵਰਿਆਮ

—ਡਾ. ਗੁਰਲਾਲ ਸਿੰਘ

ਇਹ ਗੱਲ ਆਮ ਕਹੀ ਜਾਂਦੀ ਹੈ ਕਿ ਪੰਜਾਬੀ ਵਿਚ ਮਾਸਕ ਜਾਂ ਤਿਮਾਹੀ ਪੱਤਰ ਕੱਢਣਾ ਕੋਈ ਅਸਾਨ ਗੱਲ ਨਹੀਂ ਤੇ ਬਹੁਤੇ ਪੱਤਰ ਥੋੜ੍ਹੀ ਉਮਰ ਭੋਗ ਕੇ ਬੰਦ ਤੋਂ ਜਾਂਦੇ ਹਨ। ਪਰੰਤੂ, ਇਹ ਜਗਦੀਸ਼ ਸਿੰਘ ਵਰਿਆਮ ਦੇ ਸਿਰੜ ਤੇ ਸਾਧਨਾ ਦਾ ਹੀ ਸਿੱਟਾ ਹੈ ਕਿ 'ਵਰਿਆਮ' ਨਵੰਬਰ ੧੯੭੫ ਤੋਂ ਸ਼ੁਰੂ ਹੋ ਕੇ ਹੁਣ ਤਕ ਪੂਰੇ ਜੋਸ਼ ਤੇ ਲਗਨ ਨਾਲ ਛਪ ਰਿਹਾ ਹੈ। ਭਾਵੇਂ ਇਸਦਾ ਸੰਪਾਦਕ ਇਹ ਕਹਿੰਦਾ ਹੈ ਕਿ 'ਪੱਚੀ ਸਾਲ ਦੀ ਹੋਂਦ ਨੂੰ ਅਸਾਂ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਸਾਡੇ ਹਿਸਾਬ ਨਾਲ ਇਹ ਕੋਈ ਬਹੁਤੀ ਮਾਰਕੇ ਵਾਲੀ ਗੱਲ ਨਹੀਂ, ਉਂਞ ਵੀ 'ਵਰਿਆਮ' ਵਿਚ ਕੋਈ ਸਿਫਤੀ ਤਬਦੀਲੀ ਨਹੀਂ ਆਈ" ('ਵਰਿਆਮ', ਅਕਤੂਬਰ ੨੦੦੦)। ਪਰ ਇਹ ਕਹਿਣਾ ਤਾਂ ਉਸਦੀ ਨਿਰਮਾਣਤਾ ਹੈ। ਭਾਰਤੀ ਸ਼ਾਸਤਰਾਂ ਅਨੁਸਾਰ ਜਿਵੇਂ ਮਨੁੱਖ ਦੀ ਉਮਰ ਦੀ ਚਾਰ ਆਸ਼ਰਮਾਂ ਵਿਚਕਾਰ ਵੰਡ ਵਿਚ ਪੱਚੀ ਸਾਲ ਬਾਅਦ ਮਨੁੱਖੀ ਉਮਰ ਦਾ ਅਗਲਾ ਆਸ਼ਰਮ ਆਰੰਭ ਹੋ ਜਾਂਦਾ ਹੈ ਤਿਵੇਂ ਹੀ 'ਵਰਿਆਮ' ਨਿਸਚੇ ਹੀ ਆਪਣੀ ਆਯੂ ਦੇ ਅਗਲੇ ਆਸ਼ਰਮ ਭਾਵ ਪੜਾਅ ਵਿਚ ਪਹੁੰਚ ਚੁਕਾ ਹੈ ਜਿਸ ਨਾਲ ਪਰਚੇ ਦੀ ਨੁਹਾਰ ਬਦਲੀ ਹੈ ਤੇ ਇਹ ਬਾਹਰੀ ਸੂਰਤ ਤੇ ਅੰਦਰਲੀ ਸੀਮਾ ਪਖੋਂ ਵਧੇਰੇ ਆਕਰਸ਼ਕ ਹੋ ਗਿਆ ਹੈ।

ਮਾਸਕ 'ਵਰਿਆਮ' ਦਾ ਮੂਲ ਪ੍ਰੇਰਕ ਜਜ਼ਬਾ ਨਾਮਧਾਰੀ ਇਤਿਹਾਸ, ਨਾਮਧਾਰੀ ਵਿਚਾਰ ਤੇ ਵਿਸ਼ਵਾਸ ਹਨ। ਇਸਨੂੰ ਜੇ ਨਾਮਧਾਰੀ ਸੰਪਰਦਾਇ ਦਾ ਬੁਲਾਰਾ ਪੱਤਰ ਕਿਹਾ ਜਾਵੇ ਤਾਂ ਵੀ ਕੋਈ ਗਲਤ ਗੱਲ ਨਹੀਂ ਹੋਵੇਗੀ। ਇਸਨੇ ਆਪਣੇ ਹੀ ਢੰਗ ਨਾਲ ਨਾਮਧਾਰੀ ਜੀਵਨ ਜਾਚ ਨੂੰ ਪਰਸਾਰਿਆ ਤੇ ਪਰਚਾਰਿਆ ਹੈ। ਨਾਮਧਾਰੀ ਸੰਪਰਦਾਇ ਦਾ ਧਰਮ ਸਭਿਆਚਾਰ ਤੇ ਰਾਸ਼ਟਰ ਦੇ ਇਤਿਹਾਸ ਵਿਚ ਵਡਮੁੱਲਾ ਯੋਗਦਾਨ ਹੈ। ਇਤਿਹਾਸ ਵਿਚ ਇਸਦੀ ਸਭ ਤੋਂ ਵੱਡੀ ਪ੍ਰਾਪਤੀ ਅੰਗ੍ਰੇਜ਼ ਸਰਕਾਰ ਵਿਰੁਧ ਇਸਦੀਆਂ ਰਾਸ਼ਟਰੀ ਗਤੀਵਿਧੀਆਂ ਹਨ। ਅੰਗ੍ਰੇਜ਼ਾਂ ਵੱਲੋਂ ਸਥਾਪਤ ਕੀਤੇ ਪ੍ਰਬੰਧ ਤੋਂ ਮੁਨਕਰ ਹੋ ਕੇ ਆਪਣਾ ਪ੍ਰਬੰਧ ਸਥਾਪਿਤ ਕਰਨਾ ਤੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਨਵੀਆਂ ਪੰਰਪਰਾਵਾਂ ਸਥਾਪਤ ਕਰਨੀਆਂ ਸਮਾਜਕ ਜੀਵਨ ਨੂੰ ਇਕ ਨਵਾਂ ਮੁਹਾਂਦਰਾ ਦੇਣ ਵਾਲੀ ਗੱਲ ਸੀ। ਨਾਮ ਅਤੇ ਗੁਰੂ ਵਿਚ ਦ੍ਰਿੜ ਵਿਸ਼ਵਾਸ, ਬਿਗਾਨਾ ਹੱਕ ਨਾ ਖਾਣਾ, ਖਿਮਾਂ, ਨਿਆਂ ਸ਼ੀਲਤਾ, ਦਾਜ ਦਹੇਜ ਤੋਂ ਬਿਨਾ ਵਿਆਹ ਸ਼ਾਦੀ ਦੀ ਸਾਦੀ ਰਸਮ, ਸੂਛ ਪਾਣਾ, ਸੂਛ ਜੀਵਨ ਵਰਤਾਰਾ, ਸੂਛ ਵਿਚਾਰ ਧਾਰਾ ਆਦਿ ਵਿਸ਼ੇਸ਼ਤਾਵਾਂ ਆਮ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਵਾਲੀਆਂ ਹਨ। ਨਾਮਧਾਰੀ ਸੰਪਰਦਾਇ ਜਦੋਂ ਸਥਾਪਿਤ ਹੋਈ ਤਾਂ ਇਸਨੂੰ ਸ਼ਹੀਦੀਆਂ ਤੇ ਕੁਰਬਾਨੀਆਂ ਦੇਣੀਆਂ ਪਈਆਂ ਪਰ ਹੁਣ ਇਹ ਚੰਗੀ ਤਰ੍ਹਾਂ ਸਥਾਪਤ ਹੋ ਚੁਕੀ ਹੈ। ਸਿਧਾਂਤਾਂ ਦੀ ਜਟਿਲਤਾ ਦੇ ਅਭਾਵ ਅਤੇ ਸਾਦਾ ਸੂਛ ਰਹੁ ਰੀਤਾਂ ਨੇ ਇਸਦੀ ਕੀਰਤੀ ਨੂੰ ਦੂਰ-ਦੂਰ ਤੱਕ ਫੈਲਾਇਆ ਹੈ।

ਕਿਸੇ ਵੱਡੇ ਅਦਾਰੇ ਜਾਂ ਸੰਸਥਾ ਨਾਲ ਜੁੜ ਕੇ ਬੰਦਾ ਆਪ ਵੀ ਵੱਡਾ ਹੁੰਦਾ ਹੈ ਤੇ ਉਸਦੀ ਪਛਾਣ ਦਾ ਘੇਰਾ ਵਿਸ਼ਾਲ ਹੁੰਦਾ ਤੇ ਵਧਦਾ ਹੈ। ਇਹ ਸੰਸਥਾਰਾਤ ਸਰਪ੍ਰਸਤੀ 'ਵਰਿਆਮ' ਮਾਸਕ ਪੱਤਰ ਤੇ ਵਰਿਆਮ ਜਗਦੀਸ਼ ਸਿੰਘ ਦੀ ਪ੍ਰਾਪਤੀ ਹੈ। ਪਰ ਵਿਸ਼ੇਸ਼ਤਾ ਇਹ ਹੈ ਕਿ ਇਸ ਸੰਸਥਾ ਨਾਲ ਸੰਬੰਧਿਤ ਹੋ ਕੇ ਵੀ ਇਹ ਕਿਸੇ ਵੀ ਭਾਂਤ ਦੀ ਧਾਰਮਿਕ ਤੰਗਦਿਲੀ ਤੋਂ ਉੱਪਰ ਹੈ। ਵਰਿਆਮ ਨੇ ਲੋਕਾਂ ਨੂੰ ਨਾਮਧਾਰੀ ਪੰਥ ਦੇ ਨੇੜੇ ਲਿਆਂਦਾ। ਉਨ੍ਹਾਂ ਲੋਕਾਂ ਕੋਲੋਂ ਵੀ ਉਹ 'ਵਰਿਆਮ' ਲਈ ਲੇਖ ਲਿਖਵਾ ਲੈਂਦਾ ਹੈ ਜੋ ਉਂਜ ਨਾਮਧਾਰੀ ਸੰਪਰਾਦਾਇ ਦੀ ਰਹਿਤ ਮਰਿਆਦਾ ਤੋਂ ਦੂਰ ਦਿਖਾਈ ਦਿੰਦੇ ਹਨ। ਯੂਨੀਵਰਸਟੀਆਂ, ਕਾਲਜਾਂ ਦੇ ਪ੍ਰੋਫੈਸਰਾਂ, ਵਿਦਵਾਨਾਂ ਤੇ ਕਾਮਰੇਡਾਂ ਨੂੰ ਵੀ ਵਰਿਆਮ ਦੇ ਪਰਿਵਾਰ ਵਿਚ ਸ਼ਾਮਿਲ ਕਰ ਲੈਣਾ ਜਗਦੀਸ਼ ਵਰਿਆਮ ਦੀ ਹੀ ਵਿਸ਼ੇਸ਼ਤਾ ਹੈ। ਇਸਦਾ ਇਕੋ ਕਾਰਨ ਹੈ ਕਿ ਉਸਨੇ 'ਵਰਿਆਮ' ਨੂੰ ਸੌੜਾ ਤੇ ਸੰਕੀਰਨ ਨਹੀ ਹੋਣ ਦਿਤਾ ਸਗੋਂ ਇਸਦੀ ਪ੍ਰਵਾਨਗੀ ਦਾ ਘੇਰਾ ਚੌੜਾ ਕੀਤਾ ਹੈ।

ਜੇ 'ਵਰਿਆਮ' ਦੀ ਸਮਗਰੀ 'ਤੇ ਝਾਤ ਮਾਰੀਏ ਤਾਂ ਇਸ ਵਿਚ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਤੋਂ ਇਲਾਵਾ ਧਰਮ, ਸਭਿਆਚਾਰ, ਇਤਿਹਾਸ, ਖੋਜ ਖੇਡਾਂ ਤੇ ਸੰਗੀਤ ਆਦਿ ਸਭ ਨੂੰ ਥਾਂ ਮਿਲਦੀ ਹੈ। ਵਰਿਆਮ ਵਰਤਮਾਨ ਨੂੰ ਵੀ ਫੜਦਾ ਹੈ ਤੇ ਭੂਤ ਨੂੰ ਵੀ ਫਰੋਲਦਾ ਹੈ। ਉਹ ਧਰਮ, ਸਮਾਜ ਤੇ ਇਤਿਹਾਸ ਦੇ ਮਹੱਤਵਪੂਰਨ ਮਸਲਿਆਂ ਬਾਰੇ ਸੰਖੇਪ ਪਰ ਭਾਵਪੂਰਤ ਚਰਚਾ ਕਰਦਾ ਹੈ। ਸਮਾਜਕ, ਸਾਹਿਤਕ ਤੇ ਰਾਸ਼ਟਰੀ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਦਾ ਨੋਟਿਸ ਲੈਂਦਾ ਹੈ। ਪਰ ਵਰਿਆਮ ਨੂੰ ਨਾ ਬਹੁਤੀਆਂ ਅੰਤਰਮੁਖੀ ਤੇ ਨਾ ਹੀ ਅਸ਼ਲੀਲ ਰਚਨਾਵਾਂ ਛਾਪਣ ਦਾ ਮੋਹ ਹੈ। ਉਹ ਕੌੜੀ ਕਾਲੀ ਕਾਲਖ ਉੱਪਰ ਉਂਗਲ ਰਖਣੋਂ ਵੀ ਗੁਰੇਜ਼ ਨਹੀਂ ਕਰਦਾ। ਇਸ ਤਰ੍ਹਾਂ ਤਾਂ ਇਹ ਸਾਡੇ ਸਭਿਆਚਾਰ ਦੀ ਰਾਖੀ ਵਾਲਾ ਪਰਚਾ ਹੈ। ਵਰਿਆਮ ਵਿਚ ਉਹ ਲਿਖਤਾਂ ਛਪਦੀਆਂ ਹਨ ਜਿਨ੍ਹਾਂ ਦਾ ਕੋਈ ਸਭਿਆਚਾਰਕ ਮੁੱਲ ਹੋਵੇ, ਸਮਾਜਕ ਪ੍ਰੇਰਨਾ ਨਾਲ ਭਰਪੂਰ ਹੋਣ ਤੇ ਉਤਸ਼ਾਹ ਦੇਣ



Sri Satguru Jagjit Singh Ji eLibrary NamdhariElibrary@gmail.com

ਵਾਲੀਆਂ ਹੋਣ। ਕਿਸੇ ਇਕ ਵਰਤਾਰੇ, ਵਿਅਕਤੀ ਜਾਂ ਵਿਸ਼ੇ ਨੂੰ ਮੁੱਖ ਰੱਖ ਕੇ ਵਿਸ਼ੇਸ਼ ਅੰਕ ਵੀ ਛਾਪੇ ਗਏ ਹਨ। ਛਪਣ ਵਾਲੀਆਂ ਰਚਨਾਵਾਂ ਵਿਚ ਅਜਿਹੀਆਂ ਲਿਖਤਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ ਹੁੰਦੀ ਜਿਨ੍ਹਾਂ ਵਿਚ ਸਮਾਜਕ ਅੰਤਰ ਵਿਰੋਧਾਂ ਨੂੰ ਬੜੇ ਸਰਲ ਸਾਦਾ ਰੂਪ ਵਿਚ ਦਰਸਾਇਆ ਗਿਆ ਹੁੰਦਾ ਹੈ। ਇਹ ਰਸਾਲਾ ਹਾਂ ਵਾਚੀ ਕਦਰਾਂ ਕੀਮਤਾਂ ਦਾ ਅਲੰਬਰਦਾਰ ਹੈ ਤੇ ਇਸਨੂੰ ਸਿਖਿਆਦਾਇਕ ਵੀ ਕਹਿ ਸਕਦੇ ਹਾਂ। ਕਈ ਮੁਕਾਬਲਤਨ ਘੱਟ ਜਾਣੇ ਲੇਖਕਾਂ ਦੀਆਂ ਉਹ ਵਡੀਆਂ ਵਡੀਆਂ ਗੱਲਾਂ ਵੀ ਛਾਪ ਜਾਂਦਾ ਹੈ। ਨਿੱਕੀਆਂ ਨਿੱਕੀਆਂ ਘਟਨਾਵਾਂ ਵਿਚੋਂ ਵਡੇਰੇ ਅਰਥ ਵੀ ਲਭ ਪੈਂਦੇ ਹਨ। 'ਵਰਿਆਮ' ਦਾ ਨਾਮ ਹੀ ਸ਼ਾਇਦ ਮਲੇਰਕੋਟਲੇ ਦੇ ਅਮਰ ਸ਼ਹੀਦ ਵਰਿਆਮ ਸਿੰਘ ਦੇ ਨਾਮ 'ਤੇ ਰਖਿਆ ਗਿਆ ਹੈ ਤੇ ਇਹ ਨਾਮ ਆਪਣੇ ਨਾਮਕਰਨ ਉੱਪਰ ਪੂਰਾ ਉਤਰਨ ਦੀ ਕੋਸ਼ਿਸ਼ ਕਰਦਾ ਹੈ।

'ਵਰਿਆਮ' ਜੀਵਨ ਦੇ ਵਿਹਾਰਕ ਰੂਪ ਨੂੰ ਪੇਸ਼ ਕਰਨ ਵਾਲਾ ਪਰਚਾ ਹੈ। ਇਹ ਸਿਧਾਂਤਾਂ ਨੂੰ ਪਰਚਾਰਨ ਪਰਸਾਰਨ 'ਤੇ ਜ਼ੋਰ ਘੱਟ ਦਿੰਦਾ ਹੈ। ਜ਼ਿੰਦਗੀ ਵਿਚ ਜੋ ਵਾਪਰ ਰਿਹਾ ਹੈ ਜਾਂ ਵਾਪਰ ਗਿਆ ਹੈ, ਉਸਦੀ ਸਾਰਥਕਤਾ ਨੂੰ ਪਛਾਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਸੰਬੰਧ ਵਿਚ ਵਰਿਆਮ ਦੇ ਸੰਪਾਦਕੀ ਵੀ ਉਭਰਵੇਂ ਮਸਲਿਆਂ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ ਤੇ ਵਿਚਾਰਾਂ ਨੂੰ ਉਤੇਜਿਤ ਕਰਨ ਵਾਲੇ ਹੁੰਦੇ ਹਨ। ਗਲਤ ਸੋਚ, ਗਲਤ ਪਰੰਪਰਾ, ਗਲਤ ਵਰਤਾਰੇ ਬਾਰੇ ਉਹ ਸਮੇਂ ਸਮੇਂ ਚਿੰਤਾ ਜ਼ਰੂਰ ਪ੍ਰਗਟ ਕਰਦਾ ਰਹਿੰਦਾ ਹੈ। ਸਾਹਿਤਕ, ਸਮਾਜਕ, ਰਾਜਨੈਤਿਕ ਹਲਕਿਆਂ ਵਿਚ ਜੋ ਨਵਾਂ ਵਾਪਰਦਾ ਹੈ ਉਸ ਬਾਰੇ ਵੀ ਉਹ ਨੋਟਿਸ ਲੈਂਦਾ ਹੈ! ਪਰ, ਉਹ ਪੇਚੀਦਾ ਮਸਲਿਆਂ ਬਾਰੇ ਗੱਲ ਕਰਦਾ ਖੁਦ ਪੇਚੀਦੀ ਨਹੀਂ ਹੁੰਦਾ।

'ਵਰਿਆਮ' ਉੱਪਰ ਜਗਦੀਸ਼ ਸਿੰਘ ਵਰਿਆਮ ਦੀ ਸ਼ਖਸੀਅਤ ਦੀ ਪੱਕੀ ਮੁਹਰ ਛਾਪ ਹੈ। ਮੁਖ ਰੂਪ ਵਿਚ ਉਹ ਜ਼ਿੰਦਗੀ ਦੇ ਹਸਦੇ ਪਾਸੇ ਵੱਲ ਵੇਖਣ ਵਾਲਾ ਬੰਦਾ ਹੈ। ਉਹ ਸਾਦਗੀ, ਸਿਦਕ, ਸਿਰੜ, ਸਬਰ ਸੰਤੋਖ ਵਾਲਾ ਵਿਅਕਤੀ ਹੈ ਜਿਸਨੂੰ ਆਪਣੇ ਸਤਿਗੁਰੂ ਦੀ ਸੰਗਤ ਦਾ ਸਦਾ ਧਰਵਾਸ ਰਹਿੰਦਾ ਹੈ। ਚੜ੍ਹਦੀ ਕਲਾ ਵਿਚ ਰਖਣ ਵਾਲੀਆਂ ਇਹੋ ਗੱਲਾਂ ਹਨ। ਉਸਦੀਆਂ ਰੁਚੀਆਂ ਦੀ ਕੋਮਲਤਾ ਉਸਦੇ ਸੰਗੀਤ ਪ੍ਰੇਮ ਤੇ ਸੰਗੀਤ-ਸਾਧਨਾ ਵਿਚੋਂ ਹੀ ਦਿਸ ਪੈਂਦੀ ਹੈ। ਨਿਮਰਤਾ ਤੇ ਮਿੱਠਾ ਬੋਲਣਾ ਉਸਦੇ ਖ਼ੂਨ ਵਿਚ ਹੀ ਸਮਾਏ ਹਨ। ਅਸੀਂ ਉਸਨੂੰ ਕਦੇ ਉੱਚੀ ਬੋਲਦਿਆਂ, ਗੁੱਸਾ ਖਾਂਦਿਆਂ ਜਾਂ ਕਿਸੇ ਨਾਲ ਲੜਦਿਆਂ-ਝਗੜਦਿਆਂ ਨਹੀਂ ਵੇਖਿਆ। ਪਰ ਉਹ ਨੀਰਸ ਕਦੇ ਦਿਖਾਈ ਨਹੀਂ ਦਿੰਦਾ। ਹਲਕਾ ਹਾਸਾ ਜਿਸ ਵਿਚ ਕਦੇ ਕਦੇ ਕਟਾਖਸ਼ ਵੀ ਮਿਲ ਜਾਂਦਾ ਹੈ, ਉਸਨੂੰ ਹਲਕਾ ਫੁਲਕਾ ਰਖਦਾ ਹੈ। ਬਹੁਤੀ ਘੁਣਤਰ ਬਾਜ਼ੀ ਜਾਂ ਚੁੰਝਾਂ ਪਹੁੰਚੇ ਲੜਾਉਣ ਵਿਚ ਉਸਦੀ ਦਿਲਚਸਪੀ ਨਹੀਂ ਹੁੰਦੀ। ਉਹ ਵਿਦਵਤਾ ਦਾ ਵਿਖਾਲਾ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਵਰਿਆਮ ਆਮ ਸਾਧਾਰਣ ਪਾਠਕਾਂ ਦਾ ਪਰਚਾ ਹੈ। ਇਸੇ ਕਰਕੇ ਇਸ ਪਰਚੇ ਦਾ ਲੱਛਣ ਸੰਬਾਦ ਨਹੀਂ ਇਕਲਾਪ ਹੈ।

ਸੂਫ ਪਹਿਰਾਵੇ ਵਿਚ ਲਿਪਟਿਆ ਵਰਿਆਮ ਬਾਰੀਕ ਬੁੱਧ ਵਿਅਕਤੀ ਹੈ। ਉਹ ਮਿੱਤਰਾਂ ਸਨੇਹੀਆਂ ਨੂੰ ਉਚਿਆਦਾਂ ਹੈ ਅਤੇ ਮੌਕਾ ਆਉਣ ਤੇ ਉਨ੍ਹਾਂ ਬਾਰੇ ਦੋ ਸ਼ਬਦ ਲਿਖਣੇ ਨਹੀਂ ਭੁਲਦਾ। ਉਸਨੂੰ ਇਕ ਦਾਇਰੇ ਦੇ ਲੋਕਾਂ ਨਾਲ ਪੱਕੇ ਪੀਡੇ ਰਿਸ਼ਤੇ ਦਾ ਅਧਾਰ ਪ੍ਰਾਪਤ ਹੈ। ਇਹ ਦਾਇਰਾ ਉਸਨੇ ਆਪ ਹੀ ਤਾਂ ਪੈਦਾ ਕੀਤਾ ਹੈ। ਉਹ ਸਾਥ ਨਿਭਾਉਣ ਵਾਲਾ ਬੰਦਾ ਹੈ, ਕਿਸੇ ਦੇ ਕੰਮ ਆਉਣ ਦੀ ਬਿਰਤੀ ਉਸ ਵਿਚ ਪ੍ਰਬਲ ਹੈ। ਉਹ ਯਾਰ ਗਵਾਉਂਦਾ ਘੱਟ ਤੇ ਬਣਾਉਂਦਾ ਵਧੇਰੇ ਹੈ। ਉਹ ਚੰਗੀਆਂ ਸ਼ਖਸੀਅਤਾਂ ਨੂੰ ਉਭਾਰਦਾ ਹੈ। ਉਸਨੂੰ ਪ੍ਰਸੰਸਾ ਕਰਨੀ ਵੀ ਆਉਂਦੀ ਹੈ ਤੇ ਪ੍ਰਸੰਸਾ ਲੈਣੀ ਵੀ। ਉਹ ਆਪਣੇ ਮਨ ਦੀਆਂ ਗੱਲਾਂ ਦਸਦਾ ਹੈ ਤੇ ਦੂਜਿਆਂ ਦੇ ਮਨ ਦੀਆਂ ਬੁਝਦਾ ਹੈ ਤੇ ਪਾਠਕਾਂ ਨਾਲ ਇਕ ਮੂਕ ਸਮਝੌਤੇ ਵਿਚ ਵਿਚਰਦਾ ਹੈ।

ਜਗਦੀਸ਼ ਸਿੰਘ ਵਰਿਆਮ ਸਰਲ-ਸਾਦਾ ਸ਼ੈਲੀ ਵਿਚ ਲਿਖਦਾ ਹੈ ਜਿਸ ਨੂੰ ਆਮ ਸਾਧਰਣ ਪਾਠਕ ਸਮਝ ਵੀ ਸਕਦਾ ਹੈ ਤੇ ਮਾਣ ਵੀ ਸਕਦਾ ਹੈ। ਜਗਦੀਸ਼ ਵਰਿਆਮ ਦੇ ਸੁਭਾ ਤੇ ਸਟਾਈਲ ਵਾਂਗ ਉਸਦਾ ਪਰਚਾ ਵੀ ਸਰਲ ਸੁਭਾ ਵਾਲਾ ਹੈ। ਸੰਸਥਾਗਤ ਆਧਾਰ ਤੇ ਵਿਅਕਤੀਗਤ ਸਾਂਝ ਇਸਦੇ ਦੋ ਪ੍ਰਮੁਖ ਲੱਛਣ ਹਨ। ਵਿਅਕਤੀਗਤ ਸਾਂਝਾਂ ਦੀ ਸੰਵੇਦਨਸ਼ੀਲਤਾ ਨੂੰ ਵਰਿਆਮ ਮੋਹ ਭਿਜੀ ਕਲਮ ਨਾਲ ਪਕੜਦਾ ਹੈ।

ਅੰਤ ਵਿਚ ਇਕ ਹੋਰ ਗੁਣ, ਜਿਸਦਾ ਜ਼ਿਕਰ ਜ਼ਰੂਰੀ ਬਣਦਾ ਹੈ, ਉਹ ਹੈ ਜਗਦੀਸ਼ ਵਰਿਆਮ ਦੀ ਜਥੇਬੰਦ ਕਰਨ ਦੀ ਸ਼ਕਤੀ। ਉਨ੍ਹਾਂ ਇਕ ਥਾਂ ਆਪਣੇ ਪਿਤਾ ਜੀ. ਸ. ਨੱਥਾ ਸਿੰਘ ਬਾਰੇ ਲਿਖਿਆ : "ਉਹਨਾਂ ਵਿਚ ਜਥੇਬੰਦਕ ਸ਼ਕਤੀ ਬਹੁਤ ਸੀ। ਰਾਹ ਜਾਂਦੇ ਸਾਧਾਰਣ ਬੰਦਿਆਂ ਨੂੰ ਜੋੜ ਕੇ ਜਥਾ ਬਣਾ ਲੈਂਦੇ ਸਨ। ਹੱਥਾਂ ਵਿਚ ਛੈਣੇ ਢੋਲਕਾਂ ਫੜਾ ਦੇਣੀਆਂ ਤੇ ਜਿਹੋ ਜਿਹਾ ਬੰਦਾ ਹੋਣਾ ਉਨ੍ਹਾਂ ਕੀਰਤਨ ਕਰਨ ਲਾ ਲੈਣਾ" ('ਵਰਿਆਮ', ਮਾਰਚ ੧੯੯੮)। ਕੀ ਜਗਦੀਸ਼ ਸਿੰਘ ਵਰਿਆਮ ਵਿਚ ਇਸ ਗੁਣ ਦੀ ਘਾਟ ਹੈ ? ਉਸਦੀ ਪ੍ਰਧਾਨਗੀ ਹੇਠ ਪੰਜਾਬੀ ਲੇਖਕ ਸਭਾ ਜਲੰਧਰ ਨੇ ਕਈ ਵਡੇ ਵਡੇ ਸਮਾਰੋਹ ਕਰਵਾਏ ਹਨ। ਉਸਨੇ ਜਦੋਂ ਵੀ ਚਾਹਿਆ ਲੋਕਾਂ ਹੱਥ ਛੈਣੇ ਢੋਲਕਾਂ ਪਕੜਾ ਹੀ ਦਿਤੇ ਹਨ। ਵੱਖ-ਵੱਖ ਸਮਾਰੋਹ ਤੇ 'ਵਰਿਆਮ' ਵਿਚਲੇ ਲੇਖ ਇਸ ਗੱਲ ਦੇ ਹੀ ਸਬੂਤ ਹਨ।



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੇ ਸਰੋਕਾਰ

—ਗੁਰਬਖਸ਼ ਸਿੰਘ ਬੰਨੋਆਣਾ

ਦੇਹ ਹਵਾ ਦਾ ਜੀਵਨ ਸਾਨੂੰ, ਸਦਾ ਖੋਜ ਵਿਚ ਰਹੀਏ।
ਹਰ ਦਮ ਤਲਬ ਸੱਜਣ ਦੀ ਕਰੀਏ, ਠੰਢੇ ਕਦੀ ਨਾ ਪਈਏ।
ਜੰਗਲ ਗਾਹੀਏ, ਰੇਤੜ ਵਾਹੀਏ, ਨਾਲ ਪਹਾੜਾਂ ਖਹੀਏ।
ਇਕੋ ਸਾਹੇ ਭਜਦੇ ਜਾਈਏ, ਕਿਸੇ ਪੜਾਅ ਨਾ ਲਹੀਏ।
ਦੇਹ ਹਵਾ ਦਾ ਜੀਵਨ ਸਾਨੂੰ, ਸਦਾ ਖੋਜ ਵਿਚ ਰਹੀਏ।

*—ਮੋਹਨ ਸਿੰਘ*

ਅੱਖਾਂ ਖੋਲ੍ਹ ਕੇ ਵਿਚਰਨਾ, ਭਾਲਣਾ, ਨਿਰੰਤਰ ਭਾਲਣਾ, ਢੂੰਡਣਾ, ਲਗਾਤਾਰ ਢੂੰਡਣਾ, ਲੱਭਣਾ, ਲੱਭੀ ਜਾਣਾ, ਲੱਭੀ ਜਾਣਾ ਜਗਦੀਸ਼ ਸਿੰਘ ਦਾ ਸੁਭਾਅ ਹੈ।

ਵੇਖੇ-ਸੁਣੇ ਹੰਢਾਏ ਨੂੰ, ਆਪਣੇ ਅਨੁਭਵਾਂ ਤੇ ਤਜਰਬਿਆਂ ਨੂੰ ਹੋਰਾਂ ਨਾਲ ਸਾਂਝੇ ਕਰਨਾ ਉਸ ਦਾ ਸ਼ੌਕ ਹੈ।

ਕੰਮ ਉਹਦੇ ਲਈ ਸੰਗੀਤ ਹੈ, ਰਾਗ ਅਨੁਰਾਗ।

ਸ਼ਾਇਦ ਇਸੇ ਕਰਕੇ ਉਹਦੀ ਜੀਵਨ-ਤੋਰ ਵਿਚ ਸਹਿਜ ਹੈ। ਉਹ ਦੌੜ ਰਿਹਾ ਹੈ, ਗਤੀਸ਼ੀਲ ਹੈ, ਮ਼ਸਰੂਫ ਹੈ, ਕਦੇ ਆਬਸ਼ਾਰ ਹੈ, ਕਦੇ ਚਸ਼ਮਾ, ਕਦੇ ਨਦੀ, ਪਰ ਮਜਾਲ ਹੈ ਅਸਹਿਜਤਾ ਦਾ ਅੰਸ਼ ਮਾਤਰ ਵੀ ਪ੍ਰਤੀਤ ਹੋਣ ਦੇਵੇ। ਹੋਰ ਤਾਂ ਹੋਰ ਉਹਦੇ ਗੁੱਸੇ, ਉਲਾਂਭੇ ਤੇ ਹਿਰਖ ਵਿਚੋਂ ਵੀ ਸਹਿਜ ਝਲਕਦਾ ਹੈ। ਪਤਾ ਨਹੀਂ ਇਸ ਸਹਿਜ ਲਈ ਕਿੰਨਾ ਅਸਹਿਜ ਝਲਦਾ ਹੈ ਉਹ।

ਕੋਈ ਦਰਦ ਹੈ ਜੋ ਧੂਹੀ-ਧੱਕੀ ਜਾਂਦਾ ਹੈ।

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਹੀਂ ਬਹਿੰਦੇ।
ਨੇਹੁੰ ਵਾਲੇ ਨੈਣਾਂ ਦੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ।

*—ਭਾਈ ਵੀਰ ਸਿੰਘ*

ਕਿੰਨੀ ਸੁਖਦਾਈ ਪੀੜਾ ਹੈ। ਇਸੇ ਪੀੜਾ ਵਿਚੋਂ ਜਨਮ ਹੋਇਆ ਸੀ, "ਵਰਿਆਮ" ਦਾ।

ਜਗਦੀਸ਼ ਸਿੰਘ ਦੀ ਸਦਾ ਹੀ ਇਹ ਲੋਚਾ ਰਹਿੰਦੀ ਹੈ ਕਿ ਇਸ ਦਾ ਹਰ ਅੰਕ ਪ੍ਰਤਿਭਾ ਅਤੇ ਹੁਸਨ ਦੇ ਨਵੇਂ-ਨਿਆਰੇ ਨਿਖਾਰਾਂ ਨਾਲ ਸਜਾ ਕੇ ਪਾਠਕਾਂ ਤੱਕ ਪਹੁੰਚਾਇਆ ਜਾਵੇ।

'ਟਾਈਮਜ਼ ਆਫ ਇੰਡੀਆ' (੨੪-੩-੨੦੦੧) ਦਾ ਇੱਕ ਸੰਪਾਦਕੀ ਇਹਨਾਂ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ।

"The man that hath not music in himself/nor is not moved with concord of sweet sounds/is fit for treasons, stratagems, and spoils;/........ Let no such man be trusted." Fortunately, such men are rare. Music is the one form of art that is universally appreciated by men of all ages and kinds, from the saintly to the satanic. Good music defies the barriers of time and geography and serves often as a universal language for mankind.

ਜ਼ਰਾ ਸੋਚੋ ਕਿੰਨਾ ਸਰਾਪਿਆ ਹੋਇਆ ਹੁੰਦਾ ਹੈ, ਉਹ ਮਨੁੱਖ ਜਿਹੜਾ ਧੁਰ-ਅੰਦਰ ਤੱਕ ਸੰਗੀਤ ਨਾਲ ਇੱਕ ਰਸ ਨਹੀਂ ਹੁੰਦਾ। ਜਿਹੜਾ ਸੁਰਾਂ ਦੀ ਮਧੁਰਤਾ ਨਾਲ ਹਲੂਣਿਆ ਨਹੀਂ ਜਾਂਦਾ, ਅਜਿਹੇ ਮਨੁੱਖ ਤੋਂ ਧੋਖੇ, ਮਕਾਰੀ, ਧਰੋਹ, ਹਿੰਸਾ ਅਤੇ ਬਦ-ਇਖ਼ਲਾਕੀ ਤੋਂ ਬਿਨਾਂ ਹੋਰ ਕਿਸੇ ਗੱਲ ਦੀ ਆਸ ਵੀ ਕੀ ਕੀਤੀ ਜਾ ਸਕਦੀ ਹੈ ? ਭਰੋਸਾ ਤਾਂ ਅਜਿਹੇ ਮਨੁੱਖ ਉੱਤੇ ਕੀਤਾ ਹੀ ਨਹੀਂ ਜਾ ਸਕਦਾ। ਚੰਗੇ ਭਾਗਾਂ ਨੂੰ ਅਜਿਹੇ ਲੋਕ ਟਾਵੇਂ ਟਾਵੇਂ ਹੀ ਹਨ। ਸੰਗੀਤ ਕਲਾ ਦਾ ਉਹ ਰੂਪ ਹੈ ਜਿਸ ਨੂੰ ਸਾਰਾ ਜੱਗ ਮਾਣਦਾ ਹੈ, ਹਰ ਉਮਰ ਅਤੇ ਹਰ ਪ੍ਰਕਾਰ ਦੇ ਲੋਕ ਮਾਣਦੇ ਹਨ, ਜਿਸ ਅੱਗੇ ਸਮੇਂ ਤੇ ਜੁਗਰਾਫੀਏ ਦੀਆਂ ਹੱਦਾਂ ਕੋਈ ਅਰਥ ਨਹੀਂ ਰਖਦੀਆਂ ਅਤੇ ਜੋ ਅਕਸਰ ਸਮੁੱਚੀ ਮਨੁੱਖਤਾ ਦੀ ਸਾਂਝੀ ਭਾਸ਼ਾ ਦੀ ਭੂਮਿਕਾ ਅਦਾ ਕਰਦਾ ਹੈ।

ਅਤੇ 'ਵਰਿਆਮ' ਦੇ ਤਾਂ ਸਫਿਆਂ ਦੇ ਸਫੇ ਸੰਗੀਤ ਨੂੰ ਸਮਰਪਤ ਹੁੰਦੇ ਹਨ। 'ਵਰਿਆਮ' ਦਾ ਮਾਧਿਅਮ ਨਾ ਸੁਰਾਂ ਹਨ, ਨਾ ਸਾਜ, ਪਰ ਉਹਦੀ ਸ਼ਬਦਾਂ ਤੇ ਤਸਵੀਰਾਂ ਰਾਹੀਂ ਸੰਗੀਤ ਚਰਚਾ ਵੀ ਬੜੀ ਮਨ-ਮੋਹਕ ਹੁੰਦੀ ਹੈ, ਭਾਵੇਂ ਕਿ ਸਾਖਸ਼ਾਤ ਦਾ ਜਲਵਾ ਆਪਣਾ ਹੀ ਹੁੰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਉਪਰੰਤ ਇਹ ਚਰਚਾ ਧੁੰਦ ਨੂੰ ਵੀ ਚੀਰਦੀ ਹੈ। ਇਹ ਚਰਚਾ ਸੰਗੀਤ ਸੰਮੇਲਨਾਂ ਦੇ ਸ਼ਬਦ-ਚਿੱਤਰ ਹੀ ਪੇਸ਼ ਨਹੀਂ ਕਰਦੀ ਸਗੋਂ ਇਸ ਵਿਚ ਸੰਗੀਤ ਬਾਰੇ ਗਿਆਨ ਇਸ ਦੇ ਵਿਗਿਆਨ ਅਤੇ ਇਸ ਦੇ ਇਤਿਹਾਸ ਦੀ ਖੋਜ ਦੇ ਅੰਸ਼ ਵੀ ਹੁੰਦੇ ਅਤੇ ਰਾਗਾਂ ਦੇ ਪਸਾਰਾਂ ਅਤੇ ਪਰਤਾਂ ਦੀਆਂ ਤਸਵੀਰਾਂ ਵੀ ਉਘੜ ਕੇ ਸਾਹਮਣੇ ਆ ਜਾਂਦੀਆਂ ਹਨ।

ਕਈ ਵਾਰ ਤਾਂ ਕਿਸੇ ਇੱਕ ਵਿਅਕਤੀ ਨੂੰ ਯਾਦ ਕਰਦਿਆਂ ਵੀ ਲੇਖਕ ਸੰਗੀਤ ਦੀ ਦੁਨੀਆਂ ਨੂੰ ਇਸ ਤਰ੍ਹਾਂ ਸਾਕਾਰ ਕਰ ਜਾਂਦਾ ਹੈ ਕਿ ਪਾਠਕ ਹੈਰਾਨ ਰਹਿ ਜਾਂਦਾ ਹੈ। ਅਤੇ ਹੁਣ ਤੱਕ ਦੇ ਅੰਕਾਂ ਵਿਚ ਹੋਈ ਚਰਚਾ ਨੇ ਸਹਿਜੇ ਹੀ ਇਸ ਗੱਲ ਦਾ ਸੰਚਾਰ ਵੀ ਕਰ ਦਿੱਤਾ ਹੈ ਕਿ ਸ਼ਾਸਤਰੀ ਸੰਗੀਤ ਕਿਸੇ ਅਜਿਹੀ ਕਲਾ ਦਾ ਨਾਂਅ ਨਹੀਂ ਜੋ ਜਮੂਦ ਦਾ ਸ਼ਿਕਾਰ ਹੋ ਗਈ ਹੋਵੇ। ਇਸ ਦੀਆਂ ਸੰਗੀਤ ਸੰਮੇਲਨਾਂ ਦੀਆਂ ਰਿਪੋਰਟਾਂ ਤੋਂ ਇਹ ਗੱਲ ਲਿਸ਼ਕਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਕ ਵਧੀਆ ਸੰਗੀਤਕਾਰ ਲਈ ਰਚੇਤਾ, ਸਿਰਜਕ ਅਤੇ ਕਾਢਕਾਰ ਹੋਣਾ ਅਤਿਅੰਤ ਜ਼ਰੂਰੀ ਹੈ। ਉਸ ਲਈ ਸੰਗੀਤ ਇਕੋ ਵੇਲੇ ਕਲਾ ਵੀ ਹੁੰਦਾ ਹੈ ਅਤੇ ਵਿਗਿਆਨ ਵੀ।

'ਵਰਿਆਮ' ਦੇ ਅੰਕਾਂ ਵਿਚੋਂ ਇਨ੍ਹਾਂ ਗੱਲਾਂ ਨੂੰ ਦਰਸਾਉਂਦੀਆਂ ਕਿੰਨੀਆਂ ਹੀ ਉਦਾਹਰਣਾਂ ਪੇਸ਼ ਕੀਤੀਆਂ ਜਾ ਸਕਦੀਆਂ। ਪਰ ਇਥੇ ਇਸ ਗੱਲ ਦੀ ਗੁੰਜਾਇਸ਼ ਨਹੀਂ। ਕੇਵਲ ਨਿਸ਼ਾਨਦੇਹੀ ਕਰਦੀਆਂ ਕੁਝ ਕੁ ਉਦਾਹਾਰਣਾਂ ਹੀ ਹਾਜ਼ਰ ਹਨ-

ਸਤੰਬਰ-ਅਕਤੂਬਰ ੧੯੯੭ ਦੇ ਵਰਿਆਮ ਵਿਚ ਇਕ ਲੇਖ ਹੈ। 'ਜਥੇਦਾਰ ਗਿਆਨ ਸਿੰਘ ਜੀ ਦੀ ਸਿਮ੍ਰਤੀ ਵਿਚ।' ਲੇਖਕ ਵਰਿਆਮ ਦੇ ਸੰਪਾਦਿਕ ਜਗਦੀਸ਼ ਸਿੰਘ ਜੀ ਆਪ ਹਨ। ਇਸ ਲੇਖ ਦੇ ਕੁਝ ਅੰਸ਼ ਇਉਂ ਹਨ :

**"ਔਰੰਗਾਬਾਦ ਵਿਚ ਇੱਕ ਸੰਗੀਤ ਸੰਮੇਲਨ ਸੀ, ਜਿਸ ਦੇ ਕਰਤਾ-ਧਰਤਾ ਪ੍ਰਸਿੱਧ ਸੰਗੀਤਾਚਾਯ ਨਾਥ ਨੇਰਲਕਰ ਸਨ।"**.......

"ਯੂ.ਪੀ. ਦੇ ਇਸ ਪੰਜਾਬੀ ਵਸੋਂ ਵਾਲੇ ਸ਼ਹਿਰ ਵਿਚ ਰਾਤ ਨੂੰ ਜਥੇਦਾਰ ਗਿਆਨ ਸਿੰਘ ਜੀ ਨੂੰ ਸਮਾਂ ਮਿਲਿਆ। ਪੱਚੀ ਤੀਹ ਹਜ਼ਾਰ ਦੀ ਹਾਜ਼ਰੀ ਸਿੱਖ ਗ਼ੈਰ-ਸਿੱਖ ਸਰੋਤਿਆਂ ਦੀ ਸੀ...।

ਡੇਢ ਕੁ ਸੌ ਦਾ ਜੱਥਾ ਸਾਜ਼ ਵਜਾਉਣ ਅਤੇ ਸ਼ਬਦ ਗਾਉਣ ਵਾਲਾ ਸੀ। ਗੁਰਮੁਖ ਸਿੰਘ ਸੰਤ ਨਗਰ ਵਰਗਾ ਢੋਲਕ ਦਾ ਉਸਤਾਦ ਵਜੰਤਰੀ ਢੋਲਕ ਉੱਤੇ ਉਨੱਤ-ਬੁਣਤ ਕਰਦਾ ਗੂੰਜਾਂ ਪਾ ਰਿਹਾ ਸੀ। ਸੰਤਾਂ ਦਾ ਭਾਣਜਾ ਜਥੇਦਾਰ ਦਾਨ ਸਿੰਘ ਵੀ ਹੋਰ ਢੋਲਕ ਨਾਲ ਸੀ। ਬਲੀ ਸਿੰਘ ਜਿਹਾ ਸਿੱਧ-ਹਸਤ ਕਲਾਕਾਰ ਹਾਰਮੋਨੀਅਮ ਤੇ ਬਦਲ-ਬਦਲ ਕੇ ਨਗਮੇ ਵਜਾ ਰਿਹਾ ਸੀ। ਵੀਡੀਓ ਅਤੇ ਫਲੈਸ਼ ਰੋਸ਼ਨੀਆਂ ਨਾਲ ਸੰਤ ਗਿਆਨ ਸਿੰਘ ਜੀ ਦਾ ਨੂਰਾਨੀ ਮੁੱਖ ਹੋਰ ਵੀ ਜਲਾਲੀ ਹੋਇਆ ਪਿਆ ਸੀ। ਸੰਤਾਂ ਦੇ ਦੀਵਾਨ ਦੀ ਟੇਕ ਸੀ-"ਦੁਨੀਆਂ ਜੰਗਲ ਫੇਰ ਹਰਾ। ਇਹ ਪ੍ਰਸਿੱਧ ਨਾਮਧਾਰੀ ਇਤਿਹਾਸਕਾਰ ਕਵੀ ਸੰਤ ਧਿਆਨ ਸਿੰਘ ਹੋਰਾਂ ਦੀ ਇਕ ਰਚਨਾ, ਜਿਸ ਵਿਚ ਉਹ ਸਤਿਗੁਰੂ ਰਾਮ ਸਿੰਘ ਦੀ ਵਲੋਂ ਸੰਮਤ ੧੯੨੩ ਜਾਂ ਸੰਨ ੧੯੬੭ ਵਿਚ ਕੀਤੇ ਹੋਲੇ ਦਾ ਵਰਨਣ ਕਰਦੇ ਹਨ, ਦੀ ਇੱਕ ਤੁਕ ਹੈ। ਸੰਤਾਂ ਦਾ ਮਜ਼ਮੂਨ ਸਤਿਜੁਗ ਦੇ ਪ੍ਰਹਿਲਾਦ ਤੋਂ ਲੈ ਕੇ ਸਤਿਗੁਰ ਜਗਜੀਤ ਸਿੰਘ ਤੱਕ ਫੈਲਿਆ ਹੋਇਆ ਸੀ ਅਤੇ ਉਹਨਾਂ ਨੇ ਗਾਇਣ ਦੀ ਸੁਰ ਸਭ ਸਪਤਕਾਂ ਪਾਰ ਕਰ ਰਹੀ ਸੀ। ਅੰਤਰੇ ਵਿਚੋਂ ਹੋਰ ਅੰਤਰਾ ਨਿਕਲਕੇ ਸੁਰ ਉਪਰ ਜਾਂਦੀ ਅਤੇ ਵਾਪਸੀ ਤੇ ਉਤਰਦੀ ਸਥਾਈ ਤੱਕ ਆਉਂਦੀ। ਜਥੇ ਦੀ ਆਵਾਜ਼ ਦੀ ਗੂੰਝ ਨਾਲ ਤਰਾਈ ਦਾ ਇਲਾਕਾ ਥਿਰਕ ਰਿਹਾ ਸੀ। ਅੱਜ ਦੁਨੀਆਂ ਜੰਗਲ ਫੇਰ ਹਰਾ... ਢੋਲਕ ਛੈਣਿਆਂ ਦੀ ਛਹਿਬਰ ਵਿਚ ਮਸਤਾਨੇ ਲੋਟ ਪੋਟ ਹੋ ਰਹੇ ਸਨ। ਇਸੇ ਹੀ ਪ੍ਰਸੰਗ ਵਿਚ ਸੰਤ ਪਰਮਾਣ ਦੇ ਰਹੇ ਹਨ। "ਕਹੂ ਜਪ ਗੁਰਮੰਤੇ, ਊਚ ਕਟੰਤੇ, ਸ਼ਬਦ ਸੁਨੰਤੇ, ਕੰਨ ਗੁਰੂ। ਕਹੂੰ ਢੋਲਕ ਬਾਜਤ ਛੈਣੇ ਛਾਜਤ, ਧਰਮ ਸੁ ਗਾਜਤ ਧੰਨ ਗੁਰੂ। ਹਵੈ ਹੈ ਮਸਤਾਨੇ ਨਚਤ ਦਿਵਾਨੇ, ਲਾਜ ਲੁਭਾਨੇ ਪ੍ਰੇਮ ਬਸੀ। ਸਭ ਲਾਲੋ ਲਾਲੇ ਗਿਰਦ ਗੋਪਾਲੇ, ਬਹੁ ਖੁਸ਼ਹਾਲੇ ਨੇਮ ਵਸੀ।"

"ਗੱਲ ਤਾਂ ਅੱਗੇ ਹੀ ਘੱਟ ਨਹੀਂ ਸੀ, ਪਰ ਜਦ ਮਾਛੀਵਾੜੇ ਦੇ ਜੰਗਲ ਵਿਚ ਉਚਾਰਿਆ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ "ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਦਰਦ ਫਿਰਾਕ ਨਾਲ ਪੜ੍ਹਿਆ, ਤਾਂ ਸਭ ਸੰਗਤ ਹਾਲੋਂ ਬੇਹਾਲ ਹੋ ਗਈ। ਪੰਜਾਬ ਤੇ ਅੰਗਰੇਜਾਂ ਦੇ ਕਬਜ਼ੇ ਬਾਅਦ ਦਾ ਦ੍ਰਿਸ਼ ਉਹਨਾਂ ਮਿਰਜ਼ੇ ਦੀ ਤਰਜ਼, ਤੇ ਬਿਆਨ ਕਰ ਕੇ ਮਨ ਪਿਘਲਾ ਦਿੱਤੇ।

ਜਦ ਲਾਹਿਆ ਸ਼ਾਹੀ ਕਿਲੇ ਤੋਂ
ਸਿੱਖਾ ਸ਼ਾਹੀ ਨਿਸ਼ਾਨ
ਦਿੱਤੀ ਸਲਾਮੀ ਸਿੰਘਾਂ ਨੇ
ਝੁੱਕ ਕੇ ਵਾਂਗ ਕਮਾਨ

"ਬਹੁਤ ਕਰੁਣਾਮਈ ਮਾਹੌਲ ਦਾ ਦੀਵਾਨ ਸੀ। ਫਿਰ ਸਤਿਗੁਰੂ ਰਾਮ ਸਿੰਘ ਦੀ ਚੜ੍ਹਤ ਦਾ ਪ੍ਰਸੰਗ ਸੁਣਾ ਕੇ ਉਹਨਾਂ ਦੇ ਪ੍ਰਦੇਸ ਜਾਣ ਦਾ ਦਰਦ, ਉਹਨਾਂ ਪੰਜਾਬੀ ਦੇ ਇੱਕ ਟੱਪੇ ਰਾਹੀਂ ਪ੍ਰਗਟਾਇਆ। ਜਦੋਂ ਉਹਨਾਂ "ਮਾਹੀਏ" ਦੀ ਤਰਜ਼ ਤੇ ਪੜ੍ਹਿਆ-'ਲੋਕਾਂ ਦੀਆਂ ਰੋਣ ਅੱਖੀਆਂ ਸਾਡਾ ਰੋਂਦਾ ਈ ਦਿਲ ਮਾਹੀਆ, ਉਸ ਸਮੇਂ ਸਭ ਦੀਆਂ ਅੱਖਾਂ ਅਤੇ ਦਿਲ ਸੱਚਮੁੱਚ ਰੋ ਰਹੇ ਸਨ।'



Sri Satguru Jagjit Singh Ji eLibrary NamdhariElibrary@gmail.com

**"ਉਹਨਾਂ ਪਹਿਲਾਂ ਦੀਪਕ ਜਗਾਇਆ ਅਤੇ ਫੇਰ ਰਾਗ ਬਸੰਤ ਵਿਚ ਇਕ ਪੜਤਾਲ ਗਾਈ। ਦਰਸ਼ਕਾਂ ਨੇ ਇਕ ਸਾਧਾਰਨ ਜਹੇ ਦਿਸਦੇ ਪੰਜਾਬੀ ਕਿਸਾਨ ਕੋਲੋਂ ਸ਼ਾਸ਼ਤਰੀ ਸੰਗੀਤ ਦੀ ਇਕ ਪੁਰਾਣੀ ਤੇ ਦੁਰਲੱਭ ਚੀਜ਼ ਸੁਣ ਕੇ ਤਨੋ-ਮਨੋ ਵਾਹ-ਵਾਹ ਵਾਹ ਕੀਤਾ।"**

"ਵਰਿਆਮ" (ਨਵੰਬਰ ੨੦੦੦) ਨੇ ਪ੍ਰੀਤਮ ਸਿੰਘ ਕਵੀ ਦੀ ਰਚਨਾ "ਸ੍ਰੀ ਕਿਸਨ ਮਹਾਰਾਜ ਦੇ ਘਰ" ਪ੍ਰਕਾਸ਼ਤ ਕੀਤੀ ਹੈ। ਇਹ ਇੱਕ ਅਜਿਹੀ ਰਚਨਾ ਹੈ ਜੋ "ਵਰਿਆਮ" ਵਿਚ ਪਹਿਲਾਂ ਵੀ ਪ੍ਰਕਾਸ਼ਤ ਹੋਈ ਸੀ। ਵਰਿਆਮ ਦੇ ਜਨਮ ਅਤੇ ਵਿਕਾਸ ਵਿਚ ਕਵੀ ਜੀ ਦੀ ਭੂਮਿਕਾ ਯਾਦਗਾਰੀ ਹੈ। ਜਗਦੀਸ਼ ਦੇ ਆਪਣੇ ਸ਼ਬਦਾਂ ਵਿਚ ਕਵੀ ਜੀ "ਵਰਿਆਮ ਦੇ ਜਨਮ ਤੋਂ ਹੀ ਪਰਮ ਸਹਿਯੋਗੀ, ਮਿੱਤਰ ਅਤੇ ਸਨੇਹੀ, ਪ੍ਰਸਿੱਧ ਲੇਖਕ, ਬੁਲਾਰੇ, ਫੋਟੋਗਰਾਫਰ ਅਤੇ ਖੂਬਸੂਰਤ ਇਨਸਾਨ ਹਨ। ਇਹ ਰਚਨਾ ਕਵੀ ਜੀ ਨੂੰ ਭੈਣੀ ਸਾਹਿਬ ਵਿਚ "ਸਾਹਿਤ ਰਤਨ" ਦੀ ਉਪਾਧੀ ਨਾਲ ਸਨਮਾਨੇ ਜਾਣ ਤੇ ਵਰਿਆਮ ਵਲੋਂ ਸਤਿਕਾਰ ਵਜੋਂ ਹੀ ਦੁਹਰਾਈ ਗਈ ਹੈ। ਇਸ ਦੇ ਕੁਝ ਅੰਸ਼ ਹਨ।

........"ਸਤਿਗੁਰੂ ਜੀ ਨੇ ਦਿਲਰੁਬਾ ਮੋਢੇ ਨਾਲ ਲਾ ਲਿਆ। ਸਤਿਗੁਰੂ ਜੀ ਦੇ ਖਿੱਚੇ ਹੋਏ ਗਜ ਅਤੇ ਪੋਟਿਆਂ ਦੀ ਕਲਾਮਈ ਤਾਰ-ਛੂਹ ਨੇ ਕਿਸਨ ਬਿਰਜੂ ਮਹਾਰਾਜ ਨੂੰ 'ਵਾਹਵਾ' ਕਹਿਣ ਤੇ ਮਜਬੂਰ ਕਰ ਦਿੱਤਾ।..... ਹਰਭਜਨ ਸਿੰਘ ਨੇ ਭਾਰੀ ਮਰਦਾਵੀਂ ਆਵਾਜ਼ ਨਾਲ 'ਜਪ ਮਨ ਜਗਨਾਥ ਜਗਦੀਸਰੋ ਜਗਜੀਵਨੋ' ਸਾਰੰਗ ਦੀ ਪੜਤਾਲ ਸ਼ੁਰੂ ਕੀਤੀ। ਕਿਸਨ ਮਹਾਰਾਜ ਨੇ ਸ੍ਰੀ ਮਹਾ ਦੇਉ ਨੂੰ ਕਿਹਾ-ਕਿਆ ਮੀਠਾ ਹੈ।...

ਸਤਿਗੁਰੂ ਜੀ ਨੇ ਬਨਾਰਸ ਦੇ ਗੁਣੀ ਜਨਾਂ ਨੂੰ ਪੰਜਾਬੀ ਅੰਗ ਦੀ ਪਖਾਵਜ ਅਤੇ ਗੁਰਬਾਣੀ ਦੇ ਸ਼ਬਦਾਂ ਦਾ ਸਾਮੰਜਸ ਦਰਸਾਇਆ। ਫਿਰ ਕਿਸਨ ਮਹਾਰਾਜ ਨੇ ਅਗ੍ਰਹਿ ਕੀਤਾ ਜ਼ਰਾ ਆਪ ਭੀ ਤੋਂ ਦਿਲਰੁਬਾ ਕੀ ਤਰਬੇਂ ਬਜਾਨੇ ਕੀ ਕ੍ਰਿਪਾ ਕਰੇਂ।

ਅਤੇ ਹਜ਼ੂਰ ਨੇ ਦਿਲਰੁਬਾ ਨੂੰ ਆਪਣੇ ਗੋਡੇ ਦਾ ਆਸਰਾ ਦੇ ਲੰਮਾ ਪਾ ਲਿਆ। ਕੋਮਲ ਉਂਗਲਾਂ ਤਰਬਾਂ ਛੂੰਹਦੀਆਂ, ਜਿਵੇਂ ਨ੍ਰਿਤ ਕਰਨ ਲੱਗੀਆਂ। ਸਤਿਗੁਰੂ ਜੀ ਨੇ ਦੋ ਮਿੰਟਾਂ ਬਾਅਦ ਤਰਬਾਂ ਰੋਕ ਫਰਮਾਇਆ। ਇਹ ਨਿਰੋਲ ਸ੍ਰੀ ਭੈਣੀ ਸਾਹਿਬ ਦੀ ਚੀਜ਼ ਹੈ, ਜਿਸ ਨੂੰ ਭਾਈ ਹਰਨਾਮ ਸਿੰਘ ਜੀ, ਜੋ ਜ਼ਿਮੀਂਦਾਰ ਸਨ, ਨੇ ਕਾਇਮ ਕੀਤਾ। ਪਹਿਲੇ ਲਕੜੀ ਨਾਲ ਵਜਾਇਆ ਜਾਂਦਾ ਸੀ। ਪਰ ਮੈਂ ਨਹੁੰਆਂ ਨਾਲ ਵਜਾਣਾ ਸ਼ੁਰੂ ਕੀਤਾ।"

ਅਤੇ ਜਿਥੇ ਤੱਕ ਇਤਿਹਾਸ ਦਾ ਸੰਬੰਧ ਹੈ ਇਹ ਬੜੀ ਲੰਬੀ ਵੀ ਹੈ ਅਤੇ ਅਦਭੁਤ ਵੀ। ਨਵੀਂ ਖੋਜ ਤਾਂ ਸਾਨੂੰ ਪੜ ਹਜ਼ਾਰ ਸਾਲ ਪਹਿਲਾਂ ਤੱਕ ਲੈ ਗਈ ਹੈ। "ਨੇਚਰ" ਮੈਗਜ਼ੀਨ ਨੇ ਹੈਰਾਨ ਕਰ ਦੇਣ ਵਾਲੇ ਖੋਜ-ਨਿਰਣੇ ਪੇਸ਼ ਕੀਤੇ ਹਨ। "ਟਾਈਮਜ਼ ਆਫ ਇੰਡੀਆ" ਨੇ ਆਪਣੇ ਉਸੇ ਸੰਪਾਦਕੀ ਵਿਚ, ਜਿਸ ਦਾ ਅਸੀਂ ਉਪਰ ਜ਼ਿਕਰ ਕੀਤਾ ਹੈ, ਇਸ ਖੋਜ ਦੀ ਚਰਚਾ ਕੀਤੀ ਹੈ। ਉਸ ਵਿਚ ਕਿਹਾ ਗਿਆ ਹੈ।

Recent findings about the music of the past, as reported in *Nature* magazine, are startling. The "music instinct," as it has been called, is believed to have preceded the human race and may be more widespread in nature than is thought. Researches have found in France and Solvenia musical instruments as old as 53,000 years–flutes carved out of animal bones which are good enough to suggest that humans had been fashioning such instruments for hundreds of thousands of years. A scientist in the Marine Biology Institute of Massachusetts who is a flutist himself, has constructed his own version of such flutes from bits of ancient bone. It yielded notes which were sweet, pure and "haunting." The scientists have not stopped there. Their aim is to explore "the role of music in all living things." because they are convinced that the human race has no copyright on music. Many animals produce what can rightly be called music, with definite and deliberate patterns in it and not a meaningless cacophony, though humans may often think it to be so. Male humpback whales sing a lot and can vocalise over a range of seven octaves. They use rhyme in the same way as humans do. Rhythm and harmony can also be found in birdsong. It has been established that the hermit thrush sings in the pentatonic scale in which the octaves are divided into recognisable notes. Some birds are sophisticated enough to use instruments; the palm cockatoo of northern Australia breaks



Sri Satguru Jagjit Singh Ji eLibrary NamdhariElibrary@gmail.com

off a twig to use as a drumstick. It appears that poets, have not been praising the songs of nightingales and Cuckoos undesrvingly, and there is more to such things than is generally conceded. It is, however, wonderful to know that music is more universal and even more ancient than was thought. Perhaps man was not even here in eras long gone, "When music, hav'nly maid, was young." The seven basic notes of Indian classical music, it is said, were borrowed from the calls of seven animals and birds. But where did they learn their music from ? From the rolls of thunder, the whisper of the leaves and the murmur of the river, presumably.

ਇਸ ਖੋਜ ਨੇ ਸੱਚ-ਮੁੱਚ ਹੀ ਉਸ ਖ਼ਜ਼ਾਨੇ ਦੇ ਕੁਆੜ ਖੋਲ੍ਹ ਦਿੱਤੇ ਹਨ। ਜਿਸ ਦਾ ਸਾਡੇ ਅੱਜ ਦੇ ਪ੍ਰਮੁੱਖ ਤੋਂ ਪ੍ਰਮੁੱਖ ਇਤਿਹਾਸ਼ਕਾਰਾਂ ਤੱਕ ਨੂੰ ਪਤਾ ਨਹੀਂ ਸੀ। ਇਹ ਸਾਡੀ ਖੋਜ ਦੀ ਅਮੁੱਲ ਪ੍ਰਾਪਤੀ ਹੈ। ਨਿਸ਼ਚੇ ਹੀ ਇਹ ਖੋਜ ਕੋਈ ਬੇਜਾਨ ਖ਼ਜ਼ਾਨਾ ਸਿੱਧ ਨਹੀਂ ਹੋਵੇਗੀ। ਇਸ ਵਿਚੋਂ ਸੰਗੀਤ ਦੇ ਅਗਲੇਰੇ ਵਿਕਾਸ ਤੇ ਪਰਫੁਲਤਾ ਲਈ ਨਵੇਂ ਰਾਹ ਨਿਕਲਣਗੇ। ਨਵੀਆਂ ਸੰਭਾਵਨਾਵਾਂ ਉਜਾਗਰ ਹੋਣਗੀਆਂ।

ਅਸੀਂ ਬਜਾ ਤੌਰ ਤੇ ਆਸ ਕਰ ਸਕਦੇ ਹਾਂ ਕਿ "ਵਰਿਆਮ" ਆਪਣੇ ਨਵੇਂ ਦੌਰ ਵਿਚ ਸਾਨੂੰ ਇਸ ਤੋਂ ਵੀ ਵੱਧ ਰੁਸ਼ਨਾਸ਼ ਕਰੇਗਾ।

ਸ਼ਾਲਾ! ਖੋਜ ਜਾਰੀ ਰਹੇ, ਨਵੇਂ ਤੱਥ ਸਾਹਮਣੇ ਆਉਂਦੇ ਰਹਿਣ, ਪ੍ਰਗਤੀ ਦੇ ਨਵੇਂ ਰਾਹ ਰੋਸ਼ਨ ਹੁੰਦੇ ਰਹਿਣ।

**ਅਤੇ ਹੁਣ ਕੁਝ ਹੋਰ**

ਗੁਰਬਚਨ ਭੁੱਲਰ ਨੇ ਵਰਿਆਮ ਨੂੰ ਲਿਖਿਆ—

"ਉਂਜ ਤਾਂ ਮੈਂ ਤੁਹਾਨੂੰ ਅਨੇਕ ਵਾਰ ਦੱਸ ਚੁਕਿਆ ਹਾਂ ਕਿ ਵਰਿਆਮ ਮੈਨੂੰ ਚੰਗਾ ਲਗਦਾ ਹੈ, ਪਰ ਅੱਜ ਇਹ ਇੱਕ ਹੋਰ ਕਾਰਨ ਕਰ ਕੇ ਚੰਗਾ ਲੱਗਿਆ। ਉਹ ਇਹ ਕਿ ਇਹ ਤੁਹਾਨੂੰ ਰੁਝਾਈ ਰੱਖਦਾ ਹੈ। ਕਾਗਜ਼ ਖਰੀਦੋ, ਰਚਨਾਵਾਂ ਮੰਗਵਾਓ ਪਰੂਫ ਪੜ੍ਹੋ, ਬਾਈਡਿੰਗ ਕਰੋ, ਡਾਕ ਵਿਚ ਪਾਓ, ਵਗੈਰਾ ਵਗੈਰਾ। ਜੇ ਇਹ ਨਾ ਹੁੰਦਾ ਅਤੇ ਰੱਬ ਨਾ ਕਰੇ, ਤੁਸੀਂ ਵਾਰਤਿਕ ਲਿਖਣ ਵੱਲ ਪੂਰਾ ਧਿਆਨ ਦੇ ਦਿੰਦੇ, ਜੋ ਸਾਡੇ 'ਮਹਾਨ' ਵਾਰਤਿਕਕਾਰ ਹਨ। ਫਿਰ ਉਹ ਵਿਚਾਰੇ ਕਿੱਧਰ ਜਾਂਦੇ ?

"ਅਗਰ ਦੁਨੀਆ ਚਮਨ ਹੋਤੀ, ਤੋ ਵੀਰਾਨੇ ਕਹਾਂ ਜਾਤੇ"

ਅਤੇ ਇਹ ਲਿਖਣ ਲਈ ਭੁੱਲਰ ਨੂੰ ਟੁੰਬਿਆ ਸੀ ਜਗਦੀਸ਼ ਦੀ ਇਕ ਰਚਨਾ 'ਸੁਰਿੰਦਰ ਸੁਮਨ ਨੂੰ ਯਾਦ ਕਰਦਿਆਂ' ਨੇ। ਰਚਨਾ ਜਿਹੜੀ ਸੁਮਨ ਦੇ ਮਰਨ ਦੀ ਖ਼ਬਰ ਸੁਣਦਿਆਂ ਆਪ ਮੁਹਾਰੇ ਇਨ੍ਹਾਂ ਅਹਿਸਾਸਾਂ ਵਿਚੋਂ ਫੁੱਟੀ ਸੀ—

ਗ਼ਜ਼ਾਲਾ ਤੁਮ ਤੋ ਵਾਕਿਫ ਹੋ ਕਹੋ ਮਜਨੂੰ ਕੇ ਮਰਨੇ ਕੀ
ਦੀਵਾਨਾ ਮਰ ਗਿਆ ਆਖਿਰ ਕੋ ਵੀਰਾਨੋਂ ਪੇ ਕਿਆ ਗੁਜ਼ਰੀ

.......ਫਾਨੂਸ ਬਨ ਕਰ ਜਿਸ ਕੀ ਹਿਫਾਜ਼ਤ ਹਵਾ ਕਰੇ
ਵਹੁ ਸ਼ਮਾ ਕਿਆ ਬੁਝ ਜਿਸੇ ਰੌਸ਼ਨ ਖੁਦਾ ਕਰੇ।

ਅਤੇ ਪਿਆਰਾ ਸਿੰਘ ਭੋਗਲ ਵੀ ਇਸ ਰਚਨਾ ਬਾਰੇ ਇਹ ਲਿਖੇ ਬਿਨਾਂ ਨਹੀਂ ਸੀ ਰਹਿ ਸਕਿਆ—

"ਇਹ ਸਿਲਵਰ ਜੁਬਲੀ ਵਰ੍ਹੇ ਦੀ ਬਿਹਤਰੀਨ ਲਿਖਤ ਕਹਾਉਣ ਦੇ ਯੋਗ ਹੈ। ਸ਼ਾਇਦ ਅਤਿਕਥਨੀ ਲਗੇ, ਪਰ ਮੈਨੂੰ ਹੁਣ ਤੱਕ ਵਰਿਆਮ ਦੇ ਸਮੂਹ ਵਰ੍ਹਿਆਂ ਵਿਚ ਛਪੀਆਂ ਲਿਖਤਾਂ ਦੀ ਸਿਰਤਾਜ ਰਚਨਾ ਪ੍ਰਤੀਤ ਹੋਈ ਹੈ।"

ਇਹ ਰਚਨਾ ਵਰਿਆਮ ਦੇ ਜੁਲਾਈ ਦੋ ਹਜ਼ਾਰ ਵਿਚ ਪ੍ਰਕਾਸ਼ਤ ਹੋਏ ਅੰਕ ਵਿਚ ਛਪੀ ਸੀ।

ਇਹ ਚਿੱਠੀਆਂ ਅਗਸਤ ੨੦੦੦ ਵਿਚ ਪ੍ਰਕਾਸ਼ਤ ਹੋਏ ਪਰਚੇ ਵਿਚ ਛਪੀਆਂ ਸਨ।

ਇਹਨਾਂ ਚਿੱਠੀਆਂ ਦੇ ਛਪਣ ਤੋਂ ਕੁਝ ਮਹੀਨੇ ਪਹਿਲਾਂ ਮਾਰਚ-ਅਪ੍ਰੈਲ ਦੇ ਅੰਕ ਵਿਚ ਲਖਵਿੰਦਰ ਜੌਹਲ ਨੇ ਆਖਿਆ ਸੀ—

ਉਸ ਦਿਨ ਤੋਂ ਅੱਜ ਤੱਕ ਪੱਚੀ ਸਾਲ ਬੀਤ ਗਏ ਨੇ। ਜੰਡਿਆਲੇ ਤੋਂ ਜਲੰਧਰ ਤੱਕ ਦਾ ਸਫ਼ਰ 'ਨਵਾਂ ਜ਼ਮਾਨਾ' ਅਤੇ 'ਅਜੀਤ' ਰਾਹੀਂ ਹੁੰਦਾ ਹੋਇਆ ਦੂਰਦਰਸ਼ਨ ਦੇ ਮੀਲ ਪੱਥਰਾਂ ਤੱਕ ਭਾਵੇਂ ਬਹੁਤ ਦੂਰ ਨਿਕਲ ਚੁੱਕਾ ਹੈ ਪਰ ਪਹਿਲੇ ਪਿਆਰ



Sri Satguru Jagjit Singh Ji eLibrary NamdhariElibrary@gmail.com

ਵਾਲੀ ਜੋ ਅਪਣਤ ਜਗਦੀਸ਼ ਸਿੰਘ ਦੀ ਉਸ ਮਿਲਣੀ ਵਿਚ ਸੀ, ਉਹ ਮਨ ਵਿਚੋਂ ਕਦੇ ਨਹੀਂ ਵਿਸਰੀ। ਉਸਦੀ ਸ਼ਖਸੀਅਤ ਵਿੱਚ ਕੋਈ ਮਿਕਨਾਤੀਸੀ ਖਿੱਚ ਹੈ ਜੋ ਉਸਨੂੰ ਸਾਲਾਂ ਦੀਆਂ ਦੂਰੀਆਂ ਦੇ ਬਾਵਜੂਦ ਸਾਹਾਂ ਦੇ ਨੇੜੇ ਰਹਿਣ ਦਾ ਸਲੀਕਾ ਸਿਖਾਉਂਦੀ ਹੈ। ਉਸਦੇ ਇਸੇ ਸਲੀਕੇ ਨੇ ਉਸਨੂੰ ਸੀਮਤ ਸਾਧਨਾਂ ਨਾਲ ਅਸੀਮਤ ਕਾਰਜ ਕਰਨ ਦਾ ਬਲ ਬਖਸ਼ਿਆ ਹੈ। ਨਾਮਧਾਰੀ ਦਰਬਾਰ ਦਾ ਆਫੀਸ਼ੀਅਲ ਬੁਲਾਰਾ ਨਾ ਹੋਣ ਦੇ ਬਾਵਜੂਦ ਨਾਮਧਾਰੀ ਵਿਚਾਰਧਾਰਾ ਪ੍ਰਫੁੱਲਤ ਕਰਨ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਅਤੇ ਸਮੇਂ-ਸਮੇਂ ਨਾਮਧਾਰੀ ਦਰਬਾਰ ਦੀਆਂ ਸਰਗਰਮੀਆਂ ਅਤੇ ਜੋੜ-ਮੇਲਿਆਂ ਬਾਰੇ ਵਿਸ਼ੇਸ਼ ਸਚਿੱਤਰ ਸਮੱਗਰੀ ਛਾਪਣ ਦੇ ਨਾਲ-ਨਾਲ ਪੰਜਾਬੀ ਦੇ ਇਕ ਨਰੋਏ ਸਾਹਿਤਕ ਪਰਚੇ ਵਜੋਂ ਆਪਣੇ ਆਪ ਨੂੰ ਸਥਾਪਤ ਕਰਨ ਦਾ ਜੋ ਕਾਰਜ 'ਵਰਿਆਮ' ਨੇ ਇਨ੍ਹਾਂ ਸਾਲਾਂ ਵਿਚ ਕੀਤਾ ਹੈ ਉਸ ਉਤੇ ਹਰ ਇਕ ਨੂੰ ਰਸ਼ਕ ਹੈ।

ਅਜਿਹੇ ਸੰਤੁਲਨ ਨੂੰ ਬਣਾਈ ਰੱਖਣ ਲਈ ਅਤੇ ਨਿਰੰਤਰਤਾ ਕਾਇਮ ਰੱਖਣ ਲਈ ਜਿਨ੍ਹਾਂ ਪੁਰਸਲਾਤਾਂ ਤੋਂ ਉਸਨੂੰ ਲੰਘਣਾ ਪਿਆ ਹੈ ਉਸਦੇ ਸ਼ਾਖਸੀ ਅਸੀਂ ਸਾਰੇ ਉਸਦੀ ਲਗਨ ਅਤੇ ਸਿਦਕ ਦੇ ਕਾਇਲ ਹਾਂ। ਸਾਧਨਾਂ ਦੀ ਅਣਹੋਂਦ ਵੀ ਸਿਰਫ਼ ਸਿਦਕ ਦੇ ਸਾਹਾਂ ਨਾਲ ਸਫ਼ਲਤਾ ਦੇ ਸਾਗਰ ਸਰ ਕਰ ਸਕਦੀ ਹੈ। ਇਸ ਦੀ ਪ੍ਰਤੱਖ ਮਿਸਾਲ ਹੈ ਜਗਦੀਸ਼ ਸਿੰਘ। ਉਸਨੇ ਨਾ ਆਪਣੀ ਪ੍ਰੈਸ ਨੂੰ ਕੋਈ ਨਵਾਂ ਵਿਸਥਾਰ ਦਿੱਤਾ, ਨਾ ਆਪਣੇ ਦਫ਼ਤਰ ਨੂੰ 'ਸ਼ੀਸ਼ਿਆਂ' ਨਾਲ ਸਜਾਇਆ, ਨਾ ਆਪਣੇ ਘਰ ਨੂੰ ਪੱਥਰਾਂ ਨਾਲ ਲਿਸ਼ਕਾਇਆ, ਨਾ ਆਪਣੀਆਂ ਯਾਤਰਾਵਾਂ ਨੂੰ ਕਾਰਾਂ ਦੇ ਝੂਟੇ ਦਾ ਮੋਹ ਪੈਣ ਦਿੱਤਾ, ਉਸਨੇ ਸਿਰਫ਼ ਤੇ ਸਿਰਫ਼ 'ਵਰਿਆਮ' ਨੂੰ ਸ਼ਬਦਾਂ ਦੇ ਸਰਮਾਏ ਨਾਲ ਮਾਲਾਮਾਲ ਕੀਤਾ।

ਕਿੰਨਾ ਕੁਝ ਦਸ ਗਏ ਹਨ, ਭੁੱਲਰ, ਭੋਗਲ ਅਤੇ ਜੌਹਲ ਦੇ ਇਹ ਸ਼ਬਦ ਜਗਦੀਸ਼ ਅਤੇ 'ਵਰਿਆਮ' ਦੇ ਜਨਮ ਅਤੇ ਵਿਕਾਸ ਬਾਰੇ।

ਯਾਤਰਾ ਬਿਰਤਾਂਤ "ਵਰਿਆਮ" ਦੀ ਵਿਸ਼ੇਸ਼ ਦੇਣ ਹਨ। ਇਹਨਾਂ ਯਾਤਰਾ-ਬਿਰਤਾਂਤਾਂ ਵਿਚ ਨਿੱਕੇ ਵੱਡੇ ਯਾਤਰਾ 'ਲੇਖਾਂ' ਅਤੇ ਰਿਪੋਰਤਾਜਾਂ ਤੋਂ ਲੈ ਕੇ ਕੁਝ ਅਜਿਹੇ ਸਫ਼ਰਨਾਮਿਆਂ ਤੱਕ ਸ਼ਾਮਲ ਹਨ। ਜਿਹੜੇ ਕਿਸ਼ਤ ਦਰ ਕਿਸ਼ਤ ਛਪੇ ਹਨ ਅਤੇ ਸਹਿਜੇ ਹੀ ਪੁਸਤਕ ਰੂਪ ਵਿਚ ਛਪ ਸਕਦੇ ਹਨ।

ਜਗਦੀਸ਼ ਸਿੰਘ ਨੇ ਆਪ ਵੀ ਵਰਿਆਮ (ਅਕਤੂਬਰ-੧੯੯੭) ਵਿਚ ਲਿਖਿਆ ਸੀ—

"ਵਰਿਆਮ ਬਾਰੇ ਇਹ ਧਾਰਨਾ ਵੀ ਸੁਣੀ ਜਾਂਦੀ ਹੈ ਕਿ ਇਹ ਸਫ਼ਰਨਾਮਿਆਂ ਦਾ ਪੱਤਰ ਬਣਦਾ ਜਾ ਰਿਹਾ ਹੈ।

ਇਸ ਵਾਰ ਵੀ ਵਾਹਵਾ ਸਫਰਨਾਮੇ ਹੋ ਗਏ ਹਨ। ਸ. ਸਵਰਨ ਸਿੰਘ ਵਿਰਕ ਹੋਰਾਂ ਦਾ ਪਾਕਿਸਤਾਨੀ ਸਫ਼ਰਨਾਮਾ ਤਾਂ ਬਹੁ-ਪੱਖੀ ਵਾਕਫੀਅਤ ਦਾ ਭੰਡਾਰ ਹੁੰਦਾ ਹੈ ਅਤੇ ਪੰਜਾਬ ਦੇ ਸਾਹਿਤ ਸੱਭਿਆਚਾਰ ਦਾ ਅਕਸ ਵੀ।

ਸੁਪਨਦੀਪ ਸੰਧੂ ਇਕ ਉਭਰਵਾਂ ਲੇਖਕ ਹੈ। ਉਸ ਦੇ ਸਫ਼ਰਨਾਮੇ ਵਿਚ ਆਪਣੇ ਪਿਤਾ ਵਰਿਆਮ ਸੰਧੂ ਨਾਲੋਂ ਵੱਖਰੀਆਂ ਗੱਲਾਂ ਹਨ। ਉਥੇ ਵੀ ਜ਼ਿੰਦਗੀ ਵਿਚ ਆਪਣਾ ਥਾਂ ਬਨਾਉਣ ਵਿਚ ਕਿੰਨਾ ਤਰਦੱਦ ਕਰਨਾ ਪੈਂਦਾ ਹੈ। ਇਸ ਦਾ ਅਮਲੀ ਤਜਰਬਾ ਇਸ ਲੇਖ ਵਿਚ ਹੁੰਦਾ ਹੈ। ਉਸ ਨੇ ਜੁਰਅਤ ਕਰ ਕੇ ਉਹ ਗੱਲਾਂ ਵੀ ਲਿਖੀਆਂ ਹਨ, ਜਿਨ੍ਹਾਂ ਨੂੰ ਲਿਖਣ ਤੋਂ ਹੋਰ ਲੇਖਕ ਕੰਨੀ ਕਤਰਾ ਜਾਂਦੇ ਹਨ। ਆਪਣੇ ਅੰਦਾਜ਼ ਵਿਚ ਸਫਲਤਾ ਨਾਲ ਇੰਗਲੈਂਡ ਦੇ ਜਨ-ਜੀਵਨ ਬਾਰੇ ਲਿਖੇ ਅਨੁਭਵ ਯੂ.ਕੇ. ਅੰਕ ਦੀ ਸੱਚਾਈ ਹਨ।

ਸ. ਕਰਤਾਰ ਸਿੰਘ ਪੰਛੀ ਹੁਰਾਂ ਨੂੰ ਬੇਨਤੀ ਕਰ ਕੇ ਲੇਖ ਲਿਖਵਾਇਆ ਹੈ। ਲੇਖ ਬਹੁਤ ਲੇਟ ਪੁੱਜਾ। ਦੇਖਿਆ ਕਿ ਇਹ ਵੀ ਯਾਤਰਾ ਲੇਖ ਹੈ ਅਤੇ ਮੇਰੇ ਆਪਣੇ ਲਿਖੇ ਰਿਪੋਰਤਾਜ ਤੇ ਦੋਹਰ ਪਾਉਂਦਾ ਹੈ। ਪਰ ਇਸ ਵਿਚ ਕੁਝ ਗੱਲਾਂ ਐਸੀਆਂ ਹਨ ਜੋ ਮੇਰੇ ਲੇਖ ਦੀਆਂ ਖਾਮੀਆਂ ਨੂੰ ਪੂਰੀਆਂ ਕਰਦੀਆਂ ਹਨ।"

ਵਰਿਆਮ ਸੰਧੂ ਦੀ ਬਦੇਸ਼ ਯਾਤਰਾ ਦਾ ਬਿਰਤਾਂਤ ਵੀ ਜਿਸ ਉੱਤੇ ਚੋਖੀ ਚਰਚਾ ਹੋਈ ਸੀ, ਵਰਿਆਮ ਦੇ ਪੰਨਿਆਂ ਉੱਤੇ ਹੀ ਸਜਿਆ ਸੀ।

ਇਹ ਸਫਰਨਾਮੇ ਪਹਿਲੜੇ ਸਫ਼ਰਨਾਮਿਆਂ ਨਾਲੋਂ ਬੜੇ ਵਿਲੱਖਣ ਹਨ ਅਤੇ ਇਨ੍ਹਾਂ ਸਦਕਾ ਸਾਡਾ ਸਾਹਿਤ ਹੋਰ ਅਮੀਰ ਹੋਇਆ ਹੈ।

ਇਹ ਸਫ਼ਰਨਾਮੇ ਉਸ ਦੌਰ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ। ਜਦੋਂ ਇੱਕ ਪਾਸੇ ਸਾਡੇ ਪੰਜਾਬ ਵਿਚ ਲਾਹੌਰ ਅੰਮ੍ਰਿਤਸਰੀਆਂ ਲਈ ਬਦੇਸ਼ੀ ਸ਼ਹਿਰ ਹੋ ਗਿਆ ਹੈ ਅਤੇ ਅੰਮ੍ਰਿਤਸਰ ਲਾਹੌਰੀਆਂ ਲਈ ਅਤੇ ਦੂਜੇ ਪਾਸੇ ਸਾਡਾ ਸੰਸਾਰ ਏਨਾ ਬਦਲ ਗਿਆ ਹੈ ਕਿ ਇਸ ਨੂੰ ਵਿਸ਼ਵ ਪਿੰਡ ਦਾ ਨਾਂਅ ਦਿੱਤਾ ਜਾ ਰਿਹਾ ਹੈ।

ਉਪਰੰਤ ਇਹ ਸਫ਼ਰਨਾਮੇ ਉਸ ਦੌਰ ਵਿਚ ਲਿਖੇ ਗਏ ਹਨ ਜਦੋਂ ਸਾਨੂੰ ਪੰਜਾਬੀਆਂ ਨੂੰ ਬਦੇਸ਼ਾਂ ਵਿਚ ਜਾਣ ਦੇ ਪਹਿਲਾਂ



Sri Satguru Jagjit Singh Ji eLibrary NamdhariElibrary@gmail.com

ਸਦਾ ਨਾਲੋਂ ਵੱਧ ਮੌਕੇ ਮਿਲੇ ਹਨ, ਕਈ ਮੁਲਕਾਂ ਵਿਚ ਨਿੱਕੇ ਵੱਡੇ ਪੰਜਾਬ ਵਸ ਗਏ ਹਨ ਅਤੇ ਉਥੋਂ ਦੀ ਜ਼ਿੰਦਗੀ ਵਿਚ ਸਾਡੇ ਲੋਕਾਂ ਨੂੰ ਆਦਰਯੋਗ ਸਥਾਨ ਵੀ ਪ੍ਰਾਪਤ ਹੋਏ ਹਨ।

ਇਹਨਾਂ ਸਫ਼ਰਨਾਮਿਆਂ ਸਦਕਾ ਕਦੇ ਇਹ ਸੰਸਾਰ ਇੱਕ ਪਿੰਡ ਵਜੋਂ ਆਪਣੀਆਂ ਸਮੱਸਿਆਵਾਂ ਨਾਲ ਜੂਝਦਾ ਸਾਹਮਣੇ ਹੁੰਦਾ ਹੈ, ਕਦੇ ਇਸ ਦੀਆਂ ਵੰਨ-ਸੁਵੰਨਤਾਵਾਂ, ਕਦੇ ਵੱਖ-ਵੱਖ ਦੇਸ਼ਾਂ ਦਾ ਜੀਵਨ ਉਹਨਾਂ ਦੀ ਸੰਸਕ੍ਰਿਤੀ, ਉਹਨਾਂ ਦੇ ਰਸਮ-ਰਿਵਾਜ, ਕਦੇ ਦੁਨੀਆਂ ਦੇ ਵੱਖ-ਵੱਖ ਖਿਤਿਆਂ ਵਿਚ ਵਿਚਰ ਰਹੇ ਪੰਜਾਬੀਆਂ ਤੇ ਹੋਰ ਭਾਰਤੀਆਂ ਦਾ ਜੀਵਨ।

ਡੁਬਈ ਦੀ ਗੱਲ ਹੀ ਲਵੋ। ਇਹ ਸਾਡੇ ਦੇਸ਼ ਤੋਂ ਬਹੁਤੀ ਦੂਰ ਨਹੀਂ। ਸਾਡੇ ਦੇਸ਼ ਦੇ ਮੀਡੀਆ ਵਿਚ ਅਕਸਰ ਉਥੋਂ ਦਾ ਜ਼ਿਕਰ ਹੁੰਦਾ ਹੈ, ਪਰ ਬਹੁਤ ਵਾਰ ਦਾਊਦ ਇਬਰਹੀਮ ਜਾਂ ਉਸ ਦੇ ਟੋਲੇ ਦੇ ਪਰਸੰਗ ਵਿਚ ਮੀਡੀਆ ਦੇ ਵੱਡੇ ਪੈਮਾਨੇ ਦੇ ਪਸਾਰ ਦੇ ਬਾਵਜੂਦ ਸਾਡੀ ਜਾਣਕਾਰੀ ਆਮ ਕਰ ਕੇ ਇਥੋਂ ਤੱਕ ਹੀ ਸੀਮਤ ਰਹਿੰਦੀ ਹੈ। ਪਰ ਜਦੋਂ ਜਗਦੀਸ਼ ਸਿੰਘ ਉਥੋਂ ਦੀ ਯਾਤਰਾ ਦਾ ਬਿਰਤਾਂਤ ਲਿਖਦਾ ਹੈ ਤਾਂ ਉਥੋਂ ਦੇ ਜੀਵਨ ਦੇ ਕਿੰਨੇ ਹੀ ਪਸਾਰ, ਪਰਤਾਂ ਤੇ ਦ੍ਰਿਸ਼ ਅੱਖਾਂ ਸਾਹਮਣੇ ਆ ਜਾਂਦੇ ਹਨ। ਜੀ ਕਰਦਾ ਹੈ ਅਸੀਂ ਵੀ ਵੇਖ ਆਈਏ। ਇਸ ਸਫ਼ਰਨਾਮੇ ਦਾ ਇਕ ਨਿੱਕਾ ਜਿਹਾ ਭਾਗ ਹੈ—

"ਅੱਜ ਰਾਤ ਕਸ਼ਮੀਰ ਸਿੰਘ ਨੇ ਇਥੋਂ ਕੌਮਾਤਰੀ ਵਪਾਰ ਕੇਂਦਰ ਦਿਖਾਉਣ ਦਾ ਪ੍ਰੋਗਰਾਮ ਬਣਾਇਆ। ਡੁਬਈ ਵਿਚ ਰਾਤ ਦਾ ਨਜ਼ਾਰਾ ਦੇਖਣ ਵਾਲਾ ਸੀ। ਲਾਈਟਾਂ ਅਤੇ ਨਿਯੂਨ ਲਾਈਟਾਂ ਨਾਲ ਸਾਰਾ ਸ਼ਹਿਰ ਜਗਮਗਾ ਰਿਹਾ ਸੀ। ਸਭ ਸੜਕਾਂ 'ਤੇ ਦੂਰ ਤੱਕ ਬਲਬਾਂ ਦੀਆਂ ਲੜੀਆਂ ਲੱਗੀਆਂ ਦਿਸਦੀਆਂ ਸਨ। ਲੰਮੀਆਂ ਕਾਰਾਂ ਦਾ ਹੜ੍ਹ ਆਇਆ ਹੋਇਆ ਸੀ। ਅੱਜ ਸ਼ੁਕਰਵਾਰ ਦੀ ਛੁੱਟੀ ਹੋਣ ਕਰਕੇ ਹੋਰ ਵੀ ਰੌਣਕ ਵਧ ਸੀ। ਕਸ਼ਮੀਰ ਸਿੰਘ ਦੀ ਹੀ ਜੁਗਤ ਨਾਲ ਮਸਾਂ ਕਿਤੇ ਮਾਰਕਿਟ ਦੇ ਬਾਹਰ ਹੀ ਗੱਡੀ ਖੜਣ ਕਰਨ ਦੀ ਥਾਂ ਮਿਲ ਗਈ। ਜਦੋਂ ਗੱਡੀ ਖੜੀ ਕੀਤੀ ਗਈ ਤਾਂ ਵਿਚੋਂ ਦਸ ਸਵਾਰੀਆਂ ਉਤਰੀਆਂ। ਸਾਰਾ ਹੀ ਕਲਾਕਾਰ ਜੱਥਾ ਇਹਨਾਂ ਵਿਚ ਸੀ। ਵਰਲਡ ਟਰੇਡ ਸੈਂਟਰ ਵਿਚ ਏਨੀ ਭੀੜ ਸੀ ਜਿਵੇਂ ਤਰਨਤਾਰਨ ਦੀ ਮਸਿਆ 'ਚ ਹੋਵੇ। ਅਰਬ ਸ਼ੇਖ ਚਮਕਦੇ ਲੰਮੇ ਚੋਗਿਆਂ ਵਿਚ ੂਰੀ ਸੱਜ ਧਜ ਨਾਲ ਫਿਰਦੇ ਸਨ। ਸਾਡੇ ਜਥੇ ਦੇ ਵੀ ਨੌਜਵਾਨ ਆਪਣੀ ਸਿਹਤ ਤੇ ਨਾਮਧਾਰੀ ਕਪੜਿਆਂ ਅਤੇ ਚਾਲ ਢਾਲ ਨਾਲ ਉਹਨਾਂ ਲੋਕਾਂ ਦਾ ਵਿਸ਼ੇਸ਼ ਧਿਆਨ ਖਿਚ ਰਹੇ ਸਨ। ਇਥੇ ਬਹੁਤ ਵੱਡਾ ਬਾਜ਼ਾਰ ਸੀ ਜਿਥੇ ਹਰ ਪ੍ਰਕਾਰ ਦਾ ਸਾਮਾਨ ਮਿਲ ਸਕਦਾ ਸੀ। ਕਈ ਮੰਜ਼ਲਾਂ ਵਿਚ ਇਹ ਵਿਸ਼ਾਲ ਕੇਂਦਰ ਫੈਲਿਆ ਸੀ। ਉਪਰ ਥਲੇ ਜਾਣ ਵਾਸਤੇ ਮਸ਼ੀਨੀ ਪੌੜੀਆਂ ਪਟੇ ਵਾਂਗ ਚਲਦੀਆਂ! ਜਗਮਗਾਹਟ ਦਾ ਅੰਤ ਨਹੀਂ ਸੀ। ਇਥੇ ਖੇਡਾਂ ਦਾ ਸਾਮਾਨ ਸੀ। ਬੱਚੇ ਵੀ.ਡੀ.ਓ. ਗੇਮ ਵਿਚ ਰੁਝੇ ਵੱਡੀਆਂ ਸਕਰੀਨਾਂ ਤੇ ਫੁਟਬਾਲ ਦੇ ਮੈਚ ਵਰਗੀਆਂ ਖੇਡਾਂ ਖੇਡ ਰਹੇ ਸਨ। ਲੋਕ ਪਰਿਵਾਰਾਂ ਨਾਲ ਆਏ ਸਨ ਸੁਆਣੀਆਂ ਨੇ ਬੁਰਕੇ ਪਾਏ ਹੋਏ ਸਨ ਪਰ ਕਈਆਂ ਦੇ ਮੂੰਹ ਨੰਗੇ ਸਨ। ਅਸੀਂ ਥੋਹੜਾ ਸਾਮਾਨ ਖਰੀਦਿਆ ਵੀ। ਆਡੀਓ ਕੈਸਟ ਟੇਪਾਂ ਸੈਲ ਆਦਿ। ਸਾਮਾਨ ਭਾਰਤ ਨਾਲੋਂ ਕੁਝ ਸਸਤਾ ਸੀ। ਇਥੇ ਸੂਈ ਤੋਂ ਲੈ ਕੇ ਸੋਨੇ ਤੱਕ ਮਿਲ ਜਾਂਦਾ ਸੀ। ਇਲਿਕਟ੍ਰਾਨਿਕ ਸਾਮਾਨ ਦਾ ਤਾਂ ਹੜ੍ਹ ਆਇਆ ਪਿਆ ਸੀ। ਸਾਰੀ ਮਾਰਕਿਟ ਦਾ ਹਿਸਾਬ ਕਿਤਾਬ ਇਲੈਕਟ੍ਰਾਨਕ ਮਸ਼ੀਨਾ ਰਾਹੀਂ ਹੁੰਦਾ ਸੀ। ਪੂਰੇ ਡੁਬਈ ਦਾ ਇਕ ਵਿਸ਼ੇਸ਼ ਗੁਣ ਇਕ ਅਨੁਸ਼ਾਸਨ ਸੀ। ਪੂਰੇ ਨਿਯਮ ਪਾਲੇ ਜਾਂਦੇ ਹਨ ਧਰਮ ਸਮਝ ਕੇ ਜਾਂ ਡਰ ਕਰ ਕੇ। ਮਾਰਕਿਟ ਵਿਚ ਵੀ ਇਹ ਹੀ ਸੰਜਮ ਅਤੇ ਚਜ ਆਚਾਰ ਵਿਆਪਕ ਸੀ। ਕੋਈ ਵੀ ਕਿਸੇ ਪ੍ਰਕਾਰ ਦੀ ਖਰਮਸਤੀ ਛੇੜਛਾੜ ਜਾਂ ਹੱਲਾ-ਗੁੱਲਾ ਨਹੀਂ ਸੀ। ਇਸਲਾਮੀ ਮੁਲਕ ਹੋਣ ਕਰਕੇ ਸ਼ਰਾਬ ਪੀ ਕੇ ਹੁਲੜ ਮਚਾਉਣ ਦਾ ਤਾਂ ਸਵਾਲ ਹੀ ਨਹੀਂ ਸੀ। ਡੁਬਈ ਨੂੰ ਇਕ ਕੌਮਾਂਤਰੀ ਮਾਰਕਿਟ ਦੇ ਤੌਰ ਤੇ ਵਿਕਸਿਤ ਕੀਤਾ ਗਿਆ ਹੈ। ਇਥੋਂ ਸਸਤਾ ਸਮਾਨ ਵੇਖ ਕੇ ਗਾਹਕ ਬਦੋਬਦੀ ਜ਼ਰੂਰਤ ਤੋਂ ਵਧ ਖਰੀਦ ਲੈਂਦਾ ਹੈ। ਡੁਬਈ ਵਿਚ ਹਵਾਈ ਜਹਾਜ਼ਾਂ ਦੀ ਆਵਾਜ਼ਾਈ ਵੀ ਬਹੁਤ ਹੈ ਅਤੇ ਇਥੇ ਇਕ ਦੋ ਦਿਨ ਠਹਿਰਣ ਦੀ ਆਗਿਆ ਵੀ ਹੈ। ਸਮੁੰਦਰ ਵਿਚ ਨਹਾਉਣ, ਮੋਟਰ ਬੋਟਾਂ ਪਿਛੇ ਸਕੀਇੰਗ ਕਰਨ ਦੀਆਂ ਖੇਡਾਂ ਦੀ ਵੀ ਬੜੀ ਸਹੂਲਤ ਹੈ। ਸਾਰੇ ਦੇਸ਼ਾਂ ਦੇ ਲੋਕ ਇਥੇ ਮਿਲ ਜਾਂਦੇ ਹਨ। ਸਾਮਾਨ ਖਰੀਦਣ ਵਾਸਤੇ ਸਭ ਦੇਸ਼ਾਂ ਤੋਂ ਲੋਕ ਆਉਂਦੇ ਜਾਂਦੇ ਹਨ। ਵੀਜ਼ੇ ਦੀ ਕੋਈ ਖਾਸ ਸਮੱਸਿਆ ਨਹੀਂ। ਨਾਲੇ ਵਪਾਰ ਨਾਲੇ ਦਿਲ-ਪਰਚਾਵਾ। ਬਾਜ਼ਾਰ ਵਿਚ ਬੋਲੀ ਦੀ ਸਮੱਸਿਆ ਨਹੀਂ। ਅਰਬੀ ਤਾਂ ਚਲਦੀ ਹੈ, ਹਿੰਦੀ ਉਰਦੂ ਪੰਜਾਬੀ ਬੋਲਣ ਵਾਲੇ ਵੀ ਆਮ ਮਿਲ ਜਾਂਦੇ ਹੈ। ਪਾਕਿਸਤਾਨ ਤੋਂ ਵੀ ਪੰਜਾਬੀ ਭਾਰੀ ਗਿਣਤੀ ਵਿਚ ਹਨ। ਤੁਸੀਂ ਕਿਸੇ ਨਾਲ ਅੰਗਰੇਜ਼ੀ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰੋ ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ-ਹੋਵੇਗੀ ਜੇ ਉਹ ਅਗੋਂ ਠੇਠ ਪੇਂਡੂ ਪੰਜਾਬੀ ਵਿਚ ਤੁਹਾਨੂੰ ਉਤਰ ਦੇਵੇ। ਬਾਜ਼ਾਰ ਚੋਂ ਸਾਮਾਣ ਖਰੀਦਣ ਆਈਆਂ ਪੰਜਾਬਣਾਂ ਆਮ ਦਿਸ ਪੈਣਗੀਆਂ। ਇਹ ਅਰਬ ਦਾ ਇਲਾਕਾ ਕਦੇ ਉਜਾੜ ਰੇਤਲਾ ਇਲਾਕਾ ਸੀ। ਜਿਥੇ ਕਿਤੇ ਪਾਣੀ ਕਿਸਮਤ ਨਾਲ ਮਿਲਦਾ ਸੀ। ਫੇਰ ਰੱਬ ਨੇ ਕਿਰਪਾ ਕੀਤੀ ਇਥੋਂ ਤੇਲ ਪੈਟਰੋਲ ਨਿਕਲਣਾ ਸ਼ੁਰੂ ਹੋਇਆ। ਹੁਣ ਇਹ ਗੁਲੋ-ਗੁਲਜ਼ਾਰ ਹੋਇਆ ਪਿਆ ਹੈ। ਸਭ ਤੋਂ ਅਮੀਰ ਇਲਾਕਾ... ਸਾਰੀ ਦੁਨੀਆਂ ਦੀ ਨਜ਼ਰ ਦਾ ਕੇਂਦਰ...ਦੁਨੀਆ ਦੀ ਸਿਆਸਤ ਤੇ ਅਸਰ ਪਾਉਣ ਵਾਲਾ।

*—ਵਰਿਆਮ ਸਤੰਬਰ-ਅਕਤੂਬਰ ੧੯੯੮*



Sri Satguru Jagjit Singh Ji eLibrary NamdhariElibrary@gmail.com



ਸੰਸਾਰ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਦੇ ਇਕ ਪ੍ਰੋਗਰਾਮ ਤੋਂ ਪਹਿਲਾਂ ਕਲਾਕਾਰਾਂ ਦਾ ਪਰੀਚੈ ਕਰਵਾ ਰਹੇ ਜਗਦੀਸ਼ ਸਿੰਘ ਵਰਿਆਮ। ਮੰਚ ਤੇ ਸਸ਼ੋਭਤ ਹਨ, ਪ੍ਰਸਿਧ ਤਬਲਾ ਵਾਦਕ ਪੰਡਿਤ ਕਿਸ਼ਨ ਮਹਾਰਾਜ ਬਨਾਰਸ ਵਾਲੇ ਅਤੇ ਉ. ਵਲਾਇਤ ਖਾਂ ਸਾਹਿਬ ਦੇ ਸਪੁੱਤਰ ਸੁਜਾਤ ਖਾਂ।




ਔਰੰਗਾਬਾਦ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ (੧੯੮੦) ਪ੍ਰਸਿੱਧ ਬੰਸਰੀ ਵਾਦਕ ਪੰਡਿਤ ਹਰੀ ਪ੍ਰਸਾਦ ਚੌਰੱਸੀਆ ਤੇ ਤਬਲਾ ਵਾਦਕ ਉਸਤਾਦ ਜ਼ਾਕਰ ਹੁਸੈਨ ਨੂੰ ਪੇਸ਼ ਕਰਦੇ ਹੋਏ ਜਗਦੀਸ਼ ਸਿੰਘ।

Sri Satguru Jagjit Singh Ji eLibrary NamdhariElibrary@gmail.com



ਵਲਾਇਤ-3
ਪ੍ਰਸਿੱਧ ਸ਼ਾਸਤ੍ਰੀ ਗਾਇਕ ਉਸਤਾਦ ਸਲਾਮਤ ਅਲੀ ਖਾਂ (ਸ਼ਾਮ ਚਰਾਸੀ ਘਰਾਣਾ) ਵਰਿਆਮ ਦੇ ਸਤਿਗੁਰੂ ਜਗਜੀਤ ਸਿੰਘ ਅੰਕ ਦੀ ਪ੍ਰਸ਼ੰਸਾ ਕਰਦੇ ਹੋਏ। ਨਾਲ ਖੜੇ ਹਨ ਸੰਪਾਦਕ ਵਰਿਆਮ ਸ.ਜਗਦੀਸ਼ ਸਿੰਘ ।



ਵਲਾਇਤ-4
ਭੈਣੀ ਸਾਹਿਤ ਹੋਲਾ ਮੁਹੱਲਾ ੧੫ ਮਾਰਚ ੧੯੭੯ ਖੱਬੇ ਤੋਂ ਸੱਜੇ ਸ.ਜਗਦੀਸ਼ ਸਿੰਘ ਸੰਪਾਦਕ ਵਰਿਆਮ , ਪ੍ਰਸਿੱਧ ਲੇਖਕ ਸ. ਸੰਤੋਖ ਸਿੱਘ ਧੀਰ , ਉਸਤਾਦ ਸਲਾਮਤ ਅਲੀ ਖਾਂ , ਸ. ਪ੍ਰੀਤਮ ਸਿੰਘ ਕਵੀ , ਉਸਤਾਦ ਸਾਹਿਬ ਦੇ ਸਪੁੱਤਰ ਸ਼ਰਾਫਤ ਅਲੀ ਖਾਂ ।



ਪ੍ਰਸਿੱਧ ਸੰਤੂਰ ਵਾਦਕ ਪੰਡਿਤ ਸ਼ਿਵ ਕੁਮਾਰ ਸ਼ਰਮਾ ਵਰਿਆਮ ਦੇ ਇਕ ਵਿਸ਼ੇਸ਼ ਅੰਕ ਦੀ ਪ੍ਰਸੰਸਾ ਕਰਦੇ ਹੋਏ। ਸੰਪਾਦਕ ਵਰਿਆਮ ਦੇ ਨਾਲ ਹਨ ਸ੍ਰੀ ਫਕੀਰ ਚੰਦ ਤੁਲੀ, ਸ. ਹਰਚਰਨ ਸਿੰਘ ਬਬਰਾ, ਸ. ਗੁਰਦਿਆਲ ਸਿੰਘ ਸਿਤਾਰਾਂ ਵਾਲੇ। ਫੋਟੋ ੩੧ ਮਾਰਚ ੧੯੮੧ ਜਲੰਧਰ।



ਪ੍ਰਸਿੱਧ ਸ਼ਾਸਤਰੀ ਗਾਇਕ ਸਿੰਘ ਬੰਧੂ, ਸ. ਤੇਜਪਾਲ ਸਿੰਘ ਸੁਰਿੰਦਰ ਸਿੰਘ ਨਾਲ ਸ. ਗੁਰਬਖਸ਼ ਸਿੰਘ ਬੰਨੋਆਣਾ ਅਤੇ ਜਗਦੀਸ਼ ਸਿੰਘ [illegible] ਵਿਚਾਰ ਵਟਾਂਦਰੇ ਵਿਚ।

Sri Satguru Jagjit Singh Ji eLibrary NamdhariElibrary@gmail.com



ਜੰਮੂ ਵਿਚ ਆਪਣੇ ਸੰਗੀਤ ਦੇ ਗੁਰੂ ਵਾਇਲਿਨ ਵਾਦਕ ਪੰਡਿਤ ਗੁਰੂ ਪ੍ਰਸਾਦ ਸ਼ਰਮਾ (ਅਲਾਹਬਾਦ) ਨਾਲ ਸ. ਜਗਦੀਸ਼ ਸਿੰਘ, ਸ. ਬਖਸ਼ੀਸ਼ ਸਿੰਘ ਜੰਮੂ। ਸ. ਚਰਨ ਸਿੰਘ ਸਿਤਾਰ ਕਲਾਕਾਰ ਜੰਮੂ ਵੀ ਨਾਲ ਹਨ।



ਸ੍ਰੀ ਹਜ਼ੂਰ ਸਾਹਿਬ ਨੰਦੇੜ, ਸੰਤ ਨਿਧਾਨ ਸਿੰਘ ਦੇ ਗੁਰਦੁਆਰਾ ਲੰਗਰ ਸਾਹਿਬ ਵਿਚ ਜਗਦੀਸ਼ ਸਿੰਘ ਵਰਿਆਮ, ਸ. ਅਰਵਿੰਦਰ ਸਿੰਘ ਮੰਡੀ [illegible] ਡਾਇਰੈਕਟਰ ਤੇ [illegible]

Sri Satguru Jagjit Singh Ji eLibrary NamdhariElibrary@gmail.com

ਜਗਦੀਸ਼ ਸਿੰਘ ਆਪਣੀ "ਈਸਟ ਅਫਰੀਕਾ ਯਾਤਰਾ" ਵਿਚ ਕੀਨੀਆ ਤਨਜ਼ਾਨੀਆ ਬਾਰਡਰ ਦੀ ਗੱਲ ਕਰਦਾ ਹੈ ਤਾਂ ਉਹਦੇ ਦਿਲ ਵਿਚ ਇਕ ਹੂਕ ਜਿਹੀ ਉਠਦੀ ਹੈ। ਉਹਨੂੰ ਵਾਹਗਾ ਬਾਰਡਰ ਯਾਦ ਆ ਜਾਂਦਾ ਹੈ। ਇਕ ਫ਼ਰਕ ਉਹਦੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਉਹ ਲਿਖਦਾ ਹੈ--

"ਦੋ ਮੁਲਕਾਂ ਦੇ ਬਾਰਡਰ ਦੀ ਗੱਲ ਚਲਦੀ ਹੈ ਤਾਂ ਸਾਨੂੰ ਵਾਹਗਾ ਬਾਰਡਰ ਯਾਦ ਆਉਂਦਾ ਹੈ-ਖ਼ੂਬਸੂਰਤ ਵਰਦੀਆਂ ਵਿਚ ਪਹਿਰਾ ਦੇ ਰਹੇ ਪੁਲਿਸ ਦੇ ਜਵਾਨਾਂ ਵਾਲਾ, ਗੇਟ ਵਾਲਾ, ਅਤੇ ਘੋਖਦੀਆਂ ਨਜ਼ਰਾਂ ਵਾਲਾ-ਪਰ ਨਵਾਂਗਾ ਬਾਰਡਰ ਅਜਿਹਾ ਨਹੀਂ। ਜੇ ਉਥੇ ਇੱਕ ਬੋਰਡ ਨਾ ਲੱਗਾ ਹੋਵੇ ਕਿ "ਹੁਣ ਤੁਸੀਂ ਤਨਜ਼ਾਨੀਆ ਵਿਚ ਦਾਖਲ ਹੋ ਰਹੇ ਹੋ ਤਾਂ ਪਤਾ ਹੀ ਨਾ ਲੱਗੇ ਕਿ ਇਹ ਬਾਰਡਰ ਲਾਈਨ ਹੈ।"

ਇੱਕ ਦਮ ਪਾਠਕ ਦੇ ਮਨ ਵਿਚ ਸੁਆਲ ਉਠਦਾ ਹੈ। ਸਾਡੇ ਬਾਰਡਰ ਤੇ ਇਉਂ ਕਿਉਂ ਨਹੀਂ ਹੋ ਸਕਦਾ।

ਅਸਲ ਵਿਚ ਇਹ ਸਫ਼ਰਨਾਮੇ ਇੱਕ ਅਡਰੀ ਅਤੇ ਵਿਸਥਾਰ ਪੂਰਵਕ ਚਰਚਾ ਦੀ ਮੰਗ ਕਰਦੇ ਹਨ।

"ਵਰਿਆਮ" ਦੇ ਉਨੀਵੇਂ ਸਾਲ ਦਾ ਪਹਿਲਾ ਅੰਕ ਵਰਿਆਮ ਸਿੰਘ ਸੰਧੂ ਅੰਕ ਸੀ। ਇਹ "ਵਰਿਆਮ" ਵਲੋਂ ਵਰਿਆਮ ਸੰਧੂ ਦੀ ਪ੍ਰਤਿਭਾ ਦੀ ਪਛਾਣ ਦਾ ਲਖਾਇਕ ਵੀ ਸੀ ਅਤੇ ਉਹਦੇ ਸਨਮਾਨ ਦਾ ਵੀ। ਇਹ ਆਪਣੇ ਆਪ ਵਿਚ ਸਾਡੇ ਸਭਨਾਂ ਉੱਘੇ ਸਾਹਿਤਕਾਰਾਂ ਵਲੋਂ ਸੰਧੂ ਦੀ ਪ੍ਰਤਿਭਾ ਦੇ ਸਨਮਾਨ ਦਾ ਚਿੰਨ੍ਹ ਵੀ ਸੀ।

ਹੁਣ ਜਦੋਂ "ਵਰਿਆਮ" ਆਪਣੇ ੨੯ਵੇਂ ਸਾਲ ਵਿਚੋਂ ਲੰਘ ਰਿਹਾ ਹੈ ਤਾਂ ਭਾਰਤੀ ਸਾਹਿਤ ਅਕਾਦਮੀ ਨੇ ਵੀ ਵਰਿਆਮ ਸਿੰਘ ਸੰਧੂ ਨੂੰ ਸਨਮਾਨਿਆ ਹੈ।

ਕਿੰਨਾ ਸਮਾਂ ਲੈ ਲਿਆ ਸਾਹਿਤ ਅਕਾਡਮੀ ਨੇਂ ਆਪਣੇ ਫਰਜ਼ ਨੂੰ ਪਛਾਣਨ ਵਿਚ। ਕਿੰਨਾ ਪਛੜ ਗਈ ਉਹ 'ਵਰਿਆਮ' ਤੋਂ ਇਸ ਗੱਲ ਵਿਚ।

"ਵਰਿਆਮ" ਬਜਾ ਤੌਰ ਤੇ ਆਪਣੀ ਪਹਿਲ ਤੇ ਮਾਨ ਕਰ ਸਕਦਾ ਹੈ।

"ਵਰਿਆਮ" ਅਜਿਹਾ ਇਸ ਕਰਕੇ ਹੀ ਕਰ ਸਕਿਆ ਹੈ। ਕਿਉਂਕਿ ਉਸ ਨੂੰ ਜਨਮ ਤੋਂ ਹੀ ਇਹ ਗੁੜਤੀ ਮਿਲੀ ਸੀ ਕਿ ਆਪਣੀ ਬੋਲੀ ਦੀ ਸਮੁੱਚੀ ਸਮਰਥਾ ਅਤੇ ਪ੍ਰਤਿਭਾ ਨੂੰ ਲੱਭਣਾ ਹੈ, ਅਤੇ ਉਸ ਨੂੰ ਆਪਣੇ ਸਫਿਆਂ ਤੇ ਸਾਕਾਰ ਕਰਨਾ ਹੈ।

ਇਸੇ ਸੋਚ ਨੂੰ ਪਰਵਾਨੇ ਹੋਣ ਕਰਕੇ ਉਹਦੇ ਪੰਨੇ ਨਾ ਕੇਵਲ ਪਹਿਲੀਆਂ ਪੀੜੀਆਂ ਦੇ ਸਾਹਿਤਕਾਰਾਂ ਗੁਰਬਖਸ਼ ਸਿੰਘ ਪ੍ਰੀਤਲੜੀ, ਮੋਹਨ ਸਿੰਘ ਤੇ ਨਾਨਕ ਸਿੰਘ ਆਦਿ ਦੀ ਯਾਦ ਨੂੰ ਸਮਰਪਤ ਰਹਿੰਦੇ ਹਨ ਸਗੋਂ ਅੱਜ ਦੇ ਸਭਨਾਂ ਸਾਹਿਤਕਾਰਾਂ ਭਾਵੇਂ ਉਹ ਪੁੰਗਰਦੀ ਪਨੀਰੀ ਵੀ ਕਿਉਂ ਨਾ ਹੋਣ, ਲਈ ਵੀ ਸਦਾ ਆਦਰ ਤੇ ਸਤਿਕਾਰ ਸਹਿਤ ਹਾਜ਼ਰ ਰਹਿੰਦੇ ਹਨ। ਵਰਿਆਮ ਦਾ ਆਪਣੀ ਬੋਲੀ ਦੀ ਸਾਰੀ ਦੀ ਸਾਰੀ ਪ੍ਰਤਿਭਾ ਲਈ ਮੋਹ ਅਥਾਹ ਹੈ।

"ਵਰਿਆਮ" ਦੇ ਸਰੋਕਾਰ ਬੜੇ ਵੰਨ ਸੁਵੰਨੇ ਹਨ। ਮੌਲਿਕ ਰਚਨਾਵਾਂ ਲਈ ਮੋਹ ਅਤੇ ਇਤਿਹਾਸ ਤੇ ਖੋਜ ਵਿਚ ਉਹਦੀ ਡੂੰਘੀ ਦਿਲਚਸਪੀ ਹੈ! ਇਹ ਦਿਲਚਸਪੀ "ਵਰਿਆਮ" ਦੇ ਹਰ ਅੰਕ ਵਿਚ ਸਾਕਾਰ ਹੁੰਦੀ ਹੈ।

ਵਾਤਾਵਰਨ ਦੀ ਸਵੱਛਤਾ ਲਈ ਚਿੰਤਾ ਡੂੰਘੀ ਵੀ ਹੈ ਤੇ ਤੀਬਰ ਵੀ। ਸ੍ਰ. ਤਰਲੋਚਨ ਸਿੰਘ ਭਾਟੀਆ, ਜੋ ਅੱਜ ਸਾਡੇ ਵਿਚ ਨਹੀਂ ਹਨ, ਦੇ ਸਹਿਯੋਗ ਨਾਲ ਪ੍ਰਕਾਸ਼ਤ ਕੀਤਾ ਗਿਆ। ਵਾਤਾਵਰਨ ਅੰਕ "ਵਰਿਆਮ" ਦੀ ਇਕ ਵੱਡੀ ਪਹਿਲ ਸੀ।

ਪੰਜਾਬ ਦੀ ਬੋਲੀ ਨੂੰ ਉਹਦੇ ਆਪਣੇ ਘਰ ਵਿਚ ਯੋਗ ਤੇ ਹੱਕੀ ਸਥਾਨ ਮਿਲੇ। ਇਹ ਤਾਂਘ ਵਰਿਆਮ ਦੇ ਪੰਨਿਆਂ ਉੱਤੇ ਛਾਈ ਰਹਿੰਦੀ ਹੈ।

ਸਾਡੇ ਭਾਈਚਾਰੇ ਦੇ ਵੱਖ-ਵੱਖ ਹਿੱਸੇ ਭਾਵੇਂ ਉਹ ਮੁਸਲਮਾਨ ਹਨ ਜਾਂ ਈਸਾਈ, ਹਿੰਦੂ ਹਨ ਜਾਂ ਸਿੱਖ ਜਾਂ ਕਿਸੇ ਹੋਰ ਮੱਤ-ਵਿਚਾਰ ਦੇ ਵਿਸ਼ਵਾਸੀ, ਸਭਨਾਂ ਨੂੰ ਬਰਾਬਰ ਦਾ ਸਤਿਕਾਰ ਮਿਲੇ। ਕਿਸੇ ਦੇ ਵੀ ਸਵੈ-ਸਨਮਾਨ ਦੀ ਉਲੰਘਣਾ ਨਾ ਹੋਵੇ ਇਹ ਲੋਚਾ "ਵਰਿਆਮ" ਦੇ ਪੰਨਿਆਂ ਤੋਂ ਉਘੜਵੇਂ ਰੂਪ ਵਿਚ ਨਜ਼ਰ ਆਉਂਦੀ ਹੈ।

ਲੋਕ ਜੀਵਨ ਦੇ ਨਿਘਾਰ ਤਾਂ ਉਸ ਨੂੰ ਬੇਚੈਨ ਕਰ ਦੇਂਦੇ ਹਨ। "ਕ੍ਰਿਕਟ" ਵਿਚ ਭ੍ਰਿਸ਼ਟਾਚਾਰ ਸਾਹਮਣੇ ਆਇਆ ਤਾਂ ਉਸ ਨੇ ਲਿਖਿਆ "ਬੜਾ ਅਜੀਬ ਹੈ ਖੇਲ੍ਹ ਮਾਇਆ ਦਾ।"

ਗੱਲ ਕੀ ਸਾਡੇ ਲੋਕਾਂ ਦੇ ਸਭੇ ਸਰੋਕਾਰ "ਵਰਿਆਮ" ਦੇ ਸਰੋਕਾਰ ਹਨ।

ਬੜੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਪਰ ਬੱਸ ਅੱਜ ਏਨੀਆਂ ਹੀ।



Sri Satguru Jagjit Singh Ji eLibrary NamdhariElibrary@gmail.com

# ਪੰਥ ਦਾ ਪਹਿਰੂ—ਜਗਦੀਸ਼ ਵਰਿਆਮ

**ਗੁਰੂਬਚਨ ਸਿੰਘ ਨਾਮਧਾਰੀ**



ਜੂਨ ੧੯੬੫ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਵਿਦਿਅਕ ਜਥਾ ਦੇ ਪਹਿਲੇ ਸਮਾਗਮ ਤੇ ਜਿਹੜੇ ਸਭ ਤੋਂ ਵੱਧ ਸਰਗਰਮ, ਸਰਲ ਅਤੇ ਸਪਸ਼ਟ ਵਿਚਾਰਾਂ ਵਾਲੇ ਨੌਜਵਾਨ ਨਾਲ ਮੇਰਾ ਪਰਿਚੈ ਕਰਵਾਇਆ ਗਿਆ ਉਹ ਜਗਦੀਸ਼ ਸਿੰਘ 'ਜੰਮੂ' ਸੀ। ਉਸ ਦਿਲ-ਖਿੱਚ ਸ਼ਖਸੀਅਤ ਨੇ ਦੋਸਤੀ ਦਾ ਹੱਥ ਮੇਰੇ ਵਲ ਵਧਾਇਆ। ਅੱਜ ੩੬ ਸਾਲ ਬਾਦ ਵੀ ਉਸ ਹੱਥ ਦੀ ਗਰਮਾਇਸ਼ ਮਹਿਸੂਸ ਕਰ ਰਿਹਾ ਹਾਂ। ਸਮੇਂ ਦੇ ਪਰਵਾਹ ਨਾਲ ਉਹ ਜੰਮੂ ਛੱਡ ਮੁੜ ਜਲੰਧਰ ਆ ਗਏ। ੧੯੭੫ ਵਿਚ ਪੰਜਾਬੀ ਦਾ ਮਾਸਕ ਪੱਤਰ 'ਵਰਿਆਮ' ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਇਹ ਸਮਾਂ ਪੱਤਰ ਪ੍ਰਕਾਸ਼ਨ ਲਈ ਸੁਖਾਵਾਂ ਨਹੀਂ ਸੀ। ਪੱਤਰਕਾਰਤਾ ਵਿਚ ਆਈ ਮੰਦੀ ਅਤੇ ਕੰਪੀਟੀਸ਼ਨ ਨੇ ਵੱਡੇ ਵੱਡੇ ਅਖਬਾਰ ਸਮੂਹ ਹਿਲਾ ਦਿਤੇ ਸਨ। ਉਪਰੋਂ ਐਮਰਜੰਸੀ ਦੀ ਮਾਰ। ਕਿਸੇ ਵੱਡੇ ਉਦਯੋਗ ਘਰਾਣੇ ਦਾ ਪਿਛੋਕੜ ਨਹੀਂ ਆਪਣੀ ਮਾਲੀ ਹਾਲਤ ਵੀ ਸੌਖੀ ਨਹੀਂ। ਕਈ ਮਿੱਤਰਾਂ ਸਲਾਹਕਾਰਾਂ ਨੇ ਨਵੇਂ ਪੱਤਰ ਪ੍ਰਕਾਸ਼ਨ ਲਈ ਜੋਖਮ ਭਰੇ ਸਮੇਂ ਦੀ ਚਿਤਾਵਨੀ ਦਿਤੀ, ਪਰ ਜਦੋਂ ਵੱਡੇ ਵੱਡੇ ਮਹਾਂਰਥੀ ਅਖਬਾਰ ਸਮੂਹਾਂ ਦੇ ਅਖਾੜੇ ਵਿਚ "ਸੱਤ ਦੀ ਕਲਮ" ਨੇ ਵੰਗਾਰ ਕੇ ਤਾਲ ਠੋਕੀ ਤਾਂ ਚੌਗਿਰਦਿਓਂ ਆਵਾਜ਼ ਆਈ "ਵਰਿਆਮ ਵਰਿਆਮ"। ਓਦੋਂ ਤੋਂ ਜਗਦੀਸ਼ ਸਿੰਘ ਅਤੇ ਵਰਿਆਮ ਇਕ ਹੋ ਗਏ।

ਕਿਹਾ ਜਾਂਦਾ ਹੈ ਕਿ 'ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ' 'ਵਿਕਸਤ ਸਾਹਿਤ ਸਮ੍ਰਿਧ ਸਮਾਜ ਦਾ ਸੂਚਕ ਹੁੰਦਾ ਹੈ'। ਇਸੇ ਕਰਕੇ ਹਜ਼ਾਰਾਂ ਸਾਲਾਂ ਤੋਂ ਵਿਸਥਾਰਵਾਦੀ ਕੌਮਾਂ ਕਮਜ਼ੋਰ ਮੁਲਕਾਂ ਦੇ ਸਾਹਿਤ ਇਤਿਹਾਸ ਨੂੰ ਤੋੜਨ ਅਤੇ ਆਪਣਾ ਸਾਹਿਤ ਸਭਿਆਚਾਰ ਥੋਪਣ ਦੀ ਸਾਜ਼ਿਸ਼ ਕਰਦੀਆਂ ਰਹੀਆਂ ਹਨ। ਮਨੁੱਖੀ ਸਭਿਅਤਾ ਦੇ ਵਿਕਾਸ ਦੇ ਨਾਲ ਨਾਲ ਵਿਸਥਾਰਵਾਦ ਦਾ ਜ਼ਹਿਰ ਵੀ ਵਿਕਸਤ ਹੁੰਦਾ ਰਿਹਾ। ਧਨ ਸੰਪਤੀ ਦੀ ਲੁੱਟ-ਖਸੁੱਟ ਅਤੇ ਭੂਮੀ ਦੇ ਕਬਜੇ ਦੇ ਨਾਲ ਨਾਲ ਉਹਨਾਂ ਮੁਲਕਾਂ ਤੇ ਆਪਣਾ ਸਭਿਆਚਾਰ ਤੇ ਰੀਤੀ ਰਿਵਾਜ ਵੀ ਥੋਪਣ ਦੇ ਉਪਰਾਲੇ ਹੁੰਦੇ ਰਹੇ। ਮੁਗ਼ਲ ਵਿਸਥਾਰਵਾਦ, ਦਜਲਾ ਫਰਾਤ ਦੀ ਘਾਟੀ ਦੇ ਨਾਲ ਦੇ ਮੁਲਕ-ਸੀਰੀਆ ਮਿਸਰ, ਬੇਬੀਲੋਨੀਆ, ਮੇਸੋਪੋਟਾਮੀਆਂ ਦੇ ਹਜ਼ਾਰਾਂ ਸਾਲ ਪੁਰਾਣੇ ਸਭਿਆਚਾਰ ਨੂੰ ਖਾ ਗਿਆ। ਅੰਗਰੇਜ਼ੀ ਵਿਸਥਾਰਵਾਦ ਨੇ ਅਧੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਯੂਨਾਨ, ਰੋਮ, ਫਰਾਂਸ, ਜਰਮਨੀ ਸਹਿਤ ਸਾਰੇ ਯੂਰਪ ਨੂੰ ਈਸਾਈਅਤ ਦੇ ਲਬਾਦੇ ਥੱਲੇ ਢਕ ਦਿੱਤਾ। ਮੁਗ਼ਲ ਲੁਟੇਰਿਆਂ ਨੇ ਤਾਂ ਭਾਰਤੀ ਸਭਿਆਚਾਰ ਨੂੰ ਖਤਮ ਕਰਨ ਲਈ ਹਕੂਮਤ ਦੇ ਭੈ ਦੇ ਨਾਲ ਨਾਲ ਸੂਫ਼ੀਆਂ ਦੀ ਜਮਾਤ ਭੀ ਲਿਆਂਦੀ। ਪਰ ਸੱਚਾਈ ਇਹ ਹੈ ਕਿ ਜਦੋਂ ਇਸ ਆਰਿਆਵਰਤ ਦੇ ਧਾਰਮਿਕ ਅਤੇ ਸਭਿਆਚਾਰਕ ਵਜੂਦ ਤੇ ਹਮਲੇ ਹੋਣ ਲੱਗੇ ਤਾਂ ਕੁਦਰਤ ਨੇ ਇਸ ਦੇਸ਼ ਵਿਚ ਸੰਤਾਂ ਭਗਤਾਂ ਦੀ ਜਮਾਤ ਖੜ੍ਹੀ ਕਰ ਦਿਤੀ। ਚੌਦਵੀਂ ਸਦੀ ਤੋਂ ਲੈ ਕੇ ਉਨੀਵੀਂ ਸਦੀ ਤੱਕ ਛੇ ਸੌ ਸਾਲ ਤਕ ਸਭ ਤੋਂ ਜ਼ਿਆਦਾ ਜ਼ੋਰ ਇਸ ਮੁਲਕ ਦੇ ਧਾਰਮਕ ਵਿਰਸੇ ਤੇ ਪਿਆ, ਪਰ ਇਤਿਹਾਸ ਗਵਾਹ ਹੈ ਕਿ ਇਸ ਛੇ ਸੌ ਸਾਲਾਂ ਵਿਚ ਦੇਸ਼ ਭਗਤੀ, ਸਭਿਅਤਾ ਅਤੇ ਸਭਿਆਚਾਰ ਦੀ ਰਾਖੀ ਲਈ ਸਭ ਤੋਂ ਵੱਧ ਗ੍ਰੰਥ ਰਚੇ ਗਏ। ਜੰਗਲਾਂ ਅਤੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਰਹਿਣ ਦੀ ਪੁਰਾਣੀ ਪ੍ਰੰਪਰਾ ਨੂੰ ਤੋੜ ਕੇ ਇਤਨੇ ਭਗਤਾਂ ਨੇ ਦੇਸ਼ ਭਗਤੀ ਅਤੇ ਵੀਰਤਾ ਦੇ ਗੀਤ ਗਾਏ ਕਿ ਇਸ ਕਾਲ ਦਾ ਨਾਅ ਹੀ 'ਭਗਤੀ ਕਾਲ' ਪੈ ਗਿਆ। ਨਰਹਰੀਦਾਸ, ਰਾਮਾਨੰਦ, ਰਾਮਾਨੁਜ, ਕਬੀਰ, ਰੈਦਾਸ, ਰਸਖਾਨ, ਗੁਰੂ ਨਾਨਕ, ਮੀਰਾ, ਸਹਿਜੋਬਾਈ ਅਤੇ ਸਮਰਥ ਰਾਮਦਾਸ ਜਿਹੇ ਅਨਗਿਣਤ ਧਰਮ ਅਤੇ ਭਗਤੀ ਦੇ ਦਰਿਆ ਵਗੇ, ਜਿਨ੍ਹਾਂ ਨੇ ਇਸ ਦੇਸ਼ ਦੇ ਜਨ-ਜਨ ਤਕ ਆਪਣੀ ਬਾਣੀ ਰਾਹੀਂ ਉਹ ਦੇਸ਼ ਭਗਤੀ ਅਤੇ ਧਾਰਮਕ ਚੇਤਨਾ ਭਰੀ ਜਿਸਨੇ ੭੦੦ ਸਾਲ ਇਸਲਾਮ ਅਤੇ ੨੦੦ ਸਾਲ ਤਕ ਬ੍ਰਿਟਿਸ਼ ਹਕੂਮਤ ਦੇ ਭਿਆਨਕ ਝੱਖੜ ਵਿਚ ਵੀ ਧਰਮ ਦੀਪ ਨੂੰ ਬੁਝਣ ਨਾ ਦਿੱਤਾ।

ਰਵਿੰਦਰ ਨਾਥ ਟੈਗੋਰ ਨੇ ਕਿਹਾ ਸੀ "ਕਿਸੇ ਕੌਮ ਨੂੰ ਜੀਵਤ ਰੱਖਣਾ ਹੈ ਤਾਂ ਉਸ ਕੌਮ ਦੇ ਸਾਹਿਤ ਨੂੰ ਜੀਵਤ ਰਖਣਾ



Sri Satguru Jagjit Singh Ji eLibrary NamdhariElibrary@gmail.com

ਲਾਜ਼ਮੀ ਹੈ। ਸਾਹਿਤ ਨੂੰ ਮਾਰ ਦਿਓ, ਕੌਮ ਆਪਣੇ ਆਪ ਮਰ ਜਾਏਗੀ।" ਨਾਮਧਾਰੀਆਂ ਨੂੰ ਮੁਕੌਣ ਲਈ, ਅੰਗਰੇਜ਼ਾਂ ਨੇ ਸਾਰੇ ਹੀਲੇ ਕੀਤੇ—ਫਾਹੇ ਲਾਏ, ਤੋਪਾਂ ਨਾਲ ਉਡਾਏ, ਜਲਾਵਤਨ ਕੀਤੇ, ਸਮੁੰਦਰਾਂ ਵਿਚ ਡੋਬੇ—ਫੇਰ ਵੀ ਕੌਮ ਨਾ ਮਰੀ ਤਾਂ ਇਸਦੇ ਇਤਿਹਾਸ ਨੂੰ ਤਬਾਹ ਕਰਨ ਦੀ ਸਾਜ਼ਸ਼ ਰਚੀ ਗਈ। ਸਾਡੇ ਹੀ ਕੁਝ ਸਿਖ ਭਰਾਵਾਂ ਨੇ ਬਦੇਸ਼ੀ ਹਕੂਮਤ ਦੀ ਮਨਸ਼ਾ ਪੂਰਤੀ ਵਿਚ ਪੂਰਾ ਪੂਰਾ ਸਹਿਯੋਗ ਪਾਇਆ। ਵੀਰਤਾ ਅਤੇ ਉੱਚ ਸਭਿਆਚਾਰਕ ਵਿਰਸੇ ਭਰੇ ਕੂਕਾ ਇਤਿਹਾਸ ਖੰਡਤ ਕੀਤੇ ਗਏ। ਅਹਿਮ ਅੰਸ਼ ਬਾਹਰ ਕੱਢੇ ਗਏ। ਸ਼ਬਦ ਪਰਿਵਰਤਿਤ ਕੀਤੇ ਗਏ। ਸੰਨ ੧੮੮੬ ਵਿਚ ਮਹਾਰਾਜਾ ਦਲੀਪ ਸਿੰਘ ਦੇ ਵਾਪਸ ਹਿੰਦੁਸਤਾਨ ਆਉਣ ਦੀ ਖਬਰ ਆਈ। ਉਸ ਵੇਲੇ ਬਾਬਾ ਨਿਹਾਲ ਸਿੰਘ ਅਤੇ ਸਰਮੁਖ ਸਿੰਘ ਨੇ "ਖੁਰਸ਼ੀਦ ਖਾਲਸਾ" ਨਾਮੀ ਪੁਸਤਕ ਲਾਹੌਰ ਤੋਂ ਛਾਪੀ। ਇਸ ਪੁਸਤਕ ਵਿਚ ਸਤਿਗੁਰੂ ਰਾਮ ਸਿੰਘ ਦੇ ਪੂਰਨਿਆਂ ਤੇ ਚਲਕੇ ਮਹਾਰਾਜਾ ਦਲੀਪ ਸਿੰਘ ਦੀ ਅਗਵਾਈ ਹੇਠ ਸਿਖ ਰਾਜ ਦੀ ਬਹਾਲੀ ਲਈ ਵਿਓਂਤ ਰਚੀ ਗਈ। ਬ੍ਰਿਟਿਸ਼ ਹਕੂਮਤ ਨੇ ਤੱਤਕਾਲ ਮਹਾਰਾਜਾ ਦਲੀਪ ਸਿੰਘ ਨੂੰ ਅਦਨ ਬੰਦਰਗਾਹ ਤੋਂ ਹੀ ਵਾਪਸ ਭੇਜ ਦਿਤਾ ਅਤੇ ਇਸ ਪੁਸਤਕ ਨੂੰ ਜ਼ਬਤ ਕਰ ਲਿਆ। ਮਹਾਰਾਜਾ ਦਲੀਪ ਸਿੰਘ ਤਾਂ ਫਰਾਂਸ ਜਰਮਨੀ ਹੁੰਦੇ ਹੋਏ ਰੂਸ ਪੁੱਜ ਗਏ ਅਤੇ ਇਸ ਪੁਸਤਕ ਨੂੰ ਤਕਰੀਬਨ ੨੭ ਸਾਲ ਬਾਦ ੧੯੧੩ ਵਿਚ ਮੁੜ ਪ੍ਰਕਾਸ਼ਨ ਵਿਤਰਨ ਦੀ ਮਨਜ਼ੂਰੀ ਦਿੱਤੀ, ਉਹ ਭੀ ਕਈ ਅਹਿਮ ਅੰਸ਼ ਕੱਢ ਕੇ, ਖੰਡਤ ਕਰਕੇ ਅਤੇ ਗੁਰੂ ਰਾਮ ਸਿੰਘ ਦੇ ਨਾਂ ਤੋਂ 'ਗੁਰੂ' ਸ਼ਬਦ ਹਟਾ ਕੇ। ਇਹ ਇਕ ਨਮੂਨਾ ਹੈ। ਇਸੇ ਤਰ੍ਹਾਂ, ਸਾਰੇ ਨਾਮਧਾਰੀ ਇਤਿਹਾਸ ਨਾਲ ਕੀਤਾ ਗਿਆ। ਸੰਨ ੧੯੮੫ ਵਿਚ ਮਾਸਟਰ ਨਿਹਾਲ ਸਿੰਘ ਨੂੰ ਲਿਖੇ ਪੱਤਰ ਵਿਚ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਬੜੀ ਮਾਯੂਸੀ ਨਾਲ ਲਿਖਿਆ, "ਚੀਨ, ਜਾਪਾਨ, ਰੂਸ, ਸੀਰੀਆ, ਜਰਮਨੀ ਵਲੈਤਾਂ ਵਿਚ ਕੋਈ ਐਸਾ ਆਦਮੀ ਨਹੀਂ ਜਿਸ ਦੀ ਕਹਾਣੀ ਹੋਵੇ ਤੇ ਮੈਂ ਨਾ ਜਾਣਦਾ ਹੋਵਾਂ, ਪਰ ਮਹਾਰਾਜ ਰਾਮ ਸਿੰਘ ਮੇਰੇ ਹੀ ਮੁਲਕ ਦੇ ਉੱਜਲੇ ਮਹਾਂਪੁਰਖ ਦਾ ਜਾਣੂੰ ਮੈਂ ਅੱਧੀ ਉਮਰ ਬਿਤਾ ਕੇ ਅੱਜ ਹੋਇਆ ਹਾਂ ਤੇ ਉਹ ਭੀ ਏਨਾ ਨਹੀਂ ਕਿ ਉਨ੍ਹਾਂ ਦੇ ਜੀਵਨ ਤੇ ਇਕ ਮੁਕੰਮਲ ਲੇਖ ਲਿਖ ਸਕਾਂ।

ਅੱਜ ਵਰਿਆਮ ਦੀ ੨੫ਵੀਂ ਵਰ੍ਹੇ ਗੰਢ ਤੇ ਅਸੀਂ ਜਗਦੀਸ਼ ਸਿੰਘ ਦੀ ਖੋਜ ਅਤੇ ਗਿਆਨ ਪੂਰਨ ਵਰਿਆਮ ਪ੍ਰਕਾਸ਼ਨ ਦੇ ਰਿਣੀ ਮਹਿਸੂਸ ਕਰਦੇ ਹਾਂ, ਜਿਨ੍ਹਾਂ ਨੇ ਨਾ ਸਿਰਫ ਕੂਕਾ ਬਲਕਿ ਸਮੁੱਚੇ ਸਿਖ ਇਤਿਹਾਸ ਦੀਆਂ ਟੁੱਟੀਆਂ ਹੋਈਆਂ ਕੜੀਆਂ ਨੂੰ ਜੋੜਕੇ ਮੁਕੰਮਲ ਇਤਿਹਾਸ ਨਿਰਮਤ ਕਰਨ ਵਿਚ ਅਭੁੱਲ ਯੋਗਦਾਨ ਪਾਇਆ ਹੈ। ਬ੍ਰਿਟਿਸ਼ ਗੁਪਤਚਰਾਂ ਦੀਆਂ ਗੁਪਤ ਰਿਪੋਰਟਾਂ, ਅਫਸਰਾਂ ਦੀਆਂ ਟਿਪਣੀਆਂ, ਨੈਸ਼ਨਲ ਆਰਕਾਈਵਜ਼ ਵਿਚ ਪਏ ਦਸਤਾਵੇਜ਼ ਅਤੇ ਇਤਿਹਾਸਕ ਸਾਕਿਆਂ ਨਾਲ ਸੰਬੰਧਤ ਕੂਕਿਆਂ ਦੇ ਪਿੰਡਾਂ, ਕਸਬਿਆਂ 'ਚੋਂ ਸਾਮੱਗਰੀ ਇੱਕਤ੍ਰਤ ਕਰ ਵਰਿਆਮ ਰਾਹੀਂ ਪਾਠਕਾਂ ਤਕ ਪਹੁੰਚਾਂਦੇ ਰਹੇ ਅਤੇ ਸਿੱਖ ਇਤਿਹਾਸ ਦੇ ਖਿੱਲਰੇ ਪੱਤਰਿਆਂ ਨੂੰ ਸੰਭਾਲ ਕੇ ਇਸ ਯੋਗ ਕਰ ਦਿਤਾ ਜੋ ਪ੍ਰਾਂਤ ਅਤੇ ਕੇਂਦਰੀ ਸਰਕਾਰ ਤੋਂ ਲੈ ਕੇ ਸਕੂਲ ਕਾਲਜ ਦੇ ਵਿਦਿਆਰਥੀਆਂ ਤੱਕ ਪੜ੍ਹਨਾ, ਪੜ੍ਹਾਉਣਾ ਸੰਭਵ ਹੋ ਸਕਿਆ।

੧੯੭੦ ਵਿਚ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਡਾਲਟਨਗੰਜ ਵਿਖੇ ਹੁਕਮ ਕੀਤਾ, "ਸੂਬਾ ਸਾਹਿਬ ਸਿੰਘ ਨੂੰ ਅਦਨ ਤੋਂ ਵਾਪਸ ਹਿੰਦੁਸਤਾਨ ਭੇਜ ਦਿੱਤਾ ਗਿਆ। ਹਜ਼ਾਰੀ ਬਾਗ ਦੀ ਸੈਂਟਰਲ ਜੇਲ੍ਹ ਵਿਚ ਉਹਨਾ ਨੇ ਚੋਲਾ ਛੱਡਿਆ, ਉਹਨਾਂ ਬਾਰੇ ਪੂਰੀ ਜਾਣਕਾਰੀ ਲਵੋ। ਹੁਕਮ ਪਾਲਣਾ ਦੇ ਸਿਲਸਲੇ ਵਿਚ ਅਸੀਂ ਹਜ਼ਾਰੀ ਬਾਗ ਗਏ, ਨੈਸ਼ਨਲ ਆਰਕਾਈਵਜ਼ ਦਿੱਲੀ ਸੰਪਰਕ ਕੀਤਾ, ਪਰ ਆਂਸ਼ਕ ਜਾਣਕਾਰੀ ਮਿਲੀ; ਕਿਉਂਕਿ ਬਹੁਤ ਪੜਤਾਲਣ ਤੋਂ ਬਾਦ ਵੀ ਸੂਬਾ ਸਾਹਿਬ ਸਿੰਘ ਨੇ ਤੱਤਕਾਲੀਨ ਜੇਲ੍ਹ ਸੁਪਰਡੈਂਟ ਨੂੰ ਬਹੁਤੀ ਜਾਣਕਾਰੀ ਨਹੀਂ ਸੀ ਦਿੱਤੀ। ਪਰ ਉਸੇ ਸਮੇਂ ਜਗਦੀਸ਼ ਸਿੰਘ ਨੇ ਸੂਬਾ ਸਾਹਿਬ ਸਿੰਘ ਤੇ ਇਕ ਲੇਖ ਲਿਖਿਆ। ਉਸ ਲੇਖ ਨੇ ਸੂਬਾ ਜੀ ਨਾਲ ਸੰਬੰਧਤ ਪੂਰਨ ਸਾਮੱਗਰੀ ਮੁਹਈਆ ਕਰਾ ਦਿਤੀ। ੧੯੭੯ ਵਿਚ ਤਾਂ 'ਵਰਿਆਮ' ਦੇ "ਸੂਬਾ ਸਾਹਿਬ ਸਿੰਘ ਵਿਸ਼ੇਸ਼ ਅੰਕ" ਨੇ ਸੂਬਾ ਜੀ ਦੇ ਜਨਮ ਸਥਾਨ ਬੰਗਾਲੀਪੁਰ ਤੋਂ ਲੈ ਕੇ ੧੦ ਜੂਨ ੧੮੭੯, ਹਜ਼ਾਰੀ ਬਾਗ ਸੈਂਟਰਲ ਜੇਲ੍ਹ ਵਿਖੇ ਮੌਤ ਦੀ ਗਲਵਕੜੀ ਪਾਉਣ ਤਕ, ਸਾਰਾ ਜੀਵਨ ਬ੍ਰਿਤਾਂਤ ਪਾਠਕਾਂ ਦੇ ਰੂ-ਬ-ਰੂ ਕਰ ਦਿੱਤਾ।

ਜਗਦੀਸ਼ ਸਿੰਘ ਹਰ ਨਜ਼ਰ ਤੋਂ ਵਰਿਆਮ ਹੈ। ਭਾਵੇਂ ਵਿਦਿਅਕ ਸੰਮੇਲਨ ਹੋਵੇ, ਸੰਗੀਤ ਦਾ ਹਰਿਵਲਭ ਜਾਂ ਹੋਰ ਸੰਮੇਲਨ ਹੋਵੇ ਜਾਂ ਦੇਸ਼ ਵਿਦੇਸ਼ ਵਿਚ ਹੋਣ ਵਾਲੇ ਪੰਜਾਬੀ ਜਾਂ ਦੂਜੇ ਸੰਮੇਲਨ ਹੋਣ ਜਗਦੀਸ਼ ਸਿੰਘ ਨੇ ਨਾਮਧਾਰੀ ਪੰਥ ਦੀ ਪ੍ਰਤਿਨਿਧਤਾ 'ਪੰਥਕ ਪਹਿਰੂ' ਦੇ ਰੂਪ ਵਿਚ ਬਾਖੂਬੀ ਨਿਭਾਈ ਹੈ। ਕਿਸੇ ਸਾਰਵਜਨਕ ਮੰਚ ਤੇ ਕਿਸੇ ਹੋਰ ਦੇ ਵਿਚਾਰਾਂ ਦੇ ਖੰਡਨ ਤੋਂ ਬਗੈਰ ਆਪਣੀ ਪੰਥਕ ਸੋਚ ਨੂੰ ਇਤਨੇ ਸੁਚੱਜੇ ਢੰਗ ਨਾਲ ਰੱਖਦੇ ਹਨ ਕਿ ਆਪਣੀ ਨਾਮਧਾਰੀ ਵਿਚਾਰਧਾਰਾ ਦਾ ਸੁੱਤੇ ਸਿੱਧ ਮੰਡਨ ਹੋ ਜਾਂਦਾ ਹੈ। ਸਾਰਾ ਪੰਥ ਅੱਜ ਗਰਵ ਕਰ ਰਿਹਾ ਹੈ ਇਸ ਨਿਸ਼ਕਾਮ 'ਪੰਥਕ ਪਹਿਰੂ ਤੇ'।

੨-੨-੨੦੦੧

੭੯੬, ਫੇਜ਼-੬ ਮੋਹਾਲੀ



Sri Satguru Jagjit Singh Ji eLibrary NamdhariElibrary@gmail.com

# ਜਗਦੀਸ਼ ਸਿੰਘ 'ਵਰਿਆਮ' ਬਨਾਮ 'ਵਰਿਆਮ ਸਿੰਘ'

—ਦਲਬੀਰ ਸਿੰਘ

ਉੱਨੀ ਸੌ ਪੰਝਤਰ ਦਾ ਸਾਲ ਕਈ ਕਾਰਨਾਂ ਕਰਕੇ ਮੇਰੇ ਦੇਸ਼ ਲਈ, ਮੇਰੇ ਲਈ, ਪੰਜਾਬੀ ਪੱਤਰਕਾਰੀ ਲਈ ਅਤੇ ਪੰਜਾਬੀ ਸਾਹਿਤ ਲਈ ਬਹੁਤ ਹੋਣੀਹਾਰ ਵਰ੍ਹਾ ਸੀ। ਦੇਸ਼ ਲਈ ਇਸ ਕਰਕੇ ਇਹ ਹੋਣੀਹਾਰ ਵਰ੍ਹਾ ਸੀ ਕਿਉਂਕਿ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਅਲਾਹਾਬਾਦ ਦੀ ਇਕ ਅਦਾਲਤ ਵਲੋਂ ਉਸ ਦੀ ਚੋਣ ਰੱਦ ਕਰਨ ਦੇ ਦਿਤੇ ਗਏ ਫੈਸਲੇ ਨੂੰ ਚੁੱਪ-ਚਾਪ ਪ੍ਰਵਾਨ ਕਰਨ ਦੀ ਥਾਂ ਦੇਸ਼ ਵਿਚ ਅੰਦਰੂਨੀ ਐਮਰਜੈਂਸੀ ਲਾ ਦਿੱਤੀ ਸੀ। ਇਸ ਐਮਰਜੈਂਸੀ ਦਾ ਦੇਸ਼ ਉਤੇ ਕੀ ਅਸਰ ਪਿਆ ਇਹ ਇਥੇ ਦੱਸਣ ਦੀ ਜ਼ਰੂਰਤ ਨਹੀਂ। ਹਾਲਾਂਕਿ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਅੱਜ ਪੰਝੀ ਵਰ੍ਹੇ ਬਾਅਦ ਵੀ ਕਈ ਲੋਕ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਹੋਰ ਕੁੱਝ ਵੀ ਸੀ, ਘੱਟੋ ਘੱਟ ਲੋਕਾਂ ਦੇ ਕੰਮ ਤਾਂ ਹੋਣ ਲਗ ਪਏ ਸਨ।

ਉਸ ਤੋਂ ਕਰੀਬ ਸਾਲ ਪਹਿਲਾਂ ਹੀ ਦੇਸ਼ ਵਿਚ 'ਸੰਪੂਰਨ ਇਨਕਲਾਬ' ਕਰਨ ਦਾ ਬੀੜਾ ਚੁੱਕੀ, ਸ੍ਰੀ ਜੈ ਪ੍ਰਕਾਸ਼ ਨਾਰਾਇਣ ਉਰਫ 'ਜੇ ਪੀ' ਨੇ ਦੇਸ਼ ਦੇ ਕਈ ਭਾਗਾਂ ਵਿਚ ਐਸੀ ਗੜਬੜ ਮਚਾਈ ਹੋਈ ਸੀ ਕਿ ਸਾਰਾ ਕੰਮ ਕਾਜ ਹੀ ਠੱਪ ਹੋ ਕੇ ਰਹਿ ਗਿਆ ਸੀ। ਮੁਜ਼ਾਹਰੇ ਹੋ ਰਹੇ ਸਨ, ਅੱਗਾਂ ਲਾਈਆਂ ਜਾ ਰਹੀਆਂ ਸਨ, ਵਿਦਿਆਰਥੀ ਸੜਕਾਂ ਉਤੇ ਨਿਕਲ ਆਏ ਸਨ ਤੇ ਇੰਝ ਲਗਦਾ ਸੀ ਕਿ ਹੁਣ ਭਾਰਤ ਦੇਸ਼ ਨੂੰ ਇੰਦਰਾ ਗਾਂਧੀ ਦੀ 'ਤਾਨਾਸ਼ਾਹੀ' ਤੋਂ ਛੁਟਕਾਰਾ ਮਿਲਿਆ ਹੀ ਮਿਲਿਆ। ਉਹ ਪਹਿਲਾ ਐਸਾ ਮਸੀਹਾ ਸੀ ਜਿਸ ਨੇ ਪੁਲੀਸ ਅਤੇ ਫੌਜ ਨੂੰ ਸੱਦਾ ਦਿਤਾ ਸੀ ਕਿ ਉਹ ਸਰਕਾਰ ਦੇ ਹੁਕਮਾਂ ਨੂੰ ਨਾ ਮੰਨਣ। ਅਸੀਂ ਇਤਿਹਾਸ ਦਾ ਉਹ ਦੌਰ ਦੇਖਣ ਤੇ ਹੰਢਾਉਣ ਵਾਲੇ ਵੀ, ਐਮਰਜੈਂਸੀ ਦੌਰਾਨ ਨਸਬੰਦੀ ਅਤੇ ਨਲਬੰਦੀ ਦੇ ਮਾਮਲੇ ਵਿਚ ਕੀਤੀਆਂ ਗਈਆਂ ਜ਼ਿਆਦਤੀਆਂ ਦੇ ਸ਼ੋਰ ਵਿਚ ਹੀ ਇਹ ਗੱਲ ਭੁੱਲ ਜਾਂਦੇ ਹਾਂ ਕਿ ਅਸਲ ਵਿਚ 'ਸੰਪੂਰਨ ਇਨਕਲਾਬ' ਅਮਰੀਕੀ ਸੀ ਆਈ. ਏ. ਦਾ 'ਬੱਚਾ' ਸੀ ਇਸੇ ਕਾਰਨ ਹੀ ਅਸੀਂ ਐਮਰਜੈਂਸੀ ਨੂੰ ਮਾੜਾ ਹੀ ਮਾੜਾ ਕਹਿੰਦੇ ਆਏ ਹਾਂ। ਇਸ ਦੇ ਕਾਰਨਾਂ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਸੰਗਦੇ ਆ ਰਹੇ ਹਾਂ ਕਿਉਂਕਿ ਸਾਨੂੰ ਲਗਦਾ ਹੈ ਕਿ ਜਦੋਂ ਸਾਰਾ ਸੰਸਾਰ ਹੀ ਇਕ ਗੱਲ ਨੂੰ ਗ਼ਲਤ ਕਹਿ ਰਿਹਾ ਹੈ ਤਾਂ ਜ਼ਰੂਰ ਹੀ ਇਹ ਪੂਰੀ ਦੀ ਪੂਰੀ ਗ਼ਲਤ ਹੋਵੇਗੀ। ਹਾਲਾਂ ਕਿ ਅੱਜ ਇਹ ਸੋਚ ਕੇ ਹੀ ਹੈਰਤ ਹੁੰਦੀ ਹੈ ਕਿ ਜੇ ਭਾਰਤੀ ਫੌਜ ਨੇ ਸੱਚ ਮੁਚ ਹੀ ਜੇ ਪੀ ਦੀ ਗੱਲ ਮੰਨ ਲਈ ਹੁੰਦੀ ਤਾਂ ਇਸ ਦੇਸ਼ ਦਾ ਕੀ ਬਣਦਾ? ਖੈਰ, ਇਸ ਬਾਰੇ ਇਥੇ ਲਿਖਣ ਦਾ ਮਤਲਬ ਵਿਆਹ ਵਿਚ ਬੀਅ ਦਾ ਲੇਖਾ ਪਾਉਣਾ ਹੀ ਸਮਝਿਆ ਜਾਵੇਗਾ!

ਵਿਆਹ ਵਿਚ ਬੀਅ ਦਾ ਲੇਖਾ ਤਾਂ ਇਹ ਦੱਸਣਾ ਵੀ ਹੋਵੇਗਾ ਕਿ ਇਹ ਉਹ ਸਾਲ ਸੀ ਜਦੋਂ ਮੈਂ ਆਪਣੇ ਖ਼ੈਰ ਖਾਹਾਂ ਦੇ ਰੋਕਦੇ ਰੋਕਦੇ ਵੀ ਵਿਆਹ ਕਰਵਾ ਲਿਆ ਸੀ। ਹੁਣ ਤਾਂ ਇਹ ਕਹਿਣ ਦੀ ਵੀ ਹਿੰਮਤ ਨਹੀਂ ਰਹੀ ਕਿ ਇਸ ਨੂੰ ਆਪਣੀ ਗ਼ਲਤੀ ਹੀ ਕਹਿ ਸਕਾਂ। ਖੈਰ, ਉਹ ਉਮਰ ਹੀ ਐਸੀ ਸੀ ਕਿ ਹਰ ਹੁਸੀਨਾ 'ਸਾਇਰਾ ਬਾਨੋ' ਪ੍ਰਤੀਤ ਹੁੰਦੀ ਸੀ ਅਤੇ ਸਿਆਣੇ ਲੋਕ ਕਿਹਾ ਕਰਦੇ ਸਨ ਕਿ ਵਿਆਹ ਉਹ ਮੋਤੀ ਚੂਰ ਦੇ ਲੱਡੂ ਹਨ ਜਿਹੜਾ ਖਾਵੇ ਉਹ ਵੀ ਪਛਤਾਵੇ ਅਤੇ ਜਿਹੜਾ ਨਾ ਖਾਵੇ ਉਹ ਵੀ ਪਛਤਾਵੇ। ਇਸ ਲਈ ਜਵਾਨੀ ਦੇ ਮੂੰਹ - ਜ਼ੋਰ ਹੁਲਾਰੇ ਨੇ ਕਿਹਾ ਕਿ ਜੇ ਪਛਤਾਉਣਾ ਹੀ ਹੈ ਤਾਂ ਕਿਉਂ ਨਾ 'ਖਾ ਕੇ' ਹੀ ਪਛਤਾਇਆ ਜਾਵੇ। ਹੁਣ ਪੰਝੀ ਸਾਲ ਮਗਰੋਂ, ਜਦੋਂ ਸਾਡੇ ਬੱਚਿਆ ਨੇ ਸਾਡੇ ਵਿਆਹ ਦੀ ੨੫ਵੀਂ ਵਰ੍ਹੇਗੰਢ ਵੀ ਮਨਾ ਲਈ ਹੈ (ਆਪ ਤਾਂ ਕੌਣ ਆਪਣੀ ਗ਼ਲਤੀ ਦੀ ਵਰ੍ਹੇਗੰਢ ਮਨਾਉਂਦਾ ਹੈ), ਤਾਂ ਇਹ ਦੱਸਣਾ ਕੁਥਾਂਵੀਂ ਗੱਲ ਹੋਵੇਗੀ ਕਿ ਸਿਆਣਿਆਂ ਦੀ ਕਹੀ ਹੋਈ ਗੱਲ ਠੀਕ ਸੀ ਕਿ ਨਹੀਂ। ਵੈਸੇ ਵੀ ਜਿਸ ਨੇ ਪੰਝੀ ਸਾਲ ਨੂੜਿਆਂ-ਨੂੜਿਆਂ ਹੀ ਕੱਢ ਦਿਤੇ ਹੋਣ ਉਹ ਇਸ ਤੋਂ ਵੱਧ ਕੋਈ ਗੱਲ ਲਿਖ ਵੀ ਕੀ ਸਕਦਾ ਹੈ ? ਪਰ ਏਨੇ ਸਾਲਾਂ ਵਿਚ ਇਹ ਅਹਿਸਾਸ ਜ਼ਰੂਰ ਹੋ ਗਿਆ ਹੈ ਕਿ ਸਰਕਸ ਵਿਚ ਕੰਮ ਕਰਨ ਵਾਲਾ ਸ਼ੇਰ ਕਿਸ ਤਰ੍ਹਾਂ ਮਹਿਸੂਸ ਕਰਦਾ ਹੋਵੇਗਾ।

ਤੀਜੀ ਗੱਲ ਇਹ ਹੋਈ ਕਿ ਬਹੁਤ ਹੀ ਸਾਊ ਦਿਖਾਈ ਦਿੰਦੇ ਸਾਡੇ ਪਰਮ ਪਿਆਰੇ ਮਿੱਤਰ ਸ੍ਰੀ ਜਗਦੀਸ਼ ਸਿੰਘ ਨੇ ਮਾਸਿਕ ਪਰਚਾ ਛਾਪਣ ਦਾ ਫੈਸਲਾ ਕਰ ਲਿਆ ਅਤੇ ਉਹ ਵੀ ਪੰਜਾਬੀ ਵਿਚ। ਜਗਦੀਸ਼ ਸਿੰਘ ਹੁਰਾਂ ਦੇ ਨਾਂ ਨਾਲ ਉਦੋਂ ਹਾਲੇ 'ਵਰਿਆਮ' ਲਕਬ ਨਹੀਂ ਸੀ ਲੱਗਾ, ਉਹ 'ਸ਼ੁਧ' ਜਗਦੀਸ਼ ਸਿੰਘ ਹੀ ਹੋਇਆ ਕਰਦੇ ਸਨ। ਕਿਉਂਕਿ ਪੰਜਾਬੀ ਵਿਚ ਪਰਚੇ ਕੱਢਣ ਵਾਲਿਆ ਦਾ ਹਸ਼ਰ ਅਸੀਂ ਦੇਖ ਵੀ ਚੁਕੇ ਸਾਂ ਅਤੇ ਖੁਦ ਵੀ ਹੰਢਾ ਚੁਕੇ ਸਾਂ, ਇਸ ਲਈ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ 'ਇਸ ਕੁੱਤੇ' ਕੰਮ ਤੋਂ ਵਰਜਿਆ ਜਾਵੇ। ਇਹ ਕੋਸ਼ਿਸ਼ ਸੱਚਮੁਚ ਇਹ ਕੋਸ਼ਿਸ਼ ਸੱਚ ਮੁਚ ਹੀ ਸੁਹਿਰਦ ਕੋਸ਼ਿਸ਼ ਸੀ ਕਿਉਂਕਿ ਅਸੀਂ ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਨੂੰ ਉਦਾਸ ਅਤੇ ਨਿਰਾਸ਼ ਨਹੀਂ ਸਾਂ ਦੇਖਣਾ ਚਾਹੁੰਦੇ। ਤਿੰਨ ਸਾਲ ਪਹਿਲਾਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨਾਂ ਦੀ ਵਿਦਿਆਰਥੀ ਜਥੇਬੰਦੀ ਵਲੋਂ ਅਸੀਂ 'ਵਿਦਿਆਰਥੀ ਜੀਵਨ' ਨਾਂ ਦਾ ਇਕ ਮਾਹਵਾਰੀ



Sri Satguru Jagjit Singh Ji eLibrary NamdhariElibrary@gmail.com

ਪਰਚਾ ਸ਼ੁਰੂ ਕੀਤਾ ਸੀ। ਪਰ ਦੋ ਸਾਲ ਦੀ ਬਾਲ ਅਵਸਥਾ ਵਿਚ ਹੀ ਉਹ ਗੁਰਪੁਰੀ ਸਿਧਾਰ ਗਿਆ ਸੀ ਅਤੇ ਪ੍ਰੈਸ ਵਾਲੇ ਦੇ ਰਹਿੰਦੇ ਪੈਸੇ ਦੇਣ ਤੋਂ ਅਸੀਂ ਘੇਸਲ ਮਾਰ ਕੇ ਹੀ ਸਮਾਂ ਲੰਘਾਇਆ ਸੀ।

ਪਰ ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਦੀ ਆਪਣੀ ਪ੍ਰੈਸ ਸੀ, ਲਾਡੋਵਾਲੀ ਰੋਡ ਉਤੇ, ਜਿਥੇ ਉਨ੍ਹਾਂ ਇਕ ਟਰੇਡਲ ਮਸ਼ੀਨ ਲਾਈ ਹੋਈ ਸੀ ਅਤੇ ਬਹੁਤਾ ਕਰਕੇ 'ਜਾਬ ਵਰਕ' ਹੀ ਕਰਦੇ ਸਨ। ਇਸ ਲਈ ਉਨ੍ਹਾਂ ਜੇ ਕੋਈ ਪਰਚਾ ਕੱਢਣਾ ਸੀ ਤਾਂ ਘੱਟ ਘੱਟ ਕਿਸੇ ਪਰਾਏ ਪ੍ਰੈਸ ਵਾਲੇ ਦੇ ਪੈਸੇ ਤਾਂ ਨਹੀਂ ਸੀ ਮਾਰਨੇ! ਆਪਣਾ ਘਰ ਫੂਕ ਕੇ ਹੀ ਤਮਾਸ਼ਾ ਵੇਖਣਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਣੇ ਸਤਿਗੁਰਾਂ ਉਤੇ ਭਰੋਸਾ ਸੀ ਕਿ ਉਹ ਉਨ੍ਹਾਂ ਦੇ ਪਰਚੇ ਨੂੰ ਡੁੱਬਣ ਨਹੀਂ ਦੇਣਗੇ। ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਹ ਨਜ਼ਦੀਕੀ ਕਿਰਪਾ ਪਾਤਰ ਸਨ। ਪਰ ਕਿੰਨਾ ਨੇੜੇ ਦੇ ਸਨ ਇਸ ਦਾ ਉਦੋਂ ਸਾਨੂੰ ਇਲਮ ਨਹੀਂ ਸੀ। ਉਂਜ ਵੀ ਕਮਿਊਨਿਸਟ ਪਾਰਟੀ ਦੇ 'ਹੋਲ ਟਾਈਮਰ' ਹੋਣ ਕਾਰਨ ਅਸੀਂ ਸਮਝਦੇ ਸਾਂ ਕਿ ਜੇ ਪਰਚਾ ਨਾ ਚਲਿਆ ਤਾਂ ਵਿਸ਼ਵਾਸ ਤਾਂ ਇਸ ਸਤਿਗੁਰਾਂ ਵਿਚ ਵਿਸ਼ਵਾਸ ਕਰਨ ਵਾਲੇ ਦਾ ਹੀ ਟੁੱਟੇਗਾ, ਸਾਡਾ ਨਾਸਤਿਕਾਂ ਦਾ ਕੀ ਵਿਗੜੂਗਾ? ਉਂਜ ਵੀ ਇਹ 'ਬੱਚਾ' ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਦਾ ਸੀ, ਅਸੀਂ ਤਾਂ ਸਿਰਫ ਬਾਹਰੋਂ ਰਹਿ ਕੇ ਮਦਦ ਹੀ ਕਰਨੀ ਸੀ। ਸੋ ਜਗਦੀਸ਼ ਸਿੰਘ ਦੀ ਜ਼ਿਦ ਸਾਹਮਣੇ ਕੋਈ ਵੀ ਟਿਕ ਨਾ ਸਕਿਆ।

ਹੁਣ ਚੇਤੇ ਦੀਆਂ ਪਰਤਾਂ ਵਿਚੋਂ ਵਿਸਰ ਚੁਕਾ ਹੈ ਕਿ ਪਹਿਲਾ ਪਰਚਾ ਕਿਹੜੇ ਮਹੀਨੇ ਛਪਿਆ ਸੀ ਪਰ ਏਨਾ ਕੁ ਚੇਤਾ ਹੈ ਕਿ ਮੌਸਮ ਅੰਤ ਗਰਮੀਆਂ ਦਾ ਸੀ। ਖਿਆਲ ਤਾਂ ਇਹ ਸੀ ਕਿ ਮੈਂ ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਦੀ ਮਾੜੀ ਮੋਟੀ ਮਦਦ ਹੀ ਕਰਾਂਗਾ ਅਤੇ ਆਪਣੇ ਤਜਰਬੇ ਮੁਤਾਬਕ ਸਲਾਹ ਦੇਵਾਂਗਾ, ਪਰ ਜਦੋਂ ਪਰਚਾ ਛਾਪਣ ਦਾ ਅਮਲੀ ਕੰਮ ਸ਼ੁਰੂ ਹੋਇਆ ਤਾਂ ਉਨ੍ਹਾਂ ਸਾਰਾ ਕੰਮ ਹੀ ਮੇਰੇ ਹਵਾਲੇ ਕਰ ਦਿੱਤਾ। ਜਦੋਂ ਚਾਰ ਮਹੀਨੇ ਤੱਕ ਨਾ ਤਾਂ ਉਨ੍ਹਾਂ ਮੈਟਰ ਦੀ ਚੋਣ ਵਿਚ ਕੋਈ ਦਿਲਚਸਪੀ ਲਈ ਅਤੇ ਨਾ ਹੀ ਮੈਟਰ ਦੀ ਤਰਤੀਬ ਬਾਰੇ ਹੀ ਕੋਈ ਸਵਾਲ ਕੀਤਾ ਤਾਂ ਮਹਿਸੂਸ ਹੋਇਆ ਕਿ ਅਮਲ ਵਿਚ ਉਨ੍ਹਾਂ ਨੂੰ ਬੇਨਾਮ ਸੰਪਾਦਕ ਦੀ ਲੋੜ ਸੀ। ਇਸ ਲਈ ਕਈ ਮਹੀਨੇ ਤਕ 'ਵਰਿਆਮ' ਨਾਂ ਨੂੰ ਤਾਂ ਜਗਦੀਸ਼ ਸਿੰਘ ਹੁਰਾਂ ਦਾ ਪਰਚਾ ਸੀ ਪਰ ਅਸਲ ਵਿਚ ਸਾਰੇ ਸੰਪਾਦਕੀ ਫੈਸਲੇ ਦਾਸ ਨੇ ਹੀ ਕਰਨੇ ਹੁੰਦੇ ਸਨ! ਬਹੁਤ ਖੁਸ਼ਗਵਾਰ ਪ੍ਰਬੰਧ ਸੀ। ਕਿਤੇ ਨਾ ਕਿਤੇ ਖਬਰੇ ਹਉਮੈਂ ਵੀ ਸੀ ਕਿ ਜਗਦੀਸ਼ ਸਿੰਘ ਹੁਰੀਂ ਸਾਡੇ ਬਿਨਾਂ ਕੁਝ ਨਹੀਂ ਕਰ ਸਕਦੇ।

ਇਥੇ ਮੈਂ ਇਹ ਦੱਸਣ ਦੀ ਵੀ ਖੁਸ਼ੀ ਲੈ ਲਵਾਂ ਕਿ ਉਨ੍ਹਾਂ ਤੋਂ ਕਦੇ ਵੀ ਮੁਆਵਜ਼ਾ ਨਹੀਂ ਸੀ ਲਿਆ। ਦੋਸਤਾਂ, ਅਤੇ ਉਹ ਵੀ ਪੰਜਾਬੀ ਪਰਚਾ ਕੱਢਣ ਵਾਲੇ ਦੋਸਤਾਂ ਤੋਂ ਬੱਝਵੀਂ ਰਕਮ ਮੰਗਣੀ ਉਂਜ ਹੀ ਗ਼ਲਤ ਗੱਲ ਲਗਦੀ ਸੀ। ਫਿਰ ਵੀ, ਨਿਰੋਲ ਸ਼ਾਕਾਹਾਰੀ ਅਤੇ ਦੁਧਾਧਾਰੀ ਜਗਦੀਸ਼ ਸਿੰਘ ਤੋਂ ਅਸੀਂ ਬਰਫੀ ਤਾਂ ਉਨ੍ਹਾਂ ਦੀ ਖੁਸ਼ੀ ਨਾਲ ਖਾਈਦੀ ਸੀ ਪਰ ਮਹੀਨੇ ਵਿਚ ਇਕ ਅੱਧੀ ਵਾਰੀ ਉਹ ਸਾਡੀ ਸਥਿਤੀ ਦੇਖ ਕੇ ਦਾਰੂ ਜੋਗੇ ਪੈਸੇ ਬਖਸ਼ ਦਿਤਾ ਕਰਦੇ ਸਨ। ਇਸ ਲਈ ਹੁਣ ਮੈਂ ਇਹ ਇਲਜ਼ਾਮ ਸਹਿਜੇ ਹੀ ਲਾ ਸਕਦਾ ਹਾਂ ਕਿ ਦਾਰੂ ਦੀ ਆਦਤ ਮੈਨੂੰ ਜਗਦੀਸ਼ ਸਿੰਘ ਹੁਰਾਂ ਹੀ ਲਾਈ ਸੀ ਜਿਸ ਤੋਂ ਮਸਾਂ ਹੀ ਛੁਟਕਾਰਾ ਹਾਸਲ ਕੀਤਾ ਹੈ। ਉਹ ਵੀ ਇਸ ਕਰਕੇ ਹੀ ਹਾਸਲ ਕੀਤਾ ਹੈ ਕਿਉਂਕਿ ਹੁਣ ਜਗਦੀਸ਼ ਸਿੰਘ ਵਰਗਾ ਕੋਈ ਸਾਊ ਬੰਦਾ ਸਾਡੀ ਲੋੜ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ।

ਦਿਨ ਬਹੁਤ ਪਿਆਰੇ ਸਨ। ਐਨ ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਵਰਗੇ। ਜਗਦੀਸ਼ ਸਿੰਘ ਉਦੋਂ ਬਾਣਾ ਨਾਮਧਾਰੀਆਂ ਵਾਲਾ ਨਹੀਂ ਸਨ ਪਾਉਂਦੇ, ਹਾਲਾਂ ਕਿ ਦਸਤਾਰ ਨਾਮਧਾਰੀਆਂ ਵਾਲੀ ਹੁੰਦੀ ਸੀ। ਉਂਜ ਉਹ ਕਮੀਜ਼ ਅਤੇ ਪਤਲੂਨ ਪਾਇਆ ਕਰਦੇ ਸਨ। ਸਾਨੂੰ ਸ਼ੱਕ ਜ਼ਰੂਰ ਹੁੰਦਾ ਸੀ ਕਿ ਜਦੋਂ ਉਹ ਨਾਮਧਾਰੀ ਦਰਬਾਰ ਭੈਣੀ ਸਾਹਿਬ ਜਾਂਦੇ ਸਨ ਜਾਂ ਜਦੋਂ ਕਦੇ ਸਤਿਗੁਰੂ ਉਨ੍ਹਾਂ ਦੇ ਸ਼ਹਿਰ ਵਿਚ ਆਉਂਦੇ ਸਨ ਤਾਂ ਉਹ ਜ਼ਰੂਰ ਹੀ ਪੂਰੀ ਸ਼ੁੱਧ ਨਾਮਧਾਰੀ ਪੌਸ਼ਾਕ ਪਹਿਨਦੇ ਹੋਣਗੇ। ਕਈ ਸਾਲਾਂ ਮਗਰੋਂ ਜਦੋਂ ਉਨ੍ਹਾਂ ਨੇ ਆਮ ਜੀਵਨ ਵਿਚ ਵੀ ਨਾਮਧਾਰੀ ਪੌਸ਼ਾਕ ਪਹਿਨਣੀ ਸ਼ੁਰੂ ਕਰ ਦਿਤੀ ਤਾਂ ਉਹ ਹੋਰ ਵੀ ਪਿਆਰੇ ਲੱਗਣ ਲੱਗ ਪਏ।

ਕਰੀਬ ਸਾਲ ਡੇਢ ਸਾਲ ਬੀਤਣ ਤਕ ਮੈਂ ਅਤੇ ਕੁਝ ਹੋਰ ਦੋਸਤ ਉਡੀਕਦੇ ਰਹੇ ਕਿ 'ਵਰਿਆਮ' ਹੁਣ ਵੀ ਬੰਦ ਹੋਇਆ ਕਿ ਹੁਣ ਵੀ ਬੰਦ ਹੋਇਆ। ਪਰ ਇਹ ਬੰਦ ਹੋਇਆ ਹੀ ਨਹੀਂ। ਸਗੋਂ ਉਦੋਂ ਤਕ ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਨੇ ਇਕ 'ਮਾੜੀ' ਗੱਲ ਇਹ ਕੀਤੀ ਕਿ ਪਰਚੇ ਦਾ ਮੈਟਰ ਚੁਣਨ ਅਤੇ ਸੰਪਾਦਕ ਦਾ ਕੰਮ ਆਪਣੇ ਹੱਥਾਂ ਵਿਚ ਲੈ ਲਿਆ ਸੀ ਅਤੇ ਦਾਸ ਸਿਰਫ ਇਸ ਦਾ ਇਕ ਕਾਲਮ-ਨਵੀਸ ਹੀ ਹੋ ਕੇ ਰਹਿ ਗਿਆ ਸੀ। ਪਰਚੇ ਵਿਚ ਨਾਮਧਾਰੀ ਰੰਗਤ ਆ ਰਹੀ ਸੀ ਅਤੇ ਇਸ ਬਾਰੇ ਕਦੇ ਕਦੇ ਜਗਦੀਸ਼ ਸਿੰਘ ਹੁਰੀਂ, ਜਿਵੇਂ ਮਾਫੀ ਮੰਗਣ ਵਾਲੀ ਸੁਰ ਵਿਚ ਕਿਹਾ ਕਰਦੇ ਸੀ ਕਿ 'ਮੈਨੂੰ ਇਸ ਤਰ੍ਹਾਂ ਦਾ ਰੰਗ ਦੇਣਾ ਹੀ ਪੈਣਾ ਹੈ'। ਸਾਨੂੰ ਤਾਂ ਇਤਰਾਜ਼ ਵੀ ਕੋਈ ਨਹੀਂ ਸੀ ਕਿਉਂਕਿ ਆਖਰਕਾਰ ਇਹ ਉਨਾਂ ਦਾ 'ਬਚੂਆ' ਸੀ ਅਤੇ ਉਨ੍ਹਾਂ ਨੇ ਇਸ



Sri Satguru Jagjit Singh Ji eLibrary NamdhariElibrary@gmail.com

ਦੇ ਨਕਸ਼ ਕਿਸ ਤਰ੍ਹਾਂ ਦੇ ਘੜਣੇ ਹਨ, ਇਸ ਦਾ ਫੈਸਲਾ ਉਨ੍ਹਾਂ ਨੇ ਹੀ ਕਰਨਾ ਸੀ। ਅਸੀਂ ਕੌਣ ਹੁੰਦੇ ਸਾਂ ਜਿਨਾਂ ਤੋਂ ਉਹ ਮਾਫੀ ਨਾਮੇ ਵਾਂਗ ਸਵਾਈ ਦਿਤਾ ਕਰਦੇ ਸਨ?

ਦੋ ਸਾਲ ਤਕ ਮੈਂ ਇਸ ਪਰਚੇ ਨਾਲ ਸਿੱਧਾ ਜੁੜਿਆ ਰਿਹਾ-ਉਦੋਂ ਤਕ ਜਦੋਂ ਸ਼ਾਦੀ ਸੁਦਾ ਆਦਮੀ ਵਾਂਗ ਰੋਟੀ ਰੁਜ਼ਗਾਰ ਦੀ ਤਲਾਸ਼ ਵਿਚ ਮੈਂ ਜਲੰਧਰੋਂ ਬੋਰੀ ਬਿਸਤਰਾ ਚੁੱਕ ਕੇ ਪਹਿਲਾਂ ਲੁਧਿਆਣਾ ਅਤੇ ਫੇਰ ਚੰਡੀਗੜ੍ਹ ਨਹੀਂ ਆ ਗਿਆ। ਇਨ੍ਹਾਂ ਦੋ ਸਾਲਾਂ ਦੌਰਾਨ ਜਿਹੜੇ ਲੇਖ ਮੈਂ ਲਿਖੇ ਸਨ ਉਨ੍ਹਾਂ ਦੇ ਆਧਾਰ ਉਤੇ ਕਈ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਮੇਰੇ ਵਿਚ ਇਕ ਚੰਗਾ ਲੇਖਕ ਹੋਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਜਗਦੀਸ਼ ਸਿੰਘ, ਜਿਹੜੇ ਕਿ ਉਦੋਂ ਤਕ ਜਗਦੀਸ਼ ਸਿੰਘ 'ਵਰਿਆਮ' ਹੋਣ ਵੱਲ ਵਧ ਰਹੇ ਸਨ, ਵੀ ਹੱਲਾ ਸ਼ੇਰੀ ਦਿੰਦੇ ਰਹਿੰਦੇ ਸਨ ਕਿ ਉਨ੍ਹਾਂ ਦੇ ਜਾਣੂ ਪਾਠਕਾਂ ਨੂੰ 'ਘੁੰਤਰਾਂ' ਸਿਰਲੇਖ ਹੇਠ ਲਿਖਿਆ ਇਹ ਕਾਲਮ ਬਹੁਤ ਪਸੰਦ ਆਉਂਦਾ ਸੀ। ਉਨ੍ਹਾ ਤਾਂ ਇਕ ਦੋ ਵਾਰੀ ਇਹ ਵੀ ਦਸਿਆ ਸੀ ਕਿ ਸਤਿਗੁਰਾਂ ਨੂੰ ਵੀ ਮੇਰੇ ਲੇਖ ਬਹੁਤ ਪਸੰਦ ਸਨ। ਪਰ ਇਹ ਮੇਰੇ 'ਲੇਖਾਂ' ਵਿਚ ਨਹੀਂ ਸੀ ਕਿ ਲਗਾਤਾਰ ਉਸ ਕਾਲਮ ਨੂੰ ਜਾਰੀ ਰੱਖ ਸਕਾਂ, ਹਾਲਾਂਕਿ ਮੈਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਕਿ ਮੈਂ ਲਗਾਤਾਰ ਇਸ ਪਰਚੇ ਨਾਲ ਜੁੜਿਆ ਰਹਿੰਦਾ ਜਿਸ ਨਾਲ ਗਰਭ ਅਵਸਥਾ ਦੇ ਸਮੇਂ ਤੋਂ ਸਾਂਝ ਹੈ। ਇਹ ਗੱਲ ਵੱਖਰੀ ਹੈ ਅਤੇ ਤਸਲੀਮ ਵੀ ਕਰ ਚੁੱਕਾ ਹਾਂ ਕਿ ਇਸ ਦਾ ਗਰਭ ਪਾਤ ਕਰਵਾਉਣ ਦੀ ਕੋਸ਼ਿਸ਼ ਬਹੁਤ ਕੀਤੀ ਸੀ।

ਸਾਊ ਅਤੇ ਪਿਆਰੇ ਜਗਦੀਸ ਸਿੰਘ 'ਵਰਿਆਮ' ਹੁਣ ਕਈ ਸਾਲਾਂ ਤੋਂ ਸਿਰਫ 'ਵਰਿਆਮ' ਹੋ ਗਏ ਹਨ। ਕਈ ਸਮਾਗਮਾਂ ਉਤੇ ਉਨ੍ਹਾਂ ਨੂੰ ਕਈਆਂ ਵਲੋਂ 'ਵਰਿਆਮ ਸਿੰਘ' ਵੀ ਕਹਿੰਦੇ ਸੁਣਿਆ ਗਿਆ ਹੈ। ਉਹ ਤੇ ਵਰਿਆਮ ਇਕੋ ਹੀ ਹੋ ਗਏ ਹਨ। ਪੰਜਾਬੀ ਦੇ ਸਾਹਿਤਕ ਖੇਤਰਾਂ ਵਿਚ ਵੀ ਅਤੇ ਨਾਮਧਾਰੀ ਖੇਤਰਾਂ ਵਿਚ ਵੀ ਉਹ ਸਤਿਕਾਰ ਨਾਲ 'ਵਰਿਆਮ ਸਾਹਿਬ' ਬਣ ਗਏ ਹਨ।

ਸੋਚਦਾ ਸਾਂ ਕਿ ਪੰਝੀ ਸਾਲ ਦਾ ਬੱਚਾ ਜ਼ਰੂਰ ਹੀ ਇੱਲਤੀ ਦੌਰ ਵਿਚੋਂ ਲੰਘ ਕੇ ਨੌਜਵਾਨ ਅਤੇ ਸਾਊ ਹੋ ਗਿਆ ਹੋਵੇਗਾ ਅਤੇ ਉਸ ਦੀਆਂ ਇੱਲਤਾਂ ਅਤੇ ਵਹਿਬਤਾਂ ਨੇ ਜਗਦੀਸ਼ ਸਿੰਘ ਦੇ ਸਾਊਪਣੇ ਦੀ ਲੱਸੀ ਨੂੰ ਖਬਰੇ ਪਤਲਾ ਕਰ ਦਿਤਾ ਹੋਵੇ ਜਿਵੇਂ ਕਿ ਜਵਾਨ ਪੁੱਤਰਾਂ ਦੇ ਪਿਉ ਆਮ ਤੌਰ ਉਤੇ ਹੋ ਹੀ ਜਾਂਦੇ ਹਨ। ਪਰ ਕਿੰਨੀਆਂ ਵੀ ਮੁਸ਼ਕਲਾਂ ਆਈਆਂ ਹੋਣ, ਸਾਊ ਅਤੇ ਪਿਆਰੇ ਜਗਦੀਸ਼ ਸਿੰਘ ਉਵੇਂ ਦੇ ਉਵੇਂ ਹਨ ਜਿਵੇਂ ਪੰਝੀ ਸਾਲ ਪਹਿਲਾਂ ਹੁੰਦੇ ਸਨ ਜਦੋਂ ਉਨ੍ਹਾਂ ਨੇ ਇਸ ਖਤਰਨਾਕ ਕੰਮ ਨੂੰ ਹੱਥ ਪਾਇਆ ਸੀ। ਮਾਹਵਾਰੀ ਪਰਚੇ ਦੇ ਮਾਲਕ-ਸੰਪਾਦਕਾਂ ਨੂੰ ਰਾਤੋ-ਰਾਤ ਖਰਵ੍ਹੇ ਹੁੰਦੇ ਦੇਖਿਆ ਹੈ। ਪਰ ਧੰਨ ਹਨ ਜਗਦੀਸ਼ ਸਿੰਘ 'ਵਰਿਆਮ' ਜਿਹੜੇ ਅਤਿਅੰਤ ਮੁਸ਼ਕਲਾਂ ਵਿਚ ਵੀ ਸਾਊ ਅਤੇ ਪਿਆਰੇ ਰਹੇ ਅਤੇ ਹੁਣ ਵੀ ਉਵੇਂ ਦੇ ਉਵੇਂ ਹਨ। ਫਰਕ ਸਿਰਫ ਏਨਾ ਪਿਆ ਹੈ ਪੰਝੀ ਸਾਲ ਪਹਿਲਾਂ ਜਿਹੜੀ ਸਾਊ ਦਾੜ੍ਹੀ ਸਾਰੀ ਦੀ ਸਾਰੀ ਕਾਲੀ ਸੀ, ਉਹ ਹੁਣ ਸਾਰੀ ਦੀ ਸਾਰੀ ਬੱਗੀ ਹੋ ਗਈ ਹੈ। ਆਖਰਕਾਰ ਪੰਝੀ ਸਾਲ ਦੇ ਪੁੱਤਰ ਦੇ ਬਾਪ ਦੀ ਦਾੜ੍ਹੀ ਬੱਗੀ ਹੋਣੀ ਹੀ ਹੋਈ। ਉਨ੍ਹਾਂ ਨੂੰ ਸਾਡੇ ਵਰਗਿਆਂ ਵਾਂਗ ਦਾੜ੍ਹੀ ਕਾਲੀ ਕਰਨ ਦੀ ਲੋੜ ਨਹੀਂ ਪੈਂਦੀ ਕਿਉਂਕਿ ਉਹ ਵੈਸੇ ਹੀ ਖੂਬਸੂਰਤ ਹਨ।

ਮੈਨੂੰ ਸ਼ਰਮਿੰਦਗੀ ਹੈ ਕਿ ਆਮ ਹੀ ਅਖਬਾਰਾਂ ਵਿਚ ਏਨਾ ਕੁਝ ਹੋਰ ਲਿਖਣ ਦੇ ਬਾਵਜੂਦ, ਜਗਦੀਸ਼ ਸਿੰਘ ਹੁਰਾਂ ਦੇ ਕਈ ਵਾਰੀ ਕਹਿਣ ਉਤੇ ਵੀ, ਇਸ ਪਰਚੇ ਲਈ ਮੁੜ ਕਾਲਮ ਨਹੀਂ ਸ਼ੁਰੂ ਕਰ ਸਕਿਆ। ਅਤੇ ਧੰਨ ਹਨ ਸ੍ਰੀ ਜਗਦੀਸ਼ ਸਿੰਘ ਕਿ ਉਨ੍ਹਾ ਨਾ ਕਦੇ ਮੱਥੇ ਵੱਟ ਹੀ ਪਾਇਆ ਅਤੇ ਨਾ ਹੀ ਗੁੱਸੇ ਵਿਚ ਆ ਕੇ ਮੈਨੂੰ ਪਰਚਾ ਭੇਜਣਾ ਹੀ ਬੰਦ ਕੀਤਾ। ਕਈ ਹੋਰ ਹੁੰਦਾ ਤਾਂ ਉਸ ਨੇ ਪਰਚਾ ਜ਼ਰੂਰ ਭੇਜਣਾ ਬੰਦ ਕਰ ਦਿਤਾ ਹੁੰਦਾ। ਫਿਰ ਵੀ ਮੇਰੀ ਢੀਠਤਾਈ ਵੇਖੋ ਕਿ ਮੈਂ ਪਿਛਲੇ ਪੰਝੀ ਸਾਲਾਂ ਵਿਚ ਲਗਾਤਾਰ ਮੁਫਤਖੋਰਾ ਪਾਠਕ ਹੁੰਦੇ ਹੋਏ ਵੀ ਇਕ ਵਾਰੀ ਵੀ ਚੰਦਾ ਨਹੀਂ ਭੇਜਿਆ। ਉਦੋਂ ਵੀ ਨਹੀਂ ਜਦ ਜਗਦੀਸ਼ ਸਿੰਘ ਹੁਰੀਂ ਪਰਚੇ ਵਿਚ ਲਿਖਦੇ ਹਨ ਕਿ 'ਜਿਨ੍ਹਾਂ ਪਾਠਕਾਂ ਦਾ ਚੰਦਾ ਮੁੱਕ ਗਿਆ ਹੈ ਉਹ ਆਪਣਾ ਚੰਦਾ ਭੇਜ ਦੇਣ'। ਪਰਚਾ ਬੰਦ ਕਰਨਾ ਤਾਂ ਇਕ ਪਾਸੇ ਰਿਹਾ ਉਹਨਾਂ ਤਾਂ ਕਦੇ ਇਸ ਦੀ ਧਮਕੀ ਵੀ ਨਹੀਂ ਦਿਤੀ। ਇਸ ਤਰਾਂ ਦੇ ਸਾਊ ਸ਼ਖਸ ਲਈ ਇਹੀ ਕਾਮਨਾ, ਅਰਦਾਸ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਦੀ ਉਮਰ ਵਰ੍ਹੇ ਏਨੇ ਜ਼ਿਆਦਾ ਹੋਣ ਕਿ 'ਵਰਿਆਮ' ਪੰਜਾਹ ਸਾਲਾਂ ਦਾ ਜਨਮ ਦਿਨ ਵੀ ਮਨਾਵੇ ਅਤੇ ਜਗਦੀਸ਼ ਸਿੰਘ ਏਨੇ ਹੀ ਸਾਊ ਅਤੇ ਪਿਆਰੇ ਬਣੇ ਰਹਿਣ।

'ਵਰਿਆਮ' ਦੇ ਪੰਝੀ ਸਾਲਾਂ ਦੇ ਸਫਰ ਵਿਚ ਨਾਲ ਨਾਲ ਤੁਰਦਿਆਂ ਫ਼ਖ਼ਰ ਵੀ ਹੈ ਅਤੇ ਮੋਹ ਵੀ ਹੈ। ਨਾਲ ਨਾਲ ਅਫਸੋਸ ਵੀ ਕਿ ਸਾਊ ਅਤੇ ਪਿਆਰੇ 'ਵਰਿਆਮ' ਜੀ ਦੇ ਮੋਹ ਦਾ ਰਿਣ ਕਿਵੇਂ ਉਤਾਰਿਆ ਜਾ ਸਕੇਗਾ? ਮੇਰੇ ਕੋਲੋਂ ਵੀ ਅਤੇ ਪੰਜਾਬੀ ਜਗਤ ਕੋਲੋਂ ਵੀ।



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਅਤੇ ਜਗਦੀਸ਼ ਵਰਿਆਮ ਤੁਰੇ ਜਾ ਰਹੇ ਹਨ

ਸਤਨਾਮ ਚਾਨਾ

'ਵਰਿਆਮ' ਨਾਲ ਮੇਰਾ ਵਾਹ ਵਾਸਤਾ ਕਾਫ਼ੀ ਪੁਰਾਣਾ ਹੈ। ਇਕ ਪਾਠਕ ਵਜੋਂ ਤਾਂ ਸ਼ਾਇਦ ਸ਼ੁਰੂ ਤੋਂ ਹੀ ਹੈ ਜਦੋਂ ਇਸ ਦੀ ਪ੍ਰਕਾਸ਼ਨਾ ਅਰੰਭ ਹੋਈ ਸੀ। ਪਿਛਲੇ ਕਾਫ਼ੀ ਸਾਲਾਂ ਤੋਂ ਮੈਂ ਇਸਦਾ ਇਕ ਦਲਿਦਰੀ ਜਿਹਾ ਲੇਖਕ ਵੀ ਹਾਂ। ਇਨ੍ਹਾਂ ਦੋਵਾਂ ਮੁਦਰਾਵਾਂ ਵਿਚ ਵਿਚਰਦਿਆਂ ਮੈਨੂੰ ਇਕ ਗੱਲ ਦੀ ਸਪੱਸ਼ਟ ਸਮਝ ਪਈ ਹੈ ਅਤੇ ਇਕ ਗੱਲ ਦੀ ਬਿਲਕੁਲ ਹੀ ਸਮਝ ਨਹੀਂ ਪਈ। ਜਿਸ ਗੱਲ ਦੀ ਮੈਨੂੰ ਸਪੱਸ਼ਟ ਸਮਝ ਪਈ ਹੈ ਉਹ ਇਹ ਹੈ ਕਿ ਮੈਂ 'ਵਰਿਆਮ' ਨਾਲ ਵਿਅਕਤੀਆਂ ਕਾਰਨ ਜੁੜਿਆ ਹਾਂ। ਸ਼ੁਰੂ-ਸ਼ੁਰੂ ਵਿਚ ਖਿੱਚ ਦਾ ਕਾਰਨ ਪ੍ਰੀਤਮ ਸਿੰਘ ਕਵੀ ਸਨ ਜਿਹੜੇ ਉਸ ਸਮੇਂ ਅਵਾਮੀ ਪ੍ਰਿੰਟਿੰਗ ਪ੍ਰੈਸ ਦੇ ਮੈਨੇਜਰ ਹੁੰਦੇ ਸਨ ਅਤੇ ਬਾਦ ਵਿਚ ਇਹ ਥਾਂ ਜਗਦੀਸ਼ ਸਿੰਘ ਨੇ ਲੈ ਲਈ। ਇਹ ਜਗਦੀਸ਼ ਸਿੰਘ ਦੀ ਬੋਲਬਾਣੀ, ਸੁਭਾਅ, ਸਿਰੜ ਅਤੇ ਵਿਦਵਾਨ ਪ੍ਰਤਿਭਾ ਕਾਰਨ ਹੈ।

ਮੇਰੀ ਇਹ ਵੀ ਧਾਰਨਾ ਹੈ ਕਿ ਨਾਮਧਾਰੀ ਪ੍ਰੀਵਾਰ ਤੋਂ ਬਾਹਰ ਦੇ ਜਿਨ੍ਹੇ ਹੋਰ ਵਿਅਕਤੀ ਅਤੇ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ ਉਨ੍ਹਾਂ ਨਾਲ ਜੁੜੀਆਂ ਹੋਈਆਂ ਹਨ ਉਹ ਉਨ੍ਹਾਂ ਦੇ ਇਨ੍ਹਾਂ ਗੁਣਾਂ ਕਾਰਨ ਹੀ ਹਨ। ਇਨ੍ਹਾਂ ਵਿਦਵਾਨ ਸ਼ਖ਼ਸੀਅਤਾਂ ਵਿਚ ਬਹੁਤੇ ਨਾਸਤਿਕ ਹਨ, ਜਿਸ ਕਾਰਨ ਇਹ ਅਨੁਭਵ ਹੁੰਦਾ ਹੈ ਕਿ ਨਾਮਧਾਰੀ ਵਿਚਾਰਧਾਰਾ ਅਸਲ ਅਰਥਾਂ ਵਿਚ ਉਨ੍ਹਾਂ ਅੰਦਰ ਪ੍ਰਤੀਨਿਧ ਹੋਈ ਹੈ। ਮੈਨੂੰ ਨਾਮਧਾਰੀ ਪ੍ਰੀਵਾਰ ਦੇ ਅੰਦਰ ਵਿਚਰਨ ਦਾ ਮੌਕਾ ਨਹੀਂ ਮਿਲਿਆ, ਏਥੋਂ ਤੱਕ ਕਿ ਮੈਂ ਕਦੇ ਭੈਣੀ ਸਾਹਿਬ ਵੀ ਨਹੀਂ ਗਿਆ ਜਿਸ ਕਰਕੇ ਅੰਦਰਲੀ ਸਥਿਤੀ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪ੍ਰੰਤੂ ਬਾਹਰ ਜਗਦੀਸ਼ ਸਿੰਘ ਨੂੰ ਨਾ-ਪਸੰਦ ਕਰਨ ਵਾਲਾ ਕੋਈ ਨਹੀਂ ਹੈ। ਉਹ ਇਕ ਨਾਸਤਿਕ ਮਹਾਂਪੰਡਿਤ ਹੀ ਸੀ ਜਿਸਨੇ ਮੈਨੂੰ ਤਕਰੀਬਨ ਡੇਢ ਦਹਾਕਾ ਪਹਿਲਾ ਲਿਖਿਆ ਸੀ ਕਿ ਤੇਰੇ ਕੋਲ 'ਵਰਿਆਮ' ਤੋਂ ਲੈ ਕੇ 'ਨਵਾਂ ਜ਼ਮਾਨਾ' ਤੱਕ ਲਿਖਣ ਨੂੰ ਖੁਲ੍ਹਾ ਮੈਦਾਨ ਪਿਆ ਹੈ। ਲਿਖਿਆ ਤਾਂ ਮੈਂ ਕਦੇ ਕਦਾਈਂ ਹੀ ਪ੍ਰੰਤੂ ਫੇਰ ਵੀ ਇਕ ਬਹੁਤ ਹੀ ਮਹੱਤਵਪੂਰਨ ਅਤੇ ਇਕ ਵੇਲੇ ਸਭ ਤੋਂ ਵੱਧ ਮਕਬੂਲ ਮੈਗਜ਼ੀਨ ਦੀ ਸੰਪਾਦਿਕਾ ਨੇ ਮੈਨੂੰ ਰੋਸ ਭਰੀਆਂ ਸਤਰਾਂ ਲਿਖੀਆਂ ਕਿ ਤੈਨੂੰ 'ਵਰਿਆਮ' ਵਿਚ ਲਿਖਣ ਲਈ ਸਮਾਂ ਮਿਲ ਜਾਂਦਾ ਪਰ ਮੇਰੇ ਪਰਚੇ ਲਈ ਨਹੀਂ.......।

ਇਸ ਨਾਲ ਘੱਟ ਘੱਟ ਮੇਰਾ ਇਹ ਵਹਿਮ ਪਹਿਲੀ ਵਾਰ ਦੂਰ ਹੋਇਆ ਕਿ ਵਰਿਆਮ ਦੇ ਪਾਠਕ ਮੇਰੀਆਂ ਲਿਖਤਾਂ ਨੂੰ ਪੜ੍ਹਦੇ ਨਹੀਂ। ਦੂਜੀ ਵਾਰ ਮੇਰਾ ਵਹਿਮ ਉਸ ਸਮੇਂ ਦੂਰ ਹੋਇਆ ਜਦੋਂ ਵਰਿਆਮ ਵਿਚ ਛਪੀ ਮੇਰੀ ਇਕ ਲਿਖਤ ਉਤੇ ਮਰਹੂਮ ਸਾਹਿਤਕਾਰ ਸੁਰਜੀਤ ਖੁਰਸ਼ੀਦੀ ਨੇ ਟਿਪਣੀਆਂ ਲਿਖ ਭੇਜੀਆਂ। ਇਹ ਲਿਖਤ ਦਲਿਤ ਸਾਹਿਤ ਬਾਰੇ ਵਾਦ-ਵਿਵਾਦ ਨਾਲ ਸਬੰਧਤ ਸੀ। ਕੁਝ ਦਿਨਾਂ ਬਾਦ ਜਦੋਂ ਮੈਂ ਆਪਣੇ ਇਸ ਲੇਖ ਵਾਲੇ ਅੰਕ ਦੀਆਂ ਕੁਝ ਕਾਪੀਆਂ ਲੈਣ ਲਈ 'ਵਰਿਆਮ' ਦੇ ਦਫ਼ਤਰ ਗਿਆ ਤਾਂ ਜਗਦੀਸ਼ ਸਿੰਘ ਨੇ ਦੱਸਿਆ ਕਿ 'ਤਾਰਾ ਸਿੰਘ ਸੰਧੂ ਆਇਆ ਸੀ ਬਚੀਆਂ ਹੋਈਆਂ ਸਾਰੀਆਂ ਕਾਪੀਆਂ ਗੱਡੀ ਵਿਚ ਰੱਖ ਕੇ ਲੈ ਗਿਆ ਹੈ।' ਇਸ ਤਰ੍ਹਾਂ ਵਰਿਆਮ ਦੇ ਪਾਠਕਾਂ ਬਾਰੇ ਮੇਰੀ ਸਮਝ ਮੁੱਢ-ਸੁੱਢ ਹੀ ਬਦਲ ਗਈ। ਪ੍ਰੰਤੂ ਮੈਂ ਆਪਣੇ ਲਿਖਣ ਦੀ ਦਲਿਦਰੀ ਚਾਲ ਨਾ ਬਦਲੀ।

ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਿਹੜੀ ਗੱਲ ਦੀ ਮੈਨੂੰ ਬਿਲਕੁਲ ਸਮਝ ਨਹੀਂ ਪਈ ਉਹ ਇਹ ਹੈ ਕਿ 'ਵਰਿਆਮ' ਚਲ ਕਿਵੇਂ ਰਿਹਾ ਹੈ ਅਤੇ ਜਗਦੀਸ਼ ਸਿੰਘ ਜੀ ਰੋਟੀ ਕਿਥੋਂ ਖਾ ਰਹੇ ਨੇ। ਇਸ ਦੀ ਛਪਵਾਈ ਵਿਚ ਕਦੇ ਵਿਘਨ ਨਹੀਂ ਪਿਆ। ਹਰ ਵਾਰ ਲਗਦਾ ਹੈ ਕਿ ਦੌੜ-ਭੱਜ ਕਰਕੇ ਛਾਪ ਹੀ ਲਿਆ ਹੈ। ਜਦੋਂ ਪਰਚਾ ਸ਼ੁਰੂ ਹੋਇਆ ਸੀ ਜਗਦੀਸ਼ ਸਿੰਘ ਦੀ ਦਾੜ੍ਹੀ ਵਿਚ ਕੋਈ ਸਫ਼ੇਦ ਵਾਲ ਨਹੀਂ ਸੀ ਪ੍ਰੰਤੂ ਹੁਣ ਸ਼ਾਇਦ ਕਾਲਾ ਵਾਲ ਕੋਈ ਨਹੀਂ ਹੈ। ਦੌੜ-ਭੱਜ ਨਹੀਂ ਬਦਲੀ ਸਰੀਰ ਬਦਲ ਗਿਆ ਹੈ। ਸਿਰੜ ਨਹੀਂ ਬਦਲਿਆ ਸਿਰੜ ਨੂੰ ਪ੍ਰਗਟ ਕਰਨ ਵਾਲੇ ਚਿਹਰੇ ਦੇ ਕੰਟੂਰ ਬਦਲ ਗਏ ਹਨ। ਸਬਰ ਦਾ ਮੁਜੱਸਮਾ ਹੈ ਜਗਦੀਸ਼ ਸਿੰਘ ਜਿਸਨੂੰ ਦੇਖ ਕੇ ਮਹਿਸੂਸ ਹੁੰਦਾ ਹੈ ਕਿ 'ਦੁੱਧ ਚਿੱਟੇ ਲਿਬਾਸ' ਵਿਚ ਲਿਪਟੀ ਉਹ ਸ਼ਾਹ ਹੁਸੈਨ ਦੀ ਆਤਮਾ ਹੈ ਜਿਹੜੀ ਕਹਿ ਰਹੀ ਹੈ ਭੱਠ ਪਏ ਤੇਰੀ ਚਿੱਟੀ ਚਾਦਰ ਚੰਗੀ ਫ਼ਕੀਰਾਂ ਦੀ ਭੂਰੀ।

ਪ੍ਰਤੀਬੱਧਤਾ ਇਕ ਅਜੇਹੀ ਸੂਈ ਹੈ ਜਿਸ ਉਪਰ ਆਪਣੇ ਆਪ ਨੂੰ ਖੁਦ ਟੰਗਿਆ ਜਾਂਦਾ ਹੈ। ਇਸ ਤੋਂ ਹੇਠਾਂ ਉਤਰਨ ਦੀ ਕੋਈ ਤਰਕੀਬ ਨਹੀਂ ਹੈ ਇਸ ਤੋਂ ਕੇਵਲ ਡਿੱਗਿਆ ਜਾ ਸਕਦਾ ਹੈ। ਪ੍ਰਤੀਬੱਧਤਾ ਦਾ ਹੀ ਦੂਜਾ ਨਾਮ 'ਪੁਰਸਲਾਤ' ਹੈ ਜਿਸ ਨੂੰ ਪਾਰ ਕਰਦੇ ਸਮੇਂ ਸਵੈ ਤੋਂ ਬਿਨਾਂ ਕੋਈ ਸਹਾਰਾ ਨਹੀਂ ਹੁੰਦਾ।

ਜਗਦੀਸ਼ ਸਿੰਘ ਅਤੇ 'ਵਰਿਆਮ' ਤੁਰੇ ਜਾ ਰਹੇ ਨੇ।



Sri Satguru Jagjit Singh Ji eLibrary NamdhariElibrary@gmail.com

# ਸਾਰਥਕ ਜ਼ਿੰਦਗੀ ਦਾ ਪ੍ਰਤੀਕ

ਨਰਿੰਜਨ ਸਿੰਘ ਸਾਥੀ

ਕਈ ਸਾਲ ਪਹਿਲਾਂ ਦੀ ਗੱਲ ਹੈ ਕਿ ਇਕ ਥਾਂ 'ਤੇ ਰਸਾਲਾ 'ਵਰਿਆਮ' ਉਤੇ ਨਜ਼ਰ ਪਈ। ਸੋਚਿਆ, ਸ਼ਾਇਦ ਖਿਡਾਰੀਆਂ, ਪਹਿਲਵਾਨਾਂ ਦਾ ਕੋਈ ਮੈਗਜ਼ੀਨ ਹੋਵੇਗਾ। ਪਰ ਕੁਝ ਸਮਾਂ ਮਗਰੋਂ ਜਦੋਂ ਵਰਿਆਮ ਨੂੰ ਅੰਦਰੋਂ ਵੇਖਣ ਦਾ ਮੌਕਾ ਮਿਲਿਆ ਤਾਂ ਪਤਾ ਲੱਗਾ ਕਿ ਇਹ ਵਰਿਆਮ, ਅਖਾੜੇ ਦੇ ਪਹਿਲਵਾਨਾਂ ਵਾਲਾ ਵਰਿਆਮ ਨਹੀਂ ਸਗੋਂ ਸੋਚ ਦੇ ਖੇਤਰ ਵਿਚ ਜੂਝਣ ਵਾਲੇ ਸੂਰਮਿਆਂ ਦਾ ਵਰਿਆਮ ਹੈ, ਜਿਵੇਂ ਗੁਰੂ ਅਮਰ ਦਾਸ ਜੀ ਨੇ ਕਿਹਾ ਹੈ—

ਸੇ ਸੂਰਾ ਵਰਿਆਮ
ਜਿਨੀ ਵਿਚਹੁ ਦੁਸ਼ਟੁ ਅਹੰਕਰੁਣ ਮਾਰਿਆ॥

ਗੁਰੂ ਸਾਹਿਬਾਨ ਨੇ ਭਾਰਤੀ ਸਭਿਆਚਾਰ ਨੂੰ ਇਹ ਸੰਕਲਪ ਦਿੱਤਾ ਕਿ ਕੇਵਲ ਰਣ-ਖੇਤਰ ਵਿਚ ਜੂਝਣ ਵਾਲੇ ਹੀ ਸੂਰਮੇ ਨਹੀਂ ਹੁੰਦੇ, ਸਗੋਂ ਮਨ-ਖੇਤਰ ਦੇ ਸੰਗਰਾਮੀਏਂ ਵੀ, ਜੋ ਮਾਨਵ ਜਾਤੀ ਨੂੰ ਨਵੀਆਂ ਸੋਚਾਂ, ਨਵੇਂ ਰਾਹ ਅਤੇ ਨਵੀਆਂ ਮੰਜ਼ਲਾਂ ਦੀ ਟੋਹ ਦਿੰਦੇ ਹਨ, ਉਹ ਵੀ ਖੇਤਰ ਦੇ ਘੁਲਾਟੀਏ ਅਤੇ ਵਰਿਆਮ ਹੁੰਦੇ ਹਨ।

ਸ. ਜਗਦੀਸ਼ ਸਿੰਘ ਨੇ ੨੫ ਸਾਲ ਪਹਿਲਾਂ ਇਸ 'ਵਰਿਆਮ' ਦੀ ਸ਼ੁਰੂਆਤ ਕੀਤੀ ਅਤੇ ਉਸ ਦੀ ਵਰਿਆਮਗੀ ਦਾ ਇਹ ਸਬੂਤ ਹੈ ਕਿ ਇਕ ਵਾਰ ਰਣ ਵਿਚ ਰੱਖਿਆ ਪੈਰ ਮੁੜ ਪਿਛਾਂਹ ਨਹੀਂ ਕੀਤਾ। ਚੌਥਾਈ ਸਦੀ ਤੋਂ ਵਰਿਆਮ ਸੁਹਣੀ ਤੋਂ ਸੁਹਣੀ ਦਿੱਖ ਵਿਚ ਹਰ ਮਹੀਨੇ ਸਾਡੇ ਪਾਸ ਪੁਹੰਚ ਰਿਹਾ ਹੈ। ਵਰਿਆਮ ਉਨ੍ਹਾਂ ਨਾਮਧਾਰੀ ਸੂਰਬੀਰ ਸ਼ਹੀਦਾਂ ਦਾ ਵਾਰਸ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ, ਦਹਾੜਦੀਆਂ ਤੋਪਾਂ ਦੇ ਸਾਹਮਣੇ ਖੜੇ ਕੇ ਬੜੇ ਚਾਅ ਨਾਲ ਸ਼ਹੀਦਆਂ ਪ੍ਰਾਪਤ ਕੀਤੀਆਂ। ਸੰਨ ੧੮੪੯ ਵਿੱਚ ਜਦੋਂ ਪੰਜਾਬ ਆਪਣੀ ਸੁਤੰਤਰਤਾ ਤੋਂ ਵਾਂਧਾ ਹੋ ਗਿਆ ਤਾਂ ਭਾਈ ਮਹਾਰਾਜ ਸਿੰਘ ਤੋਂ ਬਾਅਦ ਭੈਣੀ ਸਾਹਿਬ ਵਾਲੇ ਬਾਬਾ ਰਾਮ ਸਿੰਘ ਜੀ ਨੇ ਪੰਜਾਬ ਦੀ ਆਜ਼ਾਦੀ ਦਾ ਪਰਚਮ ਇਕ ਵਾਰ ਫੇਰ ਲਹਿਰਾ ਦਿੱਤਾ। ਛੇਤੀ ਹੀ ਪੰਜਾਬ-ਸੁਤੰਤਰਤਾ ਦੀ ਇਹ ਨਾਮਧਾਰੀ ਲਹਿਰ ਭਾਰਤ ਦੀ ਆਜ਼ਾਦੀ ਦਾ ਸੰਗਰਾਮ ਬਣ ਗਈ। ਨਾਮਧਾਰੀ ਸੂਰਬੀਰਾਂ ਨੇ ਇਸ ਤਰ੍ਹਾਂ ਕੁਰਬਾਨੀਆਂ ਦਿੱਤੀਆਂ ਕਿ 'ਨਾਮਧਾਰੀ' ਸ਼ਬਦ 'ਦੇਸ਼ ਭਗਤੀ' ਦਾ ਸਮ-ਅਰਥੀ ਹੋ ਗਿਆ। ਮਾਸਕ ਵਰਿਆ ਗੌਰਵਮਈ ਨਾਮਧਾਰੀ ਇਤਿਹਾਸ ਦਾ ਦਰਪਨ ਹੈ।

ਵਰਿਆਮ ਦੇ ਬਾਨੀ ਸ. ਜਗਦੀਸ਼ ਸਿੰਘ ਨੂੰ ਨਾਮਧਾਰੀ ਸੰਪਰਦਾਇ ਤੋਂ ਇਲਾਵਾ ਸਾਹਿੱਤਕਾਰਾਂ, ਸ਼ਾਇਰਾਂ ਅਤੇ ਸੰਗੀਤਕਾਰਾਂ ਦੀ ਸੰਗਤ ਬਹੁਤ ਪਿਆਰੀ ਹੈ। ਇਹ ਚੀਜ਼ਾਂ ਪੰਜਾਬੀ ਸਭਿਆਚਾਰ ਦਾ ਅਨਿੱਖੜ ਅੰਗ ਹਨ। ਇਸ ਲਈ ਵਰਿਆਮ ਵਿਚ ਸਾਹਿੱਤ ਅਤੇ ਸਭਿਆਚਾਰ ਨਾਲ ਸਬੰਧਿਤ ਬਹੁਤ ਸਾਰਥਕ ਸਮਗਰੀ ਵੀ ਪ੍ਰਕਾਸ਼ਿਤ ਹੁੰਦੀ ਹੈ। ਅੱਜ ਕੱਲ੍ਹ ਭਾਰਤ ਦੀ ਕੌਮੀ ਪੱਤਰਕਾਰੀ ਚਾਹੇ ਉਹ ਅੰਗਰੇਜ਼ੀ ਦੀ ਹੈ ਜਾਂ ਹੋਰ ਭਾਰਤੀ ਭਾਸ਼ਾਵਾਂ ਦੀ, ਆਧੁਨਿਕਤਾ ਦੇ ਬਹਾਨੇ ਨਾਲ ਪੂਰੀ ਤਰ੍ਹਾਂ ਪੱਛਮੀ ਰੂਪ ਵਿਚ ਢਲ ਗਈ ਹੈ। ਇੰਜ ਲਗਦਾ ਹੈ, ਜਿਵੇਂ ਸਭ ਕੁਝ ਔਰਤ ਅਤੇ ਖਾਣ-ਪੀਣ ਪਹਿਨਣ ਦੇ ਵਿਸ਼ਿਆ ਉਹੋ ਹੀ ਕੇਂਦਰਤ ਹੋ ਗਿਆ ਹੈ ਅਤੇ ਭਾਰਤੀ ਸਭਿਆਚਾਰ ਨੇ 'ਖਾਓ ਪੀਓ, ਐਸ਼ ਕਰੋ' ਦੇ ਪੱਛਮੀ ਸਿਧਾਂਤ ਨੂੰ ਅਪਣਾ ਲਿਆ ਹੈ। ਪੱਤਰਕਾਰੀ ਦੇ ਇਸ ਰੂਪ ਨੂੰ ਨਵੀਨ ਸ਼ਬਦਾਵਲੀ ਵਿਚ ਸ਼ਾਇਦ ਖਪਤਕਾਰੀ ਸਾਹਿੱਤ ਕਹਿੰਦੇ ਹਨ। ਸਾਡੀ ਪੱਤਰਕਾਰੀ ਦਾ ਮੂੰਹ-ਮੁਹਾਂਦਰਾ ਵਿਗੜ ਕੇ ਬੇਪਛਾਣ ਹੋ ਗਿਆ ਹੈ। ਮਾਨਵ-ਹਿੱਤਕਾਰੀ ਕਦਰਾਂ-ਕੀਮਤਾਂ ਦੀ ਕੋਈ ਪੁਛ-ਪ੍ਰਤੀਤ ਨਹੀਂ ਰਹੀ। ਐਸੀ ਹਾਲਤ ਵਿਚ ਜੇ ਸਾਨੂੰ ਕੋਈ ਇਹ ਯਾਦ ਕਰਾਵੇ ਕਿ ਕੇਵਲ ਖਾਣਾ-ਪੀਣਾ, ਸੌਣਾ ਤੇ ਮਰ ਜਾਣਾ ਹੀ ਜ਼ਿੰਦਗੀ ਨਹੀਂ ਹੁੰਦਾ, ਮਨੁੱਖੀ ਜੀਵਨ ਦਾ ਲਕਸ਼, ਜੀਵਨ ਦੀਆਂ ਸਾਫ਼ ਸੁਥਰੀਆਂ ਸਦਾਚਾਰਕ, ਸਾਰਥਕ, ਉਸਾਰੂ ਅਤੇ ਸਰਵ-ਉੱਚ ਕਦਰਾਂ ਕੀਮਤਾਂ ਨੂੰ ਅਪਣਾ ਕੇ ਪਰਮ ਮਨੁੱਖ ਬਣਨਾ ਹੈ ਅਤੇ ਮਨੁੱਖ ਦੇ ਇਸ ਨਿਵਾਸ-ਅਸਥਾਨ ਧਰਤੀ ਨੂੰ ਵਧੇਰੇ ਸੁੰਦਰ ਤੇ ਨਿਵਾਸ ਯੋਗ ਬਣਾਉਣਾ ਹੈ, ਤਾਂ ਤੱਤੀ ਲੂ ਵਿਚ ਇਹ ਸੁਨੇਹਾ ਸਾਨੂੰ ਸਾਉਣ ਦੇ ਠੰਢੇ-ਠਾਰ ਬੁੱਲੇ ਵਾਂਗ ਲਗੇਗਾ। ਇਹੀ ਕੰਮ ਮਾਸਕ ਪੱਤਰ ਵਰਿਆਮ ਕਰ ਰਿਹਾ ਹੈ। ਵਰਿਆਮ ਸਾਨੂੰ ਧਰਮ, ਸਾਹਿਤ, ਸਭਿਆਚਾਰ ਅਤੇ ਇਤਿਹਾਸ ਦੇ ਉਚ-ਮੰਡਲਾਂ ਵਿਚ ਉਡਾਰੀਆਂ ਲੁਆਉਂਦਾ ਹੈ।

ਵਰਿਆਮ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ, ਤਾਂ ਜੋ ਗੰਧਲੇ ਸਭਿਆਚਾਰ ਅਤੇ ਖੱਪਤਕਾਰੀ ਪੱਤਰਕਾਰੀ ਦੀ ਖੋਖਲੀ ਚਮਕ-ਦਮਕ ਵਿਚ ਕੋਈ ਤਾਂ 'ਹਰਾ ਬੂਟਾ' ਖੜ੍ਹਾ ਰਹਿ ਸਕੇ।

ਮਾਸਕ ਵਰਿਆਮ ਦਾ ਸੁਭਾਅ ਆਪਣੇ ਸੰਪਾਦਕ ਸ. ਜਗਦੀਸ਼ ਸਿੰਘ ਵਰਗਾ ਹੀ ਹੈ ਸਾਊ, ਸਾਦਾ, ਸੁਹਿਰਦ, ਸੰਤੁਲਿਤ, ਮਿੱਠਬੋਲੜਾ ਅਤੇ ਕੋਮਲ ਕਲਾ ਨੂੰ ਸਮਰਪਿਤ। ਪੰਝੀ ਸਾਲਾਂ ਦੇ ਪੱਕੇ ਪੀਡੇ ਨਿਰੰਤਰ ਸਾਥ ਨੇ ਜਗਦੀਸ਼ ਸਿੰਘ ਅਤੇ ਵਰਿਆਮ ਨੂੰ ਉੱਕਾ ਹੀ ਇਕ-ਮਿਕ ਕਰ ਦਿੱਤਾ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਇਹ ਦੋਵੇਂ ਤਾ-ਜ਼ਿੰਦਗੀ ਇਕੱਠੇ ਤੁਰਦੇ ਰਹਿਣ।



Sri Satguru Jagjit Singh Ji eLibrary NamdhariElibrary@gmail.com

# ਮਿੱਟੀ ਦੀ ਮਹਿਕ ਖਲਾਰਦਾ ਵਰਿਆਮ

ਤਾਰਾ ਸਿੰਘ ਅਨਜਾਣ

ਆਪਣੇ ਪਿੰਡੇ ਤੇ ਹੰਢਾਏ ੨੫ ਵਰ੍ਹਿਆਂ ਵਿਚ ਵਰਿਆਮ ਨੇ ਪੰਜਾਬੀ ਭਾਸ਼ਾ ਸਾਹਿਤ ਤੇ ਸਭਿਆਚਾਰ ਦੀ ਮਹਿਕ ਵੰਡੀ ਹੈ। ਬੇਸ਼ਕ ਬੱਚੇ ਨੂੰ ਆਪਣੀ ਵੱਧਦੀ ਸ਼ਕਤੀ ਦਾ ਅਹਿਸਾਸ ਨਹੀਂ ਹੁੰਦਾ ਪਰ ਉਸਦੇ ਪਾਲਣਹਾਰੇ ਨੂੰ ਪਤਾ ਹੀ ਹੁੰਦਾ ਹੈ ਕਿ ਉਹ ਉਸ ਨੂੰ ਕੀ ਬਣਾਉਣਾ ਚਾਹੁੰਦਾ ਹੈ। ਸੋ ਉਹ ਉਸੇ ਸੇਧ ਹੀ ਤੁਰਦਾ ਤੇ ਤੋਰਦਾ ਹੈ।

ਸ. ਜਗਦੀਸ਼ ਸਿੰਘ ਹੁਰਾਂ ੧੯੭੫ ਈ. ਵਿਚ ਜਦੋਂ ਇਹ ਪਰਚਾ ਕੱਢਿਆ ਸੀ ਤਾਂ ਉਹਨਾਂ ਸਾਹਮਣੇ ਸਾਫ ਸੁਥਰੀਆਂ ਉਸਾਰੂ ਕਦਰਾਂ ਕੀਮਤਾਂ ਸਨ। ਉਹਨਾਂ ਦੇ ਸੰਚਾਰ ਲਈ ਉਹ ਆਪਣਾ ਹਿੱਸਾ ਪਾਉਣ ਦਾ ਮਨ ਬਣਾ ਚੁੱਕੇ ਸਨ। ਉਹਨਾਂ ਨੂੰ ਵਿਰਸੇ ਵਿਚ ਮਿਲਿਆ ਨਾਮਧਾਰੀ ਪੁਣਾ ਉਹਨਾਂ ਦਾ ਰਾਹ ਸਰਲ ਕਰ ਰਿਹਾ ਸੀ। ਕਿਉਂਕਿ ਉਹਨਾਂ ਦਾ ਸਵਛ ਸਫੈਦ ਬਾਣਾ, ਉਹਨਾਂ ਦਾ ਧੀਰਜਵਾਨ ਤੋਲ ਕੇ ਬੋਲਿਆ ਬੋਲ ਤੇ ਉਹਨਾਂ ਦੀ ਦੇਸ਼ ਭਗਤੀ, ਲੋਕਹਿਤ ਦੀ ਸਿਆਹੀ ਨਾਲ ਪੈਲਾਂ ਪਾਉਂਦੀ ਕਲਮ, ਪਰਚੇ ਦੇ ਕਰਮ ਲਿਖਦੀ ਰਹੀ।

ਇਸ ਲੇਖ ਵਿਚ, ਵਰਿਆਮ ਦੇ ਕੇਵਲ ਇਕ ਵਰ੍ਹੇ ੧੯੮੫ ਈ. ਦੇ ਪਰਚਿਆਂ ਉੱਤੇ ਪਾਈ ਝਾਤ ਨੂੰ ਹੀ ਅਧਾਰ ਬਣਾ ਕੇ ਕਲਮ ਚਲਾਈ ਗਈ ਹੈ। ਇਹ ਵਰ੍ਹਾ ਵੰਨਗੀ ਵੀ ਕਿਸੇ ਵਿਉਂਤੀ ਗਈ ਤਰਤੀਬ ਨੂੰ ਧਿਆਨ ਵਿਚ ਰੱਖਕੇ ਨਹੀਂ ਲਈ ਗਈ, ਸਗੋਂ ਸਹਿਜੇ ਹੀ ਦਾਲ ਵਿਚੋਂ ਦਾਣਾ ਟੋਹਣ ਲਈ ਲਈ ਗਈ ਹੈ। ਤਾਂਕਿ ਇਸ ਉੱਤੇ ਪਾਈ ਝਾਤ ਸਮੇਂ ਵਸਤੂਪਰਕ ਰਿਹਾ ਜਾ ਸਕੇ।

ਇਸ ਸਾਲ ਦੇ ਅੰਕਾਂ ਨੂੰ ਪੜ੍ਹ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਸੰਪਾਦਕ ਸ. ਜਗਦੀਸ਼ ਸਿੰਘ ਨਾਮਧਾਰੀਆਂ ਦਾ ਢੰਡੋਰਚੀ ਹੈ ਪਰ ਉਸ ਦਾ ਘੇਰਾ ਵਿਸ਼ਾਲ ਹੈ। ਵਰਤਮਾਨ ਸਮੇਂ ਦੇ ਧਾਰਮਿਕ ਆਗੂਆਂ ਵਿਚੋਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਉਸਦੇ ਅਧਿਆਤਮਿਕ ਰਹਿਨੁਮਾ ਹਨ। ਉਹਨਾਂ ਦੇ ਦੌਰਿਆਂ, ਸਮਾਗਮਾਂ ਦੇ ਕਲਮੀ ਚਿੱਤਰ ਇਸ ਪਰਚੇ ਵਿਚ ਪੇਸ਼ ਕੀਤੇ ਜਾਂਦੇ ਹਨ। ਨਾਲ ਹੀ ਪੰਜਾਬੀ ਸਹਿਤ ਦੇ ਦੇਸ਼ ਵਿਦੇਸ਼ ਵਿਚ ਵਸੇ ਸਾਹਿਤਕਾਰਾਂ ਦੀਆਂ ਰਚਨਾਵਾਂ ਇਸ ਮਾਸਿਕ ਪੱਤਰ ਨੂੰ ਸ਼ਿੰਗਾਰਦੀਆਂ ਰਹੀਆਂ ਹਨ। ਪਰ ਸੰਪਾਦਕ ਨਾ ਸਮੇਂ ਦੇ ਪ੍ਰਭਾਵ ਤੋਂ ਅਣਭਿੱਜ ਹੈ, ਨਾ ਅੱਖਾਂ ਮੀਟਦਾ ਹੈ, ਸਗੋਂ ਸਮਕਾਲੀ ਸਮਸਿਆਵਾਂ ਸੰਬੰਧੀ ਢੁਕਵੀਂ ਲੋੜੀਂਦੀ ਟਿੱਪਣੀ ਕਰਦਾ ਹੈ ਅਤੇ ਸੰਪਦਾਕੀ ਰਾਹੀਂ ਆਪਣਾ ਪੱਖ ਉਜਾਗਰ ਕਰਦਾ ਹੈ।

ਵਰਿਆਮ ਆਪਣੇ ਪਾਠਕਾਂ ਨੂੰ ਦੇਸ਼ ਤੇ ਕੌਮ ਦੇ ਸ਼ਾਨਾਂਮਤੇ, ਹੋਣੀਆਂ ਭਰੇ ਇਤਿਹਾਸ ਨਾਲ ਜੋੜੀ ਰੱਖਦਾ ਹੈ। ੧੯੮੫ ਦੇ ਟਾਈਟਲ ਕਵਰ ਹੀ ਉਸ ਵਿਚਲੀ ਸਮੱਗਰੀ ਦਾ ਸ਼ੀਸ਼ਾ ਹਨ। ਉਸ ਉੱਤੇ ਛਪੀ ਸਤਿਗੁਰੂ ਰਾਮ ਸਿੰਘ, ਸਤਿਗੁਰੂ ਬਾਲਕ ਸਿੰਘ, ਜਲਿਆਂ ਵਾਲੇ ਬਾਗ, ਸੰਤ ਹਰਚੰਦ ਸਿੰਘ ਲੋਂਗੋਵਾਲ, ਸਤਿਗੁਰੂ ਜਗਜੀਤ ਸਿੰਘ ਦੀ ਤਸਵੀਰ ਅਤੇ ਮਹਾਤਮਾ ਗਾਂਧੀ, ਗੁਰੂ ਨਾਨਕ ਸਾਹਿਬ ਸੰਬੰਧੀ ਲੇਖ, ਸਬੰਧਤ ਮਹੀਨੇ ਦੇ ਅੰਕ ਵਿਚ ਪ੍ਰਕਾਸ਼ਿਤ ਸਮਗਰੀ, ਪਾਠਕ ਨੂੰ ਉਸ ਹਸਤੀ ਅਤੇ ਇਤਿਹਾਸ ਦੇ ਘੇਰੇ ਵਿਚ ਲੈ ਜਾਂਦੀ ਹੈ।

ਟਾਈਟਲ ਤੋਂ ਬਾਅਦ, ਸੰਪਾਦਕੀ, ਕਲਮਕਾਰਾਂ ਤੇ ਆਮ ਲੋਕਾਂ ਨੂੰ ਸੰਪਾਦਕ ਦੇ ਨਰੋਏ ਵਿਚਾਰਾਂ ਨਾਲ ਜੁੜਨ ਲਈ ਟੁੰਬਦਾ ਹੈ। ਕੁਝ ਟੂਕਾਂ ਹਨ :

– ਸਤਿਗੁਰੂ ਰਾਮ ਸਿੰਘ ਦੀ ਦੇਣ ਬਗੈਰ ਵਿਤਕਰੇ ਦੇ ਸੀ। ਆਓ ਅਸੀਂ ਸੰਕੀਰਨਤਾ ਦੀਆਂ ਕੰਧਾਂ ਨੂੰ ਤੋੜਕੇ ਆਪਣੇ ਸਰਬ ਸਾਂਝੇ ਵਿਰਸੇ ਨੂੰ ਅਪਣਾਈਏ। ਫਰਵਰੀ

-ਦਿੱਲੀ ਪਿਛਲੇ ਦਿਨੀਂ ਮੁੜ ਇਕ ਵਾਰੀ ਅਤਿ ਦੇ ਦੁਖਦਾਈ ਅਤੇ ਭਿਆਨਕ ਦੌਰ ਵਿਚੋਂ ਲੰਘੀ ਹੈ। ਅਜੇ ਦਿੱਲੀ ਮੁੜ ਆਪਣੇ ਪੈਰਾਂ ਤੇ ਖਲੋਣ ਦੇ ਜਤਨ ਵਿਚ ਹੈ। ਅਜਿਹੇ ਨਾਜ਼ਕ ਸਮੇਂ ਵਿਚ ਨਾਮਧਾਰੀ ਹੋਲਾ ਮਹੱਲਾ ਇਕ ਆਸ਼ਾ ਦੀ ਕਿਰਨ, ਇਕ ਅਮਨ ਸ਼ਾਂਤੀ ਦੇ ਸੁਖ ਸੁਨੇਹੇ ਵਾਂਗ ਲਗਦਾ ਹੈ। *ਮਾਰਚ*



Sri Satguru Jagjit Singh Ji eLibrary NamdhariElibrary@gmail.com

-ਸਾਡੀ ਕਾਮਨਾ ਹੈ ਕਿ ਸੰਨ ੧੯੮੫ ਦੀ ਵਿਸਾਖੀ ਖੁਸ਼ਹਾਲੀ, ਏਕਤਾ ਅਤੇ ਸਾਂਝੇ ਖੂਨ ਦੀ ਮਹਾਨਤਾ ਨੂੰ ਮੁੜ ਸਥਾਪਤ ਕਰੇ। ਵਿਨਾਸ਼, ਵਿਖੇਪਤਾ ਅਤੇ ਮੰਦਹਾਲੀ ਦੇ ਬੀਜ ਨਾਸ ਹੋ ਜਾਣ। *-ਅਪ੍ਰੈਲ*

- ਅਕਾਲੀ ਦਲ ਹਿੰਸਾ ਦਾ ਵਿਰੋਧ ਵੀ ਕਰਦਾ ਹੈ, ਅਤਿਵਾਦ ਦੇ ਖਿਲਾਫ ਵੀ ਹੈ ਅਤੇ ਦੇਸ਼ ਦੀ ਅਖੰਡਤਾ ਦਾ ਹਾਮੀ ਵੀ ਹੈ ਪਰ ਨਾਲ ਹੀ ਉਹ ਹਿੰਸਾਕਾਰੀਆਂ ਦਾ ਵਕੀਲ ਅਤੇ ਪ੍ਰਸੰਸਕ ਵੀ ਹੈ। *-ਮਈ*

- ਅਸੀਂ ਸਮਝਦੇ ਹਾਂ ਕਿ ਦੇਸ਼ ਵਿਚ ਗੜਬੜੀ ਅਤੇ ਦਹਿਸ਼ਤ ਫੈਲਾਉਣ ਵਿਚ ਜਿਸ ਪਾਰਟੀ ਜਾਂ ਵਿਅਕਤੀ ਦਾ ਮਾੜਾ ਜਿਹਾ ਵੀ ਹੱਥ ਹੋਵੇ। ਉਸਨੂੰ ਸਿਝਣਾ ਸਰਕਾਰ ਦਾ ਕੰਮ ਹੋਣਾ ਚਾਹੀਦਾ ਹੈ। *-ਜੂਨ*

- ਪੰਜਾਬ ਸਮਝੌਤੇ ਬਾਰੇ ਸਮੁੱਚੇ ਲੋਕਾਂ ਦਾ ਪ੍ਰਤੀਕਰਮ ਬਹੁਤ ਵਧੀਆ ਸੀ। ਸਰਕਾਰ ਦੇ ਕੱਟੜ ਵਿਰੋਧੀ ਹਲਕਿਆਂ ਵਿਚ ਵੀ ਸਮਝੌਤੇ ਦਾ ਸਵਾਗਤ ਹੋਇਆ ਅਤੇ ਇੰਜ ਲਗਦਾ ਸੀ ਜਿਵੇਂ ਪੰਜਾਬ ਦੁੱਖਾਂ ਕਲੇਸ਼ਾਂ ਤੋਂ ਮੁਕਤ ਹੋ ਗਿਆ ਹੈ। -ਅਗਸਤ

- ਸਾਨੂੰ ਖੁਸ਼ੀ ਹੈ ਕਿ ਪੰਜਾਬ ਦੇ ਲੋਕਾਂ ਨੇ ਅਮਨ-ਏਕਤਾ ਦੀ ਭਾਵਨਾ ਨੂੰ ਨਿਸ਼ੰਗ ਹੋ ਕੇ ਪੰਜਾਬ ਚੋਣਾਂ ਵਿਚ ਆਵਾਜ਼ ਦਿੱਤੀ ਹੈ ਅਤੇ ਇਹਨਾਂ ਭਾਵਨਾਵਾਂ ਦੀ ਜਿੱਤ ਹੋਈ ਹੈ। *-ਅਕਤੂਬਰ*

- ਅੱਜ ਗਿਆਰਵੇਂ ਵਰ੍ਹੇ ਵਿਚ ਪੈਰ ਧਰਦਿਆਂ ਅਸੀਂ ਸਭ ਪਾਠਕਾਂ, ਦਾਇਕ ਸਹਿਯੋਗੀਆਂ, ਲੇਖਕ ਮਿੱਤਰਾਂ ਦਾ ਧੰਨਵਾਦ ਕਰਦੇ ਹਾਂ ਅਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਵਰਿਆਮ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣ। *-ਨਵੰਬਰ*

ਇਸ ਸਾਲ ਦੇ ਸੰਪਾਦਕੀ ਪੜ੍ਹਿਆਂ ਪਤਾ ਲੱਗਦਾ ਹੈ ਕਿ ਪਰਚੇ ਦੀ ਲੋਕਾਂ ਨਾਲ ਸਾਂਝ ਹੈ ਤੇ ਸਾਂਝ ਉਸ ਨਾਮਧਾਰੀ ਮਿਸ਼ਨ ਨਾਲ ਹੈ ਜੋ ਭਾਰਤ ਦੀ ਆਜ਼ਾਦੀ ਦਾ ਵਕੀਲ ਸੀ। ਜਿਹਨਾਂ ਦਾ ਰਹਿਨੁਮਾ ਆਜ਼ਾਦੀ ਦਾ ਮਾਲਕ ਹੈ, ਉਸ ਦੀ ਲੋਕਾਂ ਨਾਲ ਸਾਂਝ ਸੀ। ਅੱਜ ਵੀ ਇਸ ਪਰਚੇ ਦੇ ਸੰਪਾਦਕ ਦੀ ਸਾਂਝ ਲੋਕਾਂ ਨਾਲ ਹੈ। ਉਹ ਉਹਨਾਂ ਦੇ ਦੁੱਖ ਦਰਦ ਦਾ ਭਾਈਵਾਲ ਹੈ।

ਫਰਵਰੀ ਦੇ ਪਰਚੇ ਨੂੰ ਸਤਿਗੁਰੂ ਰਾਮ ਸਿੰਘ ਦੀ ਵਿਚਾਰਧਾਰਾ ਉੱਤੇ ਕੇਂਦਰਿਤ ਕੀਤਾ ਗਿਆ ਹੈ। ਉਸ ਬਾਰੇ ਸਿੱਖ ਵਿਦਵਾਨਾਂ, ਪੰਥਕ ਕਵੀਆਂ, ਪੰਡਤ ਜਵਾਹਰ ਲਾਲ ਨਹਿਰੂ, ਡਾ. ਰਜਿੰਦਰ ਪ੍ਰਸਾਦ, ਮਾ. ਤਾਰਾ ਸਿੰਘ, ਸ਼ਹੀਦ ਭਗਤ ਸਿੰਘ ਆਦਿ ਦੇਸ਼ ਭਗਤਾਂ ਅਤੇ ਇਤਿਹਾਸਕਾਰਾਂ ਦੇ ਲੇਖ ਛਾਪੇ ਗਏ ਹਨ।

ਇਹਨਾਂ ਤੋਂ ਬਿਨਾਂ ਖਵਾਜਾ ਅਹਿਮਦ ਅਬਾਸ ਦੀ ਬਿਹਾਰੀਆਂ ਦੇ ਸਰਦੀ ਨਾਲ ਮਰਨ ਦੀ ਕਹਾਣੀ ਵਿਚ ਵਿਅੰਗ ਹੈ, "ਉਹਨਾਂ ਨੂੰ ਤਾਂ ਇਹੋ ਹੀ ਪੁਗਦਾ ਹੈ ਕਿ ਨਿਤ ਘਟਦੇ ਠੰਡੇ ਤਾਪਮਾਨ ਨਾਲ ਮਰ ਜਾਣ।"

ਮਾਰਚ ਦਾ ਪਰਚਾ ਦਿੱਲੀ ਦੇ ਨਾਮਧਾਰੀ ਹੋਲੇ ਮਹੱਲੇ ਬਾਰੇ ਸੂਚਨਾ ਦਿੰਦਾ ਹੈ। ਹੋਲਿਆ ਬਾਰੇ ਲੇਖ ਤੇ ਤਸਵੀਰਾਂ ਛਾਪਕੇ ਦਿਲਚਸਪੀ ਪੈਦਾ ਕਰਦਾ ਹੈ। ਸੰਤ ਹਰਭਜਨ ਸਿੰਘ ਦੀ ਬਿਸਕਟ ਫੈਕਟਰੀ ਦਾ ਸ੍ਰੀ ਸਤਿਗੁਰੂ ਜੀ ਦੁਆਰਾ, ਉਦਘਾਟਨ ਕੀਤੇ ਜਾਣ ਦਾ ਵਰਨਣ ਹੈ। ਅਮਰੀਕਾ ਦੇ ਇਕ ਪ੍ਰੋਫੈਸਰ ਦੀ ਖੋਜ ਕਿ ਇੰਦਰਾ ਗਾਂਧੀ ਕਦੋਂ ਮਰੇ ਤਾਂ ਭਾਰਤ ਵਿਚ ਵੱਧ ਡਾਵਾਂ-ਡੋਲਤਾ ਆਵੇਗੀ ਬਾਰੇ, ਜਗਜੀਤ ਸਿੰਘ ਅਨੰਦ ਦਾ ਖੋਜ ਭਰਪੂਰ ਲੇਖ ਦਿਮਾਗ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਇਸ ਵਿਚ ਮਸ਼ਹੂਰ ਪਾਕਿਸਤਾਨੀ ਕਵੀ ਫੈਜ਼ ਅਹਿਮਦ ਫੈਜ਼ ਦੀ ਗਜ਼ਲ ਹੈ ਜੋ ਆਸ਼ਾਵਾਦੀ ਹੈ ਕਿ

ਅਬ ਟੂਟ ਗਿਰੇਗੀ ਜ਼ੰਜੀਰੇਂ ਅਬ ਜ਼ਿੰਦਾਨੋਂ ਕੀ ਖੈਰ ਨਹੀਂ,
ਜੋ ਦਰੀਆ ਝੂਮ ਕੇ ਉਠੇ ਹੈਂ ਤਿਨਕੋਂ ਸੇ ਨ ਟਾਲੇ ਜਾਏਂਗੇ।

ਇਸ ਵਿਚ ਪ੍ਰੀਤਮ ਸਿੰਘ ਕਵੀ ਜੀ ਦੀ ਲੰਮੀ ਰਚਨਾ ਬੀਤੇ ਦੀਆਂ ਪੈੜਾਂ ਦਾ ਇਕ ਹਿੱਸਾ ਛਪਿਆ ਹੈ। ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿੱਖਾਂ ਉੱਤੇ ਕਿਰਪਾ ਨਾਲ ਸਬੰਧਤ ਹੈ ਤੇ ਹਰ ਘਟਨਾਵਾਂ, ਵਾਰਤਲਾਪਾਂ ਨੂੰ ਤਾਰੀਖਵਾਰ, ਸਿਲਸਲੇਵਾਰ ਪੇਸ਼ ਕਰਦਾ ਹੈ। ਇਹ ਦਿਲਚਸਪ ਸਿਲਸਿਲੇਵਾਰ ੧੩ ਜੁਲਾਈ ੧੯੭੮ ਤੋਂ ੧੦ ਸਤੰਬਰ ੧੯੭੮ ਤੱਕ ਸੰਨ ੧੯੮੮ ਦੇ ਮਾਰਚ ਤੋਂ ਦਸੰਬਰ ਤੱਕ ਦੇ ਪਰਚਿਆਂ ਵਿਚ ਛਪਿਆ ਹੈ। ਬਾਅਦ ਵਿਚ ਛਪੀਆਂ ਅਣਛਪੀਆਂ "ਬੀਤੇ ਦੀਆਂ ਪੈੜਾਂ" ਗਿਆਰਾਂ ਹਿੱਸਿਆਂ ਵਿਚ ਛਪ ਚੁੱਕੀਆਂ ਹਨ। ਇਸ ਕਰਕੇ ਇਹਨਾਂ ਦੇ ਲੇਖਕ ਕਵੀ ਜੀ ਦੀ ਪੰਜਾਬੀ ਕਲਮਕਾਰਾਂ ਵਿਚ ਨਿਵੇਕਲੀ ਪਛਾਣ ਬਣ ਚੁੱਕੀ ਹੈ।



Sri Satguru Jagjit Singh Ji eLibrary NamdhariElibrary@gmail.com

ਅਪਰੈਲ ਅੰਕ ਦਿੱਲੀ ਦੇ ਹੋਲੇ ਵਿੱਚ ਖਿਲਰੇ ਅਧਿਆਤਮਿਕ ਰੰਗਾਂ ਨਾਲ ਦੁਖ ਕਲੇਸ਼ ਨਾਲ ਲੜਨ ਦੀ ਸ਼ਕਤੀ ਨੂੰ ਪੇਸ਼ ਕਰਦਾ ਹੈ। ਪਰ ਨਾਲ ਹੀ ਪਾਠਕਾਂ ਨੂੰ ਕਵਿਤਾਵਾਂ ਕਹਾਣੀ ਦਾ ਸੁਹਜ ਸੁਆਦ ਅਤੇ ਸਾਹਿਤਕ ਗੋਸ਼ਟੀ ਬਾਰੇ ਜਾਣਕਾਰੀ ਦੇਂਦਾ ਹੈ। ਮਈ ਅੰਕ ਹੋਲੇ ਦੇ ਹੋਰ ਨਜ਼ਾਰੇ ਵਿਖਾਉਂਦਾ ਦੋ ਬਿਰਧ ਪੰਥਕ ਸੇਵਕਾਂ ਮਾ. ਨਿਹਾਲ ਸਿੰਘ ਤੇ ਸੰਤ ਅਨੰਤਾ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਪੰਥ ਰਤਨ ਦੀ ਉਪਾਧੀ ਬਖਸ਼ਣ ਦਾ ਵੇਰਵਾ ਪੇਸ਼ ਕਰਦਾ ਹੈ। ਇਸ ਪਰਚੇ ਦੇ ਪਾਠਕ ਗ਼ਜ਼ਲਾਂ ਦਾ ਸੁਆਦ ਵੀ ਮਾਣਦੇ ਹਨ। ਨਮੂਨੇ ਵਜੋਂ ਸ਼ਿਅਰ ਹਨ :

ਕਿਸ ਤੇ ਕਰੀਏ ਗਿਲਾ ਤੇ ਕਿਸ ਨੂੰ ਜਾ ਰੋਈਏ ?<br>
ਹਮ ਵਤਨਾਂ ਹੀ ਕੀਤੀ ਅੱਜ ਅਣਹੋਈ ਹੈ। *—ਮਹਿੰਦਰ ਭੱਟੀ*

- ਕੁਝ ਪਾਗਲਪਨ ਤਾਂ ਆਸ਼ਕ ਦੇ, ਮੁੱਢ ਤੋਂ ਹੀ ਹਿੱਸੇ ਆਇਆ ਏ,<br>
ਜਦ ਮਿਲਦੇ ਪਿਆਰੇ ਪਿਆਰੇ ਨੂੰ, ਫਿਰ ਕਿਥੇ ਸਮਾ ਵਿਚਾਰਾਂ ਦਾ। *—ਕਰਤਾਰ ਸਿੰਘ ਪੰਛੀ*

ਜੂਨ ਦਾ ਪਰਚਾ ਹਾਲਾਤ ਨੂੰ ਨਾਜ਼ੁਕ ਬਣਾਉਣ ਵਾਲੇ ਟ੍ਰਾਂਜ਼ਿਸਟਰ ਬੰਬ ਧਮਾਕਿਆਂ, ਅਤਿਵਾਦ ਅਤੇ ਕਾਂਗਰਸ ਅਤੇ ਅਤਿਵਾਦ ਅਤੇ ਸਿੱਖ ਤੇ ਟਿੱਪਣੀ ਕਰਦਾ ਗੁਰੂ ਅਰਜਨ ਦੇਵ ਤੋਂ ਰੌਸ਼ਨੀ ਲੈਣ ਲਈ ਪ੍ਰੇਰਦਾ ਹੈ। ਇਸ ਵਿਚ ਪਾਕਿਸਤਾਨੀ ਕਹਾਣੀ, ਹੱਕਦਾਰ (ਲੇਖਕ ਅਫਜ਼ਲ ਅਹਿਸਨ ਰੰਧਾਵਾ) ਵਿਚ ਗੁਰਮੁਖ ਸਿੰਘ ਦੀ ਬਹਾਦਰ ਧੀ ਰਾਹੀਂ ਭਜਾ ਕੇ ਲੈ ਜਾਈਆਂ ਗਈਆਂ ਘੋੜੀਆਂ ਦੀ ਵਾਪਸੀ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤੀ ਗਈ ਹੈ। ਚੌਗਿਰਦੇ ਦੀਆਂ ਕੁਝ ਖ਼ਬਰਾਂ ਹਨ ਤੇ ਪ੍ਰਤੀਕ੍ਰਿਆ ਪਾਠਕਾਂ ਦੀ।

ਅਗਸਤ ਦਾ ਅੰਕ ਪੰਜਾਬ ਸਮਝੌਤੇ ਦੇ ਮੈਮੋਰੰਡਮ ਦਾ ਪੂਰਾ ਪਾਠ, ਪਾਠਕਾਂ ਨੂੰ ਕਰਾਉਂਦਾ ਹੈ। ਨਾਲ ਹੀ ਪੇਸ਼ ਕਰਦਾ ਹੈ ਰਜੀਵ ਲੌਂਗੋਵਾਲ ਸਮਝੌਤੇ ਬਾਰੇ ਅਜੀਤ ਜਗਬਾਣੀ ਟ੍ਰਿਬਿਊਨ, ਨਵਾਂ ਜ਼ਮਾਨਾਂ, ਲੋਕ ਲਹਿਰ ਆਦਿ ਅਖ਼ਬਾਰਾਂ ਦੀ ਰਾਇ। ਜਿਸ ਤੋਂ ਪਤਾ ਲਗਦਾ ਹੈ ਕਿ ਲਗਭਗ ਸਭ ਨੇ ਸੁਖ ਦਾ ਸਾਹ ਲਿਆ ਹੈ। ਪਰ ਜਿਨ੍ਹਾਂ ਨੂੰ ਦੇਸ਼ ਦੀ ਏਕਤਾ ਲਈ ਇਹ ਚੰਗਾ ਨਹੀਂ ਲਗਾ ਉਹਨਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਹੀਦ ਕਰ ਦਿੱਤਾ। ਜਿਸ ਉੱਤੇ ਸੰਪਾਦਕ ਨੂੰ ਸ਼ੋਕ ਗ੍ਰਸਤ ਹੋਇਆ। ਇਸ ਵਿਚ ਕੁਝ ਗ਼ਜ਼ਲਾਂ/ਕਵਿਤਾਵਾਂ ਨੂੰ ਪੜ੍ਹ ਕੇ ਵੀ ਮਾਣਿਆ ਜਾ ਸਕਦਾ ਹੈ।

ਚਰਿੱਤਰ ਬਾਰੇ ਅਬਰਾਹਮ ਲਿੰਕਨ ਦੀ ਟੂਕ ਬੜਾ ਵੱਡਾ ਸੱਚ ਪੇਸ਼ ਕਰਦੀ ਹੈ।

"ਜੇ ਤੁਸੀਂ ਕਿਸੇ ਬੰਦੇ ਦਾ ਚਰਿੱਤਰ ਅਜ਼ਮਾਉਣਾ ਹੈ ਤਾਂ ਉਸਦੇ ਹੱਥ ਵਿਚ ਤਾਕਤ ਦੇ ਦਿਉ।"

ਸਤੰਬਰ ਦਾ ਪਰਚਾ ਪੂਰਬੀ ਅਫਰੀਕਾ ਦੀ ਯਾਤਰਾ ਦੀ ਸਜੀਵ ਤਸਵੀਰ ਪੇਸ਼ ਕਰਦਾ ਹੈ। ਇਸ ਵਿਚ ਭਾਵੇਂ ਦਾਰਾ ਸਲਾਮ (ਤਨਜ਼ਾਨੀਆਂ) ਵਿਚ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਮਨਾਏ ਗਏ ਹੋਲੇ ਮਹਲੇ ਦੀ ਵਿਸਤ੍ਰਿਤ ਰਿਪੋਰਟ ਹੈ, ਫਿਰ ਵੀ ਇਹ ਪਾਠਕਾਂ ਨੂੰ ਕੀਨੀਆਂ, ਯੂਗੰਡਾ, ਤਨਜ਼ਾਨੀਆਂ ਦੀ ਭੂਗੋਲਿਕ ਤੇ ਇਤਿਹਾਸਕ ਜਾਣਕਾਰੀ ਦੇਂਦੀ ਯਾਤਰਾ ਹੈ। ਇਹ ਯਾਤਰਾ ੧੫ ਜੂਨ ੧੯੮੫ ਨੂੰ ਦਿੱਲੀ ਤੋਂ ਸ਼ੁਰੂ ਹੋਈ ਅਤੇ ੧੧ ਜੁਲਾਈ ਤੱਕ ਦੇ ਸਮੇਂ ਦੀ ਯਾਤਰਾ ਦਸੰਬਰ ੧੯੮੫ ਤੱਕ ਦੇ ਪਰਚਿਆਂ ਵਿਚ ਛਪੀ ਹੋਈ ਹੈ। ਤਸਵੀਰਾਂ ਵੀ ਛਪੀਆਂ ਹਨ ਅਤੇ ਉਸ ਹੇਠ ਚਲਦਾ ਲਿਖਿਆ ਹੋਇਆ ਹੈ।

ਯਾਤਰਾ ਸ. ਜਗਦੀਸ਼ ਸਿੰਘ ਦੀ ਵਧੀਆ ਵਾਰਤਕ ਦਾ ਨਮੂਨਾ ਹੈ। ਪਾਠਕਾਂ ਨੂੰ ਆਪਣੇ ਨਾਲ ਨਾਲ ਸਰਲ, ਸਹਿਜ ਸਾਵਨਾਲ ਦਾਰਾ ਸਲਾਮ, ਇਰੀਂਗਾ ਅਰੂਸ਼ਾ, ਮੋਸ਼ੀ ਦੀ ਸੈਰ ਕਰਾਉਂਦੀ ਹੈ। ਪਤਾ ਨਹੀਂ ਇਸਦੇ ਲੇਖਕ ਨੇ ੧੫-੧੬ ਸਾਲ ਬੀਤ ਜਾਣ ਤੇ ਵੀ ਪੰਜਾਬੀ ਪਾਠਕਾਂ ਨੂੰ ਇਹ ਸਫਰਨਾਮਾ ਪੁਸਤਕ ਰੂਪ ਵਿਚ ਪੜ੍ਹਨ ਤੋਂ ਵਾਂਝਿਆ ਕਿਉਂ ਰਖਿਆ। ਸਤੰਬਰ ਦੇ ਪਰਚੇ ਵਿਚ ਸੁਖਪਾਲ ਬੀਰ ਸਿੰਘ ਹਸਰਤ ਦੀ ਗੁਰੂ ਰਾਮ ਸਿੰਘ, ਕਵਿਤਾ, ਸ਼ਮਸ਼ੇਰ ਸਿੰਘ ਅਸ਼ੋਕ ਦਾ ਮਹਲਾ ਦੇ ਸਹੀ ਉਚਾਰਣ ਬਾਰੇ ਖੋਜ ਭਰਪੂਰ ਲੇਖ ਹੈ।

ਅਕਤੂਬਰ ਦੇ ਪਰਚੇ ਵਿਚ ਮੁੱਖ ਰੂਪ ਵਿਚ ਮਹਾਤਮਾ ਗਾਂਧੀ ਸੰਬੰਧੀ ਲੇਖ ਹੈ ਜਿਨ੍ਹਾਂ ਦਾ ਪ੍ਰਭਾਵ ਕੇਵਲ ਭਾਰਤ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਵਿਸ਼ਵ ਵਿਆਪੀ ਸੀ। ਤਰਲੋਕ ਮਨਸੂਰ ਦੀ ਚਿਰੀਂ ਮਿਲਣ ਤੇ ਕਵਿਤਾ ਤੇ ਵਿਆਖਿਆ ਹੈ, ਜਿਹੜੀ ਕਵਿਤਾ ਨੂੰ ਸਮਝਣ ਵਿਚ ਸੌਖ ਪੈਦਾ ਕਰਦੀ ਹੈ। ਪਾਠਕਾਂ ਦੀ ਪ੍ਰਤੀਕ੍ਰਿਆ ਬਹੁਤੇ ਪਰਚਿਆਂ ਵਿਚ ਪੇਸ਼ ਹੈ। ਵਰਿਆਮ ਦੇ



Sri Satguru Jagjit Singh Ji eLibrary NamdhariElibrary@gmail.com

ਪਾਠਕਾਂ ਨੇ ਇਸ ਨੂੰ ਪੜ੍ਹ ਕੇ ਅਨੰਦ ਮਾਨਣ ਤੱਕ ਹੀ ਸੀਮਿਤ ਹੋਣ ਦਾ ਇਸ਼ਾਰਾ ਨਹੀਂ। ਸਗੋਂ ਹੁੰਗਾਰਾ ਵੀ ਪੇਸ਼ ਕਰਦੀ ਹੈ ਇਕ ਮਿਸਾਲ :

– ਮੈਂ ਆਪ ਜੀ ਦਾ ਛਾਪਿਆ ਵਰਿਆਮ ਵੀ ਤਕਰੀਬਨ ਹਰ ਮਹੀਨੇ ਪੜ੍ਹਦਾ ਹਾਂ। ਜਿਸ ਨਾਲ ਮੈਨੂੰ ਇਵੇਂ ਲਗਦਾ ਹੈ ਜਿਵੇਂ ਕਿ ਮੈਂ ਤੁਹਾਡਾ ਕਾਫੀ ਚਿਰ ਤੋਂ ਵਾਕਫ ਹਾਂ ਤੇ ਤੁਹਾਡੇ ਨਾਲ ਹੀ ਗੱਲਾਂ ਕਰ ਰਿਹਾ ਹਾਂ। *—ਅਵਤਾਰ ਸਿੰਘ*

ਨਵੰਬਰ ਦੇ ਪਰਚੇ ਵਿਚ ਮੁੱਖ ਲੇਖ ਪੰਜਾਬੀ ਦੇ ਮਹਾਨ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਦਾ, ਸੰਪਰਦਾਇਕ ਸਾਂਝ ਦਾ ਮਸਲਾ-ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਤੋਂ ਹੈ। ਉਹ ਮਨੁੱਖ ਅੰਦਰ ਦੇ ਸ਼ਹਿਣਸ਼ੀਲਤਾ ਨਾ ਹੋਣ ਕਰਕੇ ਔਖ ਮਹਿਸੂਸ ਕਰਦੇ ਹਨ, "ਬੁਨਿਆਦੀ ਤੌਰ ਉਤੇ ਮਨੁੱਖ ਇਕੱਲੇ ਰਹਿਣ ਵਾਲਾ ਜੀਵ ਨਹੀਂ ਹੈ, ਉਸ ਨੂੰ ਮਨੁੱਖਾਂ ਦੀ ਸੰਗਤ ਵਿਚ ਰਹਿਣਾ ਚੰਗਾ ਲਗਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਹਜ਼ਾਰਾਂ ਵਰ੍ਹੇ ਦੀ ਪਦਾਰਥਕ ਤੇ ਦਿਮਾਗੀ ਤਰੱਕੀ ਦੇ ਬਾਵਜੂਦ ਅਜੇ ਮਨੁੱਖ ਨੂੰ ਆਪਣੇ ਵਰਗੇ ਹੋਰ ਮਨੁੱਖਾਂ ਨਾਲ ਸੁਖੀ ਵੱਸਣ ਦਾ ਵੱਲ ਨਹੀਂ ਆਇਆ। ਸ਼ਾਇਦ ਇਹੀ ਭਾਵਨਾ ਪ੍ਰੋ. ਦਰਸ਼ਨ ਨਤ ਦੀ ਇਕ ਕਵਿਤਾ ਦੀ ਹੈ:

ਬੀਜ ਕੇ ਕਿੱਕਰ ਫਲ ਨਾ ਲਭੀਏ ਦਾਖਾਂ ਦੇ, ਕਦ ਉਸਰਦੇ ਕਿਲੇ ਹਵਾ ਵਿਚ ਰਾਖਾਂ ਦੇ।

ਦਸੰਬਰ ੧੯੯੫ ਦੇ ਵਰਿਆਮ ਵਿਚ ਵਿਸ਼ੇਸ਼ ਰਚਨਾ ਰ.ਲ. ਆਹੂਜਾ ਦੀ ਕੈਕਟਾਈ ਦੀ ਫਾਰਮ ਹੈ। ਇਸ ਵਿਚ ਪੁੱਤਰ ਨੇ ਪਿਤਾ ਦੀਆਂ ਭਾਵਨਾਵਾਂ ਦੀ ਪ੍ਰਵਾਹ ਕੀ ਕਰਨੀ ਸੀ ਸਗੋਂ ਅਮਰੀਕਾ ਤੋਂ ਆਏ ਆਪਣੇ ਤਾਏ ਸਾਹਵੇਂ ਕਹਿ ਦੇਂਦਾ ਹੈ। "ਦੁਨੀਆ ਬਦਲ ਗਈ ਹੈ। ਪਰ ਤੁਸੀਂ ਨਹੀਂ ਬਦਲੇ।" ਤਾਇਆ ਹਸ ਕੇ ਕਹਿ ਦੇਂਦਾ। ਅੱਜ ਕਲ੍ਹ ਦੇ ਨੌਜਵਾਨ, ਮਨਮੁੱਖ ਨੇ। ਕਿਸੇ ਦੀ ਨਹੀਂ ਸੁਣਦੇ। ਠੋਕਰਾਂ ਖਾ ਕੇ ਸਿਆਣੇ ਹੋ ਜਾਣਗੇ।"

ਸ਼ਾਇਦ ਉਹਨਾਂ ਨੂੰ ਗੁਲਦਾਉਦੀਆਂ ਦੀ ਥਾਂ ਕੈਕਟਸ ਪਸੰਦ ਨੇ ਪਰ ਤਸਵੀਰ ਬਿਰਧਾਂ ਪ੍ਰਤੀ ਸਤਿਕਾਰ ਨੂੰ ਨਾ ਗੌਲਣ ਨੂੰ ਪੇਸ਼ ਕਰਦੀ ਹੈ। ਜੋ ਸਮਾਜਕ ਪੱਖੋਂ ਦੁਖਦਾਈ ਹੈ।

ਇਸ ਅੰਕ ਵਿਚ ਗਰੀਬਾਂ ਦੇ ਮਸੀਹਾ ਮਦਰ ਤਰੇਸਾ ਤੇ ਗਿਆਨ ਸਿੰਘ ਧੀਗੜਾਂ ਦੇ ਸ਼ਬਦ ਚਿੱਤਰ ਪੇਸ਼ ਕੀਤੇ ਗਏ ਹਨ। ਸਾਅਦਤ ਹਸਨ ਮੰਟੋ ਦੀ ਨਿਛ ਦੇ ਭੇਦ ਬਾਰੇ ਹਲਕੀ ਫੁਲਕੀ ਵਿਅੰਗ ਕਥਾ ਪੇਸ਼ ਕੀਤੀ ਗਈ ਹੈ। ਕੁਝ ਕਵਿਤਾਵਾਂ ਗ਼ਜ਼ਲਾਂ ਵੀ ਪਾਠਕ ਨੂੰ ਸਾਹਿਤ ਰਸ ਦੇਂਦੀਆਂ ਹਨ। ਸਾਰੇ ਸਾਲ ਦੇ ਪਰਚਿਆਂ ਵਿਚ ਕਿਤੇ ਕਾਮ ਉਕਸਾਊ, ਲੋਕ ਭੜਕਾਊ, ਪਗਾਂ ਲਾਹੂ ਤੇ ਹੋਰ ਨਕਾਰਾਤਮਕ ਰੁਚੀਆਂ ਨੂੰ ਉਭਾਰਨ ਵਾਲਾ ਕੋਈ ਅੰਸ਼ ਨਹੀਂ ਹੈ। ਨਾ ਹੀ ਕਿਸੇ ਨਸ਼ਈ ਵਿਸ਼ਈ ਦੇ ਕਿਰਦਾਰ ਨੂੰ ਚੰਗਾ ਕਰਕੇ ਪੇਸ਼ ਕੀਤਾ ਗਿਆ ਹੈ। ਅਸਲ ਵਿਚ ਇਸ ਪਰਚੇ ਦਾ ਨਿਸ਼ਾਨਾ ਹੀ ਨਰੋਈਆਂ ਕਦਰਾਂ ਕੀਮਤਾਂ ਨਾਲ ਖਲੋਣਾ ਹੈ।

ਇਕ ਗੱਲ ਹੋਰ ਸਾਰੇ ੧੯੯੫ ਦੇ ਸਾਲ ਦੇ ਪਰਚਿਆਂ ਵਿਚ ਇਕ ਵਿਚ ਵੀ ਸਰਕਾਰੀ ਇਸ਼ਤਿਹਾਰ ਨਹੀਂ, ਨਾ ਹੀ ਗਲਤ ਚੀਜਾਂ ਸ਼ਰਾਬ, ਤਮਾਕੂ ਭੜਕੀਲੇ ਕਪੜਿਆਂ ਨਕਲੀ ਸ਼ਿੰਗਾਰ ਸਾਧਨਾ ਨੂੰ ਪੇਸ਼ ਕਰਦਾ ਇਸ਼ਤਿਹਾਰ ਜਦੋਂ ਕਿ ਐਸੇ ਇਸ਼ਤਿਹਾਰ ਕਮਾਊ ਹੁੰਦੇ ਹਨ। ਜੇ ਇਹ ਆਖਿਆ ਜਾਏ ਕਿ ਹਥਲੇ ਅੰਕ ਤੱਕ ਕਿਸੇ ਵਿਚ ਐਸਾ ਇਸ਼ਤਿਹਾਰ ਨਹੀਂ ਤਾਂ ਇਹ ਤੱਥ ਨੂੰ ਪੇਸ਼ ਕਰਨਾ ਹੀ ਹੋਵੇਗਾ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਨਾ ਵਰਿਆਮ ਝੂਠ ਬੋਲਣਾ ਚਾਹੁੰਦਾ ਹੈ ਨਾ ਮਨੁੱਖ ਨੂੰ ਗਲਤ ਰਾਹ ਤੇ ਤੋਰਨਾ। ਭਲਾ ਐਸੇ ਕਿੰਨੇ ਕੁ ਪਰਚੇ ਹੋਣਗੇ।

ਬੱਸ ਵਰਿਆਮ ਤੁਰਿਆ ਜਾ ਰਿਹਾ ਹੈ। ਆਪਣੀ ਸਹੀ ਦਿਸ਼ਾ ਨੂੰ ਸਹੀ ਚਾਲੇ। ਇਸ ਵਿਚ ਛਾਪਿਆ ਸਾਹਿਤ ਇਤਿਹਾਸ, ਖਬਰਨਾਮਾ ਤੇ ਹੋਰ ਸਮੱਗਰੀ ਕੋਈ ਭੁਲੇਖਾ ਨਹੀਂ ਰਹਿਣ ਦੇਂਦੀ ਕਿ ਮਿੱਟੀ ਦੀ ਮਹਿਕ ਨਰੋਈਆਂ ਕਦਰਾਂ ਕੀਮਤਾਂ ਵਿਚ ਹੈ। ਵਰਿਆਮ ਨੇ ਉਹੀ ਮਹਿਕ ਖਲਾਰਨੀ ਹੈ। ਸੱਤ ਸਮੁੰਦਰੋਂ ਪਾਰ ਵੀ ਆਪਣੇ ਪਾਠਕਾਂ ਰਾਹੀਂ। ਪੰਝੀ ਸਾਲਾਂ ਵਿਚ ਵਰਿਆਮ ਨਾਲ ਖਲੋਣ ਵਾਲੇ ਲੇਖਕਾਂ, ਹਮਦਰਦਾਂ ਮਿੱਤਰਾਂ ਪਿਆਰਿਆਂ ਦਾ ਇਕ ਕਾਫਲਾ ਬਣ ਗਿਆ ਹੈ। ਇਹ ਇਸ ਦੀ ਪ੍ਰਾਪਤੀ ਹੈ ਤੇ ਆਪਣੇ ਅਸੂਲਾਂ ਖਿਲਾਫ ਸਮਝੌਤਾ ਨਾ ਕਰਨਾ ਉਸਦੀ ਸ਼ਾਨ ਹੈ। ਪਾਠਕਾਂ ਨੂੰ ਇਸ ਦੀ ਸ਼ਾਨ ਦਾ ਮਾਣ ਹੈ।' ਜਿਸ ਦਾ ਪ੍ਰਗਟਾਵਾ ਉਹ ਸਮੇਂ ਸਮੇਂ ਛਪੀਆਂ ਰਚਨਾਵਾਂ ਸੰਬੰਧੀ ਪ੍ਰਤੀਕ੍ਰਿਆ ਭੇਜ ਨੇ ਪ੍ਰਗਟ ਕਰਦੇ ਹਨ। ਇਹ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਵਰਿਆਮ ਆਪਣੇ ਗਾਡੀ ਰਾਹ ਉਤੇ ਚਲਦਾ ਰਹੇਗਾ।

ਜਨਤਾ ਕਾਲੋਨੀ, ਨਵੀਂ ਦਿੱਲੀ-੧੧੦੨੭



Sri Satguru Jagjit Singh Ji eLibrary NamdhariElibrary@gmail.com

# ਵਰਿਆਮ : ਮਾਂ ਬੋਲੀ ਦਾ ਸ਼ਿੰਦਾ ਪੁੱਤਰ

ਡਾ. ਨਿਰਮਲ ਸਿੰਘ

ਸਾਹਿਤ, ਸਭਿਆਚਾਰ, ਧਰਮ ਤੇ ਵਾਤਾਵਰਣ ਦਾ ਸੁਚੱਜਾ ਸੁਮੇਲ ਸਾਡੀ ਮਾਂ ਬੋਲੀ ਦਾ ਸ਼ਿੰਦਾ ਤੇ ਸੂਰਬੀਰ ਪੁੱਤਰ ਹੈ ਮਹੀਨੇਵਾਰ 'ਵਰਿਆਮ'। ਇਹ ਨਾਂ ਤੇ ਭਾਵੇਂ ਸਾਡੀ ਰਹਿਤਲ ਵਿਚ ਸਦੀਆਂ ਤੋਂ ਨਿਧੜਕ, ਨਿਡਰ ਤੇ ਯੋਧੇ ਦੇ ਅਰਥਾਂ ਵਿਚ ਵਰਤੀਂਦਾ ਆ ਰਿਹਾ ਏ ਪਰ ਸਾਡੇ ਦੌਰ ਵਿਚ ਸੰਤ ਜਗਦੀਸ਼ ਸਿੰਘ ਤੇ ਵਰਿਆਮ ਇੰਜ ਘਿਉ-ਖਿਚੜੀ ਹੋ ਗਏ ਨੇ ਕਿ ਇਕ ਨੂੰ ਦੂਜੇ ਨਾਲੋਂ ਨਿਖੇੜਨਾ ਸੰਭਵ ਈ ਨਹੀਂ। ਦੋਹਾਂ ਨੇ ਪੂਰੀ ਚੌਥਾਈ ਸਦੀ ਤੋਂ ਆਪੋ ਆਪਣੇ ਨਾਵਾਂ ਦੀ ਲੱਜ ਪਾਲੀ ਹੈ, ਮਾਅਰਕੇ ਮਾਰੇ ਨੇ, ਮੰਜ਼ਲਾਂ ਤਹਿ ਕੀਤੀਆਂ ਨੇ, ਮੱਲਾਂ ਮਾਰ ਕੇ ਆਪਣਾ ਨਿਵੇਕਲਾ ਸਥਾਨ, ਵੱਖਰੀ ਦਿੱਖ ਤੇ ਅੱਡਰੀ ਹੋਂਦ ਬਣਾ ਲਈ ਹੈ। ਰਿਸਾਲਾ ! ਤੇ ਉਹ ਵੀ ਪੰਜਾਬੀ ਦਾ, ਕੱਢਣਾ ਤਾਂ ਘਰ ਫੂਕ ਤਮਾਸ਼ਾ ਆਖਿਆ ਜਾਂਦਾ ਏ, ਨਿਰੰਤਰ ਪੰਜੀ ਸਾਲ ਜਾਰੀ ਰੱਖਣਾ ਆਪਣੇ ਆਪ ਵਿਚ ਹੀ ਵਰਿਆਮਗੀ ਏ-ਬਹਾਦਰੀ ਵਾਲਾ ਕਾਰਨਾਮਾ ਹੈ।

ਸੰਤ ਜਗਦੀਸ਼ ਸਿੰਘ 'ਨਾਮਧਾਰੀ ਪੰਥ' ਦੀ ਨਾਮਵਰ ਹਸਤੀ ਅਤੇ ਅਹਿਮ ਕਾਰਕੁੰਨ ਨੇ। ਸਾਡੇ ਅਕੀਦਿਆਂ ਦੇ ਅਨੇਕਾਂ ਵਖਰੇਵੇਂ ਹੋਣ ਦੇ ਬਾਵਜੂਦ ਉਹਨਾਂ ਦੀ ਮਿਕਨਾਤੀਸੀ ਸ਼ਖਸੀਅਤ ਅੱਗੇ ਸਾਡਾ ਸਿਰ ਬਦੋਬਦੀ ਝੁਕ ਜਾਂਦਾ ਹੈ। ਏਸ ਅਦਬ ਸਤਿਕਾਰ ਦੀ ਵੱਡੀ ਵਜ੍ਹਾ ਉਹਨਾਂ ਦਾ ਮਿੱਠਬੋਲੜਾ ਸੁਭਾਅ, ਗੁਣਾਂ ਦੀ ਗੁਥਲੀ ਵਾਲੇ ਵਿਚਾਰ ਅਤੇ ਹਮੇਸ਼ਾ ਈ ਮੁਸਕਰਾਹਟਾਂ ਵੰਡਦਾ ਨੂਰਾਨੀ ਚਿਹਰਾ ਤੇ ਹੈ ਈ ਹੈ ਪਰ 'ਵਰਿਆਮ' ਨੇ ਸੋਨੇ ਉੱਤੇ ਸੁਹਾਗੇ ਵਾਲਾ ਕਾਰਜ ਨਿਭਾਇਆ ਏ। ਆਦਿ ਗੁਰੂ ਬਾਬੇ ਨਾਨਕ ਦੀ ਕਾਦਰ ਦੀ ਕੁਦਰਤ ਨਾਲ ਏਕਤਾ ਨੂੰ ਜੇ ਕਿਸੇ ਨਾਨਕ ਨਾਮ ਲੇਵਾ ਪੰਥ ਨੇ ਦਿਲੋਂ ਮਨੋਂ ਗ੍ਰਹਿਣ ਕੀਤਾ ਏ ਤਾਂ ਉਹ ਨਾਮਧਾਰੀ ਪੰਥ ਤੋਂ ਬਿਨਾਂ ਹੋਰ ਕੋਈ ਨਹੀਂ। ਸਹਿਜ ਦਾ ਸਕੰਲਪ, ਵਾਤਾਵਰਣ ਦੀ ਸਾਂਭ-ਸੰਭਾਲ, ਸੰਗੀਤ ਦੀ ਸ਼ੁੱਧਤਾਈ ਅਤੇ ਸਭ ਤੋਂ ਵੱਧ ਸਾਦਗੀ ਵਾਲੀ ਜੀਵਨ ਸ਼ੈਲੀ ਸੰਤ ਜਗਦੀਸ਼ ਸਿੰਘ ਹੋਰਾਂ ਨੂੰ ਖੁਦ ਤੇ ਵਿਰਾਸਤ ਵਿਚ ਮਿਲੀ ਹੀ ਸੀ ਉਹਨਾਂ 'ਵਰਿਆਮ' ਦੇ ਪੰਨਿਆਂ ਰਾਹੀਂ ਲਗਾਤਾਰ ਇਹਨਾਂ ਅਨਮੋਲ ਦਾਤਾਂ ਦੇ ਖੁੱਲ੍ਹੇ ਗੱਫੇ ਪਾਠਕਾਂ-ਸੰਗਤਾਂ ਨੂੰ ਵੀ ਵਰਤਾਏ ਨੇ।

'ਵਰਿਆਮ' ਜਦੋਂ ਅਛੋਪਲੇ ਜੇਹੇ ਤੁਹਾਡੇ ਘਰ-ਦਫਤਰ ਆ ਵੜਦਾ ਏ ਤਾਂ ਤੁਸੀਂ ਹੱਥਲੇ ਕੰਮ ਵਿਚੇ ਛੱਡ ਉਹਨੂੰ ਨਿੱਘਾ ਜੀਓ ਆਇਆ ਕਹਿੰਦੇ ਅਕਸਰ ਉਹਦੀਆਂ ਲਿਖਤਾਂ ਵਿਚ ਗੁਆਚਣ ਤੋਂ ਬਚ ਨਹੀਂ ਸਕਦੇ। ਸਾਰੀਆਂ ਹੀ ਰਚਨਾਵਾਂ ਤੁਹਾਡੇ ਮਨ ਦੇ ਬਾਰੀਆਂ-ਰੋਸ਼ਣਦਾਨ ਇਉਂ ਖੋਲ੍ਹਦੀਆਂ ਹੀ ਤੁਰੀਆਂ ਜਾਂਦੀਆਂ ਨੇ ਕਿ ਤੁਸੀਂ ਜਗਦੀਸ਼ ਸਿੰਘ ਦੀ ਵਰਿਆਮਗੀ ਅੱਗੇ ਸੀਸ ਨਿਵਾਉਣ ਤੋਂ ਰਹਿ ਹੀ ਨਹੀਂ ਸਕਦੇ। ਏਸ ਰਿਸਾਲੇ ਨੇ ਸਾਡੀ ਜ਼ਬਾਨ ਦੀ ਅਮੀਰੀ ਨੂੰ ਜੱਗ ਜ਼ਾਹਰ ਹੀ ਨਹੀਂ ਕੀਤਾ ਕੀਰਤੀਮਾਨ ਸਥਾਪਤ ਕੀਤੇ ਨੇ। ਕਿਸੇ ਅਖਾਉਤੀ ਆਧੁਨਿਕ ਪੱਛਮੀ ਜਾਂ ਬਾਹਰਲੇ ਦਬਾਉ ਹੇਠ ਇਹ ਕਦੀ ਵੀ ਨਹੀਂ ਆਇਆ। ਵਾਦਾਂ ਦੇ ਹੜ੍ਹ ਵਿਚ ਨਹੀਂ ਰੁੜ੍ਹਿਆ। ਲੱਚਰਪੁਣਾ, ਅਸ਼ਲੀਲਤਾ, ਖਪਤਵਾਦ, ਭੋਗਵਾਦ ਤੇ ਬਾਜਾਰੂ ਰੁਚੀਆਂ ਨੂੰ ਕਦੀ ਨੇੜੇ ਫਟਕਣ ਨਹੀਂ ਦਿੱਤਾ। ਪਾਏਦਾਰ ਸਾਹਿਤਕ ਲਿਖਤਾਂ, ਕਹਾਣੀਆਂ-ਕਵਿਤਾਵਾਂ ਦੇ ਰੂਪ ਵਿਚ ਛਾਪ ਕੇ, ਖਾਸ ਅੰਕ ਕੱਢ ਕੇ ਮਾਂ ਬੋਲੀ ਦਾ ਕਾਰਜ ਉਤਾਰਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਸਫਰਨਾਮੇ, ਇਤਿਹਾਸ, ਧਰਮ, ਬੋਲੀ, ਸਭਿਆਚਾਰ ਅਤੇ ਸਿਹਤ ਸੰਬੰਧੀ ਵਡਮੁੱਲੀ ਜਾਣਕਾਰੀ ਦੇ ਕੇ ਸਾਡੇ ਗਿਆਨ ਦਾ ਘੇਰਾ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ ਏ। ਸੰਗੀਤ ਵਰਗੇ ਅਹਿਮ ਵਿਸ਼ੇ ਨੂੰ ਜਿਹੜਾ ਕਦੀ ਵੀ ਪੰਜਾਬੀ ਲਿਖਤਾਂ ਦਾ ਆਧਾਰ ਨਹੀਂ ਬਣਿਆ ਰਿਸਾਲੇ ਦਾ ਸ਼ਿੰਗਾਰ ਹੀ ਨਹੀਂ ਬਣਾਇਆ ਪੰਜਾਬੀਆਂ ਦੀ ਆਪਣੀ ਵਿਰਾਸਤ ਸੰਬੰਧੀ ਸੋਝੀ ਦੇ ਦਾਇਰੇ ਨੂੰ ਮੋਕਲਾ ਕੀਤਾ ਹੈ।

ਵਰਿਆਮ ਦੀ ਸਭ ਤੋਂ ਅਹਿਮ ਤੇ ਮਿਸਾਲੀ ਕਾਰਕਰਦਗੀ ਲਗਦੀ ਹੈ- ਪੰਜਾਬੀ ਪਾਠਕਾਂ ਨੂੰ ਵਾਤਾਵਰਣ ਦੀ ਸਮਝ, ਸੋਝੀ ਤੇ ਸੰਭਾਲ ਦੇ ਰਾਹ ਤੋਰਨ ਵਾਲੇ ਮੋਢੀ ਕਿਰਦਾਰ ਨਿਭਾਉਣ ਦੀ ਮੁਹਿੰਮ। ਜਦੋਂ ਸਾਡੇ ਦੇਸ਼ ਦੇ ਅੰਗਰੇਜ਼ੀ ਤੇ ਹੋਰ ਜ਼ੁਬਾਨਾਂ ਦੇ ਅਖਬਾਰਾਂ-ਰਿਸਾਲਿਆਂ ਵਿਚ ਵੀ ਇਹ ਮਸਲਾ ਏਨਾ ਭਖਿਆ ਨਹੀਂ ਸੀ 'ਵਰਿਆਮ' ਨੇ ਸਵਰਗਵਾਸੀ ਪ੍ਰਿੰਸੀਪਲ ਤਰਲੋਚਣ ਸਿੰਘ ਭਾਟੀਆ ਦੇ ਸਹਿਯੋਗ ਨਾਲ ਵਾਤਾਵਰਣ ਦਾ ਖਾਸ ਅੰਕ ਕੱਢ ਕੇ ਇਤਿਹਾਸਕ ਪਹਿਲਕਦਮੀ ਕੀਤੀ ਸੀ। ਉਸ ਵੇਲੇ ਕੀਤੀਆਂ ਗਈਆਂ ਵਰਿਆਮ ਦੀਆਂ ਭੱਵਿਖ ਬਾਣੀਆਂ ਦੇ ਪ੍ਰਤੱਖ-ਪਰਮਾਣ ਅਸੀਂ ਅੱਜ ਆਪਣੀਆਂ ਅੱਖਾਂ ਨਾਲ ਵੇਖ ਰਹੇ ਹਾਂ। ਕਾਦਰ ਦੀ ਕੁਦਰਤ ਨਾਲ ਕੀਤੀ ਛੇੜ-ਛਾੜ ਸਾਨੂੰ ਬਹੁਤ ਮਹਿੰਗੀ ਪੈ ਰਹੀ ਹੈ। ਰੁੱਖਾਂ ਜੰਗਲਾਂ ਦਾ ਉਜਾੜਾ, ਪਵਿੱਤਰ ਪਾਣੀਆਂ ਦਾ ਪਲੀਤ ਹੋਣਾ, ਹਵਾ-ਪੌਣ ਦਾ ਜ਼ਹਿਰੀਲੀਆਂ ਗੈਸਾਂ ਕਾਰਨ ਗੁਰੂ ਤੋਂ ਸ਼ੈਤਾਨ ਬਣ ਜਾਣਾ ਤੇ ਸ਼ੋਰ ਰੌਲੇ-ਗੌਲੇ ਦਾ ਪਾਗਲਪੁਣੇ ਦੀ ਹੱਦ ਤੀਕ ਵਧਣਾ, ਧਰਤੀ ਮਾਂ ਦਾ ਬਾਂਝ-ਬੰਜਰ ਹੋ ਕੇ ਮਾਰੂਥਲ ਬਣ ਜਾਣ ਦੇ ਜਿਹੜੇ ਖਦਸ਼ੇ ਵਰਿਆਮ ਨੇ ਪ੍ਰਗਟਾਏ ਸਨ ਅੱਜ ਉਹ ਸਾਕਾਰ ਰੂਪ ਧਾਰਦੇ ਨਜ਼ਰੀਂ ਪੈਂਦੇ ਨੇ।

ਸਾਡੀ ਸਭ ਦੀ ਇਹੋ ਹੀ ਤਮੰਨਾ ਏ, ਨੇਕ ਖਾਹਸ਼ ਹੈ ਕਿ ਸਾਡਾ 'ਵਰਿਆਮ' ਤੇ ਵਰਿਆਮ ਵਾਲਾ ਜਗਦੀਸ਼ ਸਿੰਘ ਸਾਨੂੰ ਪਰਵਰਦਗਾਰ ਦੀਆਂ ਰਹਿਮਤਾਂ-ਬਰਕਤਾਂ ਵਰਤਾਉਂਦਾ ਉਹਦੇ ਸ਼ੁਕਰਗੁਜ਼ਾਰ ਹੋਣ ਦਾ ਰਾਹ ਵਰ੍ਹਿਆਂ ਬੱਧੀ ਵਖਾਉਂਦਾ ਰਵ੍ਹੇ।

ਮਾਲਵਾ ਹਸਪਤਾਲ, ਲਾਂਬੜਾ
(ਜਲੰਧਰ)



Sri Satguru Jagjit Singh Ji eLibrary NamdhariElibrary@gmail.com

# ਜਗਦੀਸ਼ ਸਿੰਘ ਬਨਾਮ 'ਵਰਿਆਮ'

—ਡਾ. ਕੀਰਤੀ ਕੇਸਰ

ਇਹ ਮੇਰੀ ਸੀਮਾ ਹੈ ਕਿ ਮੈਂ ਆਪਣੇ ਆਸ-ਪਾਸ ਦੇ ਜਾਣੂਆਂ ਬਾਰੇ ਬਹੁਤ ਘੱਟ ਜਾਣਦੀ ਹਾਂ। ਇਸ ਲਈ ਅਕਸਰ ਮੈਨੂੰ ਇਹ ਵੀ ਨਹੀਂ ਪਤਾ ਲਗਦਾ ਕਿ ਕੌਣ ਮੇਰੇ ਬਾਰੇ ਕੀ ਸੋਚਦਾ ਹੈ, ਕੀ ਰਾਏ ਰਖਦਾ ਹੈ! ਅਕਸਰ ਇਹ ਵੀ ਹੁੰਦਾ ਹੈ ਕਿ ਕਦੀ ਕਿਸੇ ਨਾਲ ਵਾਹ ਪੈ ਜਾਵੇ ਤਾਂ ਪਤਾ ਲਗਦਾ ਹੈ ਕਿ ਉਸ ਦੀ ਮੇਰੇ ਬਾਰੇ ਸੋਚ ਬੜੀ ਗਲਤ ਫ਼ਹਿਮ ਅਤੇ ਮੇਰੀ ਹਕੀਕਤ ਤੋਂ ਬਹੁਤ ਦੂਰ ਹੈ। ਮੇਰੀ ਹਾਲਤ ਉਦੋਂ ਹੋਰ ਵੀ ਜ਼ਿਆਦਾ ਖ਼ਰਾਬ ਹੁੰਦੀ ਹੈ ਜਦੋਂ ਕਿਸੇ ਇਕੱਠ ਵਿਚ ਜਾਣਾ ਪੈ ਜਾਂਦਾ ਹੈ ਕਿਉਂਕਿ ਮੈਂ ਸਭ ਤੋਂ ਜ਼ਿਆਦਾ ਇਕੱਲਾਪਨ ਮਹਿਸੂਸ ਭੀੜ ਵਿਚ ਹੀ ਕਰਦੀ ਹਾਂ। ਹਿੰਦੀ ਦੇ ਲੇਖਕ ਕਹਿੰਦੇ ਹਨ ਕਿ ਪੰਜਾਬੀ ਵਾਲਿਆਂ ਨਾਲ ਮੇਰੀ ਬੜੀ ਬਣਦੀ ਹੈ ਤੇ ਮੈਂ ਪੰਜਾਬੀ, ਹਿੰਦੀ ਵਿਚ ਇਕ ਪੁਲ ਦੀ ਤਰ੍ਹਾਂ ਕੰਮ ਕਰਦੀ ਹਾਂ। ਹਾਂ, ਮੈਨੂੰ ਇਹ ਗੱਲ ਉਦਾਸ ਕਰਦੀ ਹੈ ਕਿ ਇਹਨਾਂ ਸਾਰੀਆਂ ਪੰਜਾਬੀ ਸਾਹਿੱਤ ਸਭਾਵਾਂ, ਲੇਖਕ ਸਭਾਵਾਂ ਪਰ ਕਿਸੇ ਨੇ ਵੀ ਅਜ ਤਕ 'ਮੇਰੇ ਕੰਮ ਦਾ' ਨੋਟਿਸ ਨਹੀਂ ਲਿਆ, ਕੋਈ ਕਦਰ ਨਹੀਂ ਕੀਤੀ। ਹਾਂ, ਜਿਹਨਾਂ ਨੂੰ ਮੇਰੀਆਂ ਸੇਵਾਵਾਂ ਦਾ ਕੋਈ ਫ਼ਾਇਦਾ ਨਹੀਂ ਹੋਇਆ ਉਹ ਨਾਰਾਜ਼ ਹੋ ਗਏ। ਫ਼ਿਰ ਵੀ ਵੇਲੇ ਕੁਵੇਲੇ ਜਿਹਨਾਂ ਤੋਂ ਅੱਛਾ ਸਹਿਯੋਗ ਮਿਲਿਆ ਨਾ ਮਿਲਣ ਤੇ ਵੀ ਅਪਣੱਤ ਦਾ ਅਹਿਸਾਸ ਜਿਹਨਾਂ ਤੋਂ ਮਿਲਦਾ ਹੈ ਉਹਨਾਂ ਦੋ-ਚਾਰ ਕੁ ਨਾਵਾਂ ਵਿਚ ਜਗਦੀਸ਼ ਸਿੰਘ ਬਨਾਮ ਵਰਿਆਮ ਜੀ ਦਾ ਨਾਂ ਬੜੇ ਆਦਰ ਨਾਲ ਲੈਂਦੀ ਹਾਂ। ਅਜਨਬੀਪਨ ਵਿਚ ਵੀ ਇਕ ਅਪਣੱਤ ਜਿਹੀ ਦੀ ਚਾਂਦਨੀ ਬਿਖ਼ਰੀ ਮਹਿਸੂਸ ਹੁੰਦੀ ਹੈ।

ਉਹਨਾਂ ਦੀ ਮਾਸਿਕ ਪਤ੍ਰਿਕਾ 'ਵਰਿਆਮ' ਮੈਨੂੰ ਲਗਾਤਾਰ ਪਿਛਲੇ ਕਈ ਸਾਲਾਂ ਤੋਂ ਮਿਲ ਰਹੀ ਹੈ। ਸੁੱਚਜੇ ਢੰਗ ਨਾਲ ਛਪੀ ਹੋਈ ਇਸ ਪਤ੍ਰਿਕਾ ਨੂੰ ਦੇਖ ਕੇ ਇਕ ਨਜ਼ਰ ਵਿਚ ਤਾਂ ਇਹੀ ਪ੍ਰਭਾਵ ਬਣਦਾ ਹੈ ਕਿ ਧਾਰਮਿਕ ਵਿਚਾਰਾਂ ਵਾਲੀ ਪਤ੍ਰਿਕਾ ਹੈ ਪਰ ਨਹੀਂ ਮੈਨੂੰ ਇਸ ਪਤ੍ਰਿਕਾ ਰਾਹੀਂ ਪੰਜਾਬੀ ਸਾਹਿੱਤ, ਸਿੱਖ ਧਰਮ, ਨਾਮਧਾਰੀ ਸੰਪਰਦਾਏ ਬਣਤਰ ਬਾਰੇ ਕਾਫ਼ੀ ਸਾਰੀ ਜਾਣਕਾਰੀ ਮਿਲ ਜਾਂਦੀ ਹੈ ਯਾਨਿ ਪੂਰੀ ਪੰਜਾਬੀ ਸੰਸਕ੍ਰਿਤੀ ਦੀ ਪਹਿਚਾਣ ਇਸ ਪਤ੍ਰਿਕਾ ਤੋਂ ਮਿਲਦੀ ਹੈ।

ਕਈ ਵਾਰੀ ਕੁਝ ਸਮਰਪਿਤ ਲੇਖਕ ਭੁੱਲੇ ਵਿਸਰੇ ਖਾਸ ਬੰਦਿਆਂ, ਕਲਾਕਾਰਾਂ, ਚਿੱਤਰਕਾਰਾਂ, ਸਾਹਿੱਤਕਾਰਾਂ ਜਾਂ ਵਿਰਸੇ ਦੀਆਂ, ਹੋਰ ਵਸਤਾਂ ਦੀ ਉਹਨਾਂ ਦੇ ਵਾਰਿਸਾਂ ਨੂੰ ਯਾਦ ਇਸ ਪਤ੍ਰਿਕਾ ਰਾਹੀਂ ਕਰ ਦਿੰਦੇ ਹਨ (ਮੈਂ ਆਪਣੀ ਭੁਲ ਸੁਧਾਰ ਲਵਾਂ ਕਿ ਪਤ੍ਰਿਕਾ ਪੂਰੀ ਤਰ੍ਹਾਂ ਨਾੱਨ ਪਰੋਫ਼ੈਸ਼ਨਲ ਹੈ ਇਸ ਲਈ ਸਮਰਪਿਤ ਲੇਖਕਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।) ਜਿਸ ਤਰ੍ਹਾਂ ਕਿ ਅਪ੍ਰੈਲ ਅੰਕ ਵਿਚ ਸੱਤਵੇਂ ਅਠਵੇਂ ਦਹਾਕੇ ਦੇ ਮਸ਼ਹੂਰ ਤੇ ਹਰਮਨ ਪਿਆਰੇ ਗਾਇਕ ਚਾਂਦੀ ਰਾਮ ਦਾ ਇਕ ਸ਼ਬਦ ਚਿੱਤਰ ਛਪਿਆ ਸੀ, ਬਹੁਤ ਅੱਛੀ ਰਚਨਾ ਸੀ। ਬੜੀ ਇਮਾਨਦਾਰ ਰਚਨਾ ਸੀ। ਚਾਂਦੀ ਰਾਮ ਤਾਂ ਯਾਦ ਆ ਹੀ ਗਿਆ ਪਰ ਲੇਖ ਆਪਣੇ ਬਹੁਤ ਸਾਰੇ ਰਚਨਾਤਮਕ ਅਸਰ ਮੇਰੇ ਉਪਰ ਤਾਂ ਛੱਡ ਹੀ ਗਿਆ ਕਈ ਸਵਾਲ ਆਦਮੀ ਦੀ ਅਪਣੀ ਕਰਨੀ ਅਤੇ ਕਈ ਸਵਾਲ ਸਾਡੇ ਸਮਾਜ ਦੀ ਬਣਤਰ ਬਾਰੇ ਮੈਂ ਸੋਚਦੀ ਰਹੀ। ਇਸ ਤੋਂ ਇਲਾਵਾ ਆਰਥਿਕ ਅਤੇ ਰਾਜਨੀਤਿਕ ਮੁੱਦਿਆਂ ਨੂੰ ਵੀ ਇਹ ਪਤ੍ਰਿਕਾ ਅਕਸਰ ਪਾਠਕਾਂ ਵਿਚ ਬਹਿਸ ਲਈ ਪਰਸਤੁਤ ਕਰਕੇ ਉਸ ਮੁੱਦੇ ਤੇ ਰਾਏ ਆਸਾਂ ਤਿਆਰ ਕਰਨ ਵਿਚ ਆਪਣਾ ਫਰਜ਼ ਪੂਰਾ ਕਰਦੀ ਹੈ।

ਧਾਰਮਿਕ ਵਿਸ਼ਿਆਂ 'ਤੇ ਇਸ ਪਤ੍ਰਿਕਾ ਨੇ ਜੋ ਅਪਣਾ ਇੱਕ ਵਿਸ਼ੇਸ਼ ਫੋਕਸ ਰੱਖਿਆ ਹੈ ਅਤੇ ਉਸਦੇ ਪ੍ਰਤਿ ਜੋ ਨੈਤਿਕ ਕਦਰਾਂ ਕੀਮਤਾਂ ਵਾਲੀ ਦ੍ਰਿਸ਼ਟੀ ਰੱਖੀ ਹੈ, ਮੈਨੂੰ ਬਹੁਤ ਜ਼ਰੂਰੀ ਉਹ ਜ਼ਿੰਮੇਵਾਰੀ ਲਗਦੀ ਹੈ ਜਿਸਨੂੰ ਇਹ ਪਤ੍ਰਿਕਾ ਨਿਭਾ ਰਹੀ ਹੈ। ਕੁਝ ਲੋਕ ਇਸਨੂੰ ਪ੍ਰਚਾਰ ਕਹਿੰਦੇ ਹਨ ਪਰ ਮੈਂ ਇਸ ਨੂੰ ਸਹਿਜ ਸੇਵਾ ਮੰਨਦੀ ਹਾਂ। ਅਧਿਆਤਮਿਕ ਆਸਥਾ ਅਤੇ ਵਿਸ਼ਵਾਸਾਂ ਨੂੰ ਵੀ ਇਸ ਪਤ੍ਰਿਕਾ ਨੇ ਜ਼ਿੰਦਗੀ ਦੇ ਸੰਘਰਸ਼ ਵਿਚ ਲਗਾਤਾਰ ਪਰਖਣ ਅਤੇ ਉਸਦੇ ਸੱਚ ਨੂੰ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ ਅਤੇ ਪੰਜੀਆਂ ਸਾਲਾਂ ਤੋਂ ਲਗਾਤਾਰ ਕੀਤਾ ਹੈ ਇਹ ਵੀ ਬੜੀ ਹਿੰਮਤ ਵਾਲਾ ਕੰਮ ਹੈ। ਹਾਲਾਂ ਕਿ ਅੱਜ ਦੇ ਆਧੁਨਿਕ ਜਾਂ ਉਤਰ ਆਧੁਨਿਕ ਦੌਰ ਵਿਚ ਧਰਮ ਜਾਂ ਤਾਂ ਪੁਰਾਤਨ ਪੰਥੀ ਕਹਿ ਕੇ ਨਜ਼ਰ ਅੰਦਾਜ਼ ਕਰ ਦਿਤਾ ਗਿਆ ਜਾਂ



Sri Satguru Jagjit Singh Ji eLibrary NamdhariElibrary@gmail.com

ਫੇਰ ਇਸਨੂੰ ਕਟੱੜ ਪੰਥੀ ਰੁਝਾਨ ਮੰਨ ਕੇ ਇਸ ਦੀ ਜ਼ਰੂਰਤ ਪ੍ਰਤੀ ਉਦਾਸੀਨਤਾ (ਬੁੱਧੀਜੀਵੀਆਂ ਵਲੋਂ) ਵਰਤੀ ਗਈ ਜਿਸਦਾ ਨਤੀਜਾ ਇਹ ਹੋਇਆ ਕਿ ਧਰਮ ਅਤੇ ਅਧਿਆਤਮ ਜਾਂ ਕੱਟੜ ਪੰਥੀਆਂ ਦਾ ਹਥਿਆਰ ਬਣ ਗਿਆ ਜਾਂ ਵਪਾਰੀਆਂ ਦੀ ਜਿਣਸ ਬਣ ਗਿਆ। 'ਵਰਿਆਮ' ਨੇ ਇਸਨੂੰ ਖਾਸ-ਉਲ-ਖਾਸ ਵਿਸ਼ਾ ਬਣਾ ਕੇ ਬੜੀ ਵੱਡੀ ਮਾਸਕ੍ਰਿਤਿਕ ਜ਼ਿੰਮੇਵਾਰੀ ਦਾ ਕੰਮ ਕੀਤਾ ਹੈ। ਮੈਨੂੰ ਲਗਦਾ ਹੈ ਆਉਣ ਵਾਲਾ ਸਮਾਂ ਇਸਦੀ ਅਹਿਮੀਅਤ ਮਹਿਸੂਸ ਕਰੇਗਾ। ਕਿਉਂਕਿ ਧਰਮ ਅਤੇ ਰੱਬ ਦਾ ਡਰ ਆਦਮੀ ਦੀ ਚੇਤਨਾ ਵਿਚ ਹੈ, ਸੰਸਕਾਰ ਵਿਚ ਹੈ, ਉਹ ਕਾਨੂੰਨ ਨੂੰ ਧੋਖਾ ਬੜੇ ਅਰਾਮ ਨਾਲ ਦੇ ਸਕਦਾ ਹੈ, ਪਰ ਧਰਮ ਨੂੰ ਧੋਖਾ ਦੇ ਕੇ ਚੈਨ ਦੀ ਨੀਂਦ ਸੌਂ ਨਹੀਂ ਸਕਦਾ। ਸੋ ਧਰਮ ਦੇ ਸਹੀ ਸਵਰੂਪ ਨੂੰ ਰੂਪਮਾਨ ਕਰਨ ਦੀ ਲੋੜ ਹੈ। ਉਸਨੂੰ ਪੂਜਾ ਸਥਲ ਤੋਂ ਜ਼ਿੰਦਗੀ ਵਿਚ ਲਿਆਉਣ ਦੀ ਜ਼ਰੂਰਤ ਹੈ। ਬੇਸ਼ਕ ਵਰਿਆਮ ਅਪਣੀ ਪਹੁੰਚ ਅਨੁਸਾਰ ਇਹ ਕੰਮ ਨੂੰ ਅੰਜਾਮ ਦੇ ਰਿਹਾ ਹੈ।

ਮੇਰੇ ਕਹਿਣ ਦਾ ਭਾਵ ਇਹ ਹੈ ਇਕ ਸੰਸਕ੍ਰਿਤ, ਸਿਹਤਮੰਦ (ਮਾਨਸਿਕ, ਸਰੀਰਕ ਅਤੇ ਚਰਿਤ੍ਰਕ ਤੌਰ ਤੇ) ਸੰਗਠਿਤ, ਸ਼ਾਂਤ ਅਤੇ ਭਾਈਚਾਰੇ ਦੀ ਭਾਵਨਾ ਨਾਲ ਜੀਉਣ ਵਾਲੇ ਸਮਾਜ ਦਾ ਤਸੱਵਰ ਤੇ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਅਰਥ, ਧਰਮ, ਕਾਮ ਅਤੇ ਮੋਕਸ਼ ਦੇ ਸਿਧਾਂਤ ਅਨੁਸਾਰ ਆਰਥਕ ਮਜਬੂਤੀ, ਰਾਜਨੀਕਿਤ ਸਥਿਰਤਾ ਦੇ ਨਾਲ ਨੈਤਿਕ ਕੀਮਤਾਂ ਕਦਰਾਂ ਸਮਾਜ ਦੇ ਚਰਿੱਤਰ ਵਿਚ ਇਸ ਤਰ੍ਹਾਂ ਰਸ-ਬਸ-ਧਸ ਜਾਣ ਜਿਸ ਤਰ੍ਹਾਂ ਫੁੱਲਾਂ ਵਿਚ ਸੁਗੰਧ ਅਤੇ ਹਵਾ ਵਿਚ ਆਕਸੀਜਨ ਤਾਂ ਹੀ ਇਕ 'ਸਰਵੇ ਭਵੰਤੁ ਸੁਖਨਾਂ, ਸਰਵੇਂ ਭਵੰਤੁ ਨਿਰਮਯਾ" (ਸਾਰੇ ਸੁਖੀ ਹੋਣ, ਸਾਰੇ ਨਿਰੋਗ ਹੋਣ ਅਨੁਸਾਰ ਸਮਾਜ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਉਸਦੀ ਸੰਸਕ੍ਰਿਤੀ ਵਿਚ ਕਲਾ, ਸਾਹਿਤ, ਧਰਮ ਅਤੇ ਸਾਇੰਸ-ਟੈਕਨਾਲੋਜੀ ਨੂੰ ਬਰਾਬਰ ਦੀ ਪਾਰਥਿਮਿਕਤਾ ਮਿਲਣੀ ਚਾਹੀਦੀ ਹੈ ਅਤੇ ਸਿਖ ਧਰਮ ਦਾ ਨਾਮਧਾਰੀ ਸੰਪਰਦਾਇ ਪਤਾ ਨਹੀਂ ਸੁਚੇਤ ਜਾ ਅਚੇਤ ਰੂਪ ਵਿਚ ਪਰ ਆਪਣੇ ਸਿੱਖਿ ਨਿਸ਼ਾਨੇ ਵਲ ਵੱਧ ਰਿਹਾ ਹੈ ਉਹ ਰਾਜਨੀਤਿਕ ਮਕੱੜਜਾਲ ਅਤੇ ਵਿਵਸਾਇਕ ਮਾਇਆਜਾਲ ਤੋਂ ਬਚਦਾ-ਬਚਾਉਂਦਾ ਅਪਣੇ ਸਮਾਜ ਲਈ ਮਹੱਤਵਪੂਰਨ ਉਪਰਾਲੇ ਕਰਨ ਵਿਚ ਰੁੱਝਿਆ ਹੋਇਆ ਹੈ। ਕਿਸੇ ਸੈਕਟ ਜਾਂ ਸੰਪਰਦਾਇ ਦਾ ਨਿਰੋਲ ਸਾਂਸਕ੍ਰਿਤਕ ਨਜ਼ਰੀਆ ਘੜਨ ਵਿਚ "ਵਰਿਆਮ" ਵਰਗੇ ਰਸਾਲੇ ਦਾ ਯੋਗਦਾਨ ਹੁੰਦਾ ਹੈ। ਬੇਸ਼ਕ ਇਸ ਦਾ ਸਿਹਰਾ 'ਵਰਿਆਮ' ਸੰਪਾਦਕ ਜਗਦੀਸ਼ ਸਿੰਘ ਜਿਹੀ ਸ਼ਖਸੀਅਤ ਦੇ ਸਿਰ ਬੱਝਣਾ ਚਾਹੀਦਾ ਹੈ ਕਿਉਂਕਿ ਉਹਨਾ ਨੇ ਅਪਣੇ ਸੰਤ ਸੁਭਾਵ ਅਤੇ ਸੰਪਾਦਕੀ ਕੁਸ਼ਲਤਾ ਦੇ ਬਲਬੂਤੇ ਅਨੇਕਾਂ ਲੇਖਕਾਂ, ਕਲਾਕਾਰਾਂ ਹਰ ਵਿਚਾਰਧਾਰਾ ਦੇ ਵਿਚਾਰਕਾਂ ਨੂੰ ਇਸ ਪਤ੍ਰਿਕਾ ਨਾਲ ਚੌਥਾਈ ਸਦੀ ਤੋਂ ਜੋੜਨ ਦਾ ਸਫ਼ਲ ਪ੍ਰਬੰਧ ਕੀਤਾ ਹੈ। ਬਹੁਤ ਸਾਰੇ ਨਵੇਂ ਲੇਖਕਾਂ ਲਈ (ਜਿਵੇਂ ਕਿ ਉਹ ਆਪ ਹੀ ਦਸਦੇ ਹਨ) 'ਵਰਿਆਮ' ਇਕ ਪਾਠਸ਼ਾਲਾ ਅਤੇ ਪ੍ਰਯੋਗਸ਼ਾਲਾ ਵਾਲਾ ਦਰਜਾ ਰਖਦਾ ਹੈ। ਇਕ ਖਾਸੀਅਤ ਇਹ ਵੀ ਹੈ ਕਿ ਜਗਦੀਸ਼ ਸਿੰਘ ਜੀ ਨੇ ਅੱਜ ਦੀ ਬਾਜ਼ਾਰ ਵਾਲੀ ਸਨ੍ਹੀ ਦੌੜ ਵਿਚ ਵੀ 'ਵਰਿਆਮ' ਦੀ ਸਾਂਸਕ੍ਰਿਤਕ ਸ਼੍ਰੇਸ਼ਠਤਾ ਨੂੰ ਬਚਾ ਕੇ ਰਖਿਆ ਹੈ ਇਹ ਬਹੁਤ ਔਖਾ ਕੰਮ ਸੀ ਜੋ ਜਗਦੀਸ਼ ਜੀ ਨੇ ਕਰ ਲਿਆ ਇਸ ਦੀ ਦ੍ਰਿੜਤਾ ਮੈਨੂੰ ਨਹੀਂ ਪਤਾ। ਹੁਣ ਇਸ ਪਤ੍ਰਿਕਾ ਨੂੰ ਹਾਈਟੇਕ ਛਪਾਈ ਦੀ ਚੁਣੌਤੀ ਦਾ ਟਾਕਰਾ ਕਰਨਾ ਪੈ ਰਿਹਾ ਹੈ ਉਹ ਇਸ ਦਾ ਜਵਾਬ ਕਿਸ ਤਰ੍ਹਾਂ ਦੇਣਗੇ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਇਕ ਛੋਟਾ ਜਿਹਾ ਜਾਤੀ ਤਜੁਰਬਾ ਵੀ ਹੈ ਜਗਦੀਸ਼ ਜੀ ਨਾਲ ਕੰਮ ਕਰਨ ਦਾ, ਉਸ ਦਾ ਜ਼ਿਕਰ ਕਰਨਾ ਵੀ ਮੈਨੂੰ ਜ਼ਰੂਰੀ ਮਹਿਸੂਸ ਹੋ ਰਿਹਾ ਹੈ। ਇਹ ਗੱਲ ੧੯੯੫ ਈ. ਦੀ ਹੈ। ਇਸ ਵਰ੍ਹੇ ਕੇਂਦ੍ਰੀਯ ਹਿੰਦੀ ਡਾਇਰੈਕਟ੍ਰੇਟ ਨੇ ਮੈਨੂੰ ਇਕ ਪੁਰਸਕਾਰ ੧੫੦੦੦/ਰੁ. ਦਿੱਤਾ ਤੇ ਇਕ ਪੰਜਾਬੀ-ਹਿੰਦੀ ਕਹਾਣੀ ਤੇ ਦੋ ਦਿਨਾਂ ਗੋਸ਼ਟੀ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ ਸਮਾਂ ਬਹੁਤ ਥੋੜਾ, ਕੁਝ ਦਿਨ ਹੀ ਸਨ। ਮੇਰੇ ਕੋਲੋਂ ਏਕ ਸਾਥੀ ਨੂੰ ਕਾਰਡ ਛਪਾਉਣ ਦੀ ਜ਼ਿੰਮੇਵਾਰੀ ਲੈ ਲਈ ਪਰ ਚਾਰ ਦਿਨ ਬਾਦ ਪਤਾ ਲੱਗਾ ਕਿ ਕੰਮ ਨਹੀਂ ਹੋਇਆ। ਪ੍ਰੈਸ ਵਾਲੇ ਨੇ ਵੀ ਅਪਣੀ ਮਜਬੂਰੀ ਜ਼ਾਹਿਰ ਕਰ ਦਿੱਤੀ। ਹੁਣ ਕੀ ਕਰਾਂ ? ਥੋੜੀ ਦੇਰ ਲਈ ਤਾਂ ਲਗਾ ਮੇਰੇ ਪੈਰਾਂ ਥੱਲੇ ਜ਼ਮੀਨ ਹੀ ਨਹੀਂ ਹੈ। ਕਿਸੇ ਤੇ ਗੁੱਸਾ ਗਿਲਾ ਕਰਨ ਦਾ ਤਾਂ ਸਮਾਂ ਹੀ ਨਹੀਂ ਸੀ। ਘਰ ਆ ਗਈ ਬੈਠ ਕੇ ਆਸੇ ਪਾਸੇ ਭਾਲ ਕੀਤੀ ਕਿ ਕੌਣ ਮੈਨੂੰ ਇਸ ਮੁਸੀਬਤ ਵਿਚੋਂ ਕੱਢ ਸਕਦਾ ਹੈ। ਮੇਰੀ ਨਜ਼ਰ ਵਿਚ ਇਕ ਵਿਅਕਤਿਤਵ ਉਭਰਿਆ ਨਾਮਧਾਰੀ ਸਫ਼ੈਦ ਬਾਣੇ ਵਿਚ, ਤਰਲ-ਸਹਿਜ ਅੱਖਾਂ ਦੀ ਮੋਹ ਨਾਲ ਭਿੱਜੀ ਦ੍ਰਿਸ਼ਟੀ ਤੇ ਬੁੱਲਾਂ ਦੀ ਅੱਧੀ ਜਿਹੀ



Sri Satguru Jagjit Singh Ji eLibrary NamdhariElibrary@gmail.com

ਮੁਸਕਾਨ ਦੀ ਰੋਸ਼ਨੀ ਦੀ ਦਮਕ ਨਾਲ ਚਮਕਦਾ ਚੇਹਰਾ ਯਾਨੀ ਜਗਦੀਸ਼ ਸਿੰਘ। ਇਕ ਸਦਿਆ ਹੋਇਆ (Diciplined with graced Dignity of human being) ਸੰਤਈ ਵਿਅਕਤਿੱਤਵ। ਮੇਰੀ ਅੰਤਰ ਆਤਮਾ ਵਿਚ ਇਕ ਵਿਸ਼ਵਾਸ ਦੀ ਊਰਜਾ (Energy) ਦਾ ਸੰਚਾਰ ਹੋਣ ਨਾਲ ਮੇਰੇ ਅੰਦਰ ਚੇਤਨਾ ਜਾਗ ਉਠੀ। ਮੈਂ ਦੇਖਿਆ ਕਿ ਟੈਨਸ਼ਨ ਵਿਚ ਮੈਂ ਆਪਣੇ ਸਾਰੇ ਨੌਂਹ ਚੱਬ ਲਏ ਹਨ ਤੇ ਪੋਟਿਆਂ ਵਿਚੋਂ ਖ਼ੂਨ ਸਿਮ ਰਿਹਾ ਹੈ। ਪਰ ਇਸ ਪਾਸੇ ਧਿਆਨ ਦੇਣ ਦਾ ਮੇਰੇ ਕੋਲ ਸਮਾਂ ਹੀ ਨਹੀਂ ਸੀ। ਡਿਟੋਲ ਦੇ ਪਾਣੀ ਵਿੱਚ ਉਂਗਲੀਆਂ ਡੋਬ ਲਈਆਂ (ਕਿਉਂਕਿ ਮੈਨੂੰ ਇਲਰਜੀਆਂ ਅਤੇ ਇਨਫੈਕਸ਼ਨ ਤੋਂ ਬਹੁਤ ਡਰ ਲਗਦਾ ਹੈ) ਤੇ ਫੁਰਤੀ ਵੀ ਆ ਗਈ ਸੀ। ਸਿਧੀ 'ਵਰਿਆਮ' ਪ੍ਰੈਸ ਆਫ਼ਿਸ ਪਹੁੰਚ ਗਈ। ਅਜ ਦਾ ਦਿਨ ਵੀ ਅੱਧਾ ਢਲ ਚੁੱਕਾ ਸੀ।

ਜਗਦੀਸ਼ ਸਿੰਘ ਜੀ ਅੰਦਰ ਪ੍ਰੈਸ ਵਿਚ ਮੇਰੇ ਨਾਲ ਹੀ ਗਏ ਕੰਪੋਜ਼ੀਟਰਾਂ ਨਾਲ ਗਲ ਕੀਤੀ ਤਾਂ ਹਿੰਦੀ ਕੰਪੋਜ਼ਿੰਗ ਵਾਲਾ ਉਸ ਦਿਨ ਕੋਈ ਵੀ ਨਹੀਂ ਸੀ। ਉਹ ਆਫ਼ਿਸ ਵਿਚ ਆਏ ਤੇ ਫ਼ੋਨ ਤੋਂ ਇਕ ਨੰਬਰ ਮਿਲਾਇਆ। "ਗੱਲ ਹੋ ਗਈ ਰਿਸੀਵਰ ਰਖਦੇ ਹੋਏ ਬੋਲੇ "ਦੀਪਕ ਜਲੰਧਰੀ ਕੋਲ ਚਲੀ ਜਾ ਕੰਮ ਹੋ ਜਾਵੇਗਾ। ਕਲ ਸਵੇਰ ਤਕ ਕਾਰਡ ਮਿਲ ਜਾਣਗੇ।" ਮੈਂ ਫਿਰ ਅਪਣੇ ਆਪ ਨੂੰ ਢੋਂਹਦੀ ਹੋਈ ਦੀਪਕ ਜਲੰਧਰੀ ਜੀ ਦੇ ਸ਼ੋ ਰੂਮ 'ਚ ਪਹੁੰਚ ਗਈ। ਦੀਪਕ ਜੀ ਨੇ ਅਦੇਸ਼ ਦਿਤਾ "ਮੈਟਰ ਦਿਖਾਉ?" ਵੱਡੇ ਸਾਇਜ਼ ਦਾ ਚਾਰ ਪੇਜ ਦਾ ਮੈਟਰ ਸੀ, ਦੀਪਕ ਜੀ ਦੇਖ ਕੇ ਸੋਚੀਂ ਪੈ ਗਏ ਫਿਰ ਬੋਲੇ, "ਭਈ ਤੂੰ ਆਈ ਏਂ, ਇਹਨਾਂ ਵੱਡਾ ਕੰਮ ਕਰਨ ਲਗੀ ਏਂ ਤੇ ਨਾਲ ਜਗਦੀਸ਼ ਵਰਿਆਮ ਦੀ ਸਿਫ਼ਾਰਸ਼! ਕੰਮ ਤਾਂ ਕਰਨਾ ਹੀ ਪਊ, ਪਰ ਅਜ ਨਹੀਂ ਕੱਲ ਗਿਆਰਾਂ ਵਜੇ ਤੱਕ ਕਾਰਡ ਤਿਆਰ ਲੈ ਲਵੀਂ।' ਮੇਰਾ ਰੁਕਿਆ ਹੋਇਆ ਸਾਹ ਦੌੜਨ ਲਗ ਪਿਆ ਸੀ। ਉਠਣ ਲੱਗੀ ਸੀ ਕਿ ਫੋਨ ਦੀ ਘੰਟੀ ਵੱਜ ਪਈ ਦੀਪਕ ਬੋਲੇ "ਬਈ ਕਿਸ ਤਰ੍ਹਾਂ ਨਹੀਂ ਕਰਾਂਗਾ।" ਉਹਨਾਂ ਰਿਸ਼ੀਵਰ ਮੇਰੇ ਵੱਲ ਵਧਾ ਦਿੱਤਾ "ਮੇਰੀ ਤਾਂ ਆਵਾਜ਼ ਹੀ ਨਾ ਨਿਕਲੇ ਗਲਾ ਭਰਿਆ ਹੋਇਆ ਸੀ ਖ਼ਸ ਇਨ੍ਹਾਂ ਹੀ ਕਹਿ ਸਕੀ ਸੀ ਕਿ "ਕਲ ਤਕ ਛੱਪ ਜਾਣਗੇ।" ਧੰਨਵਾਦ ਵੀ ਨਹੀਂ ਕਰ ਸਕੀ। ਇਹ ਇਹਸਾਸ ਇਨਾਂ ਭਾਰਾ ਸੀ ਕਿ ਸਾਰੇ ਸ਼ਬਦ ਹਲਕੇ ਲਗ ਰਹੇ ਸਨ। ਜਵਾਬ ਮਿਲਿਆ "ਚਿੰਤਾ ਛੱਡ ਦੇ ਦੀਪਕ ਜੀ ਨੇ ਕਿਹਾ ਹੈ ਤਾਂ ਸਮਝੋ ਕਿ ਕੰਮ ਹੋ ਗਿਆ।" ਉਹਨਾਂ ਦੀ ਇਸ ਤਰ੍ਹਾਂ ਦੀ ਇਨਵਾਲਵਮੇਂਟ (Involvment) ਅਤੇ ਜ਼ਿੰਮੇਦਾਰੀ ਦਾ ਭਾਵ (Sense of resposibility) ਦੇਖ ਕੇ ਮੈਨੂੰ ਬੜਾ ਸਕੂਨ ਜਿਹਾ ਮਿਲਿਆ ਸੀ ਕਿਉਂਕਿ ਇਹ ਪੂਰੀ ਤਰ੍ਹਾਂ ਮਾਨਵੀਂ ਸਰੋਕਾਰਦਾ ਅਮਲ ਸੀ।

ਦੂਸਰੇ ਦਿਨ ਸਵੇਰੇ ਕਾਰਡ ਮੇਰੇ ਘਰ ਪਹੁੰਚ ਗਏ ਸਨ। ਅੱਜ ਵੀ ਅਕਸਰ ਜਦੋਂ ਵੀ ਜਗਦੀਸ਼ ਜੀ ਨੂੰ ਮਿਲਦੀ ਹਾਂ ਤੇ ਲਗਦਾ ਹੈ ਕਿ ਅਪਣੇ ਬੜੱਪਣ ਕਰਕੇ ਆਪਣੀ ਛੋਟੀ ਉਮਰ ਵਿਚ ਵੀ ਉਹ ਬਹੁਤ ਵੱਡੇ ਹਨ, ਸਿਆਣੇ ਹਨ। ਹੁੰਦਾ ਕੀ ਹੈ ਕਿ ਅਕਸਰ ਬੰਦਿਆਂ ਦੀ ਉਮਰ ਵੱਡੀ ਹੁੰਦੀ ਹੈ, ਬੁਢਾਪਾ ਆਉਂਦਾ ਹੈ ਪਰ ਬੜੱਪਣ ਤਾਂ ਕਿਸੇ ਵਿਰਲੇ ਵਿਚ ਹੀ ਆਉਂਦਾ ਹੈ ਵਡੀ ਉਮਰ ਨਾਲ ਜੇ ਛੋਟਾਪਨ ਲਗਿਆ ਰਹਿ ਜਾਵੇ ਤਾਂ ਆਦਮੀ ਦੀ ਪਰਸਨੈਲਿਟੀ ਵਿਚ ਅਜੀਬ ਤਰ੍ਹਾਂ ਦਾ ਵਿਕ੍ਰਪ (Abserdility) ਆ ਜਾਂਦਾ ਹੈ। ਪਰ ਨਹੀਂ ਜਿਸਨੂੰ ਆਦਰ ਮਾਣ-ਸਨਮਾਨ-ਸ਼ਰਧਾ ਚਾਹੀਦੀ ਹੈ ਤਾਂ ਆਪਣੇ ਅੰਦਰ ਬੜਪਣ ਪੈਦਾ ਕਰਨ ਦਾ ਗੁਰ ਜਗਦੀਸ਼ ਸਿੰਘ ਬਨਾਮ ਵਰਿਆਮ ਜੀ ਤੋਂ ਸਿਖ ਲਵੇ। ਉਹ ਆਪ ਨਾ ਵਿਵਾਦਾਂ ਖੜੇ ਕਰਦੇ ਹਨ ਅਤੇ ਨਾ ਵਿਵਾਦਾ ਵਿਚ ਉਲਝਦੇ ਹਨ। ਜੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਹੀ ਜਾਣ ਤਾਂ ਉਹ ਮਿਲ ਬੈਠ ਕੇ ਉਸ ਨੂੰ ਸਮਝੌਤੇ ਜਾਂ ਸਹਿਯੋਗ ਵਿਚ ਬਦਲ ਦਿੰਦੇ ਹਨ।

ਇਹੀ ਵਜਹ ਹੈ ਕਿ ਉਹਨਾਂ ਨੂੰ ਹਰ ਵਰਗ, ਹਰ ਉਮਰ, ਹਰ ਵਿਚਾਰਧਾਰਾ ਨਾਲ ਸੰਬੰਧ ਰਖਣ ਵਾਲੇ ਲੋਕਾਂ ਵਿਚ ਖ਼ਾਸ ਤਰ੍ਹਾਂ ਦਾ ਆਦਰ ਮਾਣ ਵਾਲ ਰੁਤਬਾ ਪ੍ਰਾਪਤ ਹੈ। ਚਿੱਟੇ ਬਾਣੇ ਦਾ ਅਨੁਸ਼ਾਸਨ ਉਹਨਾਂ ਦੀ ਸ਼ਖ਼ਸੀਅਤ ਦਾ ਸਫ਼ੇਦ ਰੰਗ ਹੈ ਜਿਸਨੂੰ ਬੇਦਾਗ਼ ਰਖਣਾ ਜਗਦੀਸ਼ ਸਿੰਘ ਜੀ ਲਈ ਇਕ ਚੁਨੌਤੀ ਹੈ ਜਿਸ ਨਾਲ ਉਹ ਬੜੀ ਸਹਿਜਤਾ ਅਤੇ ਸਾਰਥਕਤਾ ਨਾਲ ਅਪਣੀ ਉਮਰ ਦਾ ਸਫ਼ਰ ਮੰਜ਼ਿਲ ਦਰ ਮੰਜ਼ਿਲ ਤੈਅ ਕਰ ਰਹੇ ਹਨ। ਆਮੀਨ!

੧੦੮੬/E ਗੋਬਿੰਦਗੜ ਮੁਹੱਲਾ
ਜਲੰਧਰ-੧੪੪੦੦੧



Sri Satguru Jagjit Singh Ji eLibrary NamdhariElibrary@gmail.com




ਸੰਨ ੧੯੭੪ ਨੂੰ ਦਿੱਲੀ ਵਿਚ ਹੋਏ ਸੰਗੀਤ ਸੰਮੇਲਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਗੁਰਭਜਨ ਸਿੰਘ, ਸ੍ਰੀ ਸ਼ੰਕਰ ਦਿਆਲ ਸ਼ਰਮਾ (ਉਦੋਂ ਕਾਂਗਰਸ ਪ੍ਰਧਾਨ ਬਾਦ ਵਿਚ ਰਾਸ਼ਟਰਪਤੀ ਬਣੇ), ਜਗਦੀਸ਼ ਸਿੰਘ, ਸੁਰਜੀਤ ਸਿੰਘ ਮਤੂ, ਸੰਤ ਹਜ਼ੂਰ ਸਿੰਘ ਚੰਦ੍ਰਹਾਂਸ।



ਲਖਨਊ ਦੇ ਸੰਗੀਤ ਸੰਮੇਲ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਯੂ.ਪੀ ਦੇ ਉਦੋਂ ਦੇ ਮੁਖ ਮੰਤਰੀ ਸ੍ਰੀ ਰਾਮ ਨਰੇਸ਼ ਯਾਦਵ, ਵਿਚ ਬੈਠੇ ਜਗਦੀਸ਼ ਸਿੰਘ ਵਰਿਆਮ ,ਖੜੇ ਹਨ ਸ. ਹਰਭਜਨ ਸਿੰਘ ਠੇਕੇਦਾਰ ਸੰਮੇਲਨ ਦੇ ਮੇਜ਼ਬਾਨ, ਸ.ਹ.ਸ. ਹੰਸਪਾਲ, ਮਹਾਰਾਜ ਬੀਰ ਸਿੰਘ ਅਤੇ ਮੰਚ ਸੰਚਾਲਕ ਸ. ਸੁਖਬੀਰ ਸਿੰਘ ਗਲਾਟੀ।

Sri Satguru Jagjit Singh Ji eLibrary NamdhariElibrary@gmail.com




ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ੧੯੭੫ ਜੰਮੂ ਦੀ ਫਾਈਲ ਫੋਟੋ. ਕਲਾਕਾਰ ਸ੍ਰੀ ਸੁਜਾਤ ਹੁਸੈਨ ਖਾਂ (ਸਪੁਤਰ ਉਸਤਾਦ ਵਲਾਇਤ ਖਾਂ) ਪੰਡਿਤ ਕਿਸ਼ਨ ਮਹਾਰਾਜ ਬਨਾਰਸ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਉਸਤਾਦ ਵਲਾਇਤ ਖਾਂ ਸਾਹਿਬ, ਜਗਦੀਸ਼ ਸਿੰਘ ਵਰਿਆਮ...... ਬੈਠੇ ਕਾਕਾ ਬਲਜੀਤ ਸਿੰਘ (ਅੱਜ ਕਲ ਦੇ ਪ੍ਰਸਿੱਧ ਰਾਗੀ ਭਾਈ ਬਲਜੀਤ ਸਿੰਘ ਜੀ ਨਾਮਧਾਰੀ) ਵਰਿੰਦਰ ਜੀ, ਰਘੁਬੀਰ ਸਿੰਘ ਅਤੇ ਅਮਰੀਕ ਸਿੰਘ ਜੰਮੂ।



ਮੇਲਾ ਹਰਬਲਭ ਜਲੰਧਰ ਦੀ ਇਕ ਯਾਦਗਾਰੀ ਤਸਵੀਰ. ਖੱਬੇ ਤੋਂ ਸੱਜੇ ਸ. ਜਗਦੀਸ਼ ਸਿੰਘ ਵਰਿਆਮ, ਪਰਸਿਧ ਤਬਲਾ ਵਾਦਕ ਉਸਤਾਦ ਜ਼ਾਕਰ ਹੁਸੈਨ, ਸਿਤਾਰ ਵਾਦਕ ਨਿਸ਼ਾਤ ਖਾਂ (ਸਪੁਤਰ ਉਸਤਾਦ ਇਮਰਤ ਖਾਂ ਸਾਹਿਬ ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, (ਪਿਛੇ ਜਥੇਦਾਰ [illegible] ਉਸਤਾਦ ਅਮਜਦ ਅਲੀ [illegible]

Sri Satguru Jagjit Singh Ji eLibrary NamdhariElibrary@gmail.com



ਭਾਰਤ ਦੇ ਗੀਤ ਨਾਟ ਵਿਭਾਗ ਵਲੋਂ ਧੁਨੀ ਤੇ ਪ੍ਰਕਾਸ਼ ਨਾਲ ਖੇਡੇ ਵਿਸ਼ਾਲ ਨਾਟਕ ਅਭਿਆਨ "ਬੜਤੇ ਕਦਮ" ਜਲੰਧਰ ਵਿਚ ਮਹੀਨਾ ਭਰ ਬਰਲਟਨ ਪਾਰਕ ਵਿਚ ਖੇਡਿਆ ਗਿਆ। ਇਸ ਵਿਚ ਨਾਮਧਾਰੀ ਸ਼ਹੀਦਾਂ ਦੇ ਇਤਿਹਾਸ ਨੂੰ ਵੀ ਗੀਤਾਂ ਰਾਹੀਂ ਦਰਸਾਇਆ ਗਿਆ ਸੀ। ਇਕ ਯਾਤਰਾ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਟਕ ਦੇ ਮਸ਼ਹੂਰ ਨਿਰਦੇਸ਼ਕ ਕਰਨਲ ਗੁਪਤੇ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ। ਨਾਲ ਖੜੇ ਹਨ ਸ. ਜਗਦੀਸ਼ ਸਿੰਘ, ਮਹਾਰਾਜ ਬੀਰ ਸਿੰਘ ਅਤੇ ਸੰਤ ਗੁਰਭਜਨ ਸਿੰਘ।



ਜੰਮੂ ਨਾਮਧਾਰੀ ਵਿਦਿਅਕ ਸੰਮੇਲਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੱਜੇ ਪਾਸੇ ਖੜੇ ਹਨ ਸੰਤ ਦਲੀਪ ਸਿੰਘ ਉਦੋਂ ਸੰਪਾਦਕ [illegible] ਮਹਾਰਾਜ ਬੀਰ ਸਿੰਘ ਜੀ ਅਤੇ ਖੱਬੇ ਪਾਸੇ ਪੰਡਿਤ [illegible] ਸਿੰਘ ਜੀ ਅਤੇ [illegible] ਸਿੰਘ ਵਰਿਆਮ।

Sri Satguru Jagjit Singh Ji eLibrary NamdhariElibrary@gmail.com



੧੦ ਜੂਨ ਸੰਨ ੧੯੭੯ ਨੂੰ ਹਜ਼ਾਰੀ ਬਾਗ ਬਿਹਾਰ (ਝਾਰਖੰਡ) ਦੀ ਯੂਰਪੀਨ ਜੇਲ ਵਿਚ ਪਰਸਿਧ ਨਾਮਧਾਰੀ ਆਜ਼ਾਦੀ ਸੰਗਰਾਮੀਂ ਸੂਬਾ ਸਾਹਿਬ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਉਸ ਥਾਂ ਨੂੰ ਖੋਜ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਜੇਲ ਦੀ ਯਾਤਰਾ ਕੀਤੀ। ਤਸਵੀਰ ਵਿਚ ਜੇਲ੍ਹ ਸੁਪਰਡੰਟ ਵਾਕਫੀ ਦੇ ਰਹੇ ਹਨ। ਸਤਿਗੁਰੂ ਜੀ ਦੇ ਪਿਛੇ ਖੜੇ ਹਨ ਸ. ਜਗਦੀਸ਼ ਸਿੰਘ, ਖੱਬੇ ਠਾਕਰ ਉਦੇ ਸਿੰਘ ਤੇ ਕੈਮਰੇ ਨਾਲ ਠਾਕਰ ਦਲੀਪ ਸਿੰਘ ਵੀ ਹਾਜ਼ਰ ਹਨ।



ਜਲੰਧਰ ਵਿਚ ਇਕ ਸਥਾਨਕ ਸੰਗੀਤ ਸਮਾਗਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਸੰਗ ਸਾਥ ਬੈਠੇ ਹਨ ਸ. ਜਗਦੀਸ਼ ਸਿੰਘ, ਸੂਬਾ ਅਮਰੀਕ ਸਿੰਘ ਜੀ, ਸ. ਅਵਤਾਰ ਸਿੰਘ ਤਬਲਾ ਵਾਦਕ, ਸੰਤ ਤਰਸੇਮ ਸਿੰਘ, ਉਸਤਾਦ ਹਰਭਜਨ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੂਰਬਾ। ਖੜੇ ਹਨ ਜਥੇਦਾਰ ਅਵਤਾਰ ਸਿੰਘ, ਪ੍ਰਧਾਨ ਦਰਸ਼ਨ ਸਿੰਘ ਅਤੇ ਸੰਤ ਮਹਿੰਦਰ ਸਿੰਘ। ਸਾਹਮਣੇ ਬੈਠਿਆਂ ਵਿਚ ਸ੍ਰੀ ਰਮੇਸ਼ ਅਤੇ ਵਿਜੇ ਜੀ ਹਿੰਦ ਸਮਾਚਾਰ ਵਾਲਿਆਂ ਦੀ ਇਕ ਝਲਕ ਮਾਤਰ ਹੈ।

Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ ਮੇਰੇ ਵੀ

ਹਰਭਜਨ ਸਿੰਘ ਬਟਾਲਵੀ

ਮਨੁੱਖੀ ਸੋਚ ਹਰ ਸਮੇਂ, ਹਰ ਥਾਂ, ਹਰ ਤਰ੍ਹਾਂ ਬਦਲਦੀ ਰਹਿੰਦੀ ਹੈ ਅਤੇ ਇਸਦਾ ਸੰਦਰਭ ਸਮਝ ਕੇ ਸਿਆਣੇ ਲੋਕ ਇਸ ਤੋਂ ਲਾਭ ਉਠਾਉਂਦੇ ਹਨ। ਲਿਖਤ ਰੂਪ ਵਿਚ ਜਦੋਂ ਇਹ ਸੋਚ ਲੋਕਾਂ ਸਾਹਮਣੇ ਆਉਂਦੀ ਹੈ ਤਾਂ ਇਸਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਮਨੁੱਖੀ ਭਾਵਨਾਵਾਂ ਦੀ ਤਰਜਮਾਨੀ ਕਰਦੀ ਅਤੇ ਅੱਗੋਂ ਇਨ੍ਹਾਂ ਭਾਵਨਾਵਾਂ ਦੀ ਦਿਸ਼ਾ ਨਿਰਦੇਸ਼ਨਾ ਕਰਦੀ ਇਹ ਸੋਚ ਮਨੁੱਖੀ ਮਨ ਨੂੰ ਕਿਤੇ ਦਾ ਕਿਤੇ ਪਹੁੰਚਾ ਦਿੰਦੀ ਹੈ। ਇੰਜ ਲਿਖਤ ਬਹੁਤ ਸਾਰੇ ਮਨੁੱਖਾਂ ਦੀ ਸੋਚ ਦਾ ਨਿਚੋੜ ਹੁੰਦੀ ਹੈ ਅਤੇ ਪ੍ਰਾਚੀਨ ਸਮਿਆਂ ਨੂੰ ਅਜੋਕੇ ਸਮੇਂ ਨਾਲ ਜੋੜਦੀ ਹੈ। ਅੱਜ ਦਾ ਪਾਠਕ ਪੁਰਾਣੇ ਗਿਆਨ ਤੋਂ ਜਾਣੂ ਹੁੰਦਾ ਹੋਇਆ ਉਸਨੂੰ ਨਵੇਂ ਸੰਦਰਭ ਵਿਚ ਜੋੜ ਕੇ ਕੁਝ ਹੋਰ ਕਰਨ ਦੇ ਸਮਰੱਥ ਹੋ ਜਾਣ ਲਈ ਤਿਆਰ ਹੁੰਦਾ ਹੈ। ਜੇਕਰ ਲੇਖਕਾਂ ਨੂੰ ਨਿਸਚਿਤ ਸਮੇਂ ਉਤੇ ਅਤੇ ਨਿਸਚਿਤ ਢੰਗ ਨਾਲ ਇਸ ਸੋਚ ਦੀ ਪ੍ਰਾਪਤੀ ਹੁੰਦੀ ਰਹੇ ਤਾਂ ਉਨ੍ਹਾਂ ਨੂੰ ਹਰ ਪੱਖੋਂ ਅਗਵਾਈ ਮਿਲਦੀ ਹੈ ਜੋ ਉਨ੍ਹਾਂ ਨੂੰ ਜੀਵਨ ਲਈ ਤਿਆਰ ਕਰਦੀ ਹੈ। ਪਰ ਇਹੋ ਜਿਹੀ ਲਿਖਤ ਜਾਰੀ ਰੱਖਣੀ ਅਤੇ ਪਾਠਕਾਂ ਤੱਕ ਪਹੁੰਚਦੀ ਕਰਨੀ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੱਲ ਹੈ। ਭਾਵ ਇਹ ਕਿ ਕਿਸੇ ਅਖ਼ਬਾਰ, ਰਸਾਲੇ ਜਾਂ ਪੁਸਤਕ ਰਾਹੀਂ ਪਾਠਕਾਂ ਤੱਕ ਪੁੱਜਣਾ ਅਤੇ ਪੁੱਜਦੇ ਰਹਿਣਾ ਬਹੁਤ ਵੱਡਾ ਮਸਲਾ ਹੈ। ਪ੍ਰਕਾਸ਼ਨਾ ਨੂੰ ਭਾਵੇਂ ਉਹ ਕਿਸੇ ਵੀ ਭਾਂਤ ਦੀ ਹੋਵੇ, ਜਾਰੀ ਰੱਖਣਾ ਅਤੇ ਪਾਠਕਾਂ ਤੱਕ ਪੁੱਜਦੇ ਰੱਖਣਾ ਗਹਿਰ ਗੰਭੀਰ ਅਤੇ ਪੇਚੀਦਾ ਕੰਮ ਹੈ। ਲੰਮੇ ਸਮੇਂ ਲਈ ਜਾਰੀ ਰੱਖਣਾ ਤਾਂ ਹੋਰ ਵੀ ਔਖਾ ਹੈ। ਮਾਸਿਕ ਵਰਿਆਮ ਦੇ ਕੇਸ ਵਿਚ ਤਾਂ ਮੈਨੂੰ ਲੱਗਦਾ ਹੈ ਕਿ ਆਮ ਨਾਲੋਂ ਵੱਧ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਵਾਲੀ ਗੱਲ ਹੈ। ਪੰਚੀ ਸਾਲ ਪੂਰ ਕਰਨੇ ਇਕ ਕਮਾਲ ਹੀ ਤਾਂ ਹੈ, ਇਕ ਕ੍ਰਿਸ਼ਮਾ ਹੈ ਅਤੇ ਅਣਹੋਣੀ ਨੂੰ ਹੋਣੀ ਕਰ ਵਿਖਾਉਣ ਵਾਲੀ ਗੱਲ ਹੀ ਹੈ। ਕਈ ਮਿੱਤਰਾਂ ਦਾ ਵਿਚਾਰ ਹੈ ਕਿ ਇਹ ਨਿਰੋਲ ਧਾਰਮਿਕ ਪਰਚਾ ਹੈ ਅਤੇ ਵਿਸ਼ੇਸ਼ ਸੰਪਰਦਾ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਇਸਨੂੰ ਆਰਥਿਕ ਜਾਂ ਕਿਸੇ ਹੋਰ ਸੰਕਟ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਅਜਿਹੇ ਖਿਆਲਾਂ ਵਾਲੇ ਮਿੱਤਰਾਂ ਦੀ ਜਾਣਕਾਰੀ ਲਈ ਇਹੀ ਕਹਿਣਾ ਕਾਫ਼ੀ ਹੈ ਕਿ ਜ਼ਰਾ ਪਿੱਛਲ-ਝਾਤ ਤੋਂ ਕੰਮ ਲੈ ਕੇ ਵੇਖਣ ਤਾਂ ਜੋ ਪਤਾ ਲੱਗੇ ਕਿ ਵਰਿਆਮ ਨੇ ਬੜੇ ਹੀ ਵਿਸ਼ੇਸ਼ ਅੰਕ ਕੱਢੇ ਹਨ। ਸਮਾਜ ਦੇ ਹਰ ਪੱਖ ਨੂੰ ਇਥੋਂ ਤੱਕ ਕਿ ਖੇਡਾਂ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਸਗੋਂ ਵਿਸ਼ੇਸ਼ ਅੰਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਸੰਗੀਤ ਜੀਵਨ ਵਿਚ ਰਸ ਪੈਦਾ ਕਰਦਾ ਹੈ ਅਤੇ ਪਹਿਲਾਂ ਪ੍ਰਾਪਤ ਰਸ ਨੂੰ ਹੋਰ ਵੀ ਰਸਦਾਇਕ ਅਤੇ ਸੁਆਦਲਾ ਬਣਾਉਂਦਾ ਹੈ। ਵਰਿਆਮ ਨੇ ਇਸ ਪ੍ਰਤੀ ਵੀ ਵਿਸ਼ੇਸ਼ ਯਤਨ ਕੀਤੇ ਹਨ ਅਤੇ ਸ਼ਲਾਘਾਯੋਗ ਹਿੱਸਾ ਪਾਇਆ ਹੈ। ਅੱਜ ਪ੍ਰਦੂਸ਼ਣ ਇਕ ਵੱਡੀ ਅਤੇ ਭਿਆਨਕ ਸਮੱਸਿਆ ਹੈ। ਭਵਿੱਖ ਚਿੰਤਤ ਹੋਣ ਵਾਲਾ ਹੈ। ਇਸ ਦੀ ਗੰਭੀਰਤਾ ਅਤੇ ਇਸ ਪ੍ਰਤੀ ਚੇਤਨਤਾ ਪੈਦਾ ਕਰਨਾ ਜਿਥੇ ਪੁੰਨ ਦਾ ਕੰਮ ਹੈ ਉਥੇ ਭਵਿੱਖ ਦਾ ਪ੍ਰਸ਼ਨ ਵੀ ਹੈ। ਇਸ ਪੱਖੋਂ ਵੀ ਵਰਿਆਮ ਨੇ ਵਿਸ਼ੇਸ਼ ਉਪਰਾਲਾ ਕੀਤਾ ਹੈ। ਪਾਠਕਾਂ ਨੂੰ ਇਸ ਗੰਭੀਰ ਅਤੇ ਪੇਚੀਦਾ ਸਮੱਸਿਆ ਤੋਂ ਜਾਣੂ ਕਰਵਾ ਕੇ ਇਸ ਤੋਂ ਬਚਣ ਦੇ ਉਪਾਅ ਵੀ ਸੁਝਾਏ ਹਨ। ਮਨੁੱਖੀ ਮਨ ਸ਼ਾਂਤੀ, ਗੰਭੀਰਤਾ ਅਤੇ ਭਟਕਣ ਰਹਿਤ ਵਿਵਸਥਾ ਚਾਹੁੰਦਾ ਹੈ। ਇਸ ਵਿਚ ਕੁਦਰਤੀ ਵਾਤਾਵਰਣ ਅਤੇ ਕੁਦਰਤੀ ਰਹਿਮਤਾਂ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਇਸ ਬਾਰੇ ਇਸ ਮਾਸਿਕ ਪੱਤਰ ਨੇ ਸ਼ਲਾਘਾਯੋਗ ਕੰਮ ਕੀਤਾ ਹੈ। ਸੰਗੀਤ ਨੂੰ ਮਨੁੱਖੀ ਰੂਹ ਦੀ ਖ਼ੁਰਾਕ ਮੰਨਿਆ ਜਾਂਦਾ ਹੈ। ਸਾਹਿਤ ਅਤੇ ਸੰਗੀਤ ਜੋ ਸ਼ਾਂਤੀ ਮਨੁੱਖੀ ਮਨ ਨੂੰ ਦਿੰਦੇ ਹਨ ਉਹ ਵਿਲੱਖਣ ਤਾਂ ਹੈ ਹੀ, ਨਾਲ ਦੀ ਨਾਲ ਸਥਾਈ ਵੀ ਹੈ। ਇਸ ਬਾਰੇ ਤਾਂ ਹਰ ਅੰਕ ਵਿਚ ਹੀ ਕੁਝ ਨਾ ਕੁਝ ਜ਼ਰੂਰ ਹੁੰਦਾ ਹੈ। ਫਿਰ ਵੀ ਵਿਸ਼ੇਸ਼ ਭਾਂਤ ਦੇ ਲੇਖ ਅਤੇ ਲੇਖ-ਲੜੀਆਂ ਇਸ ਪੱਖੋਂ ਸਲਾਹੁਣਯੋਗ ਹਨ। ਇਸ ਪੱਤਰ ਨੂੰ ਪ੍ਰਾਪਤ ਕਰਕੇ ਮਨ ਨੂੰ ਵਿਸ਼ੇਸ਼ ਭਾਂਤ ਦੀ ਸ਼ਾਂਤੀ ਦਾ ਅਨੁਭਵ ਹੁੰਦਾ ਹੈ, ਲੱਗਦਾ ਹੈ ਜਿਵੇਂ ਕੋਈ ਮਾਨਸਿਕ ਗੁੰਝਲ ਦੂਰ ਹੋ ਗਈ ਹੋਵੇ। ਅਤਿ ਸਾਧਾਰਣ ਪਰ ਅਤਿ ਗੰਭੀਰ ਵਿਵਸਥਾਵਾਂ ਵਿਚੋਂ ਪਾਠਕ ਵਿਚਰਦਾ ਹੋਇਆ ਨਜ਼ਰ ਆਉਂਦਾ ਹੈ। ਸਾਦਗੀ ਅਤੇ ਸਪਸ਼ਟਤਾ ਇਸ ਵਿਚੋਂ ਝਲਕਾਂ ਮਾਰਦੀ ਹੈ ਅਤੇ ਪਾਠਕ ਨਿਹਾਲ ਹੋ ਜਾਂਦਾ ਹੈ। ਪੰਝੀ ਵਰ੍ਹੇ ਪੂਰੇ ਕਰਨ ਤੇ ਖੁਸ਼ੀ ਹੈ ਅਤੇ ਤਮੰਨਾ ਹੈ ਕਿ ਇਹ ਸਦੀਵੀ ਹੋ ਨਿਬੜੇ। ਇਸੇ ਇੱਛਾ ਨਾਲ ਸ਼ੁਭ ਇੱਛਾਵਾਂ ਸ਼ਾਮਲ ਕਰਕੇ ਆਗਿਆ ਲੈਣਾ ਚਾਹਾਂਗਾ।

੨੭੯, ਮਾਸਟਰ ਤਾਰਾ ਸਿੰਘ ਨਗਰ, ਜਲੰਧਰ।



Sri Satguru Jagjit Singh Ji eLibrary NamdhariElibrary@gmail.com

# ਮੇਰੇ ਚੇਤੇ ਦੀ ਚੰਗੇਰ ਵਿਚਲਾ 'ਵਰਿਆਮ'

—ਜਗਜੀਤ ਸਿੰਘ ਅਨੰਦ

ਵਰਿਆਂ ਦੇ ਬੀਤਣ ਨਾਲ ਪਸਾਕਾ ਪੈਂਦਾ ਜਾ ਰਿਹਾ ਚੇਤਾ ਜੇ ਭੁਲੇਖਾ ਨਹੀਂ ਪਾਉਂਦਾ ਤਾਂ ਜਗਦੀਸ਼ ਸਿੰਘ 'ਵਰਿਆਮ' ਨੂੰ ਮੈਂ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਜੰਮੂ ਵਿੱਚ ਨਾਮਧਾਰੀ ਵਿਦਿਅਕ ਜੱਥੇ ਦਾ ਨੌਜੁਆਨ ਮੋਹਰੀ ਹੁੰਦਾ ਸੀ। ਮੇਲ ਵੀ ਸ਼ਾਇਦ ਪਹਿਲੀ ਵਾਰ ਜੰਮੂ ਵਿੱਚ ਹੀ ਹੋਇਆ, ਪਰ ਜਦੋਂ ਵੀ ਹੋਇਆ ਇੱਕ ਸੁਹਣੇ-ਸਨੁੱਖੇ ਗੋਲ ਪੱਗੜੀ ਤੇ ਚਿੱਟੇ ਬਸਤਰਾਂ ਵਾਲੇ ਨੌਜੁਆਨ ਦੇ ਨਕਸ਼ ਹੀ ਚਿਤਰੇ ਗਏ।

ਨਾਮਧਾਰੀ ਸੰਪਰਦਾਇ ਨਾਲ ਮੈਂ, ਇੱਕ ਅਨੁਆਈ ਵਜੋਂ ਨਹੀਂ ਸਗੋਂ ਅਚੇਤ ਪ੍ਰਸੰਸਕ ਵਜੋਂ ਬਾਲ-ਵਰੇਸ ਤੋਂ ਹੀ ਜੁੜ ਗਿਆ ਸਾਂ। ਕੂਕਿਆਂ ਦਾ ਬਾਣਾ, ਉਹਨਾਂ ਦੇ ਬੋਲ, ਗੁਰੂ ਸ਼ਰਧਾ ਵਿੱਚ ਉਹਨਾਂ ਦੀ ਮਸਤਾਂਨਗੀ ਇੱਕ ਵਿਲੱਖਣ ਵਰਤਾਰੇ ਦਾ ਪਸਾਰਾ ਕਰਦੀ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਪਰਕ ਵਿਚ ਤਾਂ ਦੇਸ ਦੀ ਵੰਡ ਤੋਂ ਪਹਿਲਾਂ ਹੀ ਆ ਗਿਆ ਸਾਂ। ਜਦੋਂ ਉਹਨਾਂ ਸਾਰੇ ਤਫਰਕੇ ਭੁਲਾ ਕੇ ਪ੍ਰੀਤ ਨਗਰ ਵਿੱਚ ਸਭ ਸਿੱਖ ਸੋਚਵਾਨਾਂ ਦੀ ਬੈਠਕ ਵਿੱਚ ਸ਼ਮੂਲੀਅਤ ਕੀਤੀ ਸੀ। ਤਾਂ ਜੋ ਦਿਸਹੱਦੇ ਉਤੇ ਉਮਡ ਰਹੇ ਖਤਰੇ ਨਾਲ ਸਿਝਣ ਦੀਆਂ ਸਬੀਲਾਂ ਸੋਚੀਆਂ ਜਾ ਸਕਣ। ਏਧਰ ਆ ਕੇ ਵੀ ਉਹਨਾਂ ਸਟਾਕ ਹਾਲਮ ਆਲਮੀ ਅਮਨ ਕਾਨਫਰੰਸ ਦੀ ਤਿਆਰੀ ਵਿੱਚ ਹੋਏ ਸੰਮੇਲਨ ਮੌਕੇ ਨਾ ਸਿਰਫ ਜਲੰਧਰ ਦੇ ਟਾਉਨ ਹਾਲ ਵਿਖੇ ਦਰਸ਼ਨ ਦਿੱਤੇ, ਸਗੋਂ ਆਪਣੇ ਵਿਸ਼ਵਾਸ ਪਾਤਰ ਸੱਜਣਾਂ ਨੂੰ ਕਾਨਫਰੰਸ ਲਈ ਭੇਜਣ ਦੇ ਪ੍ਰਬੰਧ ਵੀ ਕੀਤੇ।

ਇਹ ਨੇੜ ਸਤਿਗੁਰੂ ਜਗਜੀਤ ਸਿੰਘ ਜੀ ਵੇਲੇ ਹੋਰ ਘਨਿਸ਼ਟ ਹੋ ਗਿਆ ਅਤੇ ਉਹਨਾਂ ਦੀ ਨੇੜਤਾ ਪ੍ਰਾਪਤ ਹੋਣ ਸਦਕੇ ਹੀ ਸ. ਜਗਦੀਸ਼ ਸਿੰਘ 'ਵਰਿਆਮ' ਨਾਲ ਪਹਿਲੀ ਪਛਾਣ ਪਈ।

ਮੁੱਢਲੇ ਦਿਨਾਂ ਤੋਂ ਹੀ ਜਗਦੀਸ਼ ਸਿੰਘ ਜੀ ਉਤਸ਼ਾਹ ਤੇ ਉਮਾਹ ਨਾਲ ਭਰੇ ਭਰਾਏ ਲੱਭੇ। ਦਹਾਕੇ ਭਾਵੇਂ ਕੋਈ ਚਾਰ ਬੀਤ ਗਏ ਹੋਣੇ ਨੇ, ਨਾ ਉਤਸ਼ਾਹ ਤੇ ਉਮਾਹ ਵਿੱਚ ਘਾਟ ਆਈ ਹੈ ਨਾਂ ਚਿਹਨ-ਚੱਕਰ ਦੇ ਉੱਜਲੇ ਪਣ ਵਿੱਚ।

ਜਦੋਂ ਮਾਸਿਕ 'ਵਰਿਆਮ' ਨੇ ਸੰਸਾਰ ਉੱਤੇ ਅੱਖ ਖੋਹਲੀ ਮੇਰੀ ਸਾਂਝ ਨਿੱਜੀ ਨੇੜਤਾ ਵਿੱਚ ਬਦਲ ਚੁੱਕੀ ਸੀ। ਸਬੰਧ ਮੇਰਾ ਤਾਂ ਨਾਮਧਾਰੀ ਸੰਪਰਦਾ ਨਾਲ ਜੁੜੇ ਸਪਤਾਹਿਕ 'ਸਤਿਜੁਗ' ਨਾਲ ਵੀ ਰਿਹਾ ਸੀ ਅਤੇ "ਨਵਾਂ ਹਿੰਦੋਸਤਾਨ" ਨਾਲ ਵੀ ਜਿਹੜਾ ਇੱਕ ਸਮੇਂ ਦੈਨਿਕ ਵਜੋਂ ਵੀ ਛਪਦਾ ਰਿਹਾ, ਪਰ 'ਵਰਿਆਮ' ਨੇ ਜਗਦੀਸ਼ ਸਿੰਘ ਦੇ ਨਾਂ ਨਾਲ ਆਪਣਾ ਅਨਿਖੜਵਾਂ ਰਿਸ਼ਤਾ ਜੋੜ ਕੇ ਅਜਿਹੀਆਂ ਉਚਾਣਾਂ ਛੋਹੀਆਂ ਕਿ ਨਾਮਧਾਰੀ ਸਤਿਗੁਰੂ ਜੀ ਦੀ ਕਿਰਪਾ ਦਾ ਪਾਤਰ ਰਹਿੰਦੇ ਹੋਏ ਵੀ ਉਹ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਨਿਵੇਕਲੀ ਪਛਾਣ ਬਣਾ ਗਿਆ।

ਇਸ ਪਰਚੇ ਦੇ ਪੰਞੀ ਸਾਲ ਪੂਰੇ ਹੋਣ 'ਤੇ ਮੇਰੇ ਵਰਗੇ ਆਪਣਿਆਂ ਨੂੰ ਤਾਂ ਖੁਸ਼ੀ ਹੋਈ ਹੈ, ਸਮੁੱਚੇ ਪੰਜਾਬੀ ਸਾਹਿਤ ਜਗਤ ਨੂੰ ਵੀ ਖੁਸ਼ੀ ਹੈ। ਇਸ ਦੀ ਦੇਣ ਦਾ ਮੁਲੰਕਣ ਤਾਂ ਹੋਰ ਪਾਠਕ ਤੇ ਪ੍ਰੀਤਵਾਨ ਵੀ ਕਰਨਗੇ, ਮੈਂ ਤਾਂ 'ਵਰਿਆਮ' ਨੂੰ ਕੱਢਣ ਵਿੱਚ ਜਗਦੀਸ਼ ਸਿੰਘ ਜੀ ਦੀ ਲਗਨ ਤੇ ਘਾਲਣਾ ਦੇ ਨਾਲ-ਨਾਲ ਉਹਨਾਂ ਦੀ ਪੰਜਾਬੀ ਲੇਖਕ ਸਭਾ ਜਲੰਧਰ ਨੂੰ ਦੇਣ ਦਾ ਵੀ ਦਿਲੋਂ ਕਦਰਦਾਨ ਹਾਂ।

ਇਹ ਨਹੀਂ ਜਾਣਦਾ ਕਿ ਮਾਸਕ 'ਵਰਿਆਮ' ਪਹਿਲੇ ਹੋਂਦ ਵਿੱਚ ਜਾਂ ਜਗਦੀਸ਼ ਸਿੰਘ ਹੋਰਾਂ ਦੀ ਦੋਸਤੀ ਮੈਨੂੰ ਵਰਿਆਮ ਨਾਲ ਪਹਿਲੋਂ ਲੱਗੀ, ਭਾਵੇਂ ਅਨੁਮਾਨ ਮੇਰਾ ਇਹ ਕਿ ਜਦੋਂ ਇਹ ਦੋਸਤੀ ਖਿੜੀ ਉਦੋਂ ਤੱਕ ਪੱਤਰ 'ਵਰਿਆਮ' ਵੀ ਆਪਣੀ ਥਾਂ ਬਣਾ ਬੈਠਾ ਸੀ। ਤਦ ਵੀ ਜਗਦੀਸ਼ ਸਿੰਘ ਦੇ 'ਵਰਿਆਮ' ਅਤੇ ਉਸਦੇ ਯਾਰ ਵਰਿਆਮ ਸਿੰਘ ਸੰਧੂ ਨਾਲ ਮੇਰਾ ਅਵੱਲੜਾ ਜਿਹਾ, ਪਰ ਬਹੁਤਾ ਕਰਕੇ ਮੂਕ, ਨਿਹੁੰ ਹੈ।

**ਆਸਵੰਦ ਹਾਂ ਕਿ ਇਹ ਨਿਹੁੰ ਨਿਰੰਤਰ ਬਣਿਆ ਰਹੇਗਾ।**

**ਮੁੱਖ ਸੰਪਾਦਕ ਨਵਾਂ ਜ਼ਮਾਨਾ ਜਲੰਧਰ**



Sri Satguru Jagjit Singh Ji eLibrary NamdhariElibrary@gmail.com

# ਖ਼ੂਬ ਤੇਰੀ ਪਗੜੀ ਮੀਠੇ ਤੇਰੇ ਬੋਲ....

—ਕੁਲਦੀਪ ਸਿੰਘ ਬੇਦੀ

ਜਗਦੀਸ਼ ਸਿੰਘ ਹੁਰਾਂ ਨੂੰ ਮੈਂ ਉਦੋਂ ਤੋਂ ਜਾਣਦਾ ਹਾਂ, ਜਦੋਂ ਉਹ ਨਾ ਤਾਂ 'ਵਰਿਆਮ' ਦੇ ਸੰਪਾਦਕ ਸਨ ਅਤੇ ਨਾ ਹੀ ਮੈਂ ਜਗਬਾਣੀ ਵਿਚ ਬਤੌਰ ਸਬ-ਐਡੀਟਰ ਹੀ ਹੁੰਦਾ ਸੀ। ਸਾਡੀ ਆਪਸ ਵਿਚ ਜਾਣਕਾਰੀ ਦੋ ਸਾਹਿਤ ਪ੍ਰੇਮੀਆਂ ਕਰਕੇ ਹੋਈ ਅਤੇ ਸਾਡੀਆਂ ਮੁਲਾਕਾਤਾਂ ਸਾਹਿਤ ਸਭਾਵਾਂ ਦੀਆਂ ਇਕੱਤਰਤਾਵਾਂ ਵਿਚ ਹੀ ਹੁੰਦੀਆਂ। ਜਗਦੀਸ਼ ਸਿੰਘ ਬੇਸ਼ਕ ਸਰਗਰਮ ਲੇਖਕਾਂ ਵਿਚ ਸ਼ਾਮਲ ਨਹੀਂ ਹਨ ਅਤੇ ਮੈਂ ਵੀ ਹਰ ਮਹੀਨੇ ਨਵੀਂ ਕਹਾਣੀ ਲਿਖਣ ਵਾਲਾ ਲੇਖਕ ਨਹੀਂ ਹਾਂ। ਵੱਖਰੀ ਦਿੱਖ ਹੋਣ ਕਾਰਨ ਉਹ ਹਰ ਸਮਾਗਮ ਵਿਚ ਦੂਰੋਂ ਹੀ ਪਛਾਣੇ ਜਾਂਦੇ। ਦੁੱਧ ਚਿੱਟੀ ਪਗੜੀ ਅਤੇ ਸਫੈਦ ਬਸਤਰਾਂ ਵਾਲੇ ਇਸ ਸ਼ਖਸ ਨੂੰ ਹਰ ਕੋਈ ਮਿਲਣਾ ਲੋਚਦਾ। ਫਿਰ ਉਨ੍ਹਾਂ ਦੀ ਬੋਲਬਾਣੀ ਅਤੇ ਨਿੱਘ ਹਰੇਕ ਨੂੰ ਆਪਣੇ ਵੱਲ ਆਕਰਸ਼ਤ ਕਰ ਲੈਂਦਾ।

੧੯੭੫ ਤੋਂ ਪਹਿਲਾਂ ਹੀ ਉਹ ਜਲੰਧਰ ਦੀਆਂ ਸਾਹਿਤਕ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਗੇ ਅਤੇ ਜਦੋਂ 'ਵਰਿਆਮ' ਦੀ ਪ੍ਰਕਾਸ਼ਨਾ ਆਰੰਭ ਹੋਈ ਅਤੇ ਜਗਦੀਸ਼ ਸਿੰਘ ਸਾਹਿਤ ਸਭਾਵਾਂ ਦੇ ਅਹੁਦੇਦਾਰਾਂ ਵਿਚ ਸ਼ਾਮਲ ਹੋਏ ਤਾਂ ਉਨ੍ਹਾਂ ਦਾ ਲਾਡੋਵਾਲੀ ਰੋਡ ਵਾਲਾ ਪ੍ਰੈਸ ਲੇਖਕਾਂ ਲਈ ਇਕ ਕੇਂਦਰ ਬਣ ਗਿਆ। ਸਵੇਰੇ ਸ਼ਾਮ ਜਦੋਂ ਵੀ ਉਧਰੋਂ ਲੰਘੋ ਕੋਈ ਨਾ ਕੋਈ ਲੇਖਕ ਜਾਂ ਸਾਹਿਤ ਪ੍ਰੇਮੀ ਉਥੇ ਜ਼ਰੂਰ ਮਿਲ ਪੈਂਦਾ।

ਜਗਦੀਸ਼ ਸਿੰਘ ਅਜੇ ਉਦੋਂ 'ਵਰਿਆਮ' ਨਹੀਂ ਸਨ ਬਣੇ ਜਦੋਂ ਸਾਹਿਤਕ ਸਭਾਵਾਂ 'ਚ ਇਕ ਮਾਣਯੋਗ ਸ਼ਖਸੀਅਤ ਬਣ ਕੇ ਉਭਰੇ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਗਮ ਜੋ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਹੋਏ, ਮੌਕੇ ਜਗਦੀਸ਼ ਸਿੰਘ ਨਾਲ ਨਾਲ ਰਹੇ ਅਤੇ ਫਿਰ ਜਿੰਨੇ ਵੀ ਸਮਾਗਮ ਜੋ ਸਾਹਿਤ ਦੇ ਨਾਂ ਨਾਲ ਜੁੜੇ ਹੋਏ ਹੁੰਦੇ, ਜਗਦੀਸ਼ ਸਿੰਘ ਦਾ ਨਾਂ ਹਰ ਪ੍ਰਬੰਧਕੀ ਕਮੇਟੀ 'ਚ ਸ਼ਾਮਲ ਹੁੰਦਾ ਜਾਂ ਫਿਰ ਉਹ ਖੁਦ ਆਪਣੇ ਆਪ ਨੂੰ ਅਜਿਹੀ ਸੇਵਾ ਲਈ ਪੇਸ਼ ਕਰਦੇ ਰਹੇ। ਬਾਬਾ ਗੁਰਬਖਸ਼ ਸਿੰਘ ਬੰਨੋਆਣਾ, ਦਰਸ਼ਨ ਸਿੰਘ ਹਵਾਲਦਾਰ (ਸਵ.), ਚੈਨ ਸਿੰਘ ਚੈਨ ਅਤੇ ਕੁਝ ਹੋਰ ਸਾਥੀ ਜਦੋਂ ਇਕੱਠੇ ਹੋ ਕੇ ਕਿਸੇ ਸਮਗਾਮ ਲਈ ਤੁਰਦੇ ਤਾਂ ਹਰ ਕੰਮ ਆਪਣੇ ਆਪ ਸਿਰੇ ਚੜਦਾ ਜਾਂਦਾ। ਜਗਦੀਸ਼ ਸਿੰਘ ਹੁਰਾਂ ਦਾ ਨਰਮ ਸੁਭਾਅ ਅਤੇ ਪੱਕਾ ਅਕੀਦਾ ਉਹਨਾਂ ਨੂੰ ਕਿਸੇ ਵੀ ਕਾਰਜ ਤੋਂ ਕਦੇ ਨਹੀਂ ਥਿੜਕਾਉਂਦਾ। ਲੇਖਕਾਂ ਨਾਲ ਉਹਨਾਂ ਦੀ ਸਾਂਝ ਅਤੇ ਪ੍ਰਤੀਬੱਧਤਾ ਇੰਨੀ ਕਿ ਕੋਈ ਲੇਖਕ ਆ ਜਾਏ ਤਾਂ ਝਟਪਟ ਉਸ ਨਾਲ ਮਿਲਣੀ ਦਾ ਪ੍ਰਬੰਧ ਕੋਈ ਲੇਖਕ ਸਵਰਗ ਸਿਧਾਰ ਜਾਏ ਤਾਂ ਉਸਦਾ ਸ਼ਰਧਾਂਜਲੀ ਸਮਾਗਮ ਫਟਾਫਟ ਆਯੋਜਿਤ ਕਰਨਾ। ਇਕੱਲੇ ਇਕੱਲੇ ਲੇਖਕ ਨੂੰ ਸੁਨੇਹਾ ਭੇਜਣਾ। ਪ੍ਰਸਿੱਧ ਨਾਟਕਕਾਰ ਰੌਸ਼ਨ ਲਾਲ ਆਹੂਜਾ ਦਾ ਸ਼ਰਧਾਂਜਲੀ ਸਮਾਗਮ ਜਲੰਧਰ ਦੇ ਲੇਖਕਾਂ ਨੂੰ ਅਜੇ ਵੀ ਯਾਦ ਹੈ।

ਲੇਖਕ ਸਭਾਵਾਂ ਦਾ ਹਾਲ ਜੋ ਹੁੰਦਾ ਹੈ, ਅਸੀਂ ਸਭ ਜਾਣਦੇ ਹਾਂ, ਪਰ ਜਦੋਂ ਦੇ ਜਗਦੀਸ਼ ਸਿੰਘ 'ਵਰਿਆਮ' ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਣੇ ਹਨ, ਉਹ ਪ੍ਰਧਾਨ ਹੀ ਚਲੇ ਆਉਂਦੇ ਹਨ। ਉਨ੍ਹਾਂ ਬਾਰੇ ਕਦੇ ਵੀ ਕਿਸੇ ਨੇ ਕਿੰਤੂ ਨਹੀਂ ਕੀਤਾ। ਦਰਅਸਲ ਹਰ ਵਿਅਕਤੀ ਆਪਣੇ ਕੰਮ ਨਾਲ ਹੀ ਅੱਗੇ ਆਉਂਦਾ ਹੈ ਅਤੇ ਜਿਹੜੇ ਵਿਅਕਤੀ ਆਪਣੇ ਕੰਮ ਪ੍ਰਤੀ ਪ੍ਰਤੀਬੱਧ ਹਨ ਉਹ ਹਮੇਸ਼ਾ ਕਾਮਯਾਬ ਹੁੰਦੇ ਹਨ। ਜਗਦੀਸ਼ ਸਿੰਘ ਹੁਰਾਂ ਨੇ 'ਵਰਿਆਮ' ਆਰੰਭ ਕੀਤਾ ਤਾਂ ਸਾਨੂੰ ਲਗਦਾ ਸੀ ਕਿ ਸ਼ਾਇਦ ਇਹ ਮੈਗਜ਼ੀਨ ਵੀ ਬਾਕੀ ਪਰਚਿਆਂ ਵਾਂਗ ਹੌਲੀ ਹੌਲੀ ਬੰਦ ਹੋ ਜਾਇਗਾ, ਪਰ ਜਗਦੀਸ਼ ਸਿੰਘ ਜੀ ਦੇ ਸਿਰੜ ਸਦਕਾ ਇਹ ਪਰਚਾ ਛਪਦਾ ਰਿਹਾ ਅਤੇ ਲਗਾਤਾਰ ਛਪਦਾ ਰਿਹਾ। ਕਦੇ ਕਦੇ ਉਹ ਗੱਲਾਂ ਬਾਤਾਂ 'ਚ ਪਰਚੇ ਸੰਬੰਧੀ ਚਿੰਤਾ ਦਾ ਪ੍ਰਗਟਾਵਾ ਜ਼ਰੂਰ ਕਰਦੇ ਪਰ ਉਨ੍ਹਾਂ ਨੇ ਇਸਨੂੰ ਬੰਦ ਨਹੀਂ ਹੋਣ ਦਿੱਤਾ ਅਤੇ ਅੱਜ 'ਵਰਿਆਮ' ਪੰਝੀ ਸਾਲ ਮੁਕੰਮਲ ਕਰ ਚੁੱਕਾ ਹੈ। ਇਹ ਜਗਦੀਸ਼ ਸਿੰਘ ਹੁਰਾਂ ਦੀ ਮਿਹਨਤ, ਲਗਨ ਅਤੇ ਸਿਰੜ ਦਾ ਹੀ ਨਤੀਜਾ ਹੈ।

ਅੱਜ ਮੌਕਾ ਮਿਲਿਆ ਹੈ ਕਿ ਵਰਿਆਮ ਅਤੇ ਜਗਦੀਸ਼ ਸਿੰਘ ਦੋਵੇਂ ਇਕ ਮਿਕ ਹੋ ਗਏ ਹਨ ਅਤੇ ਦੋਵਾਂ ਨੂੰ ਇਕ ਦੂਜੇ ਨਾਲੋਂ ਤੋੜਨਾ ਮੁਮਕਿਨ ਨਹੀਂ। ਵਰਿਆਮ ਦੀ ਪਛਾਣ ਜਗਦੀਸ਼ ਸਿੰਘ ਕਰਕੇ ਹੈ ਅਤੇ ਜਗਦੀਸ਼ ਸਿੰਘ ਦੀ ਪਛਾਣ ਵਰਿਆਮ ਕਰਕੇ ਹੈ। ਚਿੱਟੀ ਦਸਤਾਰ, ਚਿੱਟੇ ਬਸਤਰ ਅਤੇ ਮਿੱਠੀ ਗੁਫਤਾਰ ਵਾਲੇ ਇਸ ਸੱਜਣ ਨੂੰ ਅੱਜ ਵਧਾਈ ਦੇਣ ਦਾ ਮੌਕਾ ਬਣਿਆ ਹੈ। 'ਵਰਿਆਮ' ਦੀ ਸਫਲਤਾ ਇਸੇ ਗਲ ਵਿਚ ਹੈ ਕਿ ਇਹ ਪਰਚਾ ਕਮਰਸ਼ੀਅਲ ਲੀਹਾਂ ਤੋਂ ਲਾਂਭੇ ਤੁਰਦਾ ਹੋਇਆ ਵੀ ਆਪਣੀ ਲਗਾਤਾਰ ਪ੍ਰਕਾਸ਼ਨਾ ਅਤੇ ਉਤਮ ਸਾਹਿਤ ਦੀ ਪੇਸ਼ਕਾਰੀ ਸਦਕਾ ਆਪਣੀ ਪਛਾਣ ਰੱਖਦਾ ਹੈ।

ਜਗਦੀਸ਼ ਸਿੰਘ ਜੀ ਤੁਹਾਨੂੰ ਇਸ ਮੌਕੇ ਲੱਖ ਲੱਖ ਵਧਾਈਆਂ।



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਪੰਜਾਬੀ ਪਾਠਕ ਪੈਦਾ ਕਰਦਾ ਏ

—ਪ੍ਰੇਮ ਪ੍ਰਕਾਸ਼

੧੯੯੦ 'ਚ ਜਦ ਮੈਂ 'ਲਕੀਰ' ਮੁੜ ਕੇ ਸ਼ੁਰੂ ਕੀਤਾ ਤਾਂ ਉਹਦੇ ਟਾਈਟਲ ਦੇ ਚਾਰ ਪੰਨੇ ਜਿਹੜੇ ਪ੍ਰੈਸ ਤੋਂ ਛਪਵਾਉਣੇ ਸ਼ੁਰੂ ਕੀਤੇ ਉਹ ਸ. ਜਗਦੀਸ਼ ਸਿੰਘ ਦਾ ਸੀ। ਮੈਂ ਉਹਨਾਂ ਬਾਰੇ ਏਨਾ ਕੁ ਜਾਣਦਾ ਸੀ ਕਿ ਉਹ ਬਾਬਾ ਗੁਰਬਖਸ਼ ਸਿੰਘ ਬਨੂਆਣਾ ਵਾਂਗ ਸਾਹਿਤਕ ਪ੍ਰਬੰਧਕੀ ਰਸੀਏ ਨੇ। ਉਹ ਕੇਂਦਰੀ ਲੇਖਕ ਸਭਾ ਦੀ ਉਸ ਜਲੰਧਰ ਇਕਾਈ ਦੇ ਪ੍ਰਧਾਨ ਨੇ, ਜੀਹਦੇ ਜਨਰਲ ਸਕੱਤਰ ਬਾਬਾ ਬਨੂਆਣਾ ਨੇ ਏ। ਉਹ ਜਲੰਧਰ ਕਿਸੇ ਬਾਹਰਲੇ ਲੇਖਕ ਦੇ ਆਉਣ 'ਤੇ ਜਾਂ ਕਿਸੇ ਲੇਖਕ ਦੇ ਸੁਰਗਵਾਸ ਹੋਣ 'ਤੇ ਜਾਂ ਕਿਸੇ ਹੋਰ ਬਹਾਨੇ ਸਭਾ ਦੀਆਂ ਮੀਟਿੰਗਾਂ ਕਰਦੇ ਰਹਿੰਦੇ ਨੇ ਤੇ ਏਸ ਤਰ੍ਹਾਂ ਜਲੰਧਰ 'ਚ ਸਭਿਆਚਾਰਕ ਸਰਗਰਮੀਆਂ ਜਾਰੀ ਰੱਖਣ ਦਾ ਉੱਦਮ ਕਰਦੇ ਨੇ। ਦੂਜੇ ਉਹ ਨਾਮਧਾਰੀ ਸੰਪ੍ਰਦਾਇ ਨੂੰ ਸਮਰਪਿਤ ਮਾਸਿਕ ਪਰਚਾ 'ਵਰਿਆਮ' ਕੱਢਦੇ ਨੇ। ਜੀਹਦੇ ਵਿਚ ਸਾਹਿਤਕ ਸਮੱਗਰੀ ਤੇ ਸਾਹਿਤਕ ਸਰਗਰਮੀਆਂ ਵੀ ਛਪਦੀਆਂ ਨੇ। ਇਹ ਕੰਮ ਉਹ ਧਾਰਮਿਕ ਸ਼ਰਧਾ ਵਾਂਗੂ ਕਈ ਵਰ੍ਹਿਆਂ ਤੋਂ ਕਰ ਰਹੇ ਨੇ। ਤਦੇ ਕਿਸੇ ਨੂੰ ਸਭਾ ਦੇ ਅਹੁਦੇਦਾਰਾਂ ਨੂੰ ਬਦਲਣ ਦੀ ਲੋੜ ਨਹੀਂ ਪਈ। ਉਹ ਲੇਖਕਾਂ ਨੂੰ ਫੋਨ ਕਰ ਕਰ ਕੇ ਸੱਦਦੇ ਨੇ। ਮੀਟਿੰਗਾਂ ਦੀਆਂ ਫੋਟੋਆਂ ਤੇ ਖਬਰਾਂ ਅਖਬਾਰਾਂ 'ਚ ਛਪਵਾਉਂਦੇ ਨੇ।

ਮੈਂ ਰਸਮੀ ਸਾਹਿਤਕ ਮੀਟਿੰਗਾਂ 'ਚ ਨਹੀਂ ਜਾਂਦਾ, ਪਰ ਸਾਹਿਤ ਨਾਲ ਕਿਸੇ ਵੀ ਵਿੰਗ ਸਿੱਧੇ ਢੰਗ ਨਾਲ ਜੁੜੇ ਬੰਦਿਆਂ ਨੂੰ ਮਿਲਦਾ ਰਹਿੰਦਾ ਹਾਂ। ਆਪਣੇ ਪਰਚੇ ਦਾ ਟਾਈਟਲ ਛਪਵਾਉਣ ਜਾਂਦਾ ਤਾਂ ਜਗਦੀਸ਼ ਸਿੰਘ ਜੀ ਬੜੇ ਪਿਆਰ ਨਾਲ ਮਿਲਦੇ। ਮੈਨੂੰ ਚਾਹ ਵੀ ਪਿਆਉਂਦੇ ਭਾਵੇਂ ਆਪ ਨਹੀਂ ਸੀ ਪੀਂਦੇ। ਸਾਹਿਤ ਤੇ ਸਾਹਿਤਕਾਰਾਂ ਬਾਰੇ ਗੱਲ ਬੜੀ ਨਿਰਮਾਣਤਾ ਨਾਲ ਕਰਦੇ। ਅਸੀਂ ਆਪਣੇ ਪਰਚਿਆਂ ਦੀ ਆਰਥਿਕਤਾ ਬਾਰੇ ਵੀ ਗੱਲਾਂ ਕਰਦੇ। ਮੈਂ 'ਵਰਿਆਮ' ਏਸ ਦਿਲਚਸਪੀ ਨਾਲ ਵੱਧ ਪੜ੍ਹਦਾ ਕਿ ਮੈਨੂੰ ਨਾਮਧਾਰੀ ਲਹਿਰ ਤੇ ਉਹਨਾਂ ਦੀ ਸੋਚ ਤੇ ਮਰਯਾਦਾ ਬਾਰੇ ਕਈ ਨਵੀਆਂ ਗੱਲਾਂ ਦਾ ਪਤਾ ਚੱਲਦਾ। ਬਚਪਨ 'ਚ ਮੈਂ ਸਤਿਗੁਰੂ ਰਾਮ ਸਿੰਘ ਦੀ ਦੇਸ਼ ਭਗਤੀ ਤੇ ਗਊ ਭਗਤੀ ਤੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਬਾਰੇ ਖੰਨੇ ਦੇ ਗੁਰਦੁਆਰੇ ਤੇ ਆਰੀਆ ਸਮਾਜ ਮੰਦਰ 'ਚ ਧਰਮ ਪਰਚਾਰਕਾਂ ਤੋਂ ਬੜਾ ਕੁਝ ਭਾਵੁਕ ਜਿਹਾ ਇਤਿਹਾਸ ਸੁਣਿਆ ਹੋਇਆ ਸੀ। 'ਵਰਿਆਮ' ਵਿਚੋਂ ਕੂਕਾ ਲਹਿਰ ਤੇ ਨਾਮਧਾਰੀ ਸੰਪ੍ਰਦਾਇ ਬਾਰੇ ਨਵੀਂ ਜਾਣਕਾਰੀ ਮਿਲਦੀ।

੧੯੪੭ ਤੋਂ ਪਹਿਲਾਂ ਅਸੀਂ ਸੁਣਦੇ ਹੁੰਦੇ ਸੀ..... ਕੂਕੇ ਬੜੇ ਕਸੂਤੇ ਪਾਣੀ ਨਾ ਪੀਂਦੇ ਬੋਕੇ ਦਾ!.....ਜਗਦੀਸ਼ ਸਿੰਘ ਹੋਰਾਂ ਤੋਂ ਪਹਿਲਾਂ 'ਨਵਾਂ ਜ਼ਮਾਨਾ' 'ਚ ਮੈਨੂੰ ਕਵੀ ਜੀ ਮਿਲਦੇ ਹੁੰਦੇ ਸੀ। ਉਹਨਾਂ ਨਾਲ ਮੇਰੀ ਚੰਗੀ ਸਾਂਝ ਰਹੀ। ਪਰ ਨਾਮਧਾਰੀ ਸੰਪ੍ਰਦਾਇ ਨੂੰ ਸਮਝਣ 'ਚ ਬਹੁਤੀ ਸਹਾਇਤਾ ਨਾ ਮਿਲੀ। ਫੇਰ ਕਹਾਣੀਕਾਰ ਸੁਖਜੀਤ ਤੇ ਉਹਦੀਆਂ ਕਹਾਣੀਆਂ ਨਾਲ ਵਾਹ ਪਿਆ ਤਾਂ ਗੱਲ ਚੋਖੀ ਉਲਝ ਗਈ। ਉਹਨਾਂ 'ਚੋਂ ਕੁਝ ਗੰਢਾਂ ਵਰਿਆਮ ਖੋਲ੍ਹਣ 'ਚ ਸਹਾਈ ਹੁੰਦਾ ਰਿਹਾ ਏ।

ਮੈਂ ਜਦ ਟਾਈਟਲ ਛਪਵਾਉਣ ਜਾਂਦਾ ਸੀ ਤਾਂ ਅਸੀਂ ਸਾਹਿਤ ਦੀ ਗੱਲ ਤਾਂ ਸ਼ਾਇਦ ਹੀ ਕਰਦੇ ਸਾਹਿਤਕ ਸਰਗਰਮੀਆਂ ਦੀਆਂ ਜ਼ਰੂਰ ਕਰ ਲੈਂਦੇ ਸੀ। ਜਗਦੀਸ਼ ਜੀ ਉਦੋਂ ਮੇਰੇ ਬੜੇ ਕੰਮ ਆਉਂਦੇ ਸੀ ਜਦੋਂ ਮੈਨੂੰ ਕਾਹਲ ਹੁੰਦੀ ਸੀ ਜਾਂ ਮੈਂ ਗੇੜੇ ਮਾਰ ਕੇ ਹੰਭ ਜਾਂਦਾ ਸੀ, ਉਦੋਂ ਪਰੂਫ ਪੜ੍ਹਨ ਦਾ ਕੰਮ ਮੈਂ ਜਗਦੀਸ਼ ਹੋਰਾਂ 'ਤੇ ਛੱਡ ਕੇ ਸੌਖਾ ਹੋ ਕੇ ਘਰ ਮੁੜ ਆਉਂਦਾ ਸੀ। ਸੰਤ ਜੀ ਛਪਾਈ ਦੇ ਪੈਸੇ ਆਪ ਘੱਟ ਈ ਲੈਂਦੇ ਸੀ। ਉਹਨਾਂ ਦਾ ਵਰਕਰ ਲੈਂਦਾ ਸੀ। ਜਿਹੜਾ ਹਰ ਤੀਸਰੇ ਅੰਕ ਦਾ ਰੇਟ ਵਧਾ ਲੈਂਦਾ ਸੀ। ਸੰਤ ਜੀ ਇਹੋ ਜਿਹੇ ਛੋਟੇ ਕੰਮਾਂ ਤੋਂ ਸੰਗਦੇ ਹੁੰਦੇ ਸੀ। ਗੱਲਾਂ ਕਰਦਿਆਂ ਮੈਂ ਕਦੇ ਕਿਸੇ ਤੀਜੇ ਬਾਰੇ ਮਾੜੇ ਸ਼ਬਦ ਬੋਲ ਜਾਂਦਾ ਸੀ ਤਾਂ ਇਹ ਸ਼ਰਮਾ ਜਾਂਦੇ ਸੀ।

ਜਦੋਂ ਲਕੀਰ ਦੇ ਨਵੇਂ ਟਾਈਟਲ ਵਾਸਤੇ ਸੁਖਵੰਤ ਆਰਟਿਸਟ ਨੂੰ ਕਿਹਾ ਤਾਂ ਉਹਨੇ ਹਾਜ਼ਰ ਕੁਝ ਸਜਣਾਂ ਨੂੰ ਕਿਹਾ ਕਿ ਤੁਸੀਂ ਸਾਰੇ ਬੁਰਸ਼ ਨਾਲ ਲਫਜ਼ 'ਲਕੀਰ' ਖੁਲ੍ਹਾ ਡੁੱਲ੍ਹਾ ਲਿਖੋ। ਇਵੇਂ ਹੀ ਹੋਇਆ ਤੇ ਜਿਹੜਾ ਡੀਜ਼ਾਇਨ ਸਰਬ ਪਰਵਾਨਤ ਹੋ ਕੇ ਅਜ ਕਲ ਛਪਦਾ ਹੈ ਇਹ ਜਗਦੀਸ਼ ਸਿੰਘ ਜੀ ਦੇ ਹੱਥਾਂ ਦਾ ਹੀ ਲਿਖਿਆ ਹੋਇਆ ਹੈ।

ਹੁਣ 'ਵਰਿਆਮ ੨੫ ਵਰ੍ਹਿਆਂ ਦਾ ਹੋ ਚੁੱਕਿਆ ਏ। ਪਰਚਾ ਜੜ੍ਹ ਗਿਆ ਏ। ਆਰਥਿਕ ਹਾਲਤ ਦਾ ਪਤਾ ਰੰਗੀਨ ਟਾਈਟਲਾਂ ਅਤੇ ਵਲਾਇਤ ਦੀਆਂ ਫੇਰੀਆਂ ਬਾਰੇ ਛਪੀਆਂ ਫੋਟੋਆਂ ਤੋਂ ਲੱਗ ਜਾਂਦਾ ਏ। ਪਰਚੇ ਦੇ ਪਾਠਕਾਂ ਦਾ ਵਿਸ਼ਾਲ ਸਮੂਹ ਉਹਦੀ ਲੰਮੀ ਉਮਰ ਦੀ ਪ੍ਰਾਰਥਨਾ ਕਰਦਾ ਹੋਵੇਗਾ। ਉਹਨਾਂ ਨੂੰ ਏਸ ਤੋਂ ਆਤਮਿਕ ਆਨੰਦ ਮਿਲਦਾ ਹੋਵੇਗਾ।... ਮੈਨੂੰ ਆਤਮਿਕ ਆਨੰਦ ਭਾਵੇਂ ਨਾ ਸਹੀ, ਪਰ ਗਿਆਨ ਤਾਂ ਲੱਭਦਾ ਏ। ਜਿਹੜਾ ਮੇਰੇ ਗਿਆਨ ਯੋਗ ਦਾ ਭਾਗ ਬਣਦਾ ਏ।....ਏਸ ਤੋਂ ਵੀ ਵੱਡੀ ਗੱਲ ਇਹ ਕਿ 'ਵਰਿਆਮ' ਪੰਜਾਬੀ ਪਾਠਕ ਪੈਦਾ ਕਰਦਾ ਏ। ਜਿਨ੍ਹਾਂ ਵਿਚੋਂ ਕੁਝ ਤਾਂ ਸਾਡੇ ਨਾਲ ਵੀ ਚੱਲਣਗੇ।



Sri Satguru Jagjit Singh Ji eLibrary NamdhariElibrary@gmail.com

# ਆਪਣੀ ਹੀ ਧੁਨ ਵਿਚ ਵਿਚਰਨ ਵਾਲੀ ਸ਼ਖਸੀਅਤ
# ਜਗਦੀਸ਼ ਸਿੰਘ ਵਰਿਆਮ

ਸਤਨਾਮ ਸਿੰਘ ਮਾਣਕ

ਜੇਕਰ ਤੁਸੀਂ ਜਲੰਧਰ ਵਿਚ ਘੁੰਮਦੇ ਹੋਏ ਮਦਨ ਫਿਲੌਰ ਮਿਲ ਚੌਕ ਤੋਂ ਭਗਤ ਸਿੰਘ ਚੌਕ ਵੱਲ ਚਲ ਪਵੋ ਤਾਂ ਕੁਝ ਹੀ ਦੂਰੀ 'ਤੇ ਸੜਕ ਦੇ ਆਲੇ-ਦੁਆਲੇ ਤੁਹਾਨੂੰ ਤੇਲ ਦੇ ਡਰੰਮ ਦਿਖਾਈ ਦੇਣਗੇ। ਦੁਕਾਨਾਂ ਦੇ ਅੰਦਰ ਝਾਤੀ ਮਾਰੋਗੇ ਤਾਂ ਸ਼ੈਲਫਾਂ 'ਤੇ ਸਜਾ ਕੇ ਰੱਖੀਆਂ ਹੋਈਆਂ ਮੋਬਾਇਲ ਤੇ ਸੀ. ਐਲ. ਦੀਆਂ ਕੈਨੀਆਂ ਨਜ਼ਰ ਆਉਣਗੀਆਂ, ਇਨ੍ਹਾਂ ਦੁਕਾਨਾਂ 'ਤੇ ਹਰ ਸਮੇਂ ਭੀੜਾਂ ਲੱਗੀਆਂ ਰਹਿੰਦੀਆਂ ਹਨ ਅਤੇ ਮਾਲਕ ਸ਼ਾਮ ਨੂੰ ਹਜ਼ਾਰਾਂ ਰੁਪਏ ਕਮਾ ਕੇ ਉਠਦੇ ਹਨ।

ਭੀੜ ਭਰੀਆਂ ਇਨ੍ਹਾਂ ਦੁਕਾਨਾਂ ਦੇ ਵਿਚਕਾਰ ਹੀ ਸੱਜੇ ਪਾਸੇ ਤੁਹਾਨੂੰ ਇਕ ਹੋਰ ਦੁਕਾਨ ਨਜ਼ਰ ਆਏਗੀ। ਇਹ ਦੁਕਾਨ ਜੋ ਸਮੇਂ ਦੇ ਬੀਤਣ ਨਾਲ ਸੜਕ ਤੋਂ ਕਾਫੀ ਨੀਵੀਂ ਹੋ ਗਈ ਹੈ, ਦੇ ਅੰਦਰ ਝਾਤੀ ਮਾਰਨ 'ਤੇ ਪਹਿਲੀ ਨਜ਼ਰੇ ਤੁਹਾਨੂੰ ਨਾਮਧਾਰੀ ਪੰਥ ਨਾਲ ਸੰਬੰਧਿਤ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਅਤੇ ਸ਼ੈਲਫਾਂ 'ਤੇ ਕਿਤਾਬਾਂ ਤੇ ਪੁਰਾਣੇ ਮੈਗਜ਼ੀਨਾਂ ਦੇ ਬੰਡਲ ਦਿਖਾਈ ਦੇਣਗੇ। ਸ਼ੈਲਫਾਂ ਦੇ ਸਾਹਮਣੇ ਮੇਜ਼ਨੁਮਾ ਕਾਊਂਟਰ ਦੇ ਪਿਛੇ ਇਕ ਸੱਜਣ ਬੈਠੇ ਦਿਖਾਈ ਦੇਣਗੇ। ਇਨ੍ਹਾਂ ਦੀ ਨਾਮਧਾਰੀ ਦਸਤਾਰ, ਚਿੱਟਾ ਕੁੜਤਾ ਅਤੇ ਚੂੜੀਦਾਰ ਪਜਾਮਾ ਵੇਖਕੇ ਤੁਹਾਨੂੰ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਸੱਜਣ ਨਾਮਧਾਰੀ ਸੰਪਰਦਾ ਨਾਲ ਸੰਬੰਧਿਤ ਹਨ। ਜਦੋਂ ਵੀ ਤੁਸੀਂ ਇਸ ਦੁਕਾਨ ਅੱਗੋਂ ਲੰਘੋਗੇ ਇਹ ਸੱਜਣ ਆਲੇ-ਦੁਆਲੇ ਤੋਂ ਗੁਜ਼ਰ ਰਹੇ ਵਾਹਨਾਂ ਦੇ ਸ਼ੋਰ ਤੋਂ ਬੇਨਿਆਜ਼, ਸਿਰ ਸੁੱਟ ਕੇ ਆਪਣੇ ਕੰਮ ਵਿਚ ਰੁਝੇ ਮਿਲਣਗੇ। ਕਦੇ ਕੁਝ ਪੜ੍ਹ ਰਹੇ ਹੋਣਗੇ ਤੇ ਕਦੇ ਲਿਖ ਰਹੇ ਹੋਣਗੇ। ਕਦੇ-ਕਦੇ ਮਿਲਣ ਆਏ ਸੱਜਣਾਂ ਨਾਲ ਗੱਲਬਾਤ ਕਰਨ ਵਿਚ ਮਗਨ ਦਿਖਾਈ ਦੇਣਗੇ। ਵੀਹ ਸਾਲ ਤੋਂ ਮੈਂ ਇਨ੍ਹਾਂ ਨੂੰ ਏਸੇ ਅਵਸਥਾ ਵਿਚ ਦੇਖਦਾ ਆਇਆ ਹਾਂ। ਆਲੇ-ਦੁਆਲੇ ਬੜਾ ਕੁਝ ਬਦਲ ਗਿਆ ਹੈ। ਤੇਲ ਦੀਆਂ ਦੁਕਾਨਾਂ ਪਹਿਲਾਂ ਨਾਲੋਂ ਵੱਡੀਆਂ ਹੋ ਗਈਆਂ ਹਨ। ਕਈ ਦੁਕਾਨਾਂ ਵਿਚ ਖੂਬਸੂਰਤ ਸ਼ੀਸ਼ਿਆਂ ਵਾਲੇ ਕੈਬਿਨ ਬਣ ਗਏ ਹਨ। ਕਈ ਦੁਕਾਨਦਾਰ ਪਹਿਲਾਂ ਨਾਲੋਂ ਸਰੀਰਕ ਤੌਰ 'ਤੇ ਵੀ ਅਤੇ ਧੰਨ-ਦੌਲਤ ਵੱਲੋਂ ਵੀ ਕਾਫੀ ਮੋਟੇ ਹੋ ਗਏ ਹਨ ਪਰ ਜਿਸ ਦੁਕਾਨ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਇਸ 'ਤੇ ਬਹੁਤ ਕੁਝ ਨਹੀਂ ਬਦਲਿਆ। ਹਾਂ, ਇਕ ਫਰਕ ਜ਼ਰੂਰ ਪਿਆ ਹੈ। ਇਹ ਜੋ ਸੱਜਣ ਚਿੱਟੇ ਬਾਣੇ ਵਿਚ ਇਸ ਦੁਕਾਨ 'ਤੇ ਬੈਠੇ ਹਨ ਇਨ੍ਹਾਂ ਦੀ ਦਾਹੜੀ ਹੁਣ ਸਫੈਦ ਹੋ ਗਈ ਹੈ ਅਤੇ ਅੱਖਾਂ 'ਤੇ ਨਜ਼ਰ ਦੀਆਂ ਐਨਕਾਂ ਲੱਗ ਗਈਆਂ ਹਨ।

ਹੁਣ ਤੱਕ ਦਿੱਤਾ ਗਿਆ ਇਹ ਵੇਰਵਾ ਪੜ੍ਹ ਕੇ ਤੁਸੀਂ ਬੜੇ ਕਾਹਲੇ ਪੈ ਗਏ ਹੋਵੋਗੇ। ਤੁਹਾਡੇ ਵਿਚੋਂ ਕਈਆਂ ਨੇ ਆਪ-ਮੁਹਾਰੇ ਹੀ ਆਖਿਆ ਹੋਵੇਗਾ, 'ਬਈ ਆਖਰ ਮਾਜਰਾ ਕੀ ਏ......ਬੁਝਾਰਤਾਂ ਕਿਉਂ ਪਾ ਰਹੇ ਹੋ......ਸਿੱਧੀ ਗੱਲ ਕਰੋ, ਪਈ ਇਹ ਸੱਜਣ ਕੌਣ ਹਨ ਅਤੇ ਇਹ ਦੁਕਾਨ ਕਾਹਦੀ ਹੈ? ਮੇਰਾ ਖਿਆਲ ਹੈ ਕਿ ਤੁਹਾਡੀ ਜਗਿਆਸਾ ਨੂੰ, ਮੈਨੂੰ ਹੁਣ ਹੋਰ ਨਹੀਂ ਵਧਾਉਣਾ ਚਾਹੀਦਾ ਤੇ ਸਿੱਧੀ ਗੱਲ ਕਰ ਹੀ ਦੇਣੀ ਚਾਹੀਦੀ ਹੈ।

ਪਹਿਲੀ ਗੱਲ ਤਾਂ ਇਹ ਕਿ ਜਿਸ ਦੁਕਾਨ ਦਾ ਮੈਂ ਉਪਰ ਜ਼ਿਕਰ ਕੀਤਾ ਹੈ ਇਹ ਕੋਈ ਦੁਕਾਨ ਨਹੀਂ। ਇਹ ਪੰਜਾਬੀ ਦੇ ਮਾਸਿਕ ਰਸਾਲੇ 'ਵਰਿਆਮ' ਦਾ ਦਫਤਰ ਹੈ ਅਤੇ ਚਿੱਟੇ ਬਾਣੇ ਵਿਚ ਜਿਹੜੇ ਸੱਜਣ ਦਫਤਰ ਵਿਚ ਬੈਠੇ ਹਨ ਇਹ ਇਸ ਰਸਾਲੇ ਦੇ ਮੁੱਖ ਸੰਪਾਦਕ ਜਗਦੀਸ਼ ਸਿੰਘ ਵਰਿਆਮ ਹਨ। ਪੰਞੀ ਸਾਲ ਤੋਂ ਉਹ ਇਥੇ ਬੈਠ ਕੇ ਮਾਸਿਕ 'ਵਰਿਆਮ' ਦੀ ਸੰਪਾਦਨਾ ਦਾ ਕਾਰਜ ਕਰ ਰਹੇ ਹਨ। ਮੋਹਰਲੇ ਪਾਸੇ ਇਨ੍ਹਾਂ ਦਾ ਦਫਤਰ ਹੈ ਅਤੇ ਪਿਛਲੇ ਪਾਸੇ ਪ੍ਰੈਸ ਲਾਈ ਹੋਈ ਹੈ। ਤੇਲ ਦੀਆਂ ਦੁਕਾਨਾਂ ਦੇ ਵਿਚਕਾਰ ਇਨ੍ਹਾਂ ਨੇ 'ਵਰਿਆਮ' ਦੇ ਰੂਪ ਵਿਚ ਪੰਜਾਬੀ ਪੱਤਰਕਾਰੀ ਦਾ ਬੂਟਾ ਲਾਇਆ ਹੋਇਆ ਹੈ। ਆਲੇ-ਦੁਆਲੇ ਦੀ ਹਵਾ ਵਿਚ ਤੇਲ ਦੀ ਦੁਰਗੰਧ ਹੈ ਅਥੇ ਪੈਸਿਆਂ ਦੀ ਛਣਕਾਰ। ਇਨ੍ਹਾਂ ਦੀ ਬਹਾਦਰੀ ਇਹ ਹੈ ਕਿ ਇਸ ਸਭ ਕੁਝ ਦੇ ਬਾਵਜੂਦ ਇਨ੍ਹਾਂ ਨੇ 'ਵਰਿਆਮ' ਦੀਆਂ ਜੜ੍ਹਾਂ ਨੂੰ ਤੇਲ ਨਹੀਂ ਲੱਗਣ ਦਿੱਤਾ ਅਤੇ ਨਾ ਹੀ ਪੈਸਿਆਂ ਦੀ ਛਣਕਾਰ ਨੇ ਕਦੇ ਇਨ੍ਹਾਂ ਦਾ ਧਿਆਨ ਖਿਚਿਆ ਹੈ। ਜੇਕਰ ਅਜਿਹਾ ਹੋ ਗਿਆ ਹੁੰਦਾ ਤਾਂ ਹੁਣ ਵਾਲਾ ਜਗਦੀਸ਼ ਸਿੰਘ 'ਵਰਿਆਮ' ਕਦੋਂ ਦਾ ਜਗਦੀਸ਼ ਸਿੰਘ 'ਤੇਲ ਫਰੋਸ਼' ਬਣ ਗਿਆ ਹੁੰਦਾ। ਸ਼ੈਲਫਾਂ 'ਤੇ ਕਿਤਾਬਾਂ ਤੇ ਰਸਾਲਿਆਂ ਦੀ ਥਾਂ ਤੇਲ ਦੀਆਂ ਕੈਨੀਆਂ ਆ ਗਈਆਂ ਹੁੰਦੀਆਂ ਤੇ ਖਸਤਾ ਹਾਲਤ ਕਾਊਂਟਰ ਦੀ ਥਾਂ ਵੀ ਲਿਸ਼ਕਦੇ ਸ਼ੀਸ਼ਿਆਂ ਵਾਲਾ ਕੈਬਨ ਹੋਣਾ ਸੀ।

ਇਹ ਸਭ ਕੁਝ ਇਸ ਲਈ ਨਹੀਂ ਹੋਇਆ ਕਿਉਂਕਿ ਜਗਦੀਸ਼ ਸਿੰਘ ਵਰਿਆਮ ਦੇ ਅੰਦਰ ਜਿਹੜਾ ਮਨੁੱਖ ਬੈਠਾ ਹੈ ਇਹ ਜਗਦੀਸ਼ ਸਿੰਘ ਵਰਿਆਮ ਹੀ ਹੈ, ਜਗਦੀਸ਼ ਸਿੰਘ ਤੇਲ ਫਰੋਸ਼ ਨਹੀਂ। ਉਸ ਨੇ ਆਪਣੇ ਲਈ ਇਕ ਨਵੇਕਲਾ ਰਾਹ ਚੁਣਿਆ ਤੇ ਫਿਰ ਅਡੋਲ ਰਹਿਕੇ ਲਗਾਤਾਰ ਇਸ ਰਾਹ 'ਤੇ ਤੁਰਦਾ ਗਿਆ। ਰਸਤੇ 'ਤੇ ਤੁਰਦਿਆਂ ਉਸ ਨੇ ਅਤੇ ਉਸ ਦੇ 'ਵਰਿਆਮ' ਨੇ



Sri Satguru Jagjit Singh Ji eLibrary NamdhariElibrary@gmail.com

ਅੱਜ ਪੰਝੀ ਸਾਲ ਦਾ ਸਫ਼ਰ ਪੂਰਾ ਕਰ ਲਿਆ ਹੈ। ਅੱਜ ਪੂਰੀ ਪੰਜਾਬੀ ਦੁਨੀਆਂ ਵਿਚ ਉਸ ਦੀ ਅਤੇ ਉਸ ਦੇ 'ਵਰਿਆਮ' ਦੀ ਆਪਣੀ ਅਲੱਗ ਪਹਿਚਾਣ ਹੈ। ਬਹੁਤ ਘੱਟ ਵਿਅਕਤੀ ਇਸ ਮੁਕਾਮ ਤੱਕ ਪਹੁੰਚਦੇ ਹਨ ਜਦੋਂ ਉਹ ਤੇ ਉਨ੍ਹਾਂ ਦੀ ਸਿਰਜਣਾ ਇਕ-ਦੂਜੇ ਵਿਚ ਅਭੇਦ ਹੋ ਕੇ ਇਕ-ਰੂਪ ਹੋ ਜਾਂਦੇ ਹਨ। ਬਿਨਾਂ ਬੇਸ਼ੱਕ ਜਗਦੀਸ਼ ਸਿੰਘ ਵਰਿਆਮ ਅਤੇ ਉਨ੍ਹਾਂ ਦਾ ਰਸਾਲਾ 'ਵਰਿਆਮ' ਇਸ ਮੁਕਾਮ ਤੱਕ ਪਹੁੰਚੇ ਹਨ।

ਆਪਣੇ ਰਸਾਲੇ ਰਾਹੀਂ ਜਿਥੇ ਉਨ੍ਹਾਂ ਨੇ ਧਾਰਮਿਕ ਤੌਰ 'ਤੇ ਨਾਮਧਾਰੀ ਸੰਪਰਦਾ ਦੀ ਸੇਵਾ ਕੀਤੀ ਹੈ, ਨਾਮਧਾਰੀ ਸੰਪਰਦਾ ਦੇ ਵਿਚਾਰਾਂ ਅਤੇ ਸਰਗਰਮੀਆਂ ਨੂੰ ਲੋਕਾਂ ਤੱਕ ਪਹੁੰਚਾਇਆ ਹੈ, ਉਥੇ ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਸਭਿਆਚਾਰ ਦੀ ਵੀ ਨਿਰੰਤਰ ਸੇਵਾ ਕੀਤੀ ਹੈ। ਬਹੁਤ ਸਾਰੇ ਨਾਮੀ ਪੰਜਾਬੀ ਲੇਖਕਾਂ ਨੇ ਵਰਿਆਮ ਦੇ ਕਾਲਮਾਂ ਤੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕੀਤਾ। ਅੱਜ ਪੰਜਾਬੀ ਪੱਤਰਕਾਰੀ ਦੇ ਅਕਾਸ਼ 'ਤੇ ਚਮਕਦੇ ਸਿਤਾਰਿਆਂ ਵਿਚੋਂ ਕੁਝ ਸਿਤਾਰੇ ਅਜਿਹੇ ਵੀ ਹਨ ਜਿਨ੍ਹਾਂ ਨੂੰ ਕੁਝ ਨਾ ਕੁਝ ਚਮਕ 'ਵਰਿਆਮ' ਤੋਂ ਵੀ ਮਿਲੀ ਹੈ। ਵਰਿਆਮ ਨੇ ਉਨ੍ਹਾਂ ਨੂੰ ਰਾਹ ਦਿਖਾਇਆ ਹੈ ਅਤੇ ਉਂਗਲੀ ਫੜ ਕੇ ਤੁਰਨਾ ਸਿਖਾਇਆ ਹੈ। ਇਸ ਲਈ ਪੰਜਾਬੀ ਸਾਹਿਤ ਵਿਚ ਤੇ ਪੰਜਾਬੀ ਪੱਤਰਕਾਰੀ ਵਿਚ ਜਗਦੀਸ਼ ਸਿੰਘ ਵਰਿਆਮ ਤੇ 'ਵਰਿਆਮ' ਦਾ ਨਿੱਗਰ ਯੋਗਦਾਨ ਹੈ।

ਜਗਦੀਸ਼ ਸਿੰਘ ਵਰਿਆਮ ਤੇ 'ਵਰਿਆਮ' ਦੇ ਪਿਛਲੇ ੨੫ ਸਾਲ ਦੇ ਸਫ਼ਰ ਵੱਲ ਜਦੋਂ ਮੈਂ ਝਾਤੀ ਮਾਰਦਾ ਹਾਂ ਤਾਂ ਇਕ ਗੱਲ ਮੇਰੇ ਜ਼ਿਹਨ ਵਿਚ ਆਉਂਦੀ ਹੈ ਕਿ ਬਿਨਾਂ ਸ਼ੱਕ ਜਗਦੀਸ਼ ਸਿੰਘ ਵਰਿਆਮ ਹੋਰਾਂ ਨੇ ਆਪਣਾ ਪੱਤਰਕਾਰੀ ਦਾ ਸਫ਼ਰ ਨਾਮਧਾਰੀ ਦਰਬਾਰ ਦੀ ਸਰਪ੍ਰਸਤੀ ਹੇਠ ਹੀ ਤੈਅ ਕੀਤਾ ਹੈ। ਨਾਮਧਾਰੀ ਦਰਬਾਰ ਦੀ ਉਨ੍ਹਾਂ 'ਤੇ ਅਪਾਰ ਕਿਰਪਾ ਹੈ। ਉਹ ਵੀ ਆਪਣੇ ਆਪ ਨੂੰ ਨਾਮਧਾਰੀ ਦਰਬਾਰ ਦਾ ਸੇਵਾਦਾਰ ਹੀ ਸਮਝਦੇ ਹਨ। ਪਰ ਉਨ੍ਹਾਂ ਦੇ ਨਾਮਧਾਰੀ ਦਰਬਾਰ ਨਾਲ ਸੰਬੰਧਾਂ ਨੂੰ ਇਕ ਹੋਰ ਦ੍ਰਿਸ਼ਟੀਕੋਣ ਤੋਂ ਵੀ ਵੇਖਿਆ ਜਾ ਸਕਦਾ ਹੈ। ਉਹ ਮੈਨੂੰ ਪੰਜਾਬੀ ਸਾਹਿਤ ਤੇ ਪੱਤਰਕਾਰੀ ਦੀ ਦੁਨੀਆਂ ਵਿਚ ਨਾਮਧਾਰੀਆਂ ਦੇ ਰਾਜਦੂਤ ਜਾਂ ਨੁਮਾਇੰਦੇ ਜਾਪਦੇ ਹਨ। ਜਗਦੀਸ਼ ਸਿੰਘ ਵਰਿਆਮ ਨੇ ਅਤੇ ਉਨ੍ਹਾਂ ਦੇ ਰਸਾਲੇ ਨੇ ਨਾਮਧਾਰੀ ਦਰਬਾਰ ਦੀ ਮਹਿਮਾ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਖੇਤਰਾਂ ਤੱਕ ਵੀ ਪਹੁੰਚਾ ਦਿੱਤੀ ਹੈ। ਇਸ ਸਮੇਂ ਬਹੁਤੇ ਪੰਜਾਬੀ ਲੇਖਕਾਂ, ਪੱਤਰਕਾਰਾਂ ਅਤੇ ਕਲਾਕਾਰਾਂ ਦੇ ਨਾਮਧਾਰੀ ਦਰਬਾਰ ਨਾਲ ਬਹੁਤ ਹੀ ਨਿੱਘੇ ਸਬੰਧ ਹਨ। ਸਾਂਝ ਦਾ ਇਹ ਪੁਲ ਉਸਾਰਨ ਵਿਚ ਜਗਦੀਸ਼ ਸਿੰਘ ਵਰਿਆਮ ਤੇ 'ਵਰਿਆਮ' ਦਾ ਵੀ ਚੋਖਾ ਯੋਗਦਾਨ ਹੈ।

ਇਕ ਵਿਅਕਤੀ, ਇਕ ਸ਼ਖਸੀਅਤ ਵਜੋਂ ਜਦੋਂ ਮੈਂ ਜਗਦੀਸ਼ ਸਿੰਘ 'ਵਰਿਆਮ' ਵੱਲ ਵੇਖਦਾ ਹਾਂ ਤਾਂ ਉਹ ਮੈਨੂੰ ਬੜੇ ਸੰਤੁਲਿਤ ਸੋਚ ਵਾਲੇ ਵਿਅਕਤੀ ਨਜ਼ਰ ਆਉਂਦੇ ਹਨ। ਤਣਾਅ ਤੇ ਟਕਰਾਅ ਵਾਲੇ ਮਾਹੌਲ ਵਿਚ ਵੀ ਉਹ ਆਪਣਾ ਸੰਤੁਲਨ ਕਾਇਮ ਰੱਖਦੇ ਹਨ। ਸਟੇਜ 'ਤੇ ਬੋਲਣ ਸਮੇਂ ਵੀ ਅਤੇ ਲਿਖਣ ਸਮੇਂ ਵੀ ਉਹ ਆਪਣਾ ਇਹ ਠਰ੍ਹੰਮਾ ਤੇ ਤਹੱਮਲ ਕਾਇਮ ਰੱਖਦੇ ਹਨ। ਜੋ ਕੁਝ ਕਹਿਣਾ ਹੁੰਦਾ ਹੈ ਕਹਿ ਵੀ ਦਿੰਦੇ ਹਨ ਅਤੇ ਜੋ ਕੁਝ ਲਿਖਣਾ ਹੁੰਦਾ ਹੈ ਲਿਖ ਵੀ ਦਿੰਦੇ ਹਨ ਪਰ ਇਹ ਦੋਵੇਂ ਕਰਜ ਕਰਦੇ ਹੋਏ ਸ਼ਬਦਾਂ ਦੀ ਚੋਣ ਅਜਿਹੀ ਕਰਦੇ ਹਨ ਕਿ ਗੱਲ ਹਰ ਇਕ ਦੇ ਗਲੇ ਤੋਂ ਹੇਠਾਂ ਉੱਤਰ ਜਾਂਦੀ ਹੈ। ਇਸ ਸਬੰਧ ਵਿਚ ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਦੀ ਕੋਸ਼ਿਸ਼ ਕੀਤੀ ਹੈ।

ਜਗਦੀਸ਼ ਸਿੰਘ ਵਰਿਆਮ ਹੋਰਾਂ ਨੇ ਆਪਣੇ ਲੰਮੇ ਸਫ਼ਰ ਵਿਚ ਬੜਾ ਕੁਝ ਗੁਆ ਕੇ ਬੜਾ ਕੁਝ ਪਾਇਆ ਹੈ। ਉਸ ਦੀ ਮਹਿਕ ਹੁਣ ਕੇਂਦਰੀ ਪੰਜਾਬੀ ਲੇਖਕ ਸਭਾ ਜਾਂ ਲੇਖਕ ਸਭਾ ਜਲੰਧਰ ਤੱਕ ਹੀ ਸੀਮਤ ਨਹੀਂ, ਸਗੋਂ ਸਮੁੱਚੇ ਪੰਜਾਬੀ ਜਗਤ ਵਿਚ ਉਹ ਬੜਾ ਹੀ ਪਿਆਰਿਆ ਤੇ ਸਤਿਕਾਰਿਆ ਜਾਣ ਵਾਲਾ ਨਾਂਅ ਹੈ। ਇਹੀ ਸਥਾਨ ਉਸ ਦੇ ਮਾਸਿਕ ਰਸਾਲੇ 'ਵਰਿਆਮ' ਨੂੰ ਵੀ ਪ੍ਰਾਪਤ ਹੈ। ਪਰ ਇਹ ਸਥਾਨ ਉਸ ਨੇ ਲੰਮੇ ਤੇ ਕਠਨ ਸੰਘਰਸ਼ ਤੋਂ ਬਾਅਦ ਪ੍ਰਾਪਤ ਕੀਤਾ ਹੈ।

'ਵਰਿਆਮ' ਰਸਾਲੇ ਦੇ ਸਿਲਵਰ ਜੁਬਲੀ ਜਸ਼ਨਾਂ ਦੇ ਮੌਕੇ 'ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਗਦੀਸ਼ ਸਿੰਘ ਵਰਿਆਮ ਆਪਣੀ ਉਪਰੋਕਤ ਪ੍ਰਾਪਤੀ ਨੂੰ ਅੰਤਿਮ ਪ੍ਰਾਪਤੀ ਨਾ ਮੰਨ ਬੈਠਣ ਕਿਉਂਕਿ ਕੋਈ ਵੀ ਮੰਜ਼ਿਲ, ਮੰਜ਼ਿਲ ਨਹੀਂ ਹੁੰਦੀ, ਸਫ਼ਰ ਜਾਰੀ ਰੱਖਣਾ, ਅੱਗੇ ਤੋਂ ਅੱਗੇ ਨਵੇਂ ਦਿਸਹੱਦਿਆਂ ਵੱਲ ਤੁਰਦੇ ਜਾਣਾ ਹੀ ਮਨੁੱਖ ਦਾ ਅੰਤਿਮ ਨਿਸ਼ਾਨਾ ਹੁੰਦਾ ਹੈ। ਜਗਦੀਸ਼ ਸਿੰਘ ਵਰਿਆਮ ਵਿਚ ਇਕ ਪੱਤਰਕਾਰ ਵਜੋਂ, ਇਕ ਲੇਖਕ ਵਜੋਂ ਅਜੇ ਬਹੁਤ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ।

ਇਸਦਾ ਅੰਦਾਜ਼ਾ ਮੈਂ ਉਨ੍ਹਾਂ ਦਾ 'ਵਰਿਆਮ' ਵਿਚ ਲੜੀਵਾਰ ਛਪਿਆ 'ਖਿਲਰੇ ਪੱਤਰੇ' ਪੜ੍ਹ ਕੇ ਲਾਇਆ ਹੈ ਜਿਸ ਵਿਚ ਉਨ੍ਹਾਂ ਨੇ ਜੀਵਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ, ਖਾਸ ਕਰਕੇ ਲਹਿੰਦੇ ਪੰਜਾਬੀ ਨਾਲ ਜੁੜੀਆਂ ਹੋਈਆਂ ਆਪਣੀਆਂ ਯਾਦਾਂ ਨੂੰ, ਦਿਲ ਨੂੰ ਛੂਹ ਲੈਣ ਵਾਲੀਆਂ ਸਾਹਿਤਕ ਛੋਹਾਂ ਦੇ ਕੇ ਬਿਆਨ ਕੀਤਾ ਹੈ।

ਆਪਣੇ ਸਮਾਜ, ਆਪਣੇ ਭਾਈਚਾਰੇ ਅਤੇ ਸਮੁੱਚੀ ਮਨੁੱਖਤਾ ਲਈ ਬਿਹਤਰ ਭਵਿੱਖ ਦੀ ਕਾਮਨਾ ਕਰਦੇ ਹੋਏ ਆਪਣੇ ਖੇਤਰ ਵਿਚ ਪੂਰੀ ਸਰਗਰਮੀ ਨਾਲ ਵਿਚਰਦਿਆਂ ਆਪਣੀਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਾਕਾਰ ਕਰਨਾ ਹੀ ਉਨ੍ਹਾਂ ਦਾ ਅਗਲੇਰਾ ਨਿਸ਼ਾਨਾ ਹੋਣਾ ਚਾਹੀਦਾ ਹੈ।



Sri Satguru Jagjit Singh Ji eLibrary NamdhariElibrary@gmail.com

# ਫੁੱਲਾਂ ਦਾ ਲਿਬਾਸ

—ਸੰਤੋਖ ਸਿੰਘ ਸਫਰੀ

ਗੱਲ ਸ਼ਾਇਦ ੧੯੮੦ ਜਾਂ ੮੧ ਦੀ ਹੈ ਕਿ ਜਲੰਧਰ ਕੰਪਨੀ ਬਾਗ ਵਿਚ ਪੰਜਾਬੀ ਕਵੀ ਸਭਾ ਵਲੋਂ ਸਾਲਾਨਾ ਕਵੀ ਦਰਬਾਰ ਹੋ ਰਿਹਾ ਸੀ। ਕੰਪਨੀ ਬਾਗ ਦਾ ਪਿੱਪਲ ਵਾਲਾ ਪਲਾਟ ਖਚਾ ਖੱਚ ਭਰਿਆ ਹੋਇਆ ਸੀ। ਸਟੇਜ ਤੇ ਬੈਠੇ ਕਵੀ ਸੱਤ ਰੰਗੀ ਪੀਂਘ ਵਾਂਗੂ ਆਪੋ ਆਪਣੇ ਰੰਗਾਂ ਰਾਹੀਂ ਸਰੋਤਿਆਂ ਨੂੰ ਸਰਸ਼ਾਰ ਕਰ ਰਹੇ ਸੀ। ਗੋਪਾਲ ਦਾਸ ਗੋਪਾਲ ਬਟਾਲਵੀ ਦੀ ਹਾਸ ਰਸੀ ਕਵਿਤਾ ਲੋਰੀਆਂ ਦੇ ਲੋਰ ਨਾਲ ਜਾਦੂ ਵਾਕਰਾਂ ਸਿਰ ਚੜ੍ਹਕੇ ਬੋਲ ਰਹੀ ਸੀ। ਪੰਡਾਲ ਵਿਚ ਤਾੜੀਆਂ ਦੀ ਏਨੀ ਭੀੜ ਸੀ ਕਿ ਗਾਲੜੀਆਂ ਦੀਆਂ ਗੱਲਾਂ ਗੁਆਚ ਰਹੀਆਂ ਸਨ। ਦਾਦ ਦੀ ਤਾਦਾਦ ਏਨੀ ਲਾ-ਤਾਦਾਦ ਸੀ ਕਿ ਖੁਸ਼ੀ ਖੁਸ਼ਬੂਆਂ ਦੇ ਖੰਭ ਲਾਕੇ ਨਿਹਾਲ-ਓ-ਨਿਹਾਲ ਕਰ ਰਹੀ ਸੀ। ਪਰ ਐਨ ਅਚਾਨਕ ਧਰੂ ਤਾਰੇ ਦੀ ਲਿਸ਼ਕੋਰ ਬਣਕੇ ਇਸ਼ਕ ਦੀ ਸਚਾਈ ਦੇ ਕੱਦ ਵਰਗਾ, ਤੂਤ ਦੀ ਛਟੀ ਵਾਂਗੂੰ ਲਚਕੋਰ ਮਾਰਦਾ ਸਾਦਾ ਤੇ ਸਫੈਦ ਲਿਬਾਸ ਵਾਲਾ ਚੂੜੀਦਾਰ ਪਾਜਾਮਾ, ਕਿਰਨਾਂ ਵਾਕਰ ਵਲ ਖਾਂਦਾ ਕਲੀਆਂ ਵਾਲਾ ਕੁੜਤਾ, ਸੂਰਜ ਮੁਖੀ ਫੁੱਲ ਦੀ ਗੋਲਾਈ ਵਰਗਾ ਗੋਲ ਗੋਲ ਚਿਹਰਾ, ਬੁੱਲਾਂ ਤੇ ਫੁੱਲਾਂ ਦੀ ਮਹਿਕੋ ਮਹਿਕ ਫਸਲ ਸੰਭਾਲਦਾ ਹੋਇਆ ਮੇਰੇ (ਸੰਤੋਖ ਸਿੰਘ ਸਫ਼ਰੀ ਦੇ) ਗੋਡੇ ਨੂੰ ਧੁੱਕ ਕੇ ਚੌਂਕੜਾ ਲਾਇਆ ਤੇ ਬੋਲਿਆ ਸਤਿ ਸ੍ਰੀ ਅਕਾਲ ਮੈ ਜਗਦੀਸ਼ ਸਿੰਘ ਵਰਿਆਮ। ਇਹ ਗੱਲ ਮੇਰੀ ਪਹਿਲੀ ਮਿਲਨੀ ਦੀ ਸੀ ਕਿ ਜਗਦੀਸ਼ ਸਿੰਘ ਵਰਿਆਮ ਨੇ ਮੇਰਾ ਗੋਡਾ ਕੀ ਚੁਕਿਆ ਕਿ ਮੈਨੂੰ ਗੋਡੇ ਗੋਡੇ ਚਾ ਚੜ੍ਹ ਗਿਆ।

ਮੈਨੂੰ ਨਿਜੀ ਭਾਵ ਦੇ ਇਸ਼ਕ ਨੇ ਐਸਾ ਸਰੂਰ ਦਿਤਾ ਕਿ ਮੈਂ ਸਟੇਜ ਦੀ ਸੰਚਾਲਕੀ ਭੁੱਲ ਗਿਆ। ਯਕੀਨ ਦੀ ਚੜ੍ਹਦੀ ਜੁਆਨੀ ਨੇ ਮੇਰੇ ਦਿਲ ਤੇ ਕਬਜ਼ਾ ਕਰ ਲਿਆ ਤੇ ਤਾੜੀਆਂ ਦੀ ਗੜ੍ਹਗੜਾਹਟ ਵਿੱਚੋਂ ਇਕ ਆਵਾਜ਼ ਉੱਭਰੀ, ਸਫਰੀ ਸਾਹਿਬ ਸਟੇਜ ਸਾਂਭੋ। ਮੈਨੂੰ ਇਸ ਹੈਰਾਨੀ ਨੇ ਉਸ ਵੇਲੇ ਹੋਰ ਐਸਾ ਹੈਰਾਨ ਕਰ ਦਿਤਾ ਜਦੋਂ ਜਗਦੀਸ਼ ਵਰਿਆਮ ਦੀ ਅਪੱਨਤ ਨੇ ਮੇਰੀ ਪੱਤ ਰਖਣ ਲਈ ਸਟੇਜ ਆਪ ਸੰਭਾਲ ਲਈ।

ਕਿਆ ਬਾਤ ਹੈ ਏਸ ਬੇ-ਸਾਖ਼ਤਾ ਇਸ਼ਕ ਵਰਗੀ ਭਰੱਪਣਤਾ ਦੀ। ਕਿਆ ਬਾਤ ਹੈ ਇਸ ਮਹਿਕਾਂ ਵੰਡਦੀ ਮੁਹੱਬਤ ਦੀ ਕਿਆ ਬਾਹ ਹੈ ਇਸ ਮਿਕਨਾ-ਤੀਸੀ ਖਿਚ ਦੀ। ਕੁਰਬਾਨ ਏਸ ਸਾਹਿਰੀ ਭਾਵ ਜਾਦੂਗਰੀ ਦੀ ਜੋ ਮੇਰੇ ਸਿਰ ਤੇ ਸੁਆਰ ਹੋ ਕੇ ਹੋਕਾ ਦੇ ਰਹੀ ਹੈ। ਵਾਹ-ਜਗਦੀਸ਼ ਵਰਿਆਮ ਵਾਹ-ਜਗਦੀਸ਼ ਵਰਿਆਮ ਕਿਆ ਬਾਤ ਹੈ ਏਸ ਸੰਦਲੀ ਸਫਰ ਦੇ ਸ਼ੁਰੂਆਤ ਦੀ ਜੋ ਆਵਾਰਗੀ ਤੋਂ ਲੈਕੇ ਚੇਤਨਤਾ ਤਕ ਅਪੜ ਗਈ ਹੈ।

ਇਕ ਹੋਰ ਸੱਚ। ਸੰਸਾਰ ਸਾਰੇ ਦਾ ਸਾਰਾ ਸਫ਼ਰੀ ਹੈ। ਬੇਸ਼ੱਕ ਹਰ ਸਫ਼ਰ ਦੀ ਹਰ ਸਰਾਂ ਕੱਚੀ ਹੈ। ਹਰ ਕੀਮਤ ਤੇ ਉਸਨੇ ਮਿਸਮਾਰ ਭਾਵ ਡਿਗਣਾ ਹੈ ਪਰ ਇਕ ਸਰਾਂ ਐਸੀ ਸਰਾਂ ਹੈ ਜੋ ਰੈਣ ਬਸੇਰੇ ਦੇ ਨਾਲ ਰਾਹ ਨੁਮਾਈ ਵੀ ਕਰਦੀ ਹੈ। ਜੇਕਰ ਓਸ ਸਰਾਂ ਦਾ ਨਾਮ ਲਈਏ ਤਾਂ ਸਭਿਆਚਾਰ ਬੁੱਲ੍ਹਾਂ ਤੇ ਖੇਡਣ ਲੱਗ ਪੈਂਦਾ ਹੈ ਅਤੇ ਸਾਹਿਤ ਦੀ ਸਰਾਂ ਦਾ ਦਰਿਆ ਦੇ ਦਿਲ ਵਰਗਾ ਖੁਲ੍ਹਾ ਦਰਵਾਜ਼ਾ ਨਜ਼ਰ ਆ ਜਾਂਦਾ ਹੈ।

ਬੇ-ਸ਼ੱਕ ਸਾਹਿਤ ਦੀ ਸਰਾਂ ਦੇ ਅਨੇਕਾਂ ਉਸਰੱਈਏ ਹੋਏ ਪਰ ਹਰ ਉਸਰਈਏ ਦੀ ਵੱਖੋ ਵੱਖਰੀ ਪਹਿਚਾਨ ਹੈ। ਹਰ ਲੇਖਕ ਹਰ ਸਾਹਿਤਕਾਰ ਅਤੇ ਪਤਰਕਾਰ ਨਸਰ ਨਿਗਾਰ ਅਤੇ ਸ਼ਬਦਕਾਰ ਦਾ ਆਪੋ ਆਪਣਾ ਰੰਗ ਹੁੰਦਾ ਹੈ ਅਤੇ ਇਸ ਦੇ ਨਾਲ ਨਾਲ ਇਹ ਵੀ ਸੱਚ ਹੈ ਕਿ ਹਰ ਲੇਖਕ ਪ੍ਰੇਮੀ ਨਹੀਂ ਹੁੰਦਾ। ਕੋਈ ਐਸਾ ਸਾਜਦ ਭਾਵ ਡੰਡੌਤ ਕਰਨ ਵਾਲਾ ਹੁੰਦਾ ਹੈ ਅਤੇ ਕੋਈ ਸਾਜਦ ਭਾਵ ਮਾਨ ਯੋਗ ਮਾਨਵ ਵੀ ਹੁੰਦਾ ਹੈ ਪਰ ਫਿਰ ਵੀ ਸਾਹਿਤ ਵਿਚ ਢਲ ਜਾਣਾ ਜਾਂ ਸਾਹਿਤ ਨੂੰ ਆਪਣੇ ਵਿਚ ਢਾਲ ਲੈਣਾ, ਸ਼ਬਦਾਂ ਦੀ ਸੰਗਤ ਇੱਕਤਰ ਕਰਨੀ ਫਿਰ ਰੰਗਤ ਦੀ ਪੰਗਤ ਵਿਚ ਬਰਾਜਮਾਨ ਕਰਨਾ ਜਾਂ ਮਾਸੂਮ ਹਰਫਾਂ ਦੇ ਹਿਰਦੇ ਟੋਹ ਲੈਣਾ ਕਿਸੇ ਸੰਤ ਸੁਭਾਅ ਵਾਲੇ ਜਗਦੀਸ਼ ਸਿੰਘ ਵਰਗੇ ਦਾ ਹੀ ਹਿੱਸਾ ਹੋ ਸਕਦਾ ਹੈ। ਕਿਉਂਕਿ ਸੰਤ ਜਗਦੀਸ਼ ਸਿੰਘ ਵਰਿਆਮ ਤੇ ਸਾਹਿਬ-ਏ ਦੋ ਆਲਮ, ਗੁਰੂ ਗਰੀਬ ਨਵਾਜ, ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਹੋਰਾਂ ਦੀ ਆਪਾਰ ਕਿਰਪਾ ਹੈ।



Sri Satguru Jagjit Singh Ji eLibrary NamdhariElibrary@gmail.com

ਜਗਦੀਸ਼ ਵਰਿਆਮ ਦੇ ਫੁਲਾਂ ਦੇ ਲਿਬਾਸ ਵਾਲੀ ਹਰ ਰਸਨਾ ਤੇ ਚਰਚਾ ਹੈ। ਫੁਲਾਂ ਦੇ ਲਿਬਾਸ ਵਾਲਿਆ, ਤੇਰੀ ਹਰ ਥਾਂ ਤੇ ਵਡਿਆਈ।।

ਮੈਂ ਵੀ ਏਸ ਚਰਚਾ ਦਾ ਪਾਤਰ ਹਾਂ, ਅਜ ਵਰਿਆਮ ਪੰਝੀਆਂ ਸਾਲਾਂ ਦਾ ਹੋ ਗਿਆ ਹੈ। ਵਰਿਆਮ ਨੇ ਕਈ ਨਰਮੀਆਂ ਅਤੇ ਗਰਮੀਆਂ ਹੰਡਾਈਆਂ ਨੇ, ਵਰਿਆਮ ਨੇ ਸਜਣਾਂ ਦੀ ਸਜਨਾਈ ਤੋਂ ਵੀ ਮਾਰ ਖਾਧੀ ਹੈ। ਵਰਿਆਮ ਸਜਣਾ ਦੇ ਸਿਰ ਉਤੇ ਚੌਰ ਬਣ ਕੇ ਝੁਲਿਆ ਵੀ ਹੈ। ਮੈਨੂੰ ਏਸ ਗੱਲ ਦਾ ਮਾਣ ਹੈ ਕਿ ਸੰਤ ਜਗਦੀਸ਼ ਸਿੰਘ ਕਿਸੇ ਦੀ ਪੈੜ ਤੇ ਪੈਰ ਰੱਖ ਕੇ ਨਹੀਂ ਤੁਰਿਆ ਸੋ ਆਪਣੀ ਪੈੜ ਬਣਾਈ ਹੈ ਅਤੇ ਪੈੜ ਦੀ ਸਰਹੱਦ ਤੇ ਵਰਿਆਮ ਨਾਮ ਦੀ ਇਕ ਸਾਹਿਤਕ ਸਰਾਂ ਬਣਾਈ ਹੈ ਸਦੀਆਂ ਨੂੰ ਆਪਣੀ ਹਿੱਕ ਤੇ ਥਾਂ ਦੇਣ ਵਾਲੀ ਸਰਾਂ ਹੈ।

ਮੈਂ ਆਪਣੇ ਨਿੱਕੇ ਨਿੱਕੇ ਮਾਸੂਮਾਂ ਦੇ ਸਫਾਫ ਹਿਰਦੇ ਦੇ ਮਾਲਕ ਦੁੱਧ ਵਿਚ ਸੰਧੂਰ ਦੇ ਘੁਲੇ ਹੋਏ ਰੰਗ ਵਾਂਗੂ ਗੋਲ ਮੋਲ ਅਰਧਸਸੀ ਦੇ ਖੁੱਲ੍ਹੀਆਂ ਵਾਲੇ ਸੰਤ ਨੂੰ ਵਧਾਈ ਦੇਂਦਾ ਹਾਂ ਅਤੇ ਪਾਠਕਾਂ ਨੂੰ ਬਨਤੀ ਕਰਦਾ ਹਾਂ ਕੇ ਏਸ ਸਰਾਅ ਦਾ ਅਨੰਦ ਮਾਨਣ ਰੱਬ ਇਹ ਸਰਾਅ ਕਾਇਮ ਤੇ ਦਾਇਮ ਰੱਖੇ। ਸਤਿਗੁਰੂ ਸੱਚਾ ਮਿਹਰ ਕਰੇ।


ਪ੍ਰਧਾਨ ਪੰਜਾਬੀ ਕਵੀ ਸਭਾ ਜਲੰਧਰ

ਸ਼ਫ਼ਰੀ ਜਲੰਧਰੀ


'ਵਰਿਆਮ' ਦਾ ਪਿਛਲੇ ੨੫ ਵਰ੍ਹਿਆਂ ਦਾ ਇਤਿਹਾਸ ਗੌਰਵਮਈ ਹੈ, ਜਿਸ ਦਾ ਮੁੱਖ ਕਾਰਣ ਸ ਜਗਦੀਸ਼ ਸਿੰਘ ਹੋਰਾਂ ਦੀ ਸੁਚੱਜੀ ਸੰਪਾਦਨਾ ਅਤੇ ਵਿਵਸਥਿਤ ਪ੍ਰਬੰਧ ਹੈ।

ਨਾਮਧਾਰੀ ਲਹਿਰ ਦੀ ਪ੍ਰਭਾਵਸ਼ਾਲਤਾ ਦਾ ਸੰਦੇਸ਼ ਜਿਸ ਢੰਗ ਨਾਲ 'ਵਰਿਆਮ' ਵਿਚ ਛਪੀਆਂ ਵਿਵਿਧ ਸਾਹਿਤਿਕ ਵਿਧਾਵਾਂ ਰਾਹੀਂ ਪ੍ਰਸਾਰਿਤ ਕੀਤਾ ਜਾਂਦਾ ਰਿਹਾ ਹੈ, ਉਸ ਪਿਛੇ ਸੰਪਾਦਕ ਦੀ ਸਮੱਗਰੀ ਇਕੱਤਰ ਕਰਨ ਦੀ ਸੂਝ ਅਤੇ ਉਸ ਨੂੰ ਨਿਰਖ-ਪਰਖ ਕੇ ਪਾਠਕਾਂ ਸਾਹਮਣੇ ਰਖਣ ਦੀ ਸੁਯੋਗਤਾ ਹੈ।

ਪਰ 'ਵਰਿਆਮ' ਨਿਰਾ-ਪੁਰਾ ਨਾਮਧਾਰੀ ਲਹਿਰ ਨਾਲ ਸੰਬੰਧਿਤ ਸਾਹਿਤ ਨੂੰ ਹੀ ਪ੍ਰਕਾਸ਼ਿਤ ਨਹੀ ਕਰਦਾ, ਸਗੋਂ ਹਰ ਪ੍ਰਕਾਰ ਦੇ ਉਸ ਸਾਹਿੱਤ ਨੂੰ ਵੀ ਪ੍ਰਸਤੁਤ ਕਰਦਾ ਹੈ, ਜੋ ਮਾਨਵਤਾ ਦੇ ਵਿਕਾਸ ਲਈ ਕਲਿਆਣਕਾਰੀ ਹੋਵੇ, ਜੋ ਮਨੁੱਖਾਂ ਵਿਚੋਂ ਵਿਥਾਂ ਮਿਟਾ ਕੇ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਵੇ, ਜੋ ਸਦਭਾਵਨਾ ਦਾ ਵਾਤਾਵਰਣ ਸਿਰਜ ਕੇ ਸਤਿਮਾਰਗ ਦਾ ਅਨੁਸਰਣ ਕਰਨ ਲਈ ਪ੍ਰੇਰਿਤ ਕਰੇ ਅਤੇ ਜੋ ਸਾਹਿਤ ਦੇ ਮੂਲ ਮੁਦਿਆਂ ਨੂੰ ਰੌਚਕਤਾ ਸਹਿਤ ਪ੍ਰਤਿਬਿੰਬਿਤ ਕਰੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਭ ਪਿਛੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਦੀ 'ਕ੍ਰਿਪਾ-ਕਟਾਖ' ਵਿਦਮਾਨ ਹੈ।

ਮੇਰੀ ਕਾਮਨਾ ਹੈ ਕਿ 'ਵਰਿਆਮ' ਲਈ ਪ੍ਰਗਤੀ-ਮਾਰਗ ਸਦਾ ਮੋਕਲਾ ਰਹੇ।


ਡਾ. ਰਤਨ ਸਿੰਘ ਜੱਗੀ

ਅਰਬਨ ਇਸਟੇਟ, ਪਟਿਆਲਾ





Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੀ ਵਰਿਆਮਗੀ

ਜਤਿੰਦਰ ਪਾਲ ਸਿੰਘ ਜੌਲੀ (ਡਾ.)

ਸਿਲਵਰ ਜੁਬਲੀ। ਪੰਝੀ ਵਰ੍ਹੇ। ਸਦੀ ਦਾ ਚੌਥਾਈ ਹਿਸਾ। ਵੇਖਣ ਨੂੰ ਕੁਝ ਵੀ ਨਹੀਂ। ਕਈ ਕਹਿਣਗੇ, ਅਹਿ ਕਲ੍ਹ ਦੀ ਗੱਲ ਹੈ। ਕਈਆਂ ਲਈ ਪੂਰੀ ਉਮਰ ਤੇ ਕਈ ਇਸ ਅਰਸੇ ਵਿਚ ਜੰਮ ਜੰਮ ਪ੍ਰਵਾਨ ਚੜ੍ਹੇ ਹੋਣ ਨੇ। ਸੁੱਖ ਦੇ ਪਲਾਂ ਵਿਚ ਤਾਂ ਵਾਕਿਆ ਹੀ ਇਹ ਸਮਾਂ ਅੱਖ ਦੇ ਫੋਰ ਵਿਚ ਲੰਘ ਜਾਂਦੈ ਪਰ ਔਖ ਦੀਆਂ ਘੜੀਆਂ ਵਿਚ ਤਾਂ ਘੜੀ ਦਾ ਚੌਥਾਈ ਹਿੱਸਾ ਵੀ ਬਿਤਾਉਣਾ ਮੁਹਾਲ ਹੋ ਜਾਂਦੈ ਤੇ ਪੱਤਰਕਾਰੀ ਕੋਈ ਫੁੱਲਾਂ ਦੀ ਸੇਜ ਨਹੀਂ। ਸਾਹਿਤਕਾਰੀ ਤਾਂ ਉੱਕਾ ਹੀ ਨਹੀਂ। ਇਹ ਰਾਹ ਆਪਣੇ ਖੂਨ ਵਿਚੋਂ ਕਸ਼ੀਦ ਕਰਨਾ ਪੈਂਦਾ ਹੈ।

ਵਰਿਆਮ ਦੀ ਪੱਤਰਕਾਰੀ ਤੇ ਆਪਣੀ ਸਾਹਿਤਕਾਰੀ ਦੇ ਸਫ਼ਰ ਵੱਲ ਝਾਤ ਪਾਉਣਾ ਤਾਂ ਪੈਂਡਾ ਤਕਰੀਬਨ ਇਕੋ ਜਿਹਾ ਈ ਏ। ੧੯੭੮ ਵਿਚ ਪਹਿਲੀ ਕਵਿਤਾ ਲਿਖੀ ਗਈ ਸੀ ਮੈਥੋਂ ਵੀ। ਫਿਰ ਚੱਲ ਸੋ ਚੱਲ। ਵਰਿਆਮ ਦੀ ਦਾਸਤਾਨ ਵੀ ਇਵੇਂ ਹੀ ਹੈ। ੧੯੭੫ ਤੋਂ ੨੦੦੦ ਤੱਕ ਕੀਤਾ ਸਫ਼ਰ। ਉਮਰ ਕੈਦ ਵੀ ਤਾਂ ੨੦ ਵਰ੍ਹਿਆਂ ਦੀ ਹੁੰਦੀ ਹੈ। ਕੱਟਣ ਭਾਵੇਂ ੧੪ ਸਾਲ ਹੀ ਪੈਂਦ ਨੇ ਪਰ ਬਨਵਾਸ ਭੋਗਣਹਾਰੇ ਇਨ੍ਹਾਂ ਵਰ੍ਹਿਆਂ ਵਿਚ ਨਗਰ ਦੀ ਸਮੁੱਚੀ ਦੁਨੀਆਂ ਬਦਲ ਜਾਂਦੀ ਹੈ।

ਵਰਿਆਮ ਨੇ ਪੰਜਾਬੀ ਜਨ-ਜੀਵਨ ਵਿਚ ਜਿਸ ਦਿਨ ਪੈਰ ਰਖਿਆ ਤੇ ਜਿਥੇ ਅੱਜ ਪਹੁੰਚੈ ਪੂਰੀ ਫਿਜ਼ਾਅ ਹੀ ਬਦਲੀ ਪਈ ਹੈ। ਹੋਵੇ ਵੀ ਕਿਉਂ ਨਾ ਤਬਦੀਲੀ ਕੁਦਰਤ ਦਾ ਮੁੱਢਲਾ ਨੇਮ ਹੈ। ਪਰ ਤਸੱਲੀ ਵਾਲੀ ਗੱਲ ਤਾਂ ਇਹ ਹੈ ਕਿ ਇਸ ਨੇਮ ਨੂੰ ਪੂਰੇ ਪ੍ਰੇਮ ਨਾਲ ਨਿਭਾਇਆ ਹੈ ਜਗਦੀਸ਼ ਸਿੰਘ ਨੇ ਵਰਿਆਮ ਬਣ ਕੇ। ਸਤਿਗੁਰ ਦੀ ਕਿਰਪਾ ਨਾਲ ਵਰਿਆਮ ਅਕਲਾ ਜਿਵੇਂ ਨਿੱਤਰਿਆ ਸੀ, ਉਵੇਂ ਅੱਜ ਤੱਕ ਜੂਝ ਰਿਹੈ-ਨੰਗੇ ਧੜ। ਉਹਦਾ ਸਫੈਦ ਲਿਬਾਸ ਪਾਰਦਰਸ਼ੀ ਹੈ। ਅੰਦਰ ਬਾਹਰ ਇਕ ਵੀ ਦਾਗ ਨਹੀਂ ਕਿਉਂਕਿ ਕੁਝ ਵੀ ਲੁਕਾਉਣਾ ਉਹਦੀ ਫਿਤਰਤ ਦਾ ਹਿੱਸਾ ਨਹੀਂ। ਉਹਦਾ ਖੁੱਲ੍ਹ ਕੇ ਲਾਇਆ ਠਹਾਕਾ ਬੇਲਾਗ ਤੇ ਬੇਦਾਗ ਹੈ। ਜਿਸ ਨੇ ਮਿੱਤਰ ਕਮਾਏ ਹਨ, ਸਿੱਕੇ ਨਹੀਂ। ਉਸ ਨੂੰ ਝੂਠੇ ਸਿਕਿਆਂ ਦੀ ਲੋੜ ਵੀ ਨਹੀਂ ਤੇ ਸੱਚ ਵਿਹਾਝਣ ਜੋਗੇ ਸਿੱਕੇ ਕੁਦਰਤ ਆਪਣੇ ਪਿਆਰਿਆਂ ਨੂੰ ਦੋ ਦੋ ਹੱਥੀਂ ਆਪ ਬਖਸ਼ਦੀ ਹੈ। ਕਿਉਂਕਿ ਸਚਿਆਰ ਬੰਦੇ ਉਸੇ ਦਾ ਕਾਰਜ ਸਰਅੰਜਾਮ ਦੇ ਰਹੇ ਹੁੰਦੇ ਨੇ।

ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵੱਲ ਝਾਤ ਪਾਉਨਾਂ ਤਾਂ ਸਦੀ ਦਾ ਇਹ ਸਫ਼ਰ ਕਈ ਰੰਗ ਉਘਾੜਦਾ ਹੈ। ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਗਿ. ਦਿੱਤ ਸਿੰਘ ਤੇ ਬਾਵਾ ਬੁੱਧ ਸਿੰਘ ਆਦਿ ਸ਼ਖਸੀਅਤਾਂ ਜਿਵੇਂ ਪ੍ਰਤੱਖ ਤੇ ਪੱਖ ਰੂਪ ਨਾਲ ਇਸ ਕਾਰਜ ਨਾਲ ਜੁੜੀਆਂ ਉਨ੍ਹਾਂ ਦੇ ਲਕਸ਼ ਇਕ ਵਿਸ਼ੇਸ਼ ਤਰ੍ਹਾਂ ਦੇ ਸਮਾਜਕ ਵਰਗ ਨਾਲ ਵਾਬਸਤਾ ਸਨ। ਸ. ਗੁਰਬਖਸ਼ ਸਿੰਘ 'ਪ੍ਰੀਤ ਲੜੀ', ਪ੍ਰੋ. ਮੋਹਨ ਸਿੰਘ 'ਪੰਜ ਦਰਿਆ' ਭਾਪਾ ਪ੍ਰੀਤਮ ਸਿੰਘ 'ਆਰਸੀ' ਜਾਂ ਅੰਮ੍ਰਿਤਾ ਪ੍ਰੀਤਮ ਦੀ 'ਨਾਗਮਣੀ' ਆਪਣੀ ਤਰ੍ਹਾਂ ਦੇ ਪਾਠਕ ਉਪਜਾਉਣ ਵਿਚ ਜੁੱਟੇ ਰਹੇ। ਇਨ੍ਹਾਂ ਦੇ ਅੰਗ ਸੰਗ ਗੁਰਮਤਿ ਪ੍ਰਕਾਸ਼, ਸੱਚ ਖੰਡ ਪੱਤਰ, ਸੇਵਾ ਜੋਤੀ, ਨਿਰਗੁਣਿਆਰਾ, ਸੀਸ ਗੰਜ, ਸਿੱਖ ਰਿਵੀਊ ਆਦਿ ਕਿੰਨੇ ਪਰਚੇ ਆਰੰਭ ਹੋਏ, ਜੋ ਨਿਰੋਲ ਧਾਰਮਿਕ ਦ੍ਰਿਸ਼ਟੀ ਨੂੰ ਪਰਨਾਏ ਹੋਏ ਨੇ ਤੇ ਜਿਨ੍ਹਾਂ ਦੇ ਪਾਠਕਾਂ ਦੀ ਚੋਖੀ ਗਿਣਤੀ ਹੈ।

ਇਸ ਵਿਸ਼ਾਲ ਕਾਫਲੇ ਵਿਚ "ਵਰਿਆਮ" ਵਾਹਿਦ ਪਰਚਾ ਹੈ, ਜਿਹੜਾ ਮੈਨੂੰ ਦੋਹਾਂ ਧਿਰਾਂ ਵਿਚਕਾਰ ਪੁਲ ਵਾਂਙ ਕਾਰਜਸ਼ੀਲ ਨਜ਼ਰ ਆਉਂਦਾ ਹੈ। ਸਾਂਝ-ਸਾਜ਼।

ਜਿਨ੍ਹਾਂ ਘਰਾਂ ਵਿਚ ਵਰਿਆਮ ਪੁੱਜਦਾ ਹੈ। ਉਹ ਦੋ ਤਰ੍ਹਾਂ ਦੀ ਮਾਨਸਿਕ ਪ੍ਰਵਿਰਤੀ ਦੇ ਲਖਾਇਕ ਨੇ। ਇਕ ਨਿਰੋਲ ਸਾਹਿਤਕ ਦੂਜੇ ਨਿਰੋਲ ਧਾਰਮਿਕ। ਧਾਰਮਿਕਤਾ ਵੀ ਉਹ ਜਿਹੜੀ ਕੋਈ ਰੰਗ ਪ੍ਰਵਾਨ ਨਹੀਂ ਕਰਦੀ। ਸਾਫ਼ ਸਫਾਫ। ਸਪੱਸ਼ਟ ਚਿੱਟੀ ਦੁੱਧ ਤੇ ਸਾਹਿਤਿਕਤਾ-ਨਿਰੋਲ ਮਾਰਕਸਵਾਦੀ। ਜਿਹੜੀ ਰੱਬ ਨੂੰ 'ਗੋਰਖ ਧੰਦਾ' ਤੇ ਇਸ ਦੇ ਪੇਚ ਖੋਲ੍ਹਣ ਵਾਲੇ ਨੂੰ 'ਕਾਫ਼ਰ' ਗਰਦਾਨਦੀ ਹੈ। ਇਹ ਵਰਿਆਮ ਦੀ ਵਰਿਆਮਗੀ ਨਹੀਂ ਤਾਂ ਹੋਰ ਕੀ ਏ ਕਿ ਉਸ ਨੇ ਦੋ ਸ਼ੇਰ ਇਕੋ ਘਾਟ ਇਕੱਠੇ ਕੀਤੇ ਹੋਏ ਨੇ।



Sri Satguru Jagjit Singh Ji eLibrary NamdhariElibrary@gmail.com

ਉਤੋਂ ਸਿਤਮ ਜ਼ਰੀਫੀ ਇਹ ਕਿ ਸਾਹਿਤਕਾਰ ਮਿੱਤਰ ਇਸ ਲਈ ਚੰਦਾ ਭੇਜ ਕੇ ਰਾਜ਼ੀ ਨਹੀਂ ਕਿ ਉਸ ਨੂੰ ਕੀ ਲੋੜ ਪੈਸਿਆਂ ਦੀ ਹੈ। ਪਰਚਾ ਤਾਂ ਨਾਮਧਾਰੀ ਕੱਢੀ ਜਾਂਦੇ ਨੇ। ਨਾਮਧਾਰੀ ਸੋਚਦੇ ਨੇ ਹੁੰਦਾ ਕੀ ਐ ਜੀ ਪਰਚੇ ਵਿਚ ਐਵੇਂ ਫਜ਼ੂਲ ਦੀਆਂ ਕਵਿਤਾ ਕਹਾਣੀਆਂ ਤੇ ਸਫ਼ਰਨਾਮੇ। ਐਵੇਂ ਕਦੀ ਕਦੀ ਭੈਣੀ ਸਾਹਿਬ ਦੇ ਮੇਲਿਆਂ ਦੀਆਂ ਤਸਵੀਰਾਂ ਛਾਪ ਦੇਂਦੈ ਜਾਂ ਸਤਿਗੁਰਾਂ ਨੂੰ ਖੁਸ਼ ਕਰਨ ਲਈ ਸਰਵਰਕ ਤੇ ਰੰਗੀਨ ਚਿਤਰ। ਤੇ ਹੋ ਗਏ ਉਹ ਵੀ ਬਰੀ। ਹੁਣ ਜ਼ਰਾ ਜਗਦੀਸ਼ ਸਿੰਘ ਨੂੰ ਪੁੱਛ ਕੇ ਵੇਖੋ ਕਿ ਉਹ ਕਿਵੇਂ ਆਪਣੀ ਕੜਕੀ ਦੇ ਦਿਨਾਂ ਵਿਚ ਵੀ ਲੈਟਰ ਪ੍ਰੈਸ ਤੇ ਅੱਖਰ ਅੱਖਰ ਹੱਥੀਂ ਜੋੜ ਕੇ ਪਰਚੇ ਛਾਪਦਾ, ਆਪੇ ਪਤੇ ਲਿਖਦਾ ਡਾਕ 'ਚ ਪਾਉਂਦਾ ਤੇ ਫਿਰ ਆਏ ਗਏ ਨੂੰ ਚਾਹਵਾਂ ਪਿਲਾਉਂਦਾ। ਇਸ ਨੂੰ ਸਦੀ ਦੇ ਅੰਤ ਤੱਕ ਲੈ ਕੇ ਆਇਐ। ਮੈਂ ਤਾਂ ਇਸ ਸਫ਼ਰ ਦਾ ਚਸ਼ਮਦੀਦ ਗਵਾਹ ਹਾਂ। ਜਹਾਜ਼ ਝੂਟੇ ਤਾਂ ਉਹਨੂੰ ਵੀ ਹੁਣੇ ਜਿਹੇ ਹੀ ਨਸੀਬ ਹੋਏ ਨੇ ਤੇ ਸ਼ਾਬਾਸ਼ ਹੈ ਉਸਦੀ ਜਿਹੜਾ ਇਕੱਲਾ ਨਹੀਂ ਉਡਿਆ, ਸਾਡੇ ਵਰਗਿਆਂ ਨੂੰ ਨਾਲ ਲੈ ਤੁਰਿਆ ਹੈ।

ਜਦੋਂ ਲੋਕ ਕਹਿੰਦੇ ਨੇ ਉਹ ਤਾਂ ਨਾਮਧਾਰੀ ਪ੍ਰਚਾਰ ਦਾ ਮਾਧਿਅਮ ਹੈ। ਮੈਂ ਪੁੱਛਦਾਂ ਤੁਸੀਂ ਬਣ ਗਏ ਓ? ਜਾਂ ਤੁਹਾਨੂੰ ਉਸ ਕਦੇ ਆਖਿਐ ?

ਕਹਿੰਦੇ ਨੇ-ਆਖਿਆ ਤਾਂ ਭਾਵੇਂ ਨਹੀਂ ਪਰ ਵੇਖੋ ਨਾ ਜੀ ਅਸਰ ਤਾਂ ਪੈਂਦਾ ਈ ਏ। ਸਾਡੇ ਬੱਚੇ ਮਾਸ ਖਾਣਾ ਛੱਡ ਗਏ ਹੋਰ ਤਾਂ ਹੋਰ ਆਈਸ ਕਰੀਮ ਵੀ। ਇਕ ਦਿਨ ਉਨ੍ਹਾਂ ਕਿਤੇ ਪੜ੍ਹ ਲਿਆ, ਇਹਦੇ ਵਿਚੋਂ ਕਿ ਆਈਸ ਕਰੀਮ ਦੀ ਨਰਮਾਈ ਬਰਕਰਾਰ ਰੱਖਣ ਲਈ ਇਹਦੇ ਵਿਚ ਜਾਨਵਰਾਂ ਦੀਆਂ ਹੱਡੀਆਂ ਦਾ ਪਾਊਡਰ ਤੇ ਹੋਰ ਪਤਾ ਨਹੀਂ ਕੀ ਖੇਹ ਸੁਆਹ ਪਾਇਆ ਜਾਂਦੈ। ਫਿਰ ਉਨ੍ਹਾਂ ਮੂੰਹ ਨਹੀਂ ਲਾਈ।

ਮੈਂ ਪੁੱਛਿਆ ਫਿਰ ਇਸ ਵਿਚ ਕੀ ਬੁਰਾ ਹੈ ? ਤੁਸੀਂ ਉਨ੍ਹਾਂ ਨੂੰ ਖੇਹ ਸੁਆਹ ਖੁਆ ਕੇ ਹੀ ਰਾਜ਼ੀ ਹੋ ?

'ਨਹੀਂ, ਇਹ ਗੱਲ ਤਾਂ ਨਹੀਂ ਪਰ ਸਮਾਜ ਵਿਚ ਜੋ ਰਹਿਣਾ ਹੋਇਆ, ਏਨੀਆਂ ਬੰਦਿਸ਼ਾਂ ਕਿਥੇ ਨਿਭਦੀਆਂ ਨੇ ਸਾਥੋਂ? ਉਹ ਸਹਿਜ ਜੁਆਬ ਦੇਂਦੇ ਨੇ।

ਉਹ ਵੀ ਤਾਂ ਇਨਸਾਨ ਹੀ ਨੇ ਜਿਹੜੇ ਪੂਰੀ ਉਮਰ ਬੰਦਿਸ਼ਾਂ ਵਿਚ ਹੀ ਬਿਤਾਉਂਦੇ ਨੇ ਤੇ ਫਿਰ ਤੁਸੀਂ ਉਨ੍ਹਾਂ ਦੀ ਉਜਲੀ ਨੁਹਾਰ ਵੇਖ ਕੇ ਰਸ਼ਕ ਵੀ ਕਰਦੇ ਹੋ। ਮਨ ਜੀਤੈ ਜਗੁ ਜੀਤੁ॥

ਤੇ ਇਹ ਕਦੇ ਨਾ ਮੁੱਕਣ ਵਾਲਾ ਸੰਵਾਦ ਚਲਦਾ ਰਹਿੰਦਾ ਹੈ, ਚਲਦਾ ਰਹੇਗਾ ਜਦੋਂ ਤੱਕ "ਵਰਿਆਮ" ਜਾਰੀ ਹੈ, ਇਸ ਦੀ ਜੰਗ ਜਾਰੀ ਹੈ। ਆਪਣੇ ਆਪ ਨਾਲ ਆਪਣੇ ਚੌਗਿਰਦੇ ਨਾਲ। ਚੌਗਿਰਦੇ ਦੇ ਪ੍ਰਦੂਸ਼ਣ ਨੂੰ ਘਟਾਉਣ ਜਾਂ ਮਿਟਾਉਣ ਲਈ ਉਹ ਕਦੀ ਕਦਾਈਂ ਜੇ ਵਾਤਾਵਰਣ ਵਿਸ਼ੇਸ਼ ਅੰਕ ਕੱਢਦੈ ਤਾਂ ਉਹਦਾ ਹਰ ਅੰਕ ਮਨ ਦਾ ਪ੍ਰਦੂਸ਼ਣ ਮਿਟਾਉਣ ਲਈ ਕੋਈ ਨਾ ਕੋਈ ਨਰੋਆ ਵਿਚਾਰ ਜ਼ਰੂਰ ਲੈ ਕੇ ਹਾਜ਼ਰ ਹੁੰਦਾ ਹੈ।

ਕਦੇ ਉਨ੍ਹਾਂ ਨਾਮਧਾਰੀ ਪਰਿਵਾਰਾਂ 'ਚ ਝਾਤ ਪਾ ਕੇ ਵੇਖੋ, ਜਿਹੜੇ "ਸਤਿਜੁਗ" ਤੋਂ ਇਲਾਵਾ ਪੰਜਾਬੀ ਦਾ ਕੋਈ ਹੋਰ ਅਖ਼ਬਾਰ ਵੀ ਨਹੀਂ ਪੜ੍ਹਦੇ। ਉਹ ਵੀ ਜਾਣਦੇ ਨੇ ਕਿ ਵਰਿਆਮ ਸੰਧੂ, ਜਸਵੰਤ ਸਿੰਘ ਵਿਰਦੀ, ਪਿਆਰਾ ਸਿੰਘ ਭੋਗਲ, ਲਖਵਿੰਦਰ ਜੌਹਲ ਤੇ ਸਤਨਾਮ ਸਿੰਘ ਮਾਣਕ ਲੇਖਕ ਹਨ। ਕਿਰਪਾਲ ਸਿੰਘ ਕਸੇਲ, ਪਿਆਰਾ ਸਿੰਘ ਪਦਮ, ਅਮਰ ਭਾਰਤੀ, ਤਰਲੋਕ ਮਨਸੂਰ, ਪ੍ਰੀਤਮ ਸਿੰਘ ਕਵੀ, ਤਾਰਾ ਸਿੰਘ ਅਨਜਾਣ ਆਦਿ ਚੰਗੇ ਨਿਬੰਧਕਾਰ ਹਨ। ੧੯੯੯ ਵਿਚ ਜਦੋਂ ਮੈਂ 'ਸਾਂਝ ਸਾਜ਼ ਐਵਾਰਡ' ਹਾਸਲ ਕਰਨ ਲਈ ਬਰਮਿੰਘਮ ਪੁੱਜਾ ਤਾਂ ਉਥੇ ਕਿੰਨੇ ਹੀ ਨਾਮਧਾਰੀ ਪਰਿਵਾਰ ਮਿਲੇ। ਜਿਨ੍ਹਾਂ ਨੇ ਪਾਕਿਸਤਾਨੀ ਪੰਜਾਬੀ ਲੇਖਕਾਂ ਨੂੰ ਮੇਰੇ ਹਵਾਲੇ ਨਾਲ ਵਰਿਆਮ ਰਾਹੀਂ ਪੜ੍ਹਿਆ ਸੀ।

ਅਫ਼ਜ਼ਲ ਅਹਿਸਨ ਰੰਧਾਵਾ ਦੀ ਆਪਣੇ ਦੇਸ਼-ਵੰਡ ਵੇਲੇ ਗੁਆਚੇ ਚਾਚੇ ਦੀ ਕਹਾਣੀ 'ਗੁਆਚੀ ਹੋਈ ਖੁਸ਼ਬੂ' ਅਤੇ ਉਸ ਕਹਾਣੀ ਪ੍ਰਤੀ ਮੇਰੀ ਉਸ ਗੁਆਚੇ ਪਰਿਵਾਰ ਨੂੰ ਲੱਭ ਲੈਣ ਵਾਲੀ ਕਹਾਣੀ 'ਮੁੜ ਗੁਆਚੀ ਖੁਸ਼ਬੂ' ਰਾਹੀਂ ਉਹ ਚਾਚਾ ਟਹਿਲ ਸਿੰਘ ਰੰਧਾਵਾ ਨਾਮਧਾਰੀ ਨੂੰ ਭਲੀ ਭਾਂਤ ਪਛਾਣਦੇ ਸਨ। ਇਹੋ ਸਾਂਝ ਦਾ ਪੁਲ ਹੈ ਜਿਸ ਕਾਰਨ ਮੈਨੂੰ 'ਵਰਿਆਮ' ਸਮੁੱਚੀ ਪੰਜਾਬੀ ਪੱਤਰਕਾਰੀ ਵਿਚ ਨਵੇਕਲਾ ਤੁਰਿਆ ਜਾਂਦਾ ਨਜ਼ਰ ਆਉਂਦਾ ਹੈ। ਸ਼ਾਲਾ! ਇਹ ਨਵੀਂ ਸਦੀ 'ਚ ਇਉਂ ਹੀ ਤੁਰਿਆ ਰਹੇ....।

ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।



Sri Satguru Jagjit Singh Ji eLibrary NamdhariElibrary@gmail.com

ਪਿਆਰੇ ਜਗਦੀਸ਼ ਜੀ,

ਚਿੱਠੀ ਮਿਲੀ।

'ਵਰਿਆਮ' ਦੇ ਪੰਝੀ ਵਰ੍ਹੇ ਪੂਰੇ ਹੋਣ ਤੇ ਮੇਰੀ ਹਾਰਦਿਕ ਵਧਾਈ ਕਬੂਲ ਕਰੋ। ਸਾਹਿਤ-ਸੇਵਾ ਦੇ ਨਾਲ-ਨਾਲ ਨਾਮਧਾਰੀ-ਪਰਿਵਾਰ ਦੀਆਂ ਗਤੀਵਿਧੀਆਂ ਤੇ ਨਾਮਧਾਰੀ-ਇਤਹਾਸ ਦੀ ਸਾਂਭ-ਸੰਭਾਲ ਦਾ ਜੋ ਕੰਮ 'ਵਰਿਆਮ' ਪਹਿਲੇ ਦਿਨੋਂ ਕਰਦਾ ਆ ਰਿਹਾ, ਉਹ ਸ਼ਲਾਘਾਯੋਗ ਹੈ। ਇਸਦੇ ਸਿਲਵਰ ਜੁਬਲੀ ਅੰਕ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ।

ਤੁਹਾਡਾ

**ਡਾ. ਨਰੇਸ਼**

***ਪ੍ਰੋਫੈਸਰ ਅਤੇ ਚੇਅਰਮੈਨ***

***ਪੰਜਾਬੀ ਅਧਿਐਨ ਸਕੂਲ ਭਾਈ ਵੀਰ ਸਿੰਘ ਚੇਅਰ***

***ਪੰਜਾਬ ਯੂਨੀਵਰਸਿਟੀ ਚੰਡੀਗੜ੍ਹ-੧੬੦੦੧੪***

ਸਤਿਕਾਰ ਯੋਗ ਜਗਦੀਸ਼ ਜੀ

ਅਦਾਬ!

ਮੈਨੂੰ ਬੜੀ ਖੁਸ਼ੀ ਹੋ ਰਹੀ ਹੈ ਇਹ ਜਾਣ ਕੇ ਕਿ 'ਵਰਿਆਮ' ਨੇ ਉੱਚੀਆਂ, ਡੂੰਘੀਆਂ ਚੋਟੀਆਂ ਤੇ ਖਾਈਆਂ ਲੰਘ ਕੇ, ਰੜੇ ਮੈਦਾਨਾਂ ਵਿਚ ਸਰਪਟ ਦੌੜਦਿਆਂ ਬੜੀ ਸ਼ਾਨ ਨਾਲ ਲੰਮਾ ਪੈਂਡਾ ਤੈਅ ਕੀਤਾ ਹੈ। ਮੇਰੀ ਤਾਂ ਦੁਆ ਹੈ 'ਵਰਿਆਮ' ਹੋਰ ਵੀ ਸ਼ਾਨ ਤੇ ਮਾਣ ਨਾਲ ਆਉਣ ਵਾਲਾ ਸਮਾਂ ਫਤਿਹ ਕਰੇ।

ਪਿਛਲੇ ਪੱਚੀ ਸਾਲਾਂ ਵਿਚ ਜਿਥੇ ਤੁਸੀਂ 'ਵਰਿਆਮ' ਲਈ ਦਿਨ ਰਾਤ ਮਿਹਨਤ ਕਰਦੇ ਰਹੇ ਹੋ ਉਥੇ ਮੈਂ ਸਤਿਗੁਰੂ ਜਗਜੀਤ ਸਿੰਘ ਤੇ ਸਾਰੀ ਨਾਮਧਾਰੀ ਸੰਗਤ ਅੱਗੇ ਵੀ ਸਿਰ ਝੁਕਾਉਂਦਾ ਹਾਂ ਜਿਨ੍ਹਾਂ ਦੀ ਅਪਾਰ ਕਿਰਪਾ 'ਵਰਿਆਮ' ਤੇ ਹਮੇਸ਼ਾ ਬਖਸ਼ਿਸ਼ ਰਹੀ ਹੈ।

ਅੰਤ ਤੇ ਮੇਰੀਆਂ ਬਹੁਤ ਸਾਰੀਆਂ ਸ਼ੁਭ ਇਛਾਵਾਂ ਤੁਹਾਡੇ ਲਈ ਹਾਜ਼ਰ ਹਨ ਤੇ ਦੁਆਵਾਂ ਕਰਦਾ ਹਾਂ ਕਿ 'ਵਰਿਆਮ' ਅੱਜ ਤੋਂ ਵੀ ਵਧ ਸ਼ਾਨ ਨਾਲ ਅਗਲਾ ਸਮਾਂ ਗੁਜ਼ਾਰੇ।

ਤੁਹਾਡਾ

ਪ੍ਰੇਮ ਗੋਰਖੀ

ਪੰਜਾਬੀ ਟ੍ਰਿਬਿਊਨ ਚੰਡੀਗੜ੍ਹ



Sri Satguru Jagjit Singh Ji eLibrary NamdhariElibrary@gmail.com

# ਸ੍ਰੀ ਸੰਤ ਜਗਦੀਸ਼ ਸਿੰਘ 'ਵਰਿਆਮ'

ਕਰਾਂ ਜ਼ਿਕਰ ਕੀ ਸੰਤ ਜਗਦੀਸ਼ ਸਿੰਘ ਦਾ, ਪਾ ਕੁਲ-ਪਾਕ, ਬਿਲਕੁਲ, ਬੰਦਗੀਦਾਰ ਹੈ ਇਹ।
ਗੋਲਮੋਲ ਚਿਹਰਾ ਗੁਲ-ਏ-ਤਰ ਵਰਗਾ, ਚਾਨਣ ਵਾਂਗ ਚਿੱਟਾ ਚਮਕਦਾਰ ਹੈ ਇਹ।
ਉਚੇ ਅਰਸ਼ ਤੋਂ ਉੱਚੇ ਆਦਰਸ਼ ਉਤੇ, ਭਰਦਾ ਬਾਜ਼ ਦੇ ਵਾਂਗ ਉਡਾਰ ਹੈ ਇਹ।
ਅਨੁਭਵ ਏਸ ਦਾ ਲਾਜਵਾਬ ਤਾਹੀਯੋਂ, ਸੁੱਚੀ ਸੋਚ ਵਾਲਾ ਸ਼ਬਦਕਾਰ ਹੈ ਇਹ।
ਬਸ਼ਕ ਇਹ ਮਨੁੱਖ ਹੈ ਸਾਹਿਤ ਪ੍ਵਰ, ਅਹਿਸਾਸੇ ਰਾਸ ਦਾ ਵੀ ਰਿਸ਼ਤੇਦਾਰ ਹੈ ਇਹ।
ਹਰ ਹਰਫ਼ ਦੀ ਰੂਹ ਨੂੰ ਜਾਣਦਾ ਏ, ਸੱਭਿਆਚਾਰਾ ਦਾ ਵੀ ਵਾਕਫ਼ਕਾਰ ਹੈ ਇਹ।
ਸੱਚੇ ਪਾਤਸ਼ਾਹ ਗੁਰੂ ਜਗਜੀਤ ਸਿੰਘ ਦਾ, ਵੰਡਦਾ ਥਾਂ ਪਰ ਥਾਂ ਪੈਗ਼ਾਮ ਹੈ ਇਹ।
ਤੁਰੇ ਜਾਂਦੇ ਨੂੰ ਵੇਖ ਕੇ ਕਹਿਣ 'ਸਫਰੀ' ਸੰਤ ਜਗਦੀਸ਼ ਸਿੰਘ ਸਾਹਿਬ 'ਵਰਿਆਮ' ਹੈ ਇਹ।
ਇਹਦੀ ਦਾਨਸ਼ ਦਾ ਰਹਿੰਦਾ ਏ ਦਰ ਖੁਲ੍ਹਾ ਰੱਖਦਾ ਏਸਰਾ ਜ਼ਰਫ਼ ਹੈ ਇਹ।
ਜਿੱਥੇ ਜਿਥੇ ਵੀ ਸੇਵਾ ਦੀ ਲੋੜ ਪੈਂਦੀ, ਝਟਪਟ ਪਹੁੰਚ ਜਾਂਦਾ ਓਸੇ ਤਰਫ਼ ਹੈ ਇਹ।
ਜੀਹਨਾ ਹਰਫ਼ਾ ਦੇ ਸਿਰ ਤੇ ਸੋਹੇ ਕਲਗੀ, ਰੱਖਦਾ ਕੋਲ ਅਪਣੇ ਐਸੇ ਹਰਫ਼ ਹੈ ਇਹ।
ਇਹਦੇ ਜੁਸੇ ਵਿਚ ਗੁਸੇ ਦੀ ਥਾਂ ਹੀ ਨਹੀਂ, ਕੋਹ-ਕਾਫ਼ ਵਾਲੀ ਐਸੀ ਬਰਫ਼ ਹੈ ਇਹ।
ਇਹਦੀ ਕਲਮ ਪ੍ਰਕਿਰਤੀ ਦੇ ਭੇਤ ਖੋਹਲੇ, ਗੱਲ ਠੋਸ ਕਰਦਏ ਸ਼ਰ-ਏ-ਆਮ ਹੈ ਇਹ।
ਤਾਹੀਯੋਂ ਹਰ ਇਕ ਜੀਭ ਇਹ ਕਹੇ 'ਸਫ਼ਰੀ' ਸੰਤ ਜਗਦੀਸ਼ ਸਿੰਘ ਸਾਹਿਬ ਵਰਿਆਮ ਹੈ ਇਹ।
ਏਸ ਸੰਤ ਦੀ ਕੀ ਮਿਸਾਲ ਦੇਵਾਂ, ਮਿਸਾਲ ਇਹ ਕਿ ਬੇਮਿਸਾਲ ਹੈ ਇਹ।
ਖੁਲੇ ਇਹਦੇ ਖਿਆਲਾਂ ਦੇ ਰਹਿਣ ਖੀਸੇ, ਰਖਦਾ ਇਸ ਤਰ੍ਹਾਂ ਖੁਲ੍ਹੇ ਖਿਆਲ ਹੈ ਇਹ।
ਖਿੜਆ ਇਹਦੇ ਖ਼ਲੂਸ ਦਾ ਬਾਗ਼ ਰਹਿੰਦੈ ਮਾਲੀ ਏਦਾਂ ਦਾ ਬਾ-ਕਮਾਲ ਹੈ ਇਹ।
ਇਹਦੀ ਜਾਦੂ ਬਿਆਨੀ ਤੋਂ ਜਾਂ ਸਦਕੇ, ਕਰਦਾ ਸੰਗਤ ਨੂੰ ਖ਼ੂਬ ਨਿਹਾਲ ਹੈ ਇਹ।
ਇਹ ਰਿਸ਼ਤਾ, ਫ਼ਰਿਸ਼ਤਾ ਹੈ ਸਾਦਗੀ ਦਾ, ਕਰਦਾ ਏਹੋ ਜਿਹਾ ਕੋਮਲ ਕਲਾਮ ਹੈ ਇਹ।
ਧੱਕੇ ਨਾਲ ਹਰ ਜੀਭ ਤੋਂ ਨਿਕਲ ਜਾਂਦੈ, ਸੰਤ ਜਗਦੀਸ਼ ਸਿੰਘ ਸਾਹਿਬ ਵਰਿਆਮ ਹੈ ਇਹ।



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੇ ਪੱਚੀ ਸਾਲ

—ਨੀਲਮ ਸੰਜੀਵ

ਕੀ ਦੱਸਾਂ ਮੈਂ ਵਰਿਆਮ ਦਾ, ਹਿਰਦਾ ਕਿੰਨਾ ਵਿਸ਼ਾਲ।
ਸੇਵਾ ਦੇ ਵਿਚ ਗੁਜ਼ਰ ਗਏ, ਪੂਰੇ ਪੱਚੀ ਸਾਲ।

ਜ਼ਿੰਦਗੀ ਦੇ ਮਜ਼ਮੂਨ ਦੀ, ਖੁਲ੍ਹੀ ਇਹ ਕਿਤਾਬ।
ਰੱਬਾ ਇਸ ਵਰਿਆਮ ਦਾ ਚਮਕੇ ਹੋਰ ਸ਼ਬਾਬ।

ਵੀਰ ਇਹ ਸੱਚਾ ਸੰਤ ਹੈ, ਸ਼ਬਦਾਂ ਦਾ ਦਰਵੇਸ਼।
ਵੰਡਦਾ ਸਭਿਆਚਾਰ ਦੇ, ਹਰ ਘਰ ਵਿਚ ਸੰਦੇਸ਼।

ਵੀਰ ਮੇਰੇ ਜਗਦੀਸ਼ ਦੀ, ਕੌਣ ਕਰੇ ਗਾ ਰੀਸ,
ਕੇਵਲ ਭੈਣਾਂ ਕੋਲ ਹੈ, ਹੁੰਦੀ ਇਕ ਅਸੀਸ।

ਰੱਬਾ ਇਸ ਵਰਿਆਮ ਦਾ, ਬਣੇ ਸੁਨਹਿਰੀ ਬਾਬ।
ਨੀਲਮ ਜੁਗਾਂ ਤੀਕਰਾਂ, ਖਿੜਆ ਰ੍ਹਵੇ ਗੁਲਾਬ।



Sri Satguru Jagjit Singh Ji eLibrary NamdhariElibrary@gmail.com

# ਮਿੱਠੀ-ਮੋਹਕਮ ਚਾਲ ਦਾ ਪਾਂਧੀ : ਵਰਿਆਮ

**ਦੇਸ ਰਾਜ ਕਾਲੀ**

ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਦੇ ਘਰ ਗਿਆ ਤਾਂ ਉਨ੍ਹਾਂ ਦਾ ਪਹਿਲਾ ਸਵਾਲ ਇਹੀ ਸੀ, "ਪਤਾ ਲੱਗਿਆ ਤੂੰ 'ਵਰਿਆਮ' ਵਾਸਤੇ ਕੁਝ ਲਿਖ ਰਿਹੈਂ। ਇਹ ਦੱਸ ਤੈਨੂੰ ਕੀ ਵੱਖਰਾ ਲੱਭਿਆ ਵਰਿਆਮ 'ਚੋਂ..........?"

ਉਹ ਸਹਿਜ-ਸੁਭਾਅ ਬੋਲ ਗਏ। ਮੈਨੂੰ ਵੀ ਲੱਗਾ ਸੀ ਕਿ ਸੰਤ ਜਗਦੀਸ਼ ਸਿੰਘ ਜੀ ਨੇ ਉਨ੍ਹਾਂ ਦੀ ਡਿਊਟੀ ਵਿਸ਼ੇਸ਼ ਅੰਕ ਵਾਸਤੇ ਕੁਝ ਲਿਖਣ ਦੀ ਲਗਾਈ ਹੋਵੇਗੀ। ਪਤਾ ਨਹੀਂ ਮੈਂ ਉਨ੍ਹਾਂ ਦੇ ਸਵਾਲ ਦਾ ਜਵਾਬ ਤਾਂ ਨਹੀਂ ਦੇ ਸਕਿਆ ਪਰ ਮੇਰੇ ਮਨ 'ਚ ਡਾ. ਜਗਤਾਰ ਦਾ ਇਹ ਸ਼ੇਅਰ ਉਭਰਿਆ :

ਬਣਾਉਂਦੇ ਹਰ ਨਗਰ ਹੁਣ ਲੋਕ ਬੰਦੂਕਾਂ ਵੀ ਖੰਜਰ ਵੀ,
ਮਗਰ ਕੁਝ ਲੋਕ ਗਮਲੇ ਵੀ ਬਣਾਉਂਦੇ ਨੇ ਤੇ ਝਾਂਜਰ ਵੀ।

ਅਸਲੀਅਤ ਵਿੱਚ 'ਵਰਿਆਮ' ਦੀ ਮਿੱਠੀ ਮੋਹਕਮ ਚਾਲ ਤੇ ਸ਼ਫ਼ਾਫ਼/ਸਾਦਾ ਭਾਸ਼ਾ/ਸ਼ੈਲੀ ਉਹਦੇ ਬਾਰੇ ਲਿਖਣ ਵਾਲੇ ਅੱਗੇ ਬਹੁਤ ਵੱਡੀ ਚਣੌਤੀ ਬਣਕੇ ਆਉਂਦੀ ਹੈ।

ਸਿਰਫ ਇਹ ਹੀ ਨਹੀਂ ਕਿ ਇਹ ਰਾਵੀ ਵਰਗੀ ਰਵਾਨੀ ਵਾਲੀ ਤੇ ਨਾਮਧਾਰੀ ਲਿਬਾਸ ਵਰਗੀ ਸਾਦਾ ਜ਼ੁਬਾਨ ਸਿਰਫ ਸੰਪਾਦਕ ਜਗਦੀਸ਼ ਸਿੰਘ 'ਵਰਿਆਮ' ਹੁਣਾਂ ਦੀ ਹੀ ਹੈ। 'ਵਰਿਆਮ' ਦੇ ਪੂਰੇ-ਸੂਰੇ ਅੰਕ ਪੜ੍ਹਦਿਆਂ 'ਤੇ ਉਨ੍ਹਾਂ ਬਾਰੇ ਕੰਮ ਕਰਦਿਆਂ ਮੈਂ ਖੁਦ ਇਹ ਮਹਿਸੂਸ ਕੀਤਾ ਕਿ ਵਰਿਆਮ ਵਿੱਚ ਪ੍ਰਕਾਸ਼ਤ ਲਗਭਗ ਸਾਰੀਆਂ ਲਿਖਤਾਂ ਹੀ ਇਸ ਗੁਣ ਨਾਲ ਭਰਪੂਰ ਹਨ। ਜਿਲਦ ੨ ਅੰਕ ੬ ਅਪ੍ਰੈਲ ੧੯੭੭ ਵਿਚੋਂ ਸੰਪਾਦਕੀ ਟਿੱਪਣੀ ਦੀਆਂ ਦੋ ਸਤਰਾਂ ਦੇਖੋ—

'ਕ੍ਰਿਸ਼ਨ ਚੰਦਰ ਦੇ ਦੇਹਾਂਤ ਨਾਲ ਉਰਦੂ ਅਦਬ ਦਾ ਇੱਕ ਯੁੱਗ ਬੀਤ ਗਿਆ ਹੈ। ਇਹ ਸੱਟ ਨਾ ਸਿਰਫ ਉਰਦੂ ਸਾਹਿਤ ਨੂੰ ਹੀ ਹੈ ਸਗੋਂ ਸਾਹਿਤ ਵਿੱਚ ਸਮੁੱਚੀ ਅਗਾਂਹ ਵਧੂ ਲਹਿਰ ਨੂੰ ਵੀ ਨਾ ਪੂਰੇ ਹੋਣ ਵਾਲਾ ਘਾਟਾ ਪਿਆ ਹੈ।'

ਜਿਲਦ ੮ ਅੰਕ ੪ ਫਰਵਰੀ ੧੯੮੩ ਦੇ ਅੰਕ ਵਿੱਚ ਪ੍ਰਕਾਸ਼ਤ ਕਾਮਰੇਡ ਸੋਹਣ ਸਿੰਘ ਜੋਸ਼ ਦੇ ਲੇਖ 'ਨਾਮਧਾਰੀ ਲਹਿਰ ਤੇ ਅਜ਼ਾਦੀ ਸੰਗਰਾਮ' ਦੀਆਂ ਕੁਝ ਸਤਰਾਂ ਵੇਖੋ—

'ਕੂਕਾ ਲਹਿਰ ਉਸ ਵੇਲੇ ਵਜੂਦ ਵਿੱਚ ਆਈ ਜਦੋਂ ਪੰਜਾਬ ਰਾਜਸੀ ਤੇ ਸੱਭਿਆਚਾਰਕ ਤੌਰ 'ਤੇ ਬਿਲਕੁਲ ਬੇਹਿਸ ਤੇ ਬੇਹਰਕਤ ਹੋ ਚੁੱਕਾ ਸੀ। ਅੰਗਰੇਜ਼ਾਂ ਦੀ ਰਾਜਸੀ ਸੱਭਿਆਚਾਰਕ ਤੇ ਫੌਜੀ ਗੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁੱਕਾ ਸੀ ਅਤੇ ਪੰਜਾਬ ਦੀ ਰਾਜਾਸ਼ਾਹੀ ਤੇ ਜਗੀਰਦਾਰੀ ਨੇ ਪੰਜਾਬੀ (ਤੇ ਖਾਸ ਕਰ ਸਿੱਖ) ਜਨਤਾ ਨੂੰ ਆਪਣੇ ਸੁਆਰਥਾਂ ਦੀ ਖਾਤਰ, ਆਪਣੇ ਪੰਜੇ ਸ਼ਕੰਜੇ ਵਿੱਚ ਜਕੜ ਲਿਆ ਸੀ। ਸਿੱਖ ਆਪਣੇ ਗੁਰੂਆਂ ਦੇ ਉੱਘੇ ਅਸੂਲਾਂ ਨੂੰ ਵਿਸਾਰ ਚੁੱਕੇ ਸਨ ਅਤੇ ਜ਼ੁਲਮ ਤੇ ਗੁਲਾਮੀ ਦੇ ਖਿਲਾਫ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੋਲੇ ਤੇ ਰੱਖਿਅਕ ਬਣ ਗਏ ਸਨ।

ਜਿਲਦ ੨੫ ਅੰਕ ੨ ਦਸੰਬਰ ੧੯੯੯ ਵਿੱਚ ਇਕ ਰਿਪੋਰਟ ਪ੍ਰਕਾਸ਼ਤ ਹੋਈ 'ਗਵਾਲੀਆਰ ਵਿੱਚ ਸਨਮਾਨ ਸੰਗੀਤਾਂਜਲੀ'। ਰਿਪੋਰਟ ਵਿਚੋਂ ਕੁਝ ਅੰਸ਼ ਦੇਖੋ— ਇਸੇ ਸ਼ਹਿਰ ਵਿੱਚ ਹੀ ਕੁਝ ਸਦੀਆਂ ਪਹਿਲਾਂ ਅਫ਼ਗਾਨਿਸਤਾਨ ਤੋਂ ਉਸਤਾਦ ਅਮਜਦ ਅਲੀ ਖਾਂ ਸਾਹਿਬ ਦੇ ਵਡੇਰੇ ਬੰਗਸ਼ ਖਾਨਦਾਨ ਦੇ ਲੋਕ ਆਏ। ਉਹ ਘੋੜਿਆਂ ਦੇ ਨਾਲ ਰਬਾਬ ਵੀ ਲਿਆਏ ਜੋ ਬਾਦ ਵਿੱਚ ਬਦਲ ਕੇ ਅਜ ਦੇ ਸਰੋਦ ਸਾਜ਼ ਵਿੱਚ ਤਬਦੀਲ ਹੋ ਗਈ। ਬੰਗਸ਼ ਖਾਨਦਾਨ ਦੀਆਂ ਸੰਗੀਤ ਖੇਤਰ ਵਿੱਚ ਬਹੁਤ ਧੁਮਾਂ ਹਨ ਅਤੇ ਉਸਤਾਦ ਹਾਫ਼ਿਜ਼ ਅਲੀ ਖਾਂ ਸਾਹਿਬ ਦਾ ਨਾਮ ਪਰਮ ਸਤਿਕਾਰ ਅਤੇ ਸ਼ਰਧਾ ਨਾਲ ਲੋਕ ਮਨਾਂ ਵਿੱਚ ਸਥਾਪਤ ਹੋ ਗਿਆ ਹੈ।'

ਇਹ ਵੇਰਵੇ ਸਿਰਫ ਭਾਸ਼ਾ/ਸ਼ੈਲੀ ਬਾਰੇ ਹੀ ਬਿਆਨ ਨਹੀਂ ਕਰਦੇ ਸਗੋਂ ਇਸ ਗੱਲ ਵੱਲ ਵੀ ਸੰਕੇਤ ਕਰਦੇ ਹਨ ਕਿ 'ਵਰਿਆਮ' ਨੇ ਨਾ ਸਿਰਫ ਆਜ਼ਾਦੀ ਸੰਗਰਾਮ ਲਹਿਰ ਤੇ ਸਾਹਿਤ ਨੂੰ ਹੀ ਅਪਣਾਇਆ ਸਗੋਂ ਕਲਾਸੀਕਲ ਸੰਗੀਤ ਤੇ ਹੋਰ ਵੀ ਬਹੁਤ ਸਾਰੇ ਵਿਸ਼ਿਆਂ ਨੂੰ ਆਪਣੇ ਅਲੱਗ ਅੰਦਾਜ਼ ਰਾਹੀਂ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬੀ ਵਿੱਚ ਵਰਿਆਮ ਆਪਣੇ ਆਪ ਵਿੱਚ 'ਇਕੋਲਾ' ਪਰਚਾ ਹੈ ਜੋ ਸੰਗੀਤ ਬਾਰੇ ਬੜੀ ਸੰਜੀਦਗੀ ਨਾਲ ਲਿਖਦਾ/ਲਿਖਾਉਂਦਾ ਆ ਰਿਹਾ ਹੈ। ਇਸਦੇ ਨਾਲ



Sri Satguru Jagjit Singh Ji eLibrary NamdhariElibrary@gmail.com

ਹੀ ਖੇਡ ਜਗਤ ਬਾਰੇ ਵੀ ਬੜੀ ਬਰੀਕ ਨੁਕਤਾ ਨਿਗਾਹ ਤੋਂ ਪੇਸ਼ਕਾਰੀ ਵਰਿਆਮ ਵਿੱਚ ਹੋਈ ਹੈ। ਇਹ ਬਾਕੀ ਪਰਚਿਆਂ ਤੋਂ ਇਸਦੀ ਵਿਲੱਖਣਤਾ ਹੈ।

ਇਥੇ ਮੈਂ ਵਰਿਆਮ ਦੇ ਸ਼ਾਬਦਿਕ ਆਭਾਮੰਡਲ ਬਾਰੇ ਇੱਕ ਗੱਲ ਜ਼ਰੂਰ ਕਰਨੀ ਚਾਹੁੰਦਾ ਹਾਂ। ਇਸਦੇ ਸਵੱਛ ਆਭਾਮੰਡਲ ਦੀ ਹੀ ਕਰਾਮਾਤ ਹੈ ਕਿ ਵਰਿਆਮ ਦੇ ਹਰ ਪਰਚੇ ਵਿੱਚ ਛਪਿਆ ਦਾ 'ਬੰਦੂਕਾਂ' ਵਾਲਾ ਇਸ਼ਤਿਹਾਰ ਕਦੇ ਵੀ ਕਿਸੇ ਪਾਠਕ ਦੀ ਅੱਖ ਨਹੀਂ ਰੜਕਦਾ। ਇਹ ਨੁਕਤਾ ਅਹਿਮ ਹੈ ਕਿਉਂਕਿ ਵਰਿਆਮ ਵਿੱਚ ਫੁੱਲ, ਖੁਸ਼ਬੂ, ਰੌਸ਼ਨੀ ਦੀ ਬਾਤ ਹੈ। ਚਾਨਣ ਲਈ ਹੁੰਗਾਰਾ ਹੈ। ਅਜ਼ਾਦੀ/ਮਾਣ ਲਈ ਵੰਗਾਰ ਹੈ। ਸੱਭਿਆਚਾਰਕ ਪਹਿਚਾਣ ਹੈ। ਸਾਹਿਤਕ ਸੰਵਾਦ ਹੈ। ਸੁਹਿਰਦਤਾ ਹੈ। ਸਾਦਗੀ ਹੈ। ਗੱਲ ਕਿ ਅੰਦਾਜ਼ੇ ਬਿਆਂ ਹੀ ਕੁਛ ਔਰ ਹੈ।

ਬਹੁਤ ਸਾਰੀ ਖੁਸ਼ਬੂ/ਖੂਬਸੂਰਤੀ ਦੇ ਬਾਵਜੂਦ ਵੀ 'ਵਰਿਆਮ' ਦਾ ਘੇਰਾ ਸੀਮਿਤ ਕਿਉਂ ਹੈ ? ਇਹ ਸਵਾਲ ਕਿਸੇ ਵੀ ਸੰਵੇਦਨਸ਼ੀਲ ਮਨ ਨੂੰ ਦੁਖੀ ਕਰ ਸਕਦਾ ਹੈ। ਇਹਦੇ ਕਾਰਨਾਂ ਦੀ ਪਰਖ ਜ਼ਰੂਰ ਕਰਨੀ ਬਣਦੀ ਹੈ, ਕਿਉਂਕਿ ਅਜਿਹੇ ਪਰਚੇ ਨੂੰ ਅਵਾਮ ਵਲੋਂ ਬੜਾ ਖੁੱਲ੍ਹਾ ਹੁੰਗਾਰਾ ਮਿਲਣਾ ਚਾਹੀਦਾ ਹੈ। ਕਿਤੇ ਨਾ ਕਿਤੇ ਪਾਠਕ ਅਤੇ ਸੰਪਾਦਕ ਵਿਚਾਲੇ ਕੋਈ ਦੂਰੀ ਤਾਂ ਹੈ ਜੋ ਖਟਕਦੀ ਹੈ। ਇਹ ਸਵਾਲ ਵੱਖਰੇ ਲੇਖ ਦੀ ਮੰਗ ਕਰਦੇ ਹਨ। ਅਜਿਹੇ ਬਹੁਤ ਸਾਰੇ ਵਧੀਆ ਪਰਚੇ ਹਨ ਜੋ ਸੀਮਿਤ ਦਾਇਰੇ ਵਿੱਚ ਵਿਚਰ ਰਹੇ ਹਨ।

---

'ਵਰਿਆਮ' ਤੁਹਾਡੀ ਸੰਪਾਦਨਾ ਅਤੇ ਅਗਵਾਈ ਹੇਠ ਪੱਚੀ ਸਾਲ ਪੂਰੇ ਕਰ ਚੁੱਕਾ ਹੈ। ਇਹ ਇਕ ਪੰਜਾਬੀ ਮਾਸਕ ਪੱਤਰ ਦੀ ਵੱਡੀ ਪ੍ਰਾਪਤੀ ਹੈ। ਬਹੁਤ-ਬਹੁਤ ਮੁਬਾਰਕਾਂ। ਪੰਜਾਬੀ ਲੇਖਕਾਂ ਨੂੰ ਇਸ ਮਾਸਕ ਪੱਤਰ ਉਤੇ ਪੂਰਾ ਮਾਣ ਅਤੇ ਵਿਸ਼ਵਾਸ ਹੈ। ਪੰਜਾਬੀ ਲੇਖਕ ੨੯ ਅਪ੍ਰੈਲ ੨੦੦੧ ਇਕ ਵੱਡਾ ਭਰਵਾਂ ਇਕੱਠ ਕਰਕੇ 'ਵਰਿਆਮ' ਦੀ ਸਿਲਵਰ ਜੁਬਲੀ ਮਨਾ ਰਹੇ ਹਨ ਅਜਿਹੇ ਮਹਾਨ ਉਤਸਵ ਵਿਚ ਸ਼ਾਮਲ ਹੋ ਕੇ ਮੈਨੂੰ ਬੇਹੱਦ ਖੁਸ਼ੀ ਹੋਵੇਗੀ। ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਪਹਿਲਾਂ ਅਤੇ ਹੁਣ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੱਚੀ ਅਤੇ ਸੱਚੀ ਅਗਵਾਈ ਵਿਚ ਨਾਮਧਾਰੀ ਸਮਾਜ ਨੇ ਸਮਾਜਕ ਨਿਆਂ, ਆਰਥਿਕ ਬਰਾਬਰੀ ਅਤੇ ਕਲਿਆਣਕਾਰੀ ਰਾਜਨੀਤੀ ਵਿਚ ਸਰਗਰਮ ਅਤੇ ਵੱਡਮੁਲਾ ਹਿੱਸਾ ਪਾਇਆ ਹੈ। ਸਾਰਥਕ ਵਿਚਾਰਧਾਰਾ ਦੇ ਅਮਲੀ ਰੂਪ ਵਜੋਂ ਸਿਰਜੇ ਗਏ ਸ਼ਬਦ-ਭੰਡਾਰ ਨੂੰ ਸੰਭਾਲਣ, ਪ੍ਰਸਾਰਨ ਅਤੇ ਪ੍ਰਫੁੱਲਤ ਕਰਨ ਦਾ ਕੰਮ 'ਵਰਿਆਮ' ਮਾਸਕ ਪੱਤਰ ਨੇ ਤੁਹਾਡੀ ਛੱਤਰ ਛਾਇਆ ਹੇਠ ਕੀਤਾ ਹੈ। ਇਸ ਸ਼ਬਦ ਭੰਡਾਰ ਦੀ ਸੰਭਾਲ ਲਈ ਕੁਝ ਲੇਖਾਂ ਦੁਆਰਾ ਮੈਨੂੰ ਵੀ ਉਤਸ਼ਾਹਤ ਕੀਤਾ ਹੈ ਮੈਂ ਤੁਹਾਡਾ ਰਿਣੀ ਹਾਂ।

ਬਹੁਤ-ਬਹੁਤ ਮੁਬਾਰਕਾਂ, ਹੋਰ ਅਗੇਰੇ ਕਦਮਾਂ ਦੇ ਪੁਟਣ ਦੀ ਆਸ ਨਾਲ ਇਸ ਸਮੇਂ ਤੁਹਾਡਾ ਮਾਣ ਸਨਮਾਨ ਤਾਂ ਸਾਡਾ ਆਪਣਾ ਹੀ ਮਾਨ ਸਨਮਾਨ ਹੈ।

ਡਾ. ਤੇਜਵੰਤ ਸਿੰਘ ਮਾਨ
ਮੀਤ ਪ੍ਰਧਾਨ,
ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. (ਸੇਖੋਂ)



Sri Satguru Jagjit Singh Ji eLibrary NamdhariElibrary@gmail.com

# ਸਾਹਿਤ ਅਤੇ ਸੰਗੀਤ ਪ੍ਰੇਮੀ-ਜਗਦੀਸ਼ ਸਿੰਘ



ਸੁਹਿਰਦ, ਮਿਲਨਸਾਰ, ਸਾਹਿਤ ਅਤੇ ਸੰਗੀਤ ਪ੍ਰੇਮੀ ਜਗਦੀਸ਼ ਸਿੰਘ ਕਈ ਸਭਾਵਾਂ ਨਾਲ ਜੁੜਿਆ ਇਕ ਵਿਅਕਤੀ ਹੈ ਜਿਸ ਦੇ ਕਦਮ ਕਈ ਦੇਸ਼ਾਂ ਦੀ ਯਾਤਰਾ ਕਰ ਚੁੱਕੇ ਹਨ, ਪਰ ਉਸ ਦੀ ਰੂਹ ਪੰਜਾਬ ਅਤੇ ਪੰਜਾਬੀ ਨਾਲ ਹੀ ਪ੍ਰੇਮ ਕਰਦੀ ਹੈ। ਮੈਂ ਵੇਖਿਆ ਹੈ, ਆਮ ਕਰਕੇ ਸਾਹਿਤਕਾਰ ਸ਼ਾਸਤਰੀਏ ਸੰਗੀਤ ਦੇ ਰਸੀਏ ਘੱਟ ਹੀ ਹੁੰਦੇ ਹਨ। ਪਰ ਜਗਦੀਸ਼ ਸਿੰਘ ਦੋਵਾਂ ਕਲਾਵਾਂ ਨਾਲ ਪਿਆਰ ਕਰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਬੜੇ ਕਰੀਬ ਹਨ, ਉਹਨਾਂ ਸਦਕਾ ਕਈ ਦੇਸ਼ਾਂ ਵਿਚ ਫੇਰੀ ਪਾ ਆਏ ਹਨ। ਜਦੋਂ ਕਦੀ ਭੈਣੀ ਸਾਹਿਬ ਵਿਖੇ ਕੋਈ ਵਿਸ਼ੇਸ਼ ਸਮਾਗਮ ਹੁੰਦਾ ਹੈ ਜਾਂ ਕੋਈ ਉੱਚੀ ਕੋਟੀ ਦੇ ਸੰਗੀਤਕਾਰ ਪੁਜਦੇ ਹਨ ਤਾਂ ਗੁਰੂ ਜੀ ਦੇ ਸੱਦੇ ਤੇ ਮੈਨੂੰ ਵੀ ਉਥੇ ਜਾਣ ਦਾ ਅਵਸਰ ਇਹਨਾਂ ਰਾਹੀਂ ਪ੍ਰਾਪਤ ਹੋ ਜਾਂਦਾ ਹੈ।

ਪੰਜਾਬੀ ਭਾਸ਼ਾ ਵਿਚ ਉਚ ਪੱਧਰਾ ਤੇ ਸਾਫ ਸੁਥਰਾ ਸਾਹਿਤਕ ਮਾਸਿਕ ਪਰਚਾ ਜਾਰੀ ਰੱਖਣਾ ਆਪਣੇ ਆਪ ਵਿਚ ਇਕ ਸੰਘਰਸ਼ ਹੈ। ਕਾਵਿ ਸਾਮਗਰੀ, ਨਾਮਧਾਰੀ ਪਰੰਪਰਾ ਨਾਲ ਸੰਬੰਧਿਤ ਜਾਣਕਾਰੀ, ਸੰਗੀਤ ਸਾਹਿਤ, ਗੁਰਬਾਣੀ ਵਿਚਾਰ, ਯਾਤਰਾਵਾਂ ਕਹਾਣੀਆਂ, ਪੰਜਾਬੀ ਲੇਖਕ ਸਭਾਵਾਂ ਦੀ ਕਾਰਗੁਜ਼ਾਰੀ 'ਵਰਿਆਮ' ਦੇ ਪੰਨਿਆਂ ਦੀ ਸ਼ੋਭਾ ਬਣਦੀਆਂ ਹਨ। ਪਿਛਲੇ ੨੫ ਵਰਿਆਂ ਤੋਂ 'ਵਰਿਆਮ' ਨਾਮਕ ਪਰਚਾ ਲਗਾਤਾਰ ਛਪਦਾ ਆ ਰਿਹਾ ਹੈ। ਜਿਸ ਨੇ ਹੱਥੀ-ਕੰਪੋਜ਼ਿੰਗ ਤੋਂ ਕੰਮਪਿਊਟਰ ਵੱਲ ਆਪਣੇ ਕਦਮ ਵਧਾਉਣੇ ਜਾਰੀ ਰੱਖੇ ਹਨ। ਇਸ ਦੀ ਸਫਲਤਾ ਜਗਦੀਸ਼ ਸਿੰਘ ਦੀ ਅਨਥਕ ਮਿਹਨਤ, ਮਿਲਣਸਾਰੀ, ਭਾਈਚਾਰੇ ਦੀ ਭਾਵਨਾ ਦਾ ਸਿੱਟਾ ਹੈ।

ਸੰਗੀਤ ਕਲਾ ਮੰਚ (ਰਜਿ.) ਜਲੰਧਰ ਦੁਆਰਾ ੩੯ ਸੰਗੀਤ ਸੰਮੇਲਨ ਕਰਵਾਏ ਜਾ ਚੁੱਕੇ ਹਨ, ਜਿਸ ਵਿਚ ਜਗਦੀਸ਼ ਸਿੰਘ ਨੇ ਮੇਰਾ ਪੂਰਾ ਪੂਰਾ ਸਾਥ ਦਿੱਤਾ ਹੈ ਅਤੇ ਆਪਣਾ ਯੋਗਦਾਨ ਪਾਇਆ ਹੈ। ਇਸ ਸਾਹਿਤ ਅਤੇ ਸੰਗੀਤ ਪ੍ਰੇਮੀ ਨੂੰ ਮੇਰੀਆਂ ਨਿਘੀਆਂ ਤੇ ਦਿਲ ਦੀਆਂ ਡੂੰਘਾਈਆਂ ਤੋਂ ਵਧਾਈਆਂ।

**ਜੋਗਿੰਦਰ ਬਾਵਰਾ**
**ਜਨ. ਸਕੱਤਰ ਸੰਗੀਤਕਲਾ ਮੰਚ, ਜਲੰਧਰ**

---

# ਸ਼ੁਭ ਕਾਮਨਾਵਾਂ

ਪਿਆਰੇ ਵੀਰ ਜਗਦੀਸ਼ ਸਿੰਘ ਜੀ

'ਵਰਿਆਮ' ਬੱਸ 'ਵਰਿਆਮ ਇਕੱਲਾ' ਹੈ, ਜੋ ਸਮੇਂ ਦੇ ਥਪੇੜੇ ਸਹਿੰਦਾ ਪਰ ਲਗਾਤਾਰ ਆਪਣੇ ਚਾਲੇ ਚਲਦਾ ਮੰਜ਼ਿਲਾਂ ਤੇ ਮੰਜ਼ਿਲਾਂ ਮਾਰ ਰਿਹਾ ਹੈ। ਇਸ ਦੇ ਪ੍ਰਕਾਸ਼ਨ ਦੇ ਪੰਜੀ ਵਰ੍ਹੇ ਪੂਰੇ ਹੋਣ ਤੇ ਸਿਲਵਰ ਜੁਬਲੀ ਦੇ ਮੌਕੇ ਤੇ ਮੈਂ ਆਪਣੇ ਤੇ ਆਪਣੇ ਸਾਥੀਆਂ ਵਲੋਂ ਆਪ ਜੀ ਨੂੰ ਦਿਲੀ ਮੁਬਾਰਬਾਦ ਤੇ ਸ਼ੁਭ ਕਾਮਨਾਵਾਂ ਅਰਪਿਤ ਕਰਦਾ ਹਾਂ। ਪ੍ਰਭੂ ਕਰੇ ਕਿ ਆਪ ਪਰਚੇ ਦੀ ਪੂਰੀ ਸਦੀ ਤੈਅ ਕਰਕੇ ਸਾਹਿਤਕ ਪੱਤਰਕਾਰੀ ਦੇ ਖੇਤਰ ਵਿਚ ਨਵੇਂ ਮਾਪਦੰਡ ਸਥਾਪਤ ਕਰੋ।

੨੯ ਅਪ੍ਰੈਲ ਦੇ ਸਮਾਗਮ ਵਿਚ ਸ਼ਾਮਲ ਹੋਣ ਦਾ ਮਨ ਤਾਂ ਬੜਾ ਹੈ। ਦੇਖੋ ਕਿਸਮਤ ਨੇ ਤੇ ਵਕਤ ਨੇ ਸਾਥ ਦਿੱਤਾ ਤਾਂ ਦਰਸ਼ਨ ਅਵਸ਼ ਕਰਾਂਗਾ।

**ਡਾ. ਧਰਮਪਾਲ ਸਿੰਗਲ**



Sri Satguru Jagjit Singh Ji eLibrary NamdhariElibrary@gmail.com

# ਯਾਦ ਬੀਤੇ ਦਿਨਾਂ ਦੀ

**ਪੰਡਿਤ ਰਮੇਸ਼ ਲਾਲ**



ਮੈਂ ਸੋਚਦਾ ਹਾਂ ਕਿ ਗੱਲ ਕਿਥੋਂ ਸ਼ੁਰੂ ਕੀਤੀ ਜਾਵੇ। ਸੰਨ ੧੯੬੮-੬੯ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਜਦੋਂ ਅਵਾਮੀ ਪ੍ਰੈਸ ਦੇ ਮੈਨੇਜਰ ਬਣਕੇ ਆਏ ਤਾਂ ਉਹਨਾਂ ਦੇ ਆਉਣ ਤੇ ਪ੍ਰੈਸ ਵਿਚ ਨਾਮਧਾਰੀਆਂ ਦਾ ਆਉਣਾ-ਜਾਣਾ ਵੀ ਬਣ ਗਿਆ। ਉਹਨਾਂ ਦਿਨਾਂ ਵਿਚ ਸ੍ਰੀ ਜਗਦੀਸ਼ ਸਿੰਘ ਜੀ ਅਕਸਰ ਪ੍ਰੈਸ ਵਿਚ ਕਵੀ ਜੀ ਨੂੰ ਮਿਲਣ ਆਉਂਦੇ ਸਨ। ਕਵੀ ਜੀ ਨੇ ਕਹਿਣਾ ਜੇ ਤੁਸੀਂ ਪਾਰਟ ਟਾਇਮ ਕੰਮ ਕਰਨਾ ਚਾਹੁੰਦੇ ਹੋ ਤਾਂ ਸਾਡੀ ਪ੍ਰੈਸ ਨਾਮਧਾਰੀ ਪ੍ਰਿੰਟਿਗ ਪ੍ਰੈਸ ਵਿਚ ਕਰ ਸਕਦੇ ਹੋ। ਇਹ ਪ੍ਰੈਸ ਸ੍ਰੀ ਜਗਦੀਸ਼ ਸਿੰਘ ਹੁਰਾਂ ਨੇ ਚਾਲੂ ਕੀਤੀ ਸੀ। ਇਹਨਾਂ ਨੂੰ ਕਈ ਵਰਕਰ ਇਹੋ ਜਿਹੇ ਮਿਲੇ ਜਿਹੜੇ ਇਹਨਾਂ ਦੀ ਸ਼ਰਾਫਤ ਦਾ ਨਜਾਇਜ਼ ਫਾਇਦਾ ਉਠਾਉਂਦੇ ਰਹੇ ਅਤੇ ਪ੍ਰੈਸ ਦਾ ਨੁਕਸਾਨ ਵੀ ਕਰਦੇ ਰਹੇ, ਪਰ ਇਹਨਾਂ ਨੂੰ ਕਾਫੀ ਸਮਾਂ ਕੋਈ ਜ਼ਿੰਮੇਵਾਰ ਆਦਮੀ ਨਾ ਮਿਲ ਸਕਿਆ। ਸਾਡੇ ਨਾਲ ਇਹਨਾਂ ਦੀ ਵਾਕਫੀਅਤ ਕਵੀ ਜੀ ਕਰਕੇ ਹੋ ਗਈ। ਮੈਂ ਤੇ ਮੇਰੇ ਮਾਮਾ ਗੁਰਬਚਨ ਦਾਸ ਜੀ ਨੇ ਇਹਨਾਂ ਕੋਲ ਪਾਰਟ ਟਾਇਮ ਤੇ ਘੰਟਿਆਂ ਦੇ ਹਿਸਾਬ ਨਾਲ ਕੰਮ ਕਰਨਾ ਸ਼ੁਰੂ ਕੀਤਾ। ਉਹਨਾਂ ਦਿਨਾਂ ਵਿਚ ਜਗਦੀਸ਼ ਸਿੰਘ ਜੀ ਕੋਈ ਮਾਸਕ ਪੱਤਰ ਕੱਢਣ ਬਾਰੇ ਸੋਚ ਰਹੇ ਸਨ ਤੇ ਆਖਰ ਇਹਨਾਂ ਨੇ 'ਵਰਿਆਮ' ਨਾਂਅ ਦਾ ਮਾਸਕ ਪੱਤਰ ਕੱਢਣਾ ਸ਼ੁਰੂ ਕਰ ਦਿਤਾ ਤੇ ਅਸੀਂ ਦੋਨੋਂ ਮਾਮਾ ਭਾਣਜਾ ਵਰਿਆਮ ਅਖਬਾਰ ਦਾ ਕੰਮ ਪੀਸ ਰੇਟ ਤੇ ਕਰਨ ਲਗ ਪਏ। ਇਹਨਾਂ ਨੂੰ ਮਾਲੀ ਹਾਲਤ ਦੀ ਤੰਗੀ ਕਰਕੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਈ ਵਾਰ ਇਹਨਾਂ ਕੋਲ ਕੋਈ ਪੱਕਾ ਮੁਲਾਜ਼ਮ ਨਾ ਹੋਣ ਕਰਕੇ ਵਰਿਆਮ ਦੀ ਪ੍ਰਕਾਸ਼ਨ ਤਰੀਖ਼ ਲੇਟ ਹੋ ਜਾਂਦੀ ਤੇ ਕੰਪੋਜ਼ਿੰਗ ਦਾ ਕੰਮ ਲੇਟ ਹੋ ਜਾਂਦਾ। ਕਈ ਵਾਰ ਪ੍ਰਿੰਟਿੰਗ ਦਾ ਸਾਰੀ-ਸਾਰੀ ਰਾਤ ਕੰਮ ਟਰੇਡਲ ਮਸ਼ੀਨ ਤੇ ਕਰਦੇ ਰਹਿਣਾ ਤਾਂ ਰੋਟੀ ਦਾ ਪ੍ਰਬੰਧ ਵੀ ਭਾਅ ਜੀ ਨੇ ਘਰੋਂ ਹੀ ਕਰਕੇ ਲੈ ਆਉਣਾ ਅਤੇ ਸਾਨੂੰ ਹੁਕਮ ਕਰਨਾ ਅਸੀਂ ਡਾਕ ਪਾਉਣੀ ਹੀ ਪਾਉਣੀ ਹੈ ਤੇ ਤੁਸੀਂ ਜਦੋਂ ਤਕ ਕੰਮ ਨਹੀਂ ਮੁਕਦਾ ਘਰ ਨਹੀਂ ਜਾਣਾ। ਅਸੀਂ ਸਾਰੀ-ਸਾਰੀ ਰਾਤ ਕੰਮ ਕਰਨਾ ਤੇ ਡਾਕ ਪਾ ਕੇ ਹੀ ਸਾਹ ਲੈਣਾ। ਜਦੋਂ ਡਾਕ ਪੈ ਜਾਂਦੀ ਤਾਂ ਖੁਸ਼ੀ ਵਿਚ ਵੇਸਨ ਖਾਣ ਦਾ ਪ੍ਰਬੰਧ ਹੋ ਜਾਣਾ। ਨਾਮਧਾਰੀ ਪ੍ਰੈਸ ਵਿਚ ਕੰਮ ਕਰਦਿਆਂ ਭਾਅ ਜੀ ਦੇ ਪਿਤਾ ਜੀ ਸੰਤ ਨੱਥਾ ਸਿੰਘ ਅਕਸਰ ਆਪਣੇ ਸਮੇਂ ਦੀਆਂ ਗੱਲਾਂ ਸੁਣਾਉਂਦੇ ਤੇ ਕੰਮ ਵੀ ਕਰੀ ਜਾਂਦੇ। ਬਾਪੂ ਨੰਦ ਸਿੰਘ ਜੀ ਵੀ ਆ ਜਾਂਦੇ ਤੇ ਉਹ ਵੀ ਆਪਣੇ ਜ਼ਮਾਨੇ ਦੀਆਂ ਗੱਲਾਂ ਸੁਣਾਉਂਦੇ। ਇਹਨਾਂ ਦਿਨਾਂ ਵਿਚ ਹੀ ਭਾਅ ਜੀ ਨੂੰ ਸ੍ਰੀ ਗੁਸਾਈਂ ਨਾਂਅ ਦੇ ਪੱਕੇ ਮੁਲਾਜ਼ਮ ਦਾ ਪ੍ਰਬੰਧ ਵੀ ਅਸੀਂ ਕਰਕੇ ਦਿੱਤਾ ਤੇ ਸ੍ਰੀ ਗੋਸਾਈਂ ਆਪਣੀ ਰਹਿੰਦੀ ਉਮਰ ਤੱਕ ਵਰਿਆਮ ਦੀ ਸੇਵਾ ਕਰਦੇ ਰਹੇ। ਬੜੇ ਸਿਆਣੇ ਅਤੇ ਜ਼ਿੰਮੇਵਾਰ ਆਦਮੀ ਸਨ । ਭਾਅ ਜੀ ਨੂੰ ਮਸ਼ੀਨ ਤੇ ਕੋਈ ਸਿਆਣਾ ਤੇ ਜ਼ਿੰਮੇਵਾਰ ਮਸ਼ੀਨਮੈਨ ਨਾ ਮਿਲਣ ਕਰਕੇ ਮਸ਼ੀਨ ਦਾ ਕੰਮ ਠੀਕ ਢੰਗ ਨਾਲ ਨਾ ਚੱਲ ਸਕਿਆ ਤੇ ਆਖਰ ਮਸ਼ੀਨ ਖੜ੍ਹੀ ਕਰਨੀ ਪੈ ਗਈ ਤੇ ਪ੍ਰਿੰਟਿੰਗ ਦਾ ਕੰਮ ਬਾਹਰੋਂ ਕਰਵਾਉਣਾ ਸ਼ੁਰੂ ਕਰ ਦਿੱਤਾ।

ਜਦੋਂ ਮਸ਼ੀਨ ਖੜੀ ਹੋ ਗਈ ਤਾਂ ਵਰਿਆਮ ਦੀ ਕੰਪੋਜ਼ਿੰਗ ਤਾਂ ਅਸੀਂ ਕਰਦੇ ਰਹੇ, ਪਰ ਛਪਾਈ ਦਾ ਕੰਮ ਬਾਹਰੋਂ ਕਰਵਾਉਣਾ ਪੈਂਦਾ ਸੀ, ਜਿਸ ਨਾਲ ਕਈ ਵਾਰ ਸ਼ਾਇਦ ਤੰਗੀ ਕਰਕੇ ਵਰਿਆਮ ਦਾ ਅੰਕ ਕਿੰਨਾ ਕਿੰਨਾ ਲੇਟ ਹੋ ਜਾਂਦਾ ਪਰ ਮਜਬੂਰੀ ਫੇਰ ਵੀ ਬਣੀ ਰਹਿੰਦੀ। ਕਿਉਂਕਿ ਦੂਜੇ ਮਹੀਨੇ ਅੰਕ ਕਢਣਾ ਜ਼ਰੂਰੀ ਹੁੰਦਾ ਸੀ ਨਹੀਂ ਤਾਂ ਡਾਕਘਰ ਵਾਲਿਆਂ ਨੂੰ ਕੋਈ ਨਾ ਕੋਈ ਬਹਾਨਾ ਲਾ ਕੇ ਤਾਰੀਖ ਦਾ ਵਾਧਾ ਕਰਨਾ ਪੈਂਦਾ ਸੀ ਪਰ ਜਗਦੀਸ਼ ਵਰਿਆਮ ਭਾਅ ਜੀ ਦੀ ਬਹਾਦਰੀ ਹੁੰਦੀ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਪਰਚੇ ਨੂੰ ਮੁਕੰਮਲ ਕਰ ਹੀ ਲੈਂਦੇ। ਕਈ ਵਾਰ ਉਹ ਆਪ ਸਾਇਕਲ ਤੇ ਫਰਮੇ ਰੱਖ ਕੇ ਛਪਣ ਵਾਸਤੇ ਲੈ ਜਾਂਦੇ।

ਇੰਨੀ ਮਹਿੰਗਾਈ ਵਿਚ ਘਰ ਦਾ ਖਰਚ ,ਦੁਕਾਨ ਦਾ ਕਿਰਾਇਆ, ਛਪਾਈ ਅਤੇ ਕੰਪੋਜ਼ਿੰਗ ਦਾ ਬਿੱਲ ਤੇ ਡਾਕ ਖ਼ਰਚ ਦਿਨ ਪ੍ਰਤੀ ਦਿਨ ਵਧਦੇ ਹੀ ਜਾ ਰਹੇ ਸਨ। ਅਕਸਰ ਪ੍ਰੈਸ ਵਿਚੋਂ ਹੁੰਦੀ ਨਗੂਣੀ ਜਿਹੀ ਆਮਦਨੀ ਵੀ ਪਰਚੇ ਦੀ ਭੇਟ ਚੜ੍ਹ



Sri Satguru Jagjit Singh Ji eLibrary NamdhariElibrary@gmail.com

ਜਾਂਦੀ। ਭਾਅ ਜੀ ਨੂੰ ਜਦੋਂ ਅਸੀਂ ਗੰਭੀਰ ਅਵਸਥਾ ਵਿਚ ਦੇਖਣਾ ਤਾਂ ਅਸੀਂ ਇਕਦਮ ਸਮਝ ਜਾਣਾ ਕਿ ਹੁਣ ਪਰਚੇ ਦੀ ਅਦਾਇਗੀ ਦਾ ਬੋਝ ਇਹਨਾਂ ਦੇ ਮਨ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਕਿਉਂਕਿ ਭਾਅ ਜੀ ਨੂੰ ਹੋਰ ਕਿਸੇ ਪਾਸੇ ਤੋਂ ਆਮਦਨ ਦਾ ਕੋਈ ਸਹਾਰਾ ਨਾ ਹੁੰਦਾ। ਭਾਅ ਜੀ ਦੀ ਮੇਹਨਤ ਅਤੇ ਸਿਰੜਪੁਨਾ ਹੀ ਸਮਝੋ ਕਿ ਇਹ ਇਹਨਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵਰਿਆਮ ਨੂੰ ਪਿਛਲੇ ੨੬ ਸਾਲ ਤੋਂ ਲਗਾਤਾਰ ਛਾਪਦੇ ਆ ਰਹੇ ਹਨ। ਮੈਂ ਤੇ ਮੇਰੇ ਮਾਮਾ ਜੀ ਅਸੀਂ ਲਗਾਤਾਰ ਨਾਮਧਾਰੀ ਪ੍ਰੈਸ ਅਤੇ ਮਾਸਕ ਵਰਿਆਮ ਨਾਲ ਸੰਨ ੧੯੯੧ ਤੱਕ ਪੂਰੀ ਤਰ੍ਹਾਂ ਜੁੜੇ ਰਹੇ ਹਾਂ ਅਤੇ ਸਾਨੂੰ ਜਿੰਨੀ ਜਾਣਕਾਰੀ ਭਾਅ ਜੀ ਅਤੇ ਮਾਸਿਕ ਵਰਿਆਮ ਬਾਰੇ ਹੋ ਸਕਦੀ ਹੈ ਉਹ ਹੋਰ ਕਿਸੇ ਨੂੰ ਨਹੀਂ ਹੋ ਸਕਦੀ ਕਿਉਂਕਿ ਭਾਅ ਜੀ ਦਾ ਸੁਭਾਅ ਹੀ ਇਹੋ ਜਿਹਾ ਹੈ ਕਿ ਜਿੰਨੀ ਮਰਜ਼ੀ ਉਹਨਾਂ ਨੂੰ ਮੁਸ਼ਕਲ ਹੋਵੇ ਉਹ ਕਿਸੇ ਨੂੰ ਇਹ ਮਹਿਸੂਸ ਹੀ ਨਹੀਂ ਹੋਣ ਦਿੰਦੇ ਕਿ ਉਹ ਮੁਸ਼ਕਲ ਵਿਚ ਹਨ। ਏਡੀ ਮੁਸ਼ਕਲ ਦੇ ਦਿਨਾਂ ਵਿਚ ਵੀ ਨਾ ਤਾਂ ਉਹਨਾਂ ਕਿਸੇ ਵਰਕਰ ਦਾ ਪੈਸਾ ਮਾਰਿਆ ਨਾ ਲੇਟ ਕੀਤਾ। ਪਤਾ ਨਹੀਂ ਉਹ ਕਿਵੇਂ ਸਾਰਦੇ ਰਹੇ। ਅਸੀਂ ਸਾਰੇ ਇਕ ਟੱਬਰ ਵਾਂਗ ਆਪਣਾ ਪਰਚਾ ਸਮਝ ਕੇ ਹੀ ਕੰਮ ਕਰਦੇ ਰਹੇ ਹਾਂ। ਧੰਨ ਹੈ ਉਹਨਾਂ ਦਾ ਜਿਗਰਾ ਕਿ ਮਾਇਕ ਮੁਸ਼ਕਲ ਹੋਣ ਦੇ ਬਾਵਜੂਦ ਵੀ ਉਹ ਪਰਚਾ ਕੱਢੀ ਜਾ ਰਹੇ ਹਨ। ਇਹ ਕਿਸੇ ਵਰਿਆਮ ਦਾ ਕੰਮ ਹੀ ਹੈ।

ਇਕ ਵਾਰ ਬਰਸਾਤ ਦੇ ਦਿਨ ਸਨ। ਲਗਾਤਾਰ ਬਾਰਿਸ਼ ਹੋ ਰਹੀ ਸੀ। ਸੜਕ ਦਾ ਪਾਣੀ ਪ੍ਰੈਸ ਵਿਚ ਦਾਖਲ ਹੋਣ ਤੋਂ ਬਚਾਣ ਲਈ ਅਸੀਂ ਮਿੱਟੀ ਅਤੇ ਇੱਟਾਂ ਮੋਹਰੇ ਲਾ ਦਿੱਤੀਆਂ ਪਰ ਉਸਦਾ ਵੀ ਕੋਈ ਅਸਰ ਨਾ ਹੋਇਆ ਤਾਂ ਪਾਣੀ ਨਾਮਧਾਰੀ ਪ੍ਰੈਸ ਅੰਦਰ ਦਾਖਲ ਹੋ ਗਿਆ, ਪਰ ਮਜਬੂਰੀ ਸੀ ਕੱਲ ਤੱਕ ਅਖਬਾਰ ਤਿਆਰ ਕਰਕੇ, ਡਾਕ ਭੇਜਣੀ ਸੀ। ਅਸੀਂ ਸਾਰਾ ਦਿਨ ਪਾਣੀ ਵਿਚ ਖੜੇ ਰਹਿ ਕੇ ਕੰਮ ਕਰਦੇ ਰਹੇ ਤੇ ਅਗਲੀ ਸ਼ਾਮ ਡਾਕ ਭੇਜਕੇ ਹੀ ਸਾਹ ਲਿਆ। ਜਦੋਂ ਡਾਕ ਭੇਜ ਦਿੱਤੀ ਤਾਂ ਭਾਅ ਜੀ ਕਹਿੰਦੇ ਅੱਜ ਮੌਸਮ ਬਰਸਾਤ ਦਾ ਹੈ ਤੇ ਹੁਣ ਜਲੇਬੀਆਂ ਦਾ ਲੰਗਰ ਹੋ ਜਾਵੇ। ਫਿਰ ਕੀ ਸੀ ਪੰਜ ਪੀਰ ਚੌਕ ਤੋਂ ਜਲੇਬੀਆਂ ਆ ਗਈਆਂ, ਤੇ ਸਾਡੀ ਸਾਰੇ ਦਿਨਾਂ ਦੀ ਥਕਾਵਟ ਦੂਰ ਹੋ ਗਈ।

**ਲੇਬਰ ਕਲੌਨੀ, ਜਲੰਧਰ**

# ਬਹੁਤ ਬਹੁਤ ਵਧਾਈ ! !

ਵਰਿਆਮ ਦੀ ਪਬਲੀਕੇਸ਼ਨ ਦੇ ਸ਼ਾਨਦਾਰ ਪੰਝੀ ਵਰ੍ਹੇ ਪੂਰੇ ਕਰਨ ਤੇ ਆਪ ਨੂੰ ਬਹੁਤ ਬਹੁਤ ਵਧਾਈ! ਅੱਜ ਦੇ ਯੁੱਗ 'ਚ ਜਦੋਂ ਕਿ ਕੁਝ ਇਕ ਅੰਕ ਨਿਕਲਣ ਬਾਅਦ ਹੀ ਮਾਸਕ ਪੱਤਰ ਲੜਖੜਾ ਜਾਂਦੇ ਨੇ, ਪੰਝੀ ਵਰ੍ਹੇ ਪੂਰੇ ਕਰਨੇ ਸੱਚਮੁੱਚ ਇਕ ਸੂਰਮਗਤੀ ਵਾਲਾ ਕੰਮ ਹੈ; ਪਰ ਗੱਲ ਇਹ ਵੀ ਹੈ ਕਿ ਆਪ ਦੇ ਸਿਰ ਤੇ ਸਤਿਕਾਰਤ ਸਤਿਗੁਰੂ ਜੀ ਦਾ ਵੀ ਹੱਥ ਹੈ। ਉਹਨਾਂ ਦੀ ਕਿਰਪਾ ਦੁਆਰਾ ਆਪ ਨੂੰ ਸਭ ਰਿਧੀਆਂ ਸਿਧੀਆਂ ਪ੍ਰਾਪਤ ਨੇ। ਆਪ ਕੋਲ ਵਿਦਵਤਾ ਯੋਗਤਾ ਤਾਂ ਹੈ ਹੀ, ਤੁਹਾਡੀ ਲਗਨ ਤੇ ਸਿਰੜ ਦੀ ਵੀ ਦਾਦ ਦੇਣੀ ਪੈਂਦੀ ਹੈ। ਆਗਾਮੀ ਦਿਨਾਂ 'ਚ ਮੈਂ ਆਪ ਦੇ ਨਾਲ ਨਿਕਟ ਸੰਪਰਕ ਬਣਾਈ ਰਖਾਂਗਾ ਤੇ ਮੇਰਾ ਸਾਰਾ ਸਹਿਯੋਗ ਆਪ ਨਾਲ ਹੋਵੇਗਾ। ਪੰਜਾਬੀ ਦੇ ਕੁਝ ਮਹਾਨ ਲੇਖਕਾਂ ਤੇ ਆਲੋਚਕਾਂ ਨੇ ਪੰਜਾਬੀ ਵਾਂਗ ਪੰਜਾਬੀ ਸਾਹਿਤ ਨੂੰ ਵੀ ਨਿੱਕੀਆਂ ਨਿੱਕੀਆਂ ਟੁਕੜੀਆਂ 'ਚ ਵੰਡ ਲਿਆ ਹੈ। ਇਹ ਵਿਸ਼ਾਲ ਪੰਜਾਬੀ ਸਾਹਿਤ ਦੀ "ਸੁਤੰਤਰ ਹੋਂਦ" ਨਿਰੰਤਰ ਖਤਰੇ ਦਾ ਨਿਸ਼ਾਨ ਬਣੇ ਹੋਏ ਹਨ। ਇਹਨਾਂ ਸੰਕੀਰਣ ਗੁੱਟਬੰਦ ਲੇਖਕਾਂ ਨੂੰ ਕੁਝ ਸਿਖ ਮੱਤ ਦੇ ਕੇ ਸਿੱਧੇ ਰਾਹ ਪਾਓ। ਸਾਹਿਤ ਨੂੰ ਨਿੱਜੀ ਅਜਾਰੇਦਾਰੀ ਲਈ ਯੁੱਧ ਖੇਤਰ ਨਹੀਂ ਬਨਾਉਣਾ ਚਾਹੀਦਾ।

**ਅਜਾਇਬ ਕਮਲ**

**ਪਿੰਡ ਡਾਂਡੀਆਂ ਡਾਕ : ਬੱਡੋਂ**

**(ਹੁਸ਼ਿਆਰਪੁਰ)**



Sri Satguru Jagjit Singh Ji eLibrary NamdhariElibrary@gmail.com



ਰਾਸ਼ਟਰਪਤੀ ਭਵਨ ਦਿੱਲੀ ਵਿਚ ਸ. ਸਾਧੂ ਸਿੰਘ ਹਮਦਰਦ ਦੀ ਗ਼ਜ਼ਲ ਤੇ ਲਿਖੀ ਪੁਸਤਕ 'ਗ਼ਜ਼ਲ ਜਨਮ ਤੇ ਵਿਕਾਸ" ਦੇ ਰਿਲੀਜ਼ ਸਮਾਗਮ (੧੯੮੫) ਸਮੇਂ ਰਾਸ਼ਟਰਪਤੀ ਗਿਆਨੀ ਜੈਲ ਸਿੰਘ, ਡਾਕਟਰ ਪਿਆਰ ਸਿੰਘ, ਅਜੀਤ ਦੇ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਅਤੇ ਸ. ਜਗਦੀਸ਼ ਸਿੰਘ ਵਰਿਆਮ।



ਭਾਰਤ ਦੇ ਰਾਸ਼ਟਰਪਤੀ (ਉਦੋਂ ਉਪ ਰਾਸ਼ਟਰਪਤੀ) ਡਾ. ਸ਼ੰਕਰ ਦਿਆਲ ਸ਼ਰਮਾ ਨਾਲ ਜਗਦੀਸ਼ ਸਿੰਘ ਵਰਿਆਮ ਦੀ ਜਾਣ ਪਛਾਣ ਕਰਵਾ ਰਹੇ ਸ. ਗੁਰਵਿੰਦਰ ਸਿੰਘ ਹੰਸਪਾਲ ਐਮ. ਪੀ. ਨਾਮਧਾਰੀ ਸੈਮੀਨਾਰ ਦਿੱਲੀ ਸਮੇਂ।

Sri Satguru Jagjit Singh Ji eLibrary NamdhariElibrary@gmail.com



ਭਾਰਤ ਦੇ ਮਹਾਨ ਸ਼ਾਸਤਰੀ ਗਾਇਕ ਪੰਡਿਤ ਜਸਰਾਜ ਨਾਲ ਬਾਬਾ ਹਰਬਲਭ ਦੀ ਸਮਾਧੀ ਕੋਲ ਸ੍ਰੀਮਤੀ ਗੀਤਿਕਾ ਕਲ੍ਹਾ (ਉਦੋਂ ਡਾਇਰੈਕਟਰ ਨਾਰਥ ਜੋਨ ਕਲਚਰਲ ਸੈਂਟਰਲ ਪਟਿਆਲਾ ਅਤੇ ਅੱਜ ਕਲ੍ਹ ਕਮਿਸ਼ਨਰ ਜਲੰਧਰ ਡਵੀਜਨ) ਸ. ਜਗਦੀਸ਼ ਸਿੰਘ ਵਰਿਆਮ ਅਤੇ ਪ੍ਰਸਿੱਧ ਫੋਟੋਗ੍ਰਾਫਰ ਹਰਭਜਨ ਸਿੰਘ ਬਾਜਵਾ।



੧੨੨ਵੇਂ ਹਰਬਲਭ ਸੰਗੀਤ ਸੰਮੇਲਨ ੨੬-੨੭-੨੮ ਦਸੰਬਰ ੧੯੯੭ ਆਖਰੀ ਦਿਨ ਦੀ ਸਭਾ ਸਮੇਂ ਦੀਪਕ ਪ੍ਰਵਜਲਤ ਕਰਦੇ ਹੋਏ ਵਰਿਆਮ ਸੰਪਾਦਕ

Sri Satguru Jagjit Singh Ji eLibrary NamdhariElibrary@gmail.com




ਪ੍ਰਸਿੱਧ ਸਿਖਿਆ ਸ਼ਾਸਤਰੀ ਡਾ. ਰੌਸ਼ਨ ਲਾਲ ਆਹੂਜਾ ਦੇ ੮੫ ਵੇਂ ਜਨਮ ਦਿਨ ੯ ਨਵੰਬਰ ੧੯੯੯ ਤੇ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਜਲੰਧਰ ਦੇ ਲਾਇਨਜ਼ ਕਲੱਬ ਭਵਨ ਵਿਚ ਉਹਨਾਂ ਦਾ ਸ਼ਾਨਦਾਰ ਅਭਿਨੰਦਨ ਕੀਤਾ ਗਿਆ। ਇਸ ਅਵਸਰ ਤੇ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਦੀ ਹੈਸੀਅਤ ਵਿਚ ਸ. ਜਗਦੀਸ਼ ਸਿੰਘ ਵਰਿਆਮ ਡਾ. ਆਹੂਜਾ ਜੀ ਨੂੰ ਸ਼ਾਲ ਅਤੇ ਪ੍ਰਸ਼ਸਤੀ ਪੱਤਰ ਭੇਟ ਕਰਦੇ ਹੋਏ। ਸਟੇਜ ਤੇ ਸਸ਼ੋਭਤ ਪ੍ਰਮੁੱਖ ਸ਼ਖਸੀਅਤਾਂ ਵਿਚ ਸ. ਤੇਰਾ ਸਿੰਘ ਚੰਨ, ਗਿਆਨੀ ਲਾਲ ਸਿੰਘ ਜੀ, ਪ੍ਰਿੰ. ਸੁਜਾਨ ਸਿੰਘ, ਡਾ. ਦੀਵਾਨ ਸਿੰਘ ਅਤੇ ਡਾ. ਕਰਨੈਲ ਸਿੰਘ ਥਿੰਦ ਹਨ।



ਪ੍ਰਸਿੱਧ ਦਾਰਸ਼ਨਿਕ ਸੰਤ ਜੇ. ਪੀ. ਵਾਸਵਾਨੀ ਨਾਲ ਵਿਚਾਰ ਵਟਾਂਦਰਾ ਕਰਦਿਆਂ ਸ. ਜਗਦੀਸ਼ ਸਿੰਘ ਸੰਸਾਰ ਦੇ ਧਰਮਾਂ ਦੀ ਪਾਰਲੀਮੈਂਟ ਕੇਪ ਟਾਊਨ ਸਾਊਥ ਅਫਰੀਕਾ ਵਿਖੇ ਮਿਤੀ ੩-੧੨-੧੯੯੯ ਸਮੇਂ।

Sri Satguru Jagjit Singh Ji eLibrary NamdhariElibrary@gmail.com



ਮਲੇਰ ਕੋਟਲਾ ਦੇ ਸ਼ਹੀਦੀ ਸਮਾਰਕ ਦੀ ਯਾਤਰਾ ਤੇ ਆਏ ਸ਼ਹੀਦ ਭਗਤ ਸਿੰਘ ਦੇ ਭਰਾ ਸ. ਰਾਜਿੰਦਰ ਸਿੰਘ ਨਾਲ ਜਗਦੀਸ਼ ਸਿੰਘ ਵਰਿਆਮ। ਨਾਲ ਖੜੇ ਹਨ, ਪ੍ਰੋ. ਤਾਰਾ ਸਿੰਘ ਅਨਜਾਣ ਸੰਪਾਦਕ ਸਤਿਜੁਗ, ਸ. ਸਰਬ ਸ਼ਕਤੀਮਾਨ ਸਿੰਘ ਸੰਪਾਦਕ ਵਰਤਮਾਨ ਹਿੰਦੁਸਤਾਨ ਅਤੇ ਸੂਬਾ ਭਗਤ ਸਿੰਘ ਆਦਿ। ਸ਼ਹੀਦੀ ਮੇਲਾ ੧੭-੧-੧੯੯੪



ਹਿੰਦ ਸਮਾਚਾਰ ਗਰੁਪ ਵਲੋਂ ਸਥਾਪਤ ਸ਼ਹੀਦ ਪਰਿਵਾਰ ਫੰਡ ਦੇ ਇਕ ਵਿਤਰਨ ਸਮਾਰੋਹ (੯-੪-੧੯੮੯) ਵਿਚ ਇਕ ਲੋੜਵੰਦ ਨੂੰ ਸਲਾਈ ਮਸ਼ੀਨ ਦੇਂਦੇ, ਸ. ਜਗਦੀਸ਼ ਸਿੰਘ ਵਰਿਆਮ ਅਤੇ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸੀ. ਰਾਜੇਸ਼ਵਰ ਰਾਓ।

Sri Satguru Jagjit Singh Ji eLibrary NamdhariElibrary@gmail.com

# ਵਰਿਆਮ ਤੇ ਸੰਗੀਤ

ਗੁਰਦਿੱਤ ਸਿੰਘ

'ਵਰਿਆਮ' ਦੇਸ਼ ਵਿਦੇਸ਼ ਦੇ ਪੰਜਾਬੀਆਂ ਦਾ ਜਾਣਿਆਂ ਪਹਿਚਾਣਿਆ ਮਾਸਿਕ ਪੱਤਰ ਹੈ। ਇਸਦਾ ਪੰਜਾਬੀ ਸਾਹਿਤ ਨੂੰ ਵਡਮੁੱਲਾ ਯੋਗਦਾਨ ਹੈ। ਇਸ ਵਿੱਚ ਨਾਮਵਾਰ ਲੇਖਕਾਂ, ਕਵੀਆਂ, ਕਹਾਣੀਕਾਰ ਆਦਿ ਦੇ ਲੇਖ, ਕਵਿਤਾਵਾਂ ਤੇ ਕਹਾਣੀਆਂ ਆਦਿ ਪੜ੍ਹਨ ਦਾ ਮੌਕਾ ਮਿਲਦਾ ਹੈ। ਪੰਜਾਬੀ ਸਾਹਿਤ ਦੇ ਨਾਲ-ਨਾਲ ਇਸ ਵਿੱਚ ਸੰਗੀਤ ਸਬੰਧੀ ਵੀ ਭਰਪੂਰ ਸਮੱਗਰੀ ਪੜ੍ਹਨ ਨੂੰ ਮਿਲਦੀ ਹੈ।

ਸੰਪਾਦਕ ਆਪ ਵੀ ਚੰਗੇ ਸੰਗੀਤ ਪ੍ਰੇਮੀ ਤੇ ਸ਼ੌਕੀਆਂ ਕੀਰਤਨਕਾਰ ਹੋਣ ਦੇ ਨਾਤੇ ਵਧੇਰੇ ਸੰਗੀਤ ਗਿਆਨ ਰੱਖਦੇ ਹਨ।

..................

ਆਪ ਜੀ ਨੇ ਬਹੁਤ ਸਾਰੇ ਸੰਗੀਤ ਸੰਮੇਲਨਾ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਵੀ ਨਿਭਾਈ ਹੈ।

'ਵਰਿਆਮ' ਵਿੱਚ ਡਾ. ਜੋਗਿੰਦਰ ਬਾਵਰਾ ਸ੍ਰੀ ਵਰਿੰਦਰ ਕੁਮਾਰ, ਰਾਗੀ ਗੁਰਚਰਨ ਸਿੰਘ ਕੰਵਲ, ਸਿੰਘ ਬੰਧੂ ਆਦਿ ਦੇ ਲੇਖ ਛਪਦੇ ਰਹਿੰਦੇ ਹਨ, ਜੋ ਇਸ ਵਿੱਚ ਮਹਾਨ ਸੰਗੀਤਕਾਰਾਂ ਦੀਆਂ ਜੀਵਨੀਆਂ ਤੇ ਉਹਨਾਂ ਦੇ ਵਿਚਾਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿਵੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ, ਪੰ. ਓਂਕਾਰ ਨਾਥ ਠਾਕੁਰ, ਉਸਤਾਦ ਅਮਜਦ ਅਲੀ ਖਾਂ, ਉਸਤਾਦ ਬਿਸਮਿਲਾ ਖਾਂ, ਉਸਤਾਦ ਵਿਲਾਇਤ ਖਾਂ, ਸਿੰਘ ਬੰਧੂ ਮੱਧਕਾਲੀਨ ਤੇ ਅਧੁਨਿਕ ਨਾਰੀ ਦਾ ਸੰਗੀਤ ਨੂੰ ਯੋਗਦਾਨ, ਧਰੁਵਪਦ ਗਾਇਨ, ਸਾਡੇ ਸੰਗੀਤ ਦਾ ਇਤਿਹਾਸ, ਸੰਗੀਤ ਬਨਾਮ ਘੁੰਗਰੂ, ਲੋਕ ਸੰਗੀਤ, ਤੰਤ੍ਰ ਵਾਦਕਾਂ ਦਾ ਗੰਗੀਪੁਰ ਘਰਾਣਾ ਆਦਿ ਮਹੱਤਵਪੂਰਨ ਲੇਖ ਹਨ।

ਇਸ ਤੋਂ ਬਿਨਾਂ ਸੰਗੀਤ ਸੰਮੇਲਨਾਂ ਦੀਆਂ ਰਿਪੋਰਟਾਂ ਵੀ ਇਸ ਵਿੱਚ ਛੱਪਦੀਆਂ ਰਹਿੰਦੀਆਂ ਹਨ। ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮਲਨ, ਹਰਿਬੱਲਭ ਸੰਗੀਤ ਸੰਮੇਲਨ ਤੇ ਭਾਵੇਂ ਜਲੰਧਰ ਕਲਾ ਮੰਚ ਹੋਵੇ, ਇਹਨਾਂ ਦੀ ਚਰਚਾ ਵਿਸਥਾਰ ਸਹਿਤ ਪੜ੍ਹਨ ਨੂੰ ਮਿਲਦੀ ਹੈ।

ਇਹ ਵਿੱਛੜੇ ਕਲਾਕਾਰਾਂ ਦੀਆਂ ਯਾਦਾਂ ਨੂੰ ਵੀ ਤਾਜ਼ਾ ਕਰਵਾਉਂਦਾ ਹੈ। ਪ੍ਰੀਤਮ ਚਲਿਆ ਪ੍ਰਦੇਸ ਪਰਾਏ (ਸੰਤ ਦਰਸ਼ਨ ਸਿੰਘ ਰਾਗੀ ਨਾਲ ਵਾਰਤਾਲਾਪ) ਸ੍ਰੀ ਅਵਤਾਰ ਸਿੰਘ ਤਬਲਾਵਾਦਕ, ਸ੍ਰੀ ਸੁਰਿੰਦਰ ਸਿੰਘ ਸੁਮਨ ਆਦਿ ਤੇ ਮਹੱਤਵਪੂਰਨ ਲੇਖ ਲਿਖੇ ਹਨ।

ਵਰਿਆਮ ਜੀ ਦੇ ਸੰਗੀਤ ਪ੍ਰਤੀ ਪਿਆਰ ਦੀ ਝਲਕ ਦਾ ਤਾਂ ਤਸਵੀਰਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਸੰਗੀਤ ਦੇ ਚਾਅ ਵਿੱਚ ਹੀ ਖ਼ਰਚੇ ਦੀ ਪਰਵਾਹ ਕੀਤੇ ਬਿਨਾਂ ਰੰਗੀਨ ਤਸਵੀਰਾਂ ਛਾਪ ਦਿੰਦੇ ਹਨ। ਇਸ ਵਿੱਚ ਜਾਂ ਤਾਂ ਸੰਗੀਤ ਸਬੰਧੀ ਰੰਗੀਨ ਤਸਵੀਰਾਂ ਹੁੰਦੀਆਂ ਹਨ ਜਾਂ ਦੋ ਕੁ ਇਸ਼ਤਿਹਾਰਾਂ ਦੀਆਂ। ਇਸ ਦੇ ਬਹੁਤੇ ਵਿੱਚੋਂ ਅੰਕਾਂ ਦੇ ਮੁੱਖ ਪੰਨੇ ਤੇ ਸੰਗੀਤ ਸੰਬੰਧੀ ਤਸਵੀਰਾਂ ਹਨ। ਮੁੱਖ ਪੰਨੇ ਦੀਆਂ ਤਸਵੀਰਾਂ ਤੋਂ ਤਾਂ ਇਓਂ ਜਾਪਦਾ ਹੈ ਕਿ ਜਿਵੇਂ ਇਹ ਪੱਤਰ ਕੇਵਲ ਸੰਗੀਤ ਪੱਤਰ ਹੀ ਹੋਵੇ। ਇਸ ਤੋਂ ਬਿਨਾਂ ਵਿਸ਼ੇਸ਼ ਸੰਗੀਤ ਅੰਕ ਵੀ ਕੱਢੇ ਗਏ ਹਨ।

ਅੱਜ ਜ਼ਿਆਦਾਤਰ ਲੋਕ ਗੋਲਡਨ ਜੁਬਲੀ, ਸਿਲਵਰ ਜੁਬਲੀ, ਪਾਪ ਸੰਗੀਤ, ਰੈਪ ਸੰਗੀਤ ਆਦਿ ਨਾਲ ਮਨਾਉਂਦੇ ਹਨ। ਪਰ ਇਹਨਾ ਨੇ ਸਦੀਆਂ ਪੁਰਾਣੇ ਸ਼ਾਸਤਰੀ ਸੰਗੀਤ ਦੁਆਰਾ ਹੀ 'ਵਰਿਆਮ ਸਿਲਵਰ ਜੁਬਲੀ' ਮਨਾਉਣ ਦਾ ਮਨ ਬਨਾਇਆ ਹੈ। ਉਹ ਜਾਣਦੇ ਨੇ ਨਵਾਂ ਨੌ ਦਿਨ ਤੇ ਪੁਰਾਣਾ ਸੌ ਦਿਨ। ਭਾਵ ਸ਼ਾਸਤਰੀ ਸੰਗੀਤ ਦੀ ਗਹਿਰਾਈ ਤੇ ਸਥਿਰਤਾ ਤੋਂ ਉਹ ਭਲੀ-ਭਾਤ ਜਾਣੂ ਹਨ।

'ਵਰਿਆਮ' ਵਿੱਚ ਸੰਗੀਤ ਵਿੱਚੋਂ ਸ਼ਾਸਤਰੀ ਸੰਗੀਤ ਤੇ ਸ਼ਾਸਤਰੀ ਸੰਗੀਤ ਵਿਚੋਂ ਨਾਮਧਾਰੀਆਂ ਦੇ ਸੰਗੀਤ ਸਬੰਧੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ੨੦ਵੀਂ ਸਦੀ ਦੇ ਉੱਤਰ-ਅਰਧ ਤੋਂ ਹੁਣ ਤੱਕ ਨਾਮਧਾਰੀਆਂ ਸਬੰਧੀ ਕਿਸੇ ਵੀ ਵਿਸ਼ੇ ਤੇ ਖੋਜ ਕਰਨੀ ਹੋਵੇ ਤਾਂ 'ਵਰਿਆਮ' ਨੂੰ ਅਣਗੌਲਿਆਂ ਕਰਨਾ ਮੁਸ਼ਕਿਲ ਜਿਹੀ ਗਲ ਜਾਪਦੀ ਹੈ।

ਨਾਮਧਾਰੀ ਸਿੱਖ ਆਪਣੇ ਸਤਿਗੁਰੂ ਦੀ ਖੁਸ਼ੀ ਅਨੁਸਾਰ ਹੀ ਆਪਣੀ ਰੁਚੀ ਵਿੱਚ ਪਰਿਵਤਨ ਕਰ ਲੈਂਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਨ ਸੰਗੀਤਕਾਰ ਤੇ ਸੰਗੀਤ ਪ੍ਰੇਮੀ ਹਨ। ਜ਼ਿਆਦਾਤਰ ਨਾਮਧਾਰੀ ਸਤਿਗੁਰੂ ਜੀ ਦੀ ਖੁਸ਼ੀ ਪ੍ਰਾਪਤ ਕਰਨ ਲਈ ਸੰਗੀਤ ਸਿੱਖਦੇ ਹਨ। ਮੈਨੂੰ ਇਓਂ ਪ੍ਰਤੀਤ ਹੁੰਦਾ ਹੈ ਕਿ ਵਰਿਆਮ ਜੀ ਵੀ ਪਹਿਲਾਂ-ਪਹਿਲ ਤਾਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਹੀ ਸੰਗੀਤ ਪ੍ਰੇਮ ਰੱਖਦੇ ਸੀ। ਅੱਜ ਸੰਗੀਤ ਉਹਨਾਂ ਦਾ ਨਿੱਜੀ ਸ਼ੌਕ ਬਣ ਗਿਆ ਹੈ।

ਸ੍ਰੀ ਭੈਣੀ ਸਾਹਿਬ



Sri Satguru Jagjit Singh Ji eLibrary NamdhariElibrary@gmail.com

# ਚੂੜੇ ਦੀ ਵੰਗ ਵਰਗਾ

**—ਜੋਗਿੰਦਰ ਕੌਰ ਖਾਮੋਸ਼**

ਵਰਿਆਮ ਪਰਚੇ ਦੀ ਆਪਣੀ ਇਕ ਪਹਿਚਾਣ ਹੈ। ਮੇਰੇ ਪਾਸੋਂ ਕੋਈ ਪੁੱਛੇ ਤਾਂ ਮੈਂ ਇਹ ਹੀ ਕਹਾਂਗੀ ਕਿ ਵਰਿਆਮ ਪਰਚਾ ਇਕ ਨਵ-ਵਿਆਹੀ ਮੁਟਿਆਰ ਦੇ ਚੂੜੇ ਦੀ ਇਕ-ਇਕ ਵੰਗ ਵਰਗਾ ਹੈ। ਜਿਸ ਨੂੰ ਉਹ ਹਰਦਮ ਆਪਣੀ ਕਲਾਈ ਵਿੱਚ ਵੇਖਣਾ ਚਾਹੁੰਦੀ ਹੈ। ਇਸ ਤਰ੍ਹਾਂ ਵਰਿਆਮ ਪਰਚੇ ਦੇ ਪਾਠਕ ਵੀ ਇਸ ਪਰਚੇ ਨੂੰ ਲੰਬੇ ਸਮੇਂ ਤਕ ਵੇਖਣਾ ਤੇ ਪੜ੍ਹਨਾ ਚਾਹੁੰਦੇ ਹਨ। ਫੇਰ ਇਹ ਸਾਰੇ ਪਾਠਕਾਂ ਤੇ ਲਿਖਾਰੀਆਂ ਨੂੰ ਇਕੋ ਅੰਦਾਜ਼ ਨਾਲ ਆਪਣੇ ਵੱਲ ਖਿੱਚਦਾ ਹੈ। ਇਸਦਾ ਦਿਲਕਸ਼ ਨਜ਼ਾਰਾ ਕੁੱਝ ਇੰਜ ਦਾ ਹੁੰਦਾ ਹੈ ਜਿਵੇਂ ਇਕ ਅਲ੍ਹੜ ਮੁੰਡੇ ਦੀ ਕੋਮਲ ਜਿਹੀ ਪ੍ਰੇਮਿਕਾ ਦੇ ਪ੍ਰੇਮ ਵਰਗਾ ਹੁੰਦਾ ਹੈ। ਉਹ ਆਪਣੀ ਪ੍ਰੇਮਿਕਾ ਨੂੰ ਕਿਆਮਤ ਤੱਕ ਚਾਹੁੰਦਾ ਹੈ। ਇਸ ਤਰ੍ਹਾਂ ਇਸ ਦੇ ਬਹੁਤ ਸਾਰੇ ਕਾਰਨ ਹਨ :

ਜਿਵੇਂ ਇਸ ਪਰਚੇ ਦਾ ਸਭ ਤੋਂ ਵਧੀਆ ਪਹਿਲੂ ਇਹ ਹੈ ਕਿ ਇਹ ਸਾਨੂੰ ਇਹ ਜਤਾਉਂਦਾ ਰਹਿੰਦਾ ਹੈ ਪੰਜਾਬੀ ਸਾਡੀ ਸੱਕੀ ਮਾਂ-ਬੋਲੀ ਹੈ। ਉਹ ਦੱਸਦਾ ਰਹਿੰਦਾ ਹੈ ਕਿ ਅਸੀਂ ਭਾਵੇਂ ਦੇਸ਼ ਜਾਂ ਪਰਦੇਸ ਵਿੱਚ ਰਹੀਏ ਸਾਨੂੰ ਆਪਣੀ ਮਾਂ-ਬੋਲੀ ਨਾਲ ਪਿਆਰ, ਇਸਨੂੰ ਲਿੱਖਣਾ, ਪੜ੍ਹਨਾ, ਸਿੱਖਣਾ ਚਾਹੀਦਾ ਹੈ। ਵਰਿਆਮ ਜਦੋਂ ਕਦੀ ਪਰਚਾ ਬਾਹਰ ਭੇਜਦਾ ਹੈ ਤਾਂ ਬਾਹਰ ਬੈਠੇ ਪੰਜਾਬੀਆਂ ਨੂੰ ਇਹ ਸਨੇਹਾ ਦਿੰਦਾ ਹੈ ਕਿ ਮਾਂ-ਬੋਲੀ ਨੂੰ ਬਦੇਸੀ ਜਹਾਜ਼ ਫੇਰੀਆਂ ਦੇ ਪੈਰਾਂ ਹੇਠਾਂ ਨਾ ਕੁੱਚਲੋ ਤੇ ਜਿਹੜੇ ਹਿੰਦੁਸਤਾਨੀ ਪੱਕੇ ਤੌਰ ਤੇ ਬਦੇਸ਼ ਰਹਿੰਦੇ ਹਨ ਉਹਨਾ ਨੂੰ ਪੰਜਾਬੀ ਬੋਲੀ ਨਾਲ ਜੁੜੇ ਰਹਿਣ ਲਈ ਕਹਿੰਦਾ ਰਹਿੰਦਾ ਹੈ।

ਦੂਜੀ ਇਸ ਦੀ ਖਾਸ ਖੂਬੀ ਇਹ ਹੈ ਕਿ ਵਰਿਆਮ ਯਾਦ ਦਿਲਾਉਂਦਾ ਰਹਿੰਦਾ ਹੈ ਕਿ ਆਜ਼ਾਦੀ ਸਾਨੂੰ ਬੜੀ ਮੁਸ਼ਕਲ ਨਾਲ ..ਨੀ ਹੈ। ਇਸਨੂੰ ਸਾਡੀ ਨੌਜਵਾਨ ਪੀੜੀ ਨੇ ਆਪਣੇ ਖੂਨ ਦੀ ਮਹਿੰਦੀ ਲਾ ਕੇ ਆਜ਼ਾਦੀ ਰੂਪੀ ਲਾੜੀ ਨੂੰ ਅਗੰਰੇਜ਼ਾਂ ਤੋਂ ਸਾਡੇ ਸੁੱਖਾਂ ਲਈ ਆਪਣੇ ਹਿੰਦੁਸਤਾਨ ਵਿੱਚ ਲੈ ਆਂਦਾ ਹੈ ਕੁਝ ਐਸਾ ਨਹੀਂ ਕਰਨਾ, ਕਿ ਅਸੀਂ ਫੇਰ ਗੁਲਾਮ ਹੋ ਜਾਈਏ। ਇਹ ਪਰਚਾ ਸਮੇਂ-ਸਮੇਂ ਤੇ ਦੱਸਦਾ ਰਹਿੰਦਾ ਹੈ ਹੇਰਾ ਫੇਰੀ, ਲੁੱਟ-ਖਸੁੱਟ, ਤਾਨਾਸ਼ਾਹੀ, ਮੱਕਾਰੀ, ਘੁਟਾਲੇ, ਰਾਜਨੀਤੀ ਦੀ ਟੇਢੀ ਢਾਲ ਸਾਨੂੰ ਫੇਰ ਗੁਲਾਮ ਕਰ ਸਕਦੀ ਹੈ। ਇਸ ਨੂੰ ਰੋਕਣਾ ਹਰ ਹਿੰਦੁਸਤਾਨੀ ਦਾ ਫਰਜ਼ ਹੈ।

ਫੇਰ ਵਰਿਆਮ ਪਰਚਾ ਸਾਨੂੰ ਇਸ ਤਸਵੀਰ ਦਾ ਰੁੱਖ ਦੱਸਦਾ ਰਹਿੰਦਾ ਹੈ ਕਿ ਪ੍ਰੇਮ ਸਭ ਤੋਂ ਵੱਧੀਆ ਸੌਗਾਤ ਹੈ। ਪ੍ਰੇਮ ਉਹ ਸ਼ਕਤੀ ਹੈ ਜਿਹੜੀ ਸਾਰੇ ਸੰਸਾਰ ਨੂੰ ਜਿੱਤ ਸਕਦੀ ਹੈ। ਅਗਰ ਪ੍ਰੇਮ ਨਾ ਹੋਵੇ ਤਾਂ ਗੁੱਸਾ ਆਦਮੀ ਦੇ ਸਰੀਰ ਨੂੰ ਖਾ ਹੀ ਜਾਂਦਾ ਹੈ। ਇਹ ਹੱਡੀਆਂ ਦਾ ਵੀ ਰੋਗ ਬਣ ਜਾਂਦਾ ਹੈ। ਸਮੇਂ-ਸਮੇਂ ਤੇ ਵਰਿਆਮ ਪ੍ਰੇਮ ਕਥਾਵਾਂ, ਪ੍ਰੇਮ ਕਹਾਣੀਆਂ, ਪ੍ਰੇਮ ਗਜ਼ਲਾਂ, ਗੀਤ ਹਰ ਇਕ ਛੋਟੇ-ਵੱਡੇ ਲਿਖਾਰੀ ਨੂੰ ਲਿੱਖਣ ਲਈ ਮਜਬੂਰ ਕਰਦਾ ਹੈ। ਜਿਸ ਨਾਲ ਨਵੀਂ ਪੀੜੀ ਦੇ ਪਾਠਕਾਂ ਨੂੰ ਲਿਖਣ ਦੀ ਆਦਤ ਪੈਂਦੀ ਹੈ।

ਇਸ ਦੀ ਇਕ ਇਹ ਵੀ ਖਾਸਈਅਤ ਕਿ ਸਨਮਾਨਿਤ ਹੋਏ ਲਿਖਾਰੀਆਂ ਨੂੰ ਇਹ ਅਪਣੇ ਪਰਚੇ ਵਿੱਚ ਤਸਵੀਰਾਂ ਸਮੇਤ ਵਖਾਉਂਦਾ ਹੈ। ਤੇ ਉਹਨਾਂ ਲਿਖਾਰੀਆਂ ਦੀ ਯਾਦ ਦਿਲਾਉਂਦਾ ਰਹਿੰਦਾ ਹੈ ਜਿਹੜੇ ਸਾਡੇ ਤੋਂ ਦੂਰ ਹਨ। ਜਾਂ ਸਾਡੇ ਵਿੱਚ ਨਹੀਂ ਰਹੇ ਸਨਮਾਨਤ ਹੋਏ ਲਿਖਾਰੀਆਂ ਨੂੰ ਵੇਖ ਕੇ ਦੂਜੇ ਲਿਖਾਰੀਆਂ ਦੇ ਲਿਖਣ ਲਈ ਹੌਂਸਲੇ ਹੋਰ ਮਜ਼ਬੂਰ ਹੁੰਦੇ ਹਨ। ਤੇ ਉਹ ਲਿਖਣਾ ਚਾਲੂ ਕਰ ਦਿੰਦੇ ਹਨ। ਪਰਚੇ ਦਾ ਬਾਹਰਲੇ ਦੇਸ਼ਾਂ ਵਿੱਚ ਜਾਣਾ, ਬਾਹਰਲੇ ਦੇਸ਼ਾ ਵਿੱਚ ਤੋਂ ਪੱਤਰਾ ਦਾ ਆਉਣਾ ਸਾਡੇ ਲਈ ਇਕ ਰਵਾਇਤ ਬਣਾਈ ਰੱਖਦਾ ਹੈ।

ਵਰਿਆਮ ਪਰਜਾ ਹਰ ਪੱਖ ਤੋ ਇਤਨਾ ਅੱਛਾ ਹੈ ਕਿ ਖਾਮੋਸ਼ ਦੀ ਕਲਮ ਵਿੱਚ ਇੰਨ੍ਹਾ ਦਮ ਨਹੀਂ ਕਿ ਇਸ ਬਾਰੇ ਕੁੱਝ ਵੱਧੀਆ ਲਿਖ ਸਕੇ। ਮੈਂ ਤਾਂ ਰੱਬ ਅੱਗੇ ਇਹ ਅਰਦਾਸ ਕਰਦੀ ਹਾਂ ਕਿ ਜਿਵੇਂ ਇਸਨੇ ੨੫ ਸਾਲ ਪੂਰੇ ਕੀਤੇ ਹਨ ਇਸੇ ਤਰ੍ਹਾਂ ਆਪਣੇ ਸੌ ਸਾਲ ਪੂਰੇ ਕਰੇ ਕਿ ਇਸ ਨੂੰ ਲਿਖਦਾ-ਲਿਖਦਾ ਇਨਸਾਨ ਲਿਖਾਰੀ ਬਣ ਜਾਵੇ ਤੇ ਇਸਦਾ ਹਰ ਪਾਠਕ ਇਸ ਦਾ ਪੁਜਾਰੀ ਬਣ ਜਾਵੇ।

**ਜਲੰਧਰ**



Sri Satguru Jagjit Singh Ji eLibrary NamdhariElibrary@gmail.com

ਪਿਆਰੇ ਜਗਦੀਸ਼ ਜੀ,

ਇਹ ਸੁਣਕੇ ਅਤਿਅੰਤ ਪ੍ਰਸੰਨਤਾ ਹੋ ਰਹੀ ਹੈ ਕਿ 'ਵਰਿਆਮ' ਦੇ ੨੫ ਸਾਲ ਪੂਰੇ ਹੋਣ ਤੇ ਸਿਲਵਰ-ਜੁਬਲੀ ਸਮਾਗਮ ੨੯ ਅਪਰੈਲ, ੨੦੦੧ ਨੂੰ ਜਲੰਧਰ ਵਿਖੇ ਬੜੀ ਵੱਡੀ ਪਸਰ ਤੇ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਇਸ ਅਵਸਰ ਤੇ ਬਹੁਤ ਬਹੁਤ ਮੁਬਾਰਿਕ ਬਾਦ!

ਜਦੋਂ ਮੈਂ ਵਰਿਆਮ ਦੀ ਗਲ ਕਰਨ ਲਗਦਾ ਹਾਂ ਤਾਂ ਇੰਝ ਮਹਿਸੂਸ ਕਰਦਾ ਹਾਂ ਕਿ ਇਹ ਮੇਰੇ ਜੀਵਨ 'ਚ ਅਜਿਹਾ ਦੂਜਾ ਮਹਾਵਾਰੀ ਪਰਚਾ ਹੈ, ਜਿਸ ਦੀ ਮੈਂ ਤੀਬਰਤਾ ਨਾਲ ਉਡੀਕ ਕਰਦਾ ਹਾਂ, ਕਿਉਂਕਿ ਇਸ ਤੋਂ ਪਹਿਲਾਂ ਮੇਰੇ ਵਿਦਿਆਰਥੀ ਜੀਵਨ 'ਚ ਪਹਿਲਾ ਪਰਚਾ 'ਪ੍ਰੀਤ-ਲੜੀ' ਸੀ 'ਵਰਿਆਮ' ਪੰਜਾਬੀ ਸਾਹਿਤ ਦਾ ਇਕ ਖੂਬ-ਸੂਰਤ ਗੁਲਦਸਤਾ ਹੈ, ਜਿਸ ਵਿਚ ਸਾਹਿਤ ਦੀ ਹਰ ਪ੍ਰਕਾਰ ਦੇ ਫੁਲ ਦੀ ਵੰਨਗੀ-ਕਵਿਤਾ, ਲੇਖ, ਕਹਾਣੀ, ਸਫਰਨਾਮਾ, ਇਤਿਹਾਸ ਤੇ ਧਰਮ ਦੀ ਮਿਲਣੀ ਹੈ। ਨਿਰਸੰਦੇਹ ਇਹ ਮਿਆਰੀ ਪਰਚਾ ਹੈ ਤੇ ਜੀਵਨ ਲਈ ਪ੍ਰੇਰਨਾ ਤੇ ਸੇਧ ਬਖਸ਼ਦਾ ਹੈ।

ਕਿਸੇ ਭੀ ਪਰਚੇ ਦਾ ਖਾਸ ਕਰਕੇ ਪੰਜਾਬੀ 'ਚ ਲਗਾਤਾਰ ੨੫ ਸਾਲ ਨਾਲ ਨਿਰੰਤਰ ਨਿਕਲਣਾ ਆਪਣੇ ਆਪ 'ਚ ਇਕ ਬਹੁਤ ਵੱਡੀ ਪ੍ਰਾਪਤੀ ਹੈ, ਖਾਸ ਕਰਕੇ ਉਦੋਂ ਜਦੋਂ ਇਸ ਨੂੰ ਕੋਈ ਸਰਕਾਰੀ ਇਸ਼ਤਿਹਾਰਬਾਜ਼ੀ ਦੀ ਕੋਈ ਭੀ ਸਹਾਇਤਾ ਹੀ ਹੈ ਕਿ 'ਵਰਿਆਮ' ਨੂੰ ਇਤਨੇ ਲੰਬੇ ਸਮੇਂ ਤਕ ਕੁਸ਼ਵਾਰੀਆਂ ਦੇ ਬਾਵਜੂਦ ਲਗਾਤਾਰ ਚਲਾਈ ਜਾਣਾ ਜਗਦੀਸ਼ ਸਿੰਘ ਭੀ ਇਹ ਕੰਮ ਨਿਸ਼ਕਾਮ ਸੇਵਾ ਦੇ ਰੂਪ 'ਚ ਹੀ ਕਰ ਰਿਹਾ ਹੈ ਤੇ ਕਰ ਰਿਹਾ ਗੁਰਾਂ ਦੇ ਆਸਰੇ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਹ ਨਿਸ਼ਕਾਮ ਸੇਵਾ ਹਮੇਸਾ ਹਮੇਸ਼ਾ ਲਈ ਜਾਰੀ ਰਹੇ ਤੇ 'ਵਰਿਆਮ' ਆਉਣ ਵਾਲੇ ਸਮਿਆਂ 'ਚ ਹੋਰ ਉਭਰ ਕੇ ਉਤਸ਼ਾਹ ਨਾਲ ਆਪਣੇ ਪਾਠਕਾਂ ਕੋਲ ਪਹੁੰਚੇ।

ਇਹਨਾਂ ਕਾਮਨਾਵਾਂ ਨਾਲ ਤੁਹਾਡਾ ਸੁਨੇਹੀ!

ਸੀ. ਐੱਲ. ਲੱਕੀ
ਮਹਾਂ ਕਵੀ ਭਾਈ ਸੰਤੋਖ ਸਿੰਘ
ਸਾਬਕਾ ਕਮੇਟੀ

# 'ਸਾਡਾ ਵਰਿਆਮ'

—ਗੁਰਬਚਨ ਸ਼ਰਮਾ

ਸਮਾਂ ਕਿੰਨੀ ਤੇਜ਼ ਲਗਦਾ ਹੈ ਪਤਾ ਨਹੀਂ ਲੱਗਦਾ। ਇੰਜ ਮਹਿਸੂਸ ਹੁੰਦਾ ਹੈ ਜਿਵੇਂ ਹੁਣੇ ਜਿਹੇ ਹੀ 'ਵਰਿਆਮ' ਨੇ ਜਨਮ ਲਿਆ ਹੋਵੇ,

ਪਰ ਜਦੋਂ ਸਾਲ ਗਿਣਨ ਲੱਗੀਏ ਤਾਂ ਪੂਰੇ ੨੫ ਸਾਲ ਹੋ ਗਏ

ਵਰਿਆਮ ਨੂੰ ਜਨਮਿਆਂ। ਇਸ ਵੇਲੇ ਪੂਰਾ ਜਵਾਨ, ਸੋਹਣਾ, ਸੁਨੱਖਾ ਪਾਠਕਾਂ ਦੇ ਦਿਲਾਂ ਦੀ ਧੜਕਣ ਬਣ ਚੁੱਕਿਆ ਹੈ। ਵਰਿਆਮ ਜਦੋਂ ਸ਼ੁਰੂ ਹੋਇਆ ਤਾਂ ਇੰਸ ਲੱਗਦਾ ਸੀ ਕਿ ਇਸ ਤਰ੍ਹਾਂ ਦੇ ਕਈ ਰਸਾਲੇ ਆਏ ਅਤੇ ਚਲੇ ਗਏ। ਪਰ ਇਸ ਸਭ ਤੋਂ ਉਲਟ ਹੋਇਆ ਕਿਉਂਤਿਕ ਵਰਿਆਮ ਨੂੰ ਪਾਲਣ ਲਈ ਸੰਤ ਸੁਭਾਅ ਜਗਦੀਸ਼ ਸਿੰਘ ਨੇ ਕੋਈ ਕਸਰ ਨਾ ਛੱਡੀ। ਏਨੀਆਂ ਮੁਸ਼ਕਿਲਾਂ ਆਈਆਂ, ਏਨੇ ਝੱਖੜ ਝੁੱਲੇ ਪਰ ਸ. ਜਗਦੀਸ਼ ਸਿੰਘ ਨੇ 'ਵਰਿਆਮ' ਨੂੰ ਅੱਗੇ ਵਧਣੋਂ ਨਹੀਂ ਰੁਕਣ ਦਿੱਤਾ। ਮੈਂ ਸਯ. ਜਗਦੀਸ਼ ਸਿੰਘ ਹੁਰਾਂ ਗਾ ੧੯੭੨ ਤੋਂ ਜਾਣੂੰ ਹਾਂ। ਜਦੋਂ ੧੯੭੫ ਵਿਚ ਵਰਿਆਮ ਨੇ ਦੁਨੀਆਂ ਵਿਚ ਪੈਰ ਧਰਿਆ ਤਾਂ ਮੈਨੂੰ ਵੀ ਇਸ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਪਰ ਸ. ਜਗਦੀਸ਼ ਸਿੰਘ ਦੇ ਸੁਭਾਅ ਨੇ ਅਤੇ ਵਰਿਆਮ ਨੂੰ ਵਧੀਆ ਬਨਾਉਣ ਦੀ ਚਾਹ ਨੇ ਮੈਨੂੰ ਏਨਾ ਪ੍ਰਭਾਵਿਤ ਕਰ ਦਿੱਤਾ ਕਿ ਲਗਾਤਾਰ ੧੬ ਸਾਲ ਇਸਦੀ ਸੇਵਾ ਕੀਤੀ। ਅੱਜ ਵਰਿਆਮ ੨੫ ਵੇਂ ਸਾਲ ਨੂੰ ਪੂਰਾ ਕਰ ਚੁੱਕਾ ਹੈ ਅਤੇ ਪਾਠਕਾਂ, ਮਿੱਤਰਾਂ, ਸਨੇਹੀਆਂ ਦੇ ਦਿਲਾਂ ਵਿਚ ਘਰ ਕਰ ਗਿਆ ਹੈ। ਮੇਰੀ ਵਾਹਿਗੁਰੂ ਅੱਗੇ ਇਹੀ ਅਰਦਾਸ ਹੈ ਕਿ ਸਾਡਾ 'ਵਰਿਆਮ' ੫੦ ਸਾਲ ਦੀ ਉਮਰ ਵਿਚ ਇਸ ਤੋਂ ਵੀ ਜਵਾਨ ਲੱਗੇ।



Sri Satguru Jagjit Singh Ji eLibrary NamdhariElibrary@gmail.com

# ਸੂਰਮਿਆਂ ਯੋਧਿਆਂ ਦਾ ਪ੍ਰਤਿਨਿਧ

ਡਾ. ਅਜੀਤ ਸਿੰਘ

ਮੈਨੂੰ ਇਹ ਜਾਣਕੇ ਬੜੀ ਖ਼ੁਸ਼ੀ ਹੋਈ ਹੈ ਕਿ 'ਵਰਿਆਮ' ਦੀ ਸਿਲਵਰ ਜੁਬਲੀ ਬੜੀ ਗਰਮ-ਜੋਸ਼ੀ ਨਾਲ ਮਨਾਈ ਜਾ ਰਹੀ ਹੈ। 'ਵਰਿਆਮ' ਇਸ ਸਤਿਕਾਰ ਦਾ ਹੱਕਦਾਰ ਹੈ।

ਪਾਠਕ ਵਜੋਂ ਮੈਂ 'ਵਰਿਆਮ' ਦਾ ਸ਼ੈਦਾਈ ਹਾਂ। ਇਸ ਦਾ ਕਾਰਨ ਇਹ ਹੈ ਕਿ 'ਵਰਿਆਮ' ਇਕ ਅਜਿਹੀ ਇਨਕਲਾਬੀ ਇਤਿਹਾਸਕ ਲਹਿਰ ਨਾਲ ਜੁੜਿਆ ਹੋਇਆ ਹੈ ਜਿਹੜੀ ਸੰਸਾਰ ਦੇ ਇਤਿਹਾਸ ਵਿੱਚ ਆਪਣਾ ਵੱਖਰਾ ਤੇ ਨਿਵੇਕਲਾ ਸੰਕਲਪ ਤੇ ਸਰੂਪ ਪੇਸ਼ ਕਰਦੀ ਹੈ। ਜੇ ਨਾਮਧਾਰੀ ਲਹਿਰ ਦੇ ਪਾਏ ਯੋਗਦਾਨ ਨੂੰ ਮਨਫ਼ੀ ਕਰਕੇ ਦੇਖਿਆ ਪਰਖਿਆ ਜਾ ਸਕਦਾ ਹੈ।

'ਵਰਿਆਮ' ਉਹਨਾਂ ਸੂਰਮਿਆਂ-ਯੋਧਿਆਂ ਦਾ ਪ੍ਰਤਿਨਿਧ ਮਾਸਿਕ-ਪੱਤਰ ਹੈ ਜਿਹਨਾਂ ਨੇ ਹਜ਼ਾਰਾਂ ਸਿੱਖ ਸ਼ਹੀਦਾਂ ਵਾਂਗ ਆਪਣੇ ਆਪ ਨੂੰ ਅਣਖ ਸੱਚ ਦੇ ਇਨਸਾਫ਼ ਲਈ ਕੁਰਬਾਨ ਕਰ ਦਿੱਤਾ। ਬਾਬਾ ਰਾਮ ਸਿੰਘ ਜੀ ਵਰਗੀ ਮਹਾਨ ਰੱਬੀ ਸ਼ਖਸੀਅਤ ਉਹਨਾਂ ਦਾ ਸਿਦਕ ਸਾਹਸ ਸੁਹਿਰਦਤਾ ਤੇ ਦ੍ਰਿੜ੍ਹਤਾ ਦੀ ਪੇਸ਼ਕਾਰੀ ਭਾਵੇਂ ਇੱਕ ਪਰਚੇ ਜਾਂ ਇੱਕ ਭਾਈਚਾਰੇ ਤੱਕ ਸੀਮਤ ਨਹੀਂ ਕੀਤੀ ਜਾ ਸਕਦੀ ਪਰ 'ਵਰਿਆਮ' ਰਾਹੀਂ ਲਗਾਤਾਰ ਪਿਛਲੇ ੨੫ ਸਾਲਾਂ ਤੋਂ ਨਾਮਧਾਰੀ ਅੰਦੋਲਨ ਦੇ ਉਭਰਣੇ ਦੇ ਉਘੜਵੇਂ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ। ੧੮੪੯ ਤੋਂ ੧੮੫੬ ਵਿਚਕਾਰ ਆਏ ਸਿੱਖੀ ਸਭਿਆਚਾਰ ਤੇ ਕਿਰਦਾਰ ਵਿੱਚ ਆਏ ਨਿਘਾਰ ਨੂੰ ਮੁੱਖ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਸ਼ਾਨ ਤੇ ਮਹਾਨ ਸਿੱਖੀ ਵਿਰਾਸਤ ਨੂੰ ਮੁੜ ਉਜਾਗਰ ਕੀਤਾ ਸੀ। 'ਵਰਿਆਮ' ਉਸ ਸ਼ਾਨ ਤੇ ਵਿਰਾਸਤ ਨੂੰ ਹਜ਼ਾਰਾਂ ਪਾਠਕਾਂ ਤੀਕ ਪਹੁੰਚਾ ਕੇ ਆਪਣਾ ਸਾਹਿਤਕ ਤੇ ਇਤਿਹਾਸਕ ਫ਼ਰਜ਼ ਪੂਰਾ ਕਰ ਰਿਹਾ ਹੈ. ਲੋੜ 'ਵਰਿਆਮ' ਵਿਚਲੀ ਵਿਸਾਲਤਾ ਨੂੰ ਬਰਕਰਾਰ ਰੱਖਣ ਦੀ ਹੈ।

ਮੈਂ ਇਸ ਸ਼ੁਭ ਅਵਸਰ ਉੱਤੇ ਆਪਣੀਆਂ ਸ਼ੁਭ-ਕਾਮਨਾਵਾਂ ਭੇਜਦਾ ਹਾਂ ਤੇ ਆਸ ਰਖਦਾ ਹਾਂ ਕਿ 'ਵਰਿਆਮ' ਨਾਮਧਾਰੀ ਲਹਿਰ ਦੇ ਮਹਾਨ ਇਤਿਹਾਸਕ ਤੇ ਇਨਕਲਾਬੀ ਸਰੂਪ ਨੂੰ ਨਿਡਰਤਾ ਨਾਲ ਪੇਸ਼ ਕਰਦਾ ਰਹੇਗਾ।

ਦਿਲੀ

# ਸ਼ੁਭ ਕਾਮਨਾਵਾਂ

ਮਾਸਿਕ 'ਵਰਿਆਮ' ਦੇ ਚੌਥਾਈ ਸਦੀ ਦਾ ਸਫ਼ਰ ਸਫਲਤਾ ਪੂਰਵਕ ਸੰਪਨ ਕਰਨ 'ਤੇ ਆਪ ਜੀ ਤੇ ਆਪ ਜੀ ਦੇ ਸਹਿਯੋਗੀਆਂ ਤੇ ਸਮੂੰਹ 'ਵਰਿਆਮ' ਪ੍ਰੀਵਾਰ ਨੂੰ ਹਾਰਦਿਕ ਵਧਾਈ। ਪਰਚਾ ਹਰ ਮਹੀਨੇ ਮਿਲਣ 'ਤੇ ਪੜ੍ਹਨ ਦੀ ਤਾਂਘ ਬਣੀ ਰਹਿਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਇਸਦੀ ਸਮੱਗਰੀ, ਇਸ ਦੀ ਛਪਾਈ ਕਿਸ ਕਦਰ ਮਨ-ਭਾਉਂਦੀ ਤੇ ਗਿਆਨ-ਵਰਧਕ ਹੈ। ਮੇਰੀ ਵਲੋਂ ਇਸ ਅਵਸਰ ਤੇ ਸ਼ੁਭ ਕਾਮਨਾਵਾਂ ਤੇ ਅਰਦਾਸਾਂ ਤੁਹਾਡੇ ਨਾਲ ਹਨ। ਅਕਾਲ ਪੁਰਖ ਤੁਹਾਨੂੰ ਹੋਰ ਵਧੇਰੇ ਉਦਮ ਤੇ ਹਿੰਮਤ ਬਖ਼ਸ਼ੇ ਤਾਂ ਕਿ ਮਨੁਖਤਾ ਤੇ ਮਾਂ ਬੋਲੀ ਪੰਜਾਬੀ ਦੀ ਹੋਰ ਵਧੇਰੇ ਸੇਵਾ ਤੁਸੀਂ ਕਰ ਸਕੋ।

ਸੁਰਜੀਤ ਸਿੰਘ ਮਿਨਹਾਸ
ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ



Sri Satguru Jagjit Singh Ji eLibrary NamdhariElibrary@gmail.com

ਪਰਮ ਸਤਿਕਾਰ ਯੋਗ ਜਗਦੀਸ਼ ਸਿੰਘ ਜੀ,

ਸਤਿ ਸ੍ਰੀ ਅਕਾਲ।

ਸਿਲਵਰ ਜੁਬਲੀ ਉਤਸਵ ਕਮੇਟੀ ਵੱਲੋਂ ਉਤਸਵ 'ਚ ਸ਼ਾਮਿਲ ਹੋਣ ਲਈ ਸੱਦਾ-ਪੱਤਰ ਮਿਲ ਗਿਆ ਹੈ। ਧੰਨਵਾਦ! ਪਿਛਲੇ ੨੫ ਸਾਲਾਂ ਦੌਰਾਨ ਤੁਸੀਂ 'ਵਰਿਆਮ' ਦੇ ਮਾਧਿਅਮ ਦੁਆਰਾ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਦੀ ਵਡਮੁੱਲੀ ਸੇਵਾ ਕੀਤੀ ਹੈ। ਨਾਮਧਾਰੀ ਸਮਾਜ ਦੀਆਂ ਸ਼ਾਨਦਾਰ ਰਵਾਇਤਾਂ ਤੇ ਇਤਿਹਾਸ ਬਾਰੇ ਵੀ 'ਵਰਿਆਮ' ਨੇ ਅਹਿਮ ਭੂਮਿਕਾ ਨਿਭਾਈ ਹੈ। ਇਹ ਸਭ ਕੁਝ ਤੁਹਾਡੀ ਲਗਨ ਤੇ ਮਿਹਨਤ ਸਦਕਾ ਹੀ ਹੋਇਆ ਹੈ। ਖੁਸ਼ੀ ਦੀ ਗੱਲ ਹੈ ਕਿ ਤੁਹਾਡੀ ਇਸ ਘਾਲਣਾ ਨੂੰ ਮੱਦੇ ਨਜ਼ਰ ਰੱਖਦਿਆਂ ਸਿਵਲਰ ਜੁਬਲੀ ਉਤਸਵ ਕਮੇਟੀ ਵੱਲੋਂ ਤੁਹਾਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਬਹੁਤ ਬਹੁਤ ਮੁਬਾਰਕਾਂ! ਵਧਾਈਆਂ ਪਰਮਾਤਮਾ ਇਸੇ ਤਰ੍ਹਾਂ ਹੀ ਤੁਹਾਨੂੰ ਪੰਬੀ ਸਾਹਿਤ ਤੇ ਨਾਮਧਾਰੀ ਸਮਾਜ ਦੀ ਸੇਵਾ ਕਰਨ ਦਾ ਬਲ ਬਖ਼ਸ਼ੇ। ਤੁਹਾਡੀ ਤੇ 'ਵਰਿਆਮ' ਦੀ ਦੀਰਘ ਆਯੂ ਲਈ ਅਰਦਾਸ ਕਰਦਾ ਹਾਂ।

ਮੈਂ ਕੁਝ ਘਰੇਲੂ ਮਜਬੂਰੀਆਂ ਕਾਰਨ ਇਸ ਉਤਸਵ 'ਚ ਸ਼ਾਮਿਲ ਨਹੀਂ ਹੋ ਸਕਾਂਗਾ। ਸਭਨਾਂ ਪਾਸੋਂ ਖ਼ਿਮਾਂ ਦਾ ਜਾਚਿਕ ਹਾਂ। ਇਕ ਵਧੀਆ ਉਤਸਵ 'ਚ ਗ਼ੈਰ-ਹਾਜ਼ਰੀ ਦਾ ਮੈਨੂੰ ਹਮੇਸ਼ਾ ਅਫ਼ਸੋਸ ਰਹੇਗਾ।

ਸ਼ੁਭ ਕਾਮਨਾਵਾਂ ਸਹਿਤ!

ਤੁਹਾਡਾ ਆਪਣਾ ਹੀ
ਹਰਨੇਕ ਸਿੰਘ ਕੋਮਲ
ਮਲਣ ਮੰਡੀ

ਤੁਹਾਡੇ ਅਪ੍ਰੈਲ ਦੇ ਪਰਚੇ ਵਿਚ ਛਪਿਆ 'ਵਰਿਆਮ' ਦਾ ਵਿਸ਼ੇਸ਼ ਸਿਲਵਰ ਜੁਬਲੀ ਮਨੌਣ ਦਾ ਸੱਦਾ ਸੁਣਕੇ ਬਹੁਤ ਹੀ ਖ਼ੁਸ਼ੀ ਹੋਈ, ਤੁਹਾਡੇ ਵਲੋਂ ਜਾਰੀ ਕੀਤੇ ਗਏ ਵਰਿਆਮ ਨੇ ਬੀਤੇ ਅਕਤੂਬਰ ਨੂੰ ਆਪਣੀ ਉਮਰ ਦੇ ਪੰਝੀ ਸਾਲ ਪੂਰੇ ਕਰ ਲਏ ਹਨ। ਯਾਨੀ ਕਿ ਸਦੀਵਾ ਚੌਥਾਈ ਭਾਗ ਪਾਰ ਕਰ ਲਿਆ ਹੈ।

ਹੋ ਸਕਦਾ ਹੈ ਕਿ ਮੈਂ ਇਸ ਸਮਾਗਮ ਵਿਚ ਸ਼ਾਮਲ ਨਾ ਹੋ ਸਕਾਂ, ਏਸ ਵਾਸਤੇ ਮੈਂ ਇਹਨਾਂ ਟੁਟੇ-ਫੁਟੇ ਲਫ਼ਜਾਂ ਨਾਲ ਆਪਣੀ ਹਾਜ਼ਰੀ ਲਵੌਣੀ ਚਾਹੁੰਦਾ ਹਾਂ।

ਨਾਮਧਾਰੀ ਪੰਥ ਵਿਚ 'ਸਤਿਜੁਗ ਅਖ਼ਬਾਰ ਤੋਂ ਥਲੇ ਜੋ ਕੋਈ ਅਖ਼ਬਾਰ ਜਾਂ ਰਸਾਲਾ ਹੈ ਤਾਂ ਇਕ ਵਰਿਆਮ ਹੀ ਹੈ ਜੋ ਨਾਮਧਾਰੀ ਪੰਥ ਨਾਲ ਸੰਬੰਧਤ ਜਾਣਕਾਰੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀ ਸਮਗਰੀ ਆਪਣੇ ਪਾਠਕਾਂ ਦੇ ਪੇਸ਼ ਕਰਦਾ ਹੈ। ਮੈਂ ਵੇਖਿਆ ਹੈ ਕਿ ਕਈਆਂ ਹੋਰਨਾਂ ਨੇ ਵੀ ਆਪਣੇ ਸਪਤਾਹਿਕ ਜਾਂ ਮਾਸਕ ਪਤਰ ਵੀ ਚਾਲੂ ਕੀਤੇ, ਪਰ ਸਭ ਅਧਵਾਟੇ ਹੀ ਬੰਦ ਹੋ ਗਏ। ਜਿਵੇਂ ਕਿ ਪਿਛਲੇ ਕਿਸੇ ਰਸਾਲੇ ਵਿਚ ਕਵੀ ਜੀਵਨ ਸਿੰਘ ਜੀ ਦੇ ਜੀਵਨ ਤੇ ਇਕ ਖੋਜ ਭਰਪੂਰ ਲੇਖ, ਮਸ਼ਹੂਰ ਗਾਇਕ ਹਾਕਮ ਸੂਫ਼ੀ ਤੇ ਆਸਾ ਸਿੰਘ ਮਸਤਾਨਾ ਦੀ ਜੀਵਨੀ 'ਤੇ ਝਾਤ ਪਵੌਂਦਾ ਹੈ।

ਸਭ ਤੋਂ ਚੰਗਾ ਤੇ ਖੋਜ ਭਰਿਆ ਲੇਖ ਜੋ ਲੜੀਵਾਰ ਛਪ ਰਿਹਾ ਹੈ, ਬੀਬੀ ਬੇਅੰਤ ਵਲੋਂ ਉਹ ਸਮੁਚੇ ਸਿਖ ਜਗਤ ਵਾਸਤੇ ਸਿਖਿਆ ਦਾਇਕ ਹੈ। ਮੈਂ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਇਹ ਅਨੇਕਾਂ ਔਕੜਾਂ ਨੂੰ ਸਹਾਰਦਾ ਹੋਇਆ ਪਿਛਲੇ ਪੰਝੀ ਸਾਲ ਪੂਰੇ ਕਰ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਮੰਜ਼ਲਾਂ ਮਾਰਦਾ ਅਗੇ ਹੀ ਵਧੇਗਾ।

ਮੇਰੀ ਅਰਦਾਸ ਹੈ ਕਿ ਸਤਿਗੁਰੂ ਸਚੇ ਪਾਤਸ਼ਾਹ ਕਿਰਪਾ ਕਰਨ ਤੇ ਮੇਹਰਾਂ ਭਰਿਆ ਹਥ ਤੁਹਾਡੇ ਤੇ 'ਵਰਿਆਮ' ਦੇ ਸਿਰ 'ਤੇ ਰਖਣ ਤੇ ਤੁਸੀਂ ਪਿਛੇ ਦੀ ਤਰਾਂ ਅਗੋਂ ਵੀ ਏਸੇ ਤਰਾਂ ਸੇਵਾ ਕਰਦੇ ਰਹੋ।

ਆਸ ਹੈ ਕਿ ਮੇਰੇ ਵਲੋਂ ਭੇਜੀ ਇਸ ਚਿਠੀ ਰਾਹੀਂ ਮੇਰੀ ਹਾਜ਼ਰੀ ਜ਼ਰੂਰ ਕਬੂਲ ਕਰੋਗੇ।

ਆਤਮਾ ਸਿੰਘ ਜੌਹਲ
ਸ੍ਰੀ ਭੈਣੀ ਸਾਹਿਬ



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਦੇ ਸੰਪਾਦਕੀ

ਗੁਰਬਖਸ਼ ਸਿੰਘ ਬੰਨੋਆਣਾ

ਅਨੇਕਾਂ ਅਹਿਮ ਸੁਆਲਾਂ ਜਿਨ੍ਹਾਂ ਬਾਰੇ ਖੁਦ ਪਾਠਕ ਵੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ, ਉਹਨਾਂ ਉਤੇ ਨਿੱਕੇ-ਨਿੱਕੇ ਸੰਪਾਦਕੀ ਪੇਸ਼ ਕਰਨਾ 'ਵਰਿਆਮ' ਦੀ ਵਿਸ਼ੇਸ਼ਤਾ ਹੈ, ਭਾਵੇਂ ਕਦੇ-ਕਦੇ ਕੋਈ ਸੰਪਾਦਕੀ, ਕੁਝ ਲੰਬਾ ਵੀ ਹੋ ਜਾਂਦਾ ਹੈ।

ਸੰਪਾਦਕ, ਇਹਨਾਂ ਸੰਪਾਦਕੀਆਂ ਵਿਚ ਵੱਖ-ਵੱਖ ਮਾਮਲਿਆਂ ਬਾਰੇ, ਵੱਖ-ਵੱਖ ਸੁਆਲਾਂ ਅਤੇ ਘਟਨਾਵਾਂ ਬਾਰੇ ਆਪਣੇ ਪ੍ਰਤੀਕਰਮ ਆਪਣੇ ਅਹਿਸਾਸ ਅਤੇ ਆਪਣੀ ਰਾਏ ਲੈ ਕੇ ਪਾਠਕਾਂ ਦੀ ਸੱਥ ਵਿਚ ਹਾਜ਼ਰ ਹੁੰਦਾ ਹੈ।

ਇਹਨਾਂ ਵਿਚ ਅਨੇਕਾਂ ਅਜਿਹੇ ਵੀ ਹਨ ਜਿਹੜੇ ਅਜੇ ਵੀ ਗੰਭੀਰ ਬਹਿਸ ਦੀ ਅੰਗ ਕਰਦੇ ਹਨ।

ਇਸੇ ਮੰਤਵ ਨਾਲ ਇਹਨਾਂ ਵਿਚੋਂ ਕੁਝ ਹੇਠਾਂ ਦਿੱਤੇ ਜਾ ਰਹੇ ਹਨ, ਪੂਰੇ ਜਾਂ ਅਧੂਰੇ।

ਇਹਨਾਂ ਵਿਚ ਹੀ ਇਕ ਸੰਪਾਦਕੀ ਕੂਕਦਾ ਹੈ—

## ਪੰਜਾਬੀ ਅਤੇ ਪੰਜਾਬੀ

"ਇਕ ਵਿਸ਼ਵ ਪੰਜਾਬੀ ਕਾਨਫਰੰਸ ਚੰਡੀਗੜ੍ਹ ਵਿਚ ਵੀ ਹੋ ਗਈ ਹੈ। ਦਰ-ਅਸਲ ਹੁਣ ਪੰਜਾਬੀ ਦੇ ਦੋ ਅਰਥ ਹੋ ਗਏ ਹਨ। ਇਕ ਤਾਂ ਪੰਜਾਬੀ ਬੋਲੀ ਤੇ ਦੂਜਾ ਅਰਥ ਹੈ ਪੰਜਾਬ ਦੇ ਵਾਸੀ। ਬੋਲੀ ਭਾਸ਼ਾ ਤੇ ਸਾਹਿਤ ਤਾਂ ਕਿਸੇ ਭਾਈਚਾਰੇ ਦੀ ਸਭਿਅਤਾ ਅਤੇ ਸਾਂਝ ਦੀ ਬੁਨਿਆਦ ਹੁੰਦੇ ਹਨ। ਗਿਣਤੀ ਪੱਖੋਂ ਤਾਂ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਬੋਲੀ ਤਾਂ ਸੰਸਾਰ ਦੀਆਂ ਉਤਲੀਆਂ ਤੇਰਾਂ ਬੋਲੀਆਂ 'ਚ ਆਉਂਦੀ ਹੈ ਪਰ ਜਦੋਂ ਸਾਹਿਤ ਵੱਲ ਤੁਰਦੇ ਹਾਂ ਤਾਂ ਲਿਖਣ ਵਾਸਤੇ ਪੰਜਾਬੀ ਦੀਆਂ ਲਿਪੀਆਂ ਹੀ ਦੋ ਹੋ ਜਾਂਦੀਆਂ ਹਨ। ਇਹ ਪਾੜ ਦਾ ਕਾਫੀ ਵੱਡਾ ਕਾਰਨ ਹੈ।

ਦੂਸਰਾ ਪੰਜਾਬੀ, ਪੰਜਾਬ ਦੇ ਲੋਕ ਹਨ ਜੋ ਹੁਣ ਸਾਰੀ ਦੁਨੀਆ ਵਿਚ ਫੈਲ ਚੁੱਕੇ ਹਨ। ਆਪਣੀ ਖੁਸ਼ਹਾਲੀ, ਰਹਿਣ ਸਹਿਣ ਨੂੰ ਉਹਨਾਂ ਅਨੇਕਾਂ ਗੁਣਾਂ ਜ਼ਰਬਾਂ ਦਿੱਤੀਆਂ ਹਨ। ਧਨ ਦੌਲਤ ਜਾਇਦਾਦ ਖਾਣ-ਪੀਣ ਪਹਿਨਣ ਦਾ ਕੋਈ ਪਾਰਾਵਾਰ ਨਹੀਂ। ਆਪਣੇ ਆਪਣੇ ਖੇਤਰ ਦੇ ਉਹ ਬਾਦਸ਼ਾਹ ਹਨ। ਪਰ ਉਹਨਾਂ ਪਲਿਓਂ-ਪੰਜਾਬੀ ਬੋਲੀ ਅਤੇ ਸਾਹਿਤ ਕਿਰਦਾ-ਕਿਰਦਾ ਹੁਣ ਲਗਭਗ ਖਤਮ ਹੋ ਚੁਕਿਆ ਹੈ। ਅਗਲੀ ਪੀੜ੍ਹੀ ਨੂੰ ਨਾ ਪੰਜਾਬੀ ਬੋਲਣੀ ਆਉਂਦੀ ਹੈ ਨਾ ਲਿਖਣੀ। ਇੰਜ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਪੁਰਖ ਦੀ ਖੁਸ਼ਹਾਲੀ ਦੇ ਸਾਮਰਾਜ ਨੇ ਪੰਜਾਬੀ ਬੋਲੀ ਦੀ ਬਲੀ ਲੈ ਲਈ ਹੈ।

ਏਧਰ ਪੰਜਾਬ ਦੋ ਮੁਲਕਾਂ ਵਿਚ ਵੰਡਿਆ ਹੋਇਆ ਹੈ। ਪਾਕਿਸਤਾਨ ਵਿਚ ਤਾਂ ਓਦਾਂ ਹੀ ਸਰਕਾਰੀ ਤੌਰ 'ਤੇ ਪੰਜਾਬੀ ਦੀ ਪ੍ਰਵਾਨਗੀ ਅਤੇ ਸਨਮਾਨ ਇਕ ਸੁਪਨਾ ਹੈ ਅਤੇ ਭਾਰਤੀ ਪੰਜਾਬ ਵਿਚ ਸਭ ਕੁਝ ਕਹਿੰਦਿਆਂ ਹੋਇਆਂ ਅਮਲੀ ਰੂਪ ਵਿਚ ਪੰਜਾਬੀ ਨੂੰ ਸਹੀ ਸਥਾਨ ਨਹੀਂ ਮਿਲਿਆ।

ਜਿਸ ਦਰਖਤ ਦੀਆਂ ਜੜ੍ਹਾਂ ਹੀ ਸੁੱਕ ਜਾਣ ਉਹਦੇ ਫੁੱਲਾਂ ਅਤੇ ਫਲਾਂ ਦੀ ਮਹਿਕ ਕਦੋਂ ਤੱਕ ਕਾਇਮ ਰਹਿੰਦੀ ਹੈ।

ਅਸੀਂ ਚਾਹੁੰਦੇ ਹਾਂ ਕਿ ਸਮਰੱਥ ਪੰਜਾਬੀ ਜੰਮ ਜੰਮ ਪੰਜਾਬੀ ਹੋਣ 'ਤੇ ਮਾਣ ਕਰਨ। ਵੱਡੀਆਂ-ਵੱਡੀਆਂ ਕਾਨਫਰੰਸਾਂ ਤੇ ਸਮਾਗਮ ਵੀ ਕਰਨ ਪਰ ਪੰਜਾਬੀ ਭਾਸ਼ਾ ਅਤੇ ਸਾਹਿਤ ਤੋਂ ਬੇਮੁਖਤਾ ਦੀ ਰੁਚੀ ਨੂੰ ਵੀ ਠੱਲ੍ਹ ਪਾਉਣ। ਭਾਸ਼ਾ ਤੋਂ ਬਗੈਰ ਕੋਈ ਸੰਸਕ੍ਰਿਤੀ, ਸਭਿਆਚਾਰ ਨਹੀਂ। ਸ਼ਰਾਬ, ਢੋਲ ਅਤੇ ਸੁੰਦਰੀਆਂ ਦੇ ਨਾਚ, ਸਭਿਆਚਾਰ ਨਹੀ ਅਸੱਭਿਆਚਾਰ ਹੈ। ਪੰਜਾਬ ਏਡਾ ਖੁਸ਼ਹਾਲ ਨਹੀਂ ਜਿੰਨਾਂ ਟੀ.ਵੀ. ਚੈਨਲਾਂ ਵਿਚ ਹੈ।

ਪੰਜਾਬੀ ਸੰਬੰਧੀ ਕਿਸੇ ਵੀ ਆਯੋਜਨ ਦੀ ਸਾਰਥਿਕਤਾ ਪੰਜਾਬੀ ਭਾਸ਼ਾ ਦੀ ਥਾਂ ਮਜ਼ਬੂਤ ਕਰਨ ਵਿਚ ਹੈ।"

—ਫਰਵਰੀ ੨੦੦੧



Sri Satguru Jagjit Singh Ji eLibrary NamdhariElibrary@gmail.com

ਇਕ ਹੋਰ ਮੁੱਖ ਲੇਖ ਹੈ–

## "ਪੰਜਾਬੀ ਪੁਸਤਕ ਜਗਤ ਦਾ ਸੰਕਟ"

ਇਸ ਵਿਚ ਆਖਿਆ ਗਿਆ ਹੈ :

"ਇਸ ਗੱਲ ਦਾ ਚਰਚਾ ਖੂਬ ਜ਼ੋਰਾਂ 'ਤੇ ਹੈ ਕਿ ਪੰਜਾਬੀ ਪੁਸਤਕਾਂ ਦੀ ਛਪਣ ਗਿਣਤੀ ਹੁਣ ਨਾ ਹੋਇਆਂ ਵਰਗੀ ਹੋ ਗਈ ਹੈ। ਇਹ ਸੱਚ-ਮੁੱਚ ਫਿਕਰਮੰਦੀ ਵਾਲੀ ਗੱਲ ਹੈ ਕਿ ਪੰਜਾਬੀਆਂ ਵਿਚ ਪੜ੍ਹਣ ਦੀ ਰੁਚੀ ਏਨੀ ਘੱਟ ਗਈ ਹੈ ਕਿ ਪੁਸਤਕ ਛਪਣ ਦੀ ਗਿਣਤੀ ਕੁਝ ਸੈਂਕੜੇ ਹੀ ਹੋਵੇ। ਇਸ ਤੋਂ ਵੀ ਵੱਧ ਸਿਤਮ ਜ਼ਰੀਫ਼ੀ ਇਹ ਹੈ ਕਿ ਇਨ੍ਹਾਂ ਪੁਸਤਕਾਂ ਨੂੰ ਵੀ ਲੇਖਕ ਪੱਲਿਓਂ ਪੈਸੇ ਦੇ ਕੇ, ਛਪਵਾ ਕੇ ਮਗਰੋਂ ਯਾਰਾਂ-ਦੋਸਤਾਂ ਨੂੰ ਸ਼ੀਰਣੀ ਵਾਂਗ ਮੁਫ਼ਤ ਵੰਡਦੇ ਹਨ। ਇਹ ਉਸ ਖਿੱਤੇ ਦੀ ਗੱਲ ਹੈ ਜਿਥੇ ਲੋਕਾਂ ਦਾ ਇਕ ਭਾਰੂ ਭਾਗ ਇਕ ਗ੍ਰੰਥ ਨੂੰ ਹੀ ਗੁਰੂ ਮੰਨਦਾ ਹੈ ਅਤੇ ਉਸ ਦੀ ਪੂਜਾ ਕਰਦਾ ਹੈ। ਇਹ ਵਿਰਸੇ ਦੀ ਅਮੀਰੀ ਅਤੇ ਚਿੰਤਨ ਦੀ ਕੰਗਾਲੀ ਦੀ ਪ੍ਰਤੱਖ ਮਿਸਾਲ ਹੈ।

ਦੂਜੇ ਪਾਸੇ ਵੇਖੋ ਤਾਂ ਪੰਜਾਬੀ ਦੇ ਪੌਪ ਗਾਇਕਾਂ ਦੀਆਂ ਕੈਸਟਾਂ ਲੱਖਾਂ ਤੱਕ ਵਿਕਦੀਆਂ ਹਨ। ਪੰਜਾਬੀ ਗੱਭਰੂਆਂ ਦੀ ਅੱਜ ਇਹ ਹੀ ਆਰਜ਼ੂ ਜਾਪਦੀ ਹੈ। ਕਿ ਉਹ 'ਸਿੰਗਰ' ਬਣ ਜਾਣ ਤੇ ਕਿਸੇ ਨਾ ਕਿਸੇ ਤਰ੍ਹਾਂ ਟੀ.ਵੀ 'ਤੇ ਆ ਜਾਣ। ਟੀ.ਵ਼ੀ. ਉੱਤੇ ਸਵਾਲ ਪੁੱਛੇ ਜਾਂਦੇ ਹਨ ਕਿ ਪੰਜਾਬੀ ਪੌਪ ਗਾਇਕੀ ਏਨੀ ਮਕਬੂਲ ਕਿਉਂ ਹੈ। ਉੱਤਰ ਦੇਣ ਵਾਲੇ ਪੰਜਾਬੀ ਬੀਟ (ਤਾਲ) ਨੂੰ ਦਿਲ ਟੁੰਬਵਾਂ ਦੱਸਦੇ ਹਨ ਪਰ ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀਆਂ ਦੀਆਂ ਜੇਬਾਂ ਇਨ੍ਹਾਂ ਕੈਸਟਾਂ ਨੂੰ ਖਰੀਦਣ ਵਾਸਤੇ ਸਦਾ ਹੀ ਖੁੱਲ੍ਹੀਆਂ ਰਹਿੰਦੀਆਂ ਹਨ। ਇਹੋ ਹਾਲ ਸ਼ਰਾਬ ਦਾ ਹੈ। ਆਮ ਕਹਾਵਤ ਹੈ ਕਿ ਪੰਜਾਬ ਵਿਚ ਛੇਵਾਂ ਦਰਿਆ ਸ਼ਰਾਬ ਦਾ ਵਗਦਾ ਹੈ। ਭਾਵ ਇਹ ਹੀ ਹੈ ਕਿ ਖਾਵੋ ਪੀਵੋ ਅਨੰਦ ਲਵੋ, ਇਹ ਹੀ ਪੰਜਾਬ ਦਾ ਸਭਿਆਚਾਰ ਹੈ।

**ਪੁਸਤਕਾਂ ਦਾ ਮਾੜਾ ਹਾਲ ਹੈ ਤਾਂ ਪੰਜਾਬੀ ਦੇ ਰਸਾਲਿਆਂ ਦੀ ਏਦੋਂ ਵੀ ਬੁਰੀ ਹਾਲਤ ਹੈ। ਇਥੇ ਤਾਂ "ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ" ਵਾਲੀ ਗੱਲ ਹੈ। ਚੰਗੇ ਚੰਗੇ ਪਰਚੇ ਬੰਦ ਹੋ ਰਹੇ ਹਨ। ਰੋਜ਼ਾਨਾ ਅਖ਼ਬਾਰਾਂ ਦੀ ਗਿਣਤੀ ਵੱਧ ਰਹੀ ਹੈ, ਜਿਵੇਂ ਪੌਪ ਮਿਊਜ਼ਿਕ ਵਾਲੀਆਂ ਕੈਸਟਾਂ ਦੀ। ਇਸ ਗਿਣਤੀ ਨੂੰ ਵਧਾਉਣ ਵਾਸਤੇ ਸਭ ਆਦਰਸ਼ ਹੀ ਛੱਡਣੇ ਪੈ ਰਹੇ ਹਨ। ਸਤ ਸਮੁੰਦਰੋਂ ਪਾਰ ਤੋਂ ਨਗਨ ਤਸਵੀਰਾਂ ਲਿਆ ਕੇ ਛਾਪੀਆਂ ਜਾ ਰਹੀਆਂ ਹਨ।** ਜੇ ਗਹੁ ਨਾਲ ਦੇਖੋ ਤਾਂ ਸਮੁੰਦਰ ਪਾਰੋਂ ਕੀ ਨਹੀਂ ਆ ਰਿਹਾ ? ਟੀ.ਵੀ ਦੇ ਫਜ਼ੂਲ ਜਿਹੇ ਚੈਨਲ ਤੇ ਚੈਨਲ, ਤਸਵੀਰਾਂ, ਲੇਖ, ਸੰਗੀਤ ਵਿਚਾਰ ਸਭ ਕੁਝ ਤਾਂ ਉਧਰੋਂ ਆ ਰਿਹਾ ਹੈ ਜੋ ਵਿਭਚਾਰ ਤੇ ਭ੍ਰਿਸ਼ਟਾਚਾਰ ਫੈਲਾ ਰਿਹਾ ਹੈ।

ਅਖਬਾਰਾਂ ਵਿਚ ਸੁਦੇਸ਼ੀ ਤੇ ਵਿਦੇਸ਼ੀ ਮੂਲ ਦੀ ਚਰਚਾ ਚੱਲ ਰਹੀ ਹੈ। ਅਸੀਂ ਸਿਆਸੀ ਪ੍ਰਸੰਗ ਵਿਚ ਗੱਲ ਨਹੀਂ ਕਰਾਂਗੇ ਪਰ ਹੁਣ ਸੁਦੇਸ਼ੀ ਰਹਿ ਕੀ ਗਿਆ ਹੈ ? ਪਹਿਰਾਵਾ, ਬੋਲੀ ਰਹਿਣ-ਸਹਿਣ ਸਭ ਕੁਝ ਤਾਂ ਅੱਗੇ ਹੀ ਬਦੇਸ਼ੀ ਹੋ ਗਿਆ ਹੈ। ਟੀ.ਵੀ. 'ਤੇ ਗਰਮੀਆਂ ਵਿਚ ਵੀ ਕੋਟ ਅਤੇ ਟਾਈ ਲਾ ਕੇ ਖਬਰਾਂ ਪੜ੍ਹੀਆਂ ਜਾਂਦੀਆਂ ਹਨ ਅਤੇ ਗੱਲਬਾਤ ਕੀਤੀ ਜਾਂਦੀ ਹੈ। ਵੱਡੇ ਲੀਡਰ ਜਦੋਂ ਮੂੰਹ ਖੋਲਦੇ ਹਨ ਅੰਗਰੇਜ਼ੀ ਹੀ ਵਿਚੋਂ ਨਿਕਲਦੀ ਹੈ।

ਇਹ ਮਜ਼ਮੂਨ ਬਹੁਤ ਵਿਸਥਾਰ ਮੰਗਦਾ ਹੈ ਤੇ ਕਿਸੇ ਪਰਮ ਵਿਦਵਾਨ ਦੀ ਕਲਮ ਦਾ ਤਲਬਗਾਰ ਵੀ ਹੈ। ਅਸੀਂ ਤਾਂ ਕੇਵਲ ਇਹ ਹੀ ਕਹਿਣਾ ਹੈ ਕਿ ਬਹੁਤ ਹੀ ਮਾੜੀਆਂ ਪ੍ਰਸਥਿਤੀਆਂ ਵਿਚ ਅਸੀਂ ਪੰਜਾਬੀ ਦੇ ਰਸਾਲਿਆਂ ਵਾਲੇ ਤੇ ਪੁਸਤਕਾਂ ਵਾਲੇ ਸੇਵਾ ਕਰ ਰਹੇ ਹਾਂ। ਕਈ ਵਾਰ ਬਹੁਤ ਜ਼ਲੀਲ ਵੀ ਹੋਣਾ ਪੈਂਦਾ ਹੈ। ਪਰ ਮੈਦਾਨ ਵਿਚ ਡਟੇ ਹੋਏ ਹਾਂ ਆਪਣੇ ਅਸੂਲਾਂ ਉੱਤੇ ਕਾਇਮ ਰਹਿੰਦੇ ਹੋਏ ਜੀਊਣ ਦਾ ਜਤਨ ਜਾਰੀ ਰੱਖ ਰਹੇ ਹਾਂ। ਭਾਵੇਂ ਤੂਫਾਨ ਚਲ ਰਿਹਾ ਹੈ, ਫਿਰ ਵੀ ਦੀਪਕ ਦੀ ਲੋਅ ਕਾਇਮ ਹੈ।

'ਵਰਿਆਮ' ਦਾ ਦੀਪਕ ਇਕ ਮਹੀਨਾ ਛੱਡ ਕੇ ਪਚੀਵੇਂ ਸਾਲ ਵਿਚ ਦਾਖਲ ਹੋ ਜਾਣਾ ਹੈ। ਬਹੁਤੇ ਲੋਕ ਤਾਂ ਨਹੀਂ ਪਰ ਵਿਰਲੇ ਹੈਨ ਜੋ ਇਸ ਗੱਲ ਨੂੰ ਇਕ ਪ੍ਰਾਪਤੀ ਮੰਨਦੇ ਹਨ। ਵਰਿਆਮ ਦਾ ਇਹ ਅਵਸਰ ਮਨਾਉਣ ਵਾਸਤੇ ਮਿਤਰਾਂ ਦਾ ਸੁਝਾਓ ਅਤੇ ਦਬਾਓ ਹੈ। ਹੋਰ ਮਿੱਤਰਾਂ ਸਨੇਹੀਆਂ ਨੂੰ ਬੇਨਤੀ ਹੈ ਕਿ ਆਪਣੇ ਵਿਚਾਰ ਜ਼ਰੂਰ ਸਾਨੂੰ ਭੇਜਣ। ਇਸ ਅਵਸਰ 'ਤੇ ਹੋਰ ਗੱਲਾਂ ਦੇ ਨਾਲ-ਨਾਲ ਸ਼ਾਇਦ ਸਮੁੱਚੇ ਪੁਸਤਕ ਜਗਤ ਦੇ ਸੰਕਟ 'ਤੇ ਵੀ ਵਿਚਾਰ ਹੋ ਸਕੇਗਾ, ਅਤੇ ਹੋਰ ਗੱਲਾਂ ਵੀ।

—*ਜਗਦੀਸ਼ ਸਿੰਘ*

**(ਵਰਿਆਮ ਸਤੰਬਰ ੧੯੯੯)**



Sri Satguru Jagjit Singh Ji eLibrary NamdhariElibrary@gmail.com

# ਬੜਾ ਅਜੀਬ ਹੈ ਖੇਲ ਮਾਇਆ ਦਾ

ਇਕ ਹੋਰ ਸੰਪਾਦਕੀ ਵਿਚ ਉਹ ਖੇਡ ਜਗਤ ਦੀ ਅਤੇ ਇਸ ਦੇ ਹਵਾਲੇ ਨਾਲ ਸੱਭਿਆਚਾਰ ਉੱਤੇ ਪੈ ਰਹੇ ਧੰਨ ਕੁਬੇਰਾਂ ਦੇ ਪਰਛਾਵੇਂ ਦੀ ਗੱਲ ਕਰਦਾ ਹੈ। ਅੱਜ ਕੱਲ ਸਾਰੇ ਪ੍ਰਚਾਰ ਤੇ ਪ੍ਰਸਾਰ ਦੇ ਸਾਧਨਾਂ, ਅਖਬਾਰਾਂ, ਰੇਡੀਓ, ਟੀ.ਵੀ. ਅਤੇ ਟੀ.ਵੀ. ਦੇ ਵੱਖ-ਵੱਖ ਚੈਨਲਾਂ ਉੱਤੇ ਕ੍ਰਿਕਟ ਖੇਡ ਦਾ ਬਹੁਤ ਚਰਚਾ ਹੈ। ਕ੍ਰਿਕਟ ਖੇਡੀ ਤਾਂ ਸਾਰੀ ਦੁਨੀਆ 'ਚੋਂ ਕੇਵਲ ਉਹਨਾਂ ਬਾਰਾਂ ਤੇਰਾਂ ਦੇਸ਼ਾਂ ਵਿਚ ਜਾਂਦੀ ਹੈ, ਜਿਥੇ-ਜਿਥੇ ਅੰਗਰੇਜ਼ਾਂ ਦਾ ਰਾਜ ਰਿਹਾ। ਇਹਨੂੰ ਲਾਰਡਾਂ ਦੀ ਖੇਡ ਅਥਵਾ ਸ਼ਰੀਫਾਂ ਦੀ ਖੇਡ ਕਿਹਾ ਜਾਂਦਾ ਰਿਹਾ ਹੈ। ਬਾਕੀ ਦੇ ਕ੍ਰਿਕਟ ਖਿਡਾਰੀ ਦੇਸ਼ਾਂ ਵਿਚ ਹੋਰ ਖੇਡਾਂ ਦਾ ਵੀ ਬੋਲ-ਬਾਲਾ ਹੈ ਪਰ ਭਾਰਤ ਵਿਚ ਜਾਂ ਏਸ਼ੀਆਈ ਦੇਸ਼ਾਂ ਵਿਚ ਬਸ ਕ੍ਰਿਕਟ ਹੀ ਕ੍ਰਿਕਟ ਹੈ।

ਓਲੰਪਿਕਸ ਦੇ ਮੁਕਾਬਲਿਆਂ ਦੇ ਰਿਕਾਰਡਾਂ ਵਿਚ ਸੋਨ ਤਮਗੇ ਜਿੱਤਣ ਵਾਲੇ ਦੇਸ਼ਾਂ ਵਿਚ ਜੇ ਕਿਤੇ ਭਾਰਤ ਦਾ ਵੀ ਨਾਂਅ ਆਉਂਦਾ ਹੈ ਤਾਂ ਉਹ ਹਾਕੀ ਕਰਕੇ ਹੈ ਪਰ ਅੱਜ ਹਾਕੀ ਦਾ ਕਿਤੇ ਨਾਂ ਥਾਂ ਨਹੀਂ। ਅੱਜ ਤੋਂ ਪੰਜਾਹ ਸਾਲ ਪਹਿਲਾਂ ਦੇ ਆਸ-ਪਾਸ ਦੇ ਮੁੰਡੇ ਹਾਕੀਆਂ ਚੁੱਕੀ ਸਕੂਲਾਂ ਨੂੰ ਜਾਂਦੇ ਆਮ ਵੇਖੇ ਜਾ ਸਕਦੇ ਹਨ। ਮਹੱਲੇ ਵਾਰ ਵੀ ਤੇ ਪਿੰਡ ਵਾਰ ਵੀ ਹਾਕੀ ਦੇ ਮੁਕਾਬਲੇ ਦਿਲਚਸਪੀ ਨਾਲ ਵੇਖੇ ਜਾਂਦੇ ਸਨ। ਅਸਾਂ ਤਾਂ ਆਪਣੀਆਂ ਅੱਖਾਂ ਨਾਲ ਪਿੰਡਾਂ ਵਿਚ ਖਿੱਦੋ-ਖੂੰਡੀ ਵੀ ਖੇਡੀਦੀ ਵੇਖੀ ਵੀ ਹੈ ਤੇ ਖੇਡੀ ਵੀ ਹੈ।

ਪਰ ਦੇਖਦਿਆਂ-ਦੇਖਦਿਆਂ ਹੀ ਹਰ ਗਲੀ ਮਹੱਲੇ ਵਿਚ ਪਿੰਡਾਂ ਵਿਚ ਮੁੰਡੇ ਕ੍ਰਿਕਟ ਦੇ ਗੇਂਦ ਕੰਧਾਂ, ਫੱਟਿਆਂ ਜਾਂ ਅਸਲੀ ਵਿਕਟਾਂ ਵਿਚ ਮਾਰਦੇ ਵੇਖੇ ਜਾ ਸਕਦੇ ਹਨ। ਪਾਰਕਾਂ ਵਿਚ ਬਿਜਲੀ ਦੇ ਲਾਟੂਆਂ ਵਿਚ ਕ੍ਰਿਕਟ ਦੇ ਮੈਚ ਆਮ ਗਲ ਹੋ ਗਈ ਹੈ। ਕਦੀ ਕ੍ਰਿਕਟ ਦਾ ਇਕ ਟੈਸਟ ਮੈਚ ਪੰਜ ਦਿਨ ਵੀ ਬਗੈਰ ਹਾਰ ਜਿਤ ਦੇ ਖਤਮ ਹੁੰਦਾ ਸੀ ਤਾਂ ਆਮ ਲੋਕ ਇਸ ਖੇਡ ਤੋਂ ਬੋਰ ਹੋ ਜਾਂਦੇ। ਫਰ ਇਸ ਖੇਡ ਦੇ ਬਾਸਾਂ ਨੇ ਸੋਚ ਕੇ ਇਕ ਦਿਨ ਦਾ ਹੀ ਮੈਚ ਕਰਕੇ ਇਸ ਵਿਚ ਜਿਤ-ਹਾਰ ਨੂੰ ਯਕੀਨੀ ਬਣਾਇਆ। ਨਾਲ ਹੀ ਰੰਗ ਬਰੰਗੀਆਂ ਵਰਦੀਆਂ। ਦਿਨ ਰਾਤ ਦੇ ਮੁਕਾਬਲੇ ਅਤੇ ਇਨਾਮਾਂ ਸਨਮਾਨਾਂ ਵਿਚ ਹਜ਼ਾਰਾਂ ਡਾਲਰਾਂ ਦੀਆਂ ਰਾਸ਼ੀਆਂ ਤੇ ਨਵੇਂ ਤੋਂ ਨਵੇਂ ਮਾਡਲ ਦੀਆਂ ਕਾਰਾਂ ਸ਼ਾਮਲ ਕੀਤੀਆਂ। ਇਥੇ ਹੀ ਬਸ ਨਹੀਂ ਫਿਲਮ ਜਗਤ ਦੀਆਂ ਸੁੰਦਰੀਆਂ ਵੀ ਇਨਾਮ ਵਜੋਂ ਪ੍ਰਾਪਤ ਹੋਣ ਲੱਗੀਆਂ। ਗੱਲ ਕੀ ਆਪਣਾ ਆਪਣਾ ਮਾਲ ਵੇਚਣ ਵਾਸਤੇ ਧਨ ਕੁਬੇਰ ਲੋਕਾਂ ਲਈ ਕ੍ਰਿਕਟ ਦੇ ਮੈਚ ਇਸ਼ਤਿਹਾਰ ਬਾਜ਼ੀ ਦੇ ਅਖਾੜੇ ਬਣ ਗਏ। ਜਿਥੇ ਹਾਕੀ ਦੇ ਖਿਲਾੜੀ ਸੰਸਾਰ ਮੁਕਾਬਲੇ ਜਿੱਤ ਕੇ ਵੀ ਜਿਓਂ ਦੇ ਤਿਓਂ ਰਹੇ ਉਥੇ ਕ੍ਰਿਕਟ ਦੇ ਆਮ ਮੈਚ ਖੇਡਣ ਵਾਲੇ ਖਿਲਾੜੀ ਫਿਲਮ ਸਟਾਰਾਂ ਵਾਂਗ ਮਾਡਲ ਵੀ ਬਣ ਗਏ। ਜੁਤੀਆਂ ਤੋਂ ਲੈ ਕੇ ਕਾਰਾਂ ਤੱਕ ਦੀ ਵਿਕਰੀ ਵਧਾਉਣ ਵਾਸਤੇ ਇਹਨਾਂ ਦੇ ਚਿਹਰੇ ਇਸਤੇਮਾਲ ਹੋਣ ਲੱਗੇ। ਕੋਕਾ ਕੋਲਾ, ਪੈਪਸੀ ਕੋਲਾ ਜਿਹੀਆਂ ਬਹੁ ਕੌਮੀ ਕੰਪਨੀਆਂ ਨੇ ਤਾਂ ਇਸ ਖੇਡ ਨੂੰ ਬੋਝੇ ਵਿਚ ਹੀ ਪਾ ਲਿਆ। ਤੇ ਜਦੋਂ ਧਨ ਦਾ ਏਨਾ ਬੋਲ ਬਾਲਾ ਹੋਵੇ ਤਾਂ ਮੁੱਖ ਨਿਸ਼ਾਨਾ ਧਨ ਕਮਾਉਣਾ ਹੀ ਬਣ ਜਾਵੇ ਤਾਂ ਇਹਦੇ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੈ? ਕ੍ਰਿਕਟ ਦੇ ਵੱਖ-ਵੱਖ ਦੇਸ਼ਾਂ ਦੇ ਖਿਡਾਰੀ ਕਿਹੜੀਆਂ ਕੌਮੀ ਮੁਹਿੰਮਾਂ ਸਰ ਕਰ ਰਹੇ ਹੁੰਦੇ ਸਨ ਸਾਰਾ ਕੁਝ ਦੀਨ ਈਮਾਨ ਤੇ ਧਰਮ ਡਾਲਰ ਹੀ ਤਾਂ ਬਣ ਗਏ ਸਨ। ਅੱਜ ਮੈਚ ਫਿਕਸਿੰਗ, (ਪੈਸੇ ਲੈ ਕੇ ਮੈਚ ਦਾ ਫੈਸਲਾ ਪਹਿਲੋਂ ਕਰ ਦੇਣ) ਦੀਆਂ ਖਬਰਾਂ ਗਰਮ ਹਨ। ਵੱਖ-ਵੱਖ ਮੁਲਕਾਂ ਵਿਚ ਜਾਂਚ ਚਲ ਰਹੀਆਂ ਹਨ। ਸਾਡੇ ਆਪਣੇ ਮੁਲਕ ਦੀ ਪੁਲਿਸ ਨੇ ਵੀ ਸਭ ਤੋਂ ਵੱਡਾ 'ਭੇਦ' ਖੋਲ੍ਹ ਕੇ ਸੱਪਾਂ ਦੀ ਪਟਾਰੀ ਖੋਲ ਦਿੱਤੀ ਹੈ। ਰੰਗ ਬਰੰਗੇ ਦੇਸ਼ੀ ਵਦੇਸ਼ੀ ਸੱਪ। ਹੁਣ ਕਿਹੜਾ ਮਦਾਰੀ ਇਹਨਾਂ ਨੂੰ ਮੁੜ ਪਟਾਰੀ 'ਚ ਪਵੇਗਾ। ਇਹਦਾ ਕੋਈ ਪਤਾ ਨਹੀਂ ਜਾਪਦਾ ਹੈ ਅੰਤ ਨੂੰ ਮੰਡਾ-ਮੰਡਾ ਪਾ ਕੇ ਹਲ ਨੂੰ ਢੱਕ ਦਿੱਤਾ ਜਾਵੇਗਾ। ਬਹੁਤ ਦਿਲਚਸਪ ਪਹਿਲੂ ਇਹ ਹੈ ਕਿ ਕ੍ਰਿਕਟ ਫਿਕਸਿੰਗ ਵਿਚ ਧਨ ਬਟੋਰਨ ਵਾਲਿਆਂ ਵਿਚ ਭਾਰਤ ਤੇ ਭਾਰਤ ਤੋਂ ਬਾਹਰਲੇ ਖਿਲਾੜੀਆਂ ਦੇ ਨਾਮ ਹਨ। ਪਰ ਇਹ ਭਾਰੀਆਂ ਰਕਮਾਂ ਦੇਣ ਵਾਲੇ ਜਾਂ ਪੇਸ਼ਕਸ਼ ਕਰਨ ਵਾਲੇ ਸ਼ਹਿਨਸ਼ਾਹ ਭਾਰਤੀ ਹੀ ਹਨ।

ਜਦੋਂ ਤੱਕ ਕਿਸੇ ਖੇਡ ਦੀ ਮਰੋੜੀ ਧਨ ਕੁਬੇਰਾਂ ਦੇ ਹੱਥ ਹੈ (ਅਤੇ ਇਹ ਰਹਿਣੀ ਵੀ ਇਹਨਾਂ ਹੱਥ ਹੀ ਹੈ) ਉਦੋਂ ਤੱਕ ਕੋਈ ਦੇਸ਼ ਉਥੋਂ ਦੀ ਸਰਕਾਰ ਜਾਂ ਕਾਨੂੰਨੀ ਏਜੰਸੀਆਂ ਭਲਾ ਕੀ ਕਰ ਲੈਣਗੀਆਂ। ਮੰਡੀ ਦਾ ਮਾਲ ਵਕਾਊ ਹੁੰਦਾ ਹੈ ਖਰੀਦਦਾਰ ਤਗੜੇ ਹੁੰਦੇ ਹਨ। ਇਹ ਕ੍ਰਿਕਟ ਦੇ ਸਟਾਰ ਇਹਨਾਂ ਦੇ ਹੱਥਾਂ ਦੀ ਕਠਪੁਤਲੀਆਂ ਹਨ। ਕ੍ਰਿਕਟ ਤੋਂ ਇਲਾਵਾ ਹੋਰ ਵੀ ਖਤਰ ਹਨ ਜਿਨ੍ਹਾਂ ਵਿਚ ਧਨ ਕੁਬੇਰ ਮੀਡੀਆ ਰਾਹੀਂ ਹੀਰੋ ਤਿਆਰ ਕਰ ਰਹੇ ਹਨ। ਇਸ ਵੱਲ ਸੱਭਿਆਚਾਰ ਦੇ ਨਾਂਅ ਤੇ 'ਗਾਇਕਾਂ' ਅਤੇ 'ਨਚਾਰਾਂ' ਦੀ ਵੀ ਇਕ ਤਗੜੀ ਫੌਜ ਤਿਆਰ ਹੋ ਗਈ ਹੈ। ਹੋਰ ਵੀ ਖਤਰ ਹਨ ਪਰ ਅਜੇ ਤਾਂ ਚਰਚਾ ਵਿਚ ਕ੍ਰਿਕਟ ਵਾਲੇ ਹੀ ਹਨ। ਬੜਾ ਅਜੀਬ ਹੈ ਖੇਲ ਮਾਇਆ ਦਾ।

*—ਜਗਦੀਸ਼ ਸਿੰਘ*

(ਵਰਿਆਮ ਜੁਲਾਈ ੨੦੦੦)



Sri Satguru Jagjit Singh Ji eLibrary NamdhariElibrary@gmail.com

# ਕਿਸਾਨਾਂ ਦੀਆਂ ਮੁਸ਼ਕਲਾਂ

## ਸਿਰਲੇਖ ਹੇਠ 'ਵਰਿਆਮ' ਪੁਕਾਰਿਆ

"ਦੇਸ਼ ਵਿਚ ਕਿਰਸਾਨੀ ਮਸਲਿਆਂ ਨੂੰ ਲੈ ਕੇ ਬਹੁਤ ਬੇਚੈਨੀ ਹੈ। ਪਾਰਲੀਮੈਂਟ ਵਿਚ ਵੀ ਕੰਮ ਰੋਕੂ ਮਤੇ ਪੇਸ਼ ਹੋ ਰਹੇ ਹਨ। ਉਂਝ ਅਫਸੋਸ ਦੀ ਗੱਲ ਹੈ ਕਿ ਇਸ ਮਸਲੇ 'ਤੇ ਵੀ ਸਿਆਸਤ ਨੂੰ ਹੀ ਮੁੱਖ ਰਖਿਆ ਜਾ ਰਿਹਾ ਹੈ। ਇਹ ਇਸ ਮਸਲੇ ਬਾਰੇ ਸਿਆਸਤਦਾਨੀ ਪਹੁੰਚ ਦਾ ਸਿੱਟਾ ਹੈ। ਪੰਜਾਬ ਕਿਰਸਾਨੀ ਸੂਬਾ ਹੈ। ਬਹੁਤ ਮਿਹਨਤ ਕਰਕੇ ਪੰਜਾਬ ਦੇ ਖੇਤੀ ਕਾਮਿਆਂ ਨੇ ਇਥੇ ਹਰਾ ਇਨਕਲਾਬ ਲਿਆਂਦਾ ਅਤੇ ਪੰਜਾਬ ਨੇ ਏਨਾ ਅਨਾਜ ਪੈਦਾ ਕੀਤਾ ਕਿ ਸਾਰੇ ਦੇਸ਼ ਦਾ ਢਿਡ ਭਰਨ ਲੱਗਾ। ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਇਸ ਕਾਰਜ ਵਿਚ ਬਹੁਤ ਅਗਵਾਈ ਕੀਤੀ। ਹੁਣ ਇਹ ਇਨਕਲਾਬ ਹੀ ਕਿਸਾਨ ਦੀ ਜਾਨ ਦਾ ਖਓ ਬਣ ਗਿਆ ਹੈ। ਕਿਸਾਨ ਦੇ ਝੋਨੇ ਨੂੰ ਦਾਗਦਾਰ ਗਰਦਾਨਿਆ ਗਿਆ ਹੈ ਅਤੇ ਸਰਕਾਰੀ ਏਜੰਸੀਆਂ ਲੈਣ ਤੋਂ ਇਨਕਾਰੀ ਹਨ। ਕਿਸਾਨ ਖੁਦਕਸ਼ੀਆਂ ਕਰਨ ਲਈ ਮਜਬੂਰ ਹਨ। ਭਾਵੇਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਕੇਂਦਰ ਸਰਕਾਰ ਤੋਂ ਕੁਝ ਰਾਹਤ ਲੈਣ ਵਿਚ ਕਾਮਯਾਬ ਹੋ ਗਏ ਹਨ ਪਰ ਇਹ ਤਾਂ ਕਿਸਾਨ ਦੀ ਖੁੱਦਾਰੀ ਉੱਤੇ ਸੱਟ ਹੈ। ਬਣਦਾ ਹੱਕ ਨਾ ਦੇ ਕੇ ਭੀਖ ਦੇਣੀ। ਨਾਲੇ ਅੱਗੋਂ ਕੀ ਹੋਵੇਗਾ ਪੰਜਾਬ ਦੇ ਵਾਧੂ ਅੰਨ ਨਾਲ ? ਇਹ ਬਹੁਤ ਪੇਚੀਦਾ ਮਸਲਾ ਬਣ ਗਿਆ ਹੈ। "ਪੰਜ ਦਰਿਆ" ਰਸਾਲੇ ਵਿਚ ਪੰਜਾਬ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਇਕ ਕਵਿਤਾ ਛਪੀ ਹੈ ਜੋ ਥੋੜ੍ਹੇ ਸ਼ਬਦਾਂ ਵਿਚ ਬਹੁਤੀ ਗੱਲ ਕਰਦੀ ਹੈ। ਅਸੀਂ 'ਵਰਿਆਮ' ਦੇ ਕਾਲਮਾਂ ਵਿਚ ਦੁਬਾਰਾ ਛਾਪੀ ਹੈ ਜੋ ਇਸ ਵੇਲੇ ਕਿਸਾਨ ਦੀ ਵੇਦਨਾ ਨੂੰ ਪ੍ਰਗਟ ਕਰਦੀ ਹੈ। ਦੇਸ਼ ਵਾਸਤੇ ਰੋਟੀ ਪੈਦਾ ਕਰਨ ਵਾਲੇ ਦਾ ਏਨਾ ਮਾੜਾ ਹਾਲ ਹੋਵੇ ਤਾਂ ਉਸ ਦੇਸ਼ ਦਾ ਕੀ ਬਣੇਗਾ ?

### ਕਵਿਤਾ

## ਤੇਰੇ ਝੋਨੇ ਦੇ ਦਾਣਿਆਂ 'ਤੇ ਦਾਗ ਨੇ

*— ਸੁਰਜੀਤ ਪਾਤਰ*

ਭੂਰੇ ਲਾਲ ਆਖਦਾ ਏ<br>
ਤੇਰੇ ਝੋਨੇ ਦੇ ਦਾਣਿਆਂ 'ਤੇ ਦਾਗ ਨੇ

ਹਾਂ ਭੂਰ ਲਾਲ<br>
ਹਰੇ, ਕੇਸਰੀ, ਚਿੱਟੇ, ਪੀਲੇ<br>
ਲੀਡਰ, ਅਫ਼ਸਰ, ਸਾਇੰਸਦਾਨ, ਮਾਹਿਰ<br>
ਤੁਸੀਂ ਸਭ ਬੇਦਾਗ ਹੋ<br>
ਤੁਹਾਡੇ ਗੈਟ ਸਮਝੌਤੇ, ਸਿਫਾਰਿਸ਼ਾਂ,<br>
ਖਾਦਾਂ, ਬੀਜ, ਕੀਟ ਨਾਸ਼ਕ<br>
ਸਭ ਬੇਦਾਗ਼ ਨੇ

ਸਿਰਫ ਮੇਰੇ ਹੀ ਝੋਨੇ ਦੇ ਦਾਣਿਆਂ ਉੱਤੇ<br>
ਦਾਗ਼ ਨੇ<br>
ਸਿਫ਼ਾਰਿਸ਼ਾਂ ਮਾਹਿਰਾਂ ਦੀਆਂ



Sri Satguru Jagjit Singh Ji eLibrary NamdhariElibrary@gmail.com

ਬੀਜ ਸਰਕਾਰ ਦੇ
ਮੌਸਮ ਰੱਬ ਦਾ
ਦਾਗ ਮੇਰੇ

ਲਗਦਾ ਹੈ ਹੁਣ ਮੈਂ
ਖੇਤਾਂ ਵਿਚ ਜੋ ਵੀ ਉਗਾਇਆ ਕਰਾਂਗਾ
ਉਸ ਉਤੇ ਦਾਗ ਹੋਇਆ ਕਰਨਗੇ
ਕਿਉਂਕਿ ਜੇ ਇਹ ਦਾਗ ਨਾ ਹੋਏ
ਤਾਂ ਤੁਸੀਂ ਬੇਦਾਗ ਕਿਵੇਂ ਸਾਬਤ ਹੋਵੇਗੇ ?

**—ਦਸੰਬਰ ੨੦੦੦**

ਦਸੰਬਰ ੧੯੯੮ ਵਿਚ ਵਰਿਆਮ ਦੇ ਪਰਦੂਸ਼ਨ ਦੇ ਸੁਆਲ ਨੂੰ ਲਿਆ। ਇਸ ਵਿਚ ਕਿਹਾ ਗਿਆ ਸੀ :

"ਪੰਦਰਾਂ ਅਕਤੂਬਰ ਨੂੰ ਪੰਜਾਬ 'ਤੇ ਛਾਏ ਬੱਦਲਾਂ ਨੇ ਇਹ ਗੱਲ ਸਾਬਤ ਕੀਤੀ ਕਿ ਵਾਤਾਵਰਨ ਵਿਚ ਪ੍ਰਦੂਸ਼ਣ ਦੇ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕ ਐਵੇਂ ਰੌਲਾ ਨਹੀਂ ਪਾਉਂਦੇ। ਇਹ ਅਤਿ ਗੰਭੀਰ ਮਸਲਾ ਹੈ ਅਤੇ ਇਹ ਪ੍ਰਦੂਸ਼ਣ ਕਿਸੇ ਵੀ ਵੇਲੇ ਜੀਵਨ ਨੂੰ ਖਤਮ ਕਰ ਸਕਦਾ ਹੈ। ਇਹ ਸਾਡੇ ਸਮਿਆਂ ਦੀ ਹੀ ਗੱਲ ਹੈ ਕਿ ਭੂਪਾਲ ਦੇ ਇਕ ਕਾਰਖਾਨੇ ਵਿਚੋਂ ਰਿਸਦੀ ਗੈਸ ਨੇ ਹਜ਼ਾਰਾਂ ਲੋਕ ਮਾਰ ਦਿੱਤੇ ਜਾਂ ਅਪਾਹਜ ਕਰ ਦਿੱਤੇ। ਜਿਹੋ ਜਿਹਾ ਧੂਆਂ ੧੫ ਅਕਤੂਬਰ ਨੂੰ ਆਇਆ ਸੀ। ਇਸ ਤੋਂ ਵੀ ਗੰਭੀਰ ਰੂਪ ਵਿਚ ਕੱਲ੍ਹ ਨੂੰ ਆ ਸਕਦਾ ਹੈ। ਇਹ ਅਜੇ ਪਤਾ ਕਰਨ ਦੀ ਲੋੜ ਹੈ ਕਿ ਪੰਦਰਾਂ ਅਕਤੂਬਰ ਵਾਲੇ ਧੂਏਂ ਨੇ ਕਿੰਨੀਆਂ ਜਾਨਾਂ ਲਈਆਂ। ਕੁਦਰਤ ਨੇ ਬਾਰਸ਼ ਦੇ ਰੂਪ ਵਿਚ ਰਾਹਤ ਤਾਂ ਦਿੱਤੀ ਨਹੀਂ ਤਾਂ ਖਬਰੇ ਕੀ ਹੋ ਜਾਂਦਾ।

ਪ੍ਰਦੂਸ਼ਨ ਅਤੇ ਵਾਤਾਵਰਨ ਦੀ ਪਲੀਤੀ ਦਾ ਮਸਲਾ ਜਿੰਨਾ ਗੰਭੀਰ ਹੈ, ਉਂਨਾ ਉਸ ਬਾਰੇ ਗੰਭੀਰ ਨਹੀਂ ਹੋਇਆ ਗਿਆ। ਨਾ ਸਰਕਾਰਾਂ ਵਲੋਂ, ਨਾ ਲੋਕਾਂ ਵਲੋਂ। ਦਰਅਸਲ ਵਿਚ ਇਹ ਸਭ ਤੋਂ ਅਹਿਮ ਮਸਲਾ ਹੈ। ਜ਼ਿੰਦਗੀ ਮੌਤ ਦਾ ਮਸਲਾ, ਪਰ ਇਸ ਦੀ ਚਰਚਾ ਬਹੁਤ ਘੱਟ ਲੋਕਾਂ ਵਲੋਂ ਹੁੰਦੀ ਹੈ। ਇਸ ਦਾ ਪ੍ਰਚਾਰ ਵਿਆਪਕ ਰੂਪ ਵਿਚ ਹੋਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਆਪਣੇ ਆਪ ਵੀ ਸੁਚੇਤ ਹੋਣਾ ਚਾਹੀਦਾ ਹੈ। ਇਸ ਸਬੰਧੀ ਜਥੇਬੰਦਕ ਰੂਪ ਵਿਚ ਉਪਰਾਲੇ ਕਰਨੇ ਚਾਹੀਦੇ ਹਨ। ਇਹ ਹੀ ਮਾਨਵਤਾ ਦੀ ਸੇਵਾ ਹੈ।"

ਅਤੇ ਜਦੋਂ ਤਾਰਾ ਸਿੰਘ ਹੇਅਰ, ਸੰਪਾਦਕ ਇੰਡੋ ਕੈਨੇਡੀਅਨ ਟਾਈਮਜ਼ ਨੂੰ ਕੈਨੇਡਾ ਵਿਚ ਉਸ ਦੇ ਘਰ ਵਿਚ ਹੀ ਕਤਲ ਕਰ ਦਿੱਤਾ ਤਾਂ "ਵਰਿਆਮ" ਦੀ ਜ਼ੋਰਦਾਰ ਟਿੱਪਣੀ ਸੀ।

"ਵਿਚਾਰਾਂ ਦਾ ਵਖਰੇਵਾਂ ਹੋਣਾ ਵੱਖਰੀ ਗੱਲ ਹੈ ਪਰ ਹਰ ਇੱਕ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਹੈ। ਗੋਲ਼ੀਆਂ ਨਾਲ ਬੰਦਾ ਮਾਰਿਆ ਜਾ ਸਕਦਾ ਹੈ। ਵਿਚਾਰ ਨਹੀਂ ਮਾਰਿਆ ਜਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਮਰਨ ਵਾਲਿਆਂ ਦੇ ਵਿਚਾਰ ਸਗੋਂ ਹੋਰ ਸ਼ਿੱਦਤ ਨਾਲ ਉਭਰ ਕੇ ਸਾਹਮਣੇ ਆਏ ਹਨ।"

**"ਵਰਿਆਮ" ਅਕਤੂਬਰ ੨੦੦੦ ਦਾ ਸੰਪਾਦਕੀ ਸੀ :**

## "ਯੂ. ਐਨ. ਵਿਚ ਸਿਖਰ ਸੰਮੇਲਨ

"ਇਸ ਵਿਚ ਆਖਿਆ ਗਿਆ ਸੀ ਪ੍ਰਮਾਤਮਾ ਇਕ ਹੈ ਪਰ ਉਸ ਤੱਕ ਜਾਣ ਦੇ ਰਸਤੇ ਅਨੇਕ ਹਨ। ਇਹਨਾਂ ਰਸਤਿਆਂ ਨੂੰ ਹੀ ਪੰਥ ਕਿਹਾ ਗਿਆ ਹੈ। ਸੰਸਾਰ ਵਿਚ ਬਹੁਤ ਸਾਰੇ ਧਰਮ ਹਨ। ਇਹਨਾਂ ਧਰਮਾਂ ਨੂੰ ਵੀ ਪੰਥ ਹੀ ਕਿਹਾ ਜਾਂਦਾ ਹਾਂ। ਭਾਵ



Sri Satguru Jagjit Singh Ji eLibrary NamdhariElibrary@gmail.com

ਇਹ ਕਿ ਧਰਮ ਪ੍ਰਮਾਤਮਾ ਤੱਕ ਜਾਣ ਵਾਸਤੇ ਰਸਤੇ ਹਨ। ਇਹ ਸਾਰੇ ਧਰਮ/ਪੰਥ ਮਨੁੱਖ ਨੂੰ ਈਸ਼ਵਰ ਪ੍ਰਤੀ ਆਸਥਾਵਾਨ ਬਣਾਉਂਦੇ ਹਨ, ਕਿਸੇ ਨਾ ਕਿਸੇ ਰੂਪ ਵਿਚ ਈਸ਼ਵਰ ਦੀ ਸੱਤਾ ਸਵੀਕਾਰਦੇ ਹਨ। ਦਇਆ, ਖਿਮਾ ਸ਼ੀਲਤਾ, ਮਾਨਵਤਾ, ਸਮਾਨਤਾ, ਪਰਉਪਕਾਰ, ਸੇਵਾ ਸਿਮਰਨ ਅਤੇ ਸੱਚੇ ਮਾਰਗ ਚੱਲਣ ਦਾ ਉਪਦੇਸ਼ ਸਾਰੇ ਹੀ ਧਰਮ ਦਿੰਦੇ ਹਨ। ਪਰ ਫਿਰ ਵੀ ਜੇ ਵੱਖ-ਵੱਖ ਪੰਥਾਂ ਦੇ ਪੈਰੋਕਾਰ ਆਪਸ ਵਿਚ ਵੀ ਤੇ ਦੂਜੇ ਧਰਮਾਂ ਪੰਥਾਂ ਨਾਲ ਲੜਦੇ ਹਨ ਤਾਂ ਧਰਮ ਦੇ ਮੰਨਣ ਵਿਚ ਕਿਤੇ ਗੜਬੜ ਹੈ। ਧਰਮ ਨੂੰ ਸਹੀ ਅਰਥਾਂ ਵਿਚ ਸਮਝਣ ਵਾਲੇ ਲੋਕਾਈ ਦੀ ਰਹਿਨੁਮਾ ਵੱਖ-ਵੱਖ ਸਮਿਆਂ ਤੇ ਉਪਰਾਲੇ ਕਰਦੇ ਹਨ। 'ਏਕ ਨੂਰ ਦੇ ਸਭੁ ਜਗੁ ਉਪਜਿਆ।' ਅਤੇ 'ਘਟਿ ਘਟਿ ਰਵਿ ਰਹਿਆ ਬਨਵਾਰੀ।' ਦੇ ਸਿਧਾਂਤ ਨੂੰ ਸਾਡੇ ਗੁਰੂਆਂ ਮਹਾਂਪੁਰਖਾਂ ਨੇ ਬੁਲੰਦ ਆਵਾਜ਼ ਆਖਿਆ ਹੈ।

ਸੱਚ ਹੱਕ ਦੀ ਇਸ ਆਵਾਜ਼ ਨੂੰ ਜੇ ਸੰਯੁਕਤ ਰਾਸ਼ਟਰ ਸੰਘ (ਯੂ. ਐਨ. ਓ.) ਦੇ ਮੰਚ ਤੋਂ ਹੁੰਗਾਰਾ ਮਿਲਦਾ ਹੈ ਤਾਂ ਸੱਚ ਮੁੱਚ ਹੀ ਇਸ ਸਰਬਤ ਦੇ ਭਲੇ ਵਾਸਤੇ ਬਹੁਤ ਜ਼ੋਰਦਾਰ ਆਵਾਜ਼ ਹੋ ਸਕਦੀ ਹੈ।

ਸੰਯੁਕਤ ਰਾਸ਼ਟਰ ਸੰਘ ਵਲੋਂ ਆਯੋਜਤ ਵਿਸ਼ਾਲ ਸ਼ਾਂਤੀ ਸਿਖਰ ਸੰਮੇਲਨ (ਅਗਸਤ ੨੮-੩੧-੨੦੦੦) ਇਕ ਬਹੁਤ ਸ਼ੁਭ ਕਰਮ ਹੈ। ਇਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਪਧਾਰ ਕੇ ਅਹਿਮ ਭੂਮਿਕਾ ਨਿਭਾਈ ਹੈ। ਵਰਿਆਮ ਦੇ ਇਸ ਅੰਕ ਵਿਚ ਇਸ ਸੰਮੇਲਨ ਦੀ ਇਕ ਸੰਖੇਪ ਰਿਪੋਰਟ ਤੇ ਕੁਝ ਤਸਵੀਰਾਂ ਅਸੀਂ ਪ੍ਰਕਾਸ਼ਤ ਕਰ ਸਕੇ ਹਾਂ। ਪਾਠਕ ਜਨ ਇਸ ਦਾ ਲਾਭ ਤਾਂ ਲੈਣਗੇ ਹੀ ਪਰ ਜੇ ਇਹ ਉਤਮ ਗੱਲਾਂ ਆਪਣੇ ਆਚਰਨ ਦਾ ਹਿੱਸਾ ਬਣਾਈਆਂ ਜਾਣ ਤਾਂ ਸਮੁੱਚੀ ਲੋਕਾਈ ਦੇ ਕਲਿਆਣ ਵਾਸਤੇ ਰਸਤਾ ਖੁੱਲ੍ਹ ਸਕਦਾ ਹੈ।

**ਅਫ਼ਗਾਨਿਸਤਾਨ ਵਿਚ ਮਹਾਤਮਾ ਬੁੱਧ ਦੀਆਂ ਮੂਰਤੀਆਂ ਤੋੜੀਆਂ ਗਈਆਂ ਤਾਂ**
**"ਵਰਿਆਮ" ਨੇ ਆਪਣੀ ਮਾਰਚ ੨੦੦੧ ਦੀ ਪ੍ਰਕਾਸ਼ਣਾ ਵਿਚ ਚਿਲਾ ਉਠਿਆ :**

## ਧਰਮਾਂ ਦੀ ਸਹਿਹੋਂਦ ਨੂੰ ਵਡੀ ਸੱਟ

"ਸੰਨ ੧੯੯੯ ਦੇ ਅੰਤਲੇ ਮਹੀਨੇ ਅਸੀਂ ਅਫਰੀਕਾ ਮਹਾਂਦੀਪ ਦੇ ਧੁਰ ਹੇਠਾਂ ਦੱਖਣ ਵਿਚ ਸਥਿਤ ਦੇਸ਼ 'ਦੱਖਣੀ ਅਫਰੀਕਾ' ਦੀ ਯਾਤਰਾ ਕੀਤੀ ਸੀ। ਉਸ ਦਾ ਯਾਤਰਾ ਵਿਵਰਨ ਤਾਂ ਵਰਿਆਮ ਦੇ ਵਰਕਿਆਂ ਤੇ ਪਾਠਕ ਪੜ੍ਹ ਹੀ ਰਹੇ ਹਨ। ਇਹ ਯਾਤਰਾ ਜਿਸ ਕਾਨਫਰੰਸ ਦੇ ਸਬੰਧ ਵਿਚ ਸੀ ਉਹ ਸੀ ਦੁਨੀਆ ਦੇ ਧਰਮਾਂ ਦੀ ਪਾਰਲੀਮੈਂਟ। ਇਹ ਉਂਝ ਤਾਂ ਉਸ ਲੜੀ ਦੀ ਤੀਜੀ ਪਾਰਲੀਮੈਂਟ ਸੀ ਜਿਸ ਦੀ ਸ਼ੁਰੂਆਤ ਪਿਛਲੀ ਤੋਂ ਪਹਿਲੀ ਸਦੀ ਵਿਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਹੋਈ ਸੀ ਅਤੇ ਭਾਰਤ ਤੋਂ ਗਏ ਸੁਆਮੀ ਵਿਵੇਕਨੰਦ ਨੇ ਇਥੇ ਬਹੁਤ ਪ੍ਰਭਾਵ ਪਾਇਆ ਸੀ, ਪਰ ਇਸ ਵਿਚ ਸ਼ਾਮਿਲ ਦੇਸ਼ਾਂ ਤੇ ਧਰਮਾਂ ਦੀ ਗਿਣਤੀ ਤੋਂ ਇਹ ਅੰਦਾਜ਼ਾ ਲਗਦਾ ਸੀ ਕਿ ਵੱਖ-ਵੱਖ ਧਰਮ ਅਤੇ ਅਕੀਦੇ ਹੋਣ ਦੇ ਬਾਵਜੂਦ ਇਕੱਠੇ ਹੋਣ ਦੇ ਚਾਹਵਾਨ ਬਹੁਤ ਲੋਕ ਹਨ। ਅੱਜ ਬਹੁਤ ਸਾਰੇ ਦੇਸ਼ਾਂ ਵਿਚ ਖਾਸ ਕਰਕੇ ਪੱਛਮੀ ਦੇਸ਼ਾਂ ਵਿਚ 'ਅੰਤਰ-ਧਰਮ' ਇੰਟਰਫੇਥ ਦੀ ਗੱਲ ਬਹੁਤ ਜ਼ੋਰਾਂ ਨਾਲ ਚੱਲ ਰਹੀ ਹੈ। ਵੱਖ-ਵੱਖ ਧਰਮਾਂ ਅਤੇ ਫਿਰਕਿਆਂ ਦੇ ਲੋਕ ਇਕੱਠੇ ਹੋ ਕੇ ਇਕ ਦੂਜੇ ਦੇ ਧਰਮਾਂ ਦੇ ਗੁਣਾਂ ਨੂੰ ਸੁਣਦੇ ਅਤੇ ਆਦਰ ਦਿੰਦੇ ਹਨ। ਇਸ ਮੰਤਵ ਵਾਸਤੇ ਵੱਖ-ਵੱਖ ਸੰਸਥਾਵਾਂ ਕਾਇਮ ਹਨ। ਅਸੀਂ ਇੰਗਲੈਂਡ ਵਿਚ ਇਕ ਐਸੀ ਹੀ ਸੰਸਥਾ ਵਿਚ ਗਏ ਜਿਸ ਦੇ ਰੂਹੇ ਰਵਾਂ ਸਾਡੇ ਮਿੱਤਰ ਸੰਤ ਵਾਸਦੇਵ ਸਿੰਘ ਭਮਰਾ ਵੁਲਵਰਹੈਂਪਟਨ ਵਾਲੇ ਹਨ। ਧਰਮਾਂ ਅਕੀਦਿਆਂ ਦੀ ਸਹਿ-ਹੋਂਦ ਦੀ ਸੁਗੰਧੀ ਸਮੀਰ ਕੇਪ ਟਾਊਨ ਦੀ ਕਾਨਫਰੰਸ ਵਿਚ ਪ੍ਰਤੱਖ ਰੂਪ ਵਿਚ ਚਲਦੀ ਦਿਸਦੀ ਸੀ। ਈਸਾਈ, ਮੁਸਲਮਾਨ, ਹਿੰਦੂ, ਬੋਧੀ, ਸਿੱਖ, ਮੂਲ ਅਫਰੀਕੀ ਅਤੇ ਹੋਰ ਬਹੁਤ ਸਾਰੇ ਧਰਮਾਂ ਦੇ ਵੱਖ-ਵੱਖ ਫਿਰਕਿਆਂ ਦੇ ਲੋਕ ਇਕ ਪਰਿਵਾਰ ਵਾਂਗ ਵਿਚਰ ਰਹੇ ਸਨ। ਉਹ ਆਪਣੇ ਅਕੀਦੇ ਤੇ ਰਹਿੰਦੇ ਹੋਏ ਦੂਸਰੇ ਨੂੰ ਸਮਝਣ ਦਾ ਜਤਨ ਕਰਦੇ ਹੋਏ ਆਦਰ ਸਤਿਕਾਰ ਕਰਦੇ ਸਨ।

ਉਸ ਤੋਂ ਅਗਲੇ ਸਾਲ ਹੀ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਯੂ.ਐਨ.ਓ. ਦੇ ਹਾਲ ਵਿਚ ਅਜਿਹੀ ਅੰਤਰਾਸ਼ਟਰੀ



Sri Satguru Jagjit Singh Ji eLibrary NamdhariElibrary@gmail.com

ਕਾਨਫਰੰਸ ਹੋਈ ਹੈ। ਇਸਦਾ ਵਿਸਥਾਰ ਵੀ ਪਾਠਕਾਂ ਨੇ ਵਰਿਆਮ ਦੇ ਪੰਨਿਆਂ 'ਚੋਂ ਪੜ੍ਹਿਆ ਹੋਵੇਗਾ। ਇਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਵੱਖ-ਵੱਖ ਧਰਮਾਂ ਦੇ ਆਗੂਆਂ ਦੀ ਪ੍ਰਸਪਰ ਮਿਲਣੀ ਦੀਆਂ ਤਸਵੀਰਾਂ ਵੀ ਅਸੀਂ ਰੰਗਦਾਰ ਛਾਪੀਆਂ ਸਨ।

ਅਸੀਂ ਇਹਨਾਂ ਕਾਨਫਰੰਸਾਂ ਵਿਚ ਇਹ ਮਹਿਸੂਸ ਕੀਤਾ ਕਿ ਧਰਮਾਂ ਦੀ ਸਹਿਹੋਂਦ ਦਾ ਸਭ ਤੋਂ ਵੱਡਾ ਤੇ ਪ੍ਰਮਾਣੀਕ ਗ੍ਰੰਥ ਸਿੱਖ ਸਮਾਜ ਕੋਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚਾ ਹੀ ਇੰਟਰਫੇਥ ਦਾ ਗ੍ਰੰਥ ਹੈ। ਐਪਰ ਇਸ ਗੱਲ ਦਾ ਉਹਨਾਂ ਕਾਨਫਰੰਸਾਂ ਵਿਚ ਕਿਸੇ ਨੂੰ ਪਤਾ ਨਹੀਂ ਸੀ। ਸਗੋਂ ਕੇਪ ਟਾਊਨ ਦੀ ਪਾਰਲੀਮੈਂਟ ਦੀ ਸਟੇਜ ਤੇ ਸਿੱਖਾਂ ਦੀ ਪ੍ਰਮੁੱਖਤਾ ਨਹੀਂ ਸੀ। ਉਥੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਅਤੇ ਇਕ ਤਖਤ ਦੇ ਸਿੰਘ ਸਾਹਿਬ ਵੀ ਗਏ ਸਨ ਪਰ ਪ੍ਰਮੁੱਖਤਾ ਵਾਲੀ ਕਤਾਰ ਵਿਚ ਨਹੀਂ। ਹਾਂ ਸਿੱਖਾਂ ਦੀਆਂ ਵੱਖ-ਵੱਖ ਧਾਰਾਵਾਂ, ਅਕਾਲੀ ਨਾਮਧਾਰੀ, ਯੋਗੀ ਹਰਭਜਨ ਸਿੰਘ ਜੀ ਦੇ ਪੈਰੋਕਾਰ ਅਤੇ ਰਾਧਾ ਸੁਆਮੀ ਵੀ ਜਦੋਂ ਇਕੱਤਰ ਹੁੰਦੇ ਸਨ ਤਾਂ ਪ੍ਰਭਾਵ ਬਣਦਾ ਸੀ। ਇਹ ਪ੍ਰਭਾਵ ਲੋੜੀਂਦਾ ਵੀ ਸੀ। ਮਹਿਸੂਸ ਇਹ ਕੀਤਾ ਗਿਆ ਕਿ ਅੱਜ ਦੀ ਲੋੜ ਵੱਖ-ਵੱਖ ਧਰਮਾਂ ਦੀ ਸਹਿਹੋਂਦ ਹੈ ਤਾਂ ਇਕ ਧਰਮ ਵਿਚ ਵੱਖ-ਵੱਖ ਧਾਰਾਵਾਂ ਦੀ ਸਹਿਹੋਂਦ ਵੀ ਬਹੁਤ ਜ਼ਰੂਰੀ ਹੈ। ਇਸ ਸਿਲਸਲੇ ਵਿਚ ਹੀ ਇਕ ਬਹੁਤ ਚੰਗੀ ਖ਼ਬਰ ਆਈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਵੀ ਇਕ ਇੰਟਰਫੇਥ ਕਾਨਫਰੰਸ ਦਾ ਆਯੋਜਨ ਕਰ ਰਹੇ ਹਨ। ਹੁਣੇ ਹੁਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਇਕ ਅੰਤਰਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਇਆ ਗਿਆ। ਜਿਸਦਾ ਮੰਤਵ ਹੀ ਇਹੋ ਦੱਸਣਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਐਸਾ ਗ੍ਰੰਥ ਹੈ ਜੋ ਸਭਨਾਂ ਧਰਮਾਂ ਨੂੰ ਜੋੜਦਾ ਸਤਿਕਾਰ ਦਿੰਦਾ ਅਤੇ ਇਹਨਾਂ ਦੀ ਸਹਿਹੋਂਦ ਦਾ ਮੁਦੱਈ ਹੈ। ਇਸ ਵਿਸ਼ੇ ਤੇ ਦਰਜਨਾਂ ਵਿਦਵਾਨਾਂ ਨੇ ਪਰਚੇ ਪੜ੍ਹੇ ਅਤੇ ਕਾਲਜਾਂ ਦੇ ਪ੍ਰੋਫੈਸਰ ਜਨਾਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ।..........

ਜੋ ਸਮਰੱਥ ਸਮਾਜ ਪੈਸੇ ਦੇ ਜ਼ੋਰ ਨਾਲ ਸੈਮੀਨਾਰ ਕਰਵਾ ਸਕਦਾ ਹੈ ਸਕੂਲ ਕਾਲਜ ਯੂਨੀਵਰਸਿਟੀਆਂ ਅਤੇ ਧਰਮ ਅਸਥਾਨਾਂ ਦੀਆਂ ਆਲੀਸ਼ਾਨ ਇਮਾਰਤਾਂ ਉਸਾਰ ਸਕਦਾ ਹੈ। ਇਹਨਾਂ ਸਾਰੀਆਂ ਸੰਸਥਾਵਾਂ ਦਾ ਤਾਂ ਹੀ ਕੋਈ ਲਾਭ ਹੈ ਜੇ ਇਹ ਚੰਗੇ ਇਨਸਾਨ ਪੈਦਾ ਕਰਨ। ਧਰਮਾਂ ਦੀ ਸਹਿਹੋਂਦ ਦਾ ਅਮਲੀ ਰੂਪ ਸਾਹਮਣੇ ਆਵੇ ਤਦ ਹੀ ਸਾਡੇ ਧਰਮ ਗ੍ਰੰਥਾਂ ਅਤੇ ਧਾਰਮਿਕ ਵਿਦਿਅਕ ਅਦਾਰਿਆਂ ਦੀ ਸਾਰਥਕਤਾ ਸਾਹਮਣੇ ਆ ਸਕਦੀ ਹੈ। ਪਰ ਫਿਰ ਵੀ ਅਜਿਹੇ ਆਯੋਜਨ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਸੰਦੇਸ਼ ਦੇ ਕੇ ਵਾਤਾਵਰਨ ਤਾਂ ਦੋਸਤਾਨਾ ਬਣਾਉਂਦੇ ਹੀ ਹਨ।

ਇਹਨਾਂ ਇੰਟਰਫੇਥ ਦੇ ਮਹਾਂ ਸੰਮੇਲਨਾਂ ਵਿਚ ਜੋ ਪੌਣ ਰੁਮਕਦੀ ਵੇਖੀ, ਉਹ ਅਫਗਾਨਿਸਤਾਨ ਵਿਚ ਪਰ ਮੁੱਕ ਗਈ ਲਗਦੀ ਹੈ। ਮੁਸਲਮ ਦੇਸ਼ਾਂ ਨੇ ਇਹਨਾਂ ਸੰਮੇਲਨਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਧਨ ਦੌਲਤ ਨਾਲ ਵੀ ਬਹੁਤ ਸਹਾਇਤਾ ਕੀਤੀ ਪਰ ਇਸ ਦੇ ਐਨ ਉਲਟ ਅਫਗਾਨਿਸਤਾਨ ਵਿਚ ਹੁਣ ਉਥੋਂ ਦੇ ਹੁਕਮਰਾਨ ਤਾਲਿਬਾਨ ਨੇ ਸਦੀਆਂ ਪੁਰਾਣੀਆਂ ਮਹਾਤਮਾ ਬੁੱਧ ਦੀਆਂ ਵਿਸ਼ਾਲ ਕੱਦ ਮੂਰਤੀਆਂ ਤੋੜਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਹਿ ਹੋਂਦ ਦਾ ਅਰਥ ਹੀ ਦੂਸਰੇ ਧਰਮ. ਸੰਪ੍ਰਦਾਇ ਨੂੰ ਬ੍ਰਦਾਸ਼ਤ ਕਰਨਾ ਹੈ। ਸਾਰੀ ਦੁਨੀਆਂ ਵਿਚ ਇਸ ਬਰਬਰੀਅਤ ਭਰੇ ਕਦਮ ਦਾ ਰੌਲਾ ਹੈ। ਯੂ. ਐਨ ਓ ਅਤੇ ਮੁਸਲਿਮ ਮੁਲਕਾਂ ਸਮੇਤ ਇਸ ਵਿਰੁੱਧ ਆਵਾਜ਼ ਉੱਠੀ ਹੈ। ਪਰ ਅਫਗਾਨਿਸਤਾਨ ਦੇ ਮੌਜੂਦਾ ਜ਼ੋਰਾਵਰ ਟੱਸ ਤੋਂ ਮੱਸ ਨਹੀਂ ਹੋ ਰਹੇ। ਇਹ ਮੁਲਕ ਲੰਮੇ ਸਮੇਂ ਤੋਂ ਖੂਨ ਖਰਾਬੇ ਦੀ ਲਪੇਟ ਵਿਚ ਹੈ। ਇਹ ਤਾਜ਼ਾ ਰੁਹਜਾਨ ਇਸ ਮੁਲਕ ਵਾਸਤੇ ਨਵੀਂ ਮੁਸੀਬਤ ਲਈ ਸੰਕੇਤ ਹੈ। ਕਿਉਂ ਜੋ ਅੱਤਦਾ ਤੇ ਰੱਬ ਦਾ ਵੈਰ ਮਸ਼ਹੂਰ ਹੈ।

ਚੰਗੇ ਮੰਦੇ ਕਰਮਾਂ ਦਾ ਫਲ ਤਾਂ ਅਵਸ਼ ਹਰ ਵਿਅਕਤੀ, ਸੰਗਠਨ, ਕੌਮ ਨੂੰ ਭੁਗਤਣਾ ਹੀ ਪੈਂਦਾ ਹੈ ਦੇਰ ਸਵੇਰ। ਗੁਰੂ ਬਾਬੇ ਨਾਨਕ ਦਾ ਕਥਨ ਹੈ—

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ,

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।



Sri Satguru Jagjit Singh Ji eLibrary NamdhariElibrary@gmail.com

ਹੋਰ ਧਰਮਾਂ ਵਿਚ ਵੀ ਸਿਰ ਫਿਰੇ ਲੋਕਾਂ ਦੀ ਘਾਟ ਨਹੀਂ ਫੇਰ ਵੀ ਆਸ ਨਹੀਂ ਛੱਡਣੀ ਚਾਹੀਦੀ ਕਿ ਅਮਨ ਏਕਤਾ ਦੀ ਪੌਣ ਰੁਮਕੇਗੀ ਹੀ।

—ਜਗਦੀਸ਼ ਸਿੰਘ

ਵਰਿਆਮ ਨੇ ਮੇਲਾ ਗਦਰੀ ਬਾਬਿਆਂ ਦੀ ਵਾਰ ਵਾਰ ਗੱਲ ਕੀਤੀ ਹੈ। ਉਹਦੇ ਦੋ ਸੰਪਾਦਕੀ ਹਨ।

ਹਰ ਸਾਲ ੧ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਚ ਮਨਾਇਆ ਜਾਂਦਾ ਗਦਰੀ ਬਾਬਿਆਂ ਦਾ ਮੇਲਾ ਮਨ ਤੇ ਸਾਫ ਸਵੱਛ ਪ੍ਰਭਾਵ ਪਾਉਂਦਾ ਹੈ। ਇਹ ਹਰ ਸਾਲ ਸਾਨੂੰ ਸਾਡੇ ਮਹਾਨ ਪੁਰਖਿਆ ਦੇ ਚਰਨਾਂ ਨਾਲ ਜੋੜਦਾ ਹੈ। ਪੁਰਖੇ ਜੋ ਸਿਦਕ ਅਣੱਖ ਅਤੇ ਕੁਰਬਾਨੀ ਦੇ ਪੁਤਲੇ ਸਨ। ਇਥੋਂ ਦੇ ਗੀਤ ਸੰਗੀਤ ਵਿਚੋਂ ਇਕ ਅਕੀਦਤ ਦੀ ਮਹਿਕ ਆਉਂਦੀ ਹੈ। ਇਕ ਸ਼ਰਧਾਮਈ ਮਾਹੌਲ ਹੁੰਦਾ ਹੈ। ਮਨ ਨਿਰਮਲ ਵਿਚਾਰਾਂ ਨਾਲ ਤਰੋ-ਤਾਜ਼ਾ ਹੁੰਦਾ ਹੈ।

ਅੱਜ ਦੇ ਹਰ ਪੱਖੋਂ ਦੂਸ਼ਤ ਮਾਹੌਲ ਵਿਚ ਇਹ ਮੇਲਾ ਇਵੇਂ ਹੈ ਜਿਵੇਂ ਦੂਰ ਤੱਕ ਪਸਰੇ ਮਾਰੂਥਲ ਵਿਚ ਨਿਰਮਲ ਪਾਣੀ ਦਾ ਚਸ਼ਮਾ ਫੁੱਟਿਆ ਹੋਵੇ। ਅੱਜ ਕੱਲ ਦੇ ਭੜਕੀਲੇ ਮਾਹੌਲ ਵਿਚ ਜਦੋਂ ਵੱਖ-ਵੱਖ ਟੀ.ਵੀ. ਚੈਨਲਾਂ ਅਤੇ ਅਖੌਤੀ ਸੱਭਿਆਚਾਰਕ ਪ੍ਰੋਗਰਾਮਾਂ, ਮੇਲਿਆਂ ਵਿਚ ਅਸ਼ਲੀਲਤਾ ਅਤੇ ਕਾਮੁਕਤਾ ਨੂੰ ਭੜਕਾਉਣ ਵਾਲੇ ਹੀ ਪ੍ਰੋਗਰਾਮ ਹੁੰਦੇ ਤਾਂ ਨੌਜਵਾਨ ਪੀੜੀ ਦੇ ਬਚਾਅ ਦਾ ਕੋਈ ਚਾਰਾ ਨਹੀਂ ਸੀ। ਇਸ ਮੇਲੇ ਨੇ ਇਸ ਪਾਸੇ ਠੱਲ ਪਾਈ ਹੈ। ਇਸ ਮੇਲੇ ਦੇ ਸ਼ੁਰੂ ਹੋਣ ਨਾਲ ਕਲਾ ਦੀ ਮੱਸ ਰੱਖਣ ਵਾਲੇ ਨੌਜਵਾਨਾਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੁੜਣ ਦਾ ਅਵਸਰ ਮਿਲਿਆ ਹੈ। ਇਸ ਮੇਲੇ ਦੀ ਸਾਲੋ ਸਾਲ ਵਧਦੀ ਹਰਮਨ ਪਿਆਰਤਾ ਇਸ ਦੀ ਸਾਰਥਕਤਾ ਨੂੰ ਰੂਪ ਮਾਨ ਕਰਦੀ ਹੈ। ਹਰ ਸਾਲ ਨਵੇਂ ਪ੍ਰੋਗਰਾਮ ਜੋੜੇ ਜਾ ਰਹੇ ਹਨ। ਬੱਚਿਆਂ ਦੇ ਪੇਂਟਿੰਗ ਮੁਕਾਬਲਿਆਂ ਵਿਚ ਭਾਰੀ ਗਿਣਤੀ ਵਿਚ ਬਾਲ ਕਲਾਕਾਰਾਂ ਦੀ ਸ਼ਮੂਲੀਅਤ ਉਹਨਾਂ ਦੇ ਜੋਸ਼ ਅਤੇ ਲਗਨ ਦਾ ਪ੍ਰਗਟਾਵਾ ਕਰਦੀ ਹੈ। ਸੰਗੀਤ ਮੁਕਾਬਲੇ, ਨਾਟਕ ਵਰਕਸ਼ਾਪਾਂ, ਦੂਰ ਦੁਰਾਡੇ ਇਲਾਕਿਆਂ 'ਚੋਂ ਆਉਣ ਵਾਲੀਆਂ ਨਾਟਕ ਅਤੇ ਨੁਕੜ ਨਾਟਕਾਂ ਦੀਆਂ ਮੰਡਲੀਆਂ ਮਿਸ਼ਾਲ ਜਲੂਸਾਂ ਨੇ ਇਸ ਮੇਲੇ ਦਾ ਪਾਸਾਰ ਕਈ ਦਿਨਾਂ ਤੱਕ ਕਰ ਦਿੱਤਾ ਹੈ।

ਇਹ ਮੇਲਾ ਜਲੰਧਰ ਦੀ ਪਛਾਣ ਹੀ ਨਹੀਂ ਬਣਿਆ ਸਗੋਂ ਜਲੰਧਰ ਅਤੇ ਪੰਜਾਬ ਦਾ ਮਾਣ ਬਣ ਗਿਆ ਹੈ। ਗਦਰੀ ਬਾਬਿਆਂ ਦੇ ਮੇਲੇ ਦੀਆਂ ਰਿਸ਼ਮਾਂ ਹੁਣ ਦੂਰ-ਦੂਰ ਤੱਕ ਪਸਰ ਰਹੀਆਂ ਹਨ ਅਤੇ ਇਸ ਮੇਲੇ ਤੋਂ ਪ੍ਰੇਰਣਾ ਲੈ ਕੇ ਪੰਜਾਬ ਦੇ ਵੱਖ-ਵੱਖ ਥਾਵਾਂ ਅਤੇ ਇਥੋਂ ਤੱਕ ਕਿ ਵਿਦੇਸ਼ ਵਿਚ ਵੀ ਦੇਸ਼ ਭਗਤਾਂ ਦੀ ਯਾਦ ਵਿਚ ਮੇਲੇ ਲੱਗਣ ਲੱਗ ਪਏ ਹਨ। ਅਤੇ ਇਸ ਮੇਲੇ ਵਿਚ ਭਾਗ ਲੈਣ ਵਾਸਤੇ ਪਰਵਾਸੀ ਭਾਰਤੀ ਵੀ ਹੁਣ ਵੱਡੀ ਗਿਣਤੀ ਵਿਚ ਆਉਣ ਲੱਗ ਪਏ ਹਨ। ਮਹਾਨ ਗਦਰੀ ਸੂਰਬੀਰਾਂ ਦੀ ਸੋਚ ਨੂੰ ਸਮਝਣ ਅਤੇ ਉਸ ਦੇ ਪਾਸਾਰ ਵਾਸਤੇ, ਨੌਜਵਾਨ ਨੂੰ ਦਿਸ਼ਾ ਦੇਣ ਵਾਸਤੇ, ਉਹਨਾਂ ਵਿਚ ਉਸਾਰੂ ਰੁਚੀਆਂ ਜਾਗ੍ਰਿਤ ਕਰਨ ਵਾਸਤੇ ਅਤੇ ਸਮਕਾਲੀ ਬਜ਼ੁਰਗ ਦੇਸ਼ ਭਗਤਾਂ ਦੇ ਦਿਲਾਂ ਵਿਚ ਇਹ ਅਹਿਸਾਸ ਪੈਦਾ ਕਰਨ ਵਾਸਤੇ ਕਿ ਉਹਨਾਂ ਪਿਛੋਂ ਵਿਰਸੇ ਦੀ ਸੰਭਾਲ ਕਰਨ ਵਾਲੇ ਤਿਆਰ ਹੋ ਰਹੇ ਹਨ, ਇਹ ਮੇਲਾ ਅਹਿਮ ਭੂਮਿਕਾ ਨਿਭਾ ਰਿਹਾ ਹੈ। ਨਿਰਸੰਦੇਹ ਮੇਲੇ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ।

—ਵਰਿਆਮ ਨਵੰਬਰ 1999

"ਪੰਜਾਬ ਵਿਚ ਨਿਤ ਲਗਦੇ ਸੱਭਿਆਚਾਰਕ ਮੇਲਿਆਂ ਦੀ ਭੀੜ ਤੋਂ ਇਵੇਂ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਵਿਚ ਬਹਾਰਾਂ ਹੀ ਬਹਾਰਾਂ ਹਨ, ਕੋਈ ਸਮੱਸਿਆ ਨਹੀਂ। ਗਾਓ-ਨੱਚੋ ਅਤੇ ਮੌਜ-ਮੇਲਾ ਕਰੋ। ਸੱਭਿਆਚਾਰਕ ਇਨਕਲਾਬ ਬਹੁਤ ਵੱਡੇ ਵਪਾਰ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜਿਹੇ ਮਾਹੌਲ ਵਿਚ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿਚ ਹੋਣ ਵਾਲਾ ਗਦਰੀ ਬਾਬਿਆਂ ਦਾ ਮੇਲਾ ਪ੍ਰਦੂਸ਼ਿਤ ਮਾਹੌਲ ਵਿਚ ਇਕ ਤਾਜ਼ੀ ਹਵਾ ਦੇ ਬੁੱਲੇ ਵਾਂਗ ਹੈ। ਇਸ ਵਾਰ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਸ ਮੇਲੇ ਵਿਚ ਸੈਮੀਨਾਰ ਹੋਏ, ਨੌਜਵਾਨਾਂ ਦੇ ਗਾਇਣ ਮੁਕਾਬਲੇ ਵੀ ਹੋਏ, ਪੇਂਟਿੰਗ, ਕੁਇਜ਼, ਕਵੀ ਦਰਬਾਰ ਗੀਤ ਸੰਗੀਤ ਡਰਾਮਿਆਂ



Sri Satguru Jagjit Singh Ji eLibrary NamdhariElibrary@gmail.com

ਤੋਂ ਇਲਾਵਾ ਬਾਬਿਆਂ ਦੀਆਂ ਦਿਲ ਟੁੰਬਾਊ ਤਕਰੀਰਾਂ ਵੀ ਹੋਈਆਂ। ਸਾਫ ਸੁਥਰੀ ਗਾਇਕੀ, ਮਨਮੋਹਣਾ ਸੰਗੀਤ (ਕਲਾਸਕੀ ਵੀ, ਲੋਕ ਸੰਗੀਤ ਵੀ ਅਤੇ ਦੇਸ਼ ਭਗਤੀ ਨਾਲ ਲਬਾਲਬ ਵੀ) ਸੁਣ ਕੇ ਸ੍ਰੋਤੇ ਆਪਣੇ ਵਿਚ ਕੁਝ ਨਵਾਂ ਨਰੋਆ ਆਇਆ ਮਹਿਸੂਸ ਕਰਦੇ ਸਨ। ਡਰਾਮਿਆਂ ਵਿਚ ਆਈ ਰਿਕਾਰਡ ਤੋੜ ਭੀੜ ਇਹ ਸਾਬਤ ਕਰਦੀ ਸੀ ਕਿ ਪੰਜਾਬੀਆਂ ਦਾ ਅਜੇ ਵੀ ਸਰੋਕਾਰ ਸਾਰਥਕ ਕਲਾ ਨਾਲ ਹੈ। ਗਦਰੀ ਬਾਬਿਆਂ ਦੇ ਮੇਲੇ ਨੇ ਪੰਜਾਬ ਦੇ ਲੋਕਾਂ ਨੂੰ ਐਸ਼ ਵਿਚ ਰੁੜ ਜਾਣ ਦੇ ਰੁਝਾਣ ਨੂੰ ਠੱਲ ਪਾਈ ਹੈ।

**ਵਰਿਆਮ ਦਸੰਬਰ ੨੦੦੦**

ਅੰਤ ਵਿਚ ਇਕ ਹੋਰ ਸੰਪਾਦਕੀ :

## "ਸੱਚ ਕੀ ਬਾਣੀ ਨਾਨਕ ਆਖੇ"

ਦੇ ਕੁਝ ਸ਼ਬਦ ਮੱਕੇ ਗਿਆ ਉਹਨਾਂ ਨੂੰ ਕਾਜੀਆਂ ਮੁੱਲਾਂ ਨੇ ਇਕੱਠੇ ਹੋ ਕੇ ਪੁਛਿਆ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ। ਬਾਬੇ ਦਾ ਜੁਆਬ ਸੀ "ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।" ਬਾਬੇ ਨੂੰ ਜੋਗੀ ਨਾਥਾਂ ਨੇ ਪੁਛਿਆ ਕਿ ਤੁਹਾਨੂੰ ਕੀ ਲੋੜ ਪਈ ਹੈ ਬਿਖਮ ਮਾਰਗ ਚਲਦਿਆਂ ਪਹਾੜ ਥਲ ਤੇ ਜਲ ਕਛਦੇ ਪਏ ਹੋ। ਬਾਬੇ ਆਖਿਆ ਮੈਂ ਸੱਚ ਦੀ ਭਾਲ ਵਿਚ ਆਇਆ ਹਾਂ।

ਬਾਬੇ ਆਖਿਆ ਨਾਥ ਜੀ ਸਚੁ ਚੰਦ੍ਰਮਾ ਕੂੜ ਅੰਧਾਰਾ<br>
ਕੂੜ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ

ਗੁਰੂ ਬਾਬਾ ਜੀ ਨੇ ਸੱਚ ਦੀ ਭਾਲ ਕੀਤੀ ਤੇ ਪ੍ਰਾਪਤ ਕੀਤਾ। ਉਹਨਾਂ ਸੱਚ ਦੀ ਵਿਆਖਿਆ ਨਾਲੋਂ ਸੱਚੀ ਗੱਲ ਨਾਲੋਂ ਵੀ ਸੱਚੇ ਆਚਰਨ ਨੂੰ ਉਪਰ ਦਸਿਆ। ਸੱਚ ਜੋ ਸਭ ਧਰਮਾਂ ਪੰਥਾਂ ਸੰਪਰਦਾਵਾਂ ਦਾ ਸਾਂਝਾ ਧਰਮ ਹੈ।

ਬਾਬੇ ਜੀ ਨੇ ਫੁਰਮਾਇਆ, "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਉਹਨਾਂ ਦੱਸਿਆ ਕਿ ਝੂਠ ਪਾਪ ਦੀ ਜੜ੍ਹ ਹੈ ਅਤੇ ਇਸ ਤੋਂ ਮੁਕਤੀ ਪਾਣ ਵਾਸਤੇ ਜੋ ਦਾਰੂ ਹੈ ਉਹ ਸੱਚ ਹੀ ਹੈ। (ਸਚੁ ਸਭਨਾ ਹੋਇਆ ਦਾਰੂ ਪਾਪ ਕਢੈ ਧੋਇ)

ਸੱਚ ਦੇ ਉੱਤੇ ਗੁਰੂ ਨਾਨਕ ਦੇਵ ਜੀ ਨੇ ਪੰਕਤੀਆਂ ਤੇ ਪੰਕਤੀਆਂ ਉਚਾਰੀਆਂ। ਜੀਵਨ ਦੇ ਹਰ ਪਹਿਲੂ ਵਿਚ ਉਹਨਾਂ ਸੱਚ ਨੂੰ ਅਪਣਾਇਆ। ਸੱਚ ਦੀ ਗੱਲ ਉਹਨਾਂ ਸ਼ਿੱਦਤ ਨਾਲ ਕੀਤੀ ਹੈ। ਸੱਚਾ ਨਾਮ, ਸੱਚਾ ਸ਼ਬਦ, ਸੱਚਾ ਵਪਾਰ ਅਤੇ ਸੱਚਾ ਜੀਵਨ ਦਰਸਾਉਂਦੀਆਂ ਉਹਨਾਂ ਦੀਆਂ ਤੁਕਾਂ ਮੁਹਾਵਰਿਆਂ ਵਾਂਗ ਲੋਕਾਂ ਦੀ ਜ਼ਬਾਨ ਉੱਤੇ ਹਨ। ਝੂਠ ਨੂੰ ਉਹਨਾਂ ਗੰਦ ਅਤੇ ਮੁਰਦਾ ਖਾਣ ਨਾਲ ਤੁਲਣਾ ਦਿੱਤੀ (ਕੂੜ ਬੋਲਿ ਮੁਰਦਾਰੁ ਖਾਇ)। ਏਸ ਸੱਚ ਨੇ ਹੀ ਉਹਨਾਂ ਨੂੰ ਗਰੀਬਾਂ ਨੀਚਾਂ ਨਾਲ ਖੜ੍ਹਾ ਕੀਤਾ। ਇਸੇ ਸੱਚ ਕਾਰਨ ਹੀ ਉਹਨਾਂ ਭਾਈ ਲਾਲੋ ਦੀ ਰੋਟੀ ਵਿਚੋਂ ਸੁੱਚਾ ਦੁੱਧ ਚੋਂਦਾ ਵਿਖਾਇਆ ਅਤੇ ਮਲਿਕ ਦੀਆਂ ਪੂਰੀਆਂ 'ਚੋਂ ਇਨਸਾਨੀ ਲਹੂ। ਰਾਜਿਆਂ ਨੂੰ ਸ਼ੀਂਹ ਅਹਿਲਕਾਰਾਂ ਨੂੰ ਕੁੱਤੇ ਉਸ ਸਮੇਂ ਵਿਚ ਆਖਣਾ ਸਭ ਇਸ ਸੱਚ ਦੀ ਕਰਾਮਾਤ ਹੀ ਸੀ। ਬਾਬਰ ਜਿਹੇ ਸ਼ਕਤੀਸ਼ਾਲੀ ਸੁਲਤਾਨ ਨੂੰ ਜਾਬਰ ਅਤੇ ਉਸ ਦੀ ਫੌਜ ਨੂੰ ਪਾਪ ਦੀ ਜੰਞ ਕਹਿਣਾ ਇਸੇ ਸੱਚ ਦੀ ਹੀ ਤਾਕਤ ਸੀ। ਇਹ ਸੱਚ ਹੀ ਕੂੜ ਦੀ ਮਸਿਆ ਨੂੰ ਚੀਰਦਾ ਹੈ। ਇਹ ਸੱਚ ਹੀ ਜਾਤੀਆਂ ਦੇ ਭਰਮ ਭੇਦਾਂ ਨੂੰ ਮਿਟਾ ਕੇ ਏਕਤਾ ਵਿਚ ਪਰੋ ਸਕਦਾ ਹੈ। ਊਚ ਨੀਚ ਦੇ ਭਰਮ ਭੇਦ ਸੱਚ ਹੀ ਮਿਟਾ ਸਕਦਾ ਹੈ।

ਗੁਰੂ ਬਾਬਾ ਜੀ ਨੇ ਲਲਕਾਰ ਕੇ ਕਿਹਾ—

ਸਚ ਕੀ ਬਾਣੀ ਨਾਨਕੁ ਆਖੈ<br>
ਸਚੁ ਸੁਣਾਇਸੀ ਸਚ ਕੀ ਬੇਲਾ

ਗੁਰੂ ਜੀ ਦੇ ਅਵਤਾਰ ਪੁਰਬ ਤੋਂ ਜੇ ਅਸੀਂ ਕੁਝ ਪ੍ਰੇਰਨਾ ਲੈਣੀ ਹੈ ਤਾਂ ਇਹ ਹੀ ਹੈ ਕਿ ਸੱਚ ਦਾ ਪੱਲਾ ਫੜੀਏ। ਅਜਿਹਾ ਕਰਨਾ ਕਦੇ ਵੀ ਦੇਰੀ ਵਾਲੀ ਗੱਲ ਨਹੀਂ। ਸਾਡਾ ਸੰਕਲਪ ਸੱਚ ਹੋਣਾ ਚਾਹੀਦਾ ਹੈ।

"ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੈ ਨਾ ਪਾਟੈ।"

**ਵਰਿਆਮ ੨ ਨਵੰਬਰ ੨੦੦੦**



Sri Satguru Jagjit Singh Ji eLibrary NamdhariElibrary@gmail.com



ਪ੍ਰਸਿਧ ਪੰਜਾਬੀ ਲੇਖਕ ਪ੍ਰਿੰ. ਸੰਤ ਸਿੰਘ ਸੇਖੋਂ ਅੰਤਲੇ ਦਿਨੀਂ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ। ਇਸ ਸਮੇਂ ਨਾਲ ਬੈਠੇ ਹਨ ਸ. ਜਗਦੀਸ਼ ਸਿੰਘ ਵਰਿਆਮ ਅਤੇ ਸੰਤ ਤਰਸੇਮ ਸਿੰਘ ਜੀ।




ਪੰਜਾਬੀ ਲੇਖਕ ਸਭਾ ਜਲੰਧਰ ਦੀ ਇਕ ਮੀਟਿੰਗ ਦਾ ਪ੍ਰਧਾਨਗੀ ਮੰਡਲ ਡਾ, ਸੁਹਿੰਦਰਬੀਰ, ਡਾ. ਡੀ. ਬੀ. ਰਾਏ, ਡਾ. ਸਤਿੰਦਰ ਸਿੰਘ ਅਤੇ ਸ. ਜਗਦੀਸ਼ ਸਿੰਘ ਵਰਿਆਮ।

Sri Satguru Jagjit Singh Ji eLibrary NamdhariElibrary@gmail.com



ਤਾਸ਼ਕੰਦ ਵਿਚ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਬੁੱਤ ਕੋਲ ਖੜ੍ਹੇ ਸ. ਜਗਦੀਸ਼ ਸਿੰਘ ਵਰਿਆਮ, ਨਾਲ ਖੜ੍ਹੇ ਹਨ ਸ੍ਰੀ ਜੈ ਕਿਸ਼ਨ ਸੈਣੀ ਅਤੇ ਪੱਤਰਕਾਰ ਅਮਰ ਸਿੰਘ ਮੋਗਾ ਆਦਿ।



ਸਾਹਿਤ ਸਭਾ ਨਿੱਝਰਾਂ ਵਲੋਂ ਕਰਵਾਏ ਸਾਹਿਤ ਸਮਾਗਮ ਵਿਚ ਕਰੈਨਲ ਸਿੰਘ ਨਿੱਝਰ ਦੀ ਪੁਸਤਕ ਠਾਕੀਆਂ ਜੀਭਾਂ ਰਲੀਜ਼ ਕਰਦੇ ਹੋਏ ਸੰਪਾਦਕ ਵਰਿਆਮ ਸ. ਜਗਦੀਸ਼ ਸਿੰਘ। ਨਾਲ ਖੜ੍ਹੇ ਹਨ ਡਾ. ਜਗਤਾਰ ਅਤੇ ਕਰਨੈਲ ਸਿੰਘ ਨਿੱਝਰ।



ਵਰਿਆਮ ਦੇ ਪਰਮ ਸਨੇਹੀ ਪ੍ਰਸਿਧ ਕੰਟਰੈਕਟਰ ਸ. ਹਰਭਜਨ ਸਿੰਘ ਔਰੰਗਾਬਾਦ ਨਾਲ ਵਾਰਤਾਲਾਪ ਰਕਦੇ ਹੋਏ ਸੰਪਾਦਕ ਵਰਿਆਮ।



ਸ੍ਰੀ ਭੈਣੀ ਸਾਹਿਬ ਵਿਚ ਇਕ ਮਿਲਣੀ ਸਮੇਂ ਸੰਪਾਦਕ ਵਰਿਆਮ, ਡਾ. ਲਖਵਿੰਦਰ ਜੌਹਲ, ਫਿਲਮ ਨਿਰਦੇਸ਼ਕ ਜਗਜੀਤ ਸਿੰਘ ਅਤੇ ਅਮਰੀਕਾ ਰਹਿੰਦੇ ਪੰਜਾਬੀ ਕਵੀ ਸੁਖਵਿੰਦਰ ਕੰਬੋਜ।

Sri Satguru Jagjit Singh Ji eLibrary NamdhariElibrary@gmail.com



ਬੀਬੀ ਲੁਦਮਿਲਾ (ਮਾਸਕੋ ਰੇਡੀਓ) ਦੇ ਸਨਮਾਨ ਵਿਚ ਜਲੰਧਰ ਵਿਚ ੨੯.੭.੭੯ ਨੂੰ ਹੋਏ ਸਮਾਗਮ ਵਿਚ ਵਰਿਆਮ ਸੰਪਾਦਕ ਲੁਦਮਿਲਾ ਨੂੰ ਵਰਿਆਮ ਦੀ ਕਾਪੀ ਭੇਂਟ ਕਰਦੇ ਹੋਏ।



ਨਵੀਂ ਦਿਲੀ ਵਿਚ ਹੋਏ ਨਾਮਧਾਰੀ ਇਤਿਹਾਸ ਸੰਬੰਧੀ ਸੈਮੀਨਾਰ ਵਿੱਚ ਭਾਗ ਲੈ ਰਹੇ (ਖਬਿਓਂ) ਸ. ਮਨਮੋਹਨ ਸਿੰਘ ਨਾਮਧਾਰੀ ਏਜੰਸੀਜ਼, ਡਾ. ਅਮਰ ਭਾਰਤੀ, ਜਗਦੀਸ਼ ਸਿੰਘ ਵਰਿਆਮ, ਦਵਿੰਦਰ ਸਿੰਘ ਗਿਲ ਜੀਆ ਨੱਥਾ ਆਦਿਕ।



ਜੰਮੂ ਦੀ ਨਾਮਧਾਰੀ ਸੰਗਤ ਨਾਲ ਇਕ ਤਸਵੀਰ : ਖਬਿਓ ਸੰਤ ਕਪੂਰ ਸਿੰਘ ਭੈਣੀ ਸਾਹਿਬ, ਸੰਤ ਕਸ਼ਮੀਰ ਸਿੰਘ, ਸ. ਜਗਦੀਸ਼ ਸਿੰਘ ਵਰਿਆਮ, ਸੰਤ ਤਾਰਾ ਸਿੰਘ, ਸੰਤ ਗੁਰਦੇਵ ਸਿੰਘ, ਸੰਤ ਨਿਰਮਲ ਸਿੰਘ, ਸੂਬਾ ਸੁਖਦੇਵ ਸਿੰਘ, ਸੰਤ ਚਰਨ ਸਿੰਘ, ਸੰਤ ਕੁਲਦੀਪ ਸਿੰਘ ਅਤੇ ਸੰਤ ਸਵਰਨ ਸਿੰਘ।

Sri Satguru Jagjit Singh Ji eLibrary NamdhariElibrary@gmail.com



ਪ੍ਰੀਤਮ ਸਿੰਘ ਕਵੀ ਵਿਦਾਇਗੀ ਸਮਾਰੋਹ ਵਿਚ ਸ੍ਰੀ ਵਿਜੇ ਚੋਪੜਾ ਸ੍ਰੀ ਪ੍ਰੀਤਮ ਸਿੰਘ ਕਵੀ, ਸ. ਸਾਧੂ ਸਿੰਘ ਹਮਦਰਦ ਸ. ਜਗਦੀਸ਼ ਸਿੰਘ ਵਰਿਆਮ।



ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰਜੁਬਲੀ ਸਮਾਗਮ (੧੯੮੧) ਜਲੰਧਰ ਸਮੇਂ
ਡਾ. ਕਰਨੈਲ ਸਿੰਘ ਥਿੰਦ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸ. ਜਗਦੀਸ਼ ਸਿੰਘ ਵਰਿਆਮ,
ਸ਼ਾਹਬਾਜ਼ ਮਲਿਕ ਮੁਖੀ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਲਾਹੌਰ, ਪਾਕਿਸਤਾਨੀ ਲੇਖਕ ਅਨਵਰ ਬੇਗ।



੧੯੭੩ ਵਿਚ ਜੰਲਧਰ ਵਿਖੇ ਹੋਏ ਇਕ ਸਾਹਿਤ ਸਮਾਗਮ 'ਚ ਖਬਿਓਂ-ਖਲੋਤੇ ਇਕ ਛੱਡ ਕੇ ਵਰਿੰਦਰ ਵਾਲੀਆ, ਡੀ. ਆਰ ਧਵਨ, ਸੁਖਵੰਤ, ਮਨਮੋਹਨ ਸਿੰਘ, ਮਹਿੰਦਰ ਭੱਟੀ, ਅਮਰਜੀਤ ਸੰਧੂ, ਅਵਤਾਰ ਜੌੜਾ, ਆਰਿਫ ਗੋਬਿੰਦਪੁਰੀ, ਫਕੀਰ ਚੰਦ ਤੁਲੀ, ਰਣਜੀਤ ਕੋਮਲ, ਉਲਫਤ ਬਾਜਵਾ, ਜਗੀਰ ਸੱਧਰ ਅਤੇ ਹੋਰ। ਬੈਠੇ ਸ੍ਰੀ ਮਾਲੀ, ਵੈਦ ਕਿਹਰ ਸਿੰਘ ਮੋਤੀ, ਇਕਬਾਲ ਘਾਰੂ, ਵਿਜੇ ਨਿਰਬਾਦ, ਨਵਰਾਹੀ ਘੁਗਿਆਨਵੀ, ਕੁਲਦੀਪ ਸਿੰਘ ਬੇਦੀ ਅਤੇ ਜਗਦੀਸ਼ ਸਿੰਘ ਵਰਿਆਮ।

Sri Satguru Jagjit Singh Ji eLibrary NamdhariElibrary@gmail.com

# ਪੁਰਾਣਾ ਮਾਖਿਓਂ

ਅਗਲੇ ਪੰਨਿਆਂ ਤੇ ਅਸੀਂ ਵਰਿਆਮ ਵਿਚ ਛਪੇ ਕੁਝ ਮੁਢਲੇ ਦੌਰ ਦੇ ਸੰਪਾਦਕੀ, ਕੁਝ ਲੇਖ, ਕੁਝ ਪਾਠਕਾਂ ਦੀਆਂ ਚਿੱਠੀਆਂ ਅਤੇ ਕੁਝ ਖਬਰਾਂ ਪ੍ਰਕਾਸ਼ਤ ਕਰ ਰਹੇ ਹਾਂ ਤਾ ਕਿ ਵਰਿਆਮ ਦੇ ਵਿਕਾਸ ਦੀ ਝਲਕ ਵੀ ਪੈ ਸਕੇ ਅਤੇ ਕੁਝ ਪਿਛਲੇ ੨੫ ਸਾਲਾਂ ਦੇ ਇਤਿਹਾਸ ਦੀ ਟੋਹ ਵੀ ਲਗ ਸਕੇ।

—ਸੰਪਾਦਕ



Sri Satguru Jagjit Singh Ji eLibrary NamdhariElibrary@gmail.com

# ਪਰਵੇਸ਼

'ਵਰਿਆਮ' ਦਾ ਪਹਿਲਾ ਪਰਚਾ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਂਦਿਆਂ ਬੜੀ ਖੁਸ਼ੀ ਅਨੁਭਵ ਕਰ ਰਹੇ ਹਾਂ। ਆਪਣੇ ਸਰਪ੍ਰਸਤਾਂ, ਹਿਤੂਆਂ ਅਤੇ ਮਿਤਰਾਂ ਦੇ ਆਸਰੇ ਹੀ ਅਸੀ ਇਹ ਪਰਚਾ ਸ਼ੁਰੂ ਕਰਨ ਦਾ ਉਪਰਾਲਾ ਕਰ ਸਕੇ ਹਾਂ। ਸਾਡਾ ਯਤਨ ਹੋਵੇਗਾ ਕਿ ਅਸੀਂ ਨਰੋਏ ਸਾਹਿਤ ਰਾਹੀਂ ਪੰਜਾਬੀ ਬੋਲੀ ਅਤੇ ਲੋਕਾਂ ਦੀ ਸੇਵਾ ਕਰ ਸਕੀਏ। ਧਰਮ, ਸਾਹਿਤ, ਗਿਆਨ, ਵਿਗਿਆਨ, ਸਭਿਆਚਾਰ ਦੇ ਨਾਲ ਨਾਲ ਦੇਸ਼ ਵਿਦੇਸ਼ ਬਾਰੇ ਹੋਰ ਜਾਣਕਾਰੀ ਦੇਣ ਦਾ ਯਤਨ ਕਰਾਂਗੇ। ਸੌੜੀ ਪਾਰਟੀ ਬਾਜ਼ੀ, ਧੜੇਬੰਦੀ, ਫਿਰਕੇਦਾਰੀ ਤੋਂ ਨਿਰਲੇਪ ਰਹਿੰਦਿਆਂ ਹੋਇਆਂ **ਵਰਿਆਮ** ਆਪਣਾ ਅਗਾਂਹ ਵਧੂ ਦ੍ਰਿਸ਼ਟੀਕੋਣ ਰੱਖੇਗਾ।

ਇਸ ਸਾਲ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਮਨਾ ਰਹੇ ਹਾਂ। ਉਹਨਾਂ ਦੀ ਵਰਿਆਮ ਸਪਿਰਟ ਨੇ ਦੇਸ਼ ਦੀ ਕਾਇਆ ਪਲਟ ਦਿੱਤੀ ਅਤੇ ਵਰਿਆਮਾਂ ਦੀ ਕੌਮ ਨੂੰ ਹੀ ਜਨਮ ਦਿੱਤਾ। ਅਤੇ ਫੇਰ ਅਣਗਿਣਤ ਸੂਰਬੀਰਾਂ ਨੇ ਖੁਸ਼ੀ ਖੁਸ਼ੀ ਅੱਗੇ ਵਧ ਵਧ ਕੇ ਆਪਣੇ ਜੀਵਨ ਦੀਆਂ ਆਹੂਤੀਆਂ ਦੇਸ਼ ਦੇ ਲੇਖੇ ਲਾਈਆਂ। ੧੮੭੨ ਵਿਚ ਅੰਗਰੇਜ਼ ਦੀਆਂ ਤੋਪਾਂ ਸਾਹਮਣੇ ਆਪੂੰ ਰਖੀਆਂ ਇੱਟਾਂ ਉਪਰ ਖਲੋ ਕੇ ਸ਼ਹਾਦਤ ਤੇ ਬਜ਼ਿਦ ਹੋਣ ਵਾਲੇ ਦਾ ਤਾਂ ਨਾਮ ਹੀ ਵਰਿਆਮ ਸਿੰਘ ਸੀ। ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਗਿਣ ਮਿਥ ਕੇ ਸ਼ਹੀਦੀ ਪਾਉਣ ਦੀ ਇਸ ਪਿਤ ਨੂੰ ਹੋਰ ਵੀ ਅਗੇ ਵਧਾਇਆ ਸ਼ਹੀਦ ਭਗਤ ਸਿੰਘ ਤੇ ਉਸ ਦੀ ਪਾਰਟੀ ਨੇ। ਦੇਸ਼ ਭਗਤ ਗਦਰੀ ਬਾਬਿਆਂ ਨੇ ਲਾਸਾਨੀ ਕੁਰਬਾਨੀਆਂ ਦਿੱਤੀਆਂ ਅਤੇ ਅਣਗਿਣਤ ਹੋਰ ਜਾਣੇ ਅਣਜਾਣੇ ਸ਼ਹੀਦਾਂ ਸੂਰਬੀਰਾਂ ਤੇ ਵਰਿਆਮਾਂ ਨੇ ਆਪਣਾ ਸਰੀਰ ਆਜ਼ਾਦੀ ਦੀ ਦੇਵੀ ਦੇ ਦਰ ਤੇ ਭੇਟ ਕੀਤਾ।

ਅੰਤਰਰਾਸ਼ਟਰੀ ਪੱਧਰ ਤੇ ਹੁਣੇ ਹੁਣੇ ਹੀ ਵੀਅਤਨਾਮ ਦੇ ਜੁਝਾਰੂ ਸੰਗਰਾਮੀਆਂ ਨੇ ਆਪਣੀਆਂ ਬੇ-ਮਿਸਾਲ ਕੁਰਬਾਨੀਆਂ ਨਾਲ ਰਾਂਗਲਾ ਇਤਿਹਾਸ ਸਿਰਜ ਕੇ ਸਾਬਤ ਕਰ ਦਿੱਤਾ ਹੈ ਕਿ ਦੁਨੀਆਂ ਦੀ ਵੱਡੀ ਤੋਂ ਵੱਡੀ ਤਾਕਤ ਵੀ ਵਰਿਆਮਾਂ ਦੇ ਸਿਰੜ ਅੱਗੇ ਨਹੀਂ ਟਿਕ ਸਕਦੀ।

ਅਸੀਂ ਉਸੇ ਸਪਿਰਟ, ਸਿਰੜ ਅਤੇ ਸਿਦਕ ਨਾਲ ਪੰਜਾਬੀ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰ ਰਹੇ ਹਾਂ। ਉਹਨਾਂ ਮਹਾਨ ਵਰਿਆਮਾਂ ਦੇ ਸੁਪਨਿਆਂ ਦਾ ਭਾਰਤ ਬਨਾਉਣ ਲਈ ਅਤੇ ਜਿਨ੍ਹਾਂ ਆਦਰਸ਼ ਲਈ ਉਹ ਜੂਝੇ ਸਨ ਉਨ੍ਹਾਂ ਦੀ ਪ੍ਰਾਪਤੀ ਲਈ ਆਪਣੇ ਦੇਸ਼ ਦੇ ਇਤਿਹਾਸ, ਧਰਮ, ਗਿਆਨ, ਵਿਗਿਆਨ ਅਤੇ ਸੱਭਿਆਚਾਰ ਨੂੰ ਦਰਸਾਉਂਦਿਆਂ ਹੋਇਆਂ ਵਧੀਆ ਤੇ ਨਰੋਆ ਸਾਹਿਤ ਪਾਠਕਾਂ ਦੇ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਇਸ ਪਰਚੇ ਰਾਹੀਂ ਕੀਤਾ ਗਿਆ ਹੈ।

ਆਪਣੇ ਪਾਠਕਾਂ, ਲੇਖਕਾਂ, ਮਿੱਤਰਾਂ ਤੇ ਹਿਤੂਆਂ ਦੀ ਸਰਪ੍ਰਸਤੀ ਅਤੇ ਆਸ਼ੀਰਵਾਦ ਦੇ ਬਲ ਬੋਤੇ ਹੀ ਅਸੀਂ ਕਾਮਯਾਬੀ ਦੀ ਕਾਮਨਾ ਕਰ ਰਹੇ ਹਾਂ। —*ਸੰਪਾਦਕ*

**ਸਾਲ ਪਹਿਲਾ, ਅੰਕ ਪਹਿਲਾ**

**ਨਵੰਬਰ 1975**



Sri Satguru Jagjit Singh Ji eLibrary NamdhariElibrary@gmail.com

# ਦਾਜ ਵਿਰੋਧੀ ਕਾਨੂੰਨ

—ਜਗਦੀਸ਼ ਸਿੰਘ

ਅੰਤਰਰਾਸ਼ਟਰੀ ਇਸਤਰੀ ਵਰ੍ਹੇ ਵਿਚ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਦਾਜ ਦਹੇਜ ਨੂੰ ਕਾਨੂੰਨੀ ਤੌਰ 'ਤੇ ਬੰਦ ਕਰਨ ਵਾਸਤੇ ਭਰੋਸਾ ਦਿੱਤਾ ਹੈ। ਪੰਜਾਬ ਇਸਤਰੀ ਸਭਾ, ਨਾਮਧਾਰੀ ਦਰਬਾਰ ਅਤੇ ਹੋਰ ਅਨੇਕਾਂ ਨੌਜਵਾਨ ਜਥੇਬੰਦੀਆਂ ਵੱਲੋਂ ਅਤੇ ਨੌਜੁਆਨਾਂ ਦੇ ਵੱਖ-ਵੱਖ ਗਰੁੱਪਾਂ ਵੱਲੋਂ ਵੀ ਇਸ ਗੱਲ ਦੀ ਪ੍ਰੁਸ਼ਟੀ ਲਈ ਚੰਗਾ ਹੁੰਗਾਰਾ ਆਇਆ ਹੈ ਅਤੇ ਕਈਆਂ ਨੇ ਨਾ ਦਾਜ ਲੈਣ ਦਾ ਪ੍ਰਣ ਕੀਤਾ ਹੈ ਅਤੇ ਲੜਕੀਆਂ ਨੇ ਦਾਜ ਦੇ ਚਾਹਵਾਨ ਮੁੰਡਿਆਂ ਨਾਲ ਸ਼ਾਦੀ ਨਾ ਕਰਨ ਦੇ ਪ੍ਰਣ ਲਏ ਹਨ।

ਦਾਜ ਦਹੇਜ ਦੀ ਰਸਮ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ ਪਰ ਹੁਣ ਇਸ ਨੇ ਆ ਕੇ ਗਰੀਬਾਂ ਦਾ ਜੀਣਾ ਦੁਖਰ ਕਰ ਛੱਡਿਆ ਹੈ। ਅਨੇਕਾਂ ਨੌਜੁਆਨ ਵਿਆਹੁਤਾ ਅਤੇ ਅਣਵਿਆਹੁਤਾ ਲੜਕੀਆਂ ਇਸ ਦੀ ਬਲੀ ਚੜ੍ਹ ਚੁਕੀਆਂ ਹਨ। ਅੱਜ ਦੇ ਸਮੇਂ ਵਿਚ ਆਮ ਵਿਆਹ ਵੀ ਬਹੁਤ ਖਰਚੀਲਾ ਹੋ ਗਿਆ ਹੈ। ਆਜ਼ਾਦੀ ਪਿੱਛੋਂ ਭਾਵੇਂ ਵਿਦਿਆ ਦਾ ਪਸਾਰ ਵਧਿਆ ਹੈ ਲੋਕਾਂ ਵਿਚ ਆਰਥਿਕ ਤੌਰ 'ਤੇ ਖੁਸ਼ਹਾਲੀ ਆਈ ਹੈ। ਪਰ ਇਸ ਦੇ ਨਾਲ-ਨਾਲ ਹੀ ਫਜ਼ੂਲ ਰਸਮਾਂ ਰਿਵਾਜਾਂ ਵਿਚ ਵੀ ਕਹਿਰਾਂ ਦਾ ਵਾਧਾ ਹੋਇਆ ਹੈ ਅਤੇ ਰੁਪਏ ਦੇ ਗੰਵਾਰੂ ਵਖਾਲੇ ਨੂੰ ਹੀ ਤਰੱਕੀ ਦੀ ਨਿਸ਼ਾਨੀ ਸਮਝਿਆ ਜਾਣ ਲੱਗ ਪਿਆ ਹੈ। ਜਿਥੇ ਕੁੜਮਾਈ ਤੇ ਇਕ ਰੁਪਿਆ ਲੜਕੇ ਦੇ ਹੱਥ ਤੇ ਰੱਖ ਕੇ ਫੇਰ ਵਿਆਹ ਵੇਲੇ ਹੀ ਲੜਕੀ ਵਾਲਿਆਂ ਨੂੰ ਖਰਚਾ ਪੈਂਦਾ ਸੀ. ਉਥੇ ਹੁਣ ਲੜਕੀ ਪਸੰਦ ਕਰਨ ਤੋਂ ਸ਼ੁਰੂ ਹੋ ਕੇ ਫਿਰ ਠਾਕਾ ਸ਼ਗਨ ਚੁੰਨੀ ਦੀ 'ਗੁਰਮਰਯਾਦਾ ਅਨੁਸਾਰ' ਰਸਮ ਦੇ ਲੱਕ ਤੋੜੂ ਖਰਚਿਆਂ ਦੇ ਪਿਛੋਂ ਹੀ ਕਿਤੇ ਜਾ ਕੇ ਵਿਆਹ ਦੀ ਵਾਰੀ ਆਉਂਦੀ ਹੈ ਅਤੇ ਉਸ ਵਿਚ ਹਜ਼ਾਰਾਂ ਰੁਪਏ ਦੀ ਬਿਜਲੀ ਫੂਕੀ ਜਾਂਦੀ ਹੈ ਸ਼ਰਾਬ ਉਡਾਈ ਜਾਂਦੀ ਹੈ-ਅਤੇ ਫੇਰ ਦਾਜ ਦੇ ਵਖਾਵੇ ਅਤੇ ਖਰਚੇ ਫਜ਼ੂਲ ਹੱਦ ਤੱਕ ਅੱਪੜ ਗਏ ਹਨ। ਇਸ ਦਾਜ ਦਹੇਜ ਦੀ ਰਸਮ ਦੇ ਐਸੀ ਭੈੜੀ ਸਥਿਤੀ ਵਿਚ ਪੁੱਜਣ ਦੇ ਸਿੱਟੇ ਵਜੋਂ ਕਾਲੇ ਧਨ ਅਤੇ ਨਜਾਇਜ਼ ਧਨ ਇਕੱਠਾ ਕਰਨ ਦੀ ਰੁਚੀ ਵਧੀ ਹੈ। ਇਹ ਕਾਲਿਆਂ ਧੰਦਿਆਂ ਨਾਲ ਬੇਦਰੇਗੀ ਨਾਲ ਕਮਾਇਆ ਧਨ ਵਿਆਹ ਸ਼ਾਦੀਆਂ ਸਮੇਂ ਬੜੀ ਬੇਦਰੇਗੀ ਨਾਲ ਹੀ ਫੂਕਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਸਮਾਜਿਕ ਕੁਰੀਤੀਆਂ ਦੀ ਇਕ ਲੜੀ ਸ਼ੁਰੂ ਹੋ ਜਾਂਦੀ ਹੈ ਅਤੇ ਇਹ ਚੱਕਰ ਇਸ ਤਰ੍ਹਾਂ ਚਲ ਪਿਆ ਹੈ ਕਿ ਇਸ ਵੇਲੇ ਇਸ ਵਿਹੁ ਚੱਕਰ ਨੂੰ ਤੋੜਨ ਵਾਸਤੇ ਇਸ ਤੇ ਭਾਰੀ ਸੱਟ ਮਾਰਨ ਦੀ ਲੋੜ ਹੈ। ਇਸ ਸਾਰੇ ਸਿਸਟਮ ਦਾ ਅਸਰ ਭਾਵੇਂ ਗਰੀਬਾਂ ਲਈ ਬਹੁਤ ਮਾਰੂ ਸਿੱਧ ਹੁੰਦਾ ਹੈ ਪਰ ਹੁਣ ਧਨੀ ... ਮਕ ਤੋਂ ਨਹੀਂ ਬਚੇ ਕਿਉਂਕਿ ਲਾਲਚ ਦੀ ਅੱਜ ਕੋਈ ਸੀਮਾ ਨਹੀਂ ਰਹੀ ਅਤੇ ਜ਼ਿਆਦਾ ਤੋਂ ਜ਼ਿਆਦਾ ਧਨ ਵੀ ਲਾਲਚ ਸਾਹਮਣੇ ਹਚ ਹੋ ਜਾਂਦਾ ਹੈ। ਭਾਵੇਂ ਇਕੱਲੇ ਕਾਨੂੰਨ ਬਨਾਉਣ ਨਾਲ ਗੱਲ ਨਹੀਂ ਬਨਣੀ। ਇਸ ਵਾਸਤੇ ਲੋਕਾਂ ਨੂੰ ਖੁਦ ਸੁਚੇਤ ਹੋ ਕੇ ਜੁਰੱਅਤ ਨਾਲ ਇਸ ਲਾਹਨਤ ਨੂੰ ਖਤਮ ਕਰਨ ਦਾ ਉਪਰਾਲਾ ਵੀ ਕਰਨਾ ਪਵੇਗਾ ਪਰ ਫਿਰ ਵੀ ਕਾਨੂੰਨ ਬਣਾ ਕੇ ਸਰਕਾਰ ਇਸ ਮਸਲੇ ਤੇ ਆਪਣਾ ਫਰਜ਼ ਪੂਰਾ ਕਰਗੀ ਅਤੇ ਲੋਕ ਸਮਰਥਨ ਦੀ ਸ਼ਕਤੀ ਦੇ ਬਲ ਬੋਤੇ ਇਸ ਕੁਚੱਜ ਨੂੰ ਸਮਾਜ ਵਿਚੋਂ ਪੁਟ ਕੇ ... ਵੀ ਸਕਦੀ ਹੈ।

ਇਸ ਵੇਲੇ ਐਮਰਜੈਂਸੀ ਕਰਕੇ ਜਦੋਂ ਸਰਕਾਰ ਦੇ ਹੱਥ ਹੋਰ ਵੀ ਬਹੁਤ ਲੰਬੇ ਹੋ ਗਏ ਹਨ ਤਾਂ ਇਸ ਸਭ ਤੋਂ ਵੱਡਾ ਵੱਡਾ ਮੌਕਾ ਹੈ ਇਸ ਬੁਰਿਆਈ ਨੂੰ ਲੰਮੀ ਹੱਥੀਂ ਲੈਣ ਦਾ।

ਇਹ ਗੱਲ ਠੀਕ ਹੈ ਕਿ ਇਸ ਵਾਸਤੇ ਬਹੁਤ ਉਪਰਾਲਾ ਕਰਨਾ ਪਵੇਗਾ। ਇਸ ਗੱਲ ਦਾ ਵਿਰੋਧ ਕਈ ਸ਼ਕਲਾਂ ਵਿਚ ਹੋਵੇਗਾ। ਧੀਆਂ ਨੂੰ ਤਿਲ-ਫੁਲ ਦੇਣ ਦਾ ਬਹਾਨਾ ਬਣਾਇਆ ਜਾਵੇਗਾ ਧੀਆਂ ਦੀ ਵੇਚਾਰਗੀ ਅਤੇ ਅਬਲਾਪਣ ਦੇ ਬਹਾਨੇ ਦਿੱਤੇ ਜਾਣਗੇ। ਪਰ ਇਹ ਸਾਰਾ ਰੋਣਾ ਪਿੱਟਣਾ ਉਸ ਬੰਦੇ ਵਾਂਗ ਹੋਵੇਗਾ ਜਿਸ ਨੇ ਆਪਣੇ ਮਾਤਾ-ਪਿਤਾ ਦੋਹਾਂ ਨੂੰ ਕਤਲ ਕਰ ਦਿੱਤਾ ਹੋਵੇ ਅਤੇ ਪਿਛੋਂ ਯਤੀਮ ਹੋਣ ਦੀ ਬਿਨਾ ਤੇ ਕਾਨੂੰਨ ਦੀ ਪਕੜ ਤੋਂ ਬਚਨਾ ਚਾਹੇ।

ਅੱਜ ਸਾਰੇ ਸਮਾਜ ਨੂੰ ਜਦੋਂ ਸਮਾਜ ਦੀਆਂ ਕਾਲੀਆਂ ਭੇਡਾਂ ਨੇ ਇਸ ਸਟੇਜ ਤੇ ਲਿਆ ਖੜਾ ਕੀਤਾ ਹੈ ਕਿ ਨਿੱਤ ਕੋਈ ਨਾ ਕੋਈ ਔਰਤ 'ਸਟੋਵ ਦੀ ਅੱਗ' ਨਾਲ ਸੜ ਜਾਂਦੀ ਹੈ ਤਾਂ ਇਨ੍ਹਾਂ ਦੀਆਂ ਦਲੀਲਾਂ ਵੱਲ ਬਿਲਕੁਲ ਧਿਆਨ ਨਾ ਦਿੱਤਾ ਜਾਵੇ ਅਤੇ ਜਲਦੀ ਤੋਂ ਜਲਦੀ ਇਕ ਆਰਡੀਨੈਂਸ ਰਾਹੀਂ ਹੀ ਦਾਜ ਦਹੇਜ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਜਾਵੇ। ਇਹ ਹੀ ਇਸਤਰੀ ਵਰ੍ਹੇ ਵਿਚ ਇਸਤਰੀ ਜਾਤੀ ਹਿੱਤ ਸਭ ਤੋਂ ਯੋਗ ਕਦਮ ਹੋਵੇਗਾ।

(ਨਵੰਬਰ 1975)



Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਦੇਵ ਜੀ

—ਜਗਦੀਸ਼ ਸਿੰਘ

ਇਸ ਸ੍ਰਿਸ਼ਟੀ ਤੇ ਵੱਖ-ਵੱਖ ਸਮੇਂ ਅਨੇਕਾਂ ਮਹਾਨ ਪੁਰਖ ਆਏ ਹਨ ਅਤੇ ਆਪਣੀ-ਆਪਣੀ ਅਮਿੱਟ ਛਾਪ ਇਤਿਹਾਸ ਦੇ ਪੰਨਿਆਂ ਤੇ ਛੱਡਦੇ ਹੋਏ ਮਾਨੁਖਤਾ ਦੀ ਅਗਵਾਈ ਕਰਦੇ ਰਹੇ ਹਨ। ਆਪ ਔਖਿਆਂ ਘਾਲਾਂ ਘਾਲ ਕੇ, ਤਸੀਹੇ ਝੱਲ ਕੇ ਅਤੇ ਹਰ ਪ੍ਰਕਾਰ ਦੇ ਜਫਰ ਜਾਨ ਕੇ ਉਨ੍ਹਾਂ ਲੋਕਾਈ ਦੇ ਸੁਖ-ਸ਼ਾਂਤੀ ਅਤੇ ਪ੍ਰਗਤੀ ਦਾ ਮਾਰਗ ਰੁਸ਼ਨਾਇਆ ਹੈ।

ਨਵੀਨ ਸਮਿਆਂ ਵਿਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਯੁਗ ਪਲਟਾਊ ਘਟਨਾ ਹੈ। ਉਨ੍ਹਾਂ ਦੀ ਸਾਰੀ ਜ਼ਿੰਦਗੀ ਅਤੇ ਅਮਲੀ ਜੀਵਨ ਚੋਂ ਨਿਕਲੀਆਂ ਸਿੱਖਿਆਵਾਂ ਸਾਰੀ ਦੁਨੀਆਂ ਦੇ ਲੋਕਾਂ ਲਈ ਚਾਨਣ ਮੁਨਾਰੇ ਦਾ ਕੰਮ ਦੇ ਰਹੀਆਂ ਹਨ। ਪਿਛਲੀਆਂ ਦੋ ਚਾਰ ਸਦੀਆਂ ਵਿਚ ਸਾਡੇ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਕ੍ਰਬੇਰੀ ਸ਼ਖਸੀਅਤ ਅਤੇ ਸਿੱਖਿਆ ਦਾ ਪ੍ਰਭਾਵ ਪ੍ਰਤੱਖ ਹੈ। ਉਨ੍ਹਾਂ ਸਮੇਂ ਦੀ ਅਮੁਘ ਧਾਰਾ ਨੂੰ ਬਦਲਕੇ ਰੱਖ ਦਿੱਤਾ ਹੈ, ਜੇ ਗੁਰੂ ਸਾਹਿਬ ਦੀ ਬਾਣੀ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਤੱਥ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਜਿੱਥੇ ਆਪ ਅਮਨ ਅਤੇ ਸਾਂਝੀਵਾਲਤਾ ਦੇ ਅਵਤਾਰ ਹੋਏ ਹਨ ਉਥੇ ਗਰੀਬ ਨਿਤਾਣਿਆਂ ਅਤੇ ਕਿਰਤੀਆਂ ਦੇ ਹੱਕਾਂ ਦੇ ਰਾਹਨੁਮਾ ਵੀ ਹੋਏ ਹਨ।

ਭਾਰਤ ਧਰਮ ਪਰਾਇਣ ਦੇਸ਼ ਹੈ ਅਤੇ ਹਜ਼ਾਰਾਂ ਸਾਲਾਂ ਤੋਂ ਇਥੇ ਅਨੇਕਾਂ ਮੱਤ ਮਤਾਂਤਰ ਵਧੇ ਫੁੱਲੇ ਹਨ। ਇਹ ਵੇਦਾਂ, ਪੁਰਾਣਾਂ ਸ਼ਾਸਤਰਾਂ, ਉਪਨਿਸ਼ਦਾਂ, ਰਾਮਾਇਣ ਅਤੇ ਗੀਤਾ ਦਾ ਦੇਸ਼ ਹੈ। ਇਥੇ ਸਭਿਅਤਾ ਨੇ ਬਹੁਤ ਪ੍ਰਾਚੀਨ ਸਮੇਂ ਤੋਂ ਹੀ ਅੱਖਾਂ ਖੋਲੀਆਂ। ਸਾਹਿਤ, ਸੱਭਿਆਚਾਰ, ਗਿਆਨ ਵਿਗਿਆਨ ਨੇ ਇਥੇ ਉਨੱਤੀ ਦੀਆਂ ਸਿਖਰਾਂ ਛੋਹੀਆਂ। ਇਥੋਂ ਦੇ ਲੋਕਾਂ ਨੇ ਐਸ਼ਵਰਜ ਦੀਆਂ ਉੱਚੀਆਂ ਉਡਾਰੀਆਂ ਵੀ ਲਾਈਆਂ ਅਤੇ ਰਸਾਤਲ ਦੇ ਡੂੰਘੇ ਖੂਹਾਂ ਵਿਚ ਵੀ ਦਬੇ ਰਹੇ। ਇਸ ਦੇਸ਼ ਨੇ ਸਾਰੀ ਦੁਨਿਆਂ ਨੂੰ ਰੂਹਾਨੀਅਤ ਅਤੇ ਜਾਗ੍ਰਿਤੀ ਦਾ ਉਪਦੇਸ਼ ਵੀ ਦਿੱਤਾ ਅਤੇ ਜਹਾਲਤ ਦੀ ਕਾਲੀ ਬੋਲੀ ਰਾਤ ਵਿਚੋਂ ਵੀ ਲੰਘਿਆ ਹੈ।

ਅਕੀਦੇ, ਰਹੁ ਰੀਤਾਂ, ਰਹਿਣ-ਬਹਿਣ, ਮਰਯਾਦਾ ਅਤੇ ਬੋਲ ਚਲਨ ਦੇ ਪੱਖੋਂ ਇਥੋਂ ਅਨੇਕਾਂ ਮਜ਼ਹਬ, ਫਿਰਕੇ ਬਰਾਦਰੀਆਂ, ਕਬੀਲੇ ਅਤੇ ਕੁਲਾਂ ਬਣੀਆਂ ਅਤੇ ਫਿਰ ਆਪਸੀ ਈਰਖਾ ਦੇ ਫਲ-ਸਰੂਪ ਵਿਦੇਸ਼ੀ ਹਕੂਮਤਾਂ ਦੇ ਜੂਲੇ ਹੇਠ ਆਉਣ ਕਰਕੇ ਵਖੇਪਤਾ ਨੇ ਹੋਰ ਵੀ ਉਗਰ ਰੂਪ ਧਾਰਿਆ ਅਤੇ ਫਿਰ ਸ਼ਾਂਤੀ ਅਤੇ ਅਹਿੰਸਾ ਦਾ ਝੰਡਾ ਬਰਦਾਰ ਦੇਸ਼, ਵਹਿਮਾਂ, ਭਰਮਾਂ, ਧਾਰਮਿਕ ਲੁਟ ਘਸੁੱਟ, ਈਰਖਾ ਅਤੇ ਦਵੈਸ਼ ਦੀ ਅੱਗ ਵਿਚ ਲਟ ਲਟ ਬਲ ਉਠਿਆ ਅਤੇ ਅਗਿਆਨਤਾ ਦਾ ਧੁੰਧੂਕਾਰ ਵਰਤ ਗਿਆ।

ਇਥੇ ਮੰਦਰਾਂ, ਮਸੀਤਾਂ, ਧਰਮਾਚਾਰੀਆਂ ਮੁਲਾਂ ਪਾਂਧਿਆਂ ਤੇ ਨਾਥਾਂ ਦੀ ਘਾਟ ਨਹੀਂ ਸੀ, ਕੇਵਲ ਇਕੋ ਇਕ ਘਾਟ ਸੀ ਸੱਚਾਈ ਦੀ ਜੋ ਖੰਭ ਲਾ ਕੇ ਅਲੋਪ ਹੋ ਗਈ ਜਾਪਦੀ ਸੀ। ਗੁਰੂ ਨਾਨਕ ਜੀ ਦੀ ਆਮਦ ਨੇ ਇਸੇ ਹੀ ਕੂੜ ਜਾਲ ਨੂੰ ਖਤਮ ਕੀਤਾ। ਇਕੋ ਸਤਰ ਵਿਚ ਭਾਈ ਗੁਰਦਾਸ ਨੇ ਇਸ ਘਟਨਾ ਨੂੰ ਵਿਆਖਦਿਆਂ ਆਖਿਆ ਹੈ ਕਿ :-

"ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਇਆ"

ਗੁਰੂ ਨਾਨਕ ਦੇਵ ਜੀ ਦੀ ਇਹ ਦੈਵੀ ਸ਼ਕਤੀ, ਬੁਧੀ ਪ੍ਰਬੀਨਤਾ ਜਾਂ ਤੀਖਨਤਾ ਸੀ ਕਿ ਉਨ੍ਹਾਂ ਦੇ ਤਰਕ ਨੇ ਤਾਂ ਬਚਪਨ ਵਿਚ ਹੀ ਸਭ ਨੂੰ ਹੈਰਾਨ ਅਤੇ ਪ੍ਰਭਾਵਿਤ ਕੀਤਾ। ਪਿਤਾ ਜੀ ਨੇ ਬਥੇਰਾ ਜ਼ੋਰ ਲਾਇਆ ਕਿ ਨਾਨਕ ਸਫਲ ਕਾਰੋਬਾਰੀ ਬਣੇ ਪਰ ਗੁਰੂ ਨਾਨਕ ਦੀ ਨਜ਼ਰ ਇਸ ਦਿੱਸਹਦੇ ਤੋਂ ਪਾਰ ਵੇਖ ਰਹੀ ਸੀ। ਉਸ ਦਾ ਕਾਰਜ ਖੇਤਰ ਅਸੀਮ ਸੀ ਗੁਰੂ ਨਾਨਕ ਦੀ ਆਤਮਾ ਦਰਦਮੰਦਾਂ ਦੀਆਂ ਆਹੀਂ ਸੁਣ ਰਹੀ ਸੀ। ਇਸ ਸੰਸਾਰ ਦੇ ਦੁਖੜੇ ਵੇਖ ਗੁਰੂ ਨਾਨਕ ਜੀ ਨੇ ਇਸ ਤੋਂ ਉਪਰਾਮਤਾ ਨਹੀਂ ਵਖਾਈ, ਇਸ ਨੂੰ ਤਿਆਗ ਕੇ ਦੌੜਨ ਦਾ ਯਤਨ ਨਹੀਂ ਕੀਤਾ ਸਗੋਂ ਆਪਣੇ ਜੀਵਨ ਨੂੰ ਆਪਣੀਆਂ ਦੈਵੀ ਤੇ ਦੁਨਿਆਵੀ ਸ਼ਕਤੀਆਂ, ਭਗਤੀਆਂ, ਕਲਾਵਾਂ, ਕਵਿਤਾ ਅਤੇ ਸੰਗੀਤ ਸਹਿਤ ਪਾਪ ਗਿਰਾਸੀ ਪ੍ਰਿਥਵੀ ਨੂੰ ਨਜਾਤ ਦਿਲਾਉਣ ਲਈ ਨਵੀਂ ਜੰਗ ਵਿਚ ਝੋਕ ਦਿੱਤਾ ਅਤੇ ਫੇਰ ਧਰਤ ਲੋਕਾਈ ਨੂੰ ਸੋਧਣ ਵਾਸਤੇ ਬਾਬਾ ਬਾਲੇ ਮਰਦਾਨੇ ਨੂੰ ਨਾਲ ਲੈ ਕੇ ਸੰਸਾਰ ਰਟਨ ਤੇ ਚੜ ਪਿਆ।



Sri Satguru Jagjit Singh Ji eLibrary NamdhariElibrary@gmail.com

ਅਤੇ ਫੇਰ ਉਸ ਨਾ ਵੇਖਿਆ ਰਾਤ ਤੇ ਨਾ ਵੇਖਿਆ ਦਿਨ ਨਾ ਖਾਣ ਦਾ ਫਿਕਰ ਨਾ ਸੌਣ ਦਾ, ਰੋੜਾਂ ਦੇ ਵਿਛਾਉਣਿਆਂ ਤੇ ਸੌਂ ਕੇ ਅਤੇ ਘਾਹ ਰੇਤ ਦਾ ਆਹਾਰ ਕਰ-ਕਰਕੇ ਲੰਕਾਂ ਤੋਂ ਮਾਨਸਰੋਵਰ ਤੇ ਹਿਮਾਲੀਆਂ ਦੀਆਂ ਗੁਫਾਵਾਂ ਉਧਰੋਂ ਆਸਾਮ ਤੋਂ ਲੈ ਕੇ ਮੱਕੇ ਮਦੀਨੇ ਤੱਕ ਬਾਬਾ ਚੰਹੁ ਕੁੰਟਾਂ ਵਿਚ ਘੁਮਿਆ। ਸਾਰੇ ਵੱਡੇ ਧਰਮ ਅਸਥਾਨਾਂ ਤੇ ਖੁਦ ਜਾ ਕੇ ਸੱਚ ਦੇ ਚਾਨਣ ਦਾ ਪ੍ਰਕਾਸ਼ ਕੀਤਾ। ਇਸ ਸੰਸਾਰ ਯਾਤਰਾ ਸਮੇਂ ਬਾਬੇ ਨੂੰ ਭਾਈ ਲਾਲੋ ਵਰਗੇ ਕਿਰਤੀ ਸੇਵਕ ਮਿਲੇ ਬਾਬਰ ਜਿਹੇ ਹਮਲਾਵਰੀ ਸੁਲਤਾਨ, ਗੋਰਖ ਅਤੇ ਮਛੰਦਰ ਜਿਹੇ ਨਾਥ, ਕੌਡੇ ਵਰਗੇ ਮਾਸ ਖੋਰੇ ਰਾਖਸ਼, ਸੱਜਣ ਵਰਗੇ ਠੱਗ. ਵਲੀ ਕੰਧਾਰੀ ਜਿਹੇ ਹੰਕਾਰੀ, ਮੱਕੇ ਦੇ ਨਿਮਾਜ਼ੀ, ਹਰਦੁਆਰ ਦੇ ਪਾਂਡੇ, ਕਾਮਰੂਪ ਦੀਆਂ ਸੁੰਦਰੀਆਂ ਤੇ ਬੰਗਾਲ ਦੀਆਂ ਜਾਦੂਗਰਨੀਆਂ, ਕਾਰੂੰ ਜਿਹੇ ਧਨ ਕੁਬੇਰ ਕੰਜੂਸ, ਮੁਲਤਾਨ ਦੇ ਫਕੀਰ ਸਭ ਵਰਗਾਂ ਤੇ ਸ਼੍ਰੇਣੀਆਂ ਨਾਲ ਬਾਬੇ ਦਾ ਵਾਹ ਪਿਆ। ਸਭ ਥਾਈਂ ਗੁਰੂ ਨਾਨਕ ਦੇ ਨਾਮ ਦੀ ਧਾਂਕ ਬੈਠ ਗਈ। ਗੁਰੂ ਨਾਨਕ ਦਾ ਸਤਿਨਾਮ ਦਾ ਉਪਦੇਸ਼ ਅਤੇ ਸਾਂਝੀਵਾਲਤਾ ਦੀ ਦੋਹੀ ਫਿਰ ਗਈ।

ਐਸੀ ਸਰਬ ਸਾਂਝੀ ਸ਼ਖਸੀਅਤ ਪਾਸੋਂ ਸੁਆਲ ਪੁਛਿਆ ਗਿਆ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ?

ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਦੁਨੀਆਂ ਐਵੇਂ ਭੁਲੀ ਫਿਰਦੀ ਹੈ ਬਗੈਰ ਠੀਕ ਅਮਲਾਂ ਦੇ ਪਰਮਾਤਮਾਂ ਦੀ ਦਰਗਾਹ ਅੰਦਰ ਢੋਈ ਨਹੀਂ ਮਿਲੇਗੀ।

"ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝੋਂ ਦੋਨੋਂ ਰੋਈ"

ਗੁਰੂ ਜੀ ਨੇ ਬਹੁਤ ਨਾਟਕੀ ਢੰਗ ਨਾਲ ਆਪਣੀਆਂ ਗੱਲਾਂ ਕੀਤੀਆਂ ਤਾਂ ਜੋ ਬਗੈਰ ਜ਼ਿਆਦਾ ਉਪਦੇਸ਼ ਦੇਣ ਜਾਂ ਭਾਸ਼ਣ ਕਰਨ ਦੇ ਹੀ ਲੋਕਾਂ ਦੀ ਸਮਝ ਵਿਚ ਆ ਸਕਣ।

ਹਰਦਵਾਰ ਜਦ ਵੇਖਿਆ ਕਿ ਲੋਕ ਆਪਣੇ ਪੂਰਵਜਾਂ ਨੂੰ ਪਾਣੀ ਪਹੁੰਚਾਣ ਲਈ ਸੂਰਜ ਵੱਲ ਪਾਣੀ ਸੁਟ ਰਹੇ ਹਨ ਤਾ ਆਪ ਪੱਛਮ ਵੱਲ ਪਾਣੀ ਸੁੱਟਣ ਲੱਗ ਪਏ। ਲੋਕਾਂ ਹਾਸੀ ਕੀਤੀ ਆਪ ਤੋਂ ਪੁਛਿਆ ਐਸਾ ਕਿਉਂ ਕਰ ਰਹੇ ਹੋ। ਗੁਰੂ ਜੀ ਨੇ ਕਿਹਾ ਕਿ ਮੈਂ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਪਹੁਚਾ ਰਿਹਾ ਹਾਂ। ਨਿਸ਼ਚੇ ਹੀ ਉਨ੍ਹਾਂ ਕਿੰਤੂ ਕੀਤਾ ਕਿ ਇਹ ਅਸੰਭਵ ਗੱਲ ਹੈ ਕਿ ਇਹ ਪਾਣੀ ਏਡੀ ਦੂਰ ਪੰਜਾਬ ਵਿਚ ਕਿਵੇਂ ਪਹੁੰਚ ਸਕਦਾ ਹੈ। ਹੁਣ ਗੁਰੂ ਜੀ ਦਾ ਆਪਣੀ ਗੱਲ ਕਰਨ ਦਾ ਸਮਾਂ ਸੀ। ਝਟ ਉਲਟਾ ਪ੍ਰਸ਼ਨ ਕੀਤਾ ਕਿ ਜੇਕਰ ਮੇਰਾ ਪਾਣੀ ਪੰਜਾਬ ਨਹੀਂ ਪਹੁੰਚਦਾ ਤਾਂ ਤੁਹਾਡਾ ਪਾਣੀ ਲੱਖਾਂ ਕਰੋੜਾਂ ਮੀਲ ਦੂਰ ਸੂਰਜ ਨੂੰ ਕਿਵੇਂ ਪਹੁੰਚ ਸਕਦਾ ਹੈ। ਗੱਲ ਖਾਨੇ ਬਿਠਾ ਦਿੱਤੀ।

ਹਾਜੀਆਂ ਦਾ ਨੀਲਾ ਬਾਣਾ ਪਾ ਕੇ ਮੱਕੇ ਪਹੁੰਚ ਗਏ। ਕਾਅਬੇ ਵੱਲ ਪੈਰ ਕਰ ਕੇ ਸੌਂ ਗਏ। ਮੌਲਾਣੇ ਨੇ ਲੱਤ ਮਾਰੀ ਕਿ ਇਥੇ ਇਹ ਕੁਫਰ? ਬਾਬੇ ਨੇ ਪ੍ਰੇਮ ਨਾਲ ਕਿਹਾ ਕਿ ਮੇਰੀਆਂ ਲੱਤਾਂ ਉਧਰ ਕਰ ਦੇ ਜਿਧਰ ਰੱਬ ਨਹੀਂ ਸੀ।

ਇਕ ਜੋਗੀ ਚਾਰ ਲੋਕਾਂ ਦੀਆਂ ਗੱਲਾਂ ਦੱਸਦਾ ਸੀ। ਉਹ ਕਹਿੰਦਾ ਸੀ ਕਿ ਜਦ ਮੈਂ ਸਮਾਧੀ ਲਾਉਂਦਾ ਹਾਂ ਤਾਂ ਮੈਨੂੰ ਸਾਰੇ ਬ੍ਰਹਿਮੰਡ ਦੀ ਖ਼ਬਰ ਹੁੰਦੀ ਹੈ ਕਿ ਕਿਥੇ ਕੀ ਵਾਪਰ ਰਿਹਾ ਹੈ। ਗੁਰੂ ਜੀ ਨੇ ਉਸ ਦੀ ਚਿਪੀ ਲੁਕਾ ਦਿੱਤੀ। ਸਮਾਧੀ ਖੁਲ੍ਹੀ ਜੋਗੀ ਨੂੰ ਆਪਣੀ ਚਿਪੀ ਨਾ ਦਿਸੀ। ਲਗਾ ਏਧਰ ਉਧਰ ਝਾਕਣ। ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਇਸ ਨੂੰ ਕੋਲ ਪਈ ਚਿਪੀ ਦਾ ਗਿਆਨ ਨਹੀਂ ਤਾਂ ਇਹ ਬ੍ਰਹਿਮੰਡ ਦੀ ਖਬਰ ਕਿਵੇਂ ਦੱਸ ਸਕਦਾ ਹੈ।

ਉਨ੍ਹਾਂ ਨੂੰ ਫਰਮਾਇਸ਼ ਪਾਈ ਗਈ ਕਿ ਤੁਸੀਂ ਏਡੇ ਮਸ਼ਹੂਰ ਫਕੀਰ ਹੋ ਤਾਂ ਕੋਈ ਕਰਾਮਾਤ ਵਖਾਵੋ। ਬਾਬੇ ਨੇ ਉਤਰ ਦਿੱਤਾ :

'ਬਾਝੋ ਸਚੇ ਨਾਮ ਦੇ, ਹੋਰੁ ਕਰਾਮਾਤਿ ਅਸਾਂ ਤੇ ਨਾਹੀ'

ਦਰਅਸਲ ਨਾਮ ਅਤੇ ਗੁਰੂ ਦੀ ਮਹੱਤਤਾ ਅਤੇ ਮਹਿਮਾ ਬਾਰੇ ਤਾਂ ਉਨ੍ਹਾਂ ਦੀ ਬਾਣੀ ਵਿਚ ਬਹੁਤ ਹੀ ਲਿਖਿਆ ਹੈ। ਲੋਕਾਂ ਨੂੰ ਫੋਕੇ ਵਹਿਮਾਂ ਭਰਮਾਂ ਵਿਚੋਂ ਨਿਕਲ ਕੇ ਨਾਮ ਅਤੇ ਗੁਰੂ ਦੀ ਸ਼ਰਣ ਆਦਿ ਲਈ ਪ੍ਰੇਰਿਆ ਉਨ੍ਹਾਂ ਕਿਹਾ ਕਿ "ਜਪਹੁ ਤ ਏਕੋ ਨਾਮਾ। ਅਵਰਿ ਨਿਰਾਫਲ ਕਾਮਾ।"

ਨਾਮ ਅਤੇ ਗੁਰੂ ਦੇ ਰਿਸ਼ਤੇ ਨੂੰ ਆਪਣੀ ਬਾਣੀ ਵਿਚ ਇੰਝ ਦਰਸਾਇਆ ਹੈ :

ਗੁਰ ਪੂਰੇ ਹਰਿਨਾਮੁ ਦਿੜਾਇਆ
ਹਰਿ ਨਹਿਚਲੁ ਹਰਿ ਧਨੁ ਪਲੈ ਜੀਓ

ਅਤੇ ਗੁਰੂ ਨੇ ਇਕ ਬੁਝਾਰਤ ਵੀ ਦੱਸੀ ਕਿ ਅਸਲੀ ਨਿਰਧਨ ਉਹ ਹੈ ਜਿਸ ਦੇ ਪੱਲੇ ਨਾਮ ਨਹੀਂ।



Sri Satguru Jagjit Singh Ji eLibrary NamdhariElibrary@gmail.com

"ਬਿਨ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ"

ਵੱਡੀਆ ਵਡਿਆਈਆਂ ਵਾਲੇ ਸਤਿਗੁਰੂ ਦੀ ਸਿਫਤ ਸਲਾਹ ਕਰਨ ਵਾਲੇ ਗੁਰੂ ਨਾਨਕ ਨੇ ਇਕ ਨਵੀਂ ਪਿਰਤ ਤੋਰੀ। ਉਨ੍ਹਾਂ ਨੇ ਭਾਈ ਲਹਿਣੇ ਨੂੰ ਗੁਰੂ ਥਾਪ ਕੇ ਅਪਨਾ ਹੀ ਅੰਗ-ਅੰਗਦ ਥਾਪ ਦਿੱਤਾ ਅਤੇ ਸਦਾ ਵਾਸਤੇ ਸੱਚਾਈ ਦੇ ਚਾਨਣ ਦਾ ਪਾਸਾਰ ਕਰਨ ਲਈ ਅੱਗੇ ਤੋਂ ਅੱਗੇ ਗੁਰੂ ਪ੍ਰਨਾਲੀ ਹੀ ਤੋਰ ਦਿੱਤੀ।

ਸੰਸਾਰ ਵਿਚ ਰਹਿਣ ਲਈ ਇਥੇ ਆਮ ਲੋਕਾਂ ਵਾਂਗ ਕਿਰਤ ਕਰਦੇ ਰਹੇ ਪਰ 'ਨਿਰੰਕਾਰਿ ਦੇ ਦੇਸ' ਜਾਣ ਵਾਸਤੇ ਜੋ ਉਨ੍ਹਾ ਰਾਸ ਦੱਸੀ ਉਹ ਕਰਮ ਕਾਂਡੀ ਨਹੀਂ ਸੀ। ਸਗੋਂ ਉਨ੍ਹਾਂ ਦੱਸਿਆ ਕਿ ਮਨ ਹਲਵਾਹੁਕ ਹੋਵੇ, ਅਸਲੀ ਜੀਵਨ ਕਿਰਸਾਨੀ ਹੋਵੇ, ਧਰਮ ਦਾ ਪਾਣੀ ਹੋਵੇ ਅਤੇ ਖੇਤ ਅਪਨਾ ਸਾਰਾ ਸਰੀਰ। ਇਸ ਵਿਚ ਨਾਮ ਦਾ ਬੀਜ ਪਾਇਆ ਜਾਵੇ ਉਪਰ ਸੰਤੋਖ ਦਾ ਸੁਹਾਗਾ ਫੇਰਿਆ ਜਾਵੇ ਅਤੇ ਉਸ ਖੇਤ (ਸਰੀਰ) ਦੀ ਰਖਿਆ ਲਈ ਵਾੜ ਗਰੀਬਾਨਾ ਵੇਸ ਹੋਵੇ। ਬਾਬੇ ਆਖਿਆ :

ਬਾਬਾ ਮਾਇਆ ਸਾਥਿ ਨ ਹੋਵੇ॥

ਇਨਿ ਮਾਇਆ ਜਗੁ ਮੋਹਿਆ, ਵਿਰਲਾ ਬੂਝੈ ਕੋਇ॥

ਬਿਨਸ ਰਹੀ ਉਮਰ ਨੂੰ ਹੱਟੀ ਬਣਾਕੇ ਉਸ ਵਿਚ ਸਚੇ ਨਾਮ ਦਾ ਸੌਦਾ ਸੁਰਤੀ ਅਤੇ ਸੋਚ ਦੇ ਭਾਂਡੇ ਵਿਚ ਪਾ ਕੇ ਰੱਖ। ਜੇ ਤੂੰ ਸਚਾ ਵਪਾਰ ਕਰਨਾ ਹੈ ਤਾਂ ਐਸੇ ਵਪਾਰੀਆਂ ਨਾਲ ਕਰ ਜਿਸ ਨਾਲ ਫਾਇਦਾ ਹੋਵੇ। ਸ਼ਾਸਤਰਾਂ ਤੇ ਧਰਮ ਪੁਸਤਕਾਂ ਨੂੰ ਸੁਨਣ ਦੀ ਸੌਦਾਗਰੀ ਲੈ ਕੇ ਸਚਿਆਈਆਂ ਦੇ ਘੋੜੇ ਤੇ ਰੱਖ ਕੇ ਚਲ ਅਤੇ ਰਾਹ ਦੇ ਖਰਚ ਵਾਸਤੇ ਇਹ ਪਲੇ ਬਨ ਲੈ।

"ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ

ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ"

ਪੰਡਤ ਜਜਮਾਨਾਂ ਤੋਂ ਚੌਲ, ਕਣਕ, ਘਿਉ, ਕੱਪੜਾ, ਗਊਆਂ, ਲਵੇਰੀਆਂ ਆਦਿਕ ਦਾਨ ਲਿਆ ਕਰਦੇ ਸਨ। ਗੁਰੂ ਜੀ ਨੇ ਕਿਹਾ ਉਹ ਲੋਕੋ ਜੇ ਦਾਨ ਲੈਣਾ ਹੈ ਤਾਂ ਜਤ ਸਤ ਦਾ ਚਾਵਲ ਮੰਗਿਆ ਕਰੋ ਕਣਕ ਦੀ ਥਾਂ ਦਇਆ ਦੀ ਪ੍ਰਾਪਤੀ ਕਰਿਆ ਕਰੋ। ਚੰਗੇ ਕਰਮਾ ਰੂਪੀ ਦੁਧ ਅਤੇ ਘਿਉ ਦੀ ਥਾਂ ਮਨ ਦਾ ਸੰਤੋਖ ਮੰਗਿਆ ਕਰੋ ਅਤੇ ਜੇ ਹੋਰ ਮੰਗਣਾ ਹੈ ਤਾਂ...

ਖਿਮਾ ਧੀਰਜ ਕਰਿ ਗਊ ਲਵੇਰੀ, ਸਹਜੇ ਬਛਰਾ ਖੀਰੁ ਪੀਐ ਸਿਫਤਿ ਸਰਮ ਕਾ ਕਪੜਾ ਮਾਂਗਉ,

ਹਰਿ ਗੁਣ ਨਾਨਕ ਰਵਤੁ ਹੈ॥

ਇਸਤਰੀ ਜਾਤੀ ਦੀ ਦਸ਼ਾ ਬਹੁਤ ਅਧੋਗਤੀ ਦੀ ਸੀ ਅਤੇ ਉਹ ਮਰਦਾਂ ਵੱਲੋਂ ਘਿਰਨਿਤ ਨਜ਼ਰਾਂ ਨਾਲ ਵੇਖੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸਤਰੀਆਂ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਜਨਨੀ ਨੂੰ ਭੈੜਾ ਕਹਿਣ ਵਾਲਿਆਂ ਤੋਂ ਪ੍ਰਸ਼ਨ ਕੀਤਾ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗੁਰੂ ਸਾਹਿਬ ਦੀ ਸੋਚਣੀ ਵਿਗਿਆਨਕ ਸੀ। ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਉਨ੍ਹਾਂ ਕਿਹਾ ਸੀ ਕਿ 'ਪਾਤਾਲ ਪਾਤਾਲ ਲਖ ਆਗਾਸ ਆਗਾਸ' ਅਤੇ 'ਧਰਤੀ ਹੋਰ ਪਰੈ ਹਰ ਹੋਰ'।

ਆਪਣੇ ਆਪ ਨੂੰ ਨਿਮਾਨਾ ਅਉਗਣਹਾਰਾ ਅਤੇ ਗਰੀਬ ਕਹਿਣ ਵਾਲਾ ਗੁਰੂ ਨਾਨਕ ਲੋਕਾਂ ਤੇ ਜ਼ੁਲਮ ਹੁੰਦਾ ਨਾ ਸਹਾਰ ਸਕਿਆ ਅਤੇ ਉਸ ਨੇ ਰੱਬ ਨੂੰ ਵੀ ਤਾਹਨਾ ਦੇਣ ਤੋਂ ਕਿ

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ।

ਸੰਕੋਚ ਨਾ ਕੀਤਾ। ਉਸ ਸਮੇਂ ਰਾਜਿਆਂ ਨੂੰ ਸ਼ੀਹ ਅਤੇ ਅਹਿਲਕਾਰਾਂ ਨੂੰ ਕੁਤੇ ਕਹਿਣਾ ਕੇਵਲ ਗੁਰੂ ਨਾਨਕ ਦੀ ਹੀ ਜੁਰਅਤ ਸੀ।

ਗੁਰੂ ਨਾਨਕ ਨੇ ਵੱਖ-ਵੱਖ ਦੇਸਾਂ ਫਿਰਕਿਆਂ ਧਰਮਾਂ ਦੀ ਵਖੇਪਤਾ ਵਿਚ ਵੀ ਸਾਂਝ ਦੇਖੀ ਉਸ ਦੀ ਮਾਨਵਤਾ ਦੀ ਸਾਂਝ। ਅੱਜ ਦੁਨੀਆਂ ਜਦੋਂ ਵੱਖ-ਵੱਖ ਨਿਜ਼ਾਮਾਂ ਵਿਚ ਫਸ ਕੇ ਜੰਗ ਦੇ ਕੰਢੇ ਤੇ ਖੜੀ ਹੈ ਤਾਂ ਗੁਰੂ ਨਾਨਕ ਦਾ ਮਾਨਵਤਾ ਦਾ ਸੰਦੇਸ਼ ਹੀ ਕਲਿਆਣਕਾਰੀ ਹੋ ਸਕਦਾ ਹੈ।

(ਨਵੰਬਰ 1975)



Sri Satguru Jagjit Singh Ji eLibrary NamdhariElibrary@gmail.com

# ਮਹਾਨ ਕੁਰਬਾਨੀ

—ਜਗਦੀਸ਼ ਸਿੰਘ

ਅੱਜ ਸਾਰੇ ਦੇਸ਼ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਤੌਰ 'ਤੇ ਉਸ ਮਹਾਨ ਖ਼ੂਨੀ ਸਾਕੇ ਦੀ ਤਿੰਨ ਸੌ ਸਾਲਾ ਯਾਦ ਮਨਾਈ ਜਾ ਰਹੀ ਹੈ ਜਿਸ ਨੇ ਗੁਲਾਮ ਭਾਰਤ ਦੀ ਆਤਮਾ ਨੂੰ ਝੰਝੋੜ ਕੇ ਰੱਖ ਦਿੱਤਾ ਅਤੇ ਮੁਰਦਾ, ਬੇਹਿਸ ਤੇ ਬੇਜਾਨ ਹੋਏ ਲੋਕਾਂ ਵਿਚ ਐਸੀ ਇਨਕਲਾਬੀ ਰੂਹ ਫੂਕ ਦਿੱਤੀ ਕਿ ਉਹ ਲਿਸ਼ਕਦੀਆਂ ਬਿਜਲੀਆਂ ਨੂੰ ਹੱਥ ਪਾਉਣ ਦੀ ਜੁਰਅਤ ਵਾਲੇ ਹੋ ਗਏ। ਇਸ ਸਾਕੇ ਨੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਉਹ ਲੋਕ ਜੋ ਦਾਸਤਾ ਦੇ ਬੰਧਨਾਂ ਨੂੰ ਮਨੋ ਪਰਵਾਨ ਕਰ ਚੁੱਕੇ ਸਨ, ਹਰ ਪ੍ਰਕਾਰ ਦੇ ਜਬਰ-ਜ਼ੁਲਮ ਅਤੇ ਅਨਿਆਏ ਦੇ ਵਿਰੁੱਧ ਜਾਨ ਹੂਲਵਾਂ ਸੰਘਰਸ਼ ਕਰਕੇ ਜ਼ਾਲਮ ਸਾਮਰਾਜਾਂ ਨੂੰ ਲੀਰੋ ਲੀਰ ਕਰਨ ਲਈ ਉਠ ਖਲੋਤੇ।

ਗੁਰੂ ਤੇਗ ਬਹਾਦਰ ਦੀ ਸ਼ਹੀਦੀ ਇਕ ਰਵਾਇਤੀ ਇਤਿਹਾਸਕ ਪ੍ਰਸੰਗ ਨਹੀਂ ਬਲਕਿ ਉਨ੍ਹਾਂ ਦੀ ਸ਼ਹਾਦਤ ਨੇ ਸੰਗਰਾਮਾਂ ਦੇ ਰਾਹ ਖੋਲੇ। ਦਿੱਲੀ ਦੇ ਚਾਂਦਨੀ ਚੌਂਕ ਵਿਚ ਉਨ੍ਹਾਂ ਦੇ ਲਾਲ ਖ਼ੂਨ ਨਾਲ ਲੱਥ-ਪੱਥ ਹੋਈ ਮਿੱਟੀ ਵਿਚੋਂ ਇਕ ਬਹਾਦਰ, ਜੰਗਜੂ ਅਤੇ ਮਰਜੀਵੜੀ ਕੌਮ ਦਾ ਜਨਮ ਹੋਇਆ। ਮੌਤ ਦਾ ਭੈ ਨਾ ਰੱਖਣ ਦਾ ਜੇਹੜਾ ਗੁਰਬਾਣੀ ਵਿਚ ਬਾਰ-ਬਾਰ ਜ਼ਿਕਰ ਆਉਂਦਾ ਹੈ, ਉਸ ਨੂੰ ਅਮਲੀ ਰੂਪ ਵਿਚ ਦੁਨੀਆਂ ਸਾਹਵੇਂ ਪੇਸ਼ ਕੀਤਾ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੇ ਹਿੰਦ ਦੇ ਮੱਥੇ ਤੇ ਲੱਗੀਆਂ ਸਦੀਆਂ ਪੁਰਾਣੀਆਂ ਨਮੋਸ਼ੀਆਂ, ਜ਼ਿੱਲਤਾਂ, ਬੇਇਜ਼ਤੀਆਂ ਦੇ ਕੋਹੜ ਨੂੰ ਸਾਫ਼ ਕਰਕੇ ਇਸ ਦੇ ਗੁਨਾਹਾਂ ਤੇ ਪਰਦਾ ਪਾਇਆ। ਇਸ ਸ਼ਹਾਦਤ ਨੇ ਪੁਰਾਣੀਆਂ ਕੋਝੀਆਂ ਯਾਦਾਂ ਨੂੰ ਲੁਕੋ ਦਿੱਤਾ। ਸੱਚਮੁੱਚ ਹੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਸਨ। ਉਨ੍ਹਾਂ ਇਸ ਦੇਸ਼ ਦੇ ਪਰਦੇ ਢੱਕੇ ਅਤੇ ਇਸ ਦੇਸ਼ ਦੀ ਦੱਬੀ ਤੇ ਪਿਸੀ ਜਨਤਾ ਨੂੰ ਗੌਰਵ ਅਤੇ ਸਵੈਮਾਨ ਬਖ਼ਸ਼ ਕੇ ਜ਼ੁਲਮ ਨਾਲ ਲੋਹਾ ਲੈਣ ਲਈ ਤਿਆਰ ਕਰ ਦਿੱਤਾ।

ਗੁਰੂ ਤੇਗ ਬਹਾਦਰ ਸਮੁੱਚੀ ਮਨੁੱਖਤਾ ਦਾ ਗੌਰਵ ਹਨ। ਉਨ੍ਹਾਂ ਕਿਸੇ ਖਾਸ ਫਿਰਕੇ ਜਾਂ ਧਰਮ ਵਾਸਤੇ ਸ਼ਹੀਦੀ ਨਹੀਂ ਦਿੱਤੀ ਸਗੋਂ ਸਮੁੱਚੀ ਮਾਨਵਤਾ ਦੇ ਬੰਦ ਖਲਾਸ ਵਾਸਤੇ ਇਹ ਮਹਾਨ ਬਲੀਦਾਨ ਦਿੱਤਾ। ਉਨ੍ਹਾਂ ਦਾ ਸਾਰਾ ਜੀਵਨ ਹੀ ਤਿਆਗ, ਵੈਰਾਗ ਪ੍ਰੇਮ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਉਨ੍ਹਾਂ ਦੇ ਮਨ ਵਿਚ ਕਿਸੇ ਪ੍ਰਤੀ ਵੀ ਵੈਰ ਵਿਰੋਧ ਦੀ ਭਾਵਨਾ ਨਹੀਂ ਸੀ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨਾਲ ਪੁਜ ਕੇ ਵੈਰ ਸਹੇੜਿਆ, ਜਿਨ੍ਹਾਂ ਨੇ ਉਨ੍ਹਾਂ ਤੇ ਮਾਰੂ ਹਮਲੇ ਕੀਤੇ, ਗੋਲੀਆਂ ਚਲਾਈਆਂ ਅਤੇ ਜਾਨੋਂ ਮਾਰਨ ਤੋਂ ਵੀ ਸੰਕੋਚ ਨਾ ਕੀਤਾ। ਇਸ ਦੇ ਵਿਪਰੀਤ ਮੱਖਣ ਸ਼ਾਹ ਲੁਬਾਣੇ ਨੇ ਜੋ ਸਮਾਨ ਬਾਬਾ ਧੀਰਮਲ ਦੇ ਡੇਰੇ ਵਿਚੋਂ ਵਾਪਸ ਖੋਹ ਕੇ ਲਿਆਂਦਾ ਉਸ ਨੂੰ ਵੀ ਵਾਪਸ ਕਰਵਾਇਆ। ਸਭ ਤੋਂ ਵੱਡੀ ਤਿਆਗ ਦੀ ਗੱਲ ਉਨ੍ਹਾਂ ਆਦਿ ਗ੍ਰੰਥ ਸਾਹਿਬ ਦੀ ਬੀੜ ਧੀਰਮਲ ਨੂੰ ਵਾਪਸ ਕਰਕੇ ਕੀਤੀ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਬੀੜ ਤਿਆਰ ਕਰਕੇ ਉਸ ਨੂੰ ਅਥਾਹ ਸਤਿਕਾਰ ਦਿੱਤਾ ਅਤੇ ਸਿੱਖਾਂ ਨੂੰ ਇਸ ਇਲਾਹੀ ਬਾਣੀ ਅੱਗੇ ਸਿਰ ਝੁਕਾਉਣ, ਅਪਣੇ ਤੋਂ ਉੱਚੀ ਥਾਂ ਦੇਣ ਅਤੇ ਹਰ ਪ੍ਰਕਾਰ ਇੱਜ਼ਤ ਦੇਣ ਦਾ ਆਦੇਸ਼ ਦਿੱਤਾ। ਗੁਰੂ ਜੀ ਵੱਲੋਂ ਬੀੜ ਪ੍ਰਤੀ ਦਿੱਤੇ ਇਸੇ ਸਤਿਕਾਰ ਨੂੰ ਧੀਰਮਲ ਨੇ ਆਪਣੇ ਹਿੱਤਾਂ ਲਈ ਵਰਤਿਆ। ਚੂੰਕਿ ਇਹ ਪਵਿੱਤਰ ਬੀੜ ਉਸ ਦੇ ਕਬਜ਼ੇ ਵਿਚ ਸੀ, ਇਸ ਵਾਸਤੇ ਉਸਨੇ ਇਸੇ ਹੀ ਕਬਜ਼ੇ ਦੇ ਬਲ ਬੂਤੇ ਆਪਣੀ ਗੁਰਿਆਈ ਪਰਵਾਨ ਕਰਾਣੀ ਚਾਹੀ। ਗੁਰੂ ਤੇਗ ਬਹਾਦਰ ਜੀ ਦੇ ਸਿੱਖਾਂ ਦਾ ਅਤੇ ਮਾਤਾ ਨਾਨਕੀ ਤੱਕ ਦਾ ਵੀ ਇਹ ਹੀ ਖਿਆਲ ਸੀ ਕਿ ਜੇ ਬੀੜ ਉਨ੍ਹਾਂ ਕੋਲ ਰਹਿ ਗਈ ਤਾਂ ਇਹ ਗੁਰੂ ਜੀ ਦੀ ਗੁਰਿਆਈ ਦਾ ਪੱਕਾ ਅੱਕਟ ਪ੍ਰਮਾਣ ਹੋਵੇਗੀ ਅਤੇ ਕਾਰ ਭੇਟ ਆਉਣ ਦਾ ਸਾਧਨ ਬਣੇਗੀ।

ਉਹ ਵਕਤ ਦੇ ਗੁਰੂ ਸਨ। ਇਸ ਲਈ ਬੀੜ ਅਪਣੇ ਕੋਲ ਰੱਖਣ ਲਈ ਹਕਬਜਾਨਬ ਸਨ। ਬੀੜ ਦਾ ਕੋਲ ਹੋਣਾ ਹੀ ਗੁਰਿਆਈ ਦਾ ਪ੍ਰਮਾਣ ਸਮਝਿਆ ਜਾਂਦਾ ਸੀ (ਬਾਬਾ ਧੀਰਮਲ ਇਸ ਗੱਲ ਨੂੰ ਵਰਤ ਵੀ ਰਿਹਾ ਸੀ) ਪਰ ਧੰਨ ਹਨ ਗੁਰੂ ਤੇਗ ਬਹਾਦਰ, ਜਿਨ੍ਹਾਂ ਨੇ ਬੀੜ ਵੀ ਧੀਰਮਲ ਨੂੰ ਵਾਪਸ ਕਰ ਦਿੱਤੀ। ਅੰਮ੍ਰਿਤਸਰ ਗੁਰਦੁਆਰੇ ਅੰਦਰ ਵੀ ਉਨ੍ਹਾਂ ਨੂੰ ਜਾਣ ਨਹੀਂ ਸੀ ਦਿੱਤਾ। ਸੋ ਗੁਰੂ ਤੇਗ ਬਹਾਦਰ ਦੀ ਗੁਰਿਆਈ ਦੇ ਸਮੇਂ ਨਾ ਉਨ੍ਹਾਂ ਕੋਲ ਆਪਣੇ ਪੂਰਵਜ ਬਜ਼ੁਰਗ ਗੁਰੂਆਂ ਦਾ ਕੋਈ ਸਥਾਨ ਸੀ ਅਤੇ ਨਾ ਹੀ ਬੀੜ ਅਤੇ ਨਾ ਹੀ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਦਾ ਆਸਰਾ ਲਿਆ। ਇਹ ਉਨ੍ਹਾਂ ਦੀ ਵਡਿੱਤਣ ਸੀ। ਉਨ੍ਹਾਂ ਨੇ ਸਮੁੱਚੇ ਦੇਸ਼ ਦਾ ਰਟਨ ਕੀਤਾ ਤਾਂ ਉਨ੍ਹਾਂ ਦੀ ਪ੍ਰਤਿਭਾ ਦਿਨੋ ਦਿਨ ਵਧੀ ਹੀ। ਉਹ ਜਿਥੇ-ਜਿਥੇ ਗਏ ਉਨ੍ਹਾਂ ਦੀ ਚਰਨ ਛੋਹ ਨੇ ਥਾਂ-ਥਾਂ ਨਵੇਂ ਗੁਰਦੁਆਰੇ ਸਥਾਪਤ ਕੀਤੇ।

ਉਨ੍ਹਾਂ ਦੀ ਕੁਰਬਾਨੀ ਸਾਨੂੰ ਸਾਂਝੀਵਾਲਤਾ, ਏਕਤਾ, ਰਵਾਦਾਰੀ, ਪ੍ਰੇਮ, ਭਗਤੀ ਅਤੇ ਨਿਰਭੈਤਾ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਦੀ ਸ਼ਹਾਦਤ ਪੁਕਾਰ ਪੁਕਾ ਕੇ ਕਹਿ ਰਹੀ ਹੈ ਕਿ ਇਸ ਸੰਸਾਰ ਵਿਚ ਹਰ ਪੰਥ, ਧਰਮ, ਫਿਰਕੇ ਨੂੰ ਆਪਣੇ-ਆਪਣੇ ਅਕੀਦੇ ਅਨੁਸਾਰ ਜੀਉਣ ਦਾ ਹੱਕ ਹੈ। ਉਨ੍ਹਾਂ ਦੇ ਸ਼ਹੀਦੀ ਗੁਰਪੁਰਬ ਮਨਾਉਣ ਦਾ ਸਭ ਤੋਂ ਵਧੀਆ ਢੰਗ ਹੈ ਉਨ੍ਹਾਂ ਦੇ ਆਦਰਸ਼ਾਂ ਦੀ ਪਾਲਣਾ ਕਰਨਾ।



Sri Satguru Jagjit Singh Ji eLibrary NamdhariElibrary@gmail.com

# ਕੁਛ ਯਾਦ ਉਨ੍ਹੇ ਭੀ ਕਰਲੋ

—ਜਗਦੀਸ਼ ਸਿੰਘ

ਪਿਛਲੇ ਸਾਲ ਜਲੰਧਰ ਦੇ ਬਰਲਟਨ ਪਾਰਕ ਵਿਚ ਭਾਰਤ ਦੇ ਗੀਤ ਤੇ ਨਾਟ ਵਿਭਾਗ ਵੱਲੋਂ ਕਰਨਲ ਗੁਪਤੇ ਦੇ ਨਿਰਦੇਸ਼ਨ ਹੇਠ, ਧੁਨੀ ਤੇ ਪ੍ਰਕਾਸ਼ ਦੁਆਰਾ ਬੜ੍ਹਤੇ ਕਦਮ ਡਰਾਮਾ ਖੇਡਿਆ ਗਿਆ। ਉਸ ਦੇ ਉਦਘਾਟਨੀ ਸ਼ੋ ਸਮੇਂ ਨਾਮਧਾਰੀਆਂ ਦਾ ਤੋਪਾਂ ਸਾਹਮਣੇ ਉਡਾਏ ਜਾਣ ਦਾ ਸੀਨ ਵੇਖ ਕੇ ਜਲੰਧਰ ਦੇ ਇਕ ਉੱਘੇ ਨੇਤਾ ਨੇ ਆਪਣੇ ਨਾਲ ਬੈਠੇ ਹੋਏ ਇਕ ਵਖਿਆਤ ਅਖ਼ਬਾਰ ਨਵੀਸ ਨੂੰ ਹੈਰਾਨੀ ਨਾਲ ਪੁਛਿਆ ਕਿ, ਕੀ ਠੀਕ ਨਾਮਧਾਰੀਆਂ ਨੇ ਏਨੇ ਤਸੀਹੇ ਝੱਲੇ ਹਨ?

ਉਸ ਅਖਬਾਰ ਨਵੀਸ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਤਾਂ ਉਸ ਨੇਤਾ ਦੀ ਹੈਰਾਨੀ ਹੋਰ ਵੀ ਵਧੀ ਕਿ ਉਸ ਨੂੰ ਇਸ ਗੱਲ ਦਾ ਅੱਗੇ ਕਿਉਂ ਨਹੀਂ ਸੀ ਪਤਾ। ਉਸ ਨੇਤਾ ਤੋਂ ਇਲਾਵਾ ਹੋਰ ਵੀ ਲੱਖਾਂ ਲੋਕਾਂ ਨੂੰ ਇਹ ਪਹਿਲੀ ਵਾਰ ਪਤਾ ਲੱਗਾ ਕਿ ਅੰਗਰੇਜ਼ ਦੇ ਵਿਰੁੱਧ ਮੁਕਾਬਲੇ ਹੀ ਹਕੂਮਤ ਖੜੀ ਕਰਨ ਵਾਲੇ, ਸਭ ਤੋਂ ਪਹਿਲਾਂ ਸੁਦੇਸ਼ੀ ਦਾ ਪ੍ਰਚਾਰ ਕਰਨ ਵਾਲੇ, ਅੰਗਰੇਜ਼ ਦੇ ਵਪਾਰ, ਰੇਲ ਗੱਡੀ, ਨਹਿਰਾਂ, ਡਾਕਖਾਨੇ ਅਤੇ ਕਚਹਿਰੀਆਂ ਦੀ ਸਫਲਤਾ ਨਾਲ ਬਾਈਕਾਟ ਕਰਨ ਵਾਲੇ ਅਤੇ ਆਜ਼ਾਦੀ ਸੰਗਰਾਮ ਵਿਚ ਤੋਪਾਂ ਨਾਲ ਉਡਕੇ ਆਪਣੀ ਆਹੂਤੀ ਪਾਉਣ ਵਾਲੇ ਨਾਮਧਾਰੀ ਜਾਂ ਕੂਕੇ ਹੀ ਸਨ ਅਤੇ ਇਸ ਸਭ ਕਾਸੇ ਦਾ ਮੂਲ ਸ੍ਰੋਤ ਸਤਿਗੁਰੂ ਰਾਮ ਸਿੰਘ ਸਨ।

ਅਸਲ ਵਿਚ ਇਤਿਹਾਸ ਬਾਰੇ ਨਾ ਜਾਣਕਾਰੀ ਦਾ ਕਸੂਰ ਉਸ ਨੇਤਾ ਦਾ ਨਹੀਂ ਸੀ ਸਗੋਂ ਅਜੇ ਤੱਕ ਇਸ ਅੰਦੋਲਨ ਦੀ ਮਹੱਤਤਾ ਨੂੰ ਪਛਾਣਿਆ ਹੀ ਨਹੀਂ ਗਿਆ। ਜੇ ਪਛਾਣਿਆ ਗਿਆ ਹੈ ਤਾਂ ਇਸ ਦਾ ਪ੍ਰਚਾਰ ਸੀਮਤ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਅੰਦੋਲਨ ਸਮੁੱਚੇ ਭਾਰਤ ਦੀ ਬੰਦ ਖਲਾਸ ਵਾਸਤੇ ਸੀ। ਤਾਹੀਓਂ ਤਾਂ ਉਨ੍ਹਾਂ ਦੇਸ਼ ਨੂੰ ੨੨ ਸੂਬੇਦਾਰੀਆਂ ਵਿਚ ਵੰਡਿਆ, ਸੁਦੇਸ਼ੀ ਅਤੇ ਨਾ ਮਿਲਵਰਤਨ ਦਾ ਹਥਿਆਰ ਏਜਾਦ ਕੀਤਾ, ਰੂਸ, ਨੇਪਾਲ, ਅਫਗਾਨਿਸਤਾਨ ਅਤੇ ਰਿਆਸਤ ਕਸ਼ਮੀਰ ਨਾਲ ਸੰਬੰਧ ਕਾਇਮ ਕੀਤੇ ਅਤੇ ਮਹਾਰਾਜ ਦਲੀਪ ਸਿੰਘ ਤੱਕ ਵੀ ਸੰਪਰਕ ਕਾਇਮ ਕੀਤਾ। ਉਨ੍ਹਾਂ ਦੇ ਪੈਰੋਕਾਰਾਂ ਨੇ ਫਾਂਸੀਆਂ, ਤੋਪਾਂ, ਕਾਲੇਪਾਣੀਆਂ, ਦੇਸ਼ ਨਕਾਲੇ, ਕੈਦਾਂ ਜੁਰਮਾਨੇ ਅਤੇ ਕੁਰਕੀਆਂ ਦੇ ਤਸੀਹੇ ਝੱਲੇ। ਪੂਰੇ ਪੰਜਾਹ ਸਾਲ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੇ ਪੁਲਿਸ ਦੀ ਸਪੈਸ਼ਲ ਚੌਕੀ ਬੈਠੀ ਰਹੀ ਜਿਸ ਵਿਚ ਚੁਣ ਕੇ ਨਿਰਦਈ ਸਿਪਾਹੀ ਰੱਖੇ ਜਾਂਦੇ ਰਹੇ। ਪਰ ਇਨ੍ਹਾਂ ਮਹਾਨ ਕੁਰਬਾਨੀਆਂ ਦਾ ਇਤਿਹਾਸ ਜਨਤਾ ਸਾਹਮਣੇ ਜ਼ਿਆਦਾ ਸ਼ਿੱਦਤ ਨਾਲ ਨਹੀਂ ਆ ਸਕਿਆ ਇਸ ਦੇ ਕੁਝ ਕਾਰਨ ਹਨ।

ਪਹਿਲਾ ਕਾਰਨ ਤਾਂ ਇਹ ਹੈ ਕਿ ਉਸ ਸਮੇਂ ਪ੍ਰਚਾਰ ਅਤੇ ਪ੍ਰਸਾਰ ਦੇ ਇਨੇ ਵਿਗਿਆਨਕ ਸਾਧਨ ਨਹੀਂ ਸਨ ਅਤੇ ਨਾ ਹੀ ਲੋਕਾਂ ਵਿਚ ਅੱਜ ਵਰਗੀ ਰਾਜਸੀ ਚੇਤਨਤਾ ਸੀ। ਅੰਮ੍ਰਿਤਸਰ, ਰਾਏਕੋਟ, ਲੁਧਿਆਣਾ ਅਤੇ ਮੋਰਿੰਡੇ ਨਾਮਧਾਰੀਆਂ ਨੂੰ ਫਾਂਸੀ ਦੇਣ ਪਿਛੋਂ ਮਲੇਰਕੋਟਲਾ ਵਿਚ ਆਪਣੇ ਸਮੇਂ ਦਾ ਸਭ ਤੋਂ ਦਰਦਨਾਕ ਨਰ-ਸੰਘਾਰ ਹੋਇਆ। ਹਿੰਦੁਸਤਾਨ ਵਿਚ ਸਤਿਗੁਰੂ ਰਾਮ ਸਿੰਘ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ ੧੮੧੮ ਦੇ ਐਕਟ ੩ ਦੇ ਕਾਲੇ ਕਾਨੂੰਨ ਅਧੀਨ ਬਗੈਰ ਮੁਕੱਦਮਾ ਚਲਾਇਆ, ਬਗੈਰ ਜੁਰਮ ਦੱਸਿਆਂ ਅਤੇ ਬਗੈਰ ਦੋਸ਼ ਸਾਬਤ ਕੀਤਿਆਂ ਜਲਾਵਤਨ ਕੀਤਾ ਗਿਆ। ਪਰ ਇਸ ਸਾਰੇ ਕਾਸੇ ਦੀ ਓਨੀ ਪਬਲਿਸਿਟੀ ਨਹੀਂ ਹੋ ਸਕੀ ਜਿੰਨੀ ਕੁ ਵੀਹਵੀਂ ਸਦੀ ਵਿਚ ਜਲਿਆਂਵਾਲੇ ਬਾਗ਼ ਨੂੰ ਮਿਲੀ ਹੈ। ਭਾਵੇਂ ਇਸ ਕਾਂਡ ਦਾ ਉਸ ਸਮੇਂ ਦੀਆਂ ਅੰਗਰੇਜ਼ੀ ਅਖ਼ਬਾਰਾਂ ਨੇ ਵੀ ਜ਼ਿਕਰ ਕੀਤਾ ਅਤੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਇਸ ਦਾ ਜ਼ਿਕਰ ਆਇਆ, ਪਰ ਪੰਜਾਬ ਤੋਂ ਬਾਹਰ ਆਮ ਜਨਤਾ ਨੂੰ ਇਸ ਦਾ ਬਹੁਤਾ ਪਤਾ ਨਾ ਲੱਗਾ। ਅੰਗਰੇਜ਼ ਦੀ ਪਾਲਿਸੀ ਵੀ ਇਹ ਹੀ ਸੀ ਕਿ ਇਸ ਗੱਲ ਨੂੰ ਏਨਾ ਦਬਾ ਕੇ ਰੱਖਿਆ ਜਾਵੇ ਕਿ ਲੋਕ ਭੁਲ ਹੀ ਜਾਣ।

ਇਸ ਸਾਰੇ ਇਤਿਹਾਸ ਨੂੰ ਦੋ ਹੀ ਪਾਰਟੀਆਂ ਜ਼ਿਆਦਾ ਜਾਣ ਸਕਦੀਆਂ ਸਨ ਇਕ ਤਾਂ ਕੂਕੇ ਦੂਸਰੇ ਅੰਗਰੇਜ਼। ਕੂਕਿਆਂ ਨੇ ਯਥਾ ਸ਼ਕਤ ਜੋ ਇਤਿਹਾਸ ਲਿਖਿਆ ਪਹਿਲਾਂ ਤਾਂ ਉਹ ਹੀ ਲੋਕਾਂ ਸਾਹਮਣੇ ਆਇਆ। ਅੰਗਰੇਜ਼ਾਂ ਦਾ ਪੱਖ ਤਾਂ ਆਜ਼ਾਦੀ ਦੀ ਪ੍ਰਾਪਤੀ ਪਿਛੋਂ ਹੀ ਇਤਿਹਾਸਕਾਰ, ਨੈਸ਼ਨਲ ਆਰਕਾਈਵਜ਼ ਦੀਆਂ ਫਾਈਲਾਂ ਵਿਚੋਂ ਲੱਭ ਸਕੇ ਹਨ। ਕੂਕਿਆਂ ਨੇ ਚੂੰਕਿ ਅੰਗਰੇਜ਼ੀ ਸਕੂਲਾਂ ਅਤੇ ਨੌਕਰੀਆਂ ਦਾ ਬਾਈਕਾਟ ਕਰ ਰੱਖਿਆ ਸੀ ਇਸ ਵਾਸਤੇ ਨਾ ਤਾਂ ਉਨ੍ਹਾਂ ਅੰਗਰੇਜ਼ੀ ਤਰਜ਼ ਦੀ ਉੱਚੀ ਵਿਦਿਆ ਲਈ ਅਤੇ ਨਾ ਹੀ ਵੱਡੀਆਂ-ਵੱਡੀਆਂ (ਅਤੇ ਛੋਟੀਆਂ ਵੀ) ਨੌਕਰੀਆਂ ਪ੍ਰਾਪਤ ਕੀਤੀਆਂ ਜਿਸ ਦੇ ਫਲਸਰੂਪ ਇਨ੍ਹਾਂ ਦਾ ਪ੍ਰਚਾਰ ਸੀਮਤ ਹੱਦ ਤੱਕ ਹੀ ਰਿਹਾ। ਜੋ ਕੁਝ ਲਿਖਿਆ ਗਿਆ ਉਸ ਤੇ ਵੀ ਅੰਗਰੇਜ਼ ਵੱਲੋਂ ਪਾਬੰਦੀਆਂ ਲੱਗਦੀਆਂ ਰਹੀਆਂ ਅਤੇ 'ਸਤਿਜੁਗ' ਅਖ਼ਬਾਰ ਦੇ ਇਨਕਲਾਬੀ ਬਸੰਤ ਨੰਬਰ ਜ਼ਬਤ ਹੁੰਦੇ ਰਹੇ। ਦੂਜੇ ਲਿਖਾਰੀ ਉਸ ਸਿੱਖ ਸ਼੍ਰੇਣੀ ਵਿਚੋਂ ਸਨ ਜਿਨ੍ਹਾਂ ਦਾ ਸੰਬੰਧ ਅੰਗਰੇਜ਼ਪ੍ਰਸਤ ਰਜਵਾੜਿਆਂ, ਰਈਸਾਂ, ਜਗੀਰਦਾਰਾਂ, ਸਰਦਾਰਾਂ ਅਤੇ ਪੁਜਾਰੀਆਂ ਨਾਲ ਸੀ ਅਤੇ ਜਿਹੜੀ ਸ਼੍ਰੇਣੀ ਦੇਸ਼ ਭਗਤਾਂ ਤੇ ਹੁੰਦੇ ਜ਼ੁਲਮ ਵਿਚ ਅੰਗਰੇਜ਼ ਦੀ ਭਾਈਵਾਲ ਹੁੰਦੀ ਸੀ। ਇਸ ਸ਼੍ਰੇਣੀ ਨੇ ਕੇਵਲ ਗੁਰੂ ਰਾਮ ਸਿੰਘ ਤੇ ਕੂਕਿਆਂ ਦੀ ਨਖੇਧੀ ਹੀ ਨਹੀਂ ਕੀਤੀ ਸਗੋਂ ਮਹਾਰਾਜਾ ਦਲੀਪ ਸਿੰਘ ਨੂੰ ਵੀ ਕੋਸਿਆ ਸੀ। ਇਸ ਸ਼੍ਰੇਣੀ ਦੇ ਬੰਦੇ ਅੰਗਰੇਜ਼ੀ ਤਾਲੀਮ ਪੜ੍ਹ ਕੇ ਉਨ੍ਹਾਂ ਦੀ ਮੇਹਰਬਾਨੀ ਸਦਕਾ ਉਚਤਮ ਪਦਵੀਆਂ ਤੇ ਜਾ ਬਿਰਾਜੇ। ਚੂੰਕਿ ਕੂਕਿਆਂ ਨੂੰ ਨਫ਼ਰਤ ਕਰਨਾ ਉਨ੍ਹਾਂ ਦੇ ਹਿੱਤਾਂ ਵਿਚ ਸੀ ਇਸ ਲਈ ਕੂਕਾ ਇਤਿਹਾਸ ਲਿਖਣ ਲੱਗਿਆਂ ਇਨ੍ਹਾਂ ਸਜਨਾ ਦਾ ਦ੍ਰਿਸ਼ਟੀਕੋਣ ਉਲਾਰ ਹੁੰਦਾ। ਅੰਗਰੇਜ਼ ਦੇ ਵੇਲੇ ਤਾਂ ਇਹ



Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਨੂੰ ਭੰਡਦੇ ਰਹੇ ਕਿ ਇਹ ਲਹਿਰ ਧਾਰਮਿਕ ਨਹੀਂ, ਰਾਜਨੀਤਕ ਹੈ। ਇਸ ਲਈ ਇਸ ਨਾਲ ਸਖ਼ਤੀ ਵਰਤਣੀ ਯੋਗ ਹੈ ਪਰ ਜਦੋਂ ਦੇਸ਼ ਆਜ਼ਾਦ ਹੋਇਆ ਅਤੇ ਪੁਰਾਣੇ ਅੰਗਰੇਜ਼ ਵਿਰੋਧੀ ਤੱਤਾਂ ਅਤੇ ਲਹਿਰਾਂ ਨੂੰ ਸਨਮਾਨਿਆ ਜਾਣ ਲੱਗਾ ਤਾਂ ਇਨ੍ਹਾਂ ਨੇ ਸਾਰਾ ਤਾਣ ਇਸੇ ਗੱਲ ਨੂੰ ਸਾਬਤ ਕਰਨ ਲਈ ਲਾਇਆ ਕਿ 'ਕੂਕਿਆਂ ਦਾ ਕੋਈ ਰਾਜਸੀ ਪ੍ਰੋਗਰਾਮ ਨਹੀਂ ਸੀ ਉਹ ਤਾਂ ਧਾਰਮਿਕ ਜਗਿਆਸੀ ਅਭਿਆਸੀ ਲਹਿਰ ਸੀ। "ਕੂਕਿਆਂ ਤੇ ਸਖ਼ਤੀ ਤਾਂ ਇਕ ਅੰਗਰੇਜ਼ ਅਫ਼ਸਰ ਦੇ ਐਵੇਂ ਹੀ ਡਰ ਜਾਣ ਕਰਕੇ ਹੋ ਗਈ। ਇਹ ਬ੍ਰਾਹਮਣੀ ਪ੍ਰਭਾਵ ਥਲੇ ਸਨ" ਇਤਿਆਦਕ ਗੱਲਾਂ ਕਰਦੇ ਅਤੇ ਲਿਖਦੇ ਰਹੇ ਹਨ ਅਤੇ ਇਨ੍ਹਾਂ ਨੇ ਸਾਰੀ ਤਸਵੀਰ ਹੀ ਧੁੰਦਲੀ ਕਰਨ ਦਾ ਯਤਨ ਕੀਤਾ ਹੈ। ਰੂਹਾਨੀ ਅਤੇ ਦੇਸ਼ ਭਗਤੀ, ਗਊ ਤੇ ਗਰੀਬ ਦੀ ਰੱਖਿਆ ਸਿੱਖ ਧਰਮ ਦਾ ਪ੍ਰਮੁੱਖ ਅੰਗ ਰਿਹਾ ਹੈ ਅਤੇ ਜੇ ਨਾਮਧਾਰੀ ਇਸੇ ਰਾਹ ਦੇ ਪੱਕੇ ਧਾਰਨੀ ਰਹੇ ਹਨ ਤਾਂ ਇਸ ਵਿਚ ਭੁਲੇਖੇ ਵਾਲੀ ਕਿਹੜੀ ਗੱਲ ਹੈ? ਜਿਸ ਤਰਕ ਨਾਲ ਕੂਕਿਆਂ ਨੂੰ ਗਊ ਭਗਤ ਸਾਬਤ ਕੀਤਾ ਜਾਂਦਾ ਹੈ ਉਸੇ ਤਰਕ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਤਿਲਕ ਤੇ ਜੰਞੂ ਭਗਤ ਸਾਬਤ ਕੀਤਾ ਜਾ ਸਕਦਾ ਹੈ ਪਰ ਇਤਿਹਾਸ ਇਤਿਹਾਸ ਹੀ ਹੈ। ਕਿਸੇ ਘਟਨਾ ਨੂੰ ਕੋਈ ਕਿਤਨਾ ਵੀ ਛੁਟਿਆਉਣ ਦਾ ਯਤਨ ਕਰੇ ਇਕ ਦਿਨ ਤਾਂ ਅਸਲੀਅਤ ਪ੍ਰਗਟ ਹੋ ਹੀ ਜਾਂਦੀ ਹੈ।

ਹੁਣ ਜੋ ਅੰਗਰੇਜ਼ ਹਕੂਮਤ ਵੇਲੇ ਦੇ ਖ਼ੁਫੀਆ ਕਾਗਜ਼ਾਤ ਪ੍ਰਕਾਸ਼ਤ ਹੋਏ ਹਨ ਅਤੇ ਹੋ ਰਹੇ ਹਨ ਉਨ੍ਹਾਂ ਤੋਂ ਚੰਗੀ ਤਰ੍ਹਾਂ ਪਤਾ ਲੱਗਦਾ ਹੈ ਕਿ ਅੰਗਰੇਜ਼ ਹਕੂਮਤ ਨੇ ਕਿਉਂ ਏਡਾ ਜ਼ਬਰ ਕੀਤਾ। ਉਹ ਨਾਮਧਾਰੀਆਂ ਦੇ ਧਾਰਮਿਕ ਪ੍ਰੋਗਰਾਮਾਂ, ਡਸਿਪਲਿਨ ਵਿਚ ਇਕੱਠੇ ਹੋਣਾ ਅਤੇ ਚੱਲਣਾ। ਦੇਸ਼ ਨੂੰ ੨੨ ਸੂਬਿਆਂ ਵਿਚ ਵੰਡਣਾ, ਰੂਸ, ਨੇਪਾਲ, ਕਸ਼ਮੀਰ ਵੱਲ ਦੂਤ ਭੇਜਣੇ, ਅੰਗਰੇਜ਼ੀ ਹਕੂਮਤ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ, ਗਊਕਸ਼ੀ ਦੇ ਵਿਰੁੱਧ ਪ੍ਰਚਾਰ ਕਰਨਾ ਅਤੇ ਬੁੱਚੜਖਾਨਿਆਂ ਤੇ ਹਮਲੇ ਨੂੰ ਸਿੱਧਾ ਅੰਗਰੇਜ਼ੀ ਹਕੂਮਤ ਵਿਰੁੱਧ ਬਗਾਵਤ ਸਮਝਦਾ ਸੀ। ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਗੁਰੂ ਰਾਮ ਸਿੰਘ ਜੀ ਦੀ ਚੜ੍ਹਤ ਨੂੰ ਅੰਗਰੇਜ਼, ਮੁਗਲਾਂ ਵਿਰੁੱਧ ਗੁਰੂ ਗੋਬਿੰਦ ਸਿੰਘ ਦੀ ਚੜ੍ਹਤ ਵਾਂਗ ਵੇਖਦਾ ਸੀ ਅਤੇ ਗੁਰੂ ਰਾਮ ਸਿੰਘ ਦੇ ਆਲੇ-ਦੁਆਲੇ ਆਦਮੀ ਅਤੇ ਧਨ ਇਕੱਠਾ ਹੁੰਦਾ ਵੇਖ ਕੇ ਉਹ ਗੁਰੂ ਗੋਬਿੰਦ ਸਿੰਘ ਨਾਲ ਤਸਬੀਹ ਦਿੰਦਾ ਸੀ। ਖ਼ੁਫੀਆ ਲਿਖਤਾਂ ਤੇ ਚਿੱਠੀਆਂ ਤੋਂ ਭਲੀ ਭਾਂਤ ਸਾਬਤ ਹੋ ਜਾਂਦਾ ਹੈ ਕਿ ਅੰਗਰੇਜ਼, ਗੁਰੂ ਰਾਮ ਸਿੰਘ ਜਾਂ ਉਨ੍ਹਾਂ ਦੇ ਮੁਖੀ ਸੂਬਿਆਂ ਤੇ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਉਣ ਤੋਂ ਕਿਉਂ ਘਬਰਾਉਂਦਾ ਸੀ। ਅੰਗਰੇਜ਼ਾਂ ਦਾ ਇਹ ਮੰਤਕ ਸੀ ਕਿ ਜੇ ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ ਤਾਂ ਦੇਸ਼ ਵਿਚ ਇਸ ਸਾਰੇ ਘਟਨਾ ਚੱਕਰ ਦਾ ਮੁੜ ਤੋਂ ਜ਼ਿਕਰ ਹੋਣ ਲੱਗ ਪਵੇਗਾ ਅਤੇ ਲੋਕਾਂ ਵਿਚ ਰੋਹ ਜਾਗ ਪਵੇਗਾ। ਮੁਕੱਦਮਾ ਜਿੱਤਣਾ ਤਾਂ ਇਕ ਪਾਸੇ ਰਿਹਾ ਸਗੋਂ ਬਗਾਵਤ ਦਾ ਹੋਰ ਖਤਰਾ ਪੈਦਾ ਹੋ ਜਾਏਗਾ।

ਅਜਿਹੀਆਂ ਅਕੱਟ ਸ਼ਹਾਦਤਾਂ ਦੇ ਹੁੰਦਿਆਂ ਕੁਝ ਇਤਿਹਾਸਕਾਰਾਂ ਅਤੇ ਲੇਖਕਾਂ ਵੱਲੋਂ ਫੈਲਾਇਆ ਧੁੰਦੂਕਾਰਾ ਜ਼ਿਆਦਾ ਦੇਰ ਨਹੀਂ ਚੱਲ ਸਕਦਾ ਅਤੇ ਹੁਣ ਜ਼ਰੂਰ ਹੀ ਅਸਲੀਅਤ ਦੁਨੀਆਂ ਸਾਹਮਣੇ ਆ ਕੇ ਰਹੇਗੀ।

ਦੇਸ਼ ਦੇ ਸ਼ਹੀਦਾਂ, ਨਾਇਕਾਂ ਅਤੇ ਦੇਸ਼ ਭਗਤਾਂ ਨੂੰ ਬਾਰ-ਬਾਰ ਇਸੇ ਲਈ ਯਾਦ ਕੀਤਾ ਜਾਂਦਾ ਹੈ ਤਾਂ ਕਿ ਉਨ੍ਹਾਂ ਦੀ ਘਾਲਣਾ ਕੌਮ ਦਾ ਰਾਹ ਰੁਸ਼ਨਾਂਦੀ ਰਹੇ। ਜਿੰਨਾਂ ਅਸੀਂ ਉਨ੍ਹਾਂ ਨੂੰ ਯਾਦ ਕਰਾਂਗੇ ਅਤੇ ਜਿੰਨੇ ਵੀ ਤਰੀਕਿਆਂ ਨਾਲ ਯਾਦ ਕਰਾਂਗੇ, ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਸਾਡੀਆਂ ਆਤਮਾਵਾਂ ਨੂੰ ਪ੍ਰੇਰਤ ਕਰਦੀਆਂ ਰਹਿਣਗੀਆਂ। ਇਸ ਲਈ ਇਨ੍ਹਾਂ ਮਰਜੀਵੜਿਆਂ ਦੀਆਂ ਯਾਦਾਂ, ਸਿਮਰਤੀਆਂ ਕਾਇਮ ਰੱਖਣੀਆਂ ਸਮੁੱਚੇ ਦੇਸ਼ ਵਾਸੀਆਂ ਦਾ ਫਰਜ਼ ਹੈ।

ਸਾਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਪੰਜਾਬ ਦੇ ਵਰਤਮਾਨ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਦੇਸ਼ ਭਗਤਾਂ ਦੀਆਂ ਯਾਦਾਂ ਕਾਇਮ ਰੱਖਣ ਅਤੇ ਸਨਮਾਨਿਤ ਕਰਨ ਵਿਚ ਬਹੁਤ ਸਲਾਹੁਣਯੋਗ ਕੰਮ ਕੀਤਾ ਹੈ। ਗੁਰੂ ਗੋਬਿੰਦ ਸਿੰਘ ਮਾਰਗ ਬਨਾਉਣਾ, ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਵਲੈਤੋਂ ਮੰਗਵਾਉਣੀਆਂ, ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਮ ਤੇ ਨਗਰ ਦਾ ਨਾਮ ਰੱਖਣਾ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੀਸਰੀ ਸ਼ਤਾਬਦੀ ਸਰਕਾਰੀ ਪੱਧਰ ਤੇ ਪੂਰੇ ਸ਼ਾਨ ਤੇ ਸਤਿਕਾਰ ਨਾਲ ਮਨਾਉਣੀ, ਸ. ਭਗਤ ਸਿੰਘ ਦੀ ਮਾਤਾ ਨੂੰ ਪੰਜਾਬ ਮਾਤਾ ਦਾ ਖਤਾਬ, ਕਾਰ ਅਤੇ ਮਹਾਵਾਰੀ ਭੇਟਾ ਦੇਣਾ, ਲਾਲਾ ਲਾਜਪਤ ਰਾਏ ਜੀ ਦੇ ਵਾਰਸਾਂ ਨੂੰ ਸਨਮਾਨਤ ਕਰਨਾ ਅਤੇ ਦੇਸ਼ ਦੇ ਅਨੇਕਾਂ ਹੋਰ ਸੁਤੰਤਰਤਾ ਸੰਗਰਾਮੀਆਂ ਦੀਆਂ ਸਿਮ੍ਰਤੀਆਂ ਕਾਇਮ ਕਰਨੀਆਂ, ਇਸ ਤੋਂ ਇਲਾਵਾ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਵੀ ਪੰਜਾਬ ਅਤੇ ਦੇਸ਼ ਦਾ ਨਾਮ ਉੱਚਾ ਕਰਨ ਲਈ ਅਨੇਕਾਂ ਹੀ ਯਤਨ ਕਰਨੇ ਅਤੇ ਹੁਣੇ-ਹੁਣੇ ਕਾਂਗਰਸ ਸਮਾਗਮ ਦੇ ਸਥਾਨ ਨੂੰ ਕਾਮਾਗਾਟਾ ਮਾਰੂ ਨਗਰ ਨਾਮ ਦੇ ਕੇ ਬਜ ਬਜ ਘਾਟ ਦੇ ਸ਼ਹੀਦਾਂ ਨੂੰ ਸਾਹਮਣੇ ਲਿਆਉਣਾ। ਇਹ ਗੱਲਾਂ ਦੱਸਦੀਆਂ ਹਨ ਕਿ ਗਿਆਨੀ ਜੀ ਦੇ ਦਿਲ ਅੰਦਰ ਦੇਸ਼ ਭਗਤਾਂ ਨੂੰ ਸਨਮਾਨਣ ਦਾ ਕਿੰਨਾ ਚਾਓ ਹੈ।

ਆਸ ਕਰਨੀ ਚਾਹੀਦੀ ਹੈ ਕਿ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਦੇਸ਼ ਭਗਤਾਂ ਲਈ ਵੀ ਗਿਆਨੀ ਜੀ ਛੇਤੀ ਹੀ ਕੋਈ ਉਪਰਾਲਾ ਕਰਨਗੇ। ਸ੍ਰੀ ਅੰਮ੍ਰਿਤਸਰ, ਮਲੇਰਕੋਟਲਾ ਆਦਿਕ ਥਾਵਾਂ ਤੇ ਸੁਯੋਗ ਤੇ ਸੁੰਦਰ ਯਾਦਗਾਰਾਂ ਕਾਇਮ ਕਰਨ ਵਿਚ ਨਾਮਧਾਰੀ ਦਰਬਾਰ ਨੂੰ ਮਦਦ ਦੇਣ ਤੋਂ ਇਲਾਵਾ, ਸ਼ਹਿਰਾਂ, ਕਾਲੋਨੀਆਂ, ਸੜਕਾਂ, ਹਸਪਤਾਲਾਂ, ਲਾਇਬ੍ਰੇਰੀਆਂ, ਕਾਲਜਾਂ, ਸਕੂਲਾਂ ਅਤੇ ਚੌਂਕਾਂ ਦੇ ਨਾਮ ਇਸ ਮਹਾਨ ਅੰਦੋਲਨ ਨਾਲ ਸੰਬੰਧਤ ਵਿਅਕਤੀਆਂ ਦੇ ਨਾਮ 'ਤੇ ਰੱਖੇ ਜਾਣਗੇ ਜਿਸ ਨਾਲ ਇਸ ਮਹਾਨ ਕੁਰਬਾਨੀਆਂ ਭਰੇ ਇਤਿਹਾਸ ਤੋਂ ਵੀ ਸਾਰੇ ਦੇਸ਼ ਵਾਸੀ ਪ੍ਰੇਰਨਾ ਲੈ ਸਕਣਗੇ।

(ਨਵੰਬਰ 1976)



Sri Satguru Jagjit Singh Ji eLibrary NamdhariElibrary@gmail.com

# ਸੂਬਾ ਸਾਹਿਬ ਸਿੰਘ

—ਜਗਦੀਸ਼ ਸਿੰਘ

ਇਸ ਲੇਖ ਰਾਹੀਂ ਭਾਰਤ ਦੇ ਇਕ ਐਸੇ ਮਹਾਨ ਸਪੂਤ ਨੂੰ ਸ਼ਰਧਾਂਜਲੀ ਅਰਪਨ ਕਰਨ ਦਾ ਯਤਨ ਕਰ ਰਿਹਾ ਹਾਂ, ਜਿਸ ਦਾ ਨਾਮ ਤਾਂ ਭਾਵੇਂ ਸਾਡੇ ਇਤਿਹਾਸ ਵਿਚ ਅਜੇ ਏਡਾ ਉਜਾਗਰ ਨਹੀਂ ਹੋ ਸਕਿਆ, ਪਰ ਉਸ ਨੇ ਅਠਾਰਵੀਂ ਸਦੀ ਵਿਚ ਚੱਲੇ ਕੂਕਾ ਸੰਗਰਾਮ ਵਿਚ ਬੜਾ ਨੁਮਾਇਆ ਹਿੱਸਾ ਪਾਇਆ ਅਤੇ ਅੰਤ ਜਲਾਵਤਨੀਆਂ ਤੇ ਅੰਗਰੇਜ਼ਾਂ ਦੀਆਂ ਜੇਹਲਾਂ ਦੇ ਤਸੀਹੇ ਝੱਲ ਝੱਲ ਕੇ ਸ਼ਹੀਦ ਹੋ ਗਿਆ। ਪਰ ਉਸ ਨੂੰ ਮੁੜ ਪੰਜਾਬ ਦੇ ਦਰਸ਼ਨ ਨਾ ਹੋਏ।

ਇਹ ਵਿਅਕਤੀ ਸੀ ਸੂਬਾ ਸਾਹਿਬ ਸਿੰਘ। ਸੂਬਾ ਇਸ ਕਰਕੇ ਕਿ ਇਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੰਗਰਾਮ ਦੀ ਸੰਚਾਲਨਾ ਵਾਸਤੇ ਸੂਬਾ (ਗਵਰਨਰ) ਨਿਯੁਕਤ ਕੀਤਾ ਸੀ।

ਸੂਬਾ ਸਾਹਿਬ ਸਿੰਘ ਨੇ ਕੂਕਾ ਅੰਦੋਲਨ ਦੀ ਵਿਉਂਤ ਬੰਦੀ, ਤਿਆਰੀ ਅਤੇ ਦੇਖ ਰੇਖ ਵਿਚ ਆਪਣੀ ਯੋਗਤਾ ਦ੍ਰਿੜਤਾ ਅਤੇ ਮੇਹਨਤ ਸਦਕਾ ਬਹੁਤ ਮਹੱਤਵ ਪੂਰਨ ਹਿੱਸਾ ਪਾਇਆ ਅਤੇ ਨਾਮਧਾਰੀ ਅੰਦੋਲਨ ਵਿਚ ਉੱਚੀਆਂ ਤੋਂ ਉੱਚੀਆਂ ਜ਼ੁੰਮੇਵਾਰੀਆਂ ਨਿਭਾਈਆਂ। ਅੰਗਰੇਜ਼ ਸਰਕਾਰ ਸੂਬਾ ਸਾਹਿਬ ਸਿੰਘ ਦੀਆਂ ਸਰਗਰਮੀਆਂ ਤੋਂ ਬਹੁਤ ਭੈ-ਭੀਤ ਸੀ ਅਤੇ ਸੂਬਾ ਸਾਹਿਬ ਦੀ ਵਿਉਂਤਬੰਦੀ ਅੱਗੇ ਲਾਚਾਰ ਤੇ ਬੇ-ਵੱਸ ਹੋ ਗਈ ਸੀ। ਕੂਕਾ ਅੰਦੋਲਨ ਨਾਲ ਸਬੰਧਿਤ ਹੋਰ ਸ਼ਾਨਦਾਰ ਘਟਨਾਵਾਂ ਵਾਂਗ ਭਾਵੇਂ ਸੂਬਾ ਸਾਹਿਬ ਸਿੰਘ ਦੇ ਜ਼ਿੰਦਗੀ ਦੇ ਹਾਲਾਤ ਵੀ ਲਿਖਤੀ ਰੂਪ ਵਿਚ ਨਾ ਆਉਣ ਕਰਕੇ ਇਤਿਹਾਸ ਦੇ ਅਣਲਿਖੇ ਪੱਤਰਿਆਂ ਵਿਚ ਗੁਆਚੇ ਪਏ ਹਨ, ਪਰ ਫਿਰ ਵੀ ਜੋ ਕੁਝ ਸਰਕਾਰੀ ਤੇ ਗੈਰ ਸਰਕਾਰੀ ਰਿਕਾਰਡਾਂ ਤੋਂ ਪਤਾ ਲਗਦਾ ਹੈ ਕਿ ਉਹ ਉਸ ਆਦਮੀ ਦੀ ਵਡਿਆਈ ਨੂੰ ਚਾਰ ਚੰਨ ਲਾਉਂਦਾ ਹੈ।

ਸੂਬਾ ਸਾਹਿਬ ਸਿੰਘ ਦਾ ਜਨਮ ਸੰਨ ੧੮੩੪ ਵਿਚ ਤਹਿਸੀਲ ਤਰਨਤਾਰਨ ਦੇ ਇਕ ਪਿੰਡ ਬਨਵਾਲੀਪੁਰ ਵਿਚ ਸ੍ਰੀ ਦਿਆਲ ਸਿੰਘ ਰਾਮਗੜੀਆ ਦੇ ਘਰ ਹੋਇਆ। ਸੂਬਾ ਸਾਹਿਬ ਦੇ ਵੱਡੇ ਭਰਾ ਸ੍ਰੀ ਰੁੜ ਸਿੰਘ ਵੀ ਗੁਰੂ ਰਾਮ ਸਿੰਘ ਵਲੋਂ ਸੂਬੇ ਥਾਪੇ ਗਏ ਸਨ। ਸੂਬਾ ਸਾਹਿਬ ਸਿੰਘ ਪੜ੍ਹੇ ਲਿਖੇ ਅਨੁਭਵੀ ਨੌਜੁਆਨ ਸਨ। ਇਹਨਾਂ ਦੀ ਵਿਦਿਆ ਸਿਖਣ ਦੀ ਲਾਲਸਾ ਇਹਨਾਂ ਨੂੰ ਪਹਿਲਾਂ ਉਦਾਸੀ ਸਾਧੂਆਂ ਦੀ ਸ਼ਰਨ ਵਿਚ ਲੈ ਗਈ। ਸੰਮਤ ੧੯੧੬ ਬਿਕਰਮੀ ਇਹ ਹਜ਼ਰੋ ਗਏ ਤੇ ਉਥੇ ਗੁਰੂ ਬਾਲਕ ਸਿੰਘ ਪਾਸੋਂ ਗੁਰਮੰਤਰ ਲਿਆ ਅਤੇ ਫੇਰ ਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਆਪਣਾ ਜੀਵਨ ਅਰਪਨ ਕਰ ਦਿੱਤਾ। ਸਾਹਿਬ ਸਿੰਘ ਨੇ ਨਾਮਧਾਰੀ ਲਹਿਰ ਨੂੰ ਜਥੇਬੰਦ ਕਰਨ ਵਿਚ ਬਹੁਤ ਯੋਗਤਾ ਦਿਖਾਈ, ਇਸੇ ਕਰਕੇ ਸੰਨ ੧੮੬੬ ਜਾਂ ੧੮੬੭ ਦੇ ਸਮੇਂ ਇਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਨਿਯੁਕਤ ਕੀਤਾ।

ਸਰਕਾਰੀ ਦਸਤਾਵੇਜ਼ਾਂ ਵਿਚ ਲਿਖਿਆਂ ਹੈ ਕਿ "ਸੂਬਾ ਸਿੰਘ ਬਹੁਤ ਸਿਆਣਾ ਸਮਝਦਾਰ, ਸੂਝ ਬੂਝ ਵਾਲਾ ਚਤੁਰ ਚਲਾਕ ਅਤੇ ਹੌਸਲੇ ਵਾਲਾ ਬੰਦਾ ਹੈ ਅਤੇ ਸਾਰਿਆਂ ਸੂਬਿਆਂ 'ਚੋਂ ਲਾਇਕ ਹੈ। ਸੂਬਾ ਸਾਹਿਬ ਸਿੰਘ ਗੁਰੂ ਰਾਮ ਸਿੰਘ ਤੋਂ ਥੱਲੇ ਸਭ ਤੋਂ ਜ਼ਿਆਦਾ 'ਖ਼ਤਰਨਾਕ' ਹੈ ਅਤੇ ਖਾਸ ਪਦਵੀ ਰਖਦਾ ਹੈ ਅਤੇ ਉਹ ਗੁਰੂ ਰਾਮ ਸਿੰਘ ਜੀ ਦਾ ਉਤਰ ਅਧਿਕਾਰੀ ਹੋਵੇਗਾ।"

ਕੂਕਿਆਂ ਦਾ ਆਪਣਾ ਖੁਫੀਆ ਡਾਕ ਪ੍ਰਬੰਧ, ਜਿਸ ਦਾ ਕੂਕਾ ਪੋਸਟਲ ਸਰਵਿਸ Kuka Postal Service ਦੇ ਨਾਉਂ ਨਾਲ ਜ਼ਿਕਰ ਆਉਂਦਾ ਹੈ, ਦਾ ਇੰਨਚਾਰਜ ਸੂਬਾ ਸਾਹਿਬ ਸਿੰਘ ਹੀ ਸੀ। ਇਹ ਡਾਕ ਪ੍ਰਬੰਧ ਅੰਗਰੇਜ਼ੀ ਸਰਕਾਰੀ ਪ੍ਰਬੰਧ ਦੇ ਮੁਕਾਬਲੇ ਵਿਚ ਕੂਕਿਆਂ ਦਾ ਆਪਣਾ ਕਾਮਯਾਬ ਪ੍ਰਬੰਧ ਸੀ। ਇਸ ਨੂੰ ਜਿਸ ਨੀਤੀ, ਯੋਗਤਾ ਅਤੇ ਕਾਮਯਾਬੀ ਨਾਲ ਸੂਬਾ ਸਾਹਿਬ ਸਿੰਘ ਨੇ ਚਲਾਇਆ ਉਸ ਦਾ ਦੁਸ਼ਮਣਾਂ ਨੇ ਵੀ ਲੋਹਾ ਮੰਨਿਆ।

ਨੇਪਾਲ ਸਰਕਾਰ ਵੱਲ ਗੁਰੂ ਰਾਮ ਸਿੰਘ ਵਲੋਂ ਜੋ ਉਚ ਪੱਧਰੀ ਰਾਜਨੀਤਕ ਮਿਸ਼ਨ ਭੇਜਿਆ ਗਿਆ ਉਸ ਦੀ ਅਗਵਾਈ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਨੇ ਹੀ ਕੀਤੀ ਸੀ। ਇਸ ਮਿਸ਼ਨ ਵਿਚ ਇਹਨਾਂ ਸੂਬਿਆਂ ਤੋਂ ਇਲਾਵਾ ਸੰਤ ਅੱਤਰ ਸਿੰਘ ਤੇ ਸੰਤ ਜੀਵਨ ਸਿੰਘ ਮੈਂਬਰਾਂ ਦੇ ਤੌਰ ਤੇ ਗਏ। ਇਹ ਡੈਲੀਗੇਸ਼ਨ ਆਪਣੇ ਨਾਲ ਦੋ ਖੱਚਰਾਂ ਅਤੇ ਦੋ ਬਹੁਤ ਹੀ ਕੀਮਤੀ ਮੱਝਾਂ ਤੋਹਫੇ ਵਜੋਂ ਨਾਲ ਲੈ ਗਏ। ਇਹ ਡੈਲੀਗੇਸ਼ਨ ਖਟਮੰਡੂ ਵਿਖੇ ਸਰਕਾਰੀ ਪ੍ਰਾਹੁਣਿਆਂ ਵਜੋਂ ਰਿਹਾ। ਦੇਸ਼ ਨੂੰ ਆਜ਼ਾਦ ਕਰਾਉਣ ਲਈ ਅੰਗਰੇਜ਼ਾਂ ਵਿਰੁੱਧ ਪ੍ਰਸਪਰ ਲਾਮਬੰਦੀ ਦੀ ਸੰਭਾਵਨਾ ਤੇ ਵਿਚਾਰ ਵਟਾਂਦਰੇ ਕੀਤੇ।

ਨੇਪਾਲ ਦੇ ਉੱਚ ਅਧਿਕਾਰੀ ਬਾਬਾ ਜੀ ਦੇ ਆਪਣੇ ਆਦਰਸ਼ ਦੀ ਪ੍ਰਾਪਤੀ ਵਾਸਤੇ ਲਗਨ ਅਤੇ ਗੱਲਬਾਤ ਦੀ ਕੁਸ਼ਲਤਾ ਤੋਂ ਬਹੁਤ ਪ੍ਰਭਾਵਤ ਹੋਏ। ਨੇਪਾਲ ਦੇ ਪ੍ਰਧਾਨ ਮੰਤਰੀ ਰਾਣਾ ਜੰਗ ਬਹਾਦਰ ਨੇ ਵਟਾਂਦਰੇ ਦੇ ਤੋਹਫਿਆਂ ਵਜੋਂ ਗੁਰੂ ਰਾਮ ਸਿੰਘ ਜੀ ਵੱਲ ੫੦੦ ਰੁਪਿਆ ਨਕਦ, ਇਕ ਕਸਤੂਰੀ ਤੇ ਸੋਨੇ ਦੀ ਮਾਲਾ, ਇਕ ਦੁਸ਼ਾਲਾ, ਇਕ ਤਿਬਤੀ ਘੋੜਾ ਅਤੇ ਦੋ ਖੋਖਰੀਆਂ ਭੇਟਾਵਾਂ ਭੇਜੀਆਂ। ਤੋਹਫਿਆਂ ਤੋਂ ਹੀ ਇਸ ਮਿਸ਼ਨ ਦੀ ਮਹੱਤਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।



Sri Satguru Jagjit Singh Ji eLibrary NamdhariElibrary@gmail.com

ਆਪ ਜੀ ਦੀਆਂ ਆਮ ਡਿਊਟੀਆਂ ਬਾਰੇ ਇਕ ਝਲਕ ਨਿਮ੍ਰਤ ਲਿਖਤ ਬਿਆਨ ਤੋਂ ਸਾਫ ਦਿਸਦੀ ਹੈ ਜੋ ਉਹਨਾਂ ਨੇ ਮਿਸਟਰ ਮੈਕਨਬ ਦੇ ਸਾਹਮਣੇ ਅਲਾਹਾਬਾਦ ਜੇਹਲ ਵਿਚ ਦਿਤਾ ਸੀ :

"ਸੂਬੇ ਦੇ ਤੌਰ ਤੇ ਮੇਰੀ ਡਿਊਟੀ ਤਬੇਲੇ, ਮਾਲ ਡੰਗਰ ਦੀ ਦੇਖ ਭਾਲ, ਪਾਲਣ ਪੋਸਨ ਅਤੇ ਖਰੀਦਣ ਵੇਚਣ ਦੀ ਹੈ। ਕੁਝ ਸਾਲ ਪਹਿਲਾਂ ਮੈਂ ਕਈ ਘੋੜੇ ਹਰਿਦੁਆਰ ਵਿਖੇ ਵੇਚੇ ਸਨ। ਜੋ ਲਾਭ ਹੁੰਦਾ ਹੈ ਉਹ ਲੰਗਰ ਵਿਚ ਪਾਇਆ ਜਾਂਦਾ ਹੈ। ਮੈਂ ਸਤਿਗੁਰੂ ਰਾਮ ਸਿੰਘ ਨਾਲ ਹੀ ਵਿਚਰਦਾ ਹਾਂ ਅਤੇ ਲੋਕਾਂ ਨੂੰ ਕੂਕੇ ਬਣਾਉਂਦਾ ਹਾਂ।"

ਉਸ ਸਮੇਂ ਦੇ ਪੰਜਾਬ ਦੇ ਸਾਰੇ ਪੁਲਿਸ ਅਧਿਕਾਰੀਆਂ ਦੀਆਂ ਖੁਫੀਆ ਫਾਈਲਾਂ ਵਿਚ ਸੂਬਾ ਸਾਹਿਬ ਸਿੰਘ ਬਾਰੇ ਟਿੱਪਣੀਆਂ ਸਨ :

"ਉਹੀ ਗੁਰੂ ਰਾਮ ਸਿੰਘ ਦਾ ਜਾਨਸ਼ੀਨ ਹੋਵੇਗਾ.... ਉਹ ਗੁਰੂ ਰਾਮ ਸਿੰਘ ਦੇ ਖੁਫੀਆ ਮਹਿਕਮੇ ਦਾ ਸੂਬਾ ਹੈ.... ਸਦਾ ਗੁਰੂ ਰਾਮ ਸਿੰਘ ਦੇ ਨਾਲ ਰਹਿਣ ਵਾਲਾ.....ਉਹ ਸਭ ਤੋਂ ਜ਼ਿਆਦਾ ਪੜ੍ਹਿਆ ਲਿਖਿਆ ਵਿਉਂਤਕਾਰੀ ਸਕੀਮਬਾਜ਼ ਅਤੇ ਉੱਚੀ ਲਾਲਸਾ ਰੱਖਣ ਵਾਲਾ ਵਿਅਕਤੀ ਹੈ.......ਉਹ ਨਾਮਧਾਰੀ ਪੰਥ ਦੇ ਪ੍ਰਾਪੇਗੰਡੇ ਵਾਸਤੇ ਸਭ ਤੋਂ ਵੱਧ ਤੱਤਪਰ ਹੈ। ਪੰਥ ਦੇ ਰਾਜਸੀ ਸੱਤਾ ਹਥਿਆਉਣ ਦੇ ਚਾਹਵਾਨ ਧੜੇ ਦਾ ਆਗੂ ਹੈ....ਸਦਾ ਇਸੇ ਤਾੜ ਵਿਚ ਰਹਿੰਦਾ ਹੈ ਕਿ ਕਦੋਂ ਗੁਰੂ ਰਾਮ ਸਿੰਘ ਕੋਈ ਉਪੱਦਰ ਖੜਾ ਕਰਨ।"

ਅੰਗਰੇਜ਼ੀ ਸਰਕਾਰ ਦਾ ਇਹ ਪੱਕਾ ਯਕੀਨ ਸੀ ਕਿ ਬਾਬਾ ਸਾਹਿਬ ਸਿੰਘ ਜੀ ਨੇ ਸ੍ਰੀ ਲਹਿਣਾ ਸਿੰਘ ਤੇ ਹੀਰਾ ਸਿੰਘ ਨੂੰ ਮਲੇਰਕੋਟਲੇ ਤੇ ਹਲਾ ਕਰਨ ਵਾਸਤੇ ਹੱਲਾ ਸ਼ੇਰੀ ਦਿੱਤਾ। ਭੈਣੀ ਸਾਹਿਬ ਵਿਚ ਹੋਏ ਸੰਨ ੧੮੭੨ ਦੇ ਲੋਹੜੀ ਤੇ ਮਾਘੀ ਦੇ ਮੇਲੇ ਸਬੰਧੀ ਗਵਰਨਰ ਜਨਰਲ ਹਿੰਦ ਦੀ ਫਾਈਲ ਵਿਚ ਇਕ ਟਿੱਪਣੀ ਇਸ ਪ੍ਰਕਾਰ ਹੈ :

"ਇਸ ਮੌਕੇ ਤੇ ਇਹ ਵੀ ਸ਼ਹਾਦਤ ਹੈ, ਭਾਵੇਂ ਭਰੋਸੇ ਯੋਗ ਨਹੀਂ ਕਿ ਸੂਬਾ ਸਾਹਿਬ ਸਿੰਘ ਨੇ ਉਸ ਕੌਂਸਲ ਦੀ ਅਗਵਾਈ ਕੀਤੀ, ਜਿਸ ਦਾ ਮੰਤਵ ਰਾਜ ਲੈਣ ਵਾਸਤੇ ਗੁਰੂ ਰਾਮ ਸਿੰਘ ਨੂੰ ਦੇਸ਼ ਦਾ ਬਾਦਸ਼ਾਹ ਹੋਣ ਦਾ ਐਲਾਨ ਕਰਨਾ ਸੀ।"

ਸੰਨ ੧੮੭੧-੭੨ ਵਿਚ ਅੰਮ੍ਰਿਤਸਰ ਰਾਏਕੋਟ ਅਤੇ ਲੁਧਿਆਣਾ ਵਿਚ ਵਾਪਰੇ ਸ਼ਹੀਦੀ ਕਾਂਡਾਂ ਉਪਰੰਤ ਮਲੇਰ ਕੋਟਲੇ ਦਾ ਘੱਲੂਘਾਰਾ ਹੋਇਆ ਅਤੇ ਹੁਣ ਕੋਈ ਗੱਲ ਲੁਕੀ ਛਿਪੀ ਨਾ ਰਹੀ।

੧੭ ਜਨਵਰੀ ੧੮੭੨ ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਵਲੋਂ ਗੁਰੂ ਰਾਮ ਸਿੰਘ ਨੂੰ ਲੁਧਿਆਣੇ ਸਦਿਆ ਗਿਆ.. ਗੁਰੂ ਰਾਮ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਜਵਾਹਰ ਸਿੰਘ ਅਤੇ ਗੜਵਾਈ ਨਾਨੂ ਸਿੰਘ ਇਕ ਗੱਡੇ ਤੇ ਸਵਾਰ ਹੋ ਲੁਧਿਆਣੇ ਪੁੱਜੇ। ਸੂਬਾ ਲੱਖਾ ਸਿੰਘ ਨੂੰ ਪਹਿਲਾਂ ਹੀ ਲੁਧਿਆਣੇ ਗ੍ਰਿਫਤਾਰ ਕੀਤਾ ਹੋਇਆ ਸੀ। ਇਹਨਾਂ ਸਾਰੇ ਸੱਜਣਾਂ ਨੂੰ ੧੮ ਜਨਵਰੀ ਸਵੇਰੇ ੪ ਵਜੇ ਡਾਕ ਗੱਡੀ ਦੇ ਇਕ ਖਾਸ ਡੱਬੇ ਵਿਚ ਮਿਸਟਰ ਜੈਕਸਨ ਦੀ ਗੋਰਖਾ ਗਾਰਦ ਦੇ ਪਹਿਰੇ ਵਿਚ ਅਲਾਹਾਬਾਦ ਭੇਜ ਦਿੱਤਾ ਗਿਆ। ਇਹਨਾਂ ਪਿਛੋਂ ਸੂਬਾ ਕਾਹਨ ਸਿੰਘ, ਸੂਬਾ ਰੂੜ ਸਿੰਘ, ਬਾਬਾ ਬਰ੍ਹਮਾ ਸਿੰਘ, ਸੂਬਾ ਮਲੂਕ ਸਿੰਘ, ਸੂਬਾ ਬਾਬਾ ਹੁਕਮਾ ਸਿੰਘ, ਸੂਬਾ ਪਹਾੜਾ ਸਿੰਘ, ਬਾਬਾ ਮਾਨ ਸਿੰਘ ਤੇ ਸਰਦਾਰ ਮੰਗਲ ਸਿੰਘ ਰਾਇਪੁਰੀਆ ਨੂੰ ਗ੍ਰਿਫਤਾਰ ਕਰ ਕੇ ਅਲਾਹਬਾਦ ਭੇਜ ਦਿੱਤਾ ਗਿਆ। ਸਤਿਗੁਰੂ ਰ ਮ ਸਿੰਘ ਅਤੇ ਸੰਤ ਨਾਨੂੰ ਸਿੰਘ ਹਜ਼ੂਰੀ ਸੇਵਕ ਨੂੰ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਦੀ ਧਾਰਾ ਤਿੰਨ ਅਧੀਨ ਬਗੈਰ ਮੁਕੱਦਮਾ ਚਲਾਇਆ ਅਤੇ ਦੋਸ਼ ਸਾਬਤ ਕੀਤਿਆਂ ਬਰ੍ਹਮਾ ਭੇਜ ਦਿੱਤਾ ਗਿਆ ਅਤੇ ਬਾਕੀ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਸਜ਼ਾਵਾਂ ਦੇਣ ਲਈ ਸਰਕਾਰ ਵਿਚਾਰ ਕਰਨ ਲੱਗੀ।

ਹਿੰਦ ਸਰਕਾਰ, ਪੰਜਾਬ ਸਰਕਾਰ, ਜ਼ਿਲ੍ਹਾ ਅਧਿਕਾਰੀਆਂ, ਜੈਲਦਾਰਾਂ, ਨੰਬਰਦਾਰਾਂ ਦੇ ਬਿਆਨਾਂ ਤਫਤੀਸ਼ਾਂ ਅਤੇ ਚਿੱਠੀਆਂ ਪਤਰਾਂ ਦਾ ਇਕ ਲੰਮਾ ਸਿਲਸਿਲਾ ਚਾਲੂ ਹੋ ਗਿਆ। ਇਹ ਪਤਾ ਲਾਉਣ ਲਈ ਕਿ ਅਲਾਹਬਾਦ ਦੇ ਕਿਲ੍ਹੇ ਵਿਚ ਗ੍ਰਿਫਤਾਰ ਹੋਏ ਸੂਬੇ ਵਿਅਕਤੀਗਤ ਤੌਰ ਤੇ ਕਿਤਨੇ ਕੁ 'ਖਤਰਨਾਕ' ਹਨ, ਪੰਜਾਬ ਸਰਕਾਰ ਨੇ ਅੰਬਾਲੇ ਦੇ ਡਿਪਟੀ ਕਮਿਸ਼ਨਰ ਮਿਸਟਰ ਜੇ. ਡਬਲਯੂ ਮੈਕਨਬ ਰਾਹੀਂ ਇਕ ਸਪੈਸ਼ਲ ਤਫਤੀਸ਼ ਕਰਾਈ। ਮੈਕਨਬ ਨੇ ਇਹ ਸਿੱਟਾ ਕੱਢਿਆ :

"ਕੂਕਿਆਂ ਦਾ ਮੰਤਵ ਸਿੱਖ ਰਾਜ ਦੀ ਸਥਾਪਨਾ ਕਰਨਾ ਸੀ ਜਿਸ ਦਾ ਸਿੱਧਾ ਅਰਥ ਹੈ ਅੰਗਰੇਜ਼ ਹਕੂਮਤ ਨੂੰ ਖਤਮ ਕਰਨਾ। ਕੂਕਿਆਂ ਦਾ ਪ੍ਰਚਾਰ ਅਤਿ ਦਰਜੇ ਦਾ ਵਿਦਰੋਹੀ ਸੀ। ਸੂਬੇ ਦਾ ਅਮਨ ਅਤੇ ਸ਼ਾਂਤੀ ਵਾਸਤੇ ਇਹ ਕਿੰਨੇ ਕੁ ਖਤਰਨਾਕ ਹਨ, ਇਸ ਦਾ ਪਹਿਲਾ ਸਬੂਤ ਹੈ ਸੰਨ 1969 ਦੀ ਥਰਾਜਵਾਲੇ ਦੀ ਘਟਨਾ ਜਦੋਂ ਉਥੇ ਨਾਮਧਾਰੀਆਂ ਨੇ ਸਭ ਨਕਦ ਪੈਸੇ ਅਤੇ ਅਨਾਜ ਇਕੱਠਾ ਕਰਕੇ ਸਿੱਖ ਰਾਜ ਸਥਾਪਤ ਕੀਤੇ ਜਾਣ ਦਾ ਐਲਾਨ ਕਰ ਦਿੱਤਾ ਸੀ। ਦੂਸਰਾ ਸਬੂਤ ਬੁੱਚੜਾਂ ਦਾ ਕਤਲ ਸੀ। ਜਿਹੜਾ ਕਿ ਅੰਗਰੇਜ਼ ਸਰਕਾਰ ਵਿਰੁੱਧ ਉਪੱਦਰ ਖੜਾ ਕਰਨ ਵਾਲਾ ਸਿਆਸੀ ਕੰਮ ਸੀ ਅਤੇ ਤੀਸਰਾ ਸਬੂਤ ਮਲੌਦ ਅਤੇ ਮਲੇਰਕੋਟਲੇ ਤੇ ਧਾਵਾ ਸੀ।"

ਵੱਖ ਵੱਖ ਅਪਰਾਧੀਆਂ ਲਈ ਮੈਕਨਬ ਨੇ ਜਲਾਵਤਨੀਆਂ ਅਤੇ ਉਮਰ ਕੈਦ ਤੋਂ ਲੈ ਕੇ ਹੇਠਾਂ ਤੱਕ ਦੋ ਦੋ ਸਾਲ ਤੱਕ ਦੀਆਂ ਸਜ਼ਾਵਾਂ ਦੀ ਤਜਵੀਜ਼ ਰੱਖੀ ਪਰ ਪੰਜਾਬ ਅਤੇ ਹਿੰਦ ਸਰਕਾਰ ਨੇ ਘੱਟ ਸਜ਼ਾਵਾਂ ਦੀ ਤਜਵੀਜ਼ ਰੱਦ ਕਰਕੇ ਸਾਰਿਆਂ ਨੂੰ ਹੀ ਸਖਤ ਸਜ਼ਾਵਾਂ ਦੇਣ ਦਾ ਫੈਸਲਾ ਕੀਤਾ।

ਸਰਕਾਰ ਵਲੋਂ ਕੂਕਿਆਂ ਉਪਰ, ਮਲਕਾ ਬਰਤਾਨੀਆਂ ਅਤੇ ਉਸ ਦੇ ਸਾਥੀਆਂ ਵਿਰੁੱਧ ਜੰਗ ਕਰਨ, ਲੋਕਾਂ ਨੂੰ ਜੰਗ ਲਈ



Sri Satguru Jagjit Singh Ji eLibrary NamdhariElibrary@gmail.com

ਉਕਸਾਣ, ਰਾਜ ਧਰੋਹੀ ਬਾਗ਼ੀਆਨਾ ਤਕਰੀਰਾਂ ਕਰਨ, ਬਲਵੇ ਅਤੇ ਉਪੱਦਰ ਖੜਾ ਕਰਨ ਦਾ ਦੋਸ਼ ਸੀ। ਫਲਸਰੂਪ ਮੌਤ ਤੋਂ ਲੈ ਕੇ ਉਮਰ ਕੈਦ ਅਤੇ ਦੇਸ਼ ਨਿਕਾਲੇ ਦੀਆਂ ਸਜ਼ਾਵਾਂ ਹੋ ਸਕਦੀਆਂ ਸਨ।

ਸਰਕਾਰ ਨੇ ਬੜੇ ਵੱਡੇ ਪੈਮਾਨੇ ਤੇ ਸਲਾਹ ਮਸ਼ਵਰੇ ਅਤੇ ਮਗਜ਼ਮਾਰੀ ਪਿੱਛੋਂ ਕੂਕਿਆਂ ਤੇ ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਉਣ ਤੋਂ ਪਰਹੇਜ਼ ਕੀਤਾ। ਕਾਰਨ ਇਹ ਸੋਚੇ ਗਏ ਕਿ ਜੇ ਦੋਸ਼ੀ ਕਿਸੇ ਤਰ੍ਹਾਂ ਬਰੀ ਹੋ ਗਏ ਤਾਂ ਕੂਕਿਆਂ ਦੀ ਚੜ੍ਹ ਮਚੇਗੀ ਅਤੇ ਸਰਕਾਰ ਦੀ ਬਦਨਾਮੀ ਹੋਵੇਗੀ। ਮੁਕੱਦਮੇ ਸਮੇਂ ਨਾਮਧਾਰੀ ਪੰਥ ਵਿਚ ਫੇਰ ਸਰਗਰਮੀ ਆ ਜਾਵੇਗੀ ਅਤੇ ਮੁਕੱਦਮੇ ਲਈ ਚੰਦੇ ਆਦਿ ਇਕੱਠੇ ਹੋਣੇ ਸ਼ੁਰੂ ਹੋ ਜਾਣਗੇ। ਕਈ ਅੰਗਰੇਜ਼ ਵਕੀਲ ਜੋ ਸਦਾ ਇਹੋ ਜਿਹੇ ਮੌਕੇ ਦੀ ਭਾਲ ਵਿਚ ਰਹਿੰਦੇ, ਸਫਾਈ ਵੇਲੇ ਆਪਣੇ ਮੁਅੱਕਲ ਨੂੰ ਬਚਾਉਣ ਦੇ ਯਤਨ ਕਰਨ ਤੋਂ ਇਲਾਵਾ ਆਪਣੀ ਸ਼ੁਹਰਤ ਵਧਾਉਣ ਲਈ ਮੁਕੱਦਮੇ ਨੂੰ ਸਿਆਸੀ ਰੰਗਤ ਦੇ ਦਿੰਦੇ ਹਨ। ਜਿਸ ਨਾਲ ਦੇਸ਼ ਵਾਸੀਆਂ ਤੇ ਭੈੜਾ ਅਸਰ ਪੈਂਦਾ ਹੈ।

ਅੰਤ ਸਵਾਏ ਸ. ਮੰਗਲ ਸਿੰਘ ਦੇ ਇਹਨਾਂ ਸਾਰਿਆਂ ਨੂੰ ਗੁਰੂ ਰਾਮ ਸਿੰਘ ਵਾਂਗ ਹੀ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਧਾਰਾ ਤਿੰਨ ਰਾਹੀਂ ਹੀ ਅਦਨ, ਚੁਨਾਰ ਮੌਲਮੀਨ ਅਤੇ ਅਸੀਰਗੜ੍ਹ ਆਦਿ ਥਾਵਾਂ ਤੇ ਭੇਜ ਕੇ ਜਲਾਵਤਨ ਜਾਂ ਕੈਦ ਕੀਤਾ ਗਿਆ।

ਹੋਮ ਸੈਕਟਰੀ ਹਿੰਦ ਸਰਕਾਰ ਦੇ ੧੨ ਜਨਵਰੀ ੧੮੭੩ ਦੇ ਹੁਕਮ ਰਾਹੀਂ ਸੂਬਾ ਸਿੰਘ ਅਤੇ ਸੂਬਾ ਕਾਹਨ ਸਿੰਘ ਨੂੰ ਦੇਸ਼ ਬਦਰ ਕਰਕੇ ਅਦਨ (ਅਰਬ) ਭੇਜ ਦਿੱਤਾ ਗਿਆ। ਇਨ੍ਹਾਂ ਦੋਹਾਂ ਸਜਨਾਂ ਨੂੰ ਸਮੁੰਦਰੀ ਜਹਾਜ਼ 'ਮੇਲ ਸਟੀਮਰ-ਪਸ਼ਾਵਰ' ਵਿਚ ੨੪ ਮਾਰਚ ੧੮੭੩ ਨੂੰ ਅਦਨ ਪਹੁੰਚਾ ਦਿੱਤਾ ਗਿਆ। ਪਹਿਲਾਂ ਤਾਂ ਇਹਨਾਂ ਨੂੰ ਅਦਨ ਜੇਹਲ ਵਿਚ ਇਕ ਵੱਖਰੀ ਬਣਾਈ ਜਗਾਹ ਵਿਚ ਰੱਖਿਆ ਗਿਆ, ਪਿਛੋਂ ਹਿੰਦ ਸਰਕਾਰ ਨੇ ਹੁਕਮ ਜਾਰੀ ਕੀਤਾ ਕਿ ਇਹਨਾਂ ਨੂੰ ਜੇਹਲ ਦੀ ਬਜਾਏ ਪੁਲਿਸ ਨਿਗਰਾਨੀ ਹੇਠ ਰੱਖਿਆ ਜਾਵੇ। ਫਲਸਰੂਪ ਇਹਨਾਂ ਨੂੰ ਉਸੇ ਹੀ ਵਖਰੇ ਮਕਾਨ ਵਿਚ ਰੱਖਿਆ ਗਿਆ, ਜਿਥੇ ਸ਼ਾਹੀ ਕੈਦੀ ਯੰਗ ਲਾਟ ਨੂੰ ਰੱਖਿਆ ਗਿਆ ਸੀ ਅਤੇ ਨਜ਼ਰ ਰੱਖਣ ਲਈ ਦੋ ਆਦਮੀ ਲਾਏ ਗਏ। ਅਦਨ ਦਾ ਜਲਵਾਯੂ ਇਹਨਾਂ ਦੋਹਾਂ ਨੂੰ ਰਾਸ ਨਾ ਆਇਆ ਅਤੇ ਇਹਨਾਂ ਦੀ ਸੇਹਤ ਦਿਨੋ ਦਿਨ ਖਰਾਬ ਹੁੰਦੀ ਗਈ। ਸੂਬਾ ਸਾਹਿਬ ਬਹੁਤ ਕਮਜ਼ੋਰ ਹੋ ਗਏ ਅਤੇ ਬਾਬਾ ਕਾਹਨ ਸਿੰਘ ਨੂੰ ਹਰਨੀਆਂ ਦੀ ਸ਼ਿਕਾਇਤ ਤੇ ਅੱਖਾਂ ਦੀ ਬੀਮਾਰੀ ਹੋ ਗਈ। ਦੋਹਾਂ ਦੀ ਜਾਨ ਨੂੰ ਖਤਰਾ ਪੈਦਾ ਹੋਣ ਤੇ ਅਦਨ ਦੇ ਪੋਲੀਟੀਕਲ ਰੈਜ਼ੀਡੈਂਟ ਨੇ ਭਾਰਤ ਸਰਕਾਰ ਨੂੰ ਲਿਖਿਆ ਕਿ ਜੇ ਇਹ ਦੋਵੇਂ ਵਿਅਕਤੀ ਅਦਨ ਵਿਚ ਰਹੇ ਤਾਂ ਜਾਨ ਗੁਆ ਦੇਣਗੇ। ਇਸ ਲਈ ਇਹਨਾਂ ਨੂੰ ਭਾਰਤ ਭੇਜ ਦਿੱਤਾ ਜਾਵੇ। ਇਹਨਾਂ ਦੇ ਸਰੀਰ ਰਿਸ ਰਿਸ ਕੇ ਖਤਮ ਹੋ ਰਹੇ ਸਨ। ਇਸ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਇਹ ਮਨਜ਼ੂਰੀ ਦੇ ਦਿੱਤੀ ਕਿ ਇਹਨਾਂ ਨੂੰ ਪੰਜਾਬ ਅਤੇ ਅਲਾਹਬਾਦ ਨੂੰ ਛੱਡ ਕੇ ਭਾਰਤ ਦੇ ਕਿਸੇ ਥਾਂ ਤੇ ਰੱਖਿਆ ਜਾਵੇ। ਫੈਸਲਾ ਬਿਹਾਰ ਵਿਚ ਹਜ਼ਾਰੀ ਬਾਗ ਸ਼ਹਿਰ ਭੇਜਣ ਦਾ ਹੋਇਆ।

ਹਿੰਦ ਸਰਕਾਰ ਦੇ ੨੩ ਅਪ੍ਰੈਲ ੧੮੭੫ ਦੇ ਇਕ ਆਰਡਰ ਰਾਹੀ ਇਹਨਾਂ ਨੂੰ ਭਾਰਤ ਭੇਜਣ ਦਾ ਆਦੇਸ਼ ਦਿੱਤਾ ਗਿਆ। ਮਈ ਦੇ ਮਹੀਨੇ ਇਹਨਾਂ ਨੂੰ ਅਦਨ ਤੋਂ ਬੰਬਈ ਅਲਾਹਬਾਦ ਦੇ ਰਸਤੇ ਹਜ਼ਾਰੀ ਬਾਗ ਪਹੁੰਚਾ ਦਿੱਤਾ ਅਤੇ ਇਹਨਾਂ ਨੂੰ ਇਹਤਿਆਤ ਵਜੋਂ ਉਸ ਬੰਦੀਖਾਨੇ ਵਿਚ ਰਖਿਆ ਗਿਆ ਜੋ ਕੇਵਲ ਯੂਰਪੀਵਾਦ ਅਪਰਾਧੀਆਂ ਵਾਸਤੇ ਰਾਖਵਾਂ ਸੀ।

ਭਾਰਤ ਵਾਪਸ ਆਉਣ ਤੇ ਵੀ ਸੂਬਾ ਸਾਹਿਬ ਸਿੰਘ ਦੀ ਸਿਹਤ ਸਾਥ ਨਹੀਂ ਦੇ ਰਹੀ ਸੀ। ਆਪ ਨੂੰ ਪਿਸ਼ਾਬ ਵਿਚ ਸ਼ੱਕਰ ਆਉਣ ਦੀ ਬੀਮਾਰੀ ਲਗ ਗਈ। ਸਿਵਲ ਸਰਜਨ ਨੇ ਰਿਪੋਰਟ ਕੀਤੀ ਕਿ ਭਾਵੇਂ ਇਸ ਬੀਮਾਰੀ ਦਾ ਅਸਲ ਹੌਲੀ ਹੌਲੀ ਹੁੰਦਾ ਹੈ ਪਰ ਮਾਰੂ ਹੁੰਦਾ ਹੈ। ਇਸ ਜੇਹਲ ਦੀ ਇੰਸਪੈਕਸ਼ਨ ਸਮੇਂ ਇੰਸਪੈਕਟਰ ਜਨਰਲ ਨੇ ਇਹ ਸਿਫਾਰਸ਼ ਕੀਤੀ : "ਕਿਉਂਕਿ ਇਹਨਾਂ ਦੋਹਾਂ ਕੈਦੀਆਂ ਦੀ ਕੈਦ ਦਾ ਸਮਾਂ ਅਨਿਸਚਿਤ ਹੈ ਅਤੇ ਇਹ ਬਰਮਾ ਭੇਜੇ ਗਏ ਕੈਦੀਆਂ ਨਾਲੋਂ ਜ਼ਿਆਦਾ ਸਖਤਾਈ ਦੀ ਕੈਦ ਭੁਗਤ ਰਹੇ ਹਨ ਇਸ ਲਈ ਇਹਨਾਂ ਨੂੰ ਬਰਮਾ ਦੇ ਕਿਸੇ ਥਾਂ ਭੇਜ ਦਿੱਤਾ ਜਾਵੇ।" ਇਹ ਦੋਵੇਂ ਆਪ ਵੀ ਬਰਮਾ ਜਾਣਾ ਚਾਹੁੰਦੇ ਸਨ। ਕਿਉਂਕਿ ਉਥੇ ਆਜ਼ਾਦੀ ਦੀ ਜ਼ਿਆਦਾ ਸੰਭਾਵਨਾ ਸੀ।

ਇਸ ਦੂਜਾ ਵਿਚਾਰ ਸੀ ਕਿ ਇਹਨਾਂ ਨੂੰ ਜੇਹਲ ਤੋਂ ਬਾਹਰ ਫਿਰਨ ਤੁਰਨ ਦੀ ਆਗਿਆ ਦਿੱਤੀ ਜਾਵੇ। ਪੰਜਾਬ ਸਰਕਾਰ ਇਹਨਾਂ ਦੋਹਾਂ ਹੀ ਗੱਲਾਂ ਦੇ ਖਿਲਾਫ ਸੀ। ਬਰਮਾ ਨਾ ਭੇਜਣ ਦਾ ਫੈਸਲਾ ਜਲਵਾਯੂ ਦੇ ਰਾਸ ਨਾ ਆਉਣ ਦਾ ਬਹਾਨਾ ਬਣਾ ਕੇ ਕੀਤਾ ਗਿਆ। ਜੇਹਲੋਂ ਬਾਹਰ ਫਿਰਨ ਤੁਰਨ ਦੀ ਆਗਿਆ ਦੇ ਸਰਕਾਰ ਖਿਲਾਫ ਸੀ ਕਿ ਕਿਉਂਕਿ ਉਸ ਦਾ ਇਹ ਖਿਆਲ ਸੀ ਕਿ ਸੂਬਾ ਸਾਹਿਬ ਸਿੰਘ ਦਰਜੇ ਦੇ ਹਿਸਾਬ ਨਾਲ ਗੁਰੂ ਰਾਮ ਸਿੰਘ ਤੋਂ ਦੂਜੇ ਦਰਜੇ ਤੇ ਆਉਂਦਾ ਹੈ ਅਤੇ ਬਾਬਾ ਕਾਹਨ ਸਿੰਘ ਬਹੁਤ 'ਜੁਸ਼ੀਲਾ' ਅਤੇ ਵਿਗੜਿਆ ਹੋਇਆ ਸੂਬਾ ਹੈ। ਜਿਉਂ ਹੀ ਜੇਹਲੋਂ ਬਾਹਰ ਵਿਚਰਨ ਦੀ ਆਗਿਆ ਦਿੱਤੀ ਗਈ, ਇਹ ਪੰਜਾਬ ਨਾਲ ਸੰਪਰਕ ਕਾਇਮ ਕਰ ਲੈਣਗੇ।"

ਫਲਸਰੂਪ ਕੜੀ ਨਿਗਰਾਨੀ ਹੀ ਜਾਰੀ ਰਹੀ ਅਤੇ ਪੰਜਾਬ ਦਾ ਇਹ ਬਹਾਦਰ ਸਪੂਤ, ਜਿਸ ਤੋਂ ਦੁਨੀਆਂ ਦੀ ਸਭ ਤੋਂ ਵੱਡੀ ਸਾਮਰਾਜੀ ਤਾਕਤ ਵੀ ਥਰ ਥਰ ਕੰਬਦੀ ਸੀ, ੧੦ ਜੂਨ ੧੮੭੯ ਨੂੰ ਲਗਭਗ ੪੫ ਸਾਲ ਦੀ ਜੁਆਨ ਉਮਰ ਵਿਚ ਹੀ ਸਵਰਗਵਾਸ ਹੋ ਗਿਆ।

(ਜੂਨ 1976)



Sri Satguru Jagjit Singh Ji eLibrary NamdhariElibrary@gmail.com

# ਅਮਨ ਹੀ ਇਕੋ ਇਕ ਰਾਹ

—ਜਗਦੀਸ਼ ਸਿੰਘ

ਸੰਸਾਰ ਵਿਚ ਵਿਗਿਆਨ ਦੀ ਪ੍ਰਗਤੀ ਦਾ ਇਕ ਵੱਡਾ ਹਿੱਸਾ ਵਿਨਾਸ਼ਕਾਰੀ ਕੰਮਾਂ ਵਿਚ ਲੱਗਾ ਹੋਇਆ ਹੈ ਅਤੇ ਇਸ ਤਰ੍ਹਾਂ ਇਕ ਸਮੇਂ ਦਾ ਕਲਿਆਣਕਾਰੀ ਵਿਗਿਆਨ ਹੁਣ ਕਲਿਆਣਕਾਰੀ ਨਾਲੋਂ ਬਹੁਤਾ ਵਿਨਾਸ਼ਕਾਰੀ ਬਣ ਚੁੱਕਾ ਹੈ।

ਜੰਗੀ ਸਾਜ਼-ਸਮਾਨ ਕਿੰਨਾ ਵਿਕਸਿਤ ਹੋ ਚੁੱਕਾ ਹੈ। ਇਸ ਗੱਲ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਹੜੇ ਜੰਗੀ ਹਥਿਆਰ ਬਣ ਚੁੱਕੇ ਹਨ, ਉਹ ਇਕ ਬਟਨ ਦਬਾਇਆਂ ਸਾਰੇ ਵਿਸ਼ਵ ਨੂੰ ਇਕ ਅੱਗ ਦੇ ਗੋਲੇ ਵਿਚ ਬਦਲ ਸਕਦੇ ਹਨ, ਮੌਸਮੀ ਬੰਬਾਂ ਨਾਲ ਵਿਸ਼ੇਸ਼ ਇਲਾਕਿਆਂ ਉੱਤੇ ਜਾ ਸੋਕਾ ਪਾਇਆ ਸਕਦਾ ਹੈ ਤੇ ਜਾਂ ਫਿਰ ਅਥਾਹ ਮੀਂਹ ਵਰਸਾਇਆ ਜਾ ਸਕਦਾ ਹੈ ਕਿ ਸਭ ਕੁਝ ਰੁੜ੍ਹ ਪੁੜ੍ਹ ਜਾਵੇ, ਵਿਸ਼ੇਸ਼ ਕਿਸਮ ਦੇ ਰਸਾਇਣ ਛਿੜਕ ਕੇ ਕਿਸੇ ਖਿੱਤੇ ਦੀ ਬਨਾਸਪਤੀ ਤੇ ਕੁਦਰਤੀ ਵਸੀਲਿਆਂ ਨੂੰ ਨਸ਼ਟ ਕਰ ਦਿੱਤਾ ਜਾਵੇ, ਰਸਾਇਣਿਕ ਮਵਾਦ ਵਰਤ ਕੇ ਵਬਾਵਾਂ ਫੈਲਾ ਦਿੱਤੀਆਂ ਜਾਣ ਅਤੇ ਹਵਾ ਵਿਚ ਅਜਿਹੇ ਜੀਨ (ਉਤਪਤੀ ਕਣ) ਛੱਡ ਦਿੱਤੇ ਜਾਣ ਕਿ ਮਨੁੱਖ ਦੀ ਸ਼ਕਲ ਹੀ ਵਿਗੜ ਜਾਵੇ ਅਤੇ ਸਿਰਫ ਲੋਕਾਂ ਦੀਆਂ ਸੂਰਤਾਂ ਹੀ ਨਹੀਂ, ਸਗੋਂ ਦਿਮਾਗ ਵੀ ਵਿਕ੍ਰਤ ਹੋ ਜਾਣ।

ਇਸ ਤੋਂ ਬਿਨਾਂ ਦੁਨੀਆਂ ਦੀ ਸਭ ਤੋਂ ਵੱਡੀ ਸਾਮਰਾਜੀ ਸ਼ਕਤੀ ਅਮਰੀਕਾ ਇਕ ਤੋਂ ਬਾਅਦ ਦੂਜੇ ਖਿੱਤੇ ਵਿਚ ਵਿਰੋਧ ਦੇ ਪਲੀਤੇ ਲਾ ਰਹੀ ਹੈ ਤਾਂ ਜੋ ਇਸ ਦੇ ਹਥਿਆਰ ਵਿਕਦੇ ਰਹਿਣ ਅਤੇ ਇਹ ਮਨੁੱਖੀ ਜਾਨਾਂ ਦੀ ਕੀਮਤ ਤੇ ਆਪਣੇ ਅਰਥਚਾਰੇ ਦੇ ਤਿਲਕਦੇ ਪੈਰਾਂ ਨੂੰ ਭੋਰਾ ਕੁ ਪੱਕੇ ਪੈਰੀਂ ਕਰ ਸਕੇ।

ਇਕ ਅੰਦਾਜ਼ੇ ਮੁਤਾਬਕ ਦੂਜੀ ਵੱਡੀ ਜੰਗ ਤੋਂ ਬਾਅਦ ਦੁਨੀਆਂ ਭਰ ਵਿਚ ਫੌਜੀ ਸਾਜ਼-ਸਮਾਨ ਤੇ ੬੦੦ ਖਰਬ ਡਾਲਰ ਖਰਚ ਕੀਤਾ ਗਿਆ ਹੈ। ਇਸ ਨਾਲ ਜਿਹੜਾ ਤਬਾਹ-ਕਰੂ ਸਾਜ਼-ਸਮਾਨ ਤਿਆਰ ਕੀਤਾ ਗਿਆ ਹੈ, ਉਹ ਸਾਡੀ ਦੁਨੀਆਂ ਵਰਗੀਆਂ ਦੋ ਸੌ ਧਰਤੀਆਂ ਨੂੰ ਅੱਗ ਦੇ ਗੋਲਿਆਂ ਵਿਚ ਬਦਲ ਸਕਦੀਆਂ ਹਨ। ਸਿਰਫ ੧੯੭੫ ਵਿਚ ਹੀ ੨੮ ਖਰਬ ਡਾਲਰ ਫੌਜੀ ਕੰਮਾਂ ਤੇ ਖਰਚੇ ਗਏ ਹਨ ਅਤੇ ਇਹ ਰਕਮ ਦਿਨੋ ਦਿਨ ਵਧ ਰਹੀ ਹੈ। ਪਿਛਲੇ ਤੀਹ ਸਾਲਾਂ ਵਿਚ ਅਮਰੀਕਾ, ਇੰਗਲੈਂਡ, ਫਰਾਂਸ ਅਤੇ ਸੋਵੀਅਤ ਰੂਸ ਨੇ ੭੬ ਕਿਸਮ ਦੇ ਆਧੁਨਿਕ ਲੜਾਕੇ ਤੇ ਬੰਬਾਰ ਤਿਆਰ ਕੀਤੇ ਹਨ। ਐਟਮੀ ਬੰਬਾਂ ਵਿਚ ਵਰਤਿਆ ਜਾਣ ਵਾਲਾ ਪਲੂ ਟੋਨੀਅਮ, ਜਿਸ ਨੂੰ ਕਿ ਦੁਨੀਆਂ ਦੇ ਕਲਿਆਣ ਲਈ ਬਹੁਤ ਲਾਹੇਵੰਦ ਢੰਗ ਨਾਲ ਸਾਧਿਆ ਜਾ ਸਕਦਾ ਹੈ, ਬਹੁਤਾ ਅੱਗ ਵਰ੍ਹਾਊ ਕੰਮਾਂ ਲਈ ਵਰਤਿਆ ਜਾਂਦਾ ਹੈ। ਇਕ ਅੰਦਾਜ਼ੇ ਮੁਤਾਬਕ ੧੯੮੦ ਤੱਕ ਸੰਸਾਰ ਵਿਚ ੮੦,੦੦੦ ਕਿਲੋ ਪਲੂਟੋਨੀਅਮ ਸਲਾਨਾ ਨਿਕਲਣ ਲਗੇਗਾ, ਜਿਸ ਨਾਲ ੧੦ ਹਜ਼ਾਰ ਪਰਮਾਣੂ ਬੰਬ ਬਣ ਸਕਦੇ ਹਨ।

ਇਹ ਖਰਚੇ ਕਿੰਨੇ ਹਨ, ਇਸ ਦਾ ਅੰਦਾਜ਼ਾ ਹੇਠ ਲਿਖੀਆਂ ਉਦਾਹਰਨਾਂ ਤੋਂ ਸਹਿਜੇ ਹੀ ਲਗ ਸਕਦਾ ਹੈ:

— ਆਸਵਾਨ ਬਿਜਲੀ ਬੰਨ੍ਹ ਦੁਨੀਆਂ ਭਰ ਦਾ ਸਭ ਤੋਂ ਵੱਡਾ ਬੰਨ੍ਹ ਹੈ। ਜਿੰਨਾ ਖਰਚ ਇਸ ਡੈਮ ਤੇ ਹੁੰਦਾ ਹੈ, ਓਨਾ ਖਰਚ ਹੀ ਹਵਾਈ ਜਹਾਜ਼ਾਂ ਦੇ ਉਤਾਰੇ ਵਾਲੇ ਸਮੁੰਦਰੀ ਜਹਾਜ਼ ਤੇ ਖਰਚ ਹੁੰਦਾ ਹੈ। ਇਹ ਖਰਚ ੧੦ ਅਰਬ ਡਾਲਰ ਬਣਦਾ ਹੈ।

— ਪੋਲਾਰਿਸ ਰਾਕਟਾਂ ਨਾਲ ਲੈਸ ਐਟਮੀ ਪਣਡੁੱਬੀ ੬ ਅਰਬ ਡਾਲਰ ਦੀ ਕੀਮਤ ਨਾਲ ਤਿਆਰ ਕੀਤੀ ਜਾਂਦੀ ਹੈ। ਇਸ ਰਕਮ ਨਾਲ ੧੨੦ ਆਧੁਨਿਕ ਸਾਜ਼-ਸਮਾਜ ਨਾਲ ਲੈਸ ਹਸਪਤਾਲ ਬਣ ਸਕਦੇ ਹਨ।

— ਇਕ ਐਮ. ਆਰ. ਸੀ. ਏ. ਲੜਾਕੂ ਜੈਟ ੮੦ ਲੱਖ ਡਾਲਰ ਨਾਲ ਤਿਆਰ ਹੁੰਦਾ ਹੈ। ਇਸ ਰਕਮ ਨਾਲ ਅੱਠ ਅੱਠ ਸੌ ਲੋਕਾਂ ਲਈ ਅੱਠ ਅਰਾਮਦੇਹ ਸੈਨੇਟੋਰੀਅਮ ਖੋਹਲੇ ਜਾ ਸਕਦੇ ਹਨ।

ਇਕ ਲਿਓਪਰਡ ਟੈਂਕ ਢਾਈ ਲੱਖ ਡਾਲਰ ਨਾਲ ਬਣਦਾ ਹੈ। ਅਜਿਹੇ ਚਾਰ ਟੈਂਕਾਂ ਦੀ ਕੀਮਤ ਨਾਲ ਇਕ ਅਧੁਨਿਕ ਬਹੁਮੰਜ਼ਲਾ ਸਕੂਲ ਬਣ ਸਕਦਾ ਹੈ।

ਇਹ ਤੱਥ ਮੂੰਹੋਂ ਬੋਲਦੇ ਹਨ ਅਤੇ ਇਨ੍ਹਾਂ ਦੇ ਉਪਰ ਲਿਖਤ ਟਾਕਰੇ ਦਾ ਜਾਇਜ਼ਾ ਲਿਆਂ ਪਤਾ ਲਗ ਜਾਂਦਾ ਹੈ ਕਿ ਜਿਹੜਾ ਖਰਚ ਜੰਗੀ ਸਾਜ਼-ਸਮਾਨ 'ਤੇ ਕੀਤਾ ਜਾਂਦਾ ਹੈ, ਉਹ ਲੋਕ ਭਲਾਈ ਲਈ ਕੀਤਾ ਜਾਵੇ ਤਾਂ ਮਨੁੱਖਤਾ ਲਈ ਕਿੰਨਾ ਲਾਹੇਵੰਦਾ ਸਾਬਤ ਹੋ ਸਕਦਾ ਹੈ।

ਇਸ ਸਾਰੀ ਗੱਲ ਨੂੰ ਮੁੱਖ ਰੱਖਦਿਆਂ ਹੀ ਅਮਨ, ਅਤੇ ਸਥਾਈ ਅਮਨ ਦੀ ਗੱਲ ਹੋਰ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਇਹ ਗੱਲ ਹਰ ਵਿਚਾਰਵਾਨ ਮਨੁੱਖ ਸੋਚਣ ਲਈ ਮਜਬੂਰ ਹੈ ਕਿ ਅਸੀਂ ਖੁਸ਼ਹਾਲੀ ਚਾਹੁੰਦੇ ਹਾਂ ਜਾਂ ਬਰਬਾਦੀ। ਬਰਬਾਦੀ ਦੇ ਸਾਧਨਾਂ ਨੂੰ ਸੀਮਤ ਕਰਕੇ ਉਹ ਰਕਮ ਲੋਕ ਬਿਹਤਰੀ ਦੇ ਕੰਮਾਂ ਤੇ ਲਾਉਣੀ ਜ਼ਰੂਰੀ ਹੈ। ਅਤੇ ਖੁਸ਼ਹਾਲੀ ਲਈ ਸਭ ਤੋਂ ਪਹਿਲੀ ਸ਼ਰਤ ਅਮਨ ਹੈ। ਆਓ, ਅਸੀਂ ਅਮਨ ਦੇ ਝੰਡੇ ਨੂੰ ਹੋਰ ਉੱਚਾ ਕਰੀਏ।

(ਜੁਲਾਈ 1976)



Sri Satguru Jagjit Singh Ji eLibrary NamdhariElibrary@gmail.com

# ਮੁੱਖ ਮੰਤਰੀ ਜੀ ਦੇ ਧਿਆਨ ਗੋਚਰੇ

—ਜਗਦੀਸ਼ ਸਿੰਘ

ਸ. ਪ੍ਰਕਾਸ਼ ਸਿੰਘ ਬਾਦਲ ਨੇ ਇਕ ਵਾਰ ਫਰ ਪੰਜਾਬ ਦੀ ਵਾਗ ਡੋਰ ਸੰਭਾਲੀ ਹੈ ਤਾਂ ਅਸੀਂ ਬਾਦਲ ਸਾਹਿਬ ਦਾ ਧਿਆਨ ਇਕ ਐਸੇ ਜ਼ਰੂਰੀ ਮਸਲੇ ਵੱਲ ਦੁਆਉਣਾ ਚਾਹੁੰਦੇ ਹਾਂ ਜੋ ਉਹਨਾਂ ਦੀ ਨਜ਼ਰ ਚੋਂ ਉਹਨਾਂ ਦੇ ਪਿਛਲੇ ਅਹਿਮ ਸਮੇਂ ਲੰਘ ਚੁੱਕਾ ਹੈ।

ਤਾਰੀਖ ਗੁਆਹ ਹੈ ਕਿ ਜਦੋਂ ਪੰਜਾਬ ਤੇ ਅੰਗਰੇਜ਼ਾਂ ਦੇ ਕਬਜ਼ੇ ਪਿਛੋਂ ਇਥੇ ਜ਼ੁਲਮ ਦੀ ਦਹਿਸ਼ਤ ਤਾਰੀ ਸੀ ਅਤੇ ਸਾਰੀ ਕੌਮ ਸਾਹ ਸਤ ਹੋਣ ਹੋ ਚੁੱਕੀ ਸੀ ਤਾਂ ਉਸ ਵੇਲੇ ਕੂਕਿਆਂ ਨੇ ਉਸ ਜ਼ੁਲਮ ਦੀ ਹਨੇਰੀ ਅੱਗੇ ਸੀਨਾ ਤਾਣਿਆ ਸੀ। ਜਿਸ ਦੇ ਫਲਸਰੂਪ ਅਨੇਕਾਂ ਕੂਕੇ ਸੂਰਬੀਰਾਂ ਨੇ ਅੰਮ੍ਰਿਤਸਰ, ਰਾਇਕੋਟ, ਮਲੇਰਕੋਟਲਾ, ਲੁਧਿਆਣਾ ਆਦਿਕ ਥਾਵਾਂ ਤੇ ਸ਼ਹੀਦੀਆਂ ਪਾਈਆਂ ਸਨ ਤੇ ਹੋਰ ਅਨੇਕਾਂ ਤਸੀਹੇ ਝਲੇ ਹਨ। ਨਾਮਧਾਰੀਆਂ ਦੀਆਂ ਇਹ ਕੁਰਬਾਨੀਆਂ ਸਾਡੇ ਦੇਸ਼ ਦਾ ਸਾਂਝਾ ਵਿਰਸਾ ਹੈ। ਉਹਨਾਂ ਦੀਆਂ ਯਾਦਗਾਰਾਂ ਬਨਾਉਣੀਆਂ ਕੇਵਲ ਕੂਕਿਆਂ ਦਾ ਹੀ ਕੰਮ ਨਹੀਂ ਸਗੋਂ ਸਰਕਾਰ ਦਾ ਵੀ ਫਰਜ਼ ਹੈ। ਜੇ ਸਰਕਾਰ ਆਪ ਜ਼ਿਆਦਾ ਕੁਝ ਨਹੀਂ ਕਰ ਸਕਦੀ ਤਾਂ ਘੱਟੋ ਘੱਟ ਇਹਨਾਂ ਯਾਦਗਾਰਾਂ ਦੇ ਉਸਾਰਨ ਵਿਚ ਆਉਂਦੀਆਂ ਔਕੜਾਂ ਨੂੰ ਦੂਰ ਕਰਨ ਵਿਚ ਨਾਮਧਾਰੀ ਦਰਬਾਰ ਦੀ ਮਦਦ ਤਾਂ ਕਰ ਸਕਦੀ ਹੈ।

ਅਸੀਂ ਜਾਣਦੇ ਹਾਂ ਕਿ ਬਾਦਲ ਸਾਹਿਬ ਇਸ ਸਾਰੀ ਸਥਿਤੀ ਤੋਂ ਵਾਕਫ ਹਨ। ਇਹਨਾਂ ਸਥਾਨਾਂ ਚੋਂ ਇਕ ਅੰਮ੍ਰਿਤਸਰ ਦੇ ਸ਼ਹੀਦਾਂ ਦੀ ਥਾਂ ਬਾਰੇ ਸ. ਲਛਮਣ ਸਿੰਘ ਗਿਲ, ਦੇ ਵੇਲੇ ਤੋਂ ਚਰਚਾ ਚਲ ਰਹੀ ਹੈ। ਸ. ਆਤਮਾ ਸਿੰਘ, ਸ. ਲਛਮਣ ਸਿੰਘ ਤੇ ਸ. ਬਾਦਲ ਹੋਰਾਂ ਨੇ ਪੂਰੀ ਇਮਾਨਦਾਰੀ ਨਾਲ ਇਸ ਥਾਂ ਦੇ ਮਸਲੇ ਨੂੰ ਨਾਮਧਾਰੀ ਦਰਬਾਰ ਦੀ ਮਰਜ਼ੀ ਅਨੁਸਾਰ ਹੱਲ ਕਰਨ ਦੇ ਜਤਨ ਕੀਤੇ ਪਰ ਸਮੇਂ ਨੇ ਸਾਥ ਨਹੀਂ ਦਿੱਤਾ ਪਰ ਉਹਨਾਂ ਦੇ ਜਤਨਾਂ ਨੂੰ ਨਾਮਧਾਰੀ ਸਮਾਜ ਸਲਾਹੁੰਦਾ ਰਿਹਾ ਹੈ। ਅੰਮ੍ਰਿਤਸਰ ਵਾਲੇ ਸਥਾਨ ਬਾਰੇ ਦੱਸਿਆ ਜਾਂਦਾ ਹੈ ਕਿ ਪਿਛਲੀ ਬਾਦਲ ਸਰਕਾਰ ਨੇ ਆਰਡਰ ਵੀ ਕਰ ਦਿਤੇ ਸਨ ਜੋ ਪਿਛੋਂ ਗਵਰਨਰੀ ਰਾਜ ਸਮੇਂ ਹੋਰਨਾਂ ਫੈਸਲਿਆਂ ਦੇ ਨਾਲ ਹੀ ਮਨਸੂਖ ਹੋ ਗਏ। ਭਾਵੇਂ ਪਿਛਲੀ ਬਾਦਲ ਵਜ਼ਾਰਤ ਦੀ ਜਾਨਸ਼ੀਨ ਕਾਂਗਰਸ ਸਰਕਾਰ ਨੇ ਆਰਡਰ ਕਰਨ ਵਾਲੀ ਗੱਲ ਨੂੰ ਨਹੀਂ ਮੰਨਿਆ ਪਰ ਫਿਰ ਵੀ ਬਾਦਲ ਸਾਹਿਬ ਦੇ ਉਦਮ ਨੂੰ ਲੋਕਾਂ ਨੇ ਸਰਾਹਿਆ ਸੀ।

ਕਾਂਗਰਸ ਸਰਕਾਰ ਨੂੰ ਭਾਵੇਂ ਪਿਛਲੇ ਪੰਜ ਸਾਲ ਬੇ-ਖਟਕਾ ਰਾਜ ਕਰਨ ਦਾ ਅਤੇ ਹਰ ਤਰ੍ਹਾਂ ਦੇ ਅਧਿਕਾਰ ਵਰਤਣ ਦਾ ਮੌਕਾ ਮਿਲਿਆ ਹੈ। ਪਰ ਇਸ ਮਸਲੇ ਬਾਰੇ ਉਹਨਾਂ ਦੀ ਮੁਜਰਮਾਨਾ ਗਫਲਤ ਰਹੀ ਹੈ। ਮਲੇਰ ਕੋਟਲੇ ਦੇ ਸ਼ਹੀਦੀ ਸਥਾਨ ਬਾਰੇ ਅਤੇ ਅੰਮ੍ਰਿਤਸਰ ਦੀ ਜਗ੍ਹਾ ਬਾਰੇ ਭਾਵੇਂ ਕਾਰਵਾਈਆਂ ਤੇ ਮੀਟਿੰਗਾਂ ਹੁੰਦੀਆਂ ਦੱਸੀਆਂ ਜਾਂਦੀਆਂ ਰਹੀਆਂ ਪਰ ਨਾਮਧਾਰੀ ਦਰਬਾਰ ਦੀ ਮਨਸ਼ਾ ਅਨਕੂਲ ਕੋਈ ਹੱਲ ਨਹੀਂ ਹੋ ਸਕਿਆ।

ਸਤਿਗੁਰੂ ਜਗਜੀਤ ਸਿੰਘ ਜੀ ਇਸ ਸਬੰਧੀ ਆਪਣੇ ਵਿਚਾਰ ਦਸਦਿਆਂ ਅਕਸਰ ਕਿਹਾ ਕਰਦੇ ਹਨ ਕਿ "ਅਕਾਲ ਪੁਰਖ ਨੇ ਪਤਾ ਨਹੀਂ ਕਿਸ ਦੇ ਸਿਰ ਇਸ ਨੇਕ ਕੰਮ ਦਾ ਸਿਹਰਾ ਬੰਨ੍ਹਣਾ ਹੈ।"

ਇਸ ਸਬੰਧ ਵਿਚ ਅਸੀਂ ਬਹੁਤਾ ਨਾ ਕਹਿੰਦੇ ਹੋਏ ਬਾਦਲ ਸਾਹਿਬ ਦੀ ਆਪਣੀ ਤਕਰੀਰ ਜੋ ਉਹਨਾਂ ਨੇ ੧੨ ਮਾਰਚ ੧੯੭੧ ਨੂੰ ਆਨੰਦਪੁਰ ਸਾਹਿਬ ਹੋਲੇ ਸਮੇਂ ਨਾਮਧਾਰੀ ਦੀਵਾਨ ਵਿਚ ਕੀਤੀ, ਵਿਚੋਂ ਕੁਝ ਅੰਸ਼ ਦੇ ਕੇ ਉਹਨਾਂ ਦਾ ਧਿਆਨ ਇਸ ਮਸਲੇ ਵੱਲ ਦੁਆਉਂਦੇ ਹਾਂ।

"...ਬਾਬਾ ਜੀ ਮਹਾਰਾਜ ਦੀ ਯਾਦ ਸਾਡੇ ਸਾਰਿਆਂ ਦੇ ਦਿਲਾਂ ਵਿਚ ਹੈ, ਹਰ ਇਕ ਹਿੰਦੁਸਤਾਨੀ ਦੇ ਦਿਲ ਹੈ, ਲੇਕਿਨ ਮੈਂ ਸਮਝਦਾ, ਮੈਂ ਹੁਣੇ ਬਾਬਾ ਜੀ ਨੂੰ ਬੇਨਤੀ ਕੀਤੀ ਸੀ ਕਿ ਕੋਈ ਇਹੋ ਜਿਹੀ ਜਗਾ ਮੁਕਰਰ ਕਰੋ ਜੋ ਤੁਸੀਂ ਹੁਕਮ ਕਰਉ ਅਸੀਂ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਦੇ ਦਸੇ ਪ੍ਰੋਗਰਾਮ, ਉਹ ਸਾਰੀ ਹਿਸਟਰੀ ਜਿਸ ਤਰ੍ਹਾਂ ਕਿ ਅੱਜ ਨੁਮੈਸ਼ ਵਿਚ ਦੱਸੀ ਗਈ ਹੈ, ਉਸ ਤਰ੍ਹਾਂ ਦੀ ਇਕ ਬੜੀ ਵੱਡੀ ਯਾਦਗਾਰ ਬਣਾਈਏ ਤਾਂ ਕਿ ਸਾਡੇ ਹਿੰਦੁਸਤਾਨੀ ਉਹਨਾਂ ਦੀ ਜ਼ਿੰਦਗੀ ਤੋਂ ਉਤਸ਼ਾਹ ਲੈ ਕੇ ਕੌਮ ਤੇ ਮੁਲਕ ਦੀ ਸੇਵਾ ਕਰ ਸਕਣ। ਮੈਂ ਸਮਝਦਾ ਹਾਂ ਕਿ ਬਾਬਾ ਜੀ ਦੇ ਦਰਬਾਰ ਵਿਚ ਭਰਾਵਾਂ ਦੇ ਮਿਲਵਰਤਨ ਨਾਲ ਕੋਈ ਕਮੀ ਨਹੀਂ ਐ, ਕੋਈ ਚੀਜ਼ ਤੁਸੀਂ ਬਣਾ ਲਓ, ਥੋੜੇ ਜਿਹੇ ਚਿਰ ਵਿਚ ਤੁਸੀਂ ਉਸ ਨੂੰ ਸਿਰੇ ਚਾੜ੍ਹ ਸਕਦੇ ਹੋ, ਲੇਕਿਨ ਮੈਂ ਸਮਝਦਾ ਹਾਂ ਕਿ ਇਹ ਸਰਕਾਰ ਦਾ ਵੀ ਫਰਜ ਐ। ਮੈਂ ਏਨਾ ਅਰਜ਼ ਕਰਦਾਂ ਕਿ ਸਰਕਾਰ ਵਲੋਂ ਇਕ ਲੱਖ ਰੁਪਿਆ ਉਹਨਾਂ ਦੀ ਯਾਦ ਵਾਸਤੇ ਜਿਥੇ ਵੀ ਬਾਬਾ ਜੀ ਹੁਕਮ ਕਰਨ ਪ੍ਰੋਗਰਾਮ ਉਹ ਬਣੌਣ, ਉਹ ਅਸੀਂ ਕਾਇਮ ਕਰਾਂਗੇ।

ਮੈਨੂੰ ਏਹ ਸੁਣਕੇ ਬੜਾ ਦੁੱਖ ਹੋਇਆ ਕਿ ਅੰਮ੍ਰਿਤਸਰ ਸਾਹਿਬ ਵਿਚ ਜੋ ਬੜੀ ਯਾਦਗਾਰੀ ਜਗ੍ਹਾ ਹੈ। ਉਸ ਦੀ ਉਥੇ ਵੀ ਅਸੀਂ ਚੰਗੀ ਤਰ੍ਹਾਂ ਕੋਈ ਯਾਦਗਾਰ ਬਣਾ ਨਹੀਂ ਸਕੇ। ਕਿਉਂਕਿ ਮੈਂ ਵੀ ਉਸ ਜਗ੍ਹਾ ਦੇ ਦਰਸ਼ਨ ਕੀਤੇ ਹਨ। ਬਾਬਾ ਜੀ ਤੇ ਸਾਰੀ ਸੰਗਤ ਨੂੰ ਵਿਸ਼ਵਾਸ ਦਿਵੌਨਾ ਹਾਂ ਮੈਨੂੰ ਹੁਣ ਐਸ ਵੇਲੇ ਪਤਾ ਨਹੀਂ ਕਿ ਉਸ ਦਾ ਕਿਸ ਕੋਲ ਕਬਜ਼ਾ ਹੈ ਯਾ ਕਿਸ ਤਰ੍ਹਾਂ ਦਾ ਰਿਕਾਰਡ ਹੈ। ਜੇ ਤਾਂ ਕੋਈ ਸਰਕਾਰ ਦੇ ਕਬਜ਼ੇ ਵਿਚ ਜਾਂ ਮਲਕੀਅਤ ਵਿਚ ਉਹ ਜਗ੍ਹਾ ਹੋਈ ਤਾਂ ਮੈਂ ਫੌਰਨ ਹੀ ਕਲ੍ਹ ਪਰਸੋਂ ਤੱਕ ਜਾ ਕੇ ਉਹ ਇੰਤਕਾਲ ਜਿਸ ਤਰ੍ਹਾਂ ਤੁਸੀਂ ਹੁਕਮ ਕਰੋਗੇ ਉਹ ਕਰਵਾ ਦਿਆਂਗੇ। ਜੇ ਕਿਸੇ ਮਯੂਨਿਸਪੈਲਟੀ ਜਾਂ ਹੋਰ ਕਿਸੇ ਜਗ੍ਹਾ ਹੋਈ, ਉਸ ਨੂੰ ਪ੍ਰੇਰਣਾ ਕਰਾਂਗੇ। ਜੇ ਉਹ ਨਾ ਬਣੇ ਤਾਂ ਸਰਕਾਰ ਵਲੋਂ ਉਹ ਜਗ੍ਹਾ ਐਕਵਾਇਰ ਕਰਕੇ ਇਕ ਬੜੀ ਵੱਡੀ ਯਾਦਗਾਰ ਉਥੇ ਬਣਾਵਾਂਗੇ। ਮੈਂ ਇਕ ਬੇਨਤੀ ਕਰਾਂਗਾ ਕਿ ਬਾਬਾ ਜੀ ਮੈਨੂੰ ਏਸ ਵਿਚ, ਜੋ ਕਮੇਟੀ ਇਹਨਾਂ ਨੇ ਬਣਾਈ ਹੈ, ਉਹ ਸਮੇਂ ਸਿਰ ਦੱਸਦੇ ਰਹਿਣ ਤਾਂ ਕਿ ਜਦੋਂ ਕਦੇ ਫੇਰ ਦਰਬਾਰ ਹੋਏ ਜਾਂ ਜਿਸ ਤਰ੍ਹਾਂ ਅੱਜ ਤੁਸੀਂ ਸਰਦਾਰ ਲਛਮਣ ਸਿੰਘ ਗਿਲ ਜੀ ਜਾਂ ਸਰਦਾਰ ਆਤਮਾ ਸਿੰਘ ਨੇ ਜੋ ਵਾਇਦਾ ਕੀਤਾ ਸੀ, ਉਹ ਪੂਰਾ ਨਹੀਂ ਹੋਇਆ ਕਿਤੇ ਮੇਰੀ ਗੱਲ ਵੀ ਫੇਰ ਏਹ ਦੁਹਰਾਈ ਨਾ ਜਾਵੇ। ਮੈਂ ਸਮਝਦਾ ਹਾਂ ਕਿ ਮੇਰੇ ਤੇ ਇਹ ਭਾਰ ਨਾ ਟਿਕੇ ਤੇ ਇਹ ਗੱਲ ਸਾਰੀ ਆਪਣੀ ਸਿਰੇ ਚੜੇ ਕਿਉਂਕਿ ਆਪਣੇ ਬਜ਼ੁਰਗਾਂ ਦੀਆਂ ਗੁਰੂਆਂ ਦੀਆਂ ਯਾਦਗਾਰਾਂ ਬਣਨ ਨਾਲ ਫਾਇਦਾ ਈ ਪਹੁੰਚਦੈ ਕਿਉਂਕਿ ਉਹਨਾਂ ਦੇ ਦਸੇ ਹੋਏ ਰਸਤੇ ਤੇ ਅਸੀਂ ਚਲਦੇ ਹਾਂ ਤੇ ਮੁਲਕ ਤੇ ਕੌਮ ਨੂੰ ਅਗੇ ਲੈ ਜਾ ਸਕਦੇ ਆਂ।"

ਬਾਦਲ ਸਾਹਿਬ ਕੋਲ ਹੁਣ ਵਧੀਆ ਮੌਕਾ ਹੈ ਕਿ ਉਹ ਪੁਰਾਣਾ ਕੌਲ ਨਿਭਾ ਕੇ ਆਪਣੀ ਗੱਲ ਪੁਗਾਉਣਾ।

ਵਰਿਆਮ ਅਗਸਤ 1977

*ਸੰਪਾਦਕੀ*

# ਦਾਰ ਜੀ

—ਜਗਦੀਸ਼ ਸਿੰਘ

ਪ੍ਰੀਤ ਸੈਨਾਪਤੀ ਆਪਣੀ ਮੰਜ਼ਲ ਤੇ ਪੁੱਜ ਕੇ ਅਲੋਪ ਹੋ ਗਿਆ ਹੈ। ਉਸ ਦੇ ਜਾਣ ਤੇ ਇਕ ਯੁਗ ਦੀ ਸਮਾਪਤੀ ਹੋ ਗਈ ਹੈ, ਨਵੀਂ ਚੇਤਨਤਾ ਦਾ ਯੁੱਗ। ਅੱਜ ਦੀ ਸਾਹਿਤਕ ਪੀੜ੍ਹੀ ਦਾ ਪਿਤਾਮਾ ਚਲ ਵਸਿਆ ਹੈ। ਉਸ ਦੇ ਜਾਣ ਤੇ ਜਿਹੜਾ ਖਲਾਅ ਪੈਦਾ ਹੋਇਆ ਹੈ, ਉਹ ਭਰਦਾ ਨਹੀਂ ਦਿਸਦਾ। ਹੋ ਸਕਦੈ ਉਸ ਤੋਂ ਕਈ ਵਧੀਆਂ ਸਿਫਤਾਂ ਵਾਲੇ ਇਨਸਾਨ ਹੋਣ। ਕਈ ਲੇਖਕ ਵਧੀਆ ਵੀ ਲਿਖਣ, ਪਰ ਉਸ ਦੀ ਸਮੁੱਚੀ ਜਾਦੂਈ ਸ਼ਖਸੀਅਤ ਵਿਚ ਸਮੋਈਆਂ ਅਨੰਤ ਸਿਫਤਾਂ ਦਾ ਧਾਰਨੀ ਕੋਈ ਖਾਕੀ ਬੰਦਾ ਲੱਭਣਾ ਮੁਸ਼ਕਲ ਹੀ ਦਿਸਦਾ ਹੈ।

ਜਿੰਨੀ ਸਾਂਝ, ਜਿੰਨਾਂ ਪਿਆਰ ਸ. ਗੁਰਬਖਸ਼ ਸਿੰਘ ਨਾਲ ਲੋਕਾਂ ਕੀਤਾ, ਉਨ੍ਹਾਂ ਕਿਸੇ ਹੋਰ ਲੇਖਕ ਦੇ ਹਿਸੇ ਨਹੀਂ ਆਇਆ। ਵੱਡੀ ਗਿਣਤੀ ਵਿਚ ਨਿਜੀ ਪੱਤਰਾਂ ਰਾਹੀਂ ਤੇ ਪ੍ਰੀਤ ਲੜੀ ਦੇ ਪ੍ਰੀਤ ਝਰੋਖੇ ਰਾਹੀਂ ਆਪਣੇ ਸ਼ੰਕਿਆਂ, ਆਪਣੀਆਂ ਉਲਝਨਾਂ,



Sri Satguru Jagjit Singh Ji eLibrary NamdhariElibrary@gmail.com

ਆਪਣੇ ਦੁਖੜਿਆਂ ਦਾ ਜ਼ਿਕਰ ਜਿਵੇਂ ਲੋਕਾਂ ਨੇ ਕੀਤਾ ਅਤੇ ਜਿਵੇਂ ਦਾਰ ਜੀ ਨੇ ਹਰ ਇਕ ਨੂੰ ਆਪਣੇ ਹੱਥੀਂ ਉਤਰ ਦੇ ਕੇ ਤੇ ਝਰੋਖੇ ਰਾਹੀਂ ਸਮਾਧਾਨ ਕੀਤਾ, ਰਸਤਾ ਵਿਖਾਇਆ, ਜੀਊਣ ਜਾਚ ਸਿਖਾਈ, ਇਹ ਉਹਨਾਂ ਦੀ ਪ੍ਰੀਤ ਤੇ ਡੂੰਘੇ ਨਿਸਚੇ ਦੀ ਸੂਚਕ ਹੈ।

ਸ. ਗੁਰਬਖਸ਼ ਸਿੰਘ, ਪਿਆਰੇ ਦਾਰ ਜੀ, ਦੀ ਸ਼ਖਸੀਅਤ ਵਿਚ ਇਕੋ ਸਮੇਂ ਇਕ ਪੜ੍ਹਿਆ ਲਿਖਿਆ ਐਨਜੀਨੀਅਰ, ਨਵੀਨ ਕਿਸਾਨ, ਸਾਹਿਤਕਾਰ, ਸਮਾਜ ਸੁਧਾਰਕ, ਸਮਾਜਵਾਦੀ ਨੇਤਾ ਵਿਦਮਾਨ ਸੀ।

ਉਹ ਇਕ ਪੈਗੰਬਰ ਸੀ ਜਿਸ ਦੇ ਪ੍ਰਭਾਵ ਹੇਠ ਅਨੇਕਾਂ ਸਾਹਿਤਕਾਰ ਬਣੇ, ਹਜ਼ਾਰਾਂ ਨੇ ਉਸ ਦੀ ਜੀਵਨ ਜਾਚ ਦੇ ਤਜਰਬਿਆਂ ਤੋਂ ਲਾਭ ਉਠਾਇਆ। ਲੱਖਾਂ ਲੋਕ ਸਮਾਜਵਾਦੀ ਪਿੜ ਵਿਚ ਆਏ। ਸੰਸਾਰ ਸਾਂਤੀ ਅਤੇ ਵਿਸ਼ਵ ਏਕਤਾ ਦੇ ਝੰਡੇ ਨੂੰ ਹਯਾਤੀ ਦੇ ਤਰਤਾਲੀ ਵਰ੍ਹੇ ਜਿਸ ਸਿਰੜ ਨਾਲ ਚੁੱਕੀ ਰਖਿਆ ਉਹ ਸਿਰੜ ਕਿਸੇ ਮਰਦ ਅਗੰਮੜੇ ਦੇ ਹੀ ਹਿੱਸੇ ਆਉਂਦਾ ਹੈ।

ਸ. ਗੁਰਬਖਸ਼ ਸਿੰਘ ਦੇ ਤੁਰ ਜਾਣ ਨਾਲ ਪ੍ਰੀਤਾਂ ਦੀ ਦੁਨੀਆ ਵੀਰਾਨ ਹੋ ਗਈ ਹੈ। ਇਸ ਦੁਨੀਆ ਨੂੰ ਗੁਰਬਖ਼ਸ਼ ਸਿੰਘ ਦੇ ਸੁਪਨਿਆਂ ਦੀ ਦੁਨੀਆਂ ਬਨਾਉਣਾ, ਅਜਿਹੀ ਦੁਨੀਆਂ ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁਟ ਨਾ ਹੋਵੇ, ਜਿਥੇ ਈਰਖਾ, ਮੰਦਭਾਵਨਾ, ਸਾੜੇ ਤੇ ਸਾਜਸ਼ਾਂ ਦੀ ਥਾਂ ਹਰ ਇਕ ਲਈ ਪ੍ਰੇਮ ਹੋਵੇ, ਸਾਡੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

(ਵਰਿਆਮ ਸਤੰਬਰ 1977)

# ਪੰਜਾਬ ਮੰਤਰੀ ਮੰਡਲ ਦਾ ਫੈਸਲਾ

—ਜਗਦੀਸ਼ ਸਿੰਘ

ਅਖਬਾਰੀ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਮੰਤਰੀ ਮੰਡਲ ਨੇ ਇਹ ਫੈਸਲਾ ਕੀਤਾ ਹੈ ਕਿ ਅੰਮ੍ਰਿਤਸਰ, ਨਾਮਧਾਰੀ ਸ਼ਹੀਦਾਂ ਦੀ ਯਾਦਗਾਰ ਬਨਾਉਣ ਲਈ ਇਕ ਹਜ਼ਾਰ ਗਜ਼ ਦਾ ਪਲਾਟ ਗੁਰੂ ਤੇਗ ਬਹਾਦਰ ਹਸਪਤਾਲ ਦੇ ਨਾਲੋਂ ਰਾਮਬਾਗ ਵਿਚੋਂ ਨਾਮਧਾਰੀ ਦਰਬਾਰ ਨੂੰ ਦਿੱਤਾ ਜਾਵੇਗਾ। ਇਸ ਫੈਸਲੇ ਤੇ ਪੰਜਾਬ ਮੰਤਰੀ ਮੰਡਲ ਵਧਾਈ ਦਾ ਹੱਕਦਾਰ ਹੈ।

ਇਸ ਸਬੰਧ ਵਿਚ ਅਸੀਂ 'ਵਰਿਆਮ' ਦੇ ਅਗਸਤ ਅੰਕ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਬਾਦਲ ਨੂੰ ਇਸ ਮਾਮਲੇ ਵੱਲ ਧਿਆਨ ਦੇਣ ਲਈ ਲਿਖਿਆ ਸੀ। ਸਾਡੀ ਸੂਚਨਾ ਅਨੁਸਾਰ ਮੁੱਖ ਮੰਤਰੀ ਜੀ ਨੇ ਇਸ ਮਮਲੇ ਬਾਰੇ ਆਪਣੀ ਪੂਰੀ ਦਿਲਚਸਪੀ ਦਿਖਾ ਕੇ ਅਤੇ ੨੧ ਸਤੰਬਰ ਨੂੰ ਨਾਮਧਾਰੀ ਸ਼ਹੀਦੀ ਮੇਲਾ ਅੰਮ੍ਰਿਤਸਰ ਵਿਚ ਖ਼ੁਦ ਜਾ ਕੇ ਇਸ ਸਬੰਧੀ ਐਲਾਨ ਵੀ ਕੀਤਾ ਸੀ। ਅਸੀਂ ਮੰਤਰੀ ਮੰਡਲ ਦੇ ਫੈਸਲੇ ਦਾ ਜਿਥੇ ਸੁਆਗਤ ਕਰਦੇ ਹਾਂ, ਉਥੇ ਕੁਝ ਅਖਬਾਰਾਂ ਵਿਚ ਛਪੀ ਇਸ ਖਬਰ ਵੱਲ ਧਿਆਨ ਦੁਆਉਣਾ ਚਾਹੁੰਦੇ ਹਾਂ ਕਿ ਇਹ ਜਗਹ ਧਾਰਮਿਕ ਕੰਮਾਂ ਲਈ ਨਹੀਂ ਵਰਤੀ ਜਾ ਸਕੇਗੀ। ਪੰਜਾਬ ਸਰਕਾਰ, ਜਿਸ ਦਾ ਵੱਡਾ ਭਾਈਵਾਲ ਉਹ ਅਕਾਲੀ ਦਲ ਹੈ ਜੋ ਧਰਮ ਨੂੰ ਸਿਆਸਤ ਤੋਂ ਉਪਰ ਸਥਾਨ ਦਿੰਦਾ ਹੈ, ਵਲੋਂ ਅਜਿਹਾ ਫੈਸਲਾ ਸਮਝ ਨਹੀਂ ਆਉਂਦਾ। ਜੇ ਇਹ ਖਬਰ ਸੱਚ ਹੈ ਤਾਂ ਇਸ ਪਾਬੰਦੀ ਨੂੰ ਵੀ ਤੁਰੰਤ ਹਟਾ ਲੈਣਾ ਚਾਹੀਦਾ ਹੈ। ਕਿਉਂਕਿ ਸ਼ਹੀਦ ਹੋਣ ਵਾਲੇ ਸਿੰਘ ਸ੍ਰੀ ਅੰਮ੍ਰਿਤਸਰ ਸਰੋਵਰ 'ਚੋਂ ਇਸ਼ਨਾਨ ਕਰ ਕੇ ਸ਼ਬਦ ਪੜ੍ਹਦੇ ਸ਼ਹੀਦ ਹੋਏ ਸਨ। ਉਹਨਾਂ ਦੀ ਯਾਦ ਵਿਚ ਬਣੇ ਸਮਾਰਕ ਤੇ ਅਜਿਹੀ ਪਾਬੰਦੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਨਹੀਂ ਹੋਵੇਗੀ। ਅਸੀਂ ਨਾਮਧਾਰੀ ਦਰਬਾਰ ਨੂੰ ਵੀ ਬੇਨਤੀ ਕਰਾਂਗੇ ਕਿ ਇਸ ਜਗਹ ਦਾ ਮਾਲਕੀ ਅਧਿਕਾਰ ਅਤੇ ਕਬਜ਼ਾ ਮਿਲਦੇ ਸਾਰ, ਯੋਗ ਸ਼ਹੀਦੀ ਸਮਾਰਕ ਬਣਾਉਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ ਸ਼ਹੀਦਾਂ ਦੀ ਇਸ ਥਾਂ ਤੋਂ ਪ੍ਰੇਰਨਾ ਲੈ ਸਕਣ।

(ਵਰਿਆਮ ਅਕਤੂਬਰ 97)



Sri Satguru Jagjit Singh Ji eLibrary NamdhariElibrary@gmail.com



ਭਾਸ਼ਾ ਵਿਭਾਗ ਪੰਜਾਬ ਵਲੋਂ ਜਲੰਧਰ ਵਿਚ ਕੀਤੇ ਸਮਾਗਮ ਸੰਨ ੧੯੭੭ ਵਿਚ ਇਕੱਤਰ ਸਮਾਗਮ ਸਮੇਂ ਦੀ ਯਾਦਗਾਰੀ ਤਸਵੀਰ ਵਿਚ ਖੜੇ ਹਨ ਸਵ. ਸ੍ਰੀ ਹਰਨਾਮਦਾਸ ਸਹਿਰਾਈ, ਦੇਵਿੰਦਰ ਸਤਿਆਰਥੀ, ਡਾ. ਹਰਿਭਜਨ ਸਿੰਘ, ਸੁਰਜੀਤ ਪਾਤਰ ਅਤੇ ਵਰਿਆਮ ਸੰਪਾਦਕ ਜਗਦੀਸ਼ ਸਿੰਘ। ਪਿਛੇ ਇੰਦਰ ਮੋਹਨ ਸਿੰਘ ਛਾਬੜਾ ਸੰਪਾਦਕ 'ਬਿੰਦੂ' ਵੀ ਹਨ।



ਪ੍ਰਸਿਧ ਦੇਸ਼ ਭਗਤ ਕਾਮਰੇਡ ਸੋਹਨ ਸਿੰਘ ਜੋਸ਼ ਨੇ ਆਪਣੇ ਪੁਰਸਕਾਰਾਂ ਦੀ ਰਾਸ਼ੀ ਨਾਲ ਆਪਣੇ ਪਿੰਡ ਚੇਤਨਪੁਰਾ ਵਿਚ ੨੩ ਮਾਰਚ ੧੯੮੧ ਨੂੰ ਇਕ ਲਾਇਬ੍ਰੇਰੀ ਖੋਲ੍ਹੀ। ਇਸ ਦੇ ਉਦਘਾਟਨ ਸਮੇਂ ਸ. ਜਗਦੀਸ਼ ਸਿੰਘ ਵਰਿਆਮ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸਮੂਲੀਅਤ ਕੀਤੀ। ਇਸ ਸਮੇਂ ਖੜੀਆਂ ਪ੍ਰਸਿੱਧ ਹਸਤੀਆਂ ਹਨ। ਕਾਮਰੇਡ ਵਿਮਲਾ ਡਾਂਗ, ਕਾਮਰੇਡ ਸੋਹਣ ਸਿੰਘ ਜੋਸ਼, ਕਾ. ਜਗਜੀਤ ਸਿੰਘ ਅਨੰਦ, ਕਾ. ਚੰਨਣ ਸਿੰਘ ਤੁਗਲਵਾਲਾ, ਸ. ਜਗਦੀਸ਼ ਸਿੰਘ ਵਰਿਆਮ, ਕਾ. ਭਗਤ ਸਿੰਘ ਬਿਲਗਾ ਅਤੇ ਕਾਮਰੇਡ ਸਤਪਾਲ ਡਾਂਗ।

Sri Satguru Jagjit Singh Ji eLibrary NamdhariElibrary@gmail.com



ਜਾਇੰਟਸ ਗਰੁਪ ਜਲੰਧਰ ਵਲੋਂ ੬ ਨਵੰਬਰ ੧੯੭੭ ਨੂੰ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਯਾਦ ਵਿਚ ਸਮਾਗਮ ਕੀਤਾ ਗਿਆ। ਸ. ਪ੍ਰੇਮ ਸਿੰਘ ਐਡਵੋਕੇਟ ਦੇ ਗ੍ਰਹਿ ਵਿਖੇ ਰਾਤ ਦੇ ਖਾਣੇ ਸਮੇਂ ਬੇਠੈ ਹਨ, ਸ. ਜਗਦੀਸ਼ ਸਿੰਘ ਵਰਿਆਮ, ਸ. ਪ੍ਰੇਮ ਸਿੰਘ ਐਡਵੋਕੇਟ, ਗੁਰਦੀਪ ਸਾਜਨ (ਅੱਜ ਕਲ੍ਹ ਅਕਾਲੀ ਪੱਤ੍ਰਿਕਾ) ਗ਼ਜ਼ਲ ਪੇਸ਼ ਕਰਦੇ ਹੋਏ, ਸ੍ਰੀ ਵਿਜੈ ਚੋਪੜਾ ਜੀ,(ਹਿੰਦ ਸਮਾਚਾਰ ਗਰੁੱਪ ਸੰਪਾਦਕ) ਅਤੇ ਸ. ਬਰਜਿੰਦਰ ਸਿੰਘ ਹਮਦਰਦ।



ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ (੧੯੮੩) ਭਾਰਤੀ ਦੂਤ ਘਰ ਵਿਚ ਇਕ ਸਮਾਗਮ ਸਮੇਂ ਹਾਜ਼ਰ ਡੈਲੀਗੇਟ ਸ. ਲੋਚਨ ਬਖਸ਼ੀ, ਡਾ. ਜਸਪਾਲ ਸਿੰਘ, ਸ. ਜਗਜੀਤ ਸਿੰਘ ਅਨੰਦ, ਡਾ. ਹਰਚਰਨ ਸਿੰਘ, ਪਿਛੇ ਗਿਆਨੀ ਕੁਲਦੀਪ ਸਿੰਘ, ਸ. ਬੂਟਾ ਸਿੰਘ ਕੇਂਦਰੀ ਮੰਤਰੀ, ਡਾ. ਪਰਮਿੰਦਰ ਸਿੰਘ, ਸ. ਸੁਲੱਖਣ ਸਿੰਘ, ਪ੍ਰੋ. ਪ੍ਰੀਤਮ ਸਿੰਘ ਜੀ, ਸ. ਜਗਦੀਸ਼ ਸਿੰਘ ਵਰਿਆਮ, ਗਿਆਨੀ ਗੁਰਚਰਨ ਸਿੰਘ ਨਿਧੱੜਕ

Sri Satguru Jagjit Singh Ji eLibrary NamdhariElibrary@gmail.com



ਵਰਿਆਮ ਵਲੋਂ ਆਯੋਜਤ ਸ. ਪ੍ਰੀਤਮ ਸਿੰਘ ਕਵੀ ਦੇ ਵਿਦਾਇਗੀ ਸਮਾਰੋਹ ੪ ਜੁਲਾਈ ੧੯੭੭ ਸਮੇਂ ਖੱਬੇ ਤੋਂ ਸੱਜੇ ਸ੍ਰੀ ਫਕੀਰ ਚੰਦ ਤੁਲੀ, ਸ੍ਰੀ ਤਰਸੇਮ ਨੀਲਗਿਰੀ, ਪ੍ਰੋ. ਜਸਵੰਤ ਸਿੰਘ ਵਿਰਦੀ, ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਪ੍ਰੀਤਮ ਸਿੰਘ ਕਵੀ, ਸ. ਜਸਵੰਤ ਸਿੰਘ ਕੰਵਲ ਅਤੇ ਅਜੀਤ ਦੇ ਸੰਪਾਦਕ ਸ. ਸਾਧੂ ਸਿੰਘ ਹਮਦਰਦ।



'ਕਵੀ' ਵਿਦਾਇਗੀ ਸਮਾਗਮ ਦੀ ਇਕ ਹੋਰ ਤਸਵੀਰ, ਖੱਬੇ ਤੋਂ ਵਰਿਆਮ ਤਿਆਰ ਕਰਨ ਵਾਲੇ ਗੋਸਾਈਂ ਵੇਦ ਰਾਜ, ਸ੍ਰੀ ਰਤਨ ਲਾਲ, ਸ. ਜਗਦੀਸ਼ ਸਿੰਘ ਵਰਿਆਮ, ਠੇਕੇਦਾਰ ਦਰਸ਼ਨ ਸਿੰਘ ਪ੍ਰਧਾਨ, ਵਰਿਆਮ ਸੰਪਾਦਕ ਦੇ ਪਿਤਾ ਜਥੇਦਾਰ ਨੱਥਾ ਸਿੰਘ ਜੀ, ਸ. ਪ੍ਰੀਤਮ ਸਿੰਘ ਕਵੀ, ਸ. ਸਰੈਣ ਸਿੰਘ ਜੀ ਅਤੇ ਸੰਤ ਸਵਰਨ ਸਿੰਘ ਸਨੇਹੀ।

Sri Satguru Jagjit Singh Ji eLibrary NamdhariElibrary@gmail.com



“ ਮਾਂ ਬੋਲੀ ਨਾਲ ਅਨਿਆਂ ਖਤਮ ਕਰੋ।” ੧੬ ਫਰਵਰੀ ੧੯੮੩ ਨੂੰ ਚੰਡੀਗੜ੍ਹ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਦੀ ਅਗਵਾਈ ਵਿਚ ਧਰਨੇ ਤੋਂ ਬਾਦ ਇਕ ਰੋਸ ਮਾਰਚ ਕੀਤਾ ਗਿਆ। ਤਸਵੀਰ ਵਿਚ ਸਭਾ ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਹਦਾਇਤਾਂ ਦੇਂਦੇ ਹੋਏ। ਮੋਹਰੀ ਦਸਤੇ ਵਿਚ ਖੜ੍ਹੇ ਹਨ, ਡਾ. ਗੁਰਨਾਮ ਸਿੰਘ ਤੀਰ, ਸ. ਸੰਤੋਖ ਸਿੰਘ ਧੀਰ, ਸ. ਪ੍ਰੀਤਮ ਸਿੰਘ ਗੋਰਾਇਆ, ਪ੍ਰੋ. ਪਿਆਰਾ ਸਿੰਘ ਭੋਗਲ, ਹਰਭਜਨ ਹਲਵਾਰਵੀ, ਜਗਦੀਸ਼ ਸਿੰਘ ਵਰਿਆਮ, ਸ. ਗੁਰਬਖਸ਼ ਸਿੰਘ ਬੰਨੋਆਣਾ ਤੇ ਗੁਰਮੀਤ ਪਲਾਹੀ ਆਦਿ।



ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਰੋਹ ਜਲੰਧਰ ਦੇਸ਼ ਭਗਤ ਯਾਦਗਾਰ ਦੇ ਨਵੇਂ ਬਣੇ ਉਪਰਲੇ ਹਾਲ ਵਿਚ ੩੦-੩੧ ਅਕਤੂਬਰ ਅਤੇ ੧ ਨਵੰਬਰ ੧੯੮੧ ਨੂੰ ਬਹੁਤ ਸਫਲਤਾ ਸਹਿਤ ਸੰਪੂਰਨ ਹੋਇਆ। ਸਮਾਗਮ ਬਾਦ ਸੁਆਗਤੀ ਕਮੇਟੀ ਦਾ ਇਕ ਗਰੁਪ ਫੋਟੋ। ਕੁਰਸੀਆਂ ਤੇ ਸਸ਼ੋਭਤ ਪ੍ਰਧਾਨ ਸਾਹਿਬ ਪ੍ਰੋ. ਪ੍ਰੀਤਮ ਸਿੰਘ ਹੋਰਾਂ ਨਾਲ ਮੇਜਰ ਸਰਵਨ ਸਿੰਘ ਜੌਹਲ, ਕਾ. ਜਗਜੀਤ ਸਿੰਘ ਅਨੰਦ ਅਤੇ ਜਲੰਧਰ ਸਭਾ ਦੇ ਪ੍ਰਧਾਨ ਪ੍ਰੋ. ਪਿਆਰਾ ਸਿੰਘ ਭੋਗਲ, ਪਿਛੇ ਖੜ੍ਹੇ ਹਨ, ਸ. ਜੰਗ ਬਹਾਦਰ ਸਿੰਘ ਘਈ, ਸ. ਜਗਦੀਸ਼ ਸਿੰਘ ਵਰਿਆਮ, ਸ. ਪ੍ਰੀਤਮ ਸਿੰਘ ਬੇਦੀ, ਸ. ਅਵਤਾਰ ਸਿੰਘ ਭਾਟੀਆ, ਗਿਆਨੀ ਜੁਗਿੰਦਰ ਸਿੰਘ, ਸ. ਸਤਪਾਲ ਸਿੰਘ ਕੋਹਲੀ, ਕਾ. ਅਮਰ ਸਿੰਘ, ਸ੍ਰੀਮਤੀ ਉਰਮਿਲਾ ਅਨੰਦ, ਹੌਲਦਾਰ ਦਰਸ਼ਨ ਸਿੰਘ, ਸ੍ਰੀ ਚਮਨ ਲਾਲ ਲੱਕੀ, ਕਾ. ਕ੍ਰਿਸ਼ਨ ਭਾਰਦਵਾਜ, ਸ ਸ.ਸ. ਮੀਸ਼ਾ ਅਤੇ ਸੁਰਿੰਦਰ ਸਿੰਘ ਖੁਰਾਣਾ। ਬੈਠੇ ਹਨ, ਪ੍ਰੋ ਅਵਤਾਰ ਜੌੜਾ, ਸ੍ਰੀ ਠਾਕਰ ਦਾਸ ਚਾਵਲਾ, ਸ੍ਰੀ ਗੁਰਮੀਤ ਪਲਾਹੀ, ਪ੍ਰੋ. ਹਿਰਦੇਜੀਤ ਸਿੰਘ ਭੋਗਲ ਤੇ ਸ. ਮਹਿੰਦਰ ਭੱਟੀ।

Sri Satguru Jagjit Singh Ji eLibrary NamdhariElibrary@gmail.com

# ਪੰਜਾਬ ਵਿਚ ਅਮਨ ਹਰ ਦਿਲ ਦੀ ਆਵਾਜ਼

—ਜਗਦੀਸ਼ ਸਿੰਘ

ਪੰਜਾਬ ਸਿਆਸਤ ਦੀ ਸ਼ਤਰੰਜ ਖੇਡਣ ਵਾਲੀਆਂ ਮੁਖ ਧਿਰਾਂ, ਕੇਂਦਰੀ ਸਰਕਾਰ ਅਤੇ ਅਕਾਲੀ ਦਲ, ਖੇਡ ਦੇ ਨਿਯਮਾਂ ਅਨੁਸਾਰ ਤਾਂ ਮੋਹਰਿਆਂ ਦੇ ਹੁੰਦਿਆਂ ਹੀ ਇਕ ਦੂਜੇ ਨੂੰ 'ਸ਼ਹਿ' ਦੇਣ ਵਿਚ ਨਾਕਾਮਯਾਬ ਰਹੀਆਂ। ਫੇਰ ਮੋਹਰਿਆਂ ਨੂੰ ਮਾਰ ਮਰਵਾ ਕ ਵੀ ਅਜੇ ਬਾਜ਼ੀ ਅਨਿਸਚਿਤ ਹੈ। ਪਿਛਲੇ ਚਾਰ ਪੰਜ ਸਾਲਾਂ ਵਿਚ ਏਨਾ ਕੁਝ ਪਲਚ ਚੁਕਾ ਹੈ ਕਿ ਇਹ ਸੁਲਝਾਉਣਾ ਦਲੀਲਾਂ ਅਤੇ ਵਕੀਲਾਂ ਦੀ ਸਮਰਥਾ ਤੋਂ ਬਾਹਰ ਹੋ ਗਿਆ ਹੈ। ਪੰਜਾਬ ਦੇ ਆਮ ਆਦਮੀ ਦੀ ਰਾਏ ਵਿਚ ਪੰਜਾਬ ਦੀ ਤ੍ਰਾਸਦੀ ਵਾਸਤ ਅਕਾਲੀ ਦਲ ਅਤੇ ਸਰਕਾਰ ਦੋਵੇਂ ਹੀ ਜ਼ਿੰਮੇਵਾਰ ਹਨ ਭਾਵੇਂ ਉਹ ਆਪੋ ਆਪਣੀ ਥਾਂ ਕਿੰਨੇ ਵੀ 'ਠੀਕ' ਹਣ। ਪੰਜਾਬ ਵਿਚ ੧੯੮੦ ਵਿਚ ਇਕ ਮਜ਼ਬੂਤ ਤੇ ਹਰਮਨ ਪਿਆਰੀ ਅਕਾਲੀ ਸਰਕਾਰ ਹੋਣ ਦੇ ਬਾਵਜੂਦ ਅਜ ਇਹ ਹਾਲਤ ਹੈ ਕਿ ਅਕਾਲੀ ਪਾਰਟੀ ਭਾਰੀ ਫੁਟ ਦਾ ਸ਼ਿਕਾਰ ਹੈ ਅਤੇ ਸੋਚ ਵਲੋਂ ਜ਼ਬਰਦਸਤ ਉਲਝਣ ਵਿਚ ਹੈ। ਇਥੋਂ ਤਕ ਕਿ ਕੋਈ ਜ਼ਾਬਤਾ ਨਹੀਂ ਕੋਈ ਰਣਨੀਤੀ ਨਹੀਂ ਅਤੇ ਅਗਲੇ ਪ੍ਰੋਗਰਾਮ ਲਈ ਕੋਈ ਨਿਸ਼ਾਨਾ ਨਹੀਂ। ਪਿਛਲੀਆਂ ਮੰਗਾਂ ਹੁਣ ਕਿੰਨੀਆਂ ਕੁ ਸਾਰਥਕ ਹਨ ਕੁਝ ਪਤਾ ਨਹੀਂ। ਅਕਾਲੀ ਦਲ ਹਿੰਸਾ ਦਾ ਵਿਰੋਧ ਵੀ ਕਰਦਾ ਹੈ ਅਤਿਵਾਦ ਦੇ ਖਿਲਾਫ ਵੀ ਹੈ ਅਤੇ ਦੇਸ਼ ਦੀ ਅੰਖਡਤਾ ਦਾ ਹਾਮੀ ਵੀ ਹੈ ਪਰ ਨਾਲ ਦੀ ਨਾਲ ਉਹ ਹਿੰਸਾਕਾਰੀਆਂ ਦਾ ਵਕੀਲ ਅਤੇ ਪਰਸੰਸਕ ਵੀ ਹੈ। ਪਿਛਲੇ ਤਿੰਨ ਕੁ ਸਾਲਾਂ ਤੋਂ ਲੋਕ ਹਮਦਰਦੀ ਦਾ ਪੈਂਡੂਲਮ ਸਰਕਾਰ ਅਤੇ ਅਕਾਲੀਆਂ ਵਲ ਵਾਰੋ ਵਾਰ ਹੁੰਦਾ ਰਿਹਾ ਹੈ। ਕਦੀ ਸਰਕਾਰ ਦੀ ਬਦਨਾਮੀ ਕਦੇ ਅਕਾਲੀਆਂ ਦੀ ਨੁਕਤਾਚੀਨੀ। ਪਹਿਲਾਂ ਅਤਿਵਾਦੀਆਂ ਦੀਆਂ ਕਾਰਵਾਈਆਂ ਕਾਰਨ ਲੋਕ ਅਕਾਲੀਆਂ ਦੇ ਵਿਰੁੱਧ ਸਨ ਫੇਰ ਅੰਮ੍ਰਿਤਸਰ ਵਿਚ ਬਲਿਊ ਸਟਾਰ ਉਪਰੇਸ਼ਨ ਬਾਅਦ ਅਕਾਲ ਤਖਤ ਨੂੰ ਪੁਜੇ ਨੁਕਸਾਨ ਕਾਰਨ ਸਰਕਾਰ ਦੋਸ਼ੀਆਂ ਦੇ ਕਟਹਿਰੇ ਵਿਚ ਖੜੀ ਸੀ। ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਨਾਲ ਜਿਥੇ ਇਕ ਵਾਰ ਸਿਖਾਂ ਦੀ ਮੁੜ ਬਦਨਾਮੀ ਹੋਈ ਉਥੇ ਬਾਅਦ ਵਿਚ ਸਿਖਾਂ ਵਿਰੁਧ ਹਿੰਸਾ ਦੀਆਂ ਜਿਉਂ ਜਿਉਂ ਖਬਰਾਂ ਬਾਹਰ ਨਿਕਲੀਆਂ ਤਾਂ ਸਿਖਾਂ ਤੋਂ ਇਲਾਵਾ ਵਡੀ ਗਿਣਤੀ ਵਿਚ ਹਿੰਦੂ ਵੀ ਭੈ-ਭੀਤ ਰਹਿ ਗਏ ਅਤੇ ਸਰਕਾਰ ਦੀ ਬੁਰੀ ਤਰ੍ਹਾਂ ਬਦਨਾਮੀ ਹੋਈ। ਦਿਲੀ ਤੋਂ ਪਰੇਰੇ ਦੇ ਸਿਖ ਆਮ ਤੌਰ ਤੇ ਅਕਾਲੀ ਦਲ ਦੇ ਉਲਟ ਕਾਂਗਰਸ ਦੇ ਸਮਰਥਕ ਰਹੇ ਹਨ। ਕਾਂਗਰਸ ਸਰਕਾਰ ਤਾਂ ਉਨ੍ਹਾਂ ਦੀ ਰਾਖੀ ਵੀ ਨਾ ਕਰ ਸਕੀ। ਸਿਖਾਂ ਤਾਂ ਭਾਰੀ ਵਰਗ ਪਹਿਲੀ ਵਾਰ ਜ਼ਬਰਦਸਤ ਕਾਂਗਰਸ ਵਿਰੋਧੀ ਕੈਂਪ ਵਿਚ ਖੜਾ ਹੋ ਗਿਆ।

ਇਸ ਸਮੇਂ ਗੈਰ-ਅਕਾਲੀ ਅਤੇ ਗੈਰ-ਸਿੱਖ ਹਲਕਿਆਂ ਦੀ ਜ਼ਬਰਦਸਤ ਆਵਾਜ਼ ਉੱਠੀ। ਸ. ਖੁਸ਼ਵੰਤ ਸਿੰਘ, ਜਨਰਲ ਅਰੋੜਾ, ਇੰਦਰ ਕੁਮਾਰ ਗੁਜਰਾਲ ਅਤੇ ਕੁਲਦੀਪ ਨਈਅਰ ਤੋਂ ਲੈ ਕੇ ਹੇਠਾਂ ਤਕ ਸਭ ਲਿਖਣ ਬੋਲਣ ਵਾਲਿਆਂ ਨੇ ਕਿਹਾ ਕਿ ਦੋ ਸਿੱਖਾਂ ਵਲੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰਨ ਦੇ ਇਨਫਰਾਦੀ ਕੰਮ ਦੀ ਸਜ਼ਾ ਸਾਰੀ ਕੌਮ ਨੂੰ ਕਿਉਂ ਦਿਤੀ ਜਾ ਰਹੀ ਹੈ। ਇਹਨਾਂ ਜਤਨਾਂ ਦਾ ਸਿੱਟਾ ਵੀ ਨਿਕਲਿਆ ਅਤੇ ਵਰਤਮਾਨ ਮੰਗਾਂ 'ਚੋਂ ਕੁਝ ਮੰਨਣ ਦਾ ਐਲਾਨ ਵੀ ਕਰ ਦਿਤਾ। ਪਰ ਸ੍ਰੀਮਤੀ ਇੰਦਰਾ ਦੇ ਜਿਹੜੇ ਕਾਤਲਾਂ ਨੂੰ ਸਿੱਖ ਭਾਈਚਾਰੇ ਨਾਲੋਂ ਵਖਰਿਆ ਕੇ ਪੇਸ਼ ਕੀਤਾ ਜਾਂਦਾ ਰਿਹਾ ਉਹਨਾਂ ਦੇ ਹੀ ਰਿਸ਼ਤੇਦਾਰਾ ਨੂੰ ਸਟੇਜਾਂ ਉਤੇ ਸਨਮਾਨਤ ਕਰਕੇ ਜ਼ਾਹਰ ਕੀਤਾ ਜਾਣ ਲਗਾ ਕਿ ਸ੍ਰੀਮਾਨ ਜੀ ਤੁਹਾਡੀ ਇਹ ਦਲੀਲ ਗਲਤ ਹੈ ਕਿ ਉਹ ਦੋ ਕਾਤਲ ਕੋਈ ਵਖਰੇ ਸਨ ਜਾਂ ਉਹਨਾਂ ਦਾ ਅਮਲ ਵਿਕਲੋਤਰਾ ਸੀ। ਇਹ ਉਸ ਵੇਲੇ ਹੋ ਰਿਹਾ ਹੈ ਜਦੋਂ ਕਿ ਦੰਗਿਆਂ ਦੀ ਅਦਾਲਤੀ ਜਾਂਚ ਵੀ ਹੋਣ ਵਾਲੀ ਹੈ। ਇਸ ਤਰ੍ਹਾਂ ਅਕਾਲੀ ਦਲ ਪੱਖੀ ਭਾਵਨਾਵਾਂ ਨੂੰ ਕੋਈ ਸਾਕਾਰ ਰੂਪ ਦੇਣ ਦੀ ਬਜਾਏ ਅਕਾਲ ਤਖ਼ਤ ਨੂੰ ਮੁੜ ਢਾਹੁਣ ਵਰਗੀਆਂ ਗੱਲਾਂ ਵਿਚ ਉਲਝ ਰਿਹਾ ਹੈ। ਇਸ ਦੇ ਨਾਲ ਹੀ ਲੀਡਰੀ ਦੀ ਲੜਾਈ ਅਤੇ ਪ੍ਰਸਪਰ ਸਾਜ਼ਸ਼ਾਂ ਜ਼ੋਰਾਂ ਤੇ ਹਨ।

ਅੱਜ ਅਕਾਲੀਆਂ ਦੀ ਲੜਾਈ ਓਨੀ ਸਰਕਾਰ ਨਾਲ ਨਹੀਂ ਦਿਸਦੀ ਜਿੰਨੀ ਆਪਸ ਵਿਚ ਹੈ। ਇਹੋ ਹੀ ਕਾਰਨ ਹੈ ਕਿ ਜ਼ਿੰਮੇਵਾਰੀ ਨਾਲ ਕੋਈ ਵੀ ਲੀਡਰ ਕੋਈ ਗੱਲ ਨਹੀਂ ਕਰ ਸਕਦਾ। ਕਲ੍ਹ ਸਾਰੇ ਅਕਾਲੀ ਦਲਾਂ ਨੂੰ ਬਾਬਾ ਜੁਗਿੰਦਰ ਸਿੰਘ ਨੇ 'ਭੰਗ' ਕਰ ਦਿਤਾ ਸੀ ਅੱਜ ਲੌਂਗੋਵਾਲ ਨੇ ਮੁੜ 'ਬਹਾਲ' ਕਰ ਲਿਆ ਹੈ। ਅਗੇ ਵੀ ਬਗੈਰ ਕਿਸੇ ਜ਼ਾਬਤੇ ਦੇ ਜਦੋਂ ਜੀਅ ਕੀਤਾ ਅਕਾਲੀ ਦਲਾਂ ਦੇ ਅਧਿਕਾਰ ਵੱਖ-ਵੱਖ ਹਸਤੀਆਂ ਪ੍ਰਾਪਤ ਕਰਦੀਆਂ ਰਹੀਆਂ ਹਨ।

(ਵਰਿਆਮ ਮਈ ੧੯੮੫)



Sri Satguru Jagjit Singh Ji eLibrary NamdhariElibrary@gmail.com

ਪਿਆਰੇ ਜਗਦੀਸ਼ ਜੀਓ,

ਸੱਤ ਸ੍ਰੀ ਅਕਾਲ, "ਵਰਿਆਮ" ਵਿਚ ਛਪੀ ਗ਼ਜ਼ਲ ਪੜ੍ਹੀ ਸ਼ੁਕਰੀਆ ਮੇਰੇ ਨਾਂਅ ਨਾਲੋਂ ਕਿਸੇ ਤਰ੍ਹਾਂ "ਮਾਸਟਰ" ਸ਼ਬਦ ਨਾਹ ਦਿਓ। ਇਕ ਵੇਰਾਂ ਫੇਰ ਅਗਾਊਂ ਸ਼ੁਕਰੀਆ ਕਿਉਂਕਿ ਮੈਂ ਬਾਕੀ ਦੀ ਜ਼ਿੰਦਗੀ ਸਿਰਫ ਅਮਰੀਕ ਸਿੰਘ ਬਣ ਕੇ ਗੁਜ਼ਾਰਨਾ ਚਾਹੁੰਦਾ ਹਾਂ।

ਵਰਿਆਮ ਵਿਚ ਛਪਿਆ ਮੈਟਰ ਕਾਫੀ ਉਚੇ ਸਟੈਂਡਰਡ ਦਾ ਹੁੰਦਾ ਹੈ ਮੇਰੇ ਵਰਗੇ ਨੂੰ ਉਸ ਥਾਂ ਦੇ ਕੇ ਵਾਕਏਈ ਫ਼ਰਾਖ ਦਿਲੀ ਵਰਤੀ ਏ। ਚਲ ਚੁਕੇ ਕਾਰਤੂਸਾਂ ਨੂੰ ਮੁੜ ਚਲਾ ਦੇਣਾ ਸਿਰਫ ਤੁਹਾਡਾ ਹੀ ਕੰਮ ਹੈ।

ਜ਼ਿੰਦਗੀ ਬਿਨਾਂ ਪਤਵਾਰ ਦੇ ਕਿਸ਼ਤੀ ਵਾਂਗ ਜ਼ਮਾਨੇ ਦੀਆਂ ਲਹਿਰਾਂ ਤੇ ਹਾਲੇ ਹਚਕੋਲੇ ਖਾ ਰਹੀ ਏ। ਪਤਾ ਨਹੀਂ ਕਿਸ ਮਿਟੀ ਦੀ ਬਣੀ ਏ। ਨਾ ਡੁਬਦੀ ਏ ਨਾ ਕਿਸੇ ਕੰਢੇ ਲਗਦੀ ਏ। ਮੇਰੀਆਂ ਰਚਨਾਵਾਂ ਵੀ ਕੁਝ ਏਸੇ ਅਧੋਗਤੀ ਦਾ ਹੀ ਵਰਨਣ ਹਨ।

ਸਦਾ ਤੁਹਾਡੀ ਯਾਦ ਵਿਚ
ਅਮਰੀਕ ਸਿੰਘ

ਮਾਨ ਯੋਗ ਸੰਪਾਦਕ 'ਵਰਿਆਮ' ਜੀ

ਸਤਿ ਸ੍ਰੀ ਅਕਾਲ ਪ੍ਰਵਾਨ ਕਰਨਾ।

ਪੰਜਾਬੀ ਪਰਚਿਆਂ 'ਚ ਵਰਿਆਮ ਰਾਹੀਂ ਨਵੀਆਂ ਪੈੜਾਂ ਪਾਉਣ ਕਰਕੇ ਵਧਾਈ। ਆਸ ਬੱਝੀ ਹੈ ਕਿ ਜੇਕਰ ਇਹੋ ਜਿਹੇ ਪਰਚੇ ਆਪਣੀ ਸੇਧੇ ਤੁਰੇ ਰਹੇ ਤਾਂ ਪੰਜਾਬੀ ਭਾਸ਼ਾ ਦਾ ਵਿਕਸਤ, ਭਾਸ਼ਾਵਾਂ ਦੀ ਮੋਹਰਲੀ ਕਤਾਰ ਵਿਚ ਜਾ ਖੜਨਾ ਅਤਿ ਕਥਨੀ ਵਾਲੀ ਗਲ ਨਹੀਂ ਹੋਵੇਗੀ। ਆਸ ਹੈ ਤੁਸੀਂ ਇਸ ਨੂੰ ਇਸ ਦੀ ਸਤਾਅ ਤੋਂ ਡਿਗਣ ਨਹੀਂ ਦੇਵੋਗੇ। ਜੇ ਮਹਿਸੂਸ ਨਾ ਕਰੋ ਤਾਂ ਇਕ ਗਲ ਜ਼ਰਾ ਰੜਕਦੀ ਹੈ। 'ਵਰਿਆਮ' ਦੀ ਸੰਪਾਦਕੀ ਵਿਚ ਸ਼ੈਲੀ ਵਜ਼ਨਦਾਰ ਨਹੀਂ ਹੁੰਦੀ (ਵਜ਼ਨ ਤੋਂ ਮੇਰਾ ਮਤਲਬ 'ਕੀਮਤ' ਨਹੀਂ) ਰੱਬ ਕਰੇ 'ਵਰਿਆਮ' ਪੰਜਾਬੀ ਦਾ ਸ਼ਾਹ ਵਰਿਆਮ ਹੋ ਨਿਬੜੇ।

ਰਣਜੀਤ ਮਾਧੋਪੁਰੀ
ਪੰਜਾਬੀ ਵਿਭਾਗ,ਪੰਜਾਬੀ ਯੂਨੀਵਰਸਿਟੀ,
ਪਟਿਆਲਾ।



Sri Satguru Jagjit Singh Ji eLibrary NamdhariElibrary@gmail.com

## ਵਧਾਈ ! ਵਧਾਈ ! ਵਧਾਈ !

ਨਾਮਧਾਰੀ ਪੰਥ ਦੇ ਦਾਨੀ-ਵੀਰ ਸੇਠ ਤਰਲੋਕ ਸਿੰਘ ਜੀ ਵਰਿਆਮ ਨੂੰ ਪੜ ਬੜੀ ਪ੍ਰਸੰਨਤਾ ਪ੍ਰਗਟ ਕਰਦਿਆਂ ਕਹਿਆ ਕਿ ਵਰਿਆਮ ਨੇ ਜਿਹੜੀ ਸਾਹਿਤ ਸੇਵਾ ਕੀਤੀ ਹੈ ਉਹ ਪ੍ਰਸੰਸਾ-ਜਨਕ ਹੈ। ਇਸ ਦੇ ਲੇਖ, ਕਹਾਣੀਆਂ, ਕਵਿਤਾਵਾਂ ਆਦਿ ਉਤਸ਼ਾਹਜਨਕ ਹਨ। ਵਰਿਆਮ ਨੂੰ ਸਤਿ ਜੁਗੀ ਸੁਗੰਧੀ ਪਾਠਕਾਂ ਦੇ ਹਿਰਦੇ-ਵਿਹੜਿਆਂ ਵਿਚ ਖਿਲਾਰ ਉਨ੍ਹਾਂ ਦੇ ਮਨਾਂ ਨੂੰ ਮੌਲਣਾ ਲੋੜੀਂਦਾ ਹੈ। ਸੇਠ ਜੀ 'ਵਰਿਆਮ' ਨੂੰ ਦੂਸਰੇ ਵਰ੍ਹੇ ਵਿਚ ਪੈਰ ਰਖਣ ਦੀ ਖੁਸ਼ੀ ਵਿਚ ਬਹੁਤ-ਬਹੁਤ ਵਧਾਈ ਦੇਂਦੇ ਹਨ।

(ਮਾਸਟਰ) ਨਿਹਾਲ ਸਿੰਘ
ਨਵੀਂ ਦਿਲੀ

"ਵਰਿਆਮ" ਅਪ੍ਰੈਲ ਦੇ ਰਸਾਲੇ ਵਿਚ 'ਬੋਲ ਬਾਣੀ ਦਾ ਸੰਜਮ' ਲੇਖ ਨੂੰ ਪੜ੍ਹਕੇ ਬਹੁਤ ਪ੍ਰਸੰਨਤਾ ਹੋਈ। ਕਈਆਂ ਨੂੰ ਵਖਾਇਆ ਤੇ ਪੜ੍ਹਾਇਆ ਤੇ ਬਾਰ ਬਾਰ ਸੁਣਿਆ।

ਮੈਂ ਕਦੇ ਕਿਸੇ ਰਸਾਲੇ ਦੀ ਉਪਮਾ ਵਿਚ ਸੰਪਾਦਕ ਨੂੰ ਚਿੱਠੀ ਨਹੀਂ ਲਿਖੀ ਤੇ ਮੈਨੂੰ ਅਜੇਹਾ ਕਰਨਾ ਪਸੰਦ ਵੀ ਨਹੀਂ। ਪਰ ਵਰਿਆਮ ਦੇ ਪਿਛਲੇ ਦੋ ਅੰਕਾਂ ਦੀ ਦਿਖ ਕਦਿਦੇ ਕਾਨੂੰਨ ਨੂੰ ਟੁੰਬ ਗਈ ਤੇ ਬਸ ਤੋੜ ਗਈ ਮਾਰਚ ਅੰਕ ਦਾ ਟਾਈਟਲ... ਬਾਬਾ ਗੁਰ ਸਿੰਘ ਲਲਤੋਂ ਤੇ ਹੇਠਾਂ ਜਗਤਾਰ ਦਾ ਸ਼ਿਅਰ... ਪੁਰਾਣੀਆਂ ਯਾਦਾਂ ਨੂੰ ਤਾਜਾ ਕਰਦਾ ਹੋਇਆ। ਭਵਿੱਖ ਨਾਲ ਜੂਝਣ ਦੀ ਤਾਕਤ ਬਖਸ਼ ਜਾਂਦਾ ਹੈ। ਪਰਚੇ ਦਾ ਵਕਤ ਸਿਰ ਨਿਕਲਣਾ ਤੇ ਏਨਾ ਖਿੱਚ ਭਰਪੂਰ ਤੇ ਭਰਿਆ ਭਰਿਆ ਹੋਣਾ ਇਸ ਮੌਸਮ 'ਚ (ਜਦੋਂ ਪਰਚਾ ਚਲਾਉਣਾ ਕਿੱਕਰ ਨੂੰ ਜੱਠੀ ਪਾਉਣ ਬਰਾਬਰ ਹੋਵੇ- ਕੀੜੇ ਤੇ ਕੰਡੇ) ਅਣਹੋਣੀ ਹੀ ਜਾਪੀ ਮੈਨੂੰ ਤਾਂ-

ਤਰਸੇਮ ਸਿੰਘ, ਜੰਡਿਆਲਾ
(ਵਰਿਆਮ ਮਈ ੧੯੭੭)



Sri Satguru Jagjit Singh Ji eLibrary NamdhariElibrary@gmail.com

## ਸਤਿਆਰਥੀ ਨਾਮਧਾਰੀ ਮੇਲੇ 'ਚ

ਮਈ ਦੇ ਅੰਕ ਦਾ ਨਿਖਾਰ ਦੇਖਕੇ ਯਕੀਨ-ਬੱਝਦਾ ਕਿ 'ਵਰਿਆਮ' ਪੰਜਾਬੀ ਪਤ੍ਰਿਕਾਵਾਂ ਵਿਚ ਆਪਣੀ ਇਕ ਨਵੇਕਲੀ ਥਾਂ ਜਲਦੀ ਬਣਾ ਲਵੇਗਾ।

"ਸਤਿਆਰਥੀ : ਨਾਮਧਾਰੀ ਮੇਲੇ ਵਿਚ" ਜੇ ਇਕ ਹੋਰ ਛੋਟੀ ਜਿਹੀ ਘਟਣਾ ਆ ਜਾਂਦੀ ਤਾਂ ਹੋਰ ਵੀ ਚੰਗਾ ਹੁੰਦਾ ਪਰ ਸਤਿਆਰਥੀ ਨੇ ਮੈਨੂੰ ਉਦੋਂ ਸੁਣਾਈ ਜਦੋਂ ਮੈਂ ਆਪਣਾ ਲੇਖ ਭੇਜ ਚੁੱਕਾ ਸਾਂ।

..... ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਾਹੌਰ ਸਤਿਆਰਥੀ ਨੂੰ ਕਿਧਰੇ ਘੇਰ ਲਿਆ। ਪੁਛਿਆ-"ਕੋਈ ਤਕਲੀਫ ? ਕੋਈ ਲੋੜ ? .... ਸਭ ਤੁਹਾਡੀ ਕ੍ਰਿਪਾ ਹੈ ਮਹਾਰਾਜ।" ਸਤਿਆਰਥੀ ਦਾ ਉੱਤਰ ਸੀ।

ਜਾਣੀ ਜਾਣ ਸਮਝ ਗਏ ਕਿ ਸਤਿਆਰਥੀ ਨੂੰ ਕਿਸ ਚੀਜ਼ ਦੀ ਥੁੜ ਹੋ ਸਕਦੀ ਹੈ। ਉਹ ਉਹਨੂੰ ਕਾਰ ਵਿਚ ਬੈਠਾ ਕੇ ਕਿਤਾਬਾਂ ਦੀ ਇਕ ਮਸ਼ਹੂਰ ਦੁਕਾਨ 'ਰਾਮਾ ਕ੍ਰਿਸ਼ਨਾ ਐਂਡ ਸਨਜ਼" ਵਿਚ ਲੈ ਕੇ ਗਏ। ਉਥੇ ਆਪਣੇ ਨਾਂ ਦਾ ੧੦੦ ਰੁਪਏ ਦਾ ਖਾਤਾ ਖੋਲ ਕਿ ਬੋਲੇ, "ਜਦੋਂ ਇਸ ਬਾਵਰੀਆਂ ਵਾਲੇ ਨੂੰ ਕਿਸੇ ਕਿਤਾਬ ਦੀ ਲੋੜ ਪਏ, ਇਸ ਖਾਤੇ ਵਿਚੋਂ ਦੇ ਦਿਆ ਕਰਨ।"

ਹੈ ਛੋਟੀ ਜਿਹੀ ਗੱਲ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਦਰਦਾਨੀ ਤੇ ਗਰੀਬ ਨਵਾਜ਼ੀ ਦੇਖੋ।

—ਪ੍ਰੀਤਮ ਸਿੰਘ ਪੰਛੀ
ਨਵੀਂ ਦਿੱਲੀ

(ਵਰਿਆਮ ਜੂਨ ੧੯੭੭)

ਮੇਰੇ ਪਿਆਰੇ ਜਗਦੀਸ਼ ਜੀ,

ਸਤਿ ਸ੍ਰੀ ਅਕਾਲ।

ਮਹਾਰਾਜ ਜਗਜੀਤ ਸਿੰਘ ਅੰਕ ਮਿਲਿਆ। ਹਿੰਮਤ ਤੁਹਾਡੀ ਬੜੀ ਸ਼ਲਾਘਾਯੋਗ ਹੈ। ਮੈਂ ਹਾਲੀ ਸਾਰਾ ਨਹੀਂ ਪੜ੍ਹ ਸਕਿਆ ਪਰ ਜਿੰਨਾ ਵੀ ਪੜ੍ਹਿਆ ਹੈ, ਉਸ 'ਚੋਂ ਮਹਾਰਾਜ ਜੀ ਦੀ ਚਮਤਕਾਰੀ ਸ਼ਖਸੀਅਤ ਦਾ ਪ੍ਰਗਟਾਵਾ ਹੁੰਦਾ ਹੈ। ਤੁਸੀਂ ਵਧਾਈ ਦੇ ਪਾਤਰ ਹੋ।

ਮੈਨੂੰ ਸਮਾਗਮ ਪੁਰ ਪੁਜਣ ਦੀ ਚਿੱਠੀ ਦੇਰੀ ਨਾਲ ਮਿਲੀ ਹੈ-ਮੈਂ ੨੫ ਤਾਰੀਖ ਨੂੰ ਲੁਧਿਆਣੇ ਸਾਂ। ੨੫ ਨੂੰ ਵੇਲੇ ਸਿਰ ਤੁਹਾਡੇ ਪਾਸ ਵੀ ਪੁਜ ਸਕਦਾ ਸਾਂ। ਜੇ ਪੱਤਰ ਪਹਿਲਾਂ ਮਿਲਿਆ ਹੁੰਦਾ। ਮੇਰੀਆਂ ਸ਼ੁਭ ਇਛਾਵਾਂ ਪਰਵਾਨ ਕਰਨੀਆਂ।

—ਧੰਨਵਾਦ
ਹਿਤੂ ਪ੍ਰੀਤਮ ਸਿੰਘ
ਨਵਯੁਗ ਪ੍ਰੈਸ ਦਿੱਲੀ



Sri Satguru Jagjit Singh Ji eLibrary NamdhariElibrary@gmail.com

ਪਿਆਰੇ ਜਗਦੀਸ਼ ਸਿੰਘ ਜੀ,

'ਵਰਿਆਮ' ਦਾ ਸਤਿਗੁਰੂ ਜਗਜੀਤ ਸਿੰਘ ਅੰਕ ਮਿਲ ਗਿਆ ਹੈ। ਤੁਹਾਡਾ ਧੰਨਵਾਦ। ਐਨਾ ਵਧੀਆ ਅੰਕ ਕੱਢਣ ਤੇ ਤੁਹਾਨੂੰ ਮੁਬਾਰਕਾਂ ਭੇਜਦਾ ਹਾਂ। ਪੰਜਾਬੀ ਪੱਤਰਕਾਰੀ ਵਿਚ ਵਰਿਆਮ ਨੇ ਆਪਣੀ ਇਕ ਨਿਵੇਕਲੀ ਥਾਂ ਬਣਾ ਲਈ ਹੈ। ਇਹ ਸਭ ਤੁਹਾਡੀ ਸੂਝ-ਬੂਝ ਤ ਲਗਨ ਦਾ ਹੀ ਸਿੱਟਾ ਹੈ।

ਕਈ ਮਹੀਨਿਆਂ ਤੋਂ ਵਰਿਆਮ ਮੇਰੀ ਡਾਕ ਵਿਚ ਨਹੀਂ ਸੀ। ਇਕ ਖੁਤਖੁਤੀ ਜਿਹੀ ਮਨ ਨੂੰ ਕੁਤਰਦੀ ਰਹਿੰਦੀ ਸੀ। ਇਸ ਵੱਡੇ ਅੰਕ ਨੇ ਤਸੱਲੀ ਦਿਤੀ ਹੈ। ਆਸ ਹੈ, ਹੁਣ ਪਹਿਲਾਂ ਵਾਂਗ ਇਹ ਚਲਦਾ ਰਹੇਗਾ।

—ਤੁਹਾਡਾ ਆਪਣਾ

ਰਾਮ ਸਰੂਪ ਅਣਖੀ

ਪਿਆਰੇ ਜਗਦੀਸ਼ ਸਿੰਘ ਜੀ,

'ਵਰਿਆਮ' ਦਾ 'ਸਤਿਗੁਰੂ ਜਗਜੀਤ ਸਿੰਘ ਅੰਕ' ਮਿਲਿਆ। ਅੰਕ ਉਨਾਂ ਹੀ ਸੁਹਣਾ ਹੈ ਜਿੰਨੀ ਸੁੰਦਰ ਅੰਕ ਦੇ ਮਜ਼ਮੂਨ ਦੀ ਸ਼ਖ਼ਸੀਅਤ ਹੈ। ਸਾਦਾ ਅਤੇ ਸਵੱਛ ਪ੍ਰਭਾਵ।

ਲੇਖ ਬੜੇ ਹੀ ਸੁਹਣੇ ਅਤੇ ਵਾਕਫੀ-ਭਰਪੂਰ ਹਨ। ਦਿਖ ਵੀ ਬੜੀ ਸੁਹਣੀ ਹੈ। ਤਸਵੀਰਾਂ ਅਤੇ ਕਾਗਜ਼ ਆਦਿ ਸਭ ਕੁਝ ਬੜਾ ਵਧੀਆ ਹੈ।

"ਵਰਿਆਮ" ਇਸ ਅੰਕ ਨਾਲ ਸਥਾਪਤ ਹੋ ਗਿਆ ਦਿਸਦਾ ਹੈ। ੧੧੨ ਸਫ਼ੇ ਦਾ ਅੰਕ ਕੱਢਣਾ ਬੜੀ ਹੀ ਹਿੰਮਤ ਹੈ, ਖਾਸ ਕਰ ਤੁਹਾਡੇ ਲਈ ਜਿੰਨ੍ਹਾਂ ਦੇ ਵਸੀਲੇ ਬੜੇ ਹੀ ਸੀਮਤ ਅਤੇ ਥੋੜੇ ਹਨ।

ਮੇਰੇ ਵਲੋਂ ਬਹੁਤ ਬਹੁਤ ਮੁਬਾਰਿਕਬਾਦ ਕਬੂਲ ਕਰਨੀ।

—ਸੰਤੋਖ ਸਿੰਘ ਧੀਰ

ਡਡਹੇੜੀ



Sri Satguru Jagjit Singh Ji eLibrary NamdhariElibrary@gmail.com

ਮੇਰੇ ਪਿਆਰੇ ਜਗਦੀਸ਼ ਜੀ,

ਅੰਕ ਬਾਰੇ ਜਿਨ੍ਹਾਂ ਮੁਸ਼ਕਲਾਂ ਵਿਚੋਂ ਤੁਹਾਨੂੰ ਲੰਘਣਾ ਪਿਆ ਉਹ ਸਾਰੀਆਂ ਹੀ ਬੜੀਆਂ ਦੁਖਦਾਈ ਤੇ ਖਰਚੀਲੀਆਂ ਸਨ ਤੇ ਤੁਸੀਂ ਤਾਂ ਧੰਨਤਾ ਦੇ ਯੋਗ ਹੋ, ਜਿਹਨਾਂ ਨੇ ਸਾਰੀਆਂ ਮੁਸ਼ਕਲਾਂ ਉਲੰਘਕੇ ਆਪਣੇ ਸਤਿਗੁਰੂ ਦੇ ਸਥਾਈ ਗੁਣਗਾਨ ਕੀਤੇ ਹਨ। ਬੱਚਾ ਜਣਦਿਆਂ ਮਾਂ ਨੂੰ ਅਨੰਤ ਪੀੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਉਹੋ ਬੱਚਾ ਅੱਖੀਆਂ ਦਾ ਤਾਰਾ ਬਣ ਜਾਂਦਾ ਹੈ। ਹਰ ਕੋਈ ਇਸ ਦਾ ਹਾਰਦਿਕ ਸੁਆਗਤ ਕਰੇਗਾ। ਖਾਂ ਸਾਹਿਬ ਅਮਜਦ ਅਲੀ, ਅਮਰ ਭਾਰਤੀ, ਗੁਰਦੇਵ ਆਦਿ ਸਭ ਨੂੰ ਪਰਚੇ ਮਿਲੇ ਹਨ ਤੇ ਤੁਹਾਡੀ ਮਿਹਨਤ ਦੀ ਦਾਦ ਹਰ ਕੋਈ ਦੇ ਰਿਹਾ ਹੈ। ਮੈਨੂੰ ਤਾਂ ਅਫਸੋਸ ਹੈ ਕਿ ਮੈਂ ਤੁਹਾਡਾ ਸਹਾਇਕ ਸਾਬਤ ਨਹੀਂ ਹੋ ਸਕਿਆ।

—ਤੁਹਾਡਾ

ਪ੍ਰੀਤਮ ਸਿੰਘ ਕਵੀ

ਨਵੀਂ ਦਿੱਲੀ

ਪਿਆਰੇ ਜਗਦੀਸ਼ ਜੀ,

ਸਲਾਮ।

'ਸਤਿਗੁਰ ਜਗਜੀਤ ਸਿੰਘ ਜੀ ਅੰਕ' ਮਿਲਿਆ। ਪੰਜਾਬੀ ਪੱਤਰਕਾਰੀ 'ਚ ਇਹ ਵਰਿਆਮਾਂ ਵਾਲਾ ਕੰਮ ਹੈ। ਜੋ ਤੁਸੀਂ ਕਰ ਵਿਖਾਇਆ ਹੈ। ਇਹ ਠੀਕ ਹੈ ਕਿ ਕਿਸੇ ਵੀ ਧਾਰਮਿਕ ਅਦਾਰੇ ਲਈ ਇਹੋ ਜਿਹਾ ਅੰਕ ਕੱਢਣਾ ਕੋਈ ਮੁਸ਼ਕਿਲ ਨਹੀਂ ਹੈ। ਪਰ ਕਿਸੇ ਵਿਅਕਤੀ ਲਈ ਤੇ ਫਿਰ ਕਿਸੇ ਇਕੱਲੇ ਵਿਅਕਤੀ ਲਈ ਇਹ ਕੰਮ ਹਿਮਾਲਾ ਤੇ ਝੰਡਾ ਗੱਡਣ ਵਾਂਗ ਹੈ। ਤੁਸੀਂ ਸਚਮੁਚ ਹੀ ਵਧਾਈ ਦੇ ਪਾਤਰ ਹੋ। ਪ੍ਰਮਾਤਮਾ ਕਰੇ ਵਰਿਆਮ ਦੀ ਉਮਰ ਲੰਮੀ ਹੋਵੇ ਤੇ ਇਹ ਸਾਹਿਤ ਵਿਚ ਮੀਲ ਪੱਥਰ ਸਿੱਧ ਹੋਵੇ।

—ਕੇ.ਐਲ.ਗਰਗ

ਮੋਗਾ



Sri Satguru Jagjit Singh Ji eLibrary NamdhariElibrary@gmail.com

ਮੇਰੇ ਪਿਆਰੇ ਜਗਦੀਸ਼ ਜੀ,

ਬਹੁਤ ਹੀ ਮਿੱਠੀ ਤੇ ਨਿੱਘੀ ਯਾਦ।

ਵਰਿਆਮ ਦਾ ਸਤਿਗੁਰੂ ਜਗਜੀਤ ਸਿੰਘ ਅੰਕ ਕੱਢਣ ਤੇ ਮੇਰੇ ਵਲੋਂ ਦਿਲੀ ਮੁਬਾਰਕਬਾਦ। ਇਹ ਅੰਕ ਸਤਿਗੁਰੂ ਜੀ ਪ੍ਰਤੀ ਤੁਹਾਡੀ ਸੱਚੀ ਤੇ ਸੁੱਚੀ ਸ਼ਰਧਾ, ਮਿਹਨਤ ਸਿਰੜ ਅਤੇ ਕਲਾਤਮਿਕ ਸੂਝ ਦਾ ਪ੍ਰਤੀਕ ਹੈ। ਮੁੱਖ ਪੰਨੇ ਤੇ ਸਤਿਗੁਰੂ ਜੀ ਦਾ ਨਿਮੀ ਮੁਸਕਾਨ ਵਾਲਾ ਚਿਹਰਾ ਵੇਖਕੇ ਹੀ ਹਿਰਦੇ ਦੀ ਤਪਸ਼ ਮਿੱਟ ਜਾਂਦੀ ਹੈ।

ਆਪਣੇ ਆਲੇ ਦੁਆਲੇ ਵਿਚ ਬਹੁਤੇ ਮੈਨੂੰ ਨਾਸਤਕ ਹੀ ਸਮਝਦੇ ਹਨ। ਭਾਵੇਂ ਕਿ ਧਰਮ ਦੇ ਉਚੇ ਸੁੱਚੇ ਮਾਨਵ ਕਲਿਆਣ ਦੇ ਅਸੂਲਾਂ ਵਿਚ ਆਸਤਕਾਂ ਨਾਲੋਂ ਵੀ ਮੇਰਾ ਵਿਸ਼ਵਾਸ ਪੱਕਾ ਹੈ।

ਇਸ ਅੰਕ ਨੂੰ ਪੜ੍ਹਕੇ ਤਾਂ ਮੇਰਾ ਵੀ ਦਿਲ ਕਰਦਾ ਹੈ ਕਿ ਇਸ ਮਹਾਨ ਆਤਮ ਗਿਆਨੀ ਤੇ ਸਰਬ ਸਾਂਝੀ ਮਾਨਵਤਾ ਨੂੰ ਪਿਆਰ ਕਰਨ ਵਾਲੇ ਤੁਹਾਡੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਜਾਣ।

'ਸੁਰਜੀਤ ਰਾਮਪੁਰੀ' ਜੀ ਦੀ ਕਵਿਤਾ ਦਾ ਹਰ ਅੱਖਰ ਮਨ ਸਾਗਰ ਦੀ ਡੂੰਘਾਈ 'ਚੋਂ ਨਿਕਲਿਆ ਸੁੱਚਾ ਮੋਤੀ ਹੈ। ਜਿੰਨੀ ਵਾਰ ਇਹ ਕਵਿਤਾ ਪੜ੍ਹੀ ਹੈ ਮਨ ਨੂੰ ਇਕ ਅਜੀਬ ਸਕੂਨ ਮਿਲਿਆ ਹੈ।

ਬੀਬੀ ਉਰਮਿਲਾ ਆਨੰਦ ਅਤੇ ਸਰਵ ਸ੍ਰੀ ਪ੍ਰੀਤਮ ਸਿੰਘ, ਕਵੀ ਪ੍ਰੋ. ਕ੍ਰਿਪਾਲ ਸਿੰਘ ਕਸੇਲ, ਡਾ. ਤਾਰਨ ਸਿੰਘ, ਜਗਜੀਤ ਸਿੰਘ ਆਨੰਦ, ਈਸ਼ਰ ਸਿੰਘ ਅਟਾਰੀ, ਸ਼ਮਸ਼ੇਰ ਸਿੰਘ ਅਸ਼ੋਕ, ਕਰਤਾਰ ਸਿੰਘ ਪੰਛੀ, ਡਾ. ਗੌਰੀ ਸ਼ੰਕਰ, ਡਾ. ਗੋਰਡਨ ਲਾਟੋ, ਸਵਰਨ ਸਿੰਘ ਸਨੇਹੀ, ਅਮਰ ਭਾਰਤੀ, ਰਾਜਿੰਦਰ ਸਿੰਘ ਗੁਰੂਸਰ, ਉਸਤਾਦ ਅਮਜਦ ਅਲੀ, ਕ੍ਰਿਸ਼ਨ ਭਾਰਦਵਾਜ, ਜੁਗਿੰਦਰ ਬਾਵਰਾ ਅਤੇ ਆਤਮਾ ਸਿੰਘ ਜੀ ਦੀਆਂ ਰਚਨਾਵਾਂ ਪੜ੍ਹਕੇ ਸਤਿਗੁਰੂ ਜੀ ਦੀ ਸਰਬ ਪੱਖੀ ਬਹੁਤ ਹੀ ਸੁੰਦਰ ਸ਼ਖਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ। ਤੁਸੀਂ ਸਤਿਗੁਰੂ ਜੀ ਦੇ ਸੰਘਰਸ਼ ਮਈ ਜੀਵਨ ਤੇ ਬੜੀ ਚੰਗੀ ਝਾਤ ਪਵਾਈ ਹੈ।

ਜਸਵੰਤ ਸਿੰਘ ਰਾਹੀ ਅਤੇ ਸੁਮੇਰ ਜੀ ਦੀਆਂ ਕਵਿਤਾਵਾਂ ਬਹੁਤ ਹੀ ਰਮਜ਼ਾਂ ਭਰੀਆਂ ਹਨ। ਇਹਨਾਂ ਨੇ ਮਨ ਦੀਆਂ ਤਾਰਾਂ ਨੂੰ ਟੁਣਕਾ ਦਿੱਤਾ ਹੈ। ਸਤਿਗੁਰੂ ਜੀ ਦੀਆਂ ਵੱਖ-ਵੱਖ ਮਹਾਨ ਰਾਜਸੀ ਨੇਤਾਵਾਂ ਨਾਲ ਤਸਵੀਰਾਂ ਨੇ ਇਸ ਅੰਕ ਦੀ ਸੁੰਦਰਤਾ ਵਿਚ ਬਹੁਮੁਲਾ ਵਾਧਾ ਕੀਤਾ ਹੈ। ਕਸਰ ਰਹਿ ਗਈ ਹੈ ਤਾਂ ਸਿਰਫ ਪਰੂਫ ਦੀਆਂ ਗਲਤੀਆਂ ਦੀ।

ਤੁਸੀਂ ਨਿੱਕੀ ਜਿਹੀ ਉਮਰ ਵਿਚ ਏਹੋ ਜਿਹਾ ਦੁਰਲਭ ਅੰਕ ਪ੍ਰਕਾਸ਼ਿਤ ਕਰਕੇ ਇਕ ਸੰਸਥਾ ਨਾਲੋਂ ਵੀ ਬਹੁਤਾ ਕੰਮ ਕਰ ਵਿਖਾਇਆ ਹੈ। ਇਹ ਅੰਕ ਸੱਚਮੁੱਚ ਸਾਂਭਣ ਯੋਗ ਹੈ।

—ਤੁਹਾਡਾ ਆਪਣਾ
**ਕੁਲਵੰਤ ਜਗਰਾਉਂ**
ਲੁਧਿਆਣਾ

ਸ. ਜਗਦੀਸ਼ ਸਿੰਘ ਜੀਓ,

ਇਸ ਵਾਰ ਦਾ ਵਰਿਆਮ ਵੇਖ ਕਿ ਸੋਚੀਂ ਲਹਿ ਗਿਆ ਸੀ। ਮਨ ਗਦ ਗਦ ਹੋ ਗਿਆ ਹੈ। ਪ੍ਰੋ. ਕਸੇਲ, ਤਾਰਨ ਸਿੰਘ, ਜਗਜੀਤ ਆਨੰਦ, ਅਟਾਰੀ ਸਾਹਿਬ, ਪ੍ਰੀਤਮ ਸਿੰਘ ਕਵੀ, ਰਾਜਿੰਦਰ ਗੁਰੂਸਰ ਵਰਗੇ ਵਿਦਵਾਨਾਂ ਦੇ ਲੇਖ ਅਤੇ ਤਸਵੀਰਾਂ ਦੀ ਏਨੀ ਵਧੀਆ ਤਰਤੀਬ ਵੇਖ ਕੇ ਆਪ ਜੀ ਦੀ ਸਿਆਣਪ ਉਤੇ ਰਸ਼ਕ ਕਰਨ ਨੂੰ ਜੀ ਕਰਦਾ ਹੈ। ਇਹ ਸਪੈਸ਼ਲ ਅੰਕ ਹੋਰਨਾਂ ਸੰਪਾਦਕਾਂ ਲਈ ਸੱਚਮੁੱਚ ਇਕ ਚੈਲਿੰਜ ਹੈ। ਬਹੁਤ ਬਹੁਤ ਵਧਾਈ ਕਬੂਲ ਕਰਨਾ।

—ਕਜ਼ਾਕ



Sri Satguru Jagjit Singh Ji eLibrary NamdhariElibrary@gmail.com

। ਆਰੇ ਜਗਦੀਸ਼ ਸਿੰਘ ਜੀ,

ਨਿੱਘੀ ਯਾਦ

ਵਰਿਆਮ ਦੇ ਸਤਿਗੁਰੂ ਜਗਜੀਤ ਸਿੰਘ ਅੰਕ ਲਈ ਤੁਹਾਡੇ ਉਪਰਾਲੇ ਲਈ ਮੈਂ ਬੇਹੱਦ ਖੁਸ਼ ਹਾਂ। ਇਹ ਇਕੋ ਅੰਕ ਇਕ ਪ੍ਰਾਪਤੀ ਹੈ। ਤੁਹਾਡੇ ਵਰਗੀ ਨਿੱਘੀ ਸ਼ਖਸੀਅਤ ਨੇ "ਕੂਕਾ ਲਹਿਰ" ਨੂੰ ਇਕ ਅਰਥ ਬਖਸ਼ੇ ਹਨ। ਮੁਬਾਰਕ। ਸਤਿਗੁਰੂ ਜਗਜੀਤ ਸਿੰਘ ਅੰਕ ਲਿਖਤੀ ਰੂਪ 'ਚ ਇਕ ਅਦਬ ਹੈ। ਬਹੁਤ ਬਹੁਤ ਮੁਬਾਰਕ।

—ਤੁਹਾਡਾ

ਓਮ ਪ੍ਰਕਾਸ਼ ਗਾਸੋ

ਬਰਨਾਲਾ

ਮਾਨਯੋਗ ਸ. ਜਗਦੀਸ਼ ਸਿੰਘ ਜੀ,

'ਵਰਿਆਮ' ਦਾ ਸਤਿਗੁਰੂ ਜਗਜੀਤ ਸਿੰਘ ਅੰਕ ਆਦਿ ਤੋਂ ਅੰਤ ਤੱਕ ਪੜ੍ਹਿਆ। ਜਿਥੇ ਮੈਂ ਆਪ ਜੀ ਦੇ ਉੱਦਮ ਤੋਂ ਬੜਾ ਪ੍ਰਭਾਵਿਤ ਹੋਇਆ ਹਾਂ, ਉਥੇ ਸਤਿਗੁਰੂ ਜੀ ਦੀ ਮਹਾਨ ਸ਼ਖਸੀਅਤ ਤੇ ਉਹਨਾਂ ਦੇ ਉੱਚੇ-ਸੁੱਚੇ ਆਦਰਸ਼ਾਂ ਨੇ ਬੜਾ ਟੁੰਬਿਆ ਹੈ, ਉਹਨਾਂ ਦੇ ਦਰਸ਼ਨਾਂ ਨੂੰ ਜੀ ਉਤਾਵਲਾ ਹੋ ਉਠਿਆ ਹੈ।

ਮੇਰੇ ਵਲੋਂ ਇਸ ਅਦੁੱਤੀ ਪ੍ਰਾਪਤੀ ਤੇ ਮੁਬਾਰਕ ਕਬੂਲ ਕਰਨੀ।

ਸਤਿਕਾਰ ਨਾਲ-ਅਜੀਤ ਸਿੰਘ

ਦਿਲੀ

ਪਿਆਰੇ ਸੰਪਾਦਕ ਜੀ, ਫਤਹਿ।

'ਵਰਿਆਮ' ਦਾ ਸਤਿਗੁਰੂ ਜਗਜੀਤ ਸਿੰਘ ਅੰਕ ਤਿਆਰ ਕਰਨ ਤੇ ਮੈਂ ਤੁਹਾਨੂੰ ਵਧਾਈ ਤੇ ਸ਼ਾਬਾਸ਼ ਦੇਂਦਾ ਹਾਂ। ਪ੍ਰਸੰਸਾ ਕਰਦਾ ਹਾਂ, ਤੁਹਾਡੇ ਅਲੌਕਕ ਆਸ਼ੇ ਦੀ, ਉੱਦਮ ਦੀ, ਦਲੇਰੀ, ਹੌਸਲਾ, ਅਣਥਕ ਮਿਹਨਤ ਤੇ ਡਾਢੀ ਲਗਨ ਦੀ। ਨਿਸਚੇ ਹੀ ਤੁਸਾਂ ਇਸ ਅੰਕ ਵਿਚਲਾ ਮੈਟੀਰੀਅਲ ਪ੍ਰਕਾਸ਼ਤ ਕਰਕੇ ਸਿੱਖ-ਜਗਤ ਵਿਚ ਇਕ ਯਾਦ-ਯੋਗ ਕਾਰਨਾਮਾ ਕਰਨ ਦਾ ਨਾਮਣਾ ਖੱਟਿਆ ਹੈ।

ਭਾਵੇਂ ਇਸ ਤੋਂ ਪਹਿਲਾਂ 'ਸਤਿਜੁਗ' ਦੇ ਬਸੰਤ ਨੰਬਰ ਮੈਂ ਪੜ੍ਹੇ ਸਨ ਪਰ ਨਵ-ਉਭਰੇ ਵਰਿਆਮ ਦੇ ਇਸ ਅੰਕ ਦੀ ਆਲਿਮਾਨਾਂ-ਵਾਕਫੀਅਤ ਦਾ ਦਰਜਾ ਬਹੁਤ ਉੱਚਾ ਹੈ। ਇਹਦਾ ਮਿੱਠਾ-ਪ੍ਰਭਾਵ ਦਿਲ-ਦਿਮਾਗ ਤੇ ਅਸਰ ਕੀਤੇ ਬਿਨਾਂ ਨਹੀਂ ਰਹਿਆ, ਬਾਵਜੂਦ ਕਿਤੇ ਕਿਤੇ ਖਿਆਲੀ ਮਤਭੇਦਾਂ ਦੇ।

ਹਰ ਸੁਜਾਨ ਲੇਖਕ ਨੇ ਸਤਿਗੁਰਾਂ ਦੀ ਪ੍ਰਭਾਵਕ ਸ਼ਖਸੀਅਤ ਨੂੰ ਬਿਆਨ ਕਰਨ ਵਿਚ ਜੋ ਕਮਾਲ ਦਰਸਾਇਆ ਹੈ-ਮੈਂ ਸਮਝਦਾਂ-ਵੱਡੇ ਤੋਂ ਵੱਡਾ ਪ੍ਰਚਾਰਕ ਵੀ ਅਜਿਹਾ ਨਹੀਂ ਕਰ ਸਕਿਆ।

ਤੁਸੀਂ ਨਾ ਸਿਰਫ ਸਾਹਿਤਕ ਸੇਵਾ ਕੀਤੀ ਹੈ, ਧਾਰਮਿਕ ਸਮਾਜਕ, ਸੋਸ਼ਲ ਤੇ ਭਾਈਚਾਰਕ ਮੈਦਾਨ ਵਿਚ ਵੀ ਬਾਜ਼ੀ ਲੈ ਗਏ ਓ।

ਜਗਦੀਸ਼ ਸਿੰਘ ਜੀ, 'ਤੁਸੀਂ ਹੋਰ ਵੀ ਅੱਗੇ ਵਧੋ। ਮੇਰੀ ਹਾਰਦਿਕ ਚਾਹ ਹੈ।

ਬੜੇ ਪਿਆਰ ਨਾਲ

(ਗਿ.) ਭਗਤ ਸਿੰਘ ਕਲਸੀ

ਜਲੰਧਰ।



Sri Satguru Jagjit Singh Ji eLibrary NamdhariElibrary@gmail.com

ਵੀਰ ਜਗਦੀਸ਼ ਸਿੰਘ ਜੀ,

'ਵਰਿਆਮ' ਦਾ ਸਤਿਗੁਰੂ ਜਗਜੀਤ ਸਿੰਘ ਅੰਕ ਪੜ੍ਹਿਆ ਤੇ ਤਕਿਆ ਸਤਿਗੁਰੂ ਜੀ ਦੇ ਗਿਰਦੇ ਪ੍ਰੀਕਰਮਾਂ ਕਰੀ ਜਿਵੇਂ। ਇਹ ਤੁਸਾਂ ਕਰਵਾਈ ਹੈ। ਉਹਨਾਂ ਦੀ ਮਿਲਣੀ ਦੀ ਮਹਿਕ ਖੁਮਾਰੀ ਵਾਂਗ ਮਹਿਸੂਸ ਕੀਤੀ। ਤੁਸਾਂ ਸਾਹਿਤ ਸਭਿਆਚਾਰ ਤੇ ਧਰਮ ਦੀ ਤ੍ਰਿਬੈਣੀ ਇਸ ਅੰਕ ਰਾਹੀਂ ਸਿਰਜੀ ਹੈ। ਇਕ ਮਹਾਨ ਯੁੱਗ ਪੁਰਸ਼ ਦੇ ਸਫਲ ਦਰਸ਼ਨ ਪਾਠਕਾਂ ਨੂੰ ਕਰਵਾਏ ਹਨ। ਧਰਮ ਤੇ ਸਾਹਿਤ ਦਾ ਸੁਮੇਲ ਕਰ ਵਿਖਾਇਆ ਹੈ। ਨਾਮਧਾਰੀ ਸਮਾਜ ਦਾ ਭਾਰਤੀ ਜੀਵਨ ਵਿਚ ਪਾਇਆ ਵੱਡਮੁੱਲਾ ਯੋਗਦਾਨ ਦਰਸਾਣ ਵਿਚ ਸਫਲਤਾ ਪ੍ਰਾਪਤ ਕੀਤਾ ਹੈ। ਨਾਸਤਿਕ ਤੇ ਵਿਰੋਧੀ ਵਿਚਾਰਾਂ ਵਾਲਿਆਂ ਤੋਂ ਬੱਲੇ ਬੱਲੇ ਕਰਵਾਨੀ ਮਹਿੰਗਾ ਯਤਨ ਹੈ। ਪਰ ਤੁਸਾਂ ਕਰ ਲਿਆ। ਪੰਜਾਬੀ ਸਾਹਿਤ ਸ੍ਰਿਜਣਾ ਵਿਚ ਤੁਹਾਡਾ ਇਹ ਸਫਲ ਪ੍ਰਯੋਗ ਸਾਹਿਤ ਵਿਚ ਵਾਦਾਂ ਦੇ ਵਕੀਲਾਂ ਲਈ ਵੰਗਾਰ ਹੈ। ਅਨੇਕਾਂ ਹਿਰਦਿਆਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਤੱਖ ਦਰਸ਼ਨਾਂ ਦੀ ਤਾਂਘ ਪੈਦਾ ਕਰ ਦਿੱਤੀ ਹੈ ਤੁਸਾਂ। ਤੁਹਾਡੀ ਪ੍ਰਾਪਤੀ ਹੈ ਇਹ। ਵਰਿਆਮ ਨੇ ਵਰ੍ਹਿਆਂ ਜਿਡੀ ਪੁਲਾਂਘ ਪੁੱਟੀ ਹੈ। ਤੁਹਾਡੀ ਹਿੰਮਤ ਤੇ ਸਾਬਤ ਕਦਮੀ ਬਣੀ ਰਹੇ।

—ਕੁਲਦੀਪ ਸਿੰਘ ਮੀਲੂ,
ਨਵੀਂ ਮੰਡੀ ਖੰਨਾ

ਮੇਰੇ ਪਿਆਰੇ ਜਗਦੀਸ਼ ਸਿੰਘ ਜੀ,

ਵਰਿਆਮ ਦਾ ਤਾਜ਼ਾ ਸੰਸਕਰਣ ਭੇਜਣ ਲਈ ਧੰਨਵਾਦੀ ਹਾਂ। ਭਾਵੇਂ ਮੈਂ ਅੰਕ ਸਾਰਾ ਨਹੀਂ ਪੜ੍ਹਿਆ ਪਰ ਮੈਂ ਇਸ ਨੂੰ ਵਾਚਿਆ ਹੈ ਅਤੇ ਮੈਂ ਤੁਹਾਨੂੰ ਇਸ ਦੇ ਮੁੱਖ ਪੰਨੇ ਦੀ ਛਪਾਈ ਦੀ ਵਧਾਈ ਦਿੰਦਾ ਹਾਂ।

—ਵਿਜੈ ਕੁਮਾਰ
ਦੈਨਿਕ ਪੰਜਾਬ ਕੇਸਰੀ ਜਲੰਧਰ

ਸ੍ਰੀ ਮਾਨ ਜਗਦੀਸ਼ ਸਿੰਘ ਜੀ,
ਸਤਿ ਸ੍ਰੀ ਅਕਾਲ।

ਵਰਿਆਮ ਦੇ ਸਤਿਗੁਰੂ ਜਗਜੀਤ ਸਿੰਘ ਅੰਕ ਦੀ ਕਾਪੀ ਭੇਜਣ ਲਈ ਮੈਂ ਆਪ ਦਾ ਅਤਿ ਧੰਨਵਾਦੀ ਹਾਂ।

ਇਹਦਾ ਬਾਹਰਲਾ ਮੂੰਹ-ਮੱਥਾ ਵੇਖ ਕੇ ਹੀ ਮੈਂ ਪ੍ਰਭਾਵਤ ਹੋ ਗਿਆ ਸੀ। ਅਤੇ ਜਦੋਂ ਅੰਦਰ ਦੀ ਸਮੱਗਰੀ ਵਿਚੋਂ ਗੁਜ਼ਰਿਆ ਤਾਂ ਹੋਰ ਵੀ ਪ੍ਰਸੰਨਤਾ ਹੋਈ। ਇਸ ਅੰਕ ਵਿਚ ਇਹਨਾਂ ਮਹਾਂਪੁਰਸ਼ਾਂ ਦੇ ਜੀਵਨ ਦੇ ਕਈ ਪੱਖਾਂ ਤੇ ਕਿੰਨਾ ਸੁਹਣਾ ਚਾਨਣ ਪਾਇਆ ਗਿਆ ਹੈ। ਇਹ ਅੰਕ ਸਿਰਫ ਨਾਮਧਾਰੀ ਇਤਿਹਾਸ ਲਈ ਹੀ ਨਹੀਂ ਸਗੋਂ ਸਮੁੱਚੇ ਸਿੱਖ ਅਤੇ ਭਾਰਤੀ ਇਤਿਹਾਸ ਲਈ ਇਕ ਵਿਲੱਖਣ ਦੇਣ ਹੈ।

ਮੈਂ ਆਪ ਜੀ ਦੇ ਇਸ ਉੱਦਮ ਦੀ ਸ਼ਲਾਘਾ ਕੀਤੇ ਬਿਨਾ ਨਹੀਂ ਰਹਿ ਸਕਦਾ।

—ਆਪ ਦਾ ਹਿੱਤੂ
ਗੁਲਚਰਨ ਸਿੰਘ (ਲੈ. ਕਰਨਲ ਰਿ.)
ਮਾਡਲ ਟਾਊਨ, ਜਲੰਧਰ



Sri Satguru Jagjit Singh Ji eLibrary NamdhariElibrary@gmail.com

ਵੀਰ ਜਗਦੀਸ਼ ਜੀ,

ਤੁਹਾਡੇ ਵਲੋਂ ਭੇਜਿਆ ਵਰਿਆਮ ਦਾ ਸਤਿਗੁਰੂ ਜਗਜੀਤ ਸਿੰਘ ਜੀ ਅੰਕ ਪੁੱਜਾ। ਬਹੁਤ ਧੰਨਵਾਦੀ ਹਾਂ। ਨਵੇਂ ਜ਼ਮਾਨੇ ਵਿਚ ਇਸ ਅੰਕ ਦਾ ਜ਼ਿਕਰ ਪੜ੍ਹਕੇ ਮੈਂ ਮੰਗਵਾਣਾ ਹੀ ਚਾਹੁੰਦੀ ਸਾਂ ਕਿ ਤੁਸੀਂ ਭੇਜਣ ਦੀ ਕ੍ਰਿਪਾ ਕਰ ਦਿੱਤੀ। ਸਤਿਗੁਰਾਂ ਦੀ ਬਹੁਪੱਖੀ ਸ਼ਖਸੀਅਤ ਬਾਰੇ ਹੋਰ ਚੰਗੀ ਤਰ੍ਹਾਂ ਜਾਣ ਸਕਾਂਗੇ।

*ਧੰਨਵਾਦ ਸਹਿਤ !*

—ਤੁਹਾਡੀ ਭੈਣ

ਉਮਾ

ਪ੍ਰੀਤ ਨਗਰ

ਪਿਆਰੇ ਜਗਦੀਸ਼ ਸਿੰਘ ਜੀ,

ਪਿਆਰ ਭਰੀ ਸਤਿ ਸ੍ਰੀ ਅਕਾਲ।

ਵਰਿਆ ਦਾ "ਸਤਿਗੁਰੂ ਜਗਜੀਤ ਸਿੰਘ' ਅੰਕ ਮਿਲਿਆ ਧੰਨਵਾਦ।

ਟਾਈਟਲ ਪੇਜ ਤੋਂ ਲੈ ਕੇ ਇਸ ਨੂੰ ਵੇਖਣਾ ਤੇ ਪੜ੍ਹਨਾ ਸ਼ੁਰੂ ਕੀਤਾ ਤੇ ਆਖਰੀ ਪੰਨੇ ਤੱਕ ਸਾਰ ਦਾ ਸਾਰਾ ਅੰਕ ਪੜ੍ਹ ਲੈਣ ਤੋਂ ਬਗੈਰ ਰੱਖਣਾ ਮੁਸ਼ਕਲ ਹੋ ਗਿਆ। ਜਦੋਂ ਕਿ ਸਮੇਂ ਅਨੁਸਾਰ ਹੋਰ ਕਈ ਜ਼ਰੂਰੀ ਕੰਮ ਕਰਨ ਵਾਲੇ ਸਨ।

ਇਸ ਅੰਕ ਵਿਚ ਅੰਕਿਤ ਮਜ਼ਮੂਨਾਂ ਤੇ ਤਸਵੀਰਾਂ ਦੁਆਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਤ ਸਾਰੇ ਭੂਤਕਾਲੀ ਇਤਿਹਾਸ ਦੇ ਦ੍ਰਿਸ਼ ਮੂਰਤੀ ਮਾਨ ਹੋ ਆਉਂਦੇ ਹਨ। ਹੋ ਸਕਦਾ ਹੈ ਕਿ ਇਸ ਅੰਕ ਨੂੰ ਪ੍ਰਕਾਸ਼ਨ ਲਈ ਆਪ ਨੂੰ ਕਾਫੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਹੋਵੇ, ਪਰ ਆਪ ਜੀ ਦੀ ਇਸ ਮਿਹਨਤ ਨਾਲ ਕੇਵਲ ਵਰਿਆਮ ਨੂੰ ਹੀ ਨਹੀਂ ਸਗੋਂ ਨਾਮਧਾਰੀ ਸਾਹਿਤ ਨੂੰ ਵੀ ਕਾਫੀ ਮਾਨਤਾ ਪ੍ਰਾਪਤ ਹੋਵੇਗੀ।

ਮੈਂ ਆਪ ਜੀ ਨੂੰ ਇਸ ਪ੍ਰਸੰਸਾ ਯੋਗ ਪੁਰਸ਼ਾਰਥ ਦੀ ਬਹੁਤ ਬਹੁਤ ਵਧਾਈ ਦਿੰਦਾ ਹੋਇਆ ਵਰਿਆਮ ਦੇ ਹੋਰ ਵੀ ਅਜਿਹੇ ਸ਼ਾਨਦਾਰ ਅੰਕ ਵੇਖਣ ਦੀ ਕਾਮਨਾ ਰੱਖਦਾ ਹਾਂ।

—ਆਪ ਦਾ ਸ਼ੁਭਚਿੰਤਕ

ਸ੍ਰੀ ਜੀਵਨ ਨਗਰ

(ਵਰਿਆਮ ਮਾਰਚ 1978)



Sri Satguru Jagjit Singh Ji eLibrary NamdhariElibrary@gmail.com

# ਅਮੋਲ ਜੀ ਦੀ ਇੱਕ ਚਿੱਠੀ

ਪੰਜਾਬੀ ਸਾਹਿਤ ਦੇ ਬਜ਼ੁਰਗ ਸਾਹਿਤਕਾਰ ਸਵ. ਸ. ਐਸ.ਐਸ. ਅਮੋਲ ਜੀ ਨੇ ਸੰਪਾਦਕ ਵਰਿਆਮ ਨੂੰ ਇਕ ਚਿੱਠੀ ੨੩.੪.੯੨ ਨੂੰ ਲਿਖੀ। ਨਾਲ ਹੀ ਉਨ੍ਹਾਂ ਇਕ ਚੈੱਕ ਭੇਜਿਆ। ਇਹ ਚੈੱਕ ਅਸੀਂ ਉਸੇ ਤਰ੍ਹਾਂ ਸਰਟੀਫਿਕੇਟ ਵਜੋਂ ਸਾਂਭ ਕੇ ਰੱਖਿਆ ਹੋਇਆ ਹੈ। ਉਸ ਚਿੱਠੀ ਵਿਚਲੀ ਲਿਖਤ ਅਤੇ ਚੈੱਕ ਦੀ ਫੋਟੋ ਇਥੇ ਦੇ ਰਹੇ ਹਾਂ।

S.S. Amole 2 Uttamgarh, Amritsar,
Tele - 42522, 23-4-92

ਪਿਆਰੇ ਅਤੇ ਲਗਨ ਭਰੀ ਮਿਹਨਤ ਦੇ ਸਵਾਮੀ ਸ. ਜਗਦੀਸ਼ ਸਿੰਘ ਜੀ
ਸਾਦਰ ਸਤਿ ਸ੍ਰੀ ਅਕਾਲ

ਕਈ ਚਿਰ ਤੋਂ ਆਪ ਵੱਲੋਂ ਪਰਚਾ "ਵਰਿਆਮ" ਲਗਾਤਾਰ ਪਹੁੰਚ ਰਿਹਾ ਹੈ ਅਤੇ ਜੇਹੜਾ ਭੈਣੀ ਸਾਹਿਬ ਦੀ ਫੇਰੀ ਵਾਲੇ ਲੇਖ ਵਾਲਾ ਮੂੰਹੋਂ ਮੰਗਿਆ ਸੀ, ਉਹ ਵੀ ਪਹੁੰਚ ਗਿਆ ਸੀ। ਸੌ ਸਾਲਾਂ ਜਿਨਾ ਵੱਡਾ ਧੰਨਵਾਦ ਅਤੇ ਉਹ ਵੀ ਹਾਰਦਿਕ, ਸ਼ਾਬਦਿਕ ਹੀ ਨਹੀਂ।

ਕੁਝ ਰੋਗੀ, ਕੁਝ ਪ੍ਰਦੇਸੀ ਤੇ ਨਤੀਜੇ ਵਜੋਂ ਕੁਝ ਦਲਿਦ੍ਰੀ ਹੋਣ ਕਰਕੇ, ਕੁਝ ਨਹੀਂ, ਬਹੁਤੀ ਹੀ ਦੇਰ ਬਾਅਦ ਅੱਜ ਆਪ ਨੂੰ ਲਿਖਣ ਬੈਠਾ ਹਾਂ ਤੇ ਉਹ ਵੀ ਸ਼ਾਇਦ ਪਹਿਲੀ ਵਾਰ।

ਵਰਿਆਮ, ਸਚਮੁੱਚ ਹੀ 'ਵਰਿਆਮ' ਮੰਨਣਾ ਚਾਹੀਦਾ ਹੈ ਜਿਸ ਨੇ ਆਪਣੀ ਛੋਟੀ ਜਿਹੀ ਉਮਰ ਵਿਚ ਜੋ ਆਪੇ ਆਪ ਬਿਨਾਂ ਰਾਜਸੀ ਰੌਲੇ, ਧੜੇ, ਖੰਡਨ ਤੇ ਮੰਡਨ ਦੇ, ਆਪਣੀ ਨਿਯਤ ਤੇ ਸੀਮਿਤ ਨੀਤੀ ਦੀ ਪਾਲਣਾ ਕਰਦਿਆਂ, ਇਸ ਉੱਚਾਈ ਨੂੰ ਛੋਹ ਲਿਆ ਹੈ, ਖਾਸ ਕਰਕੇ ਆਪਦਾ ਇਹ ਸ਼ਤਾਬਦੀ ਅੰਕ ਵੇਖ ਕੇ ਮਨ ਨੂੰ ਬਹੁਤ ਖੁਸ਼ੀ ਤੇ ਸੰਤੁਸ਼ਟਤਾ ਮਿਲੀ ਹੈ। ਧਾਰਮਿਕ ਰੁੱਚੀ ਰੱਖਣ ਵਾਲਿਆਂ ਨੂੰ ਆਪ ਬੜੇ ਸੰਜਮ ਵਿਚ ਬਿਨਾਂ ਪ੍ਰਾਪੇਗੈਂਡਿਸਟ ਜਾਂ ਨਾਅਰੇਬਾਜ਼ ਬਨਣ ਦੇ ਤੇ ਕੱਟੜਤਾ ਦੀ ਡਿਗਰੀ ਲੈਣ ਦੇ ਨਵਾਂ ਗਿਆਨ ਤੇ ਸੇਧ ਦੇਂਦੇ ਹੋ ਅਤੇ ਪੁਰਾਣਾ ਸ਼ਹਿਦ ਭੀ ਹੋਰ ਸਾਜ ਸਵਾਰ ਕੇ ਨਵੀਨ ਪਲੇਟਾਂ ਵਿਚ ਖਵਾਉਂਦੇ ਹੋ। ਇਹੀ ਆਪ ਦੀ ਵਰਿਆਮਤਾ ਹੈ। ਹੋਰ ਵੀ ਖੁਸ਼ੀ ਹੈ ਕਿ ਆਪ ਨੂੰ ਕਈ ਇਕ ਬਹੁਤ ਦਾਨੇ ਤੇ ਗੰਭੀਰ ਅਤੇ ਗਿਆਨਵਾਨ ਤਜਰਬਾਕਾਰ ਲੇਖਕਾਂ ਤੇ ਵਿਦਵਾਨਾਂ ਦਾ ਸਹਿਯੋਗ ਭੀ ਪ੍ਰਾਪਤ ਹੈ। ਆਪ ਦਾ "ਬਸੰਤ ਨੰਬਰ" ਇਕ ਸਾਂਭਣਯੋਗ ਸੁਗਾਤ ਬਣ ਗਈ ਹੈ। ਸੱਚਾਈ ਹੈ ਕਿ ੧੦੦ ਸਾਲਾਂ ਜੈਯੰਤੀ ਦੇ ਸਬੰਧ ਵਿਚ "ਨਾਮਧਾਰੀ ਦਰਬਾਰ" ਦਿਲੀ ਵੱਲੋਂ ਛਪੀਆਂ ਤਿੰਨ ਸੁੰਦਰ ਪੁਸਤਕਾਂ ਵੇਖ ਕੇ ਹਾਉਕਾ ਹੀ ਲਿਆ ਸੀ ਕਿ "ਪੰਜਾਬ" ਕਿੰਨਾ ਪਿੱਛੇ ਪੈ ਗਿਆ ਹੈ ਜਿਸ ਨੇ ਆਪਣੀ ਸ਼ਰਧਾਂਜਲੀ ਭੀ ਪੇਸ਼ ਨਹੀਂ ਕੀਤੀ। ਪਰ ਆਪਦਾ ਇਹ ਨੰਬਰ ਪੜ੍ਹ ਕੇ ਇਉਂ ਜਾਪਿਆ ਹੈ ਕਿ ਤੁਸਾਂ "ਵਰਿਆਮ" ਦੇ ਇਸ ਨੰਬਰ ਨਾਲ ਪੰਜਾਬ ਦੀ ਰੱਖ ਵਖਾਈ ਹੈ ਤੇ ਮੇਰੇ ਹਾਉਕੇ ਨੂੰ ਮੁਸਕਰਾਹਟ ਵਿਚ ਬਦਲ ਦਿੱਤਾ ਹੈ।

ਸੌ ਧੰਨਵਾਦ ਤੇ ਉਮਰੋਂ ਵੱਡਾ ਹੋਣ ਕਰਕੇ 'ਸ਼ਾਬਾਸ਼'। ਇਸ ਧੰਨਵਾਦ ਦੇ Token ਵਜੋਂ ਬਹੁਤ ਹੀ ਤੁੱਛ ਜਿਹੀ ਭੇਟਾ 55/- ਦਾ ਚੈੱਕ ਭੇਜ ਰਿਹਾ ਹਾਂ। ਬਸ "ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ" ਸਮਝ ਕੇ ਪ੍ਰਵਾਨ ਕਰਨ ਦੀ ਦਇਆ ਕਰਨੀ।

ਕੋਟੀ ਸੇਵਾ

ਆਪ ਦਾ ਹਿਤੂ ਤੇ ਸਤਿਕਾਰ ਨਾਲ
ਸ. ਸ. ਅਮੋਲ



Sri Satguru Jagjit Singh Ji eLibrary NamdhariElibrary@gmail.com

# ਰਿਵੀਊ ਜਲੰਧਰ ਵਿਚ ਗੋਸ਼ਟੀ

ਚਾਰ ਜੁਲਾਈ ਨੂੰ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ 'ਪੰਜਾਬੀ ਵਿਚ ਰਿਵੀਊ ਦੀ ਸਥਿਤੀ ਤੇ ਸਮੱਸਿਆਵਾਂ' ਬਾਰੇ ਵਿਸ਼ੇਸ਼ ਗੋਸ਼ਟੀ ਕਰਵਾਈ ਜਾਣੀ ਸੀ ਪਰ ਸਵੇਰ ਸਾਰ ਮੀਂਹ ਪੈਣ ਕਾਰਨ ਇਸ ਗੱਲ ਦਾ ਖਤਰਾ ਪੈ ਗਿਆ ਕਿ ਕਿਤੇ ਮਾਮਲਾ ਹਲਕਾ ਹੀ ਨਾ ਰਹਿ ਜਾਵੇ।

ਪਰ ਇਹ ਤੌਖਲਾ ਨਾ ਸਿਰਫ ਮਿਟ ਹੀ ਗਿਆ, ਸਗੋਂ ਇਹ ਮੁਸ਼ਕਲ ਪੈਦਾ ਹੋ ਗਈ ਕਿ ਏਨੀ ਗਿਣਤੀ ਵਿਚ ਆਏ ਸੱਜਣਾ ਨੂੰ ਬਿਠਾਇਆ ਕਿਥੇ ਜਾਵੇ। ਖੈਰ ਦ੍ਰਿਸ਼ਟੀ ਭਵਨ ਦੇ ਖੁੱਲ੍ਹੇ ਪ੍ਰਾਂਗਣ ਵਿਚ ਏਨੀ ਕੁ ਥਾਂ ਸੀ ਕਿ ਸਾਰੇ ਦੇ ਸਾਰੇ ਸਾਹਿਤਕਾਰ ਚੰਗੀ ਤਰ੍ਹਾਂ ਸਮਾ ਸਕਣ।

ਬਹਿਸ ਦਾ ਆਰੰਭ ਮਾਸਕ ਦ੍ਰਿਸ਼ਟੀ ਦੇ ਸੰਪਾਦਕ ਸ੍ਰੀ ਬਰਜਿੰਦਰ ਹਮਦਰਦ ਨੇ ਕੀਤਾ। ਉਹਨਾਂ ਕਿਹਾ ਕਿ ਪਿਛਲੇ ਸਮੇਂ ਵਿਚ ਭਾਵੇਂ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਾਵਲ, ਕਹਾਣੀ, ਕਵਿਤਾ ਆਦਿ ਦਾ ਵਿਕਾਸ ਹੋਇਆ ਹੈ ਫਿਰ ਵੀ ਆਲੋਚਨਾ ਅਤੇ ਰਿਵੀਊ ਇਹਨਾਂ ਦੇ ਕਦਮ ਨਾਲ ਕਦਮ ਮਿਲਾ ਕੇ ਨਹੀਂ ਚਲ ਸਕੇ ਤੇ ਬਹੁਤ ਪਛੜ ਗਏ ਹਨ। ਉਹਨਾਂ ਕਿਹਾ ਕਿ ਪੰਜਾਬੀ ਵਿਚ ਰਿਵੀਊ ਆਮ ਤੌਰ ਤੇ ਉਪਭਾਵਕ ਹੋ ਕੇ ਲਿਖੇ ਜਾਂਦੇ ਹਨ ਜਾਂ ਫਿਰ ਇਕ ਪਾਸੜ ਹੁੰਦੇ ਹਨ ਅਤੇ ਤਕਨੀਕੀ ਤੌਰ ਤੇ ਵੀ ਬਚਪਣੇ ਵਾਲੇ ਹੁੰਦੇ ਹਨ। ਬਰਜਿੰਦਰ ਮੁਤਾਬਕ ਰਿਵੀਊ ਦੇ ਵਿਕਾਸ ਨਾ ਕਰਨ ਦਾ ਇਕ ਕਾਰਨ ਆਲੋਚਕ ਨੂੰ ਪੈਸੇ ਨਾ ਮਿਲਣਾ ਦੂਜਾ ਭਾਸ਼ਾ ਦਾ ਪੂਰਾ ਵਿਕਾਸ ਨਾ ਹੋਣਾ ਅਤੇ ਤੀਜਾ ਪੰਜਾਬੀ ਵਿਚ ਪੇਸ਼ਾਵਰ ਰਿਵੀਊਕਾਰਾਂ ਦੀ ਅਣਹੋਂਦ ਹੈ।

ਸ੍ਰੀ ਪਿਆਰਾ ਸਿੰਘ ਭੋਗਲ ਨੇ ਰਿਵੀਊ ਦੀ ਜ਼ਿੰਮੇਵਾਰੀ ਅੱਧੀ ਪ੍ਰਕਾਸ਼ਕ ਅਤੇ ਅੱਧੀ ਸੰਪਾਦਕ ਉਪਰ ਸੁੱਟੀ। ਉਹਨਾਂ ਕਿਹਾ ਕਿ ਪ੍ਰਕਾਸ਼ਕ ਨੂੰ ਸੰਪਾਦਕਾਂ ਵੱਲ ਰਿਵੀਊ ਲਈ ਪੁਸਤਕਾਂ ਭੇਜਣੀਆਂ ਚਾਹੀਦੀਆਂ ਹਨ ਅਤੇ ਸੰਪਾਦਕਾਂ ਨੂੰ ਉਹਨਾਂ ਸਬੰਧੀ ਯੋਗ ਵਿਅਕਤੀਆਂ ਤੋਂ ਰਿਵੀਊ ਕਰਵਾ ਕੇ ਆਪਣੇ ਕਾਲਮਾਂ ਵਿਚ ਛਾਪਣਾ ਚਾਹੀਦਾ ਹੈ। ਉਹਨਾਂ ਦਾ ਇਕ ਸੁਝਾਅ ਇਹ ਵੀ ਸੀ ਕਿ ਰਿਵੀਊ ਰਵਾਇਤੀ ਢੰਗ ਵਰਤਣ ਦੀ ਬਜਾਏ ਅਹਿਮ ਪੁਸਤਕਾਂ ਆਲੋਚਨਾਤਮਕ ਲੇਖ ਲਿਖਵਾਏ ਜਾਣ ਅਤੇ ਉਹਨਾਂ ਬਾਰੇ ਚਰਚਾ ਚਲਾਈ ਜਾਵੇ। ਉਹਨਾਂ ਸੁਝਾਓ ਦਿੱਤਾ ਕਿ ਜਿਹੜੇ ਰਿਵੀਊ ਲੇਖਕ ਕਰਵਾ ਕੇ ਭੇਜੇ, ਉਹ ਨਹੀਂ ਛਾਪੇ ਜਾਣੇ ਚਾਹੀਦੇ।

ਡਾਕਟਰ ਸੁਰਿੰਦਰ ਪਾਲ ਸਿੰਘ ਨੇ ਕਿਹਾ ਕਿ ਰਿਵੀਊ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੇਖਕ ਚੰਗੀ ਤਰ੍ਹਾਂ ਰਿਵੀਊ ਕਰਵਾਣਾ ਨਹੀਂ ਚਾਹੁੰਦਾ। ਉਹ ਚਾਹੁੰਦੇ ਕਿ ਸਿਰਫ ਪ੍ਰਸੰਸਾ ਹੀ ਕੀਤੀ ਜਾਵੇ, ਆਲੋਚਨਾ ਨਾ ਹੋ ਜਾਵੇ। ਉਹਨਾਂ ਨੇ ਆਲੋਚਨਾ ਅਤੇ ਰਿਵੀਊ ਬਾਰੇ ਪਰਚਾ ਕੱਢਣ ਦਾ ਅਤੇ ਸਭਾ ਦੀਆਂ ਇਕਤ੍ਰਤਾਵਾਂ ਪੁਸਤਕਾਂ ਬਾਰੇ ਵਿਚਾਰ ਕਰਨ ਦਾ ਮਸ਼ਵਰਾ ਦਿੱਤਾ।

ਸ੍ਰੀ ਰਣਧੀਰ ਸਿੰਘ ਬੇਦੀ ਨੇ ਕਿਹਾ ਕਿ ਰਿਵੀਊ ਕਰਨ ਲਗਿਆਂ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਅਸੀਂ ਸਾਹਿਤ ਨੂੰ ਕਿਹੜੀ ਸੇਧ ਦੇਣੀ ਚਾਹੁੰਦੇ ਹਾਂ। ਇਹਨਾਂ ਰਿਵੀਊ ਦੇ ਸੰਖੇਪ ਰੱਖਣ ਤੇ ਜ਼ੋਰ ਦਿੱਤਾ।

ਸ੍ਰ. ਜੋਧ ਸਿੰਘ (ਆਲ ਇੰਡੀਆ ਰੇਡੀਓ) ਨੇ ਕਿਹਾ ਕਿ ਰਿਵੀਊ ਵਿਚ ਸੰਤੁਲਣ ਹੋਣਾ ਚਾਹੀਦਾ ਹੈ ਅਤੇ ਪੁਸਤਕ ਦਾ ਚੰਗੀ ਤਰ੍ਹਾਂ ਅਧਿਐਨ ਕਰਨ ਤੋਂ ਪਿਛੋਂ ਹੀ ਰਿਵੀਊ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਲੇਖਕ ਨੂੰ ਆਪਣੀਆਂ ਤਰੁਟੀਆਂ ਦਾ ਪਤਾ ਲਾਉਣਾ ਚਾਹੀਦਾ ਹੈ ਅਤੇ ਧੀਰਜ ਨਾਲ ਆਲੋਚਨਾ ਸੁਨਣੀ ਚਾਹੀਦੀ ਹੈ।

ਕਹਾਣੀਕਾਰ ਜਸਵੰਤ ਸਿੰਘ ਵਿਰਦੀ ਨੇ ਕਿਹਾ ਕਿ ਸੰਪਾਦਕ ਗੰਭੀਰ ਹੋਵੇ ਤਾਂ ਉਹ ਕਿਸੇ ਪੁਸਤਕ ਉਤੇ ਬਹਿਸ ਸ਼ੁਰੂ ਕਰ ਸਕਦਾ ਹੈ ਤੇ ਫਿਰ ਪਾਠਕਾਂ ਦੀਆਂ ਰਾਵਾਂ ਇਸ ਸੰਬੰਧ ਵਿਚ ਛਾਪੀਆਂ ਜਾ ਸਕਦੀਆਂ ਹਨ।



Sri Satguru Jagjit Singh Ji eLibrary NamdhariElibrary@gmail.com

ਅਵਤਾਰ ਭਾਟੀਆ ਨੇ ਨਿਰਪੱਖ ਰਿਵੀਊ ਤੇ ਜ਼ੋਰ ਦੇਂਦਿਆਂ ਕਿਹਾ ਕਿ ਰਿਵੀਊਕਾਰ ਨੂੰ ਰਿਵੀਊ ਕਰਨ ਸਮੇਂ ਕੇਵਲ ਆਪਣੀ ਮਨੌਤ ਦੇ ਸਿਧਾਂਤ ਨੂੰ ਹੀ ਮੁੱਖ ਨਹੀਂ ਰੱਖਣਾ ਚਾਹੀਦਾ।

ਹਿੰਦੀ ਕਹਾਣੀਕਾਰ ਪ੍ਰੋ. ਸੁਰੇਸ਼ ਸੇਠ ਨੇ ਕਿਹਾ ਕਿ ਹਿੰਦੀ ਵਿਚ ਵੀ ਪੰਜਾਬੀ ਵਾਂਗ ਹੀ ਪਾਰਾਂ ਦੇ ਹੱਕ ਵਿਚ ਅਤੇ ਵਰੋਧੀਆਂ ਦੇ ਬਖੀਏ ਉਧੇੜਣ ਦੀ ਰੁਚੀ ਹੈ। ਪਰ ਕਿਉਂਕਿ ਪੰਜਾਬੀ ਦਾ ਘੇਰਾ ਸੀਮਤ ਹੈ, ਇਸ ਲਈ ਇਥੇ ਇਹ ਰੁਚੀ ਜ਼ਿਆਦਾ ਉਭਰਕੇ ਸਾਹਮਣੇ ਆਉਂਦੀ ਹੈ। ਹਿੰਦੀ ਵਾਂਗ ਪੰਜਾਬੀ ਵਿਚ ਲਘੂ ਪੱਤਰਕਾ ਅੰਦੋਲਨ ਦੀ ਅਣਹੋਂਦ ਦਾ ਉਹਨਾਂ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਪੰਜਾਬੀ ਵਿਚ ਤਾਂ ਨਰੋਲ ਸਿਫਤ ਹੁੰਦੀ ਹੈ ਜਾਂ ਲੇਖਕ ਘਾਤ ਕੀਤਾ ਜਾਂਦਾ ਹੈ।

ਹਿੰਦੀ ਦੇ ਉਪਨਿਆਸਕਾਰ ਸ੍ਰੀ ਜਗਦੀਸ਼ ਚੰਦਰ ਵੈਦਯ ਨੇ ਕਿਹਾ ਕਿ ਰਿਵੀਊ ਦਾ ਮਕਸਦ ਕਿਤਾਬਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਅਤੇ ਲੇਖਕ ਪਾਠਕ ਵਿਚ ਰਾਬਤਾ ਕਾਇਮ ਕਰਨਾ ਹੈ ਅਤੇ ਰਿਵੀਊ ਆਮ ਲੋਕਾਂ ਲਈ ਲਿਖੇ ਜਾਣੇ ਚਾਹੀਦੇ ਹਨ।

ਸਭਾ ਦੇ ਜਨਰਲ ਸਕੱਤਰ ਸ੍ਰੀ ਗੁਰਬਖਸ਼ ਸਿੰਘ ਬੰਨੂਆਣਾ ਨੇ ਕਿਹਾ ਕਿ ਰਿਵੀਊਕਾਰ ਲੇਖਕ ਅਤੇ ਪਾਠਕ ਵਿਚਾਲੇ ਇਕ ਪੁਲ ਦਾ ਕੰਮ ਕਰਦਾ ਹੈ।

ਸਭਾ ਦੇ ਪ੍ਰਧਾਨ ਡਾ. ਰੋਸ਼ਨ ਲਾਲ ਅਹੂਜਾ ਅਨੁਸਾਰ ਰਿਵੀਊ ਆਲੋਚਨਾ ਨਾਲੋਂ ਵੱਖਰਾ ਹੁੰਦਾ ਹੈ। ਉਹਨਾਂ ਕਿਹਾ ਕਿ ਰਿਵੀਊ ਵਿਚ ਮਿਤਰ ਭਾਵਨਾ ਤੇ ਵਿਰੋਧ ਕਾਇਮ ਰਹਿਣਾ ਲਾਜ਼ਮੀ ਹੈ। ਰਿਵੀਊ ਬਹੁਤ ਦਿਆਨਤਦਾਰੀ ਦਾ ਕੰਮ ਹੈ। ਰਿਵੀਊ ਦਾ ਮੁੱਖ ਮਕਸਦ ਪੁਸਤਕ ਬਾਰੇ ਜਾਣਕਾਰੀ ਦੇਣਾ ਹੈ ਅਤੇ ਨਾਲ ਹੀ ਇਹ ਦੱਸਣਾ ਹੁੰਦਾ ਹੈ ਕਿ ਲੇਖਕ ਮੁੱਖ ਤੌਰ ਤੇ ਕੀ ਕਹਿਣਾ ਚਾਹੁੰਦਾ ਹੈ। ਬਹਿਸ ਵਿਚ ਸ੍ਰੀ ਕ੍ਰਿਸ਼ਨ ਲਾਲ ਪਰਵਾਨਾ, ਪ੍ਰੋਫੈਸਰ ਬਲਬੀਰ ਸਿੰਘ ਨਾਟਕਕਾਰ ਅਤੇ ਪ੍ਰਕਾਸ਼ਕ ਮੋਹਨ ਸਿੰਘ ਰਾਹੀ ਨੇ ਵੀ ਭਾਗ ਲਿਆ। ਸ. ਜੀ. ਐਸ. ਠਾਕਰ ਸਿੰਘ ਅਤੇ ਸ. ਪਿਆਰਾ ਸਿੰਘ ਪੰਛੀ ਕਲਾਕਾਰਾਂ ਦੇ ਨਿਧਨ ਤੇ ਸ਼ੋਕ ਵਜੋਂ ਦੋ ਮਿੰਟ ਦਾ ਮੋਨ ਰਖਿਆ ਗਿਆ।

*(ਜੁਲਾਈ, 1976)*

## ਕੇਂਦਰੀ ਪੰਜਾਬੀ ਲੇਖਕ ਸਭਾ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਤੇ ਜਨਰਲ ਸਕਤਰ ਸ੍ਰੀ ਗੁਰਚਰਨ ਸਿੰਘ ਸਹਿੰਸਰਾ ਨੇ ਸਭਾ ਦੇ ਬਾਕੀ ੮ ਅਹੁਦੇਦਾਰਾਂ ਦਾ ਐਲਾਨ ਕਰ ਦਿਤਾ ਹੈ।

ਪੰਜ ਮੀਤ ਪ੍ਰਧਾਨ ਹਨ : ਸ. ਸਾਧੂ ਸਿੰਘ ਹਮਦਰਦ ਐਡੀਟਰ ਅਜੀਤ, ਪ੍ਰੋ. ਸੰਤ ਸੇਖੋਂ, ਪ੍ਰਿੰ. ਸੁਜਾਨ ਸਿੰਘ, ਸ. ਜਸਵੰਤ ਸਿੰਘ ਕੰਵਲ ਤੇ ਸ. ਭਰਪੂਰ ਸਿੰਘ ਬਲਬੀਰ।

ਤਿੰਨ ਸਕਤਰਾਂ ਵਿਚ ਸ੍ਰੀ ਜਾਗੀਰ ਸਿੰਘ ਜਗਤਾਰ ਜਰਨਲਿਸਟ ਬਰਨਾਲਾ, ਪ੍ਰੋ. ਹਿੰਮਤ ਸਿੰਘ ਸੋਢੀ ਅੰਬਾਲਾ ਤੇ ਸ. ਜਗਦੀਸ਼ ਸਿੰਘ ਐਡੀਟਰ ਵਰਿਆਮ ਸ਼ਾਮਲ ਹਨ।



Sri Satguru Jagjit Singh Ji eLibrary NamdhariElibrary@gmail.com

## ਨਾਮਧਾਰੀ ਸੰਗੀਤ ਸੰਮੇਲਨ ਨਵੀਂ ਦਿੱਲੀ

ਇਸ ਵਾਰ ਮਿਤੀ ੯-੧੦-੧੧ ਅਪ੍ਰੈਲ ਦਿਨ ਸਨਿਚਰਵਾਰ, ਐਤਵਾਰ ਤੇ ਸੋਮਵਾਰ ਨੂੰ ਐਵਾਨ-ਏ-ਗਾਲਿਬ ਹਾਲ, ਮਾਤਾ ਸੁੰਦਰੀ ਲੇਨ, ਨਵੀਂ ਦਿੱਲੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਚੌਥਾ ਮਹਾਨ ਸੰਗੀਤ ਸੰਮੇਲਨ ਹੋ ਰਿਹਾ ਹੈ। ਜਿਸ ਵਿਚ ਆਲਮੀ ਸ਼ੁਹਰਤ ਦੇ ਸ਼ਾਸਤਰੀ ਸੰਗੀਤ ਦੇ ਕਲਾਕਾਰ ਭਾਗ ਲੈ ਰਹੇ ਹਨ। ਇਹ ਸੰਮੇਲਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਪਰਸਤੀ ਹੇਠ ਹੋ ਰਿਹਾ ਹੈ।

## ਹਰਿਆਣਾ ਹਾਕੀ ਐਸੋਸੀਏਸ਼ਨ ਦੀ ਮੰਦਹਾਲੀ

ਇਸ ਸਾਲ ਹਰਿਆਣੇ ਦੀ ਜੂਨੀਅਰ ਹਾਕੀ ਟੀਮ ਵਿਚ ਸ੍ਰੀ ਜੀਵਨ ਨਗਰ ਹਲਕੇ ਤੋਂ ਸਤ ਖਿਲਾੜੀ ਚੁਣੇ ਗਏ। ਇਸ ਟੀਮ ਦੀ ਕਪਤਾਨੀ ਠਾਕਰ ਉਦੇ ਸਿੰਘ ਨੇ ਕੀਤੀ। ਜਿਥੇ ਇਸ ਇਲਾਕੇ ਵਿਚ ਹਾਕੀ ਦੀ ਖੇਡ ਵਾਸਤੇ ਠਾਕਰ ਦਲੀਪ ਸਿੰਘ ਜੀ ਉਚੇਚੇ ਜਤਨ ਕਰ ਰਹੇ ਹਨ। ਉਥੇ ਹਰਿਆਣਾ ਦੀ ਹਾਕੀ ਐਸੋਸੀਏਸ਼ਨ ਤੇ ਅਫਸੋਸ ਆਉਂਦਾ ਹੈ, ਜਿਸ ਕੋਲ ਇਸ ਟੀਮ ਨੂੰ ਨੈਸ਼ਨਲ ਖੇਡਣ ਲਈ ਮਦਰਾਸ ਭੇਜਣ ਵਾਸਤੇ ਫੰਡ ਹੀ ਨਹੀਂ ਸਨ। ਅੰਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਤਨਾ ਨਾਲ ਹਰਿਆਣੇ ਦੀ ਟੀਮ ਨੈਸ਼ਨਲ ਵਿਚ ਭਾਗ ਲੈ ਸਕੀ।

## ਮੁਬਾਰਕਬਾਦ

ਪੰਜਾਬ ਸਰਕਾਰ ਨੇ ਇਸ ਸਾਲ ਲਈ ਸ਼੍ਰੋਮਣੀ ਸਾਹਿਤਕਾਰਾਂ ਵਜੋਂ ਨਵਤੇਜ, ਹਰਨਾਮ ਦਾਸ ਸਹਿਰਾਈ (ਪੰਜਾਬੀ) ਦੇਵਿੰਦਰ ਸਤਿਆਰਥੀ (ਹਿੰਦੀ) ਤੇ ਸਾਹਿਰ ਲੁਧਿਆਣਵੀ (ਉਰਦੂ) ਨੂੰ ਸਨਮਾਨ ਦਿੱਤਾ ਹੈ। ਦਿੱਲੀ ਪ੍ਰਸ਼ਾਸਨ ਦੀ ਸਾਹਿਤ ਕਲਾ ਪ੍ਰੀਸ਼ਦ ਵਲੋਂ ਇਸ ਸਾਲ ਦੇ ਪ੍ਰਮੁੱਖ ਪੰਜਾਬੀ ਲੇਖਕ ਵਜੋਂ ਸ. ਬੂਟਾ ਸਿੰਘ ਕਹਾਣੀਕਾਰ ਨੂੰ ਸਨਮਾਨਿਆ ਗਿਆ ਹੈ। ਇਹਨਾਂ ਸਾਰੇ ਸਨਮਾਨਤ ਸਾਹਿਤਕਾਰਾਂ ਨੂੰ ਅਸੀਂ ਆਪਣੇ ਅਤੇ ਵਰਿਆਮ ਦੇ ਪਾਠਕਾਂ ਵਲੋਂ ਦਿਲੀ ਮੁਬਾਰਕਬਾਦ ਪੇਸ਼ ਕਰਦੇ ਹਾਂ।

—*ਜਗਦੀਸ਼ ਸਿੰਘ*

## ਕੇਂਦਰੀ ਪੰਜਾਬੀ ਲੇਖਕ ਸਭਾ

ਜਲੰਧਰ ੨੦ ਮਈ ਪੰਜਾਬ ਦੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਵਿਚ ਪੰਜਾਬੀ ਪਰਚਲਣ ਦੀ ਸਮਸਿਆ ਬਾਰੇ ਕੇਂਦਰੀ ਪੰਜਾਬੀ ਲੇਖਕ ਸਭਾ ਜੁਲਾਈ ਵਿਚ ਪਟਿਆਲਾ ਵਿਖੇ ਕਨਵੈਨਸ਼ਨ ਕਰੇਗੀ। ਇਹ ਫੈਸਲਾ ਸਭਾ ਦੀ ਅਜੀਤ ਭਵਨ ਵਿਚ ਪ੍ਰੋ. ਪ੍ਰੀਤਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਅਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ। ਸਭਾ ਨੇ ਮੀਟਿੰਗ ਦੇ ਆਰੰਭ ਵਿਚ ਇਕ ਮਤੇ ਰਾਹੀਂ ਪ੍ਰੋ. ਮੋਹਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਰੀਆਂ ਸਬੰਧਤ ਸਭਾਵਾਂ ਨੂੰ ਪ੍ਰੋ. ਸਾਹਿਬ ਦੀ ਸਾਹਿਤਕ ਦੇਣ ਬਾਰੇ ਗੋਸ਼ਟੀਆਂ ਅਤੇ ਸੰਪੋਜ਼ੀਅਮ ਕਰਨ ਲਈ ਕਿਹਾ ਗਿਆ। ਕੇਂਦਰੀ ਸਭਾ ਲੇਖਕ ਸਭਾ, ਜਲੰਧਰ ਦੇ ਸਹਿਯੋਗ ਨਾਲ ਸਤੰਬਰ ਵਿਚ ਜਲੰਧਰ ਵਿਖੇ ਇਕ ਸਮਾਗਮ ਤੇ ਕਵੀ ਦਰਬਾਰ ਕਰੇਗੀ। ਇਸ ਤੋਂ ਇਲਾਵਾ ਦਸਬੰਰ ਵਿਚ ਜੰਮੂ-ਕਸ਼ਮੀਰ ਦੇ ਪੰਜਾਬੀ ਤੇ ਡੋਗਰੀ ਲੇਖਕਾਂ ਨਾਲ ਅੰਮ੍ਰਿਤਸਰ ਵਿਖੇ ਸਾਂਝੀ ਇਕਤ੍ਰਤਾ ਸਦਣ ਦਾ ਵੀ ਨਿਰਣਾ ਲਿਆ ਗਿਆ ਜਿਸ ਵਿਚ ਲੇਖਕ ਆਪਣੀਆਂ ਰਚਨਾਵਾਂ ਸੁਨਾਣਗੇ। ਸਭਾ ਸਾਹਿਤ ਵਿਚ ਅਸ਼ਲੀਲਤਾ ਬਾਰੇ ਇਕ ਤਿੰਨ ਦਿਨਾ ਗੋਸ਼ਟੀ ਵੀ ਕਰੇਗੀ।

(ਵਰਿਆਮ ਮਈ ੧੯੭੮)



Sri Satguru Jagjit Singh Ji eLibrary NamdhariElibrary@gmail.com

## ਸੰਤ ਤਰਨ ਸਿੰਘ ਵਹਿਮੀ ਦਾ ਵਿਛੋੜਾ

ਸੰਤ ਤਰਨ ਸਿੰਘ ਵਹਿਮੀ ੧੯ ਜੁਲਾਈ ਨੂੰ ਸਵਰਗਵਾਸ ਹੋ ਗਏ ਹਨ। ਉਹ ੭੬ ਬਰਸ ਦੇ ਸਨ। ਉਹਨਾਂ ਦੇ ਨਿਧਨ ਨਾਲ ਇਕ ਹੋਰ ਪ੍ਰਮੁੱਖ ਨਾਮਧਾਰੀ ਲੇਖਕ ਚਲਾ ਗਿਆ ਹੈ। ਇਸ ਤੋਂ ਪਹਿਲਾਂ ਸੰਤ ਨਿਧਾਨ ਸਿੰਘ ਆਲਮ ਤੇ ਸੰਤ ਇੰਦਰ ਸਿੰਘ ਚਕਰਵਰਤੀ ਸਾਹਿਤਕ ਜਗਤ ਦੀਆਂ ਮਸ਼ਹੂਰ ਹਸਤੀਆਂ ਹੋ ਚੁਕੀਆਂ ਹਨ। ਸੰਤ ਤਰਨ ਸਿੰਘ ਜੀ ਨੇ ਇਕ ਮਿਸ਼ਨਰੀ ਜੋਸ਼ ਨਾਲ ਹੀ ਲਿਖਣਾ ਆਰੰਭਿਆ! ਨਾਮਧਾਰੀਆਂ ਦੇ ਪੁਰਾਣੇ ਸਮਿਆਂ ਦੇ ਰਵਾਜ ਮੁਤਾਬਕ ਉਹਨਾਂ ਰਵਾਇਤੀ ਸਕੂਲੀ ਪੜਾਈ ਨਹੀਂ ਸੀ ਕੀਤੀ ਪਰ ਇਤਿਹਾਸ ਪੜਨ ਖੋਜਣ ਦੀ ਬਹੁਤ ਡੂੰਘੀ ਲਗਣ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਰੇਰਣਾ ਨਾਲ ਲਗ ਗਈ। ਨਾਮਧਾਰੀ ਅਖ਼ਬਾਰ ਸਤਿਜੁਗ ਵਿਚ ਉਹਨਾਂ ਦੀਆਂ ਰਚਨਾਵਾਂ ਲੰਮੇ ਸਮੇਂ ਤੋਂ ਛਪਦੀਆਂ ਰਹੀਆਂ ਸਨ ਅਤੇ ਉਹਨਾਂ ਨੇ ਸੋਲਾਂ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸੰਬੰਧੀ ਗ੍ਰੰਥ ਦੇ ਪੰਜਾਂ ਵਿਚੋਂ ਤਿੰਨ ਭਾਗ ਵੀ ਹਨ। ਅਤੇ ਨੰਦੇੜ ਬਾਅਦ ਗੁਰੂ ਗੋਬਿੰਦ ਸਿੰਘ ਖੋਜ ਦੀ ਪੁਸਤਕ ਵੀ ਹੈ। ਉਹਨਾਂ ਆਪਣੇ ਪਲਿਓਂ ਹਜ਼ਾਰਾਂ ਰੁਪਏ ਖਰਚ ਕੇ ਇਹ ਪੁਸਤਕਾਂ ਛਪਵਾਈਆਂ। ਨਾਮਧਾਰੀਆਂ ਵਿਚੋਂ ਸਭ ਤੋਂ ਵਧ ਹੁਜਮ ਵਿਚ ਉਹ ਪ੍ਰਕਾਸ਼ਤ ਹੋਏ ਹਨ।

ਅਦਾਰਾ ਵਰਿਆਮ ਉਹਨਾਂ ਦੇ ਨਿਧਣ ਤੇ ਪਰਿਵਾਰ ਅਤੇ ਸੰਬੰਧੀਆਂ ਪ੍ਰਤੀ ਹਾਰਦਿਕ ਸ਼ੋਕ ਪ੍ਰਗਟ ਕਰਦਾ ਹੈ

—ਜਗਦੀਸ਼ ਸਿੰਘ

(ਵਰਿਆਮ ਅਗਸਤ ੧੯੭੮)

## ਸਾਹਿਤ ਸਮਾਚਾਰ

ਫਖਰ ਜ਼ਮਾਨ ਦੀਆਂ ਪੁਸਤਕਾਂ ਜ਼ਬਤ
ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਜ਼ਬਰਦਸਤ ਰੋਸ

ਸ. ਪ੍ਰੀਤਮ ਸਿੰਘ ਪ੍ਰਧਾਨ, ਤੇ ਸ੍ਰੀ ਗੁਰਚਰਨ ਸਿੰਘ ਸਹਿਸਰਾ ਜਨਰਲ ਸਕੱਤਰ, ਕੇਂਦਰੀ ਪੰਜਾਬੀ ਲੇਖਕ ਸਭਾ, ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ੮ ਜੂਨ ੧੯੭੮ ਦੇ 'ਪਾਕਿਸਤਾਨੀ ਟਾਈਮਜ਼' ਵਿਚ ਛਪੀ ਇਕ ਖ਼ਬਰ ਅਨੁਸਾਰ ਪੱਛਮੀ ਪੰਜਾਬ ਦੀ ਸਰਕਾਰ ਨੇ ਪ੍ਰੈਸ ਤੇ ਪਬਲੀਕੇਸ਼ਨ ਆਰਡੀਨੈਂਨਸ, ੧੯੬੩ ਦੇ ਸੈਕਸ਼ਨ ੩੯ ਹੇਠ, ਪ੍ਰਸਿੱਧ ਪਾਕਿਸਤਾਨੀ ਪੰਜਾਬੀ ਲੇਖਕ 'ਫ਼ਖ਼ਰ ਜ਼ਮਾਨ' ਦੀਆਂ ਚਾਰ ਕਿਤਾਬਾਂ, 'ਵੰਗਾਰ', 'ਸੱਤ ਗਵਾਚੇ ਲੋਕ', 'ਇਕ ਮਰੇ ਬੰਦੇ ਦੀ ਕਹਾਣੀ' ਤੇ 'ਕਨਸੋ ਵੇਲੇ ਦੀ', ਜ਼ਬਤ ਕਰ ਲਈਆਂ ਹਨ। ਇਨ੍ਹਾਂ ਕਿਤਾਬਾਂ ਉੱਤੇ ਫ਼ਹਸ਼ ਹੋਣ ਦਾ ਅਲਜ਼ਾਮ ਲਾਇਆ ਗਿਆ ਹੈ, ਜੋ ਸਰਾਸਰ ਬੇਬੁਨਿਆਦ ਹੈ। ਪੂਰਬੀ ਪੰਜਾਬ ਦੇ ਪੰਜਾਬੀ ਪਾਠਕ 'ਫ਼ਖ਼ਰ ਜ਼ਮਾਨ' ਦੇ ਸਾਹਿਤ ਤੋਂ ਜਾਣੂ ਹਨ। 'ਸੱਤ ਗਵਾਚੇ ਲੋਕ', ਗੁਰਮੁਖੀ ਅੱਖਰਾਂ ਵਿਚ ਛਾਪਿਆ ਮਿਲਦਾ ਹੈ। ਇਸ ਨਾਵਲ ਦਾ ਪੰਜਾਬ ਦੇ ਪ੍ਰਸਿੱਧ ਆਲੋਚਕਾਂ ਨੇ ਕਾਫੀ ਨੋਟਿਸ ਵੀ ਲਿਆ ਹੈ। 'ਇਕ ਮਰੇ ਬੰਦੇ ਦੀ ਕਹਾਣੀ' ਨੂੰ ਵੀ, ਜੋ 'ਫ਼ਖ਼ਰ ਜ਼ਮਾਨ' ਦਾ ਦੂਜਾ ਛੋਟਾ ਨਾਵਲ ਹੈ, ਕਾਫੀ ਪੰਜਾਬੀ ਪਾਠਕ ਪੜ੍ਹ ਚੁਕੇ ਹਨ। ਉਸ ਦੇ ਦੋਹਾਂ ਕਾਵਿ ਸੰਗ੍ਰਹਾਂ ਦੀਆਂ ਚੋਣਵੀਆਂ ਕਵਿਤਾਵਾਂ ਵੀ ਪੰਜਾਬੀ ਦੇ ਕਈ ਅਖ਼ਬਾਰਾਂ-ਰਿਸਾਲਿਆਂ ਵਿਚ ਛਪ ਚੁੱਕੀਆਂ ਹਨ। ਪੰਜਾਬੀ ਲੇਖਕ ਜਾਣਦੇ ਹਨ ਕਿ 'ਫ਼ਖ਼ਰ ਜ਼ਮਾਨ' ਨੇ ਨਾਵਲ ਤੇ ਕਵਿਤਾ, ਦੋਹਾਂ ਖੇਤਰਾਂ ਵਿਚ ਅਸਲੋਂ ਨਵੇਂ ਤੇ ਮੌਲਿਕ ਤਜਰਬੇ ਕੀਤੇ ਹਨ। ਅੱਜ ਦੇ ਅੱਛੇ ਪੜ੍ਹੇ-ਲਿਖੇ, ਗੈਰ-ਫਿਰਕੂ ਪਾਕਿਸਤਾਨੀ ਪੰਜਾਬੀ ਨੂੰ, ਜੋ ਬੌਧਿਕ ਤੇ ਮਾਨਸਿਕ ਤੌਰ ਉਤੇ ਇਕ ਤਰ੍ਹਾਂ ਸਾਰੇ ਸੰਸਾਰ ਦਾ ਸ਼ਹਿਰੀ ਵੀ ਹੈ, ਜਿਨ੍ਹਾਂ ਅਨਭਵਾਂ ਵਿਚੋਂ ਲੰਘਣਾ ਪੈ ਰਿਹਾ ਹੈ, ਉਨ੍ਹਾਂ ਦਾ ਬੜਾ ਤਿਖਾ ਬਿਆਨ ਇਸ ਲੇਖਕ ਦੀਆਂ ਕਿਤਾਬਾਂ ਵਿਚ ਪ੍ਰਾਪਤ ਹੈ। ਉਸ ਦੀਆਂ ਲਿਖਤਾਂ ਸੱਚ ਦੀ ਆਜ਼ਾਦੀ ਦੇ ਰਾਹ ਵਿਚ ਪਈਆਂ ਰੋਕਾਂ ਦੇ ਵਿਰੁੱਧ ਵੰਗਾਰ ਵਾਂਗ ਹਨ, ਇਸ਼ ਲਈ ਅਸੀਂ, ਪੱਛਮੀ ਪੰਜਾਬ ਦੀ ਸਰਕਾਰ ਦੇ ਇਸ ਅਨਿਆਂ ਭਰੇ ਫੈਸਲੇ ਦੇ ਵਿਰੁੱਧ ਜ਼ੋਰਦਾਰ ਰੋਸ ਪ੍ਰਗਟ ਕਰਦੇ ਹਾਂ ਤੇ ਪੰਜਾਬੀ ਦੇ ਇਕ ਉੱਤਮ ਸਾਹਿਤਕਾਰ ਦੀਆਂ ਰਚਨਾਵਾਂ ਨੂੰ ਗ਼ਲਤ ਲੇਬਲ ਲਾ ਕੇ ਲੋਕਾਂ ਤਕ ਪਹੁੰਚਣ ਤੋਂ ਰੋਕਣ ਦੇ ਹੋਛੇ ਕਦਮ ਦੀ ਭਰਪੂਰ ਨਿੰਦਾ ਕਰਦੇ ਹਾਂ।

ਸਾਡੀ ਮੰਗ ਹੈ ਕਿ ਪੱਛਮੀ ਪੰਜਾਬ ਸਰਕਾਰ ਆਪਣਾ ਇਹ ਪੰਜਾਬੀ-ਵਿਰੋਧੀ ਹੁਕਮ ਛੇਤੀ ਵਾਪਸ ਲਵੇ।

(ਵਰਿਆਮ ਅਗਸਤ ੧੯੭੮)



Sri Satguru Jagjit Singh Ji eLibrary NamdhariElibrary@gmail.com

# ਸ. ਗੁਰਬਖ਼ਸ਼ ਸਿੰਘ ਜੀ ਦੀ ਜੀਵਨ ਨਗਰ ਫੇਰੀ

—ਜਗਦੀਸ਼ ਸਿੰਘ

ਪਿਛਲੇ ਦਿਨੀਂ ਮੈਨੂੰ ਉਤੋਂੜਤੀ ਦੋ ਵਾਰ ਸਰਸਾ ਜ਼ਿਲਾ ਦੇ ਇਲਾਕਾ ਜੀਵਨ ਨਗਰ ਵਿਚ ਵਿਚਰਨ ਦਾ ਅਵਸਰ ਮਿਲਿਆ ਅਤੇ ਦੂਸਰੀ ਫੇਰੀ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਜੀ ਪਵਿੱਤਰ ਸੰਗਤ ਤੋਂ ਇਲਾਵਾ ਪੰਜਾਬੀ ਸਾਹਿਤ ਦੇ ਪਿਤਾਮਾ, ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਨਵਤੇਜ, ਬੀਬੀ ਓਮਾ ਸ. ਪ੍ਰੀਤਮ ਸਿੰਘ ਐਡੀਟਰ ਆਰਸੀ ਤੇ ਪ੍ਰੀਤਮ ਸਿੰਘ ਕਵੀ ਵਰਗੀਆਂ ਸਾਹਿਤਕ ਹਸਤੀਆਂ ਦੇ ਸਾਥ ਨੇ ਇਸ ਯਾਤਰਾ ਨੂੰ ਬਹੁਤ ਹੀ ਹੁਸੀਨ ਤੇ ਯਾਦਗਾਰੀ ਬਣਾ ਦਿਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ. ਗੁਰਬਖਸ਼ ਸਿੰਘ ਜੀ ਦਾ ਮਾਨਵੀ ਕਦਰਾਂ ਤੇ ਆਧਾਰਤ ਪ੍ਰਸਪਰ ਪ੍ਰੇਮ, ਪ੍ਰੀਤ ਲੜੀ ਦੇ ਸ਼ੁਰੂ ਹੋਣ ਤੋਂ ਹੀ ਪੈਦਾ ਹੋ ਗਿਆ। ਜਦੋਂ ਸਤਿਗੁਰੂ ਜੀ ਨੇ ਸਰਸੇ ਦੇ ਇਲਾਕੇ ਵਿਚ ਨਾਮਧਾਰੀਆਂ ਵਲੋਂ ਜ਼ਮੀਨ ਖਰੀਦ ਖਰੀਦ ਕੇ ਉਹਨਾਂ ਨੂੰ ਉਥੇ ਵਸਾਇਆ ਅਤੇ ਕਰੜੀ ਮੁਸ਼ੱਕਤ ਕਰਕੇ ਇਸ ਬੰਜਰ ਧਰਤੀ ਨੂੰ ਆਬਾਦ ਕੀਤਾ ਤਾਂ ਇਸ ਇਲਾਕੇ ਨੂੰ ਸ. ਗੁਰਬਖ਼ਸ਼ ਸਿੰਘ ਹੋਰਾਂ ਨੂੰ ਵਖਾਉਣ ਲਈ ਵੀ ਉਹਨਾਂ ਦੀ ਗਲਬਾਤ ਹੋਈ ਸੀ।

ਭਾਵੇਂ ਸਤਿਗੁਰੂ ਜੀ ਦੇ ਪ੍ਰਲੋਕਵਾਸ ਨਾਲ ਸਰਦਾਰ ਜੀ ਦੀ ਜੀਵਨ ਨਗਰ ਫੇਰੀ ਪਿਛੇ ਹੀ ਪੈਂਦੀ ਗਈ ਪਰ ਮੌਜੂਦਾ ਸਤਿਗੁਰੂ ਜੀ ਉਸ ਨੂੰ ਸਾਕਾਰ ਕਰਨ ਦਾ ਵਿਚਾਰ ਆਪਣੇ ਦਿਲ ਵਿਚ ਰਖਿਆ।

ਪਿਛਲੇ ਸਾਲ ਮਾਤਾ ਜਗਜੀਤ ਕੌਰ ਦੇ ਦੇਹਾਂਤ ਕਾਰਨ ਸਰਦਾਰ ਜੀ ਦੀ ਸੇਹਤ ਬਹੁਤ ਫਿਕਰਮੰਦੀ ਦੀ ਹਾਲਤ ਤਕ ਅਪੜ ਗਈ ਸੀ। ਕਿਸੇ ਸਜਨ ਵਲੋਂ ਸਤਿਗੁਰੂ ਜੀ ਦੀ ਸੇਵਾ ਵਿਚ ਚਿਠੀ ਰਾਹੀਂ ਸਰਦਾਰ ਜੀ ਦੀ ਸੇਹਤ ਬਾਰੇ ਤੌਖਲਾ ਜ਼ਾਹਰ ਕੀਤਾ ਗਿਆ। ਸਰਦਾਰ ਜੀ ਥੋੜੇ ਸੇਹਤਯਾਬ ਹੋਏ ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਜੀਵਨ ਨਗਰ ਵਿਖਾਉਣ ਲਈ ਆਪਣੇ ਰੁਝੇਵਿਆਂ ਚੋਂ ਕੁਝ ਵੇਹਲ ਕਢਿਆ। ਆਪਣੀ ਕਾਰ ਭੇਜ ਕੇ ਉਹਨਾਂ ਨੂੰ ਜੀਵਨ ਨਗਰ ਲਿਆਂਦਾ। ਦਿਲੀ ਤੋਂ ਨਵਤੇਜ ਜੀ ਤੇ ਸ. ਪ੍ਰੀਤਮ ਸਿੰਘ ਜੀ ਵੀ ਪਹੁੰਚ ਗਏ ਅਤੇ ਜਲੰਧਰੋਂ ਕਵੀ ਜੀ ਤੇ ਮੈਂ।

ਭਾਵੇਂ ਸਰਦਾਰ ਜੀ ਦੀ ਸੇਹਤ ਬਾਰੇ ਫਿਕਰਮੰਦੀ ਤਾਂ ਹੈ ਸੀ ਅਤੇ ਉਤੋਂ ਏਨਾ ਲੰਮਾ ਸਫਰ ਪਰ ਉਹਨਾਂ ਦੇ ਕਾਰ ਵਿਚੋਂ ਬੜੀ ਹਿੰਮਤ ਨਾਲ ਉਤਰਨਾ, ਉਹਨਾਂ ਦਾ ਹੱਸ ਹੱਸ ਕੇ ਮਿਲਣਾ ਬੋਲਣਾ ਅਤੇ ਸਿਧਾ ਤੁਰਨਾ ਵੇਖ ਕੇ ਸਭ ਤੌਖਲੇ ਜਾਂਦੇ ਰਹੇ।

ਜੀਵਨ ਨਗਰ ਦਾ ਇਲਾਕਾ ਸਰਸਾ ਸ਼ਹਿਰ ਤੋਂ ੨੦ ਕੁ ਮੀਲ ਤੇ ਡਬਵਾਲੀ ਪਾਸੇ ਹੈ। ਇਹ ਇਲਾਕਾ ਅੰਨ ਤੇ ਨਰਮੇ ਦੀ ਉਪਜ ਵਿਚ ਭਾਰਤ ਭਰ ਚੋਂ ਸਿਰਮੌਰ ਰਿਹਾ ਹੈ ਅਤੇ ਇਸ ਇਲਾਕੇ ਦੇ ਕੋਈ ਵੀਹ ਪੰਝੀ ਪਿੰਡਾਂ ਵਿਚ ਨਾਮਧਾਰੀ ਸਿੰਘਾਂ ਦੀ ਘਣੀ ਵਸੋਂ ਹੈ। ਕਰੜੀ ਮੇਹਨਤ, ਸਾਦਗੀ ਗੁਰੂ ਪ੍ਰਤੀ ਸ਼ਰਧਾ, ਨਿਮਰਤਾ ਤੇ ਨਿਰਛਲਤਾ ਇਹਨਾਂ ਦੇ ਵਿਸ਼ੇਸ਼ ਗੁਣ ਹਨ।

ਇਸ ਇਲਾਕੇ ਦੀ ਕਹਾਣੀ ਬਹੁਤ ਦਿਲਚਸਪ ਹੈ। ਕਿਸੇ ਜ਼ਮਾਨੇ ਵਿਚ ਇਸ ਇਲਾਕੇ ਦੀ ਧਰਤੀ ਨਿਰਜਨ ਸੀ। ਜੰਡ, ਕਰੀਰ ਤੇ ਕੰਢਿਆਲੇ ਮਲ੍ਹਿਆਂ ਦੇ ਘਣੇ ਜੰਗਲ ਹੀ ਜੰਗਲ ਸਨ। ਮੀਲਾਂ ਤਕ ਉਜਾੜ ਬੀਆਬਾਨ। ਧਰਤੀ ਮੀਂਹ ਨੂੰ ਤਰਸਦੀ ਰਹਿੰਦੀ। ਘਗਰ ਨਦੀ ਇਥੇ 'ਨਾਲੀ' ਦੇ ਨਾਮ ਹੇਠ ਲੰਘਦੀ ਪਰ ਜਾ ਤਾਂ ਉਸ ਵਿਚ ਪਾਨੀ ਨਾ ਆਉਂਦਾ ਜਾਂ ਫਿਰ ਬਰਸਾਤ ਵਿਚ ਤਬਾਹੀ ਤੇ ਬਰਬਾਦੀ ਦਾ ਸੁਨੇਹਾ ਲੈ ਕੇ ਆਉਂਦਾ ਕੋਈ ਰਾਹ ਸੜਕ ਨਹਿਰ ਆਦਿ ਨਹੀਂ ਸੀ। ਜੋ ਵਸੋਂ ਸੀ ਉਹ 'ਜਾਂਗਲੀ' ਕਿਸਮ ਦੇ ਬੰਦਿਆਂ ਦੀ। ਜਿਹੜੇ ਜੀਵਨ ਦੇ ਨਿਰਬਾਹ ਲਈ ਬਕਰੀਆਂ ਭੇਡਾਂ ਪਾਲਦੇ ਅਤੇ ਚੋਰੀ ਚਕਾਰੀ ਕਰਦੇ ਸਨ।

ਪਰ ਇਸ ਧਰਤੀ ਦੀ ਸਿਫਤ ਸਾਲਾਹ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਛਾਣਿਆ ਹੋਇਆ ਸੀ। ਏਧਰੋਂ ਲੰਘਦੇ ਇਸ ਦੇ ਛੁਪੇ ਗੁਣਾਂ ਨੂੰ ਉਹ ਪਛਾਣ ਗਏ ਸਨ। ਆਉਣ ਵਾਲੀ 'ਜੁਗ ਗਰਦੀ' ਨੂੰ ਅਨੁਭਵ ਕਰਦਿਆਂ ਆਪਣੀ ਪੂਜਯ ਮਾਤਾ ਜੀਵਨ ਕੌਰ ਜੀ ਦੇ ਉਦੇਸ਼ ਅਨੁਸਾਰ 'ਦਖਣ' ਵਲ ਸਿਖਾਂ ਲਈ ਸੁਰਖਿਅਤ ਥਾਂ ਉਹਨਾਂ ਭਾਲੀ ਸੀ ਪਰ ਇਸ ਨੂੰ ਪ੍ਰਾਪਤ ਕਰਨ ਅਤੇ ਆਬਾਦ ਕਰਨ ਲਈ ਦੇਰੀ ਹੁੰਦੀ ਗਈ। ਅੰਤ ਇਕ ਘਟਨਾ ਨੇ ਇਸ ਕਰਮ ਨੂੰ ਤੇਜ ਕਰਵਾਇਆ।



Sri Satguru Jagjit Singh Ji eLibrary NamdhariElibrary@gmail.com



ਪੱਛਮੀ ਪੰਜਾਬ (ਲਾਹੌਰ) ਤੋਂ ਆਏ ਲੇਖਕ ਸ੍ਰੀ ਇਲਿਆਸ ਘੁੰਮਣ ਦੇ ਸੁਆਗਤੀ ਸਮਾਰੋਹ ਸਮੇਂ ਖਬਿਓਂ ਸ. ਨਰਿੰਜਨ ਸਿੰਘ ਸਾਥੀ, ਸ. ਜਗਦੀਸ਼ ਸਿੰਘ ਵਰਿਆਮ, ਡਾ. ਵਰਿਆਮ ਸਿੰਘ ਸੰਧੂ, ਜਨਾਬ ਇਲਿਆਸ ਘੁੰਮਣ, ਸ. ਗੁਰਬਖਸ਼ ਸਿੰਘ ਬੰਨੋਆਣਾ ਅਤੇ ਕਾਮਰੇਡ ਗੰਧਰਵ ਸੈਨ ਕੋਛੜ।



ਸੁਪਰਸਿਧ ਹਿੰਦੀ ਲੇਖਕ ਆਲੋਚਕ ਸ੍ਰੀ ਨਾਮਵਰ ਸਿੰਘ ਨਾਲ ਸ. ਜਗਦੀਸ਼ ਸਿੰਘ ਵਰਿਆਮ ਅਤੇ ਸ. ਜਗਜੀਤ ਸਿੰਘ ਅਨੰਦ 24-4-1999 ਨੂੰ ਚੰਡੀਗੜ੍ਹ ਵਿਖੇ

.......(ਫੋਟੋ ਹਰਭਜਨ ਬਾਜਵਾ)



ਪੰਜਾਬੀ ਦੇ ਪ੍ਰਸਿੱਧ ਰੂਸੀ ਵਿਦਵਾਨ ਈਗੋਰ ਸਰਬਰੀਆਕੋਵ ਨਾਲ ਸ. ਜਗਦੀਸ਼ ਸਿੰਘ ਵਰਿਆਮ, ਸ. ਸੁਰਜੀਤ ਸਿੰਘ ਮਿਨਹਾਸ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਤੇ ਕਾਮਰੇਡ ਗੰਧਰਵ ਸੈਨ।



ਸ. ਨਾਨਕ ਸਿੰਘ ਨਾਵਲਿਸਟ ਦੀ ਜਨਮ ਸ਼ਤਾਬਦੀ ਸਮੇਂ ਜਲੰਧਰ ਵਿਚ ਸ. ਨਾਨਕ ਸਿੰਘ ਦੀ ਜੀਵਨ ਸਾਥਨ ਮਾਤਾ ਰਾਜ ਕੌਰ ਦਾ ਸਨਮਾਨ ਕਰਦੇ ਹੋਏ, ਪ੍ਰੋ. ਪ੍ਰੀਤਮ ਸਿੰਘ ਪਟਿਆਲਾ, ਨਾਵਲਕਾਰ ਜਸਵੰਤ ਸਿੰਘ ਕੰਵਲ, ਸ. ਨਰਿੰਜਣ ਸਿੰਘ ਸਾਥੀ, ਸ. ਗੁਰਬਖਸ਼ ਸਿੰਘ ਬੰਨੋਆਣਾ, ਸ. ਜਗਦੀਸ਼ ਸਿੰਘ ਤੇ ਸ. ਵਰਿਆਮ ਸਿੰਘ ਸੰਧੂ।

Sri Satguru Jagjit Singh Ji eLibrary NamdhariElibrary@gmail.com




ਪ੍ਰਸਿੱਧ ਲੇਖਕ ਤੇ ਢਾਡੀ ਗਿਆਨੀ ਸੋਹਨ ਸਿੰਘ ਸੀਤਲ ਲਾਂਬੜਾ ਵਿਖੇ ਢਾਡੀ ਦਰਬਾਰ ਸਮੇਂ ਉਹਨਾਂ ਨਾਲ ਹੀ ਜੱਜ ਦੀ ਭੂਮਿਕਾ ਨਭਾਉਣ ਵਾਲੇ ਸ. ਜਗਦੀਸ਼ ਸਿੰਘ ਵਰਿਆਮ ਨੂੰ ਸਨਮਾਨਿਤ ਕਰਦੇ ਹੋਏ ਨਾਲ ਹਨ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਿਆਰਾ ਸਿੰਘ।

ਪ੍ਰਸਿੱਧ ਕਵੀਸ਼ਰ ਸ. ਕਰਨੈਲ ਸਿੰਘ ਪਾਰਸ (ਪਿਤਾ ਸ. ਬਲਵੰਤ ਸਿੰਘ ਰਾਮੂਵਾਲੀਆ) ਨਾਲ ਜਲੰਧਰ ਵਿਚ ਇਕ ਰੂਬਰੂ ਸਮਾਗਮ ਤੋਂ ਪਹਿਲਾਂ ਖੱਬੇ ਤੋਂ ਗੁਰਮੀਤ ਸਕੱਤਰ ਸਭਿਆਚਾਰ ਵਿੰਗ ਦੇਸ਼ ਭਗਤ ਹਾਲ, ਡਾ. ਵਰਿਆਮ ਸਿੰਘ ਸੰਧੂ, ਸ. ਹਰਚਰਨ ਸਿੰਘ 'ਰਾਮੂਵਾਲੀਆ', ਪ੍ਰੋ. ਜਾਗੀਰ ਸਿੰਘ ਕਾਹਲੋਂ, ਸ. ਕਰਨੈਲ ਸਿੰਘ ਪਾਰਸ, ਪਿੱਛੇ ਨਿੰਦਰ ਘੁਗਿਆਨਵੀ, ਸ. ਜਗਦੀਸ਼ ਸਿੰਘ ਵਰਿਆਮ, ਪ੍ਰੋ. ਅਵਤਾਰ ਜੌੜਾ, ਸ. ਕੁਲਦੀਪ ਸਿੰਘ ਬੇਦੀ ਤੇ ਚਰਨ ਸੀਚੇਵਾਲਵੀ।





ਲੇਖਕ ਸੰਗਤ :- ਸ. ਜਗਦੀਸ਼ ਸਿੰਘ ਵਰਿਆਮ, ਇੰਦਰਜੀਤ ਸਿੰਘ ਹਸਨਪੁਰੀ, ਰਾਮ ਸਰੂਪ ਅਣਖੀ, ਬਲਦੇਵ ਸਿੰਘ (ਸੜਕਨਾਮਾ), ਗੁਰਬਚਨ ਆਦਿਕ ਚੰਡੀਗੜ੍ਹ ੨੪-੪-੯੯ ਪ੍ਰਾਗਰੈਸਿਵ ਰਾਈਟਰਜ਼ ਕਾਨਫਰੰਸ।



ਪ੍ਰਿੰਸੀਪਲ ਸੁਜਾਨ ਸਿੰਘ ਹੋਰਾਂ ਨਾਲ ਇਕ ਯਾਦਗਾਰੀ ਤਸਵੀਰ। ਖੱਬੇ ਤੋਂ ਆਰਿਫ ਗੋਬਿੰਦਪੁਰੀ, ਚਮਨ ਲਾਲ ਲੱਕੀ, ਜੋਗਿੰਦਰ ਬਾਵਰਾ, ਉਲਫਤ ਬਾਜਵਾ, ਜਗਦੀਸ਼ ਵਰਿਆਮ, ਪ੍ਰਿੰ. ਸੁਜਾਨ ਸਿੰਘ, ਪ੍ਰਿੰ. ਤਰਲੋਚਨ ਸਿੰਘ ਭਾਟੀਆ, ਸ੍ਰੀ. ਸੀ. ਐਲ ਚੁੰਬਰ ਤੇ ਸ. ਨਰਿੰਜਣ ਸਿੰਘ ਸਾਥੀ।

Sri Satguru Jagjit Singh Ji eLibrary NamdhariElibrary@gmail.com



ਪਹਿਲਾ ਤਰਨ ਸਿੰਘ ਵਹਿਮੀ ਸਾਹਿਤ ਸਨਮਾਨ ਵਰਿਆਮ ਸੰਪਾਦਕ ਸ. ਜਗਦੀਸ਼ ਸਿੰਘ ਨੂੰ ਪ੍ਰਦਾਨ ਕਰਦੇ ਹੋਏ, ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ। ਨਾਲ ਦਿਸ ਰਹੇ ਹਨ ਸ. ਗੁਰਮੁਖ ਸਿੰਘ ਸ਼ਾਹ, ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ ਅਤੇ ਓਮ ਪ੍ਰਕਾਸ਼ ਗਾਸੋ। ੧੯ ਨਵੰਬਰ ੧੯੯੦ ਗੁਰੂ ਹਰੀ ਸਿੰਘ ਕਾਲਜ ਸ੍ਰੀ. ਜੀਵਨ ਨਗਰ।



ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ, ਕਮੇਟੀ ਜਲੰਧਰ ਵਲੋਂ ਸੰਪਾਦਕ ਵਰਿਆਮ ਨੂੰ ਸਨਮਾਨਿਤ ਕਰਦੇ ਹੋਏ। ਸਾਬਕਾ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ। ਨਾਲ ਖੜੇ ਹਨ ਖੱਬੇ ਤੋਂ ਸ. ਗੁਰਬਚਨ ਸਿੰਘ ਰੱਖਰਾ, ਮੇਜਰ ਜੇ.ਐਸ. ਰਿਸ਼ੀ, ਸ੍ਰੀ ਸੀ..ਐਲ.ਲੱਕੀ ਸਕੱਤਰ ਅਤੇ ਸ. ਬੇਅੰਤ ਸਿੰਘ ਸਰਹੱਦੀ ਜਨਰਲ ਸਕੱਤਰ।



ਵਰਿਆਮ ਦੀ ਸਿਲਵਰ ਜੁਬਲੀ ਦਾ ਪਲੇਠਾ ਸਮਾਰੋਹ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਵਿਚ ਮਿਤੀ ੧੧ ਮਾਰਚ ੨੦੦੦ ਨੂੰ ਕੀਤਾ ਗਿਆ। ਇਸ ਸਮੇਂ ਸੰਪਾਦਕ ਵਰਿਆਮ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਸ. ਸਾਧੂ ਸਿੰਘ ਕਿਸਾਨ ਤੇ ਸ. ਬਲੀ ਸਿੰਘ।



ਪੰਜਾਬੀ ਕਵੀ ਸਭਾ ਜਲੰਧਰ ਵਲੋਂ ਸਭਾ ਦੇ ਪ੍ਰਧਾਨ ਤੇ ਪ੍ਰਸਿੱਧ ਸ਼ਾਇਰ ਸ. ਸੰਤੋਖ ਸਿੰਘ ਸਫਰੀ ਸੰਪਾਦਕ ਵਰਿਆਮ ਨੂੰ ਸਾਵਨ ਕਵੀ ਦਰਬਾਰ ਸਮੇਂ ਸਨਮਾਨਤ ਕਰਦੇ ਹੋਏ। ਟਾਊਨ ਹਾਲ ਜਲੰਧਰ ਮਿਤੀ ੧੩-੮-੮੮।

Sri Satguru Jagjit Singh Ji eLibrary NamdhariElibrary@gmail.com



ਸਾਂਝੀਆਂ ਖੁਸ਼ੀਆਂ ਦਾ ਅਵਸਰ :- ਸ. ਗੁਰਬਖ਼ਸ਼ ਸਿੰਘ ਬੰਨੋਆਣਾ, ਜਗਦੀਸ਼ ਸਿੰਘ, ਪ੍ਰੋ. ਗੁਰਦਿਆਲ ਸਿੰਘ ਨਾਵਲਿਸਟ, ਡਾ. ਵਰਿਆਮ ਸਿੰਘ ਸੰਧੂ ਤੇ ਪ੍ਰੋ. ਨਿਰੰਜਣ ਸਿੰਘ ਢੇਸੀ।



ਲੇਖਕ ਮੰਡਲ :- ਜਗਦੀਸ਼ ਸਿੰਘ, ਪ੍ਰ. ਜਸਵੰਤ ਸਿੰਘ ਵਿਰਦੀ, ਸ. ਪਿਆਰਾ ਸਿੰਘ ਦਾਤਾ, ਡਾ. ਜਗਤਾਰ, ਪ੍ਰੋ. ਪਰਬਿੰਦਰ ਸਿੰਘ।



ਯੂ.ਕੇ. ਨਿਵਾਸੀ ਪਰਸਿਧ ਪੱਤਰਕਾਰ ਸਰਵਨ ਸਿੰਘ ਜ਼ਫ਼ਰ ਅਤੇ ਸ੍ਰੀਮਤੀ ਜ਼ਫ਼ਰ ਕੰਵਲਜੀਤ ਕੌਰ ਨਾਲ ਸ. ਜਗਦੀਸ਼ ਸਿੰਘ ਵਰਿਆਮ ਅਤੇ ਸਰੋਦ ਕਲਾਕਾਰ ਗੁਰਦੇਵ ਸਿੰਘ।



ਮੰਡੀ ਹਿਮਾਚਲ ਵਿਖੇ ਬਿਆਸ ਦਰਿਆ ਦੀ ਸੰਗਤ ਵਿਚ ਬੈਠੇ ਸੰਤ ਨਰਿੰਦਰ ਸਿੰਘ ਐਡੀਟਰ ਯੁਗ ਮਰਯਾਦਾ ਹਿੰਦੀ, ਦੂਰਦਰਸ਼ਨ ਦੇ ਪ੍ਰੋਡਿਊਸਰ ਡਾ. ਲਖਵਿੰਦਰ ਜੌਹਲ ਤੇ ਜਗਦੀਸ਼ ਸਿੰਘ ਵਰਿਆਮ।

Sri Satguru Jagjit Singh Ji eLibrary NamdhariElibrary@gmail.com

ਪਾਕਿਸਤਾਨ ਬਨਣ ਤੋਂ ਪਹਿਲਾਂ ਦੀਆਂ ਗਲਾਂ ਹਨ। ਇਲੈਕਸ਼ਨ ਦੇ ਦਿਨ ਸਨ। ਜ਼ਿਲਾ ਸਿਆਲਕੋਟ ਵਿਚ ਮਾਨਾਵਾਂਲਾ ਜਗੀਰਦਾਰ ਸਰਦਾਰ ਦੇ ਨਾਮਧਾਰੀ ਮੁਜ਼ਾਰੇ ਸਨ। ਉਹ ਸਰਕਾਰ ਆਪਣੀਆ ਤੇ ਮੁਜ਼ਾਰਿਆਂ ਦੀਆਂ ਵੋਟਾਂ ਅੰਗਰੇਜ਼ ਸਰਕਾਰ ਦੇ ਹੱਕ ਵਿਚ ਵਰਤਨਾ ਚਾਹੁੰਦੇ ਸਨ ਪਰ ਇਹ ਗਰੀਬ ਨਾਮਧਾਰੀ ਮੁਜ਼ਾਰੇ ਆਪਣੇ ਸਤਿਗੁਰੂ ਦੇ ਹੁਕਮ ਵਿਚ ਦੇਸ਼ ਭਗਤ ਤਾਕਤਾਂ ਲਈ ਵਚਨ ਬੱਧ ਸਨ। ਇਸੇ ਜ਼ੁਰਮ ਬਦਲੇ ਉਹ ਮੁਜ਼ਾਰੇ ਬੇਦਖਲ ਕਰ ਦਿਤੇ ਗਏ। ਜਦੋਂ ਇਹ ਕਹਾਣੀ ਸਤਿਗੁਰਾਂ ਕੋਲ ਪੁਜੀ ਤਾਂ ਉਹਨਾਂ ਫੈਸਲਾ ਕਰ ਲਿਆ ਕਿ ਇਹਨਾਂ ਸਿੱਖਾਂ ਨੂੰ ਕਿਸੇ ਦੇ ਗੁਲਾਮ ਨਹੀਂ ਰਹਿਣ ਦੇਣਾ ਅਤੇ ਇਹਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦੇਣਾ ਹੈ।

ਬਸ ਏਸੇ ਗੱਲ ਨੇ ਇਸ ਇਲਾਕੇ ਦੇ ਭਾਗ ਜਗਾ ਦਿਤੇ। ਕੋਈ ਪੌਣੇ ਛੇ ਸੌ ਮੁਰਬਾ ਜ਼ਮੀਨ ਚੁਰੂ ਦੇ ਸੇਠਾਂ ਨੇ ਇਕ ਅੰਗਰੇਜ਼ ਮਿ. ਸਕਿਨਰ ਤੋਂ ਢਾਈ ਲਖ ਰੁਪਏ ਤੋਂ ਖਰੀਦੀ ਸੀ। ਇਹ ਜ਼ਮੀਨ ੩੧ ਲੱਖ ਰੁਪੈ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖਰੀਦੀ। ਸਿਖਾਂ ਨੇ ਧੜਾ ਧੜ ਪੈਸਾ ਗੁਰੂ ਕੇ ਖਜ਼ਾਨੇ ਜਮਾਂ ਕਰਾਇਆ। ਖਰੀਦ ਉਪਰੰਤ ਆਪ ਹੀ ਮੁਰਬੇਬੰਦੀ ਅਤੇ ਵੰਡ ਵਡਾਈ ਕੀਤੀ। ਇਸ ਜ਼ਮੀਨ ਨੂੰ ਅਬਾਦ ਕਰਨ ਵਿਚ ਆਉਂਦੀਆਂ ਔਕੜਾਂ ਤੇ ਮੁਸੀਬਤਾਂ ਨੇ ਸਿਖਾਂ ਦੇ ਮਨ ਡੁਲਾ ਦੇਣੇ ਪਰ ਸੁਤਗੁਰੂ ਪ੍ਰਤਾਪ ਸਿੰਘ ਜੀ ਨੇ ਹਲਾਸ਼ੇਰੀ ਦੇ ਕੇ ਹੌਂਸਲੇ ਕਾਇਮ ਰਖੇ। ਸੰਨ ਸੰਤਾਲੀ ਦੀ ਜੁਗ ਗਰਦੀ ਸਮੇਂ ਬਹੁਤੇ ਪਰਵਾਰ ਪਾਕਿਸਤਾਨੋਂ ਉਜੜ ਇਥੇ ਆ ਵਸੇ। ਉਹਨਾਂ ਨੂੰ ਇਥੇ ਨਿਵਾਜਿਆ, ਟਿਕਾਇਆ ਤੇ ਵਸਾਇਆ ਗਿਆ। ਉਹਨਾਂ ਮੀਲਾਂ ਬੱਧੀ ਜੰਗਲਾਂ ਨਾਲ ਜੂਝ ਕੇ ਉਹਨਾਂ ਦਾ ਸਫਾਇਆ ਕਰ ਦਿਤਾ। ਨਹਿਰਾਂ ਵੀ ਆ ਗਈਆਂ ਜਿਹੜੇ ਡੋਲ ਗਏ ਰਹਿ ਗਏ ਜਿਨ੍ਹਾਂ ਸਿਦਕ ਰਖਿਆ ਅਜ ਉਹ ਲਖਾਂ ਦੇ ਮਾਲਕ ਬਣ ਗਏ। ਇਸ ਇਲਾਕੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿਚ ਸਿਖਾਂ ਨੇ ਹੀ ਪਕੀਆਂ ਸੜਕਾਂ ਅਤੇ ਰਸਤੇ ਬਣਾਏ ਅਤੇ ਹੋਰ ਵਿਕਾਸ ਦੇ ਕੰਮ ਕੀਤੇ ਹਨ ਜਿਨਾਂ ਕਾਰਨ ਇਹ ਇਲਾਕਾ ਹੁਣ ਬਹਿਸ਼ਤ ਬਣ ਗਿਆ ਹੈ।

ਸਾਡਾ ਡੇਰਾ ਜੀਵਨ ਨਗਰ ਕੋਠੀ (ਇਕ ਬਹੁਤ ਵਡੀ ਸਾਰੀ ਸਾਦਾ ਪਰ ਸਾਫ ਸੁਥਰੀ ਹਵੇਲੀ ਜੋ ਗੁਰੂ ਘਰ ਦਾ ਨਿਵਾਸ ਅਸਥਾਨ ਹੈ ਨੂੰ ਕੋਠੀ ਕਿਹਾ ਜਾਂਦਾ ਹੈ। ਇਹ ਹੀ ਸਾਰੇ ਇਲਾਕੇ ਦਾ ਮੁਖ ਅਸਥਾਨ ਹੈ।) ਤੋਂ ੩ ਮੀਲ ਦੀ ਵਿਥ ਦੇ ਬਣੇ ਛੋਟੇ ਜਿਹੇ ਪਿੰਡ ਮਸਤਾਨ ਗੜ ਵਿਚ ਬਣੀ ਇਕ ਹੋਰ ਕੋਠੀ ਵਿਚ ਸੀ। ਇਹ ਕੋਠੀ ਲੰਗਰ ਦੀ ਜ਼ਮੀਨ ਵਿਚਕਾਰ ਮਾਡਰਨ ਢੰਗ ਨਾਲ ਬਣੀ ਹੋਈ ਹੈ। ਬਾਹਰ ਵਧੀਆ ਘਾਹ ਵਾਲਾ ਲਾਅਨ ਵਿਚ ਮਸਨੂਹੀ ਨਹਿਰ ਤੇ ਪਹਾੜੀ ਨੁਮਾ ਉਚਾਨ। ਇਕ ਪਾਸੇ ਬਹੁਤ ਉਚਾ ਹਵਾਈ ਪੱਖਾ ਹੈ ਜੋ ਹਵਾ ਨਾਲ ਹੀ ਚਲਦਾ ਰਹਿੰਦਾ ਹੈ ਅਤੇ ਇਸ ਦੇ ਨਾਲ ਹੀ ਉਹ ਖੂਹ ਵਿਚੋਂ ਪਾਣੀ ਖਿਚਦਾ ਰਹਿੰਦਾ ਹੈ। ਇਸ ਨੂੰ ਚਲਾਉਣ ਲਈ ਹੋਰ ਕਿਸੇ ਸ਼ਕਤੀ ਬਿਜਲੀ ਆਦਿ ਦੀ ਲੋੜ ਨਹੀਂ ਪੈਂਦੀ। ਨਾਲ ਦੇ ਹਿਸੇ ਵਿਚ ਤਗੜੀ ਹਵੇਲੀ ਵਿਚ ਡੰਗਰ, ਗਊਆਂ ਟਰੈਕਟਰ ਆਦਿਕ ਲਈ ਥਾਂ ਹੈ। ਇਹ ਸਾਰੀ ਜਗਹ ਹੀ ਪਹਿਲੇ ਦਲਦਲ ਸੀ ਜਿਸ ਨੂੰ ਪੂਰ ਕੇ ਇਕ ਵਧੀਆਂ ਥਾਂ ਬਣਾ ਲਿਆ ਗਿਆ ਹੈ। ਇਸ ਕੋਠੀ ਦੇ ਛੱਤ ਉਪਰ ਚੜ੍ਹ ਕੇ ਦੇਖਿਆਂ ਆਲੇ ਦੁਆਲੇ ਦੇ ਪਿੰਡ ਅਤੇ ਮੀਲਾਂ ਬੱਧੀ ਪਧਰੇ ਖੇਤਾਂ ਵਿਚ ਨਰਮੇ ਦੀਆਂ ਫੁਟੀਆਂ ਅਤੇ ਝੋਨੇ ਦੀ ਵਿਛੀ ਪੀਲੀ ਚਾਦਰ ਇੰਜ ਲਗਦੀ ਸੀ ਜਿਵੇਂ ਧਰਤੀ ਮਾਂ ਚਿਟੇ ਫੁਲਾਂ ਵਾਲੀ ਫੁਲਕਾਰੀ ਲੈ ਕੇ ਬਰਾਜ ਰਹੀ ਹੋਵੇ।

ਪਹਿਲੇ ਦਿਨ ਦੇ ਪ੍ਰੋਗਰਾਮ ਵਿਚ ਸ੍ਰੀ ਜੀਵਨ ਨਗਰ ਦੀ ਗਊ ਸ਼ਾਲਾ, ਸੰਤ ਨਗਰ ਤੇ ਜਗਜੀਤ ਨਗਰ ਪਿੰਡਾਂ ਵਿਚਕਾਰ ਨਰਮੇ ਦੀ ਨਵੀਂ ਤਿਆਰ ਕੀਤੀ ਵਰਾਇਟੀ ਅਤੇ ਸ੍ਰੀ ਜੀਵਨ ਨਗਰ ਦਾ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਦਿਆਲਾ ਵੇਖਣ ਜਾਣਾ ਸੀ। ਕਿਉਂਕਿ ਇਹ ਸਾਰਾ ਪ੍ਰੋਗਰਾਮ ਸ. ਗੁਰਬਖ਼ਸ਼ ਸਿੰਘ ਜੀ ਕਰਕੇ ਬਣਿਆ ਸੀ ਇਸ ਲਈ ਉਹਨਾਂ ਦੀ ਸੇਹਤ ਦਾ ਵਿਸ਼ੇਸ਼ ਖਿਆਲ ਕਰਕੇ ਪ੍ਰੋਗਰਾਮ ਉਲੀਕਿਆ ਗਿਆ ਸੀ। ਭਾਵੇਂ ਇਹ ਪ੍ਰੋਗਰਾਮ ਸੰਖੇਪ ਜਿਹਾ ਹੀ ਲਗਦਾ ਸੀ ਪਰ ਸਰਦਾਰ ਜੀ ਦੀ ਹਰ ਗਲ ਵਿਚ ਡੂੰਘੀ ਦਿਲਚਸਪੀ ਅਤੇ ਉਹਨਾਂ ਦੀ ਸਫ਼ਰ ਨੂੰ ਬਰਦਾਸ਼ਤ ਕਰ ਲੈਣ ਦੀ ਹਿੰਮਤ ਦੇ ਕਾਰਨ ਕਾਫੀ ਸਮਾਂ ਲਗ ਗਿਆ। ਸਭ ਤੋਂ ਪਿਹਲਾਂ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਵੇਖੀ ਜਿਸ ਨੇ ਹਿੰਦੁਸਤਾਨ ਭਰ ਵਿਚੋਂ ਦੁਧ ਮੁਕਾਬਲਿਆਂ 'ਚ ਅੱਵਲ ਆਉਣ ਵਾਲੀਆਂ ਗਊਆਂ ਪੈਦਾ ਕੀਤੀਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮੌਜੂਦਾ ਸਤਿਗੂਰੂ ਜੀ ਦਾ ਗਊ ਪਾਲਨ



Sri Satguru Jagjit Singh Ji eLibrary NamdhariElibrary@gmail.com

ਅਤੇ ਨਸਲ ਸੁਧਾਰਨ ਵਿਚ ਬਹੁਤ ਹੀ ਯੋਗਦਾਨ ਹੈ। ਸਤਿਗੁਰੂ ਜੀ ਤੇ ਗਊਆਂ ਬਾਰੇ ਖਾਸ ਕਰਕੇ ਅਤੇ ਬਾਕੀ ਦੁਧਾਰੂਆਂ ਅਤੇ ਘੋੜਿਆਂ ਬਾਰੇ ਗਿਆਨ ਸਰਕਾਰੀ ਅਧਕਾਰੀਆਂ ਨਾਲੋਂ ਵੀ ਜ਼ਿਆਦਾ ਹੈ। ਇਸ ਗਊ ਸ਼ਾਲਾ ਵਿਚ ਹਰਿਆਣਾ ਅਤੇ ਸ਼ਾਹੀਵਾਲ ਨਸਲ ਦੀਆਂ ਬਹੁਤ ਸੁੰਦਰ ਗਾਵਾਂ ਦੇਖੀਆਂ। ਜਿਨ੍ਹਾਂ ਦੀ ਨਸਲ, ਵੰਸ਼, ਇਤਿਹਾਸ ਤੇ ਦੁਧ ਦਾ ਰਿਕਾਰਡ ਰਜਿਸਟਰਾਂ ਤੇ ਰਖਿਆ ਜਾਂਦਾ ਹੈ।

ਗਊਆਂ ਪਿਛੋਂ ਘੋੜਿਆਂ ਦਾ ਤਬੇਲਾ ਵੇਖਿਆ ਜਿਥੇ ਬਹੁਤ ਵਧੀਆਂ ਘੋੜੇ ਸਨ। ਉਸ ਪਿਛੋਂ ਸਦਾ ਵਰਤ ਲੰਗਰ ਜੋ ਚੌਵੀ ਘੰਟੇ ਖੁਲਾ ਰਹਿੰਦਾ ਹੈ ਉਹ ਵੇਖਿਆ। ਬਿਰਧਾਂ ਦੀ ਸੇਵਾ ਸੰਭਾਲ ਲਈ ਬਣਾਇਆ ਆਸ਼ਰਮ ਵੇਖਿਆ ਅਤੇ ਫਿਰ ਨਰਮੇ ਦੀ ਨਵੀਂ ਵਰਾਇਟੀ ਵੇਖਣ ਗਏ। ਵਾਪਸੀ ਤੇ ਵਿਦਿਆਲੇ ਵਿਚ ਗਏ ਜਿਥੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਵੀ ਇਲਾਕਾ ਨਿਵਾਸੀ ਇਕਠੇ ਹੋਏ ਸਨ। ਵਿਦਿਆਰਥੀਆਂ ਨੇ ਬਹੁਤ ਰੌਚਕ ਪ੍ਰੋਗਰਾਮ ਪੇਸ਼ ਕੀਤਾ। ਰਾਗਾਂ ਵਿਚ ਸ਼ਬਦ ਗਾਇਣ ਨੂੰ ਆਏ ਪ੍ਰਾਹੁਣਿਆਂ ਨੇ ਬਹੁਤ ਪਸੰਦ ਕੀਤਾ। ਫਿਰ ਵਿਦਿਆਰਥੀਆਂ ਵਲੋਂ ਲੈਕਚਰ ਗੀਤ ਤੇ ਕਵਿਤਾਵਾਂ ਹੋਇਆਂ। ਚਾਹ ਅਤੇ ਲੱਸੀ ਦੇ ਝਗੜੇ ਨੂੰ ਦੋ ਵਿਦਿਆਰਥੀਆਂ ਨੇ ਗਾ ਕੇ ਸਮਾਂ ਬੰਨ ਦਿਤਾ। ਜੇ ਕੋਈ ਥਕਾਵਟ ਹੋਈ ਵੀ ਸੀ ਤਾਂ ਇਸ ਰੌਚਕ ਪ੍ਰੋਗਰਾਮ ਨੇ ਦੂਰ ਕਰ ਦਿਤੀ।

ਅਗਲੇ ਦਿਨ ਦੇ ਪ੍ਰੋਗਰਾਮ ਅਨੁਸਾਰ ਜੀਵਨ ਨਗਰ ਦੀ ਰੂਈ ਤੇ ਚੌਲਾਂ ਦੀ ਮਿਲ ਤੇ ਵਣੀ ਪਿੰਡ ਲਾਗੇ ਬਣਦੀ ਸੜਕ ਵੇਖ ਕੇ ਵਾਪਸ ਆ ਜਾਣਾ ਸੀ ਪਰ ਕਵੀ ਜੀ ਦੇ ਕਹਿਣ ਤੇ ਨਾਲ ਲਗਦੇ ਪਿੰਡ ਰਾਮਪੁਰ ਵਿਚ ਬਜ਼ੁਰਗ ਸਾਹਿਤਕਾਰ ਸੰਤ ਤਰਨ ਸਿੰਘ ਜੀ ਵਹਿਮੀ ਨੂੰ ਮਿਲਣ ਜਾਣ ਦਾ ਵੀ ਪ੍ਰੋਗਰਾਮ ਬਣ ਗਿਆ।

ਕਵੀ ਜੀ ਦਾ ਮੰਤਕ ਸੀ ਕਿ ਵਹਿਮੀ ਜੀ ਬਿਰਧ ਅਵਸਥਾ ਵਿਚ ਹਨ ਤੇ ਇਸ ਵੇਲੇ ਅਖਾਂ ਦੀ ਜੋਤ ਵੀ ਨਹੀਂ ਰਹੀ। ਉਹਨਾਂ ਨੂੰ ਸਾਹਿਤਕ ਲਗਨ ਏਨੀ ਹੈ ਕਿ ਕਿਸੇ ਸਕੂਲ ਦੀ ਪੜਾਈ ਤੋਂ ਬਗੈਰ ਹੀ ਅਨੇਕਾਂ ਪੁਸਤਕਾਂ ਲਿਖ ਕੇ ਨਾਮਧਾਰੀ ਪੰਥ ਨੂੰ ਦਿਤੀਆਂ ਹਨ ਅਤੇ ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸੰਬੰਧੀ ਗ੍ਰੰਥ ਜੱਸ-ਜੀਵਨ ਦੇ ਤਿੰਨ ਵੱਡੇ ਵੱਡੇ ਹਿਸੇ ਪ੍ਰਕਾਸ਼ਤ ਕੀਤੇ ਹਨ। ਜੇ ਉਹਨਾਂ ਨੂੰ ਮਿਲਣ ਸ. ਗੁਰਬਖ਼ਸ਼ ਸਿੰਘ ਜੀ ਵਰਗੀ ਸਾਹਿਤਕ ਸ਼ਖਸੀਅਤ ਚਲੀ ਜਾਵੇ ਤਾਂ ਨਿਰਸੰਦੇਹ ਉਹਨਾਂ ਦੀ ਖੁਸ਼ੀ ਬੇਓੜਕੀ ਹੋਵੇਗੀ ਜੋ ਉਹਨਾਂ ਦੀ ਉਮਰ ਲਮੇਰੀ ਕਰਨ ਵਿਚ ਸਹਾਈ ਹੋਵੇਗੀ।

ਉਹਨਾ ਦਾ ਪਿੰਡ ਰਾਮਪੁਰ, ਨਾਲੀ (ਘਗਰ) ਤੋਂ ਪਾਰ ਸੀ। ਮਸਤਾਨ ਗੜ੍ਹ ਤੋਂ ਅਗੇ ਦਾ ਰਾਹ ਅਜੇ ਕੱਚਾ ਹੈ। ਨਦੀ ਦੇ ਉਪਰ ਪੁਲ ਨਹੀਂ (ਸ਼ਾਇਦ ਇਸ ਨੂੰ ਵੀ ਇਲਾਕੇ ਦੇ ਨਾਮਧਾਰੀ ਹੀ ਬਨਾਉਣ)। ਭਾਵੇਂ ਰਘਬੀਰ ਸਿੰਘ ਡਰਾਇਵਰ ਬੜੀ ਕੁਸ਼ਲਤਾ ਨਾਲ ਗੱਡੀ ਚਲਾਉਂਦਾ ਸੀ ਪਰ ਨਾਲੀ ਤੱਕ ਸੜਕ ਤੇ ਵਿਛੀਆਂ ਇਟਾਂ (ਪੱਕੀ ਸੜਕ ਬਨਾਉਣ ਦੀ ਤਿਆਰੀ ਲਈ) ਕਾਰਨ ਬਹੁਤ ਹਜੋਕੇ ਲਗਦੇ ਸਨ ਅਤੇ ਅਗੋਂ ਕੱਚੇ ਰਸਤੇ ਤੇ ਧੂੜ ਬਹੁਤ ਸੀ। ਸ. ਗੁਰਬਖਸ਼ ਸਿੰਘ ਜੀ ਨੂੰ ਹੋ ਰਹੀ ਬੇਆਰਾਮੀ ਲਈ ਫਿਕਰਮੰਦ ਸਾਂ ਪਰ ਉਹ ਇਸ ਸਫਰ ਵਾਸਤੇ ਬਹੁਤ ਤਗੜੇ ਦਿਸ ਰਹੇ ਸਨ।

ਅਸੀਂ ਵਹਿਮੀ ਜੀ ਦੀ ਹਵੇਲੀ ਪਹੁੰਚੇ ਤਾ ਉਹ ਨਾਸ਼ਤਾ ਕਰ ਰਹੇ ਸਨ। ਸਾਡੇ ਪਹੁੰਚਣ ਦਾ ਪਤਾ ਤਾਂ ਲਗ ਗਿਆ ਪਰ ਦੇਖ ਨਹੀਂ ਸਨ ਸਕਦੇ ਕਿ ਕੌਣ ਆਇਆ ਹੈ। ਨਾਸ਼ਤੇ ਪਿਛੋਂ ਜਦੋਂ ਕਵੀ ਜੀ ਨੇ ਸਾਰਿਆਂ ਦਾ ਤੁਆਰਫ ਕਰਾਇਆ ਤਾਂ ਉਹਨਾਂ ਦੀ ਖ਼ੁਸ਼ੀ ਦੀ ਸੀਮਾ ਨਾ ਰਹੀ। ਸਾਰਿਆਂ ਨੂੰ ਗਲਵਕੜੀ ਵਿਚ ਲੈ ਕੇ ਮਿਲੇ। ਪਰਸਪਰ ਗਲਬਾਤਾਂ ਹੋਈਆਂ। ਸ. ਗੁਰਬਖਸ਼ ਸਿੰਘ ਹੋਰਾਂ ਕਿਹਾ ਕਿ ਉਹਨਾਂ ਨੂੰ ਇਥੇ ਪੁਜ ਕੇ ਬਹੁਤ ਖੁਸ਼ੀ ਹੋਈ ਹੈ। ਭਾਵੇਂ ਅਸੀਂ ਨਾਸ਼ਤਾ ਕਰ ਕੇ ਹੀ ਗਏ ਸਾਂ ਪਰ ਉਹਨਾਂ ਨੇ ਮਖਣ ਵਾਲੀ ਲਸੀ ਲੈ ਆਂਦੀ। ਮੈਂ ਤਾਂ ਲਸੀ ਤੋਂ ਪਰਹੇਜ਼ ਹੀ ਕੀਤਾ ਪਰ ਸ. ਗੁਰਬਖਸ਼ ਸਿੰਘ ਨਵਤੇਜ ਸਿੰਘ ਤੇ ਸ. ਪ੍ਰੀਤਮ ਸਿੰਘ ਆਰਸੀ ਨੇ ਲਸੀ ਪੀਤੀ ਪਰ ਮਖਣ ਤੋਂ ਬਗੈਰ। ਉਹਨਾਂ ਦੇ ਪਰਿਵਾਰ ਦੇ ਮੁੰਡਿਆਂ ਨੇ ਸਰਦਾਰ ਹੋਰਾਂ ਹੀ ਗਲ ਬਾਤ ਟੇਪ ਕੀਤੀ।

ਕਿਉਂਕਿ ਅਸੀਂ ਬਗੈਰ ਸੂਚਨਾ ਦੇ ਉਥੇ ਗਏ ਸੀ ਇਸ ਕਰਕੇ ਵਹਿਮੀ ਜੀ ਦੇ ਪਰਿਵਾਰ ਜਾਂ ਮਿਤਰਚਾਰੇ ਚੋਂ ਹੋਰ ਸਜਨ ਉਥੇ ਨਹੀਂ ਸਨ। ਉਹਨਾਂ ਦੇ ਵੱਡੇ ਸਪੁੱਤਰ ਸਾਧੂ ਸਿੰਘ ਵੀ ਕਿਤੇ ਬਾਹਰ ਸਨ। ਵਹਿਮੀ ਜੀ ਦੇ ਨਾਲ ਪਰਿਵਾਰਕ ਧਾਰਮਕ ਤੇ



Sri Satguru Jagjit Singh Ji eLibrary NamdhariElibrary@gmail.com

ਸਾਹਿਤਕ ਕਈ ਪ੍ਰਕਾਰ ਦੀਆਂ ਗਲਬਾਤਾਂ ਕੀਤੀਆਂ। ਵਾਪਸ ਮਸਤਾਨ ਗੜ ਆਣ ਤੇ ਮਹਾਰਾਜ ਬੀਰ ਸਿੰਘ ਜੀ ਨੇ ਦੂਰ ਦਰਾਜ਼ ਖੇਤਾਂ ਦੀ ਸੈਰ ਗਡੀ ਤੇ ਹੀ ਕਰਾਈ ਤੇ ਫੇਰ ਨਾਮਧਾਰੀ ਕਾਟਨ ਮਿਲਜ਼ ਸ੍ਰੀ ਜਵਨ ਨਗਰ ਗਏ।

ਸਾਨੂੰ ਦਸਿਆ ਗਿਆ ਕਿ ਇਸ ਇਲਾਕੇ ਦੀ ਨਰਮਾ ਉਪਜਾਊ ਧਰਤੀ ਨੂੰ ਮੁਖ ਰੱਖ ਕੇ ਭਾਰਤ ਦੇ ਇਕ ਉਘੇ ਧਨ ਕੁਬੇਰ ਉਦਯੋਗ ਪਤੀ ਨੇ ਇਥੇ ਕਾਟਨ ਮਿਲ ਲਾਉਣ ਦੀ ਵਿਉਂਤ ਬਣਾਈ ਜਿਸ ਦੀ ਸੂਹ ਇਲਾਕੇ ਵਾਲਿਆਂ ਅਤੇ ਸਤਿਗੁਰੂ ਜੀ ਨੂੰ ਵੀ ਲਗ ਗਈ। ਉਹਨਾਂ ਵਿਚਾਰਿਆ ਕਿਉਂ ਨਾ ਆਪਣੀ ਹੀ ਮਿਲ ਲਾਈ ਜਾਵੇ। ਨਾਮਧਾਰੀਆਂ ਚੋਂ ਸਰਦੇ ਪੁਜਦੇ ਪਰਵਾਰ ਸੇਠ ਕਿਰਪਾਲ ਸਿੰਘ ਡਾਲਟਨ ਗੰਜ ਅਤੇ ਉਹਨਾਂ ਦੇ ਭਰਾਵਾਂ ਸੇਠ ਸੁਰਿੰਦਰ ਸਿੰਘ ਮਹਿੰਦਰ ਸਿੰਘ ਜੀ ਆਦਿ ਨੇ ਗੁਰੂ ਜੀ ਦੀ ਇਛਿਆ ਨੂੰ ਫੁਲ ਚੜਾਉਂਦਿਆਂ ਇਥੇ ਪਹਿਲਾਂ ਰੂੰ ਦੀ ਮਿਲ ਤੇ ਹੁਣ ਚੌਲਾਂ ਦੀ ਮਿਲ ਲਾਈ ਹੈ ਜਿਸ ਨਾਲ ਇਸ ਪੇਂਡੂ ਇਲਾਕੇ ਦੀ ਮਹੱਤਤਾ ਬਹੁਤ ਵਧ ਗਈ ਹੈ। ਇਸੇ ਤਰ੍ਹਾਂ ਨਾਮਧਾਰੀ ਪੈਟਰੋਲ ਪੰਪ ਅਤੇ ਹੋਰ ਅਨੇਕਾਂ ਥਾਂ ਉਸਰਨ ਨਾਲ ਰੌਣਕ ਬਣਦੀ ਜਾ ਰਹੀ ਹੈ। ਦੋਵਾਂ ਮਿਲਾਂ ਦਾ ਸਰਵੇਖਣ ਕਰਕੇ ਸਾਰੀ ਪਾਰਟੀ ਕਰੀਵਾਲੇ ਦੇ ਲਾਗੇ ਵਣੀ ਪਿੰਡ ਵਿਖੇ ਨਾਮਧਾਰੀ ਸਿੰਘਾਂ ਦੇ ਸ਼੍ਰਮਦਾਨ ਰਾਹੀਂ ਬਣ ਰਹੀ ਸੜਕ ਵੇਖਣ ਗਈ।

ਇਸ ਥਾਂ ਬਿਲਕੁਲ ਰੇਤ ਹੀ ਰੇਤ ਸੀ। ਇਸ ਪ੍ਰਾਜੈਕਟ ਦੀ ਮਹੱਤਤਾ ਇਹ ਸੀ ਕਿ ਇਸ ਇਲਾਕੇ ਥਾਣੀਂ ਰਾਜਸਥਾਨ ਨੂੰ ਮਲਣ ਵਾਲੀ ਇਹ ਹੀ ਇਕੋ ਇਕ ਸੜਕ ਬਨਣੀ ਸੀ। ਇਟਾਂ ਲਾਈਆਂ ਜਾ ਚੁਕੀਆਂ ਸਨ। ਟਰੈਕਟਰਾਂ ਦਾ ਪੂਰਾ ਬੇੜਾ ਮਿਟੀ ਇਟਾਂ ਢੋਣ ਦਾ ਕੰਮ ਕਰ ਰਿਹਾ ਸੀ। ਸੈਂਕੜੇ ਨਾਮਧਾਰੀ ਸਿੰਘ ਬੜੀ ਗਰਮਜੋਸ਼ੀ ਨਾਲ ਇਟਾਂ ਜੋੜ ਰਹੇ ਸਨ, ਮਿਟੀ ਪਾ ਰਹੇ ਸਨ ਅਤੇ ਜੈਕਾਰੇ ਛਡ ਰਹੇ ਸਨ। ਸਤਿਗੁਰੂ ਜੀ ਵੀ ਨਾਲ ਸਨ। ਉਹਨਾਂ ਨਾਲ ਇਕੋ ਹੀ ਗਡੀ ਵਿਚ ਬੈਠ ਕੇ, ਅਗੇ ਸੰਤ ਮਨੋਹਰ ਸਿੰਘ ਦਾ ਭੱਠਾ ਵੇਖਣ ਜਾਣਾ ਸੀ ਜਿਹੜਾ ਇਸ ਸੜਕ ਦੀ ਤਿਆਰੀ ਲਈ ਵਿਸ਼ੇਸ਼ ਕਰਕੇ ਲੁਆਇਆ ਗਿਆ ਸੀ। ਰੇਤ ਦਾ ਕੋਈ ਅੰਤ ਨਹੀਂ ਸੀ, ਗਡੀ ਰੇਤ 'ਚ ਫਸ ਗਈ। ਪਹਾੜ ਕਦੋ ਟਰੈਕਟਰ ਮਦਦ ਲਈ ਆ ਗਏ। ਭਠਾ ਵੇਖਿਆ ਅਤੇ ਅਗੋਂ ਜਿਧਰੋ ਸੜਕ ਨੇ ਲੰਘਣਾ ਸੀ ਉਹ ਥਾਂ ਵੇਖਿਆ। ਵਾਪਸੀ ਤੇ ਸਤਿਗੁਰੂ ਜੀ ਨੇ ਸਟੇਅਰਿੰਗ ਆਪ ਸੰਭਾਲਿਆ। ਗਡੀ ਨੂੰ ਕਦੀ ਏਧਰ ਕਦੀ ਓਧਰ-ਕਦੀ ਇਕ ਗੇਅਰ ਕਦੀ ਦੂਸਰਾ ਲਾ ਲਾ ਕੇ, ਫਿਸਲਦੇ ਟਾਇਰਾਂ ਨੂੰ ਸੰਭਾਲ ਸੰਭਾਲ ਕੇ ਹਫੀ ਹੋਈ ਰੌਲਾ ਪਾਉਂਦੀ ਗਡੀ ਲਿਆ ਟਿਕਾਣੇ ਖੜੀ ਕੀਤੀ। ਸਰੀਰ ਘਟੋ ਘਟਾ ਅਤੇ ਮਨ ਸੁਆਦੋ ਸੁਆਦ ਹੋਏ ਪਏ ਸਨ।

ਭਾਵੇਂ ਵਾਪਸੀ ਦਾ ਪਰੋਗਰਾਮ ਸੀ ਪਰ ਸਰਦਾਰ ਹੋਰੀਂ ਕੁਝ ਥਕਾਵਟ ਮਹਿਸੂਸ ਕਰਦੇ ਸਨ ਇਸ ਲਈ ਵਾਪਸੀ ਅਗਲੇ ਦਿਨ ਸਵੇਰ ਤੇ ਮੁਲਤਵੀ ਕਰ ਦਿਤੀ। ਨਵਤੇਜ ਜੀ ਨਾਮਧਾਰੀਆਂ ਦੇ ਕਿਸੇ ਪ੍ਰਸਪਰ ਝਗੜੇ ਦਾ ਫੈਸਲਾ ਗੁਰੂ ਜੀ ਦੁਆਰਾ ਹੁੰਦਾ ਵੇਖਣਾ ਸੁਣਨਾ ਚਾਹੁੰਦੇ ਸਨ। ਸਬਬ ਨਾਲ ਇਕ ਕੇਸ ਉਸੇ ਦਿਨ ਹੀ ਆ ਗਿਆ। ਇਥੇ ਜਦੋਂ ਕਿਸੇ ਦੇ ਫਰੀਕਾਂ ਦੇ ਝਗੜੇ ਦੀ ਸੁਣਾਵਾਈ ਹੋ ਰਹੀ ਹੁੰਦੀ ਹੈ ਤਾਂ ਉਸ ਨੂੰ ਆਮ ਅਦਾਲਤੀ ਬੋਲੀ ਵਾਂਗ 'ਕੇਸ' ਹੀ ਕਿਹਾ ਜਾਂਦਾ ਹੈ ਅਤੇ ਆਪਸੀ ਗਲਬਾਤ ਵਿਚ ਵੀ ਲੋਕ ਇਵੇਂ ਹੀ ਕਹਿੰਦੇ ਹਨ ਜਿਵੇਂ 'ਉਪਰ ਫਲਾਣੇ ਦਾ ਕੇਸ ਲਗਾ ਹੈ' ਫਲਾਣੇ ਕੇਸ ਦਾ ਇਹ ਫੈਸਲਾ ਹੋਇਆ ਹੈ (ਇਤਿਆਦਿ) ਇਹ ਕੇਸ ਜ਼ਮੀਨ, ਰੁਪਏ ਪੈਸੇ ਜਾਇਦਦ, ਵਿਆਹ ਸ਼ਾਦੀਆਂ, ਪ੍ਰਬੰਧ ਸੰਬੰਧੀ ਜਾਂ ਹੋਰ ਵੀ ਕਾਰੋਬਾਰ ਸੰਬੰਧੀ ਗਲ ਕੀ ਜੀਵਨ ਦੇ ਹਰ ਪੱਖ ਸੰਬੰਧੀ ਹੋ ਸਕਦੇ ਹਨ। ਨਵਤੇਜ ਜੀ ਦੇ ਹੁੰਦਿਆਂ ਇਕ ਕੇਸ ਲਾਊਡਸਪੀਕਰ ਸੈਟ ਸੰਬੰਧੀ ਸੀ, ਜਿਸ ਦਾ ਫੈਸਲਾ ਉਸੇ ਵੇਲੇ ਸਤਿਗੁਰੂ ਜੀ ਨੇ ਕਰ ਦਿੱਤਾ ਅਤੇ ਦੋਹਾਂ ਪਾਰਟੀਆਂ ਨੇ ਸਵੀਕਾਰਿਆ। ਮੇਰੇ ਪਹਿਲੇ ਦੌਰੇ ਸਮੇਂ ਵੀ ਦੋ ਕੁ ਕੇਸ ਮੈਨੂੰ ਸੁਨਣ ਦਾ ਅਵਸਰ ਮਿਲਿਆ ਸੀ। ਇਕ ਤਾਂ ਸਰਸੇ ਦੇ ਸਕੂਲ ਦੀ ਮੈਨੇਜਮੈਂਟ ਕਮੇਟੀ ਸੰਬੰਧੀ ਸੀ। ਇਕ ਕੋਈ ਕਿਕਰ ਦੇ ਦਰਖਤ ਸੰਬੰਧੀ ਸੀ। ਸਕੂਲ ਸੰਬੰਧੀ ਇਕ ਹੋਰ ਸਭ ਕਮੇਟੀ ਦੀ ਸਿਰਜਣਾ ਕੀਤੀ ਗਈ ਅਤੇ ਕਿੱਕਰ ਸੰਬੰਧੀ ਜਿਨ੍ਹਾਂ ਪਾਸ ਇਹ ਕਿੱਕਰ ਕਿਹਾ ਜਾਂਦਾ ਸੀ। ਉਹਨਾਂ ਨੂੰ ਹੁਕਮ ਕੀਤਾ ਗਿਆ ਕਿ ਉਹ ਆਪ ਜਾ ਕੇ ਦੂਸਰੇ ਫਰੀਕ ਦੇ ਘਰ ਜਾ ਕੇ ਛੱਡ ਕੇ ਆਉਣ ਜੋ ਉਹਨਾਂ ਸਤਿਬਚਨ ਕਹਿ ਕੇ ਸਵੀਕਾਰ ਕੀਤਾ। ਕਈ ਕਈ ਬਹੁਤ ਗੰਭੀਰ ਪ੍ਰਕਾਰ ਦੇ ਕੇਸ ਵੀ ਬੜੀ ਖੁਸ਼ ਅਸਲੂਬੀ ਨਾਲ ਨਜਿਠੇ ਜਾਂਦੇ ਹਨ। ਜਿਸ ਦੇ ਫਲਸਰੂਪ ਲੱਖਾਂ ਰੁਪਏ ਕਚਿਹਰੀਆਂ ਵਿਚ ਜ਼ਾਇਆ ਹੋਣ ਤੋਂ ਬਚ ਜਾਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਨਵਤੇਜ ਜੀ ਤੇ ਭਾਪਾ ਪ੍ਰੀਤਮ ਸਿੰਘ ਜੀ ਵਾਪਸ ਦਿੱਲੀ ਚਲੇ ਗਏ ਅਤੇ ਅਸੀਂ ਅਗਲੇ ਦਿਨ ਸਵੇਰੇ ਸਵੇਰੇ ਚਲ ਕੇ ਦੁਪਹਿਰੀ ਪ੍ਰੀਤ ਨਗਰ ਪੁੱਜੇ। ਉਥੇ ਲੰਗਰ ਛੱਕ, ਸਰਦਾਰ ਜੀ ਤੇ ਓਮਾ ਜੀ ਨੂੰ ਛੱਡ ਕੇ ਵਾਪਸ ਜਲੰਧਰ ਪੁੱਜੇ। ਮੈਂ ਸਰਦਾਰ ਜੀ ਨੂੰ ਬੇਨਤੀ ਕੀਤੀ ਸੀ ਕਿ ਜੇਕਰ ਇਸ ਯਾਤਰਾ ਸੰਬੰਧੀ ਆਪਣੇ ਕੁਝ ਸ਼ਬਦ ਵਰਿਆਮ ਵਿਚ ਛਪਣ ਲਈ ਭੇਜਣ ਤਾਂ ਉਹਨਾਂ ਦਾ ਬਹੁਤ ਧੰਨਵਾਦੀ ਹੋਵਾਂਗਾ। ਤੀਸਰੇ ਦਿਨ ਉਹਨਾਂ ਨੇ ਆਪਣੀ ਉਸ ਚਿੱਠੀ ਦੀ ਨਕਲ ਮੈਨੂੰ ਭੇਜ ਦਿੱਤੀ ਜਿਹੜੀ ਕਿ ਇਸ ਯਾਤਰਾ ਦੇ ਸੰਬੰਧ ਵਿਚ ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਵੱਲ ਲਿਖੀ ਸੀ। ਪਾਠਕਾਂ ਦੀ ਦਿਲਚਸਪੀ ਲਈ ਸਰਦਾਰ ਜੀ ਦੇ ਧੰਨਵਾਦ ਸਾਹਿਤ ਉਹ ਚਿੱਠੀ ਛਾਪ ਰਹੇ ਹਾਂ।

**—ਪ੍ਰੀਤ ਨਗਰ** *143110*

**ਮਿਤੀ** *15-11-76*

ਮੇਰੇ ਪਿਆਰੇ ਸਤਿਗੁਰੂ ਜਗਜੀਤ ਸਿੰਘ ਜੀ

ਮਾਤਾ ਜੀ ਨੇ ਪਿਆਰੀ ਵਿਦੈਗੀ ਦਿੱਤੀ, ਆਪਣੀ ਉਮਾ ਭੈਣ ਨੂੰ ਮਿਲਣੀ ਵੀ ਦਿੱਤੀ, ਮੇਰੇ ਕੋਲੋਂ ਉਹਨਾਂ ਨੇ ਮੱਥਾ ਤਾਂ ਟਿਕਾਣਾ ਨਹੀਂ ਸੀ, ਇਸ ਲਈ ਮੈਂ ਉਹਨਾਂ ਦੇ ਪਾਵਨ ਹੱਥ ਚੁੰਮੇ। ਉਹਨਾਂ ਖਾਣਾ ਬਣਵਾ ਕੇ ਨਾਲ ਦਿੱਤਾ।

ਕਵੀ ਪ੍ਰੀਤਮ ਸਿੰਘ ਜੀ ਤੇ ਜਗਦੀਸ਼ ਸਿੰਘ ਜੀ ਸਾਡੇ ਨਾਲ ਆਏ, ਦੋ ਵਜੇ ਦੇ ਕਰੀਬ ਅਸੀਂ ਪ੍ਰੀਤ ਨਗਰ ਪਹੁੰਚ ਗਏ। ਡਰਾਈਵਰ ਸਿੰਘ ਜੀ ਨੇ ਬੜੀ ਸੋਹਣੀ ਗੱਡੀ ਚਲਾਈ। ਪ੍ਰੀਤ ਨਗਰ ਪਹੁੰਚ ਕੇ ਮੈਂ ਆਪਣੇ ਸਹਾਇਕ ਮੁੰਡੇ ਨੂੰ ਗੱਡੀ ਵਿਚੋਂ ਅਸਬਾਬ ਲਿਆਉਣ ਲਈ ਆਖਿਆ, ਉਹ ਇਕ ਬੋਰੀ ਵੀ ਚੁੱਕ ਲਿਆਇਆ। ਮੈਂ ਆਖਿਆ ਇਹ ਸਾਡੀ ਨਹੀਂ। ਵਾਪਸ ਗੱਡੀ ਵਿਚ ਰੱਖ ਆ, ਤਾਂ ਕਵੀ ਜੀ ਨੇ ਆਖਿਆ, ਇਹ ਬੋਰੀ ਤੁਹਾਡੀ ਹੀ ਹੈ-ਤੁਸੀਂ ਜੁ ਸਤਿਗੁਰਾਂ ਦੀਆਂ ਕੁਰਸੀਆਂ ਉੱਤੇ ਬੈਠੇ ਸੋ।" ਮੈਨੂੰ ਯਾਦ ਆ ਗਿਆ ਆਪ ਨੇ ਕਿਉਂ ਪੁਛਿਆ ਸੀ ਕਿ ਇਹੋ ਜਿਹੀਆਂ ਕੁਰਸੀਆਂ ਸਾਡੇ ਕੋਲ ਹਨ ਜਾਂ ਨਹੀਂ ? ਮੈਂ ਆਪ ਦੀ ਖਿਆਲ ਦਾਰੀ ਤੋਂ ਸਦ ਬਲਿਹਾਰੇ ਜਾਂਦਾ ਹਾਂ। ਸ਼ਾਮ ਨੂੰ ਇਹਨਾਂ ਕੁਰਸੀਆਂ ਉੱਤੇ ਬੈਠਿਆਂ ਜਾਪਿਆ ਜਿਵੇਂ ਮੈਂ ਮਸਤਾਨ ਗੜ੍ਹ ਵਿਚ ਆਪ ਦੀ ਹਾਜ਼ਰੀ ਵਿਚ ਬੈਠਾ ਹਾਂ।

ਆਪ ਦੀ ਅਪਾਰ ਕਿਰਪਾ ਕਿ ਆਪ ਨੇ ਸਾਨੂੰ ਜੀਵਨ ਨਗਰ ਦੇ ਦਰਸ਼ਨ ਕਰਾਏ। ਪੂਜ ਵੱਡੀ ਮਾਤਾ ਜੀ ਮਾਤਾ ਜੀਵਨ ਕੌਰ : ਸਤਿਗੁਰੂ ਜਗਜੀਤ ਸਿੰਘ ਜੀ ਦੇ ਦਾਦੀ ਜੀ ਦੇ ਭੈਣੀ ਸਾਹਿਬ ੧੯੩੪ ਵਿਚ ਦਰਸ਼ਨ ਕੀਤੇ ਯਾਦ ਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗਲਵਕੜੀ ਯਾਦ ਆਈ। ਆਪ ਨੇ ਵੀ ਉਹਨਾਂ ਵਾਂਗ ਹੀ ਮੈਨੂੰ ਆਪਣੀਆਂ ਸੋਹਣੀਆਂ ਗਊਆਂ ਤੇ ਲਿਸ਼ਕਦੇ ਘੋੜਿਆਂ ਦੇ ਦਰਸ਼ਨ ਕਰਾਏ। ਆਪ ਦੇ ਲਹਿਰਾਂਦੇ ਖੇਤ, ਆਪ ਦੇ ਸਾਦਾ ਤੇ ਸਵੱਛ ਵਿਦਿਆਰਥੀਆਂ ਨੂੰ ਵੇਖ ਕੇ ਬੜੀ ਖੁਸ਼ੀ ਹੋਈ। ਵਿਦਿਆਰਥੀਆਂ ਦਾ ਸਲੀਕਾ ਬੜਾ ਪ੍ਰਸੰਸਾ ਯੋਗ ਸੀ। ਜਿਹੜਾ ਖਿਆਲ ਆਪ ਉਥੋਂ ਦੇ ਬਿਧ ਆਦਮੀਆਂ ਦਾ ਰਖਦੇ ਹੋ, ਉਸ ਨੇ ਮੈਨੂੰ ਬੜਾ ਪ੍ਰਭਾਵਤ ਕੀਤਾ। ਆਪ ਦੀ ਪ੍ਰੇਰਨਾ ਨਾਲ ਲਗੀ ਰੂਈ ਦੀ ਫੈਕਟਰੀ ਤੇ ਚੌਲ-ਮਸ਼ੀਨ ਬੜੇ ਹੋਣਹਾਰ ਅੰਦੋਲਨ ਹਨ। ਮੈਂ ਉਹਨਾਂ ਦੀ ਪੂਰਨ ਕਾਮਯਾਬੀ ਲਈ ਅਰਦਾਸ ਕਰਦਾ ਹਾਂ। ਦਸ਼ਤੋਂ ਬੀਆਬਾਨ ਵਿਚ ਆਪ ਗੁਲਜ਼ਾਰ ਮਹਿਕਾ ਰਹੇ ਹੋ।

ਸੜਕ ਬਣਦੀ ਵੇਖੀ, ਸੰਗਤ ਦਾ ਉਤਸ਼ਾਹ ਤੇ ਆਪ ਦਾ ਹੁਲਾਰੇ ਦੇਣ ਵਾਲਾ ਪਿਆਰ ਵੇਖੇ। ਭੱਠਾ ਵੇਖਿਆ, ਸੰਗਤਾਂ ਦੀ ਆਪ ਲਈ ਅਪਾਰ ਸ਼ਰਧਾ ਵੇਖੀ, ਬੜਾ ਦਿਲ ਖੁਸ਼ ਹੋਇਆ। ਮਾਤਾ ਜੀ ਦੀ ਸਾਦਗੀ ਤੇ ਉਚ ਖਿਆਲੀ ਵਿਚ ਅਨੋਖੀ ਪ੍ਰੇਰਨਾ ਸੀ। ਮੇਰੀ ਤੇ ਉਮਾ ਦੀ ਸਤਿਕਾਰ ਭਰੀ ਯਾਦ ਉਹਨਾਂ ਨੂੰ ਦੇਣੀ। ਮਹਾਰਾਜ ਬੀਰ ਸਿੰਘ ਜੀ ਦੇ ਘਰੋ—ਸੰਪਾਦਕ ਬੇਬੇ ਜੀ ਬੜੇ ਚੰਗੇ ਲਗੇ, ਉਹਨਾਂ ਨੂੰ ਪਿਆਰ ਨਾਲ ਯਾਦ ਕਰਦਾ ਹਾਂ।

ਮਹਾਰਾਜ ਬੀਰ ਸਿੰਘ ਜੀ ਨੇ ਸਾਨੂੰ ਬੜਾ ਪਿਆਰ ਦਿੱਤਾ। ਦਿਲੀ ਪਿਆਰ ਅਰਪਿਤ ਕਰਦਾ ਹਾਂ।

ਬੜੇ ਪਿਆਰ ਭਰੇ ਸਤਿਕਾਰ ਸਾਹਿਤ

ਆਪ ਦਾ ਗੁਰਬਖਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਘਰ ਘਰ ਰਾਮ ਸਿੰਘ

-ਪੰਛੀ ਪ੍ਰੀਤਮ ਸਿੰਘ

ਵਾਰਤਾ ਇਕ ਨਵੀਂ, ਇਸ ਸਿਰਲੇਖ ਹੇਠ ਅਸੀਂ ਇਕ ਨਵੀਂ ਲੇਖ ਲੜੀ ਸ਼ੁਰੂ ਕਰ ਰਹੇ ਹਾਂ। ਇਸ ਲੜੀ ਦੇ ਲੇਖਕ ਦਾ ਆਜ਼ਾਦੀ ਸੰਗਰਾਮ ਦੇ ਕੇਂਦਰ ਸ੍ਰੀ ਭੈਣੀ ਸਾਹਿਬ ਨਾਲ ਨੇੜੇ ਦਾ ਸਬੰਧ ਰਿਹਾ ਹੈ ਅਤੇ ਇਸ ਸਿਲਸਿਲੇ ਵਿਚ ਅਨੇਕਾਂ ਘਟਨਾਵਾਂ, ਸ਼ਖਸੀਅਤਾਂ ਅਤੇ ਚਿਰਿਤ੍ਰਾਂ ਦਾ ਉਹਨਾਂ ਨੂੰ ਨਿਜੀ ਅਨੁਭਵ ਹੈ। ਇਤਿਹਾਸ ਦੇ ਅਣਫੋਲੇ ਪਟਾਰੇ ਵਿਚੋਂ ਲਈਆਂ ਇਹਨਾਂ ਯਾਦਾਂ ਦਾ ਨਿਰਸੰਦੇਹ ਪੰਜਾਬੀ ਸਾਹਿਤ ਵਿਚ ਨਿਘਾ ਸੁਆਗਤ ਕੀਤਾ ਜਾਵੇਗਾ। --*ਸੰਪਾਦਕ*

ਪਾਕਿਸਤਾਨ ਬਣ ਚੁੱਕਾ ਸੀ। ਮੈਂ ਗੁੜ ਮੰਡੀ ਦਿੱਲੀ ਤੋਂ ਅੱਗੇ ਅਜ਼ਾਦਪੁਰ ਵੱਲ ਜਰਨੈਲ ਬਾਗ ਵਿਚ ਸ. ਆਤਮਾ ਸਿੰਘ ਰਈਸ ਰਾਵਲਪਿੰਡੀ ਨੂੰ ਅਲਾਟ ਹੋਈ ਕੋਠੀ ਵਿਚ ਰਹਿੰਦਾ ਸੀ। ਇਕ ਦਿਨ ਸ. ਆਤਮਾ ਸਿੰਘ ਦੇ ਡਰਾਈਵਰ ਨੇ ਆ ਕੇ ਕਿਹਾ--ਕੋਈ ਆਦਮੀ ਮੈਨੂੰ ਮਿਲਣਾ ਚਾਹੁੰਦੈ। ਨੰਗ ਧੜੰਗਾ, ਤੇੜ ਸਿਰਫ ਕਛਹਿਰਾ ਅਤੇ ਮੋਢੇ ਉੱਤੇ ਸਲੋਤਰ। ਮੈਂ ਡਰ ਗਿਆ। ਕੌਣ ਹੋਵੇਗਾ, ਮਤਾਂ ਮੈਨੂੰ ਸਲੋਤਰ ਹੀ ਕੱਢ ਮਾਰੇ। ਪਰ ਮੈਂ ਹੌਂਸਲੇ ਨਾਲ ਕੋਠੀ ਦੇ ਬਾਹਰ ਬਰਾਂਡੇ ਵਿਚ ਆ ਗਿਆ।

ਮੈਂ ਉਸ ਓਪਰੇ ਬੰਦੇ ਨੂੰ ਘੋਖਿਆ। ਉਹਦੀਆਂ ਅੱਖਾਂ ਚੜ੍ਹੀਆਂ ਹੋਈਆਂ ਸਨ। ਜਿਵੇਂ ਸੁਖ ਨਿਧਾਨ ਦੀ ਮੌਜ ਵਿਚ ਹੋਵੇ। ਉਹਨੇ ਮੇਰੇ ਚਿਹਰੇ ਤੇ ਆਪਣੀ ਨਜ਼ਰ ਗੱਡ ਦਿੱਤੀ। ਮੇਰੇ ਉਹਨੂੰ ਜਲਦੀ ਨਾ ਪਛਾਨਣ ਤੇ ਉਹਦੇ ਚਿਹਰੇ ਉਤੇ ਕੋਈ ਪ੍ਰਤੀਕਰਮ ਦੀ ਰੇਖਾ ਉਘੜੀ। ਮੈਂ ਡਰ ਕੇ ਆਪਣਾ ਸਿਰ ਛੰਡਿਆ ਅਤੇ ਦੂਜੇ ਪਲ ਮੈਨੂੰ ਉਹਦੀ ਪਛਾਣ ਆ ਗਈ। ਉਹ ਧੰਨੇ ਦਾ ਮਿਸਤਰੀ ਪ੍ਰੀਤਮ ਸਿੰਘ ਸੀ।

ਮੈਂ ਮੁਸਕਰਾ ਕੇ ਉਸ ਦਾ ਸੁਆਗਤ ਕੀਤਾ ਅਤੇ ਅੰਦਰ ਕੋਠੀ ਵਿਚ ਚਲਣ ਲਈ ਕਿਹਾ। ਪਰ ਉਹਨੇ ਇਨਕਾਰ ਕਰ ਦਿੱਤਾ। ਬੋਲਿਆ--

"ਮੈਂ ਨਹੀਂ ਕੋਠੀ ਅੰਦਰ ਜਾਂਦਾ। ਮੈਂ ਮਸਤਾਨਾ ਹਾਂ। ਕਿਸੇ ਹਾਲ ਵਿਚ ਰਹਿ ਕੇ ਵੀ ਖੁਸ਼ ਹਾਂ। ਸਾਰੀ ਧਰਤੀ ਮੇਰੀ ਹੈ।"

ਕੁਝ ਚਿਰ ਚੁੱਪ ਰਹਿਣ ਪਿਛੋਂ ਉਹ ਫਿਰ ਬੋਲਿਆ, "ਮੈਂ ਸਾਰੀ ਪ੍ਰਿਥਵੀ ਗਾਹ ਮਾਰਾਂਗਾ. ਸਲੋਤਰ ਮੇਰਾ ਸਾਥੀ ਹੈ। ਤੂੰ ਚਲੇਂਗਾ ਮੇਰੇ ਨਾਲ ? ਗੁਰੂ ਰਾਮ ਸਿੰਘ ਨੇ ਕਿਹਾ ਸੀ--"ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦਿਆਂਗਾ। ਤੂੰ ਰਾਮ ਸਿੰਘ ਬਣਨੈ ਤਾਂ ਉਠ ਤੁਰ ਮੇਰੇ ਨਾਲ। ਕਰ ਲੈ ਕਮਰ-ਕੱਸਾ, ਤੂੰ ਸਮਝਦੈਂ, ਦੇਸ਼ ਵਿਚੋਂ ਫਰੰਗੀ ਚਲਾ ਗਿਆ ?.... ਭੋਲਾ ਪਾਤਸ਼ਾਹ...."

ਫਿਰ ਉਸਨੇ ਜ਼ੋਰ ਨਾਲ ਸਲੋਤਰ ਨੂੰ ਜ਼ਮੀਨ ਉੱਤੇ ਪਟਕਿਆ। ਮੈਂ ਡਰ ਕੇ ਦੋ ਕਦਮ ਪਿਛਾਂਹ ਹਟ ਗਿਆ। ਸੋਚਿਆ--ਹੁਣ ਇਹ ਆਪਣੇ ਦੂਜੇ ਰੂਪ ਵਿਚ ਆਉਣ ਹੀ ਵਾਲਾ ਹੈ। ਪਰ ਉਸਨੇ ਫਿਰ ਸਲੋਤਰ ਚੁਕਿਆ ਅਤੇ ਮੈਨੂੰ ਘੂਰ ਕੇ ਵੇਖਿਆ। ਫਿਰ ਉਹ ਦੁੜਕੀ ਚਾਲੇ ਕੋਠੀ ਤੋਂ ਬਾਹਰ ਹੋ ਗਿਆ।

ਮੈਂ ਮਿਸਤਰੀ ਪ੍ਰੀਤਮ ਸਿੰਘ ਬਾਰੇ ਸੋਚਦਾ ਰਹਿ ਗਿਆ। ੧੯੪੨ ਦੇ ਤੂਫਾਨੀ ਦਿਨ...ਮੈਂ ਸੰਤ ਇੰਦਰ ਸਿੰਘ ਚਕ੍ਰਵਰਤੀ ਨਾਲ ਹਿੰਦੀ ਸਾਹਿਤ ਸੰਮੇਲਨ ਦੀ ਇਕ ਮੀਟਿੰਗ ਦੇ ਸਿਲਸਿਲੇ ਵਿਚ ਇਲਾਹਾਬਾਦ ਗਿਆ। ਸਤਿਗੁਰੂ ਪ੍ਰਤਾਪ ਸਿੰਘ ਨੇ ਭੈਣੀ ਸਾਹਿਬ ਵਿਚ ਹਿੰਦੀ ਸਾਹਿਤ ਸੰਮੇਲਨ ਕਰਨ ਦਾ ਸੱਦਾ ਦਿੱਤਾ ਸੀ। ਜੋ ੧੯੪੨ ਦਾ ਅੰਦੋਲਨ ਸ਼ੁਰੂ ਹੋ ਜਾਣ ਕਾਰਨ ਹੋ ਨਹੀਂ ਸੀ ਸਕਿਆ। ਸੰਮੇਲਨ ਦੀ ਇਮਾਰਤ ਦੇ ਸਾਹਮਣੇ ਕਾਂਗਰਸੀ ਆਗੂ ਬਾਬੂ ਪੁਰਸ਼ੋਤਮ ਦਾਸ ਟੰਡਨ ਦੀ ਕੋਠੀ ਸੀ। ਮੈਂ ਤੇ ਚਕ੍ਰਵਰਤੀ ਜੀ ਟੰਡਨ ਜੀ ਦੇ ਨਾਲ ਪਟੜੀ ਉੱਤੇ ਬੈਠੇ ਧੁੱਪ ਸੇਕ ਰਹੇ ਸਾਂ।

ਇਕ ਨਾਮਧਾਰੀ ਆਇਆ। ਉਹਨੂੰ ਸਾਡੇ ਏਥੇ ਆਉਣ ਦੀ ਪਤਾ ਨਹੀਂ ਕਿਵੇਂ ਸੂਹ ਮਿਲ ਗਈ ਸੀ। ਚਕ੍ਰਵਰਤੀ ਹੋਰਾਂ ਪਛਾਣਿਆਂ। ਟੰਡਨ ਜੀ ਨਾਲ ਮਿਲਾਇਆ, ਫਿਰ ਉਹ ਸਾਨੂੰ ਆਪਣੇ ਕੁਆਰਟਰ ਵਿਚ ਆਉਣ ਦਾ ਸੱਦਾ ਦੇ ਕੇ ਚਲਿਆ ਗਿਆ।

ਉਹ ਬਿਜਲੀ ਦੇ ਮਹਿਕਮੇ ਵਿਚ ਨੌਕਰ ਸੀ। ਅਸੀਂ ਕਈ ਵਾਰ ਉਹਦੇ ਕੁਆਰਟਰ ਵਿਚ ਗਏ ਆਪਣੇ ਹੱਥੀਂ ਰੋਟੀਆਂ ਪਕਾ ਕੇ ਉਹ ਸਾਡੀ ਸੇਵਾ ਕਰਦਾ ਰਿਹਾ। ਸਾਡੇ ਨਾਲ ੧੯੪੨ ਦੇ ਅੰਦੋਲਨ ਦੀਆਂ ਗੱਲਾਂ ਛੇੜੀ ਰੱਖਦਾ। ਅਸੀਂ ਆਪ ਵੀ ਯੂ.ਪੀ. ਵਿਚ ਘੁੰਮਦਿਆਂ ਹੀ ਦੇਖ ਲਿਆ ਸੀ ਕਿ ਕੋਈ ਵੀ ਰੇਲਵੇ ਸਟੇਸ਼ਨ ਸਾਬਤ ਨਹੀਂ ਸੀ ਬਚਿਆ। ੧੯੪੨ ਦੇ ਅੰਦੋਲਨ ਦੀ ਨਜ਼ਰ ਹੋ ਗਿਆ ਸੀ। ਜਿੰਨੇ ਦਿਨ ਅਸੀਂ ਇਲਾਹਾਬਾਦ ਰਹੇ ਮਿਸਤਰੀ ਪ੍ਰੀਤਮ ਸਿੰਘ ਸਾਡੇ ਨਾਲ ਪ੍ਰਛਾਵੇਂ ਵਾਂਗ ਲੱਗਿਆ ਰਿਹਾ।

ਵਾਪਸ ਆਏ ਤਾਂ ਕਿਸੇ ਸੂਤਰ ਤੋਂ ਖਬਰ ਮਿਲੀ ਕਿ ਮਿਸਤਰੀ ਪ੍ਰੀਤਮ ਸਿੰਘ ਨੂੰ ਛੇਤੀ ਹੀ ਬਾਦ ਵਿਚ ਪੁਲਿਸ ਫੜ ਕੇ ਲੈ ਗਈ ਸੀ ਉਹਦੇ ਉੱਤੇ ੧੯੪੨ ਦੇ ਭਗੌੜੇ ਲੀਡਰਾਂ ਨੂੰ ਪਨਾਹ ਦੇਣ ਦਾ ਜੁਰਮ ਲੱਗਿਆ ਸੀ। ਪੁਲਿਸ ਨੇ ਉਸ ਉੱਤੇ ਸਖਤੀ ਕੀਤੀ ਸੀ।

ਕਈ ਵਰ੍ਹੇ ਪਿਛੋਂ ਉਹ ਮੇਰਾ ਪਤਾ ਪੁੱਛ ਕੇ ਆਇਆ ਸੀ। ਮੈਂ ਉਹਦੇ ਸ਼ਬਦਾਂ ਦੇ ਅਰਥ ਲੱਭਣ ਦੀ ਕੋਸ਼ਿਸ਼ ਕਈ ਦਿਨ ਤੱਕ ਕਰਦਾ ਰਿਹਾ। ਉਹਦੇ ਅੰਦਰ ਗੁਰੂ ਰਾਮ ਸਿੰਘ ਬੈਠਾ ਸੀ ਅਤੇ ਹੁਣ ਉਹ 'ਘਰ ਘਰ ਰਾਮ ਸਿੰਘ" ਹੋਣ ਦਾ ਹੋਕਾ ਦਿੰਦਾ ਫਿਰ ਰਿਹਾ ਸੀ। ਉਹਨੂੰ ਆਪਣੇ ਸਰੀਰ ਦੀ ਵੀ ਸੁੱਧ ਬੁੱਧ ਭੁੱਲ ਗਈ ਸੀ।



Sri Satguru Jagjit Singh Ji eLibrary NamdhariElibrary@gmail.com

# ਨਸ਼ੁਕਰਾ

—ਪ੍ਰੀਤਮ ਸਿੰਘ ਕਵੀ

ਇਹ ਕਹਾਣੀ ਰੂਸ ਦੀ ਹੈ।

ਕੋਈ ਮੁੰਡਾ ਤੇ ਕੁੜੀ ਸਾਂਝੇ ਫਾਰਮ ਵਿਚ ਕੰਮ ਕਰਦੇ ਸਨ। ਦੋਵੇਂ ਹੀ ਆਪਣੇ ਆਪਣੇ ਖੇਤਰ ਵਿਚ ਚੋਟੀ ਦੇ ਸਿਆਣੇ। ਕੁਦਰਤੀ ਹੀ ਦੋਵੇਂ ਸੁਭਾਅ ਵਲੋਂ ਵੀ ਚੁਪ ਕੀਤੇ ਜਿਹੇ ਸਨ। ਇਸ ਲਈ ਇਹਨਾਂ ਦੇ ਅੰਦਰ ਰਿਝਦੀਆਂ ਛੇਤੀ ਕੀਤਿਆਂ ਸਤਹ ਤੇ ਨਹੀਂ ਸਨ ਆਉਂਦੀਆਂ। ਦੋਹਾਂ ਦੇ ਮਨਾਂ ਵਿਚ ਬਾਰ ਬਾਰ ਆਉਂਦਾ : ਜੇ ਦੋਵੇਂ ਜਣੇ ਵਿਆਹ ਕਰਵਾ ਲਈਏ ਤੇ ਕਿਡੇ ਇਕਸੁਰ ਰਹੀਏ।

ਵਧੀਆ ਗੱਲ ਇਹ ਸੀ ਕਿ ਇਹਨਾਂ ਦੇ ਅੰਦਰਲੇ ਰੋਮਾਂਸ ਦਾ ਪਤਾ ਅਜੇ ਬਾਹਰ ਕਿਸੇ ਨੂੰ ਨਹੀਂ ਸੀ। ਰੋਜ਼ ਵੇਲੇ ਕੁਵੇਲੇ ਇਕ ਦੂਜੇ ਨੂੰ ਵੇਖਦੇ। ਨਾ ਸ਼ਰਾਰਤਾਂ ਮਚਲਦੀਆਂ ਨਾ ਮੁਸਕਾਨਾਂ ਜਵਾਬ ਦੇਂਦੀਆਂ ਲੈਂਦੀਆਂ। ਪਰ ਦੂਹਾਂ ਦੇ ਅੰਦਰ ਇਸ ਗੱਲ ਨੂੰ ਪਰਵਾਨ ਕਰਦੇ ਕਿ ਉਨ੍ਹਾਂ ਦੀ ਪਰਸਪਰ ਸਾਂਝ ਵਿਕਾਸ ਕਰ ਰਹੀ ਤੇ ਸ਼ਾਦੀ-ਆਬਾਦੀ ਵੱਲ ਵਧ ਰਹੀ ਹੈ।

ਨੌਜਵਾਨ ਕੋਲੋਂ, ਇਕ ਦਿਨ, ਰਿਹਾ ਨ ਗਿਆ। ਉਹ ਰੋਜ਼ ਦੀ ਅੰਦਰਲੀ ਘਮਸਾਣ ਨੂੰ ਮੁਕਾਣਾ ਚਾਹੁੰਦਾ ਸੀ। ਛੁੱਟੀ ਵੇਲੇ ਜਦੋਂ ਉਹ ਆਪਣੇ ਆਪਣੇ ਘਰ ਦਾ ਰਸਤਾ ਮਾਪਣ ਨੂੰ ਤਿਆਰ ਸਨ, ਇਕਾਂਤ ਵੇਖ ਕੇ, ਮੁੰਡੇ ਨੇ ਆਖਿਆ : ਨੀਨਾ, ਇੰਜ ਲਗਦਾ ਹੈ ਕਿ ਜਿਵੇਂ ਤੇਰੇ ਮੇਰੇ ਅੰਦਰ ਕੁਝ ਗਲਾਂ ਹੁੰਦੀਆਂ ਰਹਿੰਦੀਆਂ ਹਨ, ਮੈਂ ਚਾਹੁੰਦਾ ਹਾਂ ਕਦੀ ਵਕਤ ਕੱਢੇਂ ਤਾਂ ਦਿਲ ਦੀਆਂ ਕਰ ਲਈਏ।

ਕੁੜੀ ਨੇ 'ਠੀਕ' ਆਖਿਆ, ਜਿਵੇਂ ਉਹ ਵੀ ਇਹ ਘੜੀ ਉਡੀਕ ਕਰ ਰਹੀ ਸੀ।

— ਕਦੋਂ ਫਿਰ ?

— ਕੱਲ੍ਹ ਏਸ ਵੇਲੇ, ਕੱਠੇ ਹੀ ਨੀਲੇ ਜੰਗਲ ਵਲ ਚਲ ਪਵਾਂਗੇ।

ਅਤ ਨੀਲੇ ਜੰਗਲ ਨੂੰ ਤੁਰੇ-ਤੁਰੇ ਜਾਂਦਿਆਂ ਬਹੁਤ ਸਾਰੀਆਂ ਗੱਲਾਂ ਹੋ ਗਈਆਂ।

ਰਾਹ ਵਿਚ ਇਕ ਨਦੀ ਪੈਂਦੀ ਸੀ।

ਉਸ ਨੂੰ ਪਾਰ, ਵਿਚਦੀ- ਲੰਘ ਕੇ ਹੀ ਕਰਨਾ ਪੈਣਾ ਸੀ। ਤਦੇ ਖਬਰ ਜੁ ਇਕ ਬਾਲਕਾ ਸਿਰ ਤੇ ਕੁਝ ਲਕੜਾਂ ਚੁੱਕੀ ਆਉਂਦੀ ਕਾਹਲੇ ਕਦਮੀਂ ਏਨ੍ਹਾਂ ਪਾਸ ਆ ਕੇ ਰੁਕੀ : ਪਾਰ ਜਾਣਾ ਜੇ ?

— ਹਾਂ।

— ਤਾਂ ਜਰਾ ਠਹਿਰੋ, ਇਸ ਪਾਣੀ ਵਿਚ ਕਿਤੇ ਬਹੁਤ ਡੂੰਘ ਹੈ। ਮੈਂ ਭੱਜਕੇ ਬਾਲਣ ਘਰ ਛਡ ਆਵਾਂ, ਮੈਨੂੰ ਛੇ ਮਿੰਟ ਨਹੀਂ ਲਗਣੇ। ਏਥੇ ਨਾਲ ਹੀ ਘਰ ਹੈ।

ਵਿਆਹ-ਪ੍ਰਸਤਾਵ ਰਖਣ ਦੇ ਚਾਹਵਾਨ ਮੁੰਡੇ ਤੋਂ ਚਾਰ ਮਿੰਟ ਵੀ ਨਾ ਉਡੀਕੇ ਗਏ : ਕਿੱਥੇ ਵਖਤ ਪਾ ਗਈ ਏ ਉਡੀਕ ਦਾ। ਹੁਣ ਨੂੰ ਅਸਾਂ ਲੰਘ ਵੀ ਜਾਣਾ ਸੀ। ਭਲਾ ਸਾਥੋਂ ਕਿਤੇ ਉਹ ਵੱਡੀ ਹੈ ?

– ਸ਼ਾਸ਼ਾ, ਅਸਲ ਵਿਚ ਅੱਜ ਤੇਰੀਆਂ ਸਾਰੀਆਂ ਗੱਲਾਂ ਸੁਣਦਿਆਂ ਮੈਨੂੰ ਇੰਜ ਲਗਦਾ ਰਿਹਾ ਏ ਜਿਵੇਂ ਉਨ੍ਹਾਂ ਦਾ ਮੁਹਾਣ ਇਕੋ ਪਾਸੇ ਹੈ। ਉਸ ਵਿਚ ਨਾ ਤੂੰ ਆਪਣੀ ਮਾਂ ਨੂੰ ਬਖਸ਼ਿਆ ਨਾ ਬਾਪ ਨੂੰ, ਨਾ ਭੈਣ ਨੂੰ ਤੇ ਨਾ ਭਰਾ ਨੂੰ। ਭਲਾ ਇਸ ਓਪਰੀ ਕੁੜੀ ਨੂੰ ਕਿਵੇਂ ਖਿਮਾ ਕਰਦੋਂ। ਮੈਨੂੰ ਮੁਨਾਸਬ ਲਫ਼ਜ਼ ਨਹੀਂ ਸੀ ਲਭਦਾ ਪਿਆ ਜੋ ਤੇਰੇ ਸਾਰੇ ਚਰਿਤਰ ਨਾਲ ਢੁਕਦਾ ਹੋਵੇ। ਹੁਣ ਜਾ ਕੇ ਲੱਭਾ ਏ।

— ਕੀ ?

—ਨਸ਼ੁਕਰਾ। ਆ, ਵਾਪਸ ਚਲੀਏ। ਹੁਣ ਅਗੇ ਜਾਣ ਦੀ ਲੋੜ ਨਹੀਂ।

(ਵਰਿਆਮ ਸਤੰਬਰ ੧੯੭੮)



Sri Satguru Jagjit Singh Ji eLibrary NamdhariElibrary@gmail.com

# ਨਰਗੱਲਾ

ਇਕ ਦਿਉਰ ਭਰਜਾਈ ਸਨ। ਭਰਜਾਈ ਆਦਤਾਂ ਵਲੋਂ ਤੇ ਸਰੀਰ ਵਲੋਂ ਵੀ ਲੁਭਾਵਨੀ ਸੀ। ਦਿਉਰ ਨੇ ਪਹਿਲੇ ਦਿਨੋਂ ਹੀ ਉਸ ਤੇ ਡੋਰੇ ਪਾਉਣੇ ਸ਼ੁਰੂ ਕੀਤੇ। ਭਰਜਾਈ ਦਿਉਰ ਦੀ ਸੇਵਾ ਤੇ ਦਿਲ ਰਖਣੀ ਤਾਂ ਕਰਦੀ ਰਹੀ, ਪਰ ਉਸਦੀ ਕਦੇ ਸਰੀਰਕ ਪਿਆਸ ਨ ਬੁਝਾਈ। ਕਹਿੰਦੀ : ਮੈਂ ਤੇਰਾ ਮਾਣ ਤਾਣ ਕਰਦੀ ਹਾਂ, ਤੇਰੇ ਖਾਣ ਪੀਣ ਦੀਆਂ ਲੋੜਾਂ ਦਾ ਵੀ ਖਿਆਲ ਰਖਦੀ ਹਾਂ ਪਰ ਤੇਰੇ ਪਿੰਡੇ ਦੀ ਲੋੜ ਨਹੀਂ ਪੂਰ ਸਕਦੀ—ਏਥੇ ਜਾਕੇ ਤੇਰੇ ਵੀਰ ਦਾ ਅਧਿਕਾਰ ਹੈ।

ਦਿਉਰ ਤੜਿੰਗ ਰਹਿਣ ਲਗਾ। ਪਰੇਸ਼ਾਨ ਕਰਨ ਲਗਾ। ਤੇ ਆਪ ਵੀ ਅਸ਼ਾਂਤ ਹੋ ਗਿਆ। ਉਸਨੇ ਸਮਝ ਲਿਆ ਕਿ ਭਰਜਾਈ ਗਲਤ ਸੀ। ਉਸਨੂੰ ਉਸਦਾ 'ਨਿਰਾਦਰ' ਨਹੀਂ ਸੀ ਕਰਨਾ ਚਾਹੀਦਾ। ਸਮਾ ਬੀਤਦਾ ਗਿਆ।

ਅਤੇ ਹੌਲੀ ਹੌਲੀ ਦਿਉਰ ਕੁਸੰਗਤ ਦਾ ਸ਼ਿਕਾਰ ਹੋ ਗਿਆ। ਅਫ਼ੀਮ, ਡੋਡੇ, ਸ਼ਰਾਬ ਉਹਦੀ ਨਿਤ ਵਰਤੋਂ ਦਾ ਭਾਗ ਬਣ ਗਏ। ਚਾਰ ਯਾਰੀ ਵੀ ਉਹਨਾਂ ਲੋਕਾਂ ਦੀ ਹੋ ਗਈ ਜਿਨ੍ਹਾਂ ਦੀ ਮਿਲਣੀ ਮਾਂ-ਭੈਣ ਦੀ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ। ਚਿੜਿਆ ਹੋਇਆ ਦਿਉਰ ਆਪਣੀ ਕਾਇਆਂ ਅਤੇ ਜਵਾਨੀ ਦਾ ਦੁਸ਼ਮਨ ਬਣ ਗਿਆ।

ਕਾਰਨ ਬਣਨਾ ਸੀ, ਇਕ ਦਿਨ, ਅਜਿਹੀ ਦਰਦ ਉਠੀ ਕਿ ਦਿਉਰ ਦਾ ਵੱਡਾ ਭਾਈ ਜਹਾਨੋਂ ਚਲਾ ਗਿਆ। ਭਰਜਾਈ ਸਿਰੋਂ ਨੰਗੀ ਹੋ ਗਈ।

ਸਮਾ ਪਾ ਕੇ ਭਰਜਾਈ ਦਿਉਰ ਵਲ ਤਾਂਘ ਭਰੀਆਂ ਅੱਖਾਂ ਨਾਲ ਵੇਖਣ ਲਗੀ ਅਨੀਂ ਬਹਾਨੀਂ ਉਸਨੂੰ ਕੁਆਣ-ਬੁਲਾਣ ਲਗੀ, ਪਰ ਦਿਉਰ ਸੀ ਕਿ ਲੋਹੇ ਦਾ ਥਣ ਬਣ ਗਿਆ।

ਹਾਰਕੇ ਇਕ ਦਿਨ ਉਸ ਦਿਉਰ ਦਾ ਹੱਥ ਫੜ ਕੇ ਬਿਠਾ ਲਿਆ। ਸੜੇ-ਬਲੇ ਦਿਉਰ ਨੇ ਆਖਿਆ : ਦੱਸ, ਕੀ ਕਿਹਨੀ ਐਂ

ਭਰਜਾਈ ਨੇ ਸਮਝਾਇਆ : ਮੈਂ ਤੇਰੇ ਨਾਲ ਕਦੇ ਵੀ ਨਾਜਾਇਜ਼ ਜਾਂ ਧੱਕਾ ਨਹੀਂ ਕੀਤਾ। ਓਦੋਂ ਮੇਰੀ ਵਫ਼ਾ ਤੇਰੇ ਭਰਾ ਨਾਲ ਸੀ ਉਹ ਤੁਰ ਗਿਐ ਤਾਂ ਤੇਰੇ ਜਤਨ ਮੇਰੇ ਅੰਦਰ ਜਾਗ ਪਏ ਹਨ। ਹੁਣ ਤੂੰ ਸਮਝਦਿਆਂ ਹੋਇਆਂ ਵੀ ਮੇਰੀਆਂ ਰਮਜ਼ਾਂ ਤੋਂ ਅੱਖਾਂ ਮੀਟ ਰੱਖੀਆਂ ਹਨ। ਆਂ ਆਪਾਂ ਹੁਣ ਅਗਲਾ ਸਫ਼ਰ ਇਕਠਿਆਂ ਕਰੀਏ।

ਦਿਉਰ ਆਪਣੇ ਔਗੁਣ ਗਿਣਨ ਲਗਾ : ਮੈਂ ਅਵਾਰਾ ਹਾਂ।

— ਪਰਵਾਨ ਹੈ।

— ਸ਼ਰਬਾ ਪੀਂਦਾ, ਅਫ਼ੀਮ ਖਾਂਦਾ ਹਾਂ।

— ਮਨਜ਼ੂਰ ਹੈ।

— ਦੁਰਾਚਾਰੀ ਹਾਂ। ਝੂਠਾ ਹਾਂ।

— ਇਹ ਵੀ ਮੰਨ ਲਿਆ।

— ਜ਼ਨਾਕਾਰ ਹਾਂ।

— ਕੋਈ ਹਰਜ ਨਹੀਂ।

— ਤੂੰ ਹਰ ਗੱਲ ਮੰਨੀ ਜਾਂਦੀ ਹੈ। ਪਰ ਮੇਰੇ ਵਿਚ ਇਕ ਹੋਰ ਭੈੜ ਵੀ ਹੈ ?

— ਉਹ ਵੀ ਦੱਸ ?

— ਮੈਂ ਨਰਗੱਲਾਂ ਹਾਂ।

ਅਤੇ ਇਹ ਸੁਣਕੇ ਭਰਜਾਈ ਨੇ ਟੁੱਟੇ ਹੋਏ ਦਿਲ ਨਾਲ ਆਖਿਆ : ਤਾਂ ਫਿਰ ਤੇਰੀ ਮੇਰੀ ਗੱਲ ਕੋਈ ਨਹੀਂ।

(ਵਰਿਆਮ ਸਤੰਬਰ ੧੯੭੮



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਤੇ ਬੈਲ ਰੋ ਪਿਆ

—ਪ੍ਰੀਤਮ ਸਿੰਘ ਕਵੀ

*ਸ਼ਰਧਾ-ਭਾਵੀ, ਕੋਮਲ-ਚਿਤ ਲੇਖਕ ਦੀ ਲਿਖਤ ਵਿਚ ਪਸ਼ੂ ਦੀ ਮਨੁਖ-ਬਿਰਤੀ ਬਾਰੇ ਘਟਨਾ ਦਾ ਬਿਰਤਾਂਤ ਬਹੁਤ ਸੁੰਦਰ ਹੈ. ਕਵੀ ਜੀ ਆਪਣੇ ਬਿਰਤਾਂਤ ਰਾਹੀਂ ਘਟਨਾ ਨੂੰ ਰੋਚਕ ਬਣਾ ਗਏ ਹਨ।* **—ਸੰਪਾਦਕ**

ਉਂਜ ਤਾਂ ਉਹ ਬਲਦ ਸੀ ਗੋਰਾ, ਮੀਣਾ ਤੇ ਚੰਗਾ ਕਦੌੜ, ਪਰ ਉਸਦੀ ਹਲੀਮੀ ਏਹ ਦਸਦੀ ਸੀ ਕਿ ਸਵਰਗਾਂ ਦਾ ਕੋਈ ਨਿਰਮਾਣ ਰਿਖੀ ਧਰਤੀ ਤੇ ਆਇਆ ਹੈ। ਉਸਨੇ ਕਦੇ ਬੜ੍ਹਕ ਨਹੀਂ ਸੀ ਮਾਰੀ। ਉਸਨੂੰ ਕਿਸੇ ਖਰੂਦ ਕਰਦਿਆਂ ਨਹੀਂ ਸੀ ਡਿੱਠਾ. 'ਛੜ ਮਾਰਨੀ' ਜਿਵੇਂ ਉਸਦੀ ਤਾਕਤ ਤੋਂ ਹੀ ਬਾਹਰੀ ਸੀ। ਧੌਣ ਝੁਕਾਈ ਉਸ ਨੇ ਪੰਜਾਲੀ ਗਲ ਪੁਆ ਲੈਣੀ ਤੇ ਖੇਤਾਂ ਦੇ ਖੇਤ ਵਾਂਹਦਿਆਂ ਕਦੇ ਅਕੇਵਾਂ ਨਾ ਦਸਣਾ। ਉਸ ਇੱਕਲੇ ਨਾਲ ਦੋ ਦੋ ਚਾਰ ਚਾਰ ਬਲਦ ਬਦਲਨੇ ਪੈਣੇ। ਤੇ ਜਦੋਂ ਕਦੇ ਗੱਡੇ ਤੇ ਜੁਪਣਾ ਤਾਂ ਵੀ ਬੜੀ ਹਲੀਮੀ ਨਾਲ ਜੂਲੇ ਥੱਲੇ ਸਿਰ ਦੇ ਕੇ ਨੀਅਤ ਨਾਲ ਭਰੇ-ਭਕੁੰਨੇ ਗਡੇ ਨੂੰ ਰਵਾਂ ਰਵੀਂ ਖਿਚ ਖੜਨਾ, ਏਹ ਕਦੇ ਨਹੀਂ ਜਤਾਣਾ ਕਿ ਗੱਡੇ ਉਤੇ ਕਦੇ ਉਸਦੇ ਵਿਤੋਂ ਵਾਧੂ ਬੋਝ ਵੀ ਹੁੰਦਾ ਹੈ।

ਇਹ ਬਲਦ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਭੈਣੀ ਸਾਹਿਬ ਗੁਰਦੁਆਰੇ ਦੀ ਪਸ਼ੂ ਸ਼ਾਲਾ ਦਾ ਸ਼ਿੰਗਾਰ ਸੀ। ਹੈਰਾਨ ਨਾ ਹੋਣਾ ਇਹ ਇੱਕਲਾ ਦਸ ਬਲਦਾਂ ਦੀ ਖੁਰਾਕ ਖਾ ਜਾਂਦਾ, ਕੋਈ ਵਿਰਲਾ ਬਲਦ ਰੋਜ਼ਾਨਾ ੧੦ ਸੇਰ ਕਣਕ ਖਾ ਕੇ ਪਚਾ ਸਕਦਾ ਹੈ ਪਰ ਏਹ ਇੱਕਲਾ ਇਕ ਦਿਨ ਢਾਈ ਮਨ ਪਕੀ ਕਣਕ ਖਾ ਕੇ ਪਚਾ ਸਕਦਾ ਹੈ। ਫੋਸੀ ਹਮੇਸ਼ਾਂ ਪੀਡੀ ਕਰਨੀ। ਗੋਹੇ 'ਚ ਕਣਕ ਦਾ ਦਾਣਾ ਨਾ ਹੋਣ ਕਰਕੇ ਕੋਈ ਜਾਨਵਰ ਵੀ ਨਹੀਂ ਸੀ ਫਰੋਲਦਾ। ਹਾਜ਼ਮੇ ਦਾ ਨੁਕਸ ਸੰਭਾਲ ਕਰਨ ਵਾਲਿਆਂ ਨੂੰ ਕਦੇ ਲੱਭਾ ਨਹੀਂ ਸੀ। ਚੰਗੇ ਵਾਹੀਕਾਰ ਤੇ ਪਸ਼ੂ-ਪਾਰਖੂ ਇਸ ਨੂੰ ਵੇਖਣ ਲਈ ਦੂਰ ਨੇੜਿਓਂ ਆਉਂਦੇ। ਸੁਥਰੀਆਂ ਤੇ ਸਾਫ਼ ਕੁਤਰੇ ਪਠਿਆਂ ਨਾਲ ਡੁੱਲ੍ਹ ਡੁੱਲ੍ਹ ਪੈਂਦੀਆਂ ਖੁਰਲੀਆਂ ਤੇ ਗਊਆਂ, ਮਹੀਆਂ ਬਲਦਾਂ ਨੂੰ ਵੇਖ ਵੇਖ ਖੁਸ਼ ਹੁੰਦੇ, ਪਰ ਜਦੋਂ ਉਸ ਬੈਲ ਦੀ ਖੁਰਲੀ ਪਾਸ ਆਉਂਦੇ ਤਾਂ ਅਸਚਰਜ ਰਹਿ ਜਾਂਦੇ। ਕੁਝ ਸਫਾਈ ਇਸ ਨੂੰ ਸੰਭਾਲਨ ਵਾਲੇ ਸੇਵਕ ਰਖਦੇ ਬਾਕੀ ਦੀ ਏਹ ਆਪ ਕਰ ਲੈਂਦਾ। ਅੱਖ ਇਸ ਦੇ ਪਿੰਡਿਓਂ ਨ ਚੁਕੀਂਦੀ ਤੇ ਦਰਸ਼ਕਾਂ ਦੇ ਮਨਾਂ ਤੇ ਇਸ ਦੀਆਂ ਖੂਬੀਆਂ ਤੇ ਸੁੰਦਰਤਾ ਦੀ ਡੂੰਘੀ ਛਾਪ ਲੱਗ ਜਾਂਦੀ। ਖੁਰਲੀ ਤੇ ਤਾਂ ਸੋਹਣਾ ਲਗਣਾ ਹੀ ਸੀ ਹਲ ਵਾਂਹਦਿਆਂ ਗੱਡੇ ਜੁਪਦਿਆਂ ਇਸ ਦੀ ਫੱਬਣ ਹੋਰ ਵੀ ਦੂਣ ਸਵਾਈ ਹੋ ਹੋ ਪੈਂਦੀ ਹੈ. ਤਾਂ ਉਹ ਕਿਸੇ ਉਚੀ ਲੰਮੀ ਗਾਂ ਦਾ ਬੱਚਾ ਹੀ ਸੀ ਪਰ ਸ਼ਹਿਜ਼ਾਦਿਆਂ ਵਰਗੀ ਸ਼ੁਹਰਤ ਏਹਦੀ ਰਾਤ-ਰਾਣੀ ਦੀ ਮਹਿਕ ਵਾਂਗ ਦੁਆਲੇ ਪਸਰੀ ਹੋਈ ਸੀ।

ਇਕ ਦਿਨ ਭਾਈ ਦਾਨ ਸਿੰਘ ਜੀ ਨੇ ਗੱਡ ਜੋ ਲਈ। ਹੇਠ ਇਸ ਨੂੰ ਜੋੜਿਆ ਕੇ ਉਪਰਲਾ ਇਸ ਦਾ ਸਾਥੀ ਬਲਦ ਵੀ ਵਾਹਵਾ ਤਕੜਾ ਤੇ ਜੁਸਿਓਂ ਬਾਹਲਾ ਕੰਮ ਕਰਨ ਵਾਲਾ ਸੀ। ਏਸ ਸੁੰਦਰ ਜੋਗ ਨੂੰ ਜੋਈ ਲੰਗਰ ਲਈ ਬਾਲਣ ਦਾ ਗੱਡਾ ਲੈਣ ਲਈ ਦੂਰ ਖੇਤ ਵਿੱਚ ਗਏ। ਸੱਜਣਾਂ ਸਾਥੀਆਂ ਦੀ ਮਦਦ ਨਾਲ ਗੱਡਾ ਚੰਗਾ ਭਰ ਲਿਆ, ਪਰ ਭਾਰੀਆਂ ਲਕੜਾਂ ਦੇ ਵਜ਼ਨ ਦਾ ਅੰਦਾਜ਼ਾ ਨਾ ਕੀਤਾ। ਮਦਦੀ ਘਰਾਂ ਨੂੰ ਆ ਗਏ। ਭਾਈ ਦਾਨ ਸਿੰਘ ਜੀ ਨੇ ਗੱਡਾ ਜੋੜ ਲਿਆ।

ਭਾਰ ਬਹੁਤਾ ਸੀ ਪਰ ਦੋਹਾਂ ਸ਼ੇਰ-ਬੈਲਾਂ ਨੇ ਪਰਵਾਹ ਨਾ ਕੀਤੀ। ਖਿੱਚੀ ਲਈ ਤੁਰੇ ਆਏ। ਚਾਲ ਵਿਚ ਵੀ ਕਮਜ਼ੋਰੀ ਨਾ ਵਖਾਈ ਰਸਤੇ ਵਿਚ ਰੇਤਲਾ ਟਿੱਬਾ ਸੀ। ਜਿਆਦਾ ਭਾਰ ਹੋਣ ਕਰਕੇ ਟਿੱਬਾ ਚੜ੍ਹਨ ਤੋਂ ਪਹਿਲੋਂ ਸਾਹ ਲੈਣ ਲਈ ਜੋੜੀ ਜ਼ਰਾ ਕੁ ਰੁਕ ਗਈ। ਦਾਨ ਸਿੰਘ ਜੀ ਨੂੰ ਏਡੀ ਵਧੀਆ ਜੋਗ ਤੋਂ ਏਹ ਰੁਕਣਾ ਚੰਗਾ ਨਾ ਲੱਗਾ। ਗੁੱਸਾ ਆ ਗਿਆ। ਸਾਡੀ ਏਸ ਕਹਾਣੀ ਦੇ ਬੈਲ ਨੂੰ ਤਕੜਾ ਬੈਲ ਜਾਣ ਕੇ ਦੋ ਸੋਟੀਆਂ ਜੜ ਦਿਤੀਆਂ। ਦਾਨ ਸਿੰਘ ਜੀ ਨੂੰ ਖੁਆਈ-ਖੁਰਾਕ ਦਾ ਚੇਤਾ ਸੀ, ਲੱਦੇ ਭਾਰ ਦੀ ਅੱਤ ਦਾ ਪਤਾ ਨਹੀ ਸੀ।

ਬਲਦ ਨੇ ਸੋਟੀਆਂ ਖਾ ਕੇ, ਅਪਣਾ ਸਿਰ ਡੂੰਘੇ ਗ਼ਮ ਵਿਚ ਹਿਲਾਇਆ। ਸਿਰ ਕਾਹਦਾ ਹਿਲਾਇਆ, ਜਾਪਣ ਲੱਗਾ ਕਿ ਕੋਈ ਫਰਿਸ਼ਤਾ ਆਪਣੇ ਨਾਲ ਹੋਈ ਜ਼ਿਆਦਤੀ, ਦੁਖ ਤੇ ਪਛਤਾਵੇ ਨਾਲ ਵਿੰਨ੍ਹਿਆ ਗਿਆ ਹੈ। ਦਾਨ ਸਿੰਘ ਜੀ ਨੂੰ ਬੈਲ ਦੇ ਸਿਰ ਹਿਲਾਣ ਨੇ ਹੋਰ ਹੀ ਮੰਡਲ ਵਿੱਚ ਲੈ ਆਂਦਾ। ਤਰਸ ਆ ਗਿਆ। ਜੂਲਿਓਂ ਹੇਠਾਂ ਉਤਰ ਕੇ ਜੇ ਬੈਲ ਦੇ ਮੂੰਹ ਵੱਲ ਡਿੱਠਾ ਤਾਂ ਬੈਲ ਦੀਆਂ ਅੱਖਾਂ ਪਰਲ ਪਰਲ ਹੰਝੂ ਕੇਰ ਰਹੀਆਂ ਸਨ। ਉਹ ਹੰਝੂ ਨਹੀਂ ਸਨ, ਮਾਨੋ ਬੇਜ਼ਬਾਨ ਬੈਲ ਦੀ ਬੇ-ਬਸ ਆਤਮਾ ਕਿਰ ਰਹੀ ਸੀ।

ਹੁਣ ਦਾਨ ਸਿੰਘ ਜੀ ਦੀ ਆਤਮਾ ਵੀ ਝੰਜੋੜੀ ਗਈ। ਆਪਣੇ ਪਿਆਰੇ ਬਲਦ ਦੇ ਹੰਝੂ ਵਗਦੇ ਤੱਕ ਨ ਸੱਕੇ। ਸਿਰੋਂ ਪੱਗ ਲਾਹ ਲਈ। ਬਲਦ ਦੇ ਮੂਹਰਲੇ ਖੁਰਾਂ ਤੇ ਜਾ ਰਖੀ। ਤਰਲਾ ਕੀਤਾ 'ਮੇਰਾ ਕਸੂਰ ਮਾਫ ਕਰ। ਸਜਣਾਂ ਮੈਂ ਨਹੀਂ ਜਾਣ ਸਕਿਆਂ ਤੂੰ ਦਿਆਨਤਦਾਰੀ ਨਾਲ ਅਮਿਤਵਾਂ ਭਾਰ ਲਈ ਆਉਂਦਾ ਸੈਂ। ਮੈਨੂੰ ਖੁਆਈ ਖੁਰਾਕ ਦਾ ਖ਼ਿਆਲ ਤਾਂ ਆ ਗਿਆ ਪਰ ਤੇਰੀ ਸਦਾ ਦੀ ਨੇਕ-ਕਾਰ ਦਾ ਚੇਤਾ ਨ ਆਇਆ। ਮੈਨੂੰ ਖ਼ਿਮਾ ਕਰ। ਪਤਾ ਨਹੀਂ ਤੂੰ ਪਿਛਲੇ ਜਨਮ ਦਾ ਕੌਣ ਸਿੱਧ ਸਾਧ ਹੈਂ। ਅਗੋਂ ਲਈ ਏਹ ਕਾਹਲੇ ਹੱਥ ਏਸ ਤਰ੍ਹਾਂ ਨਹੀਂ ਤੇਰੇ ਤੇ ਉਠਣਗੇ।"

ਇਉਂ ਲਗਾ ਜਿਵੇਂ ਬੈਲ ਨੇ ਦਾਨ ਸਿੰਘ ਜੀ ਦੀ ਭਾਸ਼ਾ ਸਮਝ ਲਈ। ਨੇਤਰਾਂ 'ਤੋਂ ਹੰਝੂ ਵਗਣੇ ਬੰਦ ਹੋ ਗਏ। ਜ਼ਰਾ ਕੁ ਹੰਭਲੇ ਨਾਲ ਹੀ ਗੱਡਾ ਅਗਾਂਹ ਨੂੰ ਰਿੜ੍ਹ ਤੁਰਿਆ। ਫੇਰ ਜ਼ਿੰਦਗੀ ਭਰ ਦਾਨ ਸਿੰਘ ਜੀ ਇਸ ਨੂੰ ਦੇਵਤਾ ਜਾਣ ਕੇ ਇਸ ਦੀ ਸੇਵਾ ਕਰਦੇ ਰਹੇ!



Sri Satguru Jagjit Singh Ji eLibrary NamdhariElibrary@gmail.com

# ਕੁਝ ਵਰਿਆਮ ਦੇ ਪੰਨਿਆਂ ਉੱਤੇ ਖਿਲਰੇ ਇਤਿਹਾਸ ਵਿਚੋਂ

*—ਗੁਰਬਖਸ਼ ਸਿੰਘ ਬੰਨੋਆਣਾ*

"ਵਰਿਆਮ" ਇੱਕ ਖੋਜ-ਪੱਤ੍ਰਿਕਾ ਨਹੀਂ। ਫਿਰ ਵੀ ਇਸ ਵਿਚ ਇਤਿਹਾਸ ਦੇ ਹਵਾਲੇ ਨਾਲ ਜੋ ਕੁਝ ਪ੍ਰਕਾਸ਼ਤ ਹੁੰਦਾ ਹੈ ਉਹ ਇਤਿਹਾਸ ਨੂੰ ਜਾਣਨ, ਘੋਖਣ, ਇਸ ਦੀ ਹਾਥ ਪਾਉਣ ਅਤੇ ਸੱਚ ਦੀ ਭਾਲ ਵਿਚ ਹੋਰ ਅੱਗੇ ਵਧਣ ਲਈ ਵੰਗਾਰਦਾ ਹੈ। ਵਿਸ਼ਵਾਸ, ਸ਼ੰਕਾ, ਸ਼ੰਕੇ ਦਾ ਨਿਵਾਰਨ ਜਾਂ ਪੁਸ਼ਟੀ ਸਾਡੀ ਖੋਜ ਸਮਰਥਾ ਜਾਂ ਸਾਡੇ ਗਿਆਨ ਦੀ ਸਮਰਥਾ ਉੱਤੇ ਨਿਰਭਰ ਕਰਦੀ ਹੈ।

ਪੱਚੀਵੇਂ ਸਾਲ ਦੇ ਦੂਜੇ ਅੰਕ ਵਿਚ ਤਾਂ ਇਤਿਹਾਸ ਨਾਲ ਜੁੜੀ ਹੋਈ ਸਮਗਰੀ ਛਾਪੀ ਹੋਈ ਹੈ।

ਇਸ ਦਾ ਪਹਿਲਾ ਲੇਖ ਹੈ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ।" ਲੇਖਕ ਹਨ : ਡਾ. ਸਤਿੰਦਰ ਸਿੰਘ ਨੂਰ। ਲੇਖਕ ਨੇ ਕਿਹਾ—

"ਮੱਧ ਕਾਲ ਤੋਂ ਹੀ ਹੁਕਮਨਾਮਿਆਂ ਦੀ ਇਕ ਵਿਧੀ ਵਿਕਸਤ ਹੋਣੀ ਸ਼ੁਰੂ ਹੋ ਗਈ ਸੀ।

ਮਧਕਾਲ ਦੇ ਹੁਕਮਨਾਮਿਆਂ ਤੇ ਇਨ੍ਹਾਂ ਹੁਕਮਨਾਮਿਆਂ ਵਿਚ ਇਕ ਅੰਤਰ ਵੀ ਹੈ। ਉਨ੍ਹਾਂ ਹੁਕਮਨਾਮਿਆਂ ਵਿਚ ਵੀ ਭਾਵੇਂ ਗੱਲ ਪ੍ਰਬੰਧ ਨਾਲ ਸਬੰਧਤ ਹੁੰਦੀ ਸੀ, ਪਰ ਇਕ ਵਿਹਾਰਕ-ਸੰਦੇਸ਼ ਕੇਂਦਰ ਵਿਚ ਹੁੰਦਾ ਸੀ, ਇਸੇ ਲਈ ਉਹ ਹੁਕਮਨਾਮੇ ਵਧੇਰੇ ਵਿਸਤ੍ਰਿਤ ਨਹੀਂ ਹਨ, ਇਹ ਹੁਕਮਨਾਮੇ ਵਧੇਰੇ ਵਿਸਤ੍ਰਿਤ ਹਨ ਤੇ ਨਾਮਧਾਰੀ ਲਹਿਰ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਜਿਸ ਵਿਚਾਰਧਾਰਾ ਲਈ ਸਰਗਰਮ ਹੈ, ਜਿਸ ਸਮਾਜਕ-ਪ੍ਰਬੰਧ ਨੂੰ ਆਦਰਸ਼ ਬਣਾਉਂਦੀ ਹੈ, ਉਸਦਾ ਸੰਚਾਰ ਇਨ੍ਹਾਂ ਵਿਚ ਬਾਰ ਬਾਰ ਉਭਰਦਾ ਹੈ। ਇਸ ਸਮਾਜਕ-ਪ੍ਰਬੰਧ, ਆਦਰਸ਼ ਤੇ ਵਿਚਾਰਧਾਰਾ ਬਾਰੇ ਸਾਹਿਤ ਕੋਸ਼ (ਸੰ. ਡਾ. ਰਤਨ ਸਿੰਘ ਜੱਗੀ) ਵਿਚ ਇਉਂ ਅੰਕਿਤ ਕੀਤਾ ਗਿਆ ਹੈ :

"ਸਿੱਖਾਂ ਦੀ ਧਾਰਮਿਕ ਅਧੋਗਤੀ ਦੀ ਸਥਿਤੀ ਤੋਂ ਪ੍ਰੇਰਿਤ ਹੋ ਕੇ ਬਾਬਾ ਰਾਮ ਸਿੰਘ ਜੀ ਨੇ ਧਰਮ ਪ੍ਰਚਾਰ ਦੀ ਮੁਹਿਮ ਜਾਰੀ ਕੀਤੀ। ਸੰਮਤ ੧੯੧੪ ਦੀ ਵਿਸਾਖੀ ਨੂੰ ਆਪਣੇ ਪਿੰਡ ਅੰਮ੍ਰਿਤ ਤਿਆਰ ਕਰਕੇ ਪੰਜ ਸਿੰਘਾਂ ਨੂੰ ਤਿਆਰ ਕੀਤਾ। ਕਕਾਰਾਂ ਦੀ ਕਰੜੀ ਪਾਬੰਦੀ ਪਾਈ। ਸਰੀਰਿਕ ਤੰਦਰੁਸਤੀ ਲਈ ਸਰੀਰਿਕ ਸਫਾਈ ਵਜੋਂ ਪਹਿਰ ਰਾਤ ਰਹਿੰਦਿਆਂ ਸਣੇ ਕੇਸੀ ਇਸ਼ਨਾਨ ਕਰਨ, ਦਾਤਣ ਕਰਨ ਅਤੇ ਸਾਫ ਬਸਤ੍ਰ ਪਾਉਣ ਦੀ ਰੀਤ ਤੋਰੀ। ਮਾਸ, ਸ਼ਰਾਬ, ਚੋਰੀ, ਯਾਰੀ, ਝੂਠ ਨਿੰਦਿਆ, ਠੱਗੀ, ਧੋਖਾ ਆਦਿ ਬੁਰਾਈਆਂ ਨੂੰ ਛੱਡਣ ਦਾ ਉਪਦੇਸ਼ ਦਿੱਤਾ। ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ ਨਾਮਬਾਣੀ ਦੀ ਰੀਤ ਮੁੜ ਸੁਰਜੀਤ ਕੀਤੀ। ਜਾਤ-ਪਾਤ ਦਾ ਭਿੰਨ-ਭੇਦ ਮਿਟਾ ਕੇ ਵਿਆਹ ਸ਼ਾਦੀਆਂ ਕਰਨ ਦੇ ਨਾਲ ਵਿਧਵਾ ਵਿਆਹ ਕਰਨ ਉਪਰ ਜ਼ੋਰ ਦਿੱਤਾ। ਇਸਤਰੀ ਮਰਦ ਦੇ ਹੱਕਾਂ ਦੀ ਬਰਾਬਰੀ ਦੇ ਵਿਚਾਰ ਨੂੰ ਚੰਗੀ ਤਰ੍ਹਾਂ ਅਪਣਾਇਆ। ਇਸ ਦੇ ਨਾਲ ਹੀ ਅੰਗਰੇਜ਼ ਹਾਕਮਾਂ ਤੋਂ ਮਾਤ-ਭੂਮੀ ਨੂੰ ਆਜ਼ਾਦ ਕਰਾਉਣ ਲਈ ਹਰੇਕ ਨਾਮਧਾਰੀ ਲਈ ਹੇਠ ਲਿਖੇ ਨਿਯਮਾਂ ਤੇ ਚੱਲਣ ਦੀ ਹਦਾਇਤ ਵੀ ਕੀਤੀ :

ਅੰਗਰੇਜ਼ ਦੇ ਕਾਨੂੰਨ ਦੀ ਥਾਂ ਪੁਰਾਣੇ ਅਸੂਲਾਂ ਤੇ ਰਿਵਾਜਾਂ ਨੂੰ ਮੰਨੋ, ਆਪਸੀ ਝਗੜੇ ਅੰਗਰੇਜ਼ ਦੀ ਅਦਾਲਤ ਦੀ ਥਾਂ ਪੰਚਾਇਤਾਂ ਵਿਚ ਨਿਬੇੜੋ, ਅੰਗਰੇਜ਼ਾਂ ਵੱਲੋਂ ਖੋਲ੍ਹੇ ਸਕੂਲਾਂ ਦੀ ਥਾਂ ਬੱਚਿਆਂ ਨੂੰ ਦੇਸੀ ਪਾਠਸ਼ਾਲਾਵਾਂ ਵਿਚ ਪੜ੍ਹਾਓ, ਸੁਦੇਸ਼ੀ (ਖੱਦਰ) ਪਹਿਨੋ, ਰੇਲ ਜਾਂ ਡਾਕਖਾਨੇ ਦੀ ਥਾਂ ਆਪਣੇ ਵਸੀਲੇ ਰਥ, ਬੈਲਗੱਡੀ, ਘੋੜੇ ਜਾਂ ਊਠ ਦੀ ਵਰਤੋਂ ਕਰੋ। ਗੱਲ ਕੀ ਅੰਗਰੇਜ਼ ਹਕੂਮਤ ਨਾਲ ਨਾ-ਮਿਲਵਰਤਨ ਕਰੋ" (ਪੰ. ੬੫੨)

ਸਪੱਸ਼ਟ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਨਵੀਆਂ ਸਮਾਜਕ ਤੇ ਰਾਜਸੀ ਸਥਿਤੀਆਂ ਹਨ ਤੇ ਉਪਰੋਕਤ ਵਿਚਾਰਧਾਰਾ ਦਾ ਇਨ੍ਹਾਂ ਹੁਕਮਨਾਮਿਆਂ ਵਿਚ ਵੀ ਸੰਚਾਰ ਵਿਸਤ੍ਰਿਤ ਰੂਪ ਵਿਚ ਫੈਲਿਆ ਹੋਇਆ ਹੈ। ਵਿਹਾਰਕ ਮਸਲੇ ਸੁਲਝਾਉਣ ਦਾ ਪ੍ਰਵਚਨ ਸੰਗਤ ਜਾਂ ਕਿਸੇ ਵਿਅਕਤੀ ਨੂੰ ਇਸੇ ਰੂਪ ਵਿਚ ਸੰਬੋਧਿਤ ਹੈ—

*"ਹੋਰੁ ਅਤਰੀ ਦੀ ਭੀ ਬਾਝ ਕੁਛ ਨਹੀਂ ਲਿਖੀ ਕਿਤੇ ਅਨੰਦ ਪੜ੍ਹਾ ਲਿਆ ਹੈ ਕਿ ਨਹੀਂ। ਲੋਕਾਂ ਦੇ ਕਹੇ ਕਹਾਇ ਤੂ ਕਿਤੇ ਅਤਰੀ ਨੂ ਗਲ ਨਾ ਪਾ ਲਈ। ਭਜਨ ਬਾਣੀ ਨਹੀ ਹੋਊ ਜੇ ਗਲਿ ਪਾਇ ਲਈ ਹੁਣ ਭਜਨ ਬਾਣੀ ਦਾ ਬੇਲ ਹੈ। ਅਰੁ ਘੋੜਾ ਇਕੁ ਅਧਾ ਰਖੁ ਹੋਰ ਨਾ ਰਖੀ।"*

*(ਹੁਕਮਨਾਮਾ ੧੧)*

*"ਸਭਨੁ ਕੁੜੀ ਮੁੰਡੇ ਨੂੰ ਪੜ੍ਹਾਇ ਦੇਣੇ ਗੁਰਮੁਖੀ।"*

*(ਹੁਕਮਨਾਮਾ ੧੨)*

*"ਲੜਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲੜਕੀ ਦੇ ਦੰਮ ਲੈਣੇ। ਜੇਹੜਾ ਲੜਰੀ ਮਾਰੇ, ਬੇਚੇ ਵਟਾ ਕਰੇ, ਉਸਦੇ*



Sri Satguru Jagjit Singh Ji eLibrary NamdhariElibrary@gmail.com

*ਹਥ ਦਾ, ਘਰ ਦਾ ਅੰਨ ਪਾਣੀ ਨਹੀਂ ਵਰਤਨਾ। ਉਸਨੂ ਸੰਗਤ ਵਿਚ ਨਹੀਂ ਬੜਨ ਦੇਣਾ।....ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਕਿਸੇ ਦਾ ਧਕਾ ਕਰਕੇ ਨਾ ਚੋਰੀ ਕਰਕੇ ਨਾ ਠਗੀ ਕਰਕੇ, ਕਖ ਆਦਿਕ ਬੀ ਨਹੀ ਲੈਣਾ। ਗੁਰੂ ਜੀ ਦਾ ਹੁਕਮ ਹੈ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।"*

(ਹੁਕਮਨਾਮਾ ੨੦)

ਇਉਂ ਹੁਕਮਨਾਮਿਆਂ ਵਿਚਲਾ ਸਮਾਜਕ-ਸੰਦੇਸ਼ ਇਕ ਪਾਸੇ ਗੁਰਬਾਣੀ ਦੇ ਸੰਦੇਸ਼ ਤੇ ਪ੍ਰੰਪਰਾ ਨਾਲ ਜੁੜਦਾ ਜਾਂਦਾ ਹੈ ਤੇ ਦੂਜੇ ਪਾਸੇ ਇਸ ਵਿਚਾਰਧਾਰਾ ਨਾਲ ਜਿਸਨੂੰ ਨਾਮਧਾਰੀ ਲਹਿਰ ਨੇ ਚੰਗੇ ਸਮਾਜਕ-ਪ੍ਰਬੰਧ ਲਈ ਇਤਿਹਾਸ ਵਿਚ ਪਰਵਾਹਤ ਕਰ ਦਿੱਤਾ ਸੀ। ਇਸ ਵਿਚ ਜਦੋਂ ਪ੍ਰੰਪਰਾ ਦੀ ਗੱਲ ਕੀਤੀ ਜਾਂਦੀ ਸੀ ਇਹ ਪ੍ਰੰਪਰਾ ਸਿੱਖ-ਪ੍ਰੰਪਰਾ ਸੀ, ਪਰੰਪਰਕ ਬ੍ਰਾਹਮਣਵਾਦ ਦੀ ਨਹੀਂ, ਉਸਨੂੰ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਰੱਦ ਕਰ ਦਿੱਤਾ ਸੀ। ਪਰੰਪਰਕ ਬ੍ਰਾਹਮਣਾਂ ਨੇ ਤਾਂ ਪਿੰਡ ਖੋਟੇ ਵਿਚ ਅਨੰਦ ਕਾਰਜ ਦੀ ਰਸਮ ਕਰਾਉਣ ਕਰਕੇ ਸਤਿਗੁਰੂ ਰਾਮ ਸਿੰਘ ਜੀ ਦਾ ਵਿਰੋਧ ਕੀਤਾ ਸੀ ਤੇ ਅੰਗਰੇਜ਼ ਸਰਕਾਰ ਨੂੰ ਇਹ ਆਖਿਆ ਸੀ ਕਿ ਸਤਿਗੁਰੂ ਜੀ ਅੰਗਰੇਜ਼ ਹਕੂਮਤ ਵਿਰੁੱਧ ਸਾਜਸ਼ ਤਿਆਰ ਕਰ ਰਹੇ ਹਨ। ਜਿਸਦਾ ਸਿੱਟਾ ਉਨ੍ਹਾਂ ਤੇ ਪਾਬੰਦੀ ਤੇ ਨਜ਼ਰਬੰਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਦਾ ਸਮਾਜਕ ਸੰਦੇਸ਼ ਇਸੇ ਲਈ ਡੂੰਘੀ ਤਰ੍ਹਾਂ ਰਾਜਸੀ-ਚੇਤਨਾ ਨਾਲ ਵੀ ਜੁੜਿਆ ਹੋਇਆ ਸੀ। ਇਸਦਾ ਪ੍ਰਗਟਾਵਾ ਥਾਂ ਪਰ ਥਾਂ ਇਨ੍ਹਾਂ ਹੁਕਮਨਾਮਿਆਂ ਵਿਚ ਵੀ ਹੁੰਦਾ ਹੈ :

੧. *"ਅਰ ਦੂਆ ਮਲੇਛ ਬੀ ਪਛਮ ਤੇ ਉਤਪਤ ਹੋਇ ਆਇਆ ਹੈ।"*

(ਹੁਕਮਨਾਮਾ ੫)

੨. *ਅੰਮ੍ਰਿਤਸਰ ਵਾਲੇ ਗੋਰੇ ਨੇ ਲਾਟ ਨੂੰ ਲਿਖਿਆ। ਲਾਟ ਨੇ ਐਥੇ ਵਾਲਿਆ ਨੂ ਲਿਖਿਆ ਤੁਸੀ ਕਿਆ ਖਵਰਦਾਰੀ ਰਖਦੇ ਹੋ ਰਾਮ ਸਿੰਘ ਤੇ ? ਨੈਣਾ ਸਿੰਘ ਅਰਦਾਸ ਲੈ ਗਿਆ ਹੈ।"*

(ਹੁਕਮਨਾਮਾ ੭)

੩. *ਜੇਹੜਾ ਬਡਾ ਗੋਰਾ ਹੈ, ਸਾਰੇ ਦੇਸਾ ਉਤੇ ਜਿਸਦਾ ਹੁਕਮ ਹੈ, ਓਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ ਜੋ ਕੋਈ ਆਦਮੀ ਏਸਦੇ ਨਾਲ ਬਾਤ ਕਰੇ ਤਾ ਓਸਨੂ ਕੈਦ ਕਰੋ, ਅਰ ਜੋ ਕੁਛ ਬਾਹਰ ਤੇ ਸਿਟੇ ਅੰਦਰ ਕੋ ਤਾ ਅੰਦਰੋ ਬਾਹਰ ਸਿਟੇ ਤਾ ਓਸਨੂ ਬੀ ਕੈਦ ਕਰੋ।"*

(ਹੁਕਨਾਮਾ ੯)

ਕੇਵਲ 'ਪੱਛਮੀ ਮਲਛਾਂ ਬਾਰੇ' ਹੀ ਦ੍ਰਿਸ਼ਟੀ ਇਨ੍ਹਾਂ ਹੁਕਮਨਾਮਿਆਂ ਵਿਚ ਥਾਂ ਪਰ ਮੌਜੂਦ ਨਹੀਂ, ਸਗੋਂ ਸਿੱਖਾਂ ਦੀ ਉਸ ਸਮੇਂ ਦੀ ਮਹੰਤ ਸ਼੍ਰੇਣੀ ਅੰਗਰੇਜ਼ਾਂ ਨਾਲ ਸਮਝੌਤੇ ਕਰਕੇ ਕੀ ਕਰ ਰਹੀ ਸੀ ਉਸਦਾ ਵੀ ਕਈ ਥਾਂ ਉਲੇਖ ਹੈ, ਕਿਉਂਕਿ ਇਹ ਸ਼੍ਰੇਣੀ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਵਿਰੋਧੀ ਸੀ ਤੇ ਉਨ੍ਹਾਂ ਦੇ ਵਿਰੁੱਧ ਸਾਜ਼ਸ਼ਾਂ ਤਿਆਰ ਕਰਨ ਵਿਚ ਰੁੱਝੀ ਰਹਿੰਦੀ ਸੀ :

*"ਜੋ ਭਾਈ ਮੈਂ ਤਾਂ ਕਿਸੇ ਨੂ ਕੁਛ ਨਹੀਂ ਆਖਦਾ, ਗੁਰੂ ਦੇ ਘਰ ਸਭੋ ਕੁਛ ਬਥੇਰਾ ਹੈ। ਦੇਸ ਮੈ ਸਾਰੇ ਸਿਖਾ ਨੇ, ਸਾਧਾ ਨੇ ਵੈਰ ਕੀਤਾ ਪੁਜਕੇ ਵੇਕਾਰਨ। ਅਕਾਲ ਬੁੰਗੇ ਵਾਲਿਆ ਨੇ ਵੇਕਰਾਨ ਸਾਰੇ ਦੇਸ ਮੈ ਕਲਾਮ ਲਿਖਕੇ ਫੇਰ ਦਿਤੀ ਅਵਚਲਾ ਨਗਰ ਸਾਹਿਬ ਤਾਈ। ਸੋ ਕਲਾਮ ਕਹਿਣ ਵਾਲਿਆ ਦੇ, ਤੁਸੀ ਸਤਿ ਕਰਕੇ ਮੰਨਣਾ, ਦੁਹੀ ਜਹਾਨੀ ਮੂਹ ਕਾਲਾ ਅਰ ਰੂਈ ਸਿਆਹੁ ਹੋਵੇਗਾ।"*

(ਹੁਕਮਨਾਮਾ ੬)

ਇਉਂ ਇਹ ਹੁਕਮਨਾਮੇ ਉਸ ਸਮੇਂ ਦੀ ਸਾਰੀ ਸਮਾਜਕ ਤੇ ਰਾਜਸੀ-ਸਥਿਤੀ ਨੂੰ ਪੇਸ਼ ਕਰ ਦਿੰਦੇ ਹਨ ਤੇ ਇਸ ਗੱਲ ਨੂੰ ਵੀ ਕਿ ਸਤਿਗੁਰੂ ਰਾਮ ਸਿੰਘ ਜੀ ਸਿੱਖ ਪ੍ਰੰਪਰਾ ਤੇ ਸਿੱਖ ਸਿਧਾਂਤਾਂ ਦੀ ਪੁਨਰ-ਸੁਰਜੀਤੀ ਦਾ ਐਲਾਨ ਕਿਉਂ ਕਰਦੇ ਹਨ। ਉਸ ਨਾ-ਮਿਲਵਰਤਨ ਲਹਿਰ ਨੂੰ ਉਦੇ ਕਿਉਂ ਕਰਦੇ ਹਨ, ਜਿਸਨੂੰ ਬਾਅਦ ਵਿਚ ਮਹਾਤਮਾ ਗਾਂਧੀ ਨੇ ਅਪਨਾਇਆ।

**ਇਨ੍ਹਾਂ ਹੁਕਮਨਾਮਿਆਂ ਦਾ ੧੯ਵੀਂ ਸਦੀ ਦੀ ਪੰਜਾਬੀ ਵਾਰਤਕ ਵਿਚ ਵਿਸ਼ੇਸ਼ ਮਹੱਤਵ ਬਣਦਾ ਹੈ, ਭਾਸ਼ਾ ਦੇ ਪੱਖ ਤੋਂ ਵੀ ਤੇ ਸ਼ੈਲੀ ਦੇ ਪੱਖ ਤੋਂ ਵੀ।"**

ਡਾਕਟਰ ਪਰਮ ਸਿੰਘ ਨੇ ੧੯-੧੦-੯੯ ਨੂੰ ਭੈਣੀ ਸਾਹਿਬ ਵਿਚ ਕਿ ਅਹਿਮ ਤਕਰੀਰ ਕੀਤੀ ਸੀ, ਇਸ ਲੇਖ ਉੱਤੇ ਅਧਾਰਤ ਲੇਖ ਵਿਚ ਆਖਿਆ ਗਿਆ ਹੈ '

"ਮੈਂ ਆਪਣੇ ਖੋਜ ਥੀਸਸ ਦੇ ਸਿਲਸਿਲੇ ਵਿਚ ਬੜੀ ਵੱਡੀ ਗੱਲ ਮਹਿਸੂਸ ਕੀਤੀ ਕਿ ਜਦੋਂ ਤੁਹਾਡੇ ਪਿਛੇ ਲੱਗਣ ਵਾਲੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਹੋਣ, ਜਦੋਂ ਮਹਾਤਮਾ ਗਾਂਧੀ ਨੇ ਕਾਲ ਦਿਤੀ ੧੦ ਅਪ੍ਰੈਲ ੧੯੧੯ ਨੂੰ ਤਾਂ ਹਿੰਦੁਸਤਾਨ 'ਚ ਲੱਖਾਂ ਲੋਕ ਅਜਿਹੇ ਸਨ ਜਿਨ੍ਹਾਂ ਨੇ ਆਪਣੀਆਂ ਦੁਕਾਨਾਂ ਬੰਦ ਕੀਤੀਆਂ, ਆਪਣਾ ਕਾਰੋਬਾਰ ਬੰਦ ਕੀਤਾ, ਪਰ ਜਦੋਂ ੧੯੭੦ ਜਾਂ ੧੯੭੨ ਵਿਚ ਅਜਿਹੇ ਸੱਦੇ ਨੂੰ ਕੋਈ ਸੁਣਨ ਵਾਲਾ ਨਹੀਂ ਸੀ। ਉਦੋਂ ਦ੍ਰਿੜਤਾ ਦੇ ਨਾਲ ਏਸ ਗੱਲ ਦਾ ਸਟੈਂਡ ਲੈਣਾ ਅਤੇ ਆਪਣੇ ਵਿਸ਼ਵਾਸ ਤੇ ਕਾਇਮ ਰਹਿਣਾ ਅਤੇ ਇਹ ਕਹਿ ਦੇਣਾ ਕਿ ਅਸੀਂ ਪਰਵਾਨ ਨਹੀਂ ਕਰਦੇ ਏਸ ਰਾਜ ਨੂੰ, ਇਹ ਬਦੇਸ਼ੀ



Sri Satguru Jagjit Singh Ji eLibrary NamdhariElibrary@gmail.com

ਰਾਜ ਹੈ, ਇਹ ਖਤਮ ਹੋਣਾ ਚਾਹੀਦਾ ਹੈ। ਇਹ ਏਡੀ ਵੱਡੀ ਗੱਲ ਸੀ ਜਿਸ ਗੱਲ ਦਾ ਅਨੁਮਾਨ ਓਹਨਾਂ ਹਾਲਾਤ ਨੂੰ ਚੰਗੀ ਤ
ਸਮਝਣ ਲਈ ਲਾਇਆ ਜਾ ਸਕਦੈ। ਇਹ ਗੱਲ ਤੁਸੀਂ ਫੇਰ ਵੀ ਵੇਖੀ ਹੋਵੇਗੀ ਕਿ ਜਦੋਂ ਇਹ ਪੁਲਿਟੀਕਲ ਲੀਡਰਾਂ ਦ
ਪੁਲਿਟੀਕਲ ਹਾਲਾਤ, ਦੀ ਪੁਲਿਟੀਕਲ ਪਾਰਟੀਆਂ ਦੀ ਗੱਲ ਕਰਦੇ ਹਾਂ, ਜਦੋਂ ਤੁਹਾਨੂੰ ਵਿਆਪਕ ਸਮਰਥਨ ਪ੍ਰਾਪਤ ਹੋ
ਤੁਸੀਂ ਓਦੋਂ ਜੇਲ ਜਾਂਦੇ ਹੋ, ਕੁਰਬਾਨੀ ਦੇਣ ਨੂੰ ਤਿਆਰ ਹੁੰਦੇ ਹੋ ਅਰ ਜਦੋਂ ਤੁਹਾਨੂੰ ਅਜਿਹਾ ਸਮਰਥਨ ਪ੍ਰਾਪਤ ਨਹੀਂ, ਤੁ
ਆਪਣੇ ਅਕੀਦੇ, ਆਪਣੀ ਨਿਸ਼ਠਾ, ਆਪਣੇ ਵਿਸ਼ਵਾਸ ਔਰ ਆਪਣੇ ਧਰਮ ਦੀ ਪਾਲਣਾ ਕਰਦੇ ਹੋਏ ਸੂਲੀ ਤੇ ਚੜ੍ਹਣ
ਤਿਆਰ ਹੋ, ਤੋਪਾਂ ਅਗੇ ਉਡਾਏ ਜਾਣ ਨੂੰ ਤਿਆਰ ਹੋ, ਜਲਾਵਤਨੀਆਂ ਕੱਟਣ ਨੂੰ ਤਿਆਰ ਹੋ, ਇਹਨਾਂ ਦੋਹਾਂ ਗੱਲਾਂ
ਮੁਕਾਬਲਾ ਨਹੀਂ ਕੀਤਾ ਜਾ ਸਕਦਾ।

ਕਹਿਣ ਦਾ ਭਾਵ ਇਹ ਨਹੀਂ ਕਿ ਮਗਰੋਂ ਆਉਣ ਵਾਲੇ ਦੇਸ਼ ਭਗਤਾਂ ਨੇ ਕੁਰਬਾਨੀਆਂ ਨਹੀਂ ਕੀਤੀਆਂ, ਪਰ ਉਹ ਜ਼ਰੂ
ਵੇਖਣਾ ਪੈਂਦਾ ਜਦੋਂ ਕਿਸੇ ਇਤਿਹਾਸ ਦੀ ਖੋਜ ਕਰਨੀ ਹੋਵੇ ਕਿ ਕਿੰਨਾ ਹਾਲਾਤ ਵਿਚ, ਹਾਲਾਤ ਅਨਕੂਲ ਸਨ ਜਾਂ ਪ੍ਰਤੀਕੂ
ਸਪੋਰਟ ਮਿਲੀ ਕਿ ਨਹੀਂ ਮਿਲੀ, ਲੜਾਈ ਇਕੱਲਿਆਂ ਲੜਣੀ ਪਈ ਯਾ ਲੜਾਈ ਦੇ ਸਮਰਥਨ ਵਿਚ ਹਜ਼ਾਰਾਂ ਲੋਕ ਇਕ
ਹੋਏ, ਏਸ ਗੱਲ 'ਚ ਬੜਾ ਫਰਕ ਐ। ਏਸ ਦ੍ਰਿਸ਼ਟੀ ਤੋਂ ਦੇਖਿਆ ਜਦੋਂ ਅਸੀਂ ੧੮੭੨ ਦੇ ਸਾਕੇ ਨੂੰ ਦੇਖਦੇ ਹਾਂ ਜਾਂ ੧੮੭੨ ਤ
ਜੋ ਕੁਝ ਕੀਤਾ ਗਿਆ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ 'ਚ ਉਹਦਾ ਨਿਰਣਾ ਕਰਦੇ ਹਾਂ ਤਾਂ ਯਕੀਨੀ ਤੌਰ ਤੇ ਸਾ
ਸਿਰ ਸਤਿਕਾਰ ਨਾਲ ਝੁਕ ਜਾਂਦੈ ਉਹਨਾਂ ਦੇਸ਼ ਭਗਤਾਂ ਦੀਆਂ ਕੁਰਬਨੀਆਂ ਅੱਗੇ।"

ਡਾਕਟਰ ਪ੍ਰੇਮ ਸਿੰਘ ਨੇ ਹਰ ਕਿਹਾ ਹੈ—

"ਇਤਿਹਾਸ ਫੋਲ ਕੇ ਦੇਖ ਲਓ। ਲਹਿਰਾਂ, ਲੋਕਾਂ 'ਚ ਉਠਦੇ ਉਭਾਰ, ਕੋਈ ਪੰਜ ਸਾਲ ਕੋਈ ਦਸ ਸਾਲ ਕੋਈ ਪੰਦ
ਸਾਲ, ਉਸ ਤੋਂ ਬਾਅਦ ਉਹਨਾਂ ਉਭਾਰਾਂ ਦੀ ਸਮਾਪਤੀ ਹੋ ਜਾਂਦੀ ਹੈ ਏ... ਜਿਹੜੀ ਵੀ ਕੋਈ ਲਹਿਰ ਕਿਸੇ ਤਰ੍ਹਾਂ ਚਲੀ ਲਹਿ
ਚੂੰਕਿ ਇਤਿਹਾਸ ਦੇ ਅਨਕੂਲ ਨਹੀਂ ਸੀ, ਉਹ ਪਿਛੇ ਪੈ ਗਈ। ਜੇ ਨਾਮਧਾਰੀ ਲਹਿਰ ਨੂੰ ਵੇਖਣਾ ਹੋਵੇ। ਇਕ ਸੌ ਚੌਂਤੀ ਪੈਂ
ਸਾਲ ਤੱਕ ਇਕ ਲੀਹ ਨੂੰ ਤੋਰਨਾ, ਇਹ ਕੋਈ ਆਸਾਨ ਗੱਲ ਨਹੀਂ ਔਰ ਏਸੇ ਕਰਕੇ ਇਤਿਹਾਸਕ ਤੌਰ ਦੇ ਉੱਤੇ ਨਾਮਧਾ
ਵਿਚਾਰਾਂ ਦੀ ਪਰਸੰਗਤਾ ਹੁਣ ਵੀ ਕਾਇਮਏ।"

ਅਤੇ ਗੁਰਬਚਨ ਸਿੰਘ ਭੁਲਰ ਆਪਣੀ ਖੋਜ ਪਿਛੋਂ ਇਸ ਨਤੀਜੇ ਤੇ ਪਹੁੰਚਦਾ ਹੈ :

"...ਬੜੀ ਦਮਦਾਰ ਗੱਲ ਐ ਕਿ ਜਿਹੜਾ ਰੂਪ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਦਾ ਮਹਾਤਮਾ ਗਾਂਧੀ ਜੀ ਨੇ ਬਹ
ਮਗਰੋਂ ਜਾ ਕੇ ਅਪਣਾਇਆ ਉਹ ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਪਹਿਲਾਂ ਔਰ ਉਨ੍ਹਾਂ ਨਾਲੋਂ ਜ਼ਿਆਦਾ ਕਾਰਗਰ ਤਰੀ
ਨਾਲ ਪੇਸ਼ ਕੀਤਾ।"

ਇਕ ਰਿਪੋਰਤਾਜ ਹੈ : ਗਵਾਲੀਅਰ ਵਿਚ ਸਨਮਾਨ ਸੰਗੀਤਾਂਜਲੀ" ਸੰਪਾਦਕ ਦੇ ਸ਼ਬਦਾਂ ਵਿਚ—

"੪ ਨਵੰਬਰ ੧੯੯੯ ਦਾ ਦਿਨ ਗਵਾਲੀਅਰ ਦੇ ਇਤਿਹਾਸਕ ਨਗਰ ਵਾਸਤੇ ਹੋਰ ਵੀ ਅਹਿਮੀਅਤ ਵਾਲਾ ਹੋ ਗਿਅ
ਜਦੋਂ ਭਾਰਤੀ ਸੰਗੀਤ ਜਗਤ ਦੀ ਵਿਸ਼ਵ ਸਨਮਾਨਤ ਹਸਤੀ ਸਰੋਦ ਕਲਾਕਾਰ ਉਸਤਾਦ ਅਮਜਦ ਅਲੀ ਦੇ ਜਗਤ ਪ੍ਰਸਿ
ਕਲਾਕਾਰ ਪਿਤਾ ਸ੍ਰੀ ਉਸਤਾਦ ਹਾਫਿਜ਼ ਅਲੀ ਦੇ ਨਾਮ ਤੇ ਸਥਾਪਤ ਕੀਤਾ ਗਿਆ ਸਨਮਾਨ, ਅਧਿਆਤਮਕ ਅਤੇ ਸੰਗੀ
ਜਗਤ ਦੀ ਸੰਸਾਰ ਪ੍ਰਸਿੱਧੀ ਵਾਲੀ ਹਸਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਿਆਰ ਅਤੇ ਸ਼ਰਧਾ ਨਾਲ ਭੇਟ ਕੀ
ਗਿਆ।"

ਪਰ ਇਸ ਵੇਲੇ ਅਸੀਂ ਗੱਲ "ਸੰਗੀਤਾਂਜਲੀ" ਦੀ ਨਹੀਂ ਕਰ ਰਹੇ। ਸਗੋਂ ਇਹ ਵੇਖ ਰਹੇ ਹਾਂ ਕਿ ਜਗਦੀਸ਼ ਸਿੰਘ ਕਿ
ਮਲਕੜੇ ਜਹੇ ਗਵਾਲੀਅਰ ਦੇ ਇਤਿਹਾਸ ਨੂੰ ਵੀ ਇਸ ਰਿਪੋਰਤਾਜ ਵਿਚ ਸਮੋ ਗਿਆ ਹੈ।

ਉਹ ਆਪਣੇ ਰਿਪੋਰਤਾਜ ਦੇ ਮੁਢਲੇ ਹਿੱਸੇ ਵਿਚ ਗਵਾਲੀਅਰ ਬਾਰੇ ਆਪਣੇ ਗਿਆਨ ਨੂੰ ਸਹਿਜੇ ਹੀ ਸਾਡੇ ਨਾਲ ਸਾਂ
ਕਰ ਜਾਂਦਾ ਹੈ। ਉਹਨੇ ਲਿਖਿਆ ਹੈ :

"ਗਵਾਲੀਅਰ ਦਾ ਨਾਮ ਸੁਣਦਿਆਂ ਹੀ ਭਾਰਤ ਦੇ ਇਤਿਹਾਸ ਦਾ ਇਕ ਅਹਿਮ ਅਧਿਆਇ ਯਾਦ ਵਿਚ ਆ ਜਾਂਦਾ
ਲੰਮ ਸਮੇਂ ਤੱਕ ਇਹ ਮਰਾਠਾ ਯੋਧਿਆਂ ਦੀ ਸੱਤਾ ਦਾ ਕੇਂਦਰ ਰਿਹਾ ਹੈ ਅਤੇ ਸਿੰਧੀਆ ਘਰਾਣੇ ਨਾਲ ਸੰਬੰਧਤ ਮਹਾਰਾਜਿਆਂ
ਇਥੇ ਸ਼ਾਸਨ ਰਿਹਾ ਹੈ। ਮੁਗਲ ਕਾਲ ਵਿਚ ਵੀ ਇਹ ਸ਼ਹਿਰ ਪ੍ਰਸਿੱਧ ਰਿਹਾ ਹੈ। ਅਕਬਰ ਸ਼ਹਿਨਸ਼ਾਹ ਦਾ ਦਰਬਾਰੀ-ਰਤਨ ਮੀਅ
ਤਾਨਸੈਨ ਇਸੇ ਸ਼ਹਿਰ ਦਾ ਹੀ ਸੀ ਅਤੇ ਅਜ ਵੀ ਤਾਨਸੈਨ ਦਾ ਮਕਬਰਾ ਇਸ ਸ਼ਹਿਰ ਦੀ ਭੂਤਕਾਲ ਦੀ ਕਲਾਤਮਕ ਅਮੀ
ਦੀ ਬਾਤ ਪਾਉਂਦਾ ਹੈ। ਕਈਆਂ ਕੋਹਾਂ ਤੋਂ ਦਿਸਦਾ ਉੱਚੀ ਪਹਾੜੀ ਤੇ ਬਣਿਆਂ ਗਵਾਲੀਅਰ ਦਾ ਕਿਲ੍ਹਾ ਇਕ ਲੰਮੇ ਇਤਿਹਾ
ਦਾ ਚਸ਼ਮਦੀਦ ਗਵਾਹ ਹੈ।



Sri Satguru Jagjit Singh Ji eLibrary NamdhariElibrary@gmail.com

ਇਸ ਕਿਲ੍ਹੇ ਵਿਚ ਬੜੇ ਬੜੇ ਰਾਜੇ ਮਹਾਰਾਜੇ ਕੈਦ ਕੀਤੇ ਗਏ ਅਤੇ ਕਿਹਾ ਜਾਂਦਾ ਹੈ ਕਿ ਜੋ ਇਥੇ ਕੈਦ ਹੋਇਆ ਮੁੜ ਬਚ ਬਾਹਰ ਨਹੀਂ ਨਿਕਲਿਆ ਪਰ ਸਿਵਾਏ ਇਕ ਅਪਵਾਦ ਦੇ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਬਾਦਸ਼ਾਹ ਹਾਂਗੀਰ ਦੇ ਵੇਲੇ ਇਸੇ ਕਿਲ੍ਹੇ ਵਿਚ ਕੈਦ ਕੀਤਾ ਗਿਆ ਸੀ। ਅਤੇ ਉਹ ਕੇਵਲ ਆਪ ਹੀ ਨਹੀਂ ਸੀ ਰਿਹਾਅ ਹੋ ਕੇ ਬਾਹਰ ਾਏ, ਸਗੋਂ ਨਾਲ ੫੨ ਹੋਰ ਰਾਜਿਆਂ ਨੂੰ ਵੀ ਆਪਣਾ ਪੱਲਾ ਫੜਾ ਕੇ ਬਾਹਰ ਲੈ ਆਏ ਸਨ। ਇਹ ਗੱਲ ਹਰ ਰੋਜ਼ ਹੋਣ ਵਾਲੇ ਨਾਈਟ ਐਂਡ ਸਾਊਂਡ' ਪ੍ਰੋਗਰਾਮ ਵਿਚ ਇਥੇ ਦਸੀ ਜਾਂਦੀ ਹੈ। ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਫੇਰੀ ਨੂੰ ਪਮਾਨ ਕਰਦਾ ਪਹਾੜੀ ਦੇ ਸਿਖਰ ਤੇ ਬਣਿਆ ਸੰਗਮਰਮਰ ਦਾ ਸਫੈਦ ਗੁਰਦੁਆਰਾ ਸਾਹਿਬ ਰੇਲ ਅਤੇ ਸੜਕ ਦੇ ਯਾਤਰੂਆਂ ਬਹੁਤ ਦੂਰੋਂ ਹੀ ਦਿਸ ਪੈਂਦਾ ਹੈ ਅਤੇ ਹੁਣ ਗਵਾਲੀਅਰ ਦੀ ਪਛਾਣ ਹੀ ਬਣ ਗਿਆ ਹੈ।

ਇਸੇ ਸ਼ਹਿਰ ਵਿਚ ਹੀ ਕੁਝ ਸਦੀਆਂ ਪਹਿਲਾਂ ਅਫਗਾਨਿਸਤਾਨ ਤੋਂ ਉਸਤਾਦ ਅਮਜਦ ਅਲੀ ਖਾਂ ਸਾਹਿਬ ਦੇ ਵਡੇਰੇ ਗਸ਼ ਖਾਨਦਾਨ ਦੇ ਲੋਕ ਆਏ। ਉਹ ਘੋੜਿਆਂ ਦੇ ਨਾਲ ਰਬਾਬ ਵੀ ਲਿਆਏ ਜੋ ਬਾਦ ਵਿਚ ਬਦਲ ਕੇ ਅਜ ਦੇ ਸਰੋਦ ਸਾਜ਼ ਵਚ ਤਬਦੀਲ ਹੋ ਗਈ। ਬੰਗਿਸ਼ ਖਾਨਦਾਨ ਦੀਆਂ ਸੰਗੀਤ ਖੇਤਰ ਵਿਚ ਬੁਹਤ ਧੁੰਮਾਂ ਹਨ ਅਤੇ ਉਸਤਾਦ ਹਾਫਿਜ਼ ਅਲੀ ਖਾਂ ਾਹਿਬ ਦਾ ਨਾਮ ਪਰਮ ਸਤਿਕਾਰ ਅਤੇ ਸ਼ਰਧਾ ਨਾਲ ਲੋਕ ਮਨਾਂ ਵਿਚ ਸਥਾਪਤ ਹੋ ਗਿਆ ਹੈ।

ਉਸਤਾਦ ਅਮਜਦ ਅਲੀ ਹੋਰਾਂ ਇਕ ਤਾਂ ਆਪਣੇ ਪੂਜਯ ਗੁਰੂ ਪਿਤਾ ਜੀ ਦੀ ਪਵਿੱਤ ਯਾਦ ਨੂੰ ਸਮਰਪਿਤ ਇਕ ਵਾਰਡ (ਪੁਰਸਕਾਰ) ਸਥਾਪਤ ਕੀਤਾ ਜੋ ਸੰਗੀਤ ਦੀ ਕਿਸੇ ਉਚ ਹਸਤੀ, ਸੰਗੀਤਕਾਰ ਨੂੰ ਦਿਤਾ ਜਾਂਦਾ ਹੈ ਅਤੇ ਦੂਸਰਾ ਾਪਣੀ ਤਿੰਨ ਸੌ ਸਾਲਾ ਪੁਰਾਣੀ ਹਵੇਲੀ ਨੂੰ ਇਕ ਸੰਗੀਤ ਦੇ ਅਜਾਇਬ ਘਰ ਵਿਚ ਬਦਲ ਦਿੱਤਾ। ਜਿਸ ਦਾ ਨਾਮ ਰੱਖਿਆ ਗਿਆ "ਸਰੋਦ-ਘਰ"। ਇਸ ਸਰੋਦ ਘਰ ਵਿਚ ਸਤਿਕਾਰਤ ਉਸਤਾਦ ਹਾਫਿਜ਼ ਅਲੀ ਖਾਂ ਸਾਹਿਬ ਦੀ ਇਕ ਵੱਡ-ਆਕਾਰੀ ਤਿਮਾ ਹੈ। ਇਸ ਦੇ ਵੱਖ-ਵੱਖ ਦੋ ਮੰਜ਼ਲੇ ਕਮਰਿਆਂ ਵਿਚ ਬਹੁਤ ਸਾਰੇ ਸੰਗੀਤ ਦ੍ਰਿਸ਼ਾਂ ਨੂੰ ਤਸਵੀਰਾਂ ਵਿਚ ਸਾਂਭਿਆ ਗਿਆ ਅਤੇ ਬਹੁਤ ਪੁਰਾਣੇ ਸਾਜ਼ਾਂ ਦਾ ਸੰਗ੍ਰਹਿ ਕੀਤਾ ਗਿਆ ਹੈ। ਸਾਰਾ ਪ੍ਰਬੰਧ ਇਕ ਟਰੱਸਟ ਦੇ ਅਧੀਨ ਹੈ ਅਤੇ ਇਹ ਸਰੋਦ-ਘਰ ਮਿ ਨੂੰ ਸਮਰਪਿਤ ਹੈ। ਸਰੋਦ ਘਰ ਨੇ ਗਵਾਲੀਅਰ ਦੇ ਸੰਗੀਤ ਮਾਹੌਲ ਵਿਚ ਮੁੜ ਨਵੀਂ ਜਾਨ ਪੈਦਾ ਕਰ ਦਿੱਤੀ ਹੈ ਅਤੇ ਇਥੇ ਗੀਤ ਸਰਗਰਮੀਆਂ ਵਿਚ ਭਾਰੀ ਤੇਜੀ ਆਈ ਹੈ। 'ਸਰੋਦ ਘਰ' ਜਿਸ ਸੜਕ ਤੇ ਹੈ ਉਸ ਸੜਕ ਦਾ ਨਾਂਅ ਵੀ ਉਸਤਾਦ ਾਫਿਜ਼ ਅਲੀ ਖਾਂ ਮਾਰਗ ਹੈ ਅਤੇ ਇਹ ਘੁੱਗ ਵਸਦੇ ਇਲਾਕੇ ਜੀਵਾਜੀਗੰਜ ਲਸ਼ਕਰ ਵਿਚ ਸਥਿਤ ਹੈ। ਉਸਤਾਦ ਅਮਜਦ ਲੀ ਖਾਂ ਸਾਹਿਬ ਨੇ ਸਰੋਦ-ਘਰ ਸਥਾਪਤ ਕਰਕੇ ਆਪਣੇ ਸਨਮਾਨਯੋਗ ਪਿਤਾ ਜੀ ਦੀ ਸਿਮ੍ਰਤੀ ਨੂੰ ਵੀ ਸਥਾਈ ਰੂਪ ਦੇ ਕੇ ਕ ਮਿਸਾਲੀ ਸਪੁੱਤਰ ਦਾ ਫਰਜ਼ ਨਿਭਾਇਆ ਹੈ। ਇਸ ਦੇ ਨਾਲ ਸੰਗੀਤ ਜਗਤ ਨੂੰ ਵੀ ਅਦੁਤੀ ਦੇਣ ਦਿਤੀ ਹੈ, ਸੰਗੀਤ ਾਧਕਾਂ ਨੂੰ ਪ੍ਰੇਣਾ ਅਤੇ ਉਤਸ਼ਾਹ ਦੇਣ ਵਾਲੀ।"

"ਪੱਛਮੀ ਪੰਜਾਬ ਵਿਚ ਕੁਝ ਦਿਨ" ਹੈ ਤਾਂ ਸਵਰਨ ਸਿੰਘ ਵਿਰਕ ਦੇ ਸਫਰਨਾਮੇ ਦੀ ਅਠਵੀਂ ਕਿਸ਼ਤ ਪਰ ਇਹ ਐਵੇਂ ਾਤਰਾ ਜਿਹੀ ਨਹੀਂ। ਇਹ ਯਾਤਰਾ, ਇਤਿਹਾਸ ਤੇ ਸੁਹਜ ਰਸ ਦਾ ਅਜਿਹਾ ਮਿਸ਼ਰਨ ਹੈ ਕਿ ਪਾਠਕ ਬਸ ਮੋਹਿਆ ਹੀ ਜਾਂਦਾ , ਬਸ ਉਹ ਇਕੋ ਵੇਲੇ ਪੜ੍ਹ-ਵੇਖ-ਸੁਣ ਰਿਹਾ ਹੁੰਦਾ ਹੈ ਅਤੇ ਨਾਲ ਹੀ ਅਨੰਦ ਵੀ ਲੈ ਰਿਹਾ ਹੁੰਦਾ ਹੈ।

ਇਸ ਦੇ ਕੁਝ ਅੰਸ਼ ਇਉਂ ਝਾਤ ਪਾਉਂਦੇ ਹਨ ਇਤਿਹਾਸ ਤੇ।

**ਪੰਜਾਬ ਵਿਚ ਕੁਝ ਦਿਨ:** ਪ੍ਰਸੰਗ-ਲਾਹੌਰ ਯਾਤਰਾ ਤੋਂ ਸਮਾਧਾਂ ਦੀ ਉਦਾਸ ਕਰਨ ਵਾਲੀ ਯਾਤਰਾ ਬਾਅਦ ਲੰਗਰ ਦੀ ਾਹ ਅਤੇ ਰਸਾਂ ਨਾਲ ਨਾਸ਼ਤਾ ਕੀਤਾ ਅਤੇ ਫਿਰ ਕਰਨੈਲ ਸਿੰਘ ਅਸਪਾਲ ਤੇ ਮੈਂ ਸ਼ਾਹੀ ਕਿਲ੍ਹੇ ਵੱਲ ਨਿਕਲ ਤੁਰੇ। ਕਿਲ੍ਹੇ ਦਾ ਟ ਖੁੱਲਣ ਵਿਚ ਅਜੇ ਅੱਧਾ ਕੁ ਘੰਟਾ ਰਹਿੰਦਾ ਸੀ। ਇਸ ਲਈ ਅਸੀਂ ਉਸ ਪਾਕ ਰੂਹ ਇਨਸਾਨ, ਦਰਵੇਸ਼ ਸ਼ਖਸੀਅਤ ਪ੍ਰਸਿੱਧ ਫ਼ੀ ਫਕੀਰ ਦਾਤਾ ਗੰਜ ਬਖਸ਼ ਰਹਿਮਤੁਲ ਉਲਾਹ, ਜਿਹਨਾਂ ਵਿੱਚ ਸ਼ਹਿਰ ਲਾਹੌਰ ਦੀ ਆਤਮਾ ਕੋਈ ਹਜ਼ਾਰ ਵਰ੍ਹੇ ਤੋਂ ਵਸ ਰਹੀ ਨੀ ਜਾਂਦੀ ਹੈ, ਉਹਨਾਂ ਦੇ ਦਰਬਾਰ ਦੇ ਦਰਸ਼ਨਾਂ ਨੂੰ ਪੈਦਲ ਹੀ ਤੁਰ ਪਏ। ਕੋਈ ਵੀਹਾਂ ਕੁ ਮਿੰਟਾਂ ਬਾਦ ਅਸੀਂ ਉਥੇ ਪੁਜ ਗਏ। ਰਬਾਰ ਦੇ ਬਾਹਰ ਵੱਡੀਆਂ ਵੱਡੀਆਂ ਦੇਗਾਂ ਵਿਚ ਸ਼ਰਧਾਲੂ ਲੋੜਵੰਦਾਂ ਲਈ ਭੋਜਨ ਪਕਵਾ ਕੇ ਵੰਡ ਰਹੇ ਸਨ। ਦਰਬਾਰ ਵਿਚ ਵੀਂ ਨਵੀਂ ਇਮਾਰਤਸਾਜ਼ੀ ਹੋਈ ਸੀ ਪਹਿਲਾਂ ਤੋਂ ਨਕਸ਼ਾ ਬਦਲਿਆ ਸੀ। ਸ਼ਰਧਾਵਾਨ ਬੜੀ ਅਕੀਦਤ ਨਾਲ ਦਾਤਾ ਦਰਬਾਰ ੀ ਜ਼ਿਆਰਤ ਕਰ ਰਹੇ ਸਨ। ਇਕ ਪਾਕੀਜ਼ਗੀ ਜਹੀ ਦਾ ਅਹਿਸਾਸ ਹੋ ਰਿਹਾ ਸੀ। ਅਮਨ ਅਤੇ ਸਕੂਨ ਮਿਲ ਰਿਹਾ ਸੀ ਉਸ ਜ਼ੁਰਗ ਦੇ ਸਥਾਨ ਤੇ ਆ ਕੇ ਜਿਹਦੇ ਬਾਰੇ ਸ਼ਾਇਰ ਦਾ ਕਲਾਮ ਹੈ:

"ਪਾਕਪਟਨ ਫਰੀਦ ਦਾ ਸ਼ਹਿਰ ਜਾਣੋਂ
ਅਤੇ ਬੁੱਲੇ ਦਾ ਸ਼ਹਿਰ ਕਸੂਰ ਨਗਰੀ।
ਪਈ ਵੱਸਦੀ ਰਾਵੀ ਦੇ ਕੰਢਿਆਂ ਤੇ
ਮੇਰੇ ਦਾਤਾ ਦੀ ਨਜ਼ਰ ਮਨਜ਼ੂਰ ਨਗਰੀ।"



Sri Satguru Jagjit Singh Ji eLibrary NamdhariElibrary@gmail.com

ਦਾਤਾ ਦਰਬਾਰ ਦੇ ਮੁੱਖ ਦਰਵਾਜ਼ੇ ਤੇ ਫਾਰਸੀ ਦਾ ਇਹ ਸ਼ੇਅਰ ਉੱਕਰਿਆ ਹੋਇਆ ਹੈ :

"ਗੰਜ ਬਖ਼ਸ਼ ਫੈਜ਼-ਇ-ਆਲਮ,
ਮਜ਼ਹਰ-ਇ-ਨੂਰ-ਇ-ਖੁਦਾ।
ਨਾਕਸਾਂ ਰਾ ਪੀਰ ਕਾਮਿਲ, ਕਾਮਿਲਾਂ ਰਾ ਰਾਹਨੁਮਾ।"

ਇਹ ਸ਼ੇਅਰ ਖੁਆਜਾ ਮੁਈਨ-ਉ-ਦੀਨ ਚਿਸ਼ਤੀ ਅਜਮੇਰ ਸ਼ਰੀਫ ਵਾਲਿਆਂ ਨੇ ਦਾਤਾ ਦਰਬਾਰ ਵਿਚ ਚਿੱਲਾ ਕੱਟਣ ਬਾਦ ਉਹਨਾਂ ਦੀ ਸਿਫਤ ਵਿਚ ਉਚਾਰਣ ਕੀਤਾ ਸੀ, ਜਿਸ ਦਾ ਭਾਵ ਅਰਥ ਹੈ, "ਦੁਨੀਆ ਲਈ ਬਰਕਤਾਂ ਦਾ ਖਜ਼ਾਨ ਦਾਤਾ ਜੀ, ਖੁਦਾ ਦਾ ਹੀ ਜ਼ਾਹਰਾ ਰੂਪ ਸਨ। ਊਣਿਆਂ ਲਈ ਉਹ ਕਾਮਲ ਪੀਰ ਸਨ ਅਤੇ ਕਾਮਲਾਂ ਲਈ ਰਾਹ ਵਿਖਾਵੇ ਸਨ ਦਾਤਾ ਜੀ ਦਾ ਨਾਂ ਅਲੀ ਹਜਵੇਰੀ ਸੀ। ਉਹਨਾਂ ਦੇ ਮੁਢਲੇ ਸ਼ਹਿਰ ਦਾ ਨਾਂ ਹਜਵੇਰ ਸੀ।

ਦਾਤਾ ਦਰਬਾਰ ਤੋਂ ਮੁੜਦਿਆਂ ਇਕ ਚਾਹ ਦੀ ਦੁਕਾਨ ਤੇ ਰੁਕ ਗਏ। ਇਥੇ ਇਕ ਨੌਜੁਆਨ ਸੱਜਣ ਨੇ ਸਾਨੂੰ ਚਾਹ ਦੇ ਪੈ ਨਾ ਦੇਣ ਦਿੱਤੇ। ਇਸ ਤਰ੍ਹਾਂ ਦੀਆਂ ਵਰਦਾਤਾਂ ਹੋਰਥੇ ਵੀ ਸਾਡੇ ਨਾਲ ਹੋਈਆਂ। ਦੋਹਾਂ ਮੁਲਕਾਂ ਦੇ ਲੋਕ ਇਕ ਦੂਜੇ ਨੂੰ ਹੇਰਵੇ ਜ ਨਾਲ ਵਿਹੰਦੇ ਰਹਿੰਦੇ ਹਨ।

ਰਸਤੇ ਵਿਚ ਇਕ ਡੈਂਟਲ ਕਾਲਜ ਆਉਂਦਾ ਸੀ। ਕੁੜੀਆਂ ਮੁੰਡੇ ਕਿਤਾਬਾਂ ਫੜੀ ਪੜ੍ਹਨ ਆ ਰਹੇ ਸਨ। ਸਾਨੂੰ ਉਹਨ ਡਾਢਾ ਮੋਹ ਮਾਣ ਬਖਸ਼ਿਆ। ਕੁਝ ਮੁੰਡਿਆਂ ਕੁੜੀਆਂ ਦੇ ਨਾਲਦਿਆਂ ਨੇ ਸਾਨੂੰ ਇਹ ਉਚੇਚਾ ਦੱਸਿਆ ਪਈ ਇਹ ਵੀ ਤੁਹਾ ਵਿਚੋਂ ਹੀ ਹਨ। ..... ਇਹ ਜੱਟ ਨੇ। ਸ਼ਾਇਦ ਇਹ ਆਮ ਧਾਰਣਾ ਹੈ ਕਿ ਪਾਕਿਸਤਾਨ ਗੁਰਧਾਮ ਯਾਤਰਾ ਵਿਚ ਆਉਣ ਵਾ ਜ਼ਿਆਦਾ ਸਿੱਖ, ਜੱਟ ਹੁੰਦੇ ਹਨ। ਹਾਲਾਂਕਿ ਸਿੱਖਾਂ ਦੀਆਂ ਸਾਰੀਆਂ ਹੀ ਸ਼੍ਰੇਣੀਆਂ ਜਾਤੀਆਂ ਦੇ ਲੋਕ ਇਸ ਯਾਤਰਾ ਵਿਚ ਸ਼ਾਮ ਹੁੰਦੇ ਹਨ। ਪਿੰਡਾਂ ਵਿਚੋਂ ਆਉਣ ਵਾਲੇ ਜ਼ਿਆਦਾ ਮੁਸਲਮਾਨ ਵੀ ਜੱਟ ਭਾਈਚਾਰੇ ਵਿਚੋਂ ਹੀ ਮਿਲਦੇ ਸਨ।

ਮਿਥੇ ਸਮੇਂ ਤੇ ਲਾਹੌਰ ਦੇ ਸ਼ਾਹੀ ਕਿਲ੍ਹੇ ਦਾ ਆਲਮਗੀਰੀ ਦਰਵਾਜ਼ਾ ਖੁੱਲ ਗਿਆ। ਇਹ ਦਰਵਾਜਾ ਬਹੁਤ ਵਿਸ਼ਾਲ ਹੈ ਜੜਤ ਦੇ ਪੱਖੋਂ ਡਾਢਾ ਮਜਬੂਤ ਅਤੇ ਬਣਤਰ ਦੇ ਪੱਖੋਂ ਸੁਹਣੀ ਦਿੱਖ ਵਾਲਾ ਹੈ। ਔਰੰਗਜ਼ੇਬ ਬਾਦਸ਼ਾਹ ਦੇ ਇਕ ਕਰੀ ਰਿਸ਼ਤੇਦਾਰ ਅਤੇ ਜਰਨੈਲ ਫਿਦਾ ਖਾਨ ਨੇ ਹੀ ਬਾਦਸ਼ਾਹੀ ਮਸੀਤ ਜਿਉਂ ਕਿਲ੍ਹੇ ਦੇ ਇਸ ਦਰਵਾਜ਼ੇ ਦੀ ਤਾਮੀਰ ਵੀ ਸਤਾਰ੍ਹਵ ਸਦੀ ਦੇ ਅਠਵੇਂ ਦਹਾਕੇ ਦੇ ਮੁੱਢ ਵਿਚ ਕਰਵਾਈ ਸੀ। ਸ਼ਾਹੀ ਕਿਲ੍ਹੇ ਦੇ ਇਸ ਦਰਵਾਜ਼ੇ ਅੱਗੇ ਖਲੋਣ ਦਾ ਇਕ ਆਪਣਾ ਅਨੰ ਏ। ਇਸ ਦੀ ਵਿਸ਼ਾਲਤਾ ਸਮੇਂ ਅਤੇ ਸਥਾਨ ਦੇ ਬੰਧਨਾਂ ਤੋਂ ਕੁਝ ਸਮੇਂ ਲਈ ਮੁਕਤ ਹੋਣ ਦਾ ਅਹਿਸਾਸ ਪੈਦਾ ਕਰਦੀ ਏ। ਮਨੁੱ ਦੀ ਹਸਤੀ ਵੇਲੇ ਦੀਆਂ ਇਹਨਾਂ ਦਿਓ-ਕੱਦ ਇਮਾਰਤਾਂ ਦੇ ਪੈਰਾਂ ਵਿਚ ਬੜੀ ਛੋਟੀ ਮਲੂਮ ਹੁੰਦੀ ਏ। ਫਿਰ ਵੀ ਉਹ ਮਨੁੱਖ ਸਨ ਜਿਹਨਾਂ ਦੇ ਹੱਥਾਂ ਦੀ ਬਰਕਤ ਨੇ ਇਹ ਸ਼ਾਹਕਾਰ ਸਿਰਜੇ ਹਨ।

ਚਹੁੰ ਰੁਪੈਆਂ ਦੀ ਟਿਕਟ ਪਾਕਿਸਤਾਨ ਦੇ ਪੁਰਾਤੱਤਵ ਵਿਭਾਗ ਤੋਂ ਖਰੀਦ ਕੇ ਕਿਲ੍ਹੇ ਵਿਚ ਦਾਖਲ ਹੋਏ। ਡਿਊੜੀ ਵਿ ਕੁਝ ਪੁਸਤਕਾਂ ਵੀ ਕਿਲ੍ਹੇ ਦੇ ਇਤਿਹਾਸ ਨਾਲ ਸੰਬੰਧਿਤ ਵਿਕਦੀਆਂ ਸਨ, ਜਿਹਨਾਂ ਨੂੰ ਖਰੀਦਣ ਵਿਚ ਕੀਤੀ ਘੌਲ ਹੁਣ ਰੜ ਰਹੀ ਹੈ। ਇਕ ਬੋਰਡ ਲੱਕੜੀ ਦੇ ਉਤੇ ਉਰਦੂ ਅਤੇ ਅੰਗਰੇਜ਼ੀ ਵਿਚ ਇਸ ਕਿਲ੍ਹੇ ਦਾ ਸੰਖੇਪ ਇਤਿਹਾਸ ਲਿਖਿਆ ਸੀ। ਲਾਹੌ ਸ਼ਹਿਰ ਦੀ ਉਤਪਤੀ ਬਾਰੇ ਅਯੁਧਿਆਪਤੀ ਰਾਮ ਚੰਦਰ ਜੀ ਦੇ ਪੁੱਤਰ ਲਵ ਦੇ ਨਾਂ ਨਾਲ ਜੁੜੀ ਘਟਨਾ ਦਾ ਵੀ ਜ਼ਿਕਰ ਸ ਹਿੰਦੂ ਰਾਜਿਆਂ ਵੇਲੇ ਇਹ ਇਕ ਕੱਚਾ ਕਿਲ੍ਹਾ ਸੀ। ਉਸਦੀ ਪੱਕੀ ਉਸਾਰੀ ਮੁਸਲਮਾਨ ਹਾਕਮਾਂ ਦੇ ਸਮੇਂ ਵਿਚ ਹੀ ਕੋਈ ਹਜ਼ਾ ਕੁ ਵਰ੍ਹਾ ਪਹਿਲਾਂ ਹੋਈ ਦੱਸੀ ਜਾਂਦੀ ਹੈ। ਮੁਗਲ ਬਾਦਸ਼ਾਹ ਅਕਬਰ ਤੇ ਜਹਾਂਗੀਰ ਨੇ ਇਸ ਕਿਲ੍ਹੇ ਨੂੰ ਆਧੁਨਿਕ ਦਿੱਖ ਦਿਤੀ ਉਹ ਇਥੇ ਚੋਖਾ ਸਮਾਂ ਠਹਿਰਦੇ ਵੀ ਸਨ। ਵੈਸੇ ਤੇ ਕਸ਼ਮੀਰ ਨੂੰ ਜਾਣ ਵੇਲੇ ਸਾਰੇ ਹੀ ਮੁਗਲ ਬਾਦਸ਼ਾਹਾਂ ਦਾ ਇਥੇ ਪੜਾਅ ਹੁੰਦ ਸੀ। ਜਹਾਂਗੀਰ ਬਾਦਸ਼ਾਹ ਨੇ ਕਿਹਾ ਜਾਂਦਾ ਹੈ ਕਿ ਇਥੇ ਹੀ ਆਪਣੇ ਨਿਵਾਸ ਦੇ ਸੰਮਣ ਬੁਰਜ ਵਿਚ ਇਕ ਘੜਿਆਲ ਟੰਗਿਆ ਸੀ। ਜਿਸਨੂੰ ਨਿਆਂ ਦੀ ਭਾਲ ਵਿਚ ਆਇਆ ਕੋਈ ਵੀ ਵਿਅਕਤੀ ਰੱਸੀ ਖਿਚ ਕੇ ਖੜਕਾ ਸਕਦਾ ਸੀ ਅਤੇ ਬਾਦਸ਼ਾਹ ਧਿਆਨ ਵਿਚ ਆਪਣੀ ਫਰਿਆਦ ਲਿਆ ਸਕਦਾ ਸੀ।

ਪੁਰਾਣੇ ਮਹਿਲ ਸੰਭਾਲਣ ਵਾਲੇ ਸਨ। ਇਹ ਖੰਡਰਾਂ ਦੀ ਸ਼ਕਲ ਵਿਚ ਵਟਦੇ ਜਾ ਰਹੇ ਸਨ। ਉਂਝ ਇਥੇ "ਸ਼ੀਸ਼ ਮਹਿਲ" ਵ ਸੀ ਅਤੇ ਇਸ ਦੇ ਪੁਰਾਣੇ ਬੁਰਜਾਂ ਦੇ ਅਵਸ਼ੇਸ਼ ਵੀ ਵੇਖੇ ਜਾ ਸਕਦੇ ਸਨ, ਜਿਹਨਾਂ ਨੂੰ ਸਾਡੇ ਲੋਕ ਗੀਤਾਂ ਨੇ ਆਪਣੀ ਹਿੱਕ ਵਿਚ ਸਮੋਅ ਕੇ ਅਮਰ ਕਰ ਦਿੱਤਾ ਹੈ–

"ਉੱਚੜੇ ਬੁਰਜ ਲਾਹੌਰ ਦੇ,
ਹੇਠ ਵੇਗ ਦਰਿਆ।
ਮਲ ਮਲ ਨ੍ਹਾਵਣ ਗੋਰੀਆਂ,
ਲੈਣ ਗੁਰਾਂ ਦਾ ਨਾਂ।"

ਇਹ ਗੀਤ ਸ਼ਾਇਦ ਸਿੱਖ ਕਾਲ ਦੀ ਉਪਜ ਹਨ। ਕਿਲ੍ਹਾ ਤਾਂ ਬਹੁਤ ਵਿਸ਼ਾਲ ਸੀ, ਪਰ ਦੋ ਤਿੰਨ ਘੰਟਿਆਂ ਵਿਚ ਅਸ ਕਿੰਨਾ ਕੁ ਹਿੱਸਾ ਵੇਖ ਸਕਦੇ ਸਾਂ। ਜਿਹੜਾ ਅਜਾਇਬ ਘਰ ਸਾਨੂੰ ਵਿਖਾਇਆ ਗਿਆ ਉਹ ਮਾਈ ਜਿੰਦਾਂ ਦੀ ਹਵੇਲੀ ਵਿ



Sri Satguru Jagjit Singh Ji eLibrary NamdhariElibrary@gmail.com

ਤ ਸੀ। ਇਸ ਵਿਚ ਸਿੱਖ ਕਾਲ ਨਾਲ ਸੰਬੰਧਿਤ ਅਸਤਰ, ਸ਼ਸਤਰ, ਬਸਤਰ ਰੱਖੇ ਹੋਏ ਸਨ ਅਤੇ ਸਿੱਖ ਮਹਾਰਾਜਿਆਂ ਨੈਲਾਂ ਅਤੇ ਸਰਦਾਰਾਂ ਦੇ ਜ਼ਿਆਦਾਤਰ ਯੌਰਪੀਨ ਮੁਸੱਵਰਾਂ ਦੁਆਰਾ ਤਿਆਰ ਕੀਤੇ ਚਿੱਤਰ ਸਨ। ਮਹਾਰਾਜਾ ਰਣਜੀਤ ਪ ਦੇ ਦਰਬਾਰ ਦੇ ਬੜੇ ਪ੍ਰਭਾਵਸ਼ਾਲੀ ਚਿੱਤਰ ਜਿਹਨਾਂ ਵਿਚੋਂ ਵੇਲੇ ਦੇ ਇਤਿਹਾਸਿਕ ਪਾਤਰਾਂ ਦੇ ਮੁਹਾਂਦਰੇ ਪਛਾਣੇ ਜਾਂਦੇ ।

ਇਸ ਅਜਾਇਬ ਘਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਘੋੜੇ 'ਲੈਲੀ' ਦੀ ਮਸਾਲੇ ਲਾਈ ਦੇਹ ਵੀ ਰੱਖੀ ਹੁੰਦੀ ਉਤੇ ਲਟਕਦੀਆਂ ਸਨ ਸੋਨੇ ਅਤੇ ਹੀਰੇ ਮੋਤੀਆਂ ਨਾਲ ਜੜੀਆਂ ਕਾਠੀਆਂ। ਹੁਣ ਉਹਨੂੰ ਸ਼ਾਇਦ ਮੁਰੰਮਤ ਲਈ ਭੇਜਿਆ ਇਕ ਹੋਰ ਖਿੱਚ ਦਾ ਕੇਂਦਰ ਸਨ ਮਹਾਰਾਣੀ ਜਿੰਦਾਂ ਦੇ ਹੱਥਾਂ ਦੇ ਬਣਾ ਕੇ ਰੱਖੇ ਹੋਏ ਨਮੂਨੇ। ਇਹਨਾਂ ਹੱਥਾਂ ਤੋਂ ਹੀ ਮਹਾਰਾਣੀ ਸੁੰਦਰ ਸ਼ਖਸੀਅਤ ਦੇ ਦੀਦਾਰ ਹੋ ਰਹੇ ਸਨ। ਇਥੋਂ ਦੇ ਪ੍ਰਬੰਧਕਾਂ ਤੋਂ ਜਦੋਂ ਅਸੀਂ ਮੁਗਲ ਕਾਲ ਦਾ ਅਜਾਇਬ ਘਰ ਵੇਖਣ ਦੀ ਕੀਤੀ ਤਾਂ ਉਹਨਾਂ ਕਿਹਾ ਕਿ ਜਦੋਂ ਸਿੱਖ ਜੱਥੇ ਆਉਂਦੇ ਹਨ। ਸਿਰਫ ਉਦੋਂ ਹੀ ਸਿੱਖਾਂ ਦਾ ਅਜਾਇਬ ਘਰ ਖੋਲ੍ਹਿਆ ਜਾਂਦਾ ਇਸ ਸਮੇਂ ਮੁਗਲਾਂ ਵਾਲਾ ਬੰਦ ਰਹਿੰਦਾ ਹੈ। ਬਾਕੀ ਸਾਰਾ ਵਰ੍ਹਾ ਸਿੱਖਾਂ ਵਾਲਾ ਬੰਦ ਰਹਿੰਦਾ ਹੈ। ਸਾਨੂੰ ਉਹਨਾਂ ਦੀ ਇਹ ਰਵਾਈ ਪਸੰਦ ਨਾ ਆਈ। ਅਸੀਂ ਮੁਗਲ ਕਾਲ ਦੀਆਂ ਕਲਾ ਕ੍ਰਿਤੀਆਂ ਵੇਖਣ ਤੋਂ ਉਸ ਤਰ੍ਹਾਂ ਦੀ ਵਿਰਵੇ ਰਹੇ ਜਿਸ ਤਰ੍ਹਾਂ ਕੀ ਸਾਰਾ ਸਾਲ ਲੋਕੀਂ ਸਿੱਖ ਕਾਲ ਦੀਆਂ ਇਤਿਹਾਸਕ ਵਸਤੂਆਂ ਦੇ ਦਰਸ਼ਨ ਨਹੀਂ ਕਰ ਸਕਦੇ।

ਇਥੇ ਸਿੱਖ ਅਜਾਇਬ ਘਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਕੁਰਸੀ ਨਾਮਾ ਦਿੱਤਾ ਹੋਇਆ ਸੀ। ਜਿਸਦੇ ਮੁਤਾਬਿਕ ਦੇ ਵਡੇਰੇ ਭਟਨੇਰ (ਹਨੂਮਾਨਗੜ੍ਹ) ਦਾ ਕਿਲ੍ਹਾ ਵਸਾਉਣ ਵਾਲੇ ਭੱਟੀ ਰਾਜਪੂਤਾਂ ਵਿਚੋਂ ਸਨ। ਡਾ. ਸ਼ੇਰ ਸਿੰਘ ਸ਼ੇਰ ਹੋਰਾਂ ਦੀ ਤਿਹਾਸਕ ਖੋਜ ਨੂੰ ਇਹ ਕੁਰਸੀਨਾਮਾ ਰੱਦ ਕਰਦਾ ਸੀ। ਡਾਕਟਰ ਸਾਹਿਬ ਸਾਹਸੀ ਕਬੀਲੇ ਵਿਚੋਂ ਹਨ ਅਤੇ ਰਣਜੀਤ ਸਿੰਘ ਪੁਰਖੇ ਕਿਸੇ ਸਮੇਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ "ਰਾਜਾ ਸਾਂਸੀ" ਵਿਚ ਰਹਿੰਦੇ ਰਹੇ ਹਨ। ਡਾਕਟਰ ਸਾਹਿਬ ਇਥੋਂ ਹੀ ਇਹ ਸਿੱਧ ਦੇ ਸਨ ਕਿ ਰਣਜੀਤ ਸਿੰਘ ਵੀ ਸਾਂਹਸੀ ਸੀ।

ਲਾਹੌਰ ਕਿਲ੍ਹੇ ਦੇ ਪੁਰਾਣੇ ਤਹਿਖਾਨਿਆਂ ਦੇ ਪਾਸੋਂ ਲੰਘਦਿਆਂ ਅਸੀਂ ਮਨ ਹੀ ਮਨ ਵਿਚ ਉਹਨਾਂ ਤਸੀਹਾਂ ਕੇਂਦਰਾਂ ਦਾ ਸ਼ਾ ਖਿੱਚਿਆ ਜਿਥੇ ਕੌਮੀ ਆਜ਼ਾਦੀ ਦੀ ਲਹਿਰ ਵੇਲੇ ਦੇਸ਼ ਭਗਤਾਂ ਨੂੰ ਅੰਗਰੇਜ਼ੀ ਸਰਕਾਰ ਵਲੋਂ ਸਖਤੀਆਂ ਦਾ ਸ਼ਿਕਾਰ ਾਇਆ ਜਾਂਦਾ ਸੀ। ਇਸ ਸਦੀ ਦੇ ਪੰਜਵੇਂ ਦਹਾਕੇ ਦੇ ਪਹਿਲੇ ਅੱਧ ਵਿਚ ਪੰਜਾਬ ਦੇ ਪ੍ਰਸਿੱਧ ਕਮਿਊਨਿਸਟ ਆਗੂ ਸ਼ਾਇਰ, ਕ ਤੇ ਪੱਤਰਕਾਰ ਕਾ ਅਰਜਨ ਸਿੰਘ ਗੜਗੱਜ ਨੂੰ ਇਸੇ ਕਿਲ੍ਹੇ ਵਿਚ ਕੇਸਾਂ ਤੋਂ ਲਟਕਾ ਦਿਤਾ ਗਿਆ ਸੀ ਪਾਰਟੀ ਦੀਆਂ ਤ ਗਤੀਵਿਧੀਆਂ ਦੀ ਜਾਣਕਾਰੀ ਲਈ। ਪ੍ਰੰਤੂ ਉਹਨਾਂ ਦਾ ਜੂੜਾ ਉਤੇ ਹੀ ਟੰਗਿਆ ਰਿਹਾ ਸੀ ਅਤੇ ਕੇਸਾਂ ਤੋਂ ਬਿਨਾਂ ਬਾਕੀ ਰ ਹੇਠਾਂ ਡਿਗ ਪਿਆ ਸੀ। ਜਾਣਕਾਰੀ ਬੁੱਚੜਾਂ ਨੂੰ ਫਿਰ ਵੀ ਕੋਈ ਨਾ ਮਿਲੀ। ਸ਼ਾਹੀ ਕਿਲ੍ਹੇ ਲਾਹੌਰ ਦੀਆਂ ਸਖਤੀਆਂ ਾਸ਼ਤ ਕਰ ਜਾਣ ਵੇਲੇ ਦੇਸ਼ ਅਤੇ ਲੋਕ ਭਗਤਾਂ ਨੂੰ ਫਿਰ ਹੋਰ ਇਸ ਤੋਂ ਵੱਡਾ ਕੋਈ ਇਮਤਿਹਾਨ ਨਹੀਂ ਸੀ ਹੁੰਦਾ। ਕਿਲੇ ਵਿਚ ਕਿਤੇ "ਭੰਗੀਆਂ ਦੀ ਤੋਪ" ਪਈ ਸੀ, ਜਿਹਦੇ ਬਾਰੇ ਗਦਰ ਲਹਿਰ ਦੀ ਕਵਿਤਾ ਵਿਚ ਜ਼ਿਕਰ ਮਿਲਦਾ ਹੈ :

ਇਹਨਾਂ ਨੂੰ ਉਡਾਵੋ ਨਾਲ ਤੋਪ "ਭੰਗੀਆਂ।"
ਖਾ ਲਿਆ ਮੁਲਕ ਲੁੱਟ ਕੇ ਫਿਰੰਗੀਆਂ।

ਨਾਲ ਦਾ ਸਾਥੀ ਖਰੀਦੋ ਫਰੋਖਤ ਲਈ ਕਾਹਲਾ ਸੀ ਇਸ ਲਈ ਕਿਲ੍ਹੇ ਦੀ ਅਧੂਰੀ ਯਾਤਰਾ ਤੋਂ ਬਾਅਦ ਹੀ ਬਾਹਰ ਆ ਗਏ। ਲ੍ਹੇ ਦੇ ਸਾਹਮਣੇ ਹੀ ਸ਼ਾਹੀ ਮਸੀਤ ਸੀ। ਇਹ ਦੁਨੀਆ ਦੀਆਂ ਇਕ ਦੋ ਕੁੱਲ ਤੋਂ ਵੱਡੀਆਂ ਮਸੀਤਾਂ ਵਿਚੋਂ ਇਕ ਹੈ। ਇਸਨੂੰ ਵੀ ਈ ਖਾਨ ਨੇ ੧੬੭੨ ਤੋਂ ੧੬੭੪ ਈ. ਵਿਚ ਬਣਾਇਆ ਸੀ, ਔਰੰਗਜੇਬ ਬਾਦਸ਼ਾਹ ਦੇ ਹੁਕਮ ਅਨੁਸਾਰ। ਇਸ ਦੇ ਆਂਗਣ ਰ ਇਕ ਲੱਖ ਵਿਅਕਤੀ ਇਕ ਸਮੇਂ ਨਮਾਜ਼ ਪੜ੍ਹ ਸਕਦੇ ਹਨ। ਹਿੰਦੁਸਤਾਨ ਵਿਚ ਤਾਂ ਇਸ ਦੀ ਵਿਸ਼ਾਲਤਾ ਦਾ ਮੁਕਾਬਲਾ ਮਾ ਮਸਜਿਦ ਦਿੱਲੀ ਵੀ ਨਹੀਂ ਕਰਦੀ। ਵਿਹੜੇ ਦੇ ਚਾਰ ਚੁਫੇਰੇ ਬਰਾਮਦੇ ਬਣੇ ਹੋਏ ਹਨ। ਜਿਥੇ ਮੀਂਹ ਹਨੇਰੀ ਪਾਲੇ ਹੁਨਾਲੇ ਹਜ਼ਾਰਾਂ ਦੀ ਗਿਣਤੀ ਵਿਚ ਲੋੜਵੰਦ ਟਿਕ ਸਕਦੇ ਹਨ।

ਸ਼ਾਹੀ ਕਿਲ੍ਹਾ, ਬਾਦਸ਼ਾਹੀ ਮਸਜਿਦ ਅਤੇ ਸ਼ਾਹੀ ਸਮਾਧਾਂ ਇਕੋ ਹੀ ਜਗ੍ਹਾ ਤੇ ਹਨ ਜੋ ਪੰਜਾਬ ਦੇ ਇਕ ਖਾਸ ਕਾਲ ਦੇ ਤਿਹਾਸ ਨਾਲ ਸੰਬੰਧਿਤ ਹੈ। ਇਸ ਮਸਜਿਦ ਦੀ ਵਿਸ਼ਾਲਤਾ ਤੋਂ ਵੀ ਬੰਦਾ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿੰਦਾ। ਮਸਜਿਦ ਦੇ ਸ਼ ਦੁਆਰ ਦੇ ਉਤੇ ਪਹਿਲੀ ਮੰਜ਼ਿਲ ਵਿਚ ਇਕ ਬੜਾ ਪਵਿੱਤਰ ਅਜਾਇਬ ਘਰ ਹੈ। ਜਿਥੇ ਹਜ਼ਰਤ ਮੁਹੰਮਦ ਸਾਹਿਬ ਅਤੇ ਨਾਂ ਦੇ ਖਲੀਫਿਆਂ ਨਾਲ ਸੰਬੰਧਿਤ ਯਾਦਗਾਰੀ ਪੁਸ਼ਾਕਾਂ ਅਤੇ ਹੋਰ ਵਸਤਾਂ ਸਾਂਭੀਆਂ ਹੋਈਆਂ ਹਨ। ਸ਼ੀਸ਼ੇ ਦੇ ਬਕਸਿਆਂ ਰ ਮੁਹੰਮਦ ਸਾਹਿਬ ਦਾ ਚੋਗਾ, ਪਾਜਾਮਾ, ਛੜੀ ਅਤੇ ਦਾਹੜੇ ਦੇ ਪਵਿੱਤਰ ਕੇਸ ਵੀ ਪਏ ਹੋਏ ਹਨ। ਉਹਨਾਂ ਦੇ ਪੈਰਾਂ ਦਾ ਕ ਫਟੇਹਾਲ ਜੋੜਾ ਵੀ ਹੈ। ਪਹਿਰਾਵੇ ਦੇ ਬਸਤਰਾਂ ਤੋਂ ਪਤਾ ਲਗਦਾ ਹੈ ਕਿ ਹਜ਼ਰਤ ਬੜੇ ਸਾਦਾ ਜੀਵਨ ਵਿਚ ਵਿਸ਼ਵਾਸ ਦੇ ਸਨ। ਉਹਨਾਂ ਦਾ ਪਜਾਮਾ, ਨਾਮਧਾਰੀ ਬੀਬੀਆਂ ਦੀ ਚੂੜੀਦਾਰ ਸੁਥਣ ਵਰਗਾ ਹੀ ਹੈ। ਇਕ ਖਲੀਫੇ ਦੀ ਦਸਤਾਰ ਤੇ ਾ ਵੀ ਪਏ ਹਨ। ਕੱਪੜੇ ਮੋਟੇ ਸੂਤੀ ਹੀ ਹਨ। ਇਹ ਪੁੱਛਣ ਤੇ ਅਜਾਇਬ ਘਰ ਦੇ ਪ੍ਰਬੰਧਕ ਨੇ ਮੈਨੂੰ ਦੱਸਿਆ ਕਿ ਇਹ ਮੁਕੱਦਸ



Sri Satguru Jagjit Singh Ji eLibrary NamdhariElibrary@gmail.com

ਸ਼ੈਆਂ ਸਰਦਾਰ ਜੀ ਤੁਹਾਡੇ ਪਾਸੋਂ ਹੀ ਏਥੇ ਆਈਆਂ ਹਨ। ਹੋਇਆ ਇਸ ਤਰ੍ਹਾਂ ਕਿ ਮੁਹੰਮਦ ਸਾਹਿਬ ਦਾ ਜਾਂ ਕਿਸੇ ਖਲੀਫੇ ਦਾ ਕੋਈ ਵੰਸ਼ਿਜ ਮੰਦਹਾਲੀ ਦੀ ਸਥਿਤੀ ਵਿਚ ਲਾਹੌਰ ਆਇਆ ਤੇ ਇਹਨਾਂ ਇਤਿਹਾਸਕ ਵਸਤੂਆਂ ਦੀ ਬੋਲੀ ਦੇਣ ਦਾ ਉਹਨੇ ਵਿਚਾਰ ਪ੍ਰਗਟ ਕੀਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਧਰਮ ਨਿਰਪੱਖ ਹਾਕਮ ਨੇ ਕਿਹਾ ਕਿ ਹਜ਼ਰਤ ਦੀਆਂ ਵਸਤਾਂ ਦੀ ਬੋਲੀ ਲੱਗੇ ਇਹ ਮੈਨੂੰ ਜਚਦਾ ਨਹੀਂ। ਜਿਹੜਾ ਸੱਜਣ ਇਹਨਾਂ ਸ਼ੈਆਂ ਦਾ ਮਾਲਿਕ ਹੈ ਉਹ ਆ ਕੇ ਮੂੰਹੋਂ ਮੰਗੀ ਰਕਮ ਸਰਕਾਰ ਤੋਂ ਲੈ ਸਕਦਾ ਹੈ। ਇਉਂ ਹੀ ਹੋਇਆ। ਉਸਦੀ ਕੰਗਾਲੀ ਦੂਰ ਹੋ ਗਈ। ਇਹ ਵਸਤਾਂ ਸ਼ਾਹੀ ਕਿਲੇ ਵਿਚ ਰਹੀਆਂ ਤੇ ਰਾਜ ਬਦਲੀ ਤੋਂ ਬਾਦ ੧੯੯੫ਈ. ਦੇ ਲਾਗੇ ਚਾਗੇ ਅੰਗਰੇਜ਼ੀ ਸਰਕਾਰ ਨੇ ਬਾਦਸ਼ਾਹੀ ਮਸਜਿਦ ਲਾਹੌਰ ਨੂੰ ਇਹ ਭੇਟ ਕਰ ਦਿੱਤੀਆਂ।

ਸ਼ਾਹੀ ਮਸਜਿਦ ਦੇ ਪੈਰਾਂ ਵਿਚ ਹੀ ਸ਼ਾਇਰੇ ਮਸ਼ਰਕ ਡਾਕਟਰ ਸਰ ਮੁਹੰਮਦ ਇਕਬਾਲ ਦਾ ਸਮਾਰਕ ਹੈ। ਜਿਥੇ ਉਹਨਾਂ ਨੂੰ ਦਫਨ ਕੀਤਾ ਗਿਆ ਸੀ। ਇਥੇ ੨੪ ਘੰਟੇ ਪਾਕਿਸਤਾਨ ਮਿਲੀਸ਼ੀਆ ਦੇ ਸਿਪਾਹੀ ਸਨਮਾਨ ਵਿਚ ਡਿਊਟੀ ਤੇ ਖੜ੍ਹੇ ਰਹਿੰਦੇ ਹਨ। ਡਾਕਟਰ ਇਕਬਾਲ ਨੂੰ ਪਾਕਿਸਤਾਨ ਦੇ ਬਾਨੀਆਂ ਵਿਚੋਂ ਇਕ ਹੋਣ ਕਰਕੇ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ। ਪ੍ਰਸਿੱਧ ਪੰਜਾਬੀ ਸਾਹਿਤਕਾਰ ਦਵਿੰਦਰ ਸਤਿਆਰਥੀ ਆਪਣੇ ਲਾਹੌਰ ਦੇ ਦਿਨਾਂ ਦਾ ਇੱਕ ਕਿੱਸਾ ਬਿਆਨ ਕਰਦੇ ਹਨ। ਉਹਨਾਂ ਦਿਨਾਂ ਵਿਚ ਉਹਨਾਂ ਤੇ ਆਤਮ-ਹੱਤਿਆ ਕਰਨ ਦਾ ਭੂਤ ਸਵਾਰ ਸੀ। ਆਸ਼ਕ ਹੁਸੈਨ ਬਟਾਲਵੀ ਨਾਂ ਦਾ ਇਕ ਨੌਜੁਆਨ ਸਤਿਆਰਥੀ ਦੀਆਂ ਅੱਖਾਂ ਵਿਚ ਮੌਤ ਦੀ ਲਿਸ਼ਕ ਵੇਖਕੇ ਉਹਨੂੰ ਡਾਕਟਰ ਇਕਬਾਲ ਦੀ ਕੋਠੀ ਵਿਚ ਲੈ ਗਿਆ ਤੇ ਉਸ ਜ਼ਿੰਦਗੀ ਤੋਂ ਨਿਰਾਸ਼ ਯੁਵਕ ਬਾਰੇ ਉਹਨਾਂ ਨੂੰ ਦੱਸਿਆ। ਡਾਕਟਰ ਸਾਹਿਬ ਨੇ ਇਹ ਕਹਿਕੇ ਕਿ ਤੂੰ ਸ਼ਕਲ ਤੋਂ ਹਿੰਦੂ ਜਾਪਦਾ ਏਂ (ਇਸ ਲਈ ਤੇਰਾ ਪੁਨਰ ਜਨਮ ਵਿਚ ਭਰੋਸਾ ਹੋਏਗਾ) ਉਹਦੇ ਨਾਲ ਇਹ ਗੱਲ ਬਾਤ ਕੀਤੀ, "ਵੇਖ ਪੁੱਤਰ! ਤੇਰੇ ਆਪਣੇ ਅਕੀਦੇ ਅਨੁਸਾਰ ਮੌਤ ਮਗਰੋਂ ਅਗਲੇ ਜਨਮ ਵਿਚ ਤੇਰੀ ਦਾਸਤਾਨ ਦੇ ਤਿੰਨ ਰੂਪ ਹੋ ਸਕਦੇ ਹਨ। ਹੂ-ਬ-ਹੂ ਇੰਜ ਦਾ ਇੰਜ, ਇਸ ਤੋਂ ਚੰਗਾ ਜਾਂ ਇਸ ਤੋਂ ਵੀ ਖਰਾਬ ਮਤਲਬ ਇਕ ਤਿਹਾਈ ਉਮੀਦ। ਨਾ ਬਈ ਨਾ! ਮੈਂ ਤਾਂ ਹਰਗਿਜ਼ ਇਕ-ਤਿਹਾਈ ਉਮੀਦ ਦੀ ਉਂਗਲ ਫੜਕੇ ਇਸ ਰਸਤੇ ਉਪਰ ਪੈਰ ਨਾ ਧਰਾਂ। ਇਸ ਲਈ ਮੇਰੀ ਗੱਲ ਮੰਨੇ ਤਾਂ ਖੁਦਕਸ਼ੀ ਦਾ ਇਰਾਦਾ ਛੱਡ ਦੇ ਤੇ ਜ਼ਿੰਦਗੀ ਦਾ ਹਿਸਾਬ ਮੁਕਾਉਣ ਲਈ ਕੋਈ ਵੱਡਾ ਕੰਮ ਨੇਪਰੇ ਚਾੜ੍ਹਣ ਦਾ ਇਕਰਾਰ ਕਰ।"

"ਮੈਂ ਫਰਿਸ਼ਤੇ ਦੇ ਪੈਰੀਂ ਹੱਥ ਲਾ ਕੇ ਵਚਨ ਦਿੱਤਾ-ਹੁਣ ਮੈਂ ਆਤਮ ਹੱਤਿਆ ਨਹੀਂ ਕਰਾਂਗਾ।"

ਤੇ ਡਾਕਟਰ ਇਕਬਾਲ ਦੇ ਮੋਸੋਲੀਅਮ ਵਿਚ ਪਸਰੀ ਖਾਮੋਸ਼ੀ ਵਿਚੋਂ ਦਾਹੜੇ ਵਾਲੇ ਪੰਜਾਬੀ ਸਾਹਿਤ ਦੇ "ਘੋੜਾ ਬਾਦਸ਼ਾਹ" ਤੇ ਸਵਾਰ ਹੋ ਕੇ "ਗਿੱਧਾ" ਅਤੇ "ਲੱਕ ਟੁਣੂ ਟੁਣੂ" ਦੀਆਂ ਬਾਤਾਂ ਪਾਉਣ ਵਾਲੇ ਦਰਵੇਸ਼ ਦੀ ਯਾਦ ਆਈ ਜਿਹੜਾ ਜੇ ਡਾਕਟਰ ਸਾਹਿਬ ਨੂੰ ਨਾ ਮਿਲਦਾ ਤਾਂ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਦਾ ਲੋਕ ਸਾਹਿਤ ਕਿੰਨਾਂ ਕੰਗਾਲ ਰਹਿ ਜਾਣਾ ਸੀ।

ਲਾਹੌਰ ਦੇ ਮੋਤੀ ਬਾਜ਼ਾਰ ਵਿਚ ਨਾਮਧਾਰੀ ਧਰਮ ਸਾਲ ਹੁੰਦੀ ਸੀ। ਲਾਹੌਰ ਵਿਚ ਇਕ ਬਿਸ਼ਨ ਸਿੰਘ ਨਾਂਅ ਦਾ ਸਰਾਫ ਹੁੰਦਾ ਸੀ। ਇਹ ਪਰਿਵਾਰ ਮਹਾਰਾਜਾ ਰਣਜੀਤ ਦੇ ਪਰਿਵਾਰਕ ਗਹਿਣੇ ਬਣਾਇਆ ਕਰਦਾ ਸੀ। ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਦ ਹਾਕਮਾਂ ਨੇ ਬਿਸ਼ਨ ਸਿੰਘ ਨੂੰ ਪੇਸ਼ਕਸ਼ ਕੀਤੀ ਕਿ ਉਹ ਮਲਕਾ ਵਿਕਟੋਰੀਆ ਵਾਸਤੇ ਸੋਨੇ ਦਾ ਇਕ ਤਾਜ ਬਣਾ ਦੇਵੇ। ਸਵਾਭਿਮਾਨੀ ਸਰਾਫ ਨੇ ਜੁਆਬ ਦਿੱਤਾ ਕਿ ਜਿਹੜੇ ਹੱਥਾਂ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਸਹਿਜ਼ਾਦਿਆਂ ਦੇ ਤਾਜ ਬਣਾਏ ਹਨ ਉਹਨਾਂ ਨਾਲ ਮੈਂ ਮਲਕਾ ਦਾ ਤਾਜ ਨਹੀਂ ਬਣਾ ਸਕਦਾ। ਇਹ ਕੂਕਾ ਵੀ ਸਜ ਚੁੱਕਾ ਸੀ। ਸਰਕਾਰ ਨੇ ਨਕਲੀ ਸਿੱਕੇ ਬਨਾਉਣ ਦਾ ਝੂਠਾ ਮੁਕਦਮਾ ਬਣਾ ਦਿੱਤਾ। ਜਿਸ ਦਿਨ ਮੈਜਿਸਟਰੇਟ ਨੇ ਇਹਨੂੰ ਸਜ਼ਾ ਸੁਣਾਈ ਸੱਤ ਸਾਲ ਕੈਦ ਦੀ, ਇਹ ਸਲੋਤਰ ਨਾਲ ਲੈ ਗਿਆ ਸੀ ਅਤੇ ਉਹ ਜੱਜ ਦੇ ਸਿਰ ਵਿਚ ਮਾਰ ਕੇ ਪਾਰ ਬੁਲਾ ਦਿੱਤਾ। ਬਾਦ ਵਿਚ ਇਸ ਕੇਸ ਵਿਚ ਫਾਹੇ ਲੱਗ ਗਿਆ ਸੀ। ਕੂਕੇ ਬਿਸ਼ਨ ਸਿੰਘ ਸਰਾਫ ਦੀ ਘਰ ਵਾਲੀ ਜਗ੍ਹਾ ਉਸਦੀ ਮਾਤਾ ਨੇ ਨਾਮਧਾਰੀ ਧਰਮਸ਼ਾਲਾ ਨੂੰ ਦਾਨ ਕਰ ਦਿੱਤੀ ਸੀ। ਸ਼ਹਿਰ ਲਾਹੌਰ ਦੀਆਂ ਭੀੜੀਆਂ ਗਲੀਆਂ ਆਪਣੇ ਸੀਨੇ ਵਿਚ ਕੌਮੀ ਅਣਖ ਦੀਆਂ ਪਤਾ ਨਹੀਂ ਇਹੋ ਜਹੀਆਂ ਕਿੰਨੀਆਂ ਦਾਸਤਾਨਾ ਸਮੋਈ ਬੈਠੀਆਂ ਹਨ।

ਸ਼ਾਹ ਹੁਸੈਨ ਤੋਂ ਲੈ ਕੇ ਉਸਤਾਦ ਦਾਮਨ ਤੱਕ ਪੰਜਾਬੀ ਕਵਿਤਾ ਇਸ ਸ਼ਹਿਰ ਦੀਆਂ ਧੜਕਣਾਂ ਵਿਚ ਮੌਜੂਦਾ ਏ। ਸ਼ਾਹ ਹੁਸੈਨ ਵੀ ਦੁੱਲੇ ਬਾਗੀ ਦਾ ਬੇਲੀ ਤੇ ਵੇਲੇ ਦੀ ਹਕੂਮਤ ਦੀ ਅੱਖ ਦੀ ਕਿਰਕਿਰੀ। ਉਸਤਾਦ ਦਾਮਨ ਵੀ ਸੱਤਾ ਤੋਂ ਉਲਟ ਆਪਣੇ ਲੋਕਾਂ ਦੇ ਨਾਲ ਉਹਨਾਂ ਦੇ ਹਰ ਦੁੱਖ ਸੁੱਖ ਵਿਚ ਖਲੋਵਣ ਵਾਲਾ। ਇਸ ਕਰਕੇ ਆਪਣੇ ਹੁਜਰੇ ਤੋਂ ਜਿਹਲ ਜਾਣ ਦਾ ਵੀ ਉਹਨਾਂ ਦਾ ਸਬੱਬ ਬਣਿਆ ਰਹਿੰਦਾ ਸੀ। ਫੁਰਮਾਉਂਦੇ ਹਨ-

"ਸਟੇਜਾਂ ਤੇ ਹੋਈਏ ਸਿਕੰਦਰ ਹੋਈਦਾ ਏ।
ਸਟੇਜਾਂ ਤੋਂ ਹੇਠਾਂ ਕਲੰਦਰ ਹੋਈਆ ਏ।
ਜੇ ਲਾ ਬਹੀਏ ਕਿਧਰੇ ਹਕੂਮਤ ਨਾਲ ਮੱਥਾ
ਫਰਕ ਏਨਾ ਈ ਬੱਸ ਅੰਦਰ ਹੋਈਦਾ ਏ।"


Sri Satguru Jagjit Singh Ji eLibrary NamdhariElibrary@gmail.com

"ਵਰਿਆਮ" (ਸਤੰਬਰ ੧੯੯੯) ਵਿਚ ਅਮਰ ਭਾਰਤੀ ਦੀ "ਅਲਹ ਵਰਸਉ ਮੇਹੁ" ਦੇ ਕੁਝ ਅੰਸ਼ ਪ੍ਰਕਾਸ਼ਤ ਕੀਤੇ ਗਏ ਹਸਨ। ਇਹ ਅੰਸ਼ ਹਰ ਉਸ ਵਿਅਕਤੀ ਦਾ ਧਿਆਨ ਮੰਗਦੇ ਹਨ, ਜੋ ਆਪਣੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਨੂੰ ਜਾਣਨ ਜਾਂ ਸਮਝਣ ਦੀ ਲੋਚਾ ਰਖਦਾ ਹੈ। ਇਹਨਾਂ ਵਿਚੋਂ ਕੁਝ ਹਾਜ਼ਰ ਹਨ :

**ਭੈਣੀ ਸਾਹਿਬ ਨਾਲ ਜੁੜੇ ਕੁਝ ਬੇਚੈਨ ਸਵਾਲ :**

ਨਾਮਧਾਰੀ ਸਮਾਜ ਹੀ ਇਕੋ ਇਕ ਸਮਾਜ ਸੀ ਜਿਸ ਨੇ ਪੰਜਾਬ ਵਿਚੋਂ ਅਗਰੇਜ਼ੀ ਸਰਕਾਰ ਵਿਰੁੱਧ ਸਿੱਧਾ ਅੰਦੋਲਨ ਚਲਾਇਆ। ਅੰਗਰੇਜ਼ਾਂ ਨੇ ਪਹਿਲਾਂ ਤਾਂ ਪੂਰੀ ਤਾਕਤ ਅਤੇ ਤਸ਼ੱਦਦ ਨਾਲ ਉਸ ਅੰਦੋਲਨ ਨੂੰ ਦਬਾਣ ਦੀ ਕੋਸ਼ਸ਼ ਕੀਤੀ, ਫਿਰ ਅਜਬ ਅਜਬ ਅਫਵਾਹਾਂ ਫੈਲਾ ਕੇ ਉਪਰਾਲਾ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਗੇਰਜ਼ਾਂ ਵਿਰੁੱਧ ਅੰਦੋਲਨ ਵੇਲੇ ਸੋਚਿਆ ਅਤੇ ਇਸ ਬਾਰੇ ਕੋਸ਼ਿਸ਼ ਵੀ ਕੀਤੀ ਕਿ ਰੂਸ ਦੀ ਫੌਜੀ ਤਾਕਤ ਨੂੰ ਅੰਗਰੇਜ਼ਾਂ ਖਿਲਾਫ ਵਰਤਿਆ ਜਾਵੇ। ਉਸ ਵੇਲੇ ਇਹ ਮੰਨਿਆਂ ਜਾਂਦਾ ਸੀ ਕਿ ਇਕ ਰੂਸ ਹੀ ਹੈ ਜਿਹੜਾ ਅੰਗਰੇਜ਼ਾਂ ਨੂੰ ਸਬਕ ਸਿਖਾ ਸਕਦਾ ਹੈ। ਅੰਗਰੇਜ਼ ਰੂਸ ਕੋਲੋਂ ਡਰਦੇ ਵੀ ਬਹੁਤ ਸਨ। ਏਸੇ ਗੱਲ ਨੂੰ ਧਿਆਨ ਵਿਚ ਰੱਖ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਗੁਰਚਰਨ ਸਿੰਘ ਨੂੰ ਰੂਸ ਦੇ ਬਾਦਸ਼ਾਹ ਜ਼ਾਰ ਕੋਲੋਂ ਫੌਜੀ ਸਹਾਇਤਾ ਲੈਣ ਲਈ ਭੇਜਿਆ ਸੀ।

ਉਂਜ ਰੂਸ ਕੋਲੋਂ ਅੰਗਰੇਜ਼ਾਂ ਵਿਰੁੱਧ ਭਾਰਤ ਵਲੋਂ ਫੌਜੀ ਸਹਾਇਤਾ ਮੰਗਣ ਦਾ ਇਹ ਪਹਿਲਾ ਮੌਕਾ ਨਹੀਂ ਸੀ। ਇਸਤੋਂ ਪਹਿਲਾਂ-ਸੰਨ ੧੮੫੭ ਦੇ ਸੁਤੰਤਰਤਾ ਯੁੱਧ ਦੀ ਤਿਆਰੀ ਸਮੇਂ ਵੀ ਹਿੰਦੁਸਤਾਨ ਵਲੋਂ ਏਸੇ ਮਕਸਦ ਲਈ ਭੇਜਿਆ ਗਿਆ ਸੀ।

ਅਜ਼ੀਮੁੱਲਾ ਖਾਂ ਰੂਸ ਅਤੇ ਹੋਰ ਕਈ ਯੂਰਪੀ ਮੁਲਕਾਂ ਵਿਚ ਗਿਆ ਸੀ ਅਤੇ ਅੰਗਰੇਜ਼ਾਂ ਦੇ ਖਿਲਾਫ ਉਹਨਾਂ ਕੋਲੋਂ ਫੌਜੀ ਸਹਾਇਤਾ ਚਾਹੀ ਸੀ।

**ਯੂਰਪ ਦੇ ਦੇਸ਼ਾਂ ਵਿਚ ਅਜ਼ੀਮੁਲਾ ਖਾਂ :**

"ਹਰ ਦੇਸ਼ਾਂ ਵਿਚ ਹੁੰਦਾ ਹੋਇਆ ਅਜ਼ੀਮੁੱਲਾ ਖਾਂ ਟਰਕੀ ਦੀ ਰਾਜਧਾਨੀ ਕੁਸਤੁਨਤੁਨੀਆਂ ਪਹੁੰਚਿਆ। ਉਹਨਾਂ ਦਿਨਾਂ ਵਿਚ ਰੂਸ ਅਤੇ ਇੰਗਲਿਸਤਾਨ ਵਿਚਕਾਰ ਜੰਗ ਜਾਰੀ ਸੀ। ਅਜ਼ੀਮੁੱਲਾ ਖਾਂ ਨੇ ਸੁਣਿਆ ਕਿ ਹੁਣੇ ਹੁਣੇ ਸੰਬਧਤੇ ਪੋਲ ਦੀ ਲੜਾਈ ਵਿਚ ਰੂਸ ਨੇ ਅੰਗਰੇਜ਼ਾਂ ਨੂੰ ਹਰਾ ਦਿਤਾ ਹੈ। ਅਜ਼ੀਮਉਲਾ ਖਾਂ ਰੂਸ ਪਹੁੰਚਿਆਂ। ਕਈ ਅੰਗਰੇਜ਼ ਇਤਿਹਾਸ ਲੇਖਕਾਂ ਨੇ ਇਹ ਰਾਏ ਪ੍ਰਗਟ ਕੀਤੀ ਹੈ ਕਿ ਅਜ਼ੀਮੁੱਲਾ ਖਾਂ ਨਾਨਾ ਸਾਹਿਬ ਵਲੋਂ ਅੰਗਰੇਜ਼ਾਂ ਦੇ ਖਿਲਾਫ਼ ਰੂਸ ਨਾਲ ਸੰਧੀ ਕਰਨ ਲਈ ਰੂਸ ਗਿਆ ਸੀ। ਰੂਸ ਵਿਚ ਪ੍ਰਸਿੱਧ ਅੰਗਰੇਜ਼ ਵਿਦਵਾਨ ਰਸਲ ਨਾਲ, ਜੋ ਲੰਦਨ ਦੇ ਅਖਬਾਰ 'ਟਾਈਮਜ਼' ਦਾ ਪੱਤਰ-ਪ੍ਰੇਰਕ ਸੀ, ਅਜ਼ੀਮੁੱਲਾ ਖਾਂ ਦੀ ਮੁਲਾਕਾ ਹੋਈ। ਇਕ ਦਿਨ ਰਸਲ ਨਾਲ ਬੈਠ ਕੇ ਅਜ਼ੀਮੁੱਲਾ ਖਾਂ ਬੜੇ ਸ਼ੌਕ ਨਾਲ ਦਿਨ ਭਰ ਅੰਗਰੇਜ਼ਾਂ ਤੇ ਰੂਸੀਆਂ ਦੀ ਲੜਾਈ ਵੇਖਦਾ ਰਿਹਾ। ਰਸਲ ਨੇ ਲਿਖਿਆ ਹੈ ਕਿ ਰੂਸੀ ਤੋਪ ਦਾ ਇਕ ਗੋਲਾ ਅਜ਼ੀਮੁੱਲਾ ਖਾਂ ਦੇ ਠੀਕ ਪੈਰ ਦੇ ਕੋਲ ਆ ਕੇ ਫਟਿਆ, ਪਰ ਅਜ਼ੀਮੁੱਲਾ ਖਾਂ ਆਪਣੀ ਥਾਂ ਤੋਂ ਵਾਲ ਭਰ ਵੀ ਲਾਂਭੇ ਨਾ ਹਟਿਆ। ਪਤਾ ਨਹੀਂ ਰੂਸ ਤੋਂ ਅਜ਼ੀਮੁੱਲਾ ਖਾਂ ਹੋਰ ਕਿਥੇ ਕਿਥੇ ਗਿਆ। ਪਰ ਇਸ ਵਿਚ ਸੰਦੇਹ ਨਹੀਂ ਕਿ ਅਜ਼ੀਮੁੱਲਾ ਖਾਂ ਨੇ ਇਟਲੀ, ਰੂਸ, ਟਰਕੀ, ਮਿਸਰ ਆਦਿ ਦੇਸ਼ਾਂ ਦੀ ਹਮਦਰਦੀ ਆਪਣੇ ਭਵਿੱਖਤ ਸਵਾਧੀਨਤਾ ਯੁਧ ਲਈ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਲਾਰਡ ਰਾਬਰਟਸ ਨੇ ਆਪਣੀ ਪੁਸਤਕ 'ਫਾਰਟੀ ਈਯਰਸ ਇਨ ਇੰਡੀਆ' ਵਿਚ ਲਿਖਿਆ ਹੈ ਕਿ ਉਸ ਨੇ ਅਜ਼ੀਮੁੱਲਾ ਖਾਂ ਦੀਆਂ ਕਈ ਚਿੱਠੀਆਂ ਇਸ ਸਬੰਧ ਵਿਚ ਟਰਕੀ ਦੇ ਸੁਲਤਾਨ ਅਤੇ ਮਰਪਾਸ਼ਾ ਦੇ ਨਾਮ ਲਿਖੀਆਂ ਵੇਖੀਆਂ ਨੇ। ਇਹਨਾਂ ਚਿੱਠੀਆਂ ਵਿਚ ਭਾਰਤ ਦੇ ਅੰਦਰ ਅੰਗਰੇਜ਼ਾਂ ਦੇ ਅਤਿਆਚਾਰਾਂ ਦਾ ਜ਼ਿਕਰ ਹੈ।"

**ਗੈਰੀਬਾਲਡੀ ਅਤੇ ਭਾਰਤੀ ਕ੍ਰਾਂਤੀ :**

ਪੰਡਿਤ ਸੁੰਦਰ ਲਾਲ ਅੱਗੇ ਚਲ ਕੇ ਉਪਰਲੇ ਸਿਰਲੇਖ ਹੇਠ ਲਿਖਦੇ ਨੇ "ਇਹ ਪਤਾ ਨਹੀਂ ਕਿ ਅਜ਼ੀਮੁੱਲਾ ਖਾਂ ਨੂੰ ਆਪਣੇ ਇਹਨਾਂ ਜਤਨਾਂ ਵਿਚ ਕਿਥੋਂ ਤੱਕ ਸਫਲਤਾ ਹਾਸਲ ਹੋਈ, ਪਰ ਦੋ ਗੱਲਾਂ ਧਿਆਨ ਰੱਖਣ ਯੋਗ ਹਨ। ਇਕ ਇਹ ਕਿ ਕ੍ਰਾਂਤੀ ਦੇ ਦਿਨਾਂ ਵਿਚ ਭਾਰਤ ਦੇ ਅੰਦਰ ਇਹ ਇਕ ਆਮ ਅਫਵਾਹ ਸੀ ਕਿ ਨਾਨਾ ਸਾਹਿਬ ਨੇ ਅੰਗਰੇਜ਼ਾਂ ਦੇ ਖਿਲਾਫ ਰੂਸ ਦੇ ਜ਼ਾਰ ਨਾਲ ਕੁਝ ਸੰਧੀ ਕਰ ਲਈ ਹੈ। ਦੂਸਰੀ ਇਹ ਕਿ ਜਿਹਨਾਂ ਦਿਨਾਂ ਵਿਚ ਭਾਰਤ ਅੰਦਰ ਵਿਦਰੋਹ ਚਲ ਰਿਹਾ ਸੀ, ਉਹਨਾਂ ਦਿਨਾਂ ਵਿਚ ਇਟਲੀ ਦਾ ਪ੍ਰਸਿੱਧ ਦੇਸ਼ਭਗਤ ਸੈਨਾਪਤੀ ਗੈਰੀਬਾਲਡੀ, ਭਾਰਤ ਵਾਸੀਆਂ ਦੀ ਮਦਦ ਵਾਸਤੇ ਆਪਣੇ ਦੇਸ਼ ਵਿਚੋਂ ਫੌਜ ਅਤੇ ਸਾਮਾਨ ਲਿਆਉਣ ਦੀ ਤਿਆਰੀ ਕਰ ਰਿਹਾ ਸੀ। ਇਟਲੀ ਦੀਆਂ ਅੰਦਰਲੀਆਂ ਮੁਸ਼ਕਿਲਾਂ ਅਤੇ ਵਿਦਰੋਹਾਂ ਕਾਰਨ ਗੈਰੀਬਾਲਡੀ ਨੂੰ ਉਥੋਂ ਛੇਤੀ ਚੱਲਣ ਦਾ ਮੌਕਾ ਨਾ ਮਿਲ ਸਕਿਆ ਅਤੇ ਜਿਸ ਵੇਲੇ ਗੈਰੀਬਾਲਡੀ ਆਪਣੇ ਦੇਸ਼ ਦੇ ਜਹਾਜ਼ਾਂ ਵਿਚ ਫੌਜ ਅਤੇ ਸਾਮਾਨ ਚੜ੍ਹਾ ਕੇ ਭਾਰਤੀ ਕ੍ਰਾਂਤੀਕਾਰੀਆਂ ਦੀ ਮਦਦ ਲਈ ਇਟਲੀ ਤੋਂ ਚੱਲਣ ਨੂੰ ਤਿਆਰ ਹੋਇਆ। ਉਸੇ ਵੇਲੇ ਉਹਨੂੰ ਪਤਾ ਲੱਗਾ ਕਿ ਭਾਰਤ ਦੀ ਕ੍ਰਾਂਤੀ ਸ਼ਾਂਤ ਹੋ ਚੁੱਕੀ ਹੈ। ਗੈਰੀਬਾਲਡੀ ਨੇ ਬੜੇ ਦੁੱਖ ਨਾਲ ਆਪਣੀ ਫੌਜ ਨੂੰ ਜਹਾਜ਼ਾਂ ਵਿਚੋਂ ਉਤਾਰ ਲਿਆ।"



Sri Satguru Jagjit Singh Ji eLibrary NamdhariElibrary@gmail.com

BALL VALVES FOOT VALVES

*With Compliments From :*

KARTAR



SLUICE VALVE
ISI MARKED

KARTAR



NON RETURN VALVE

G.J.




BALL VALVE

SLUICE VALVES, NON RETURN VALVES

C.I. PIPES PIPE FITTINGS

## *We Manufacture*

- C.I. Sluice Valves (ISI Marked)
- Non Return Valves
- Ball Valves
- Foot Valves
- C.I. Pipe Fittings as per IS : 1538
- C.I. Pipes & Fittings as per IS : 1729 (ISI Marked)
- C.I. Manholes & C.I. Castings.

**Contact :**

# JUNEJA METAL WORKS

**Vill Variana, Kapurthala Road, P.O. Basti Guzan, Jalandhar-144002.**

Phone : 251321, 203837 (O) 200571, 251507 (R)
Fax : 91-181-253560
website : www.junejametalworks.com

MANHOLES, C.I. CASTINGS

Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਜੀ ਸਹਾਇ

Shop : 0172-700221
Resi. : 673746, 679173

# G.G. ENTERPRISES

## WHOLESALE CLOTH MERCHANTS

Approved Wholesale Dealers in :
SUITING SHIRTING & DRESS MATERIAL

**S.C.O. 847-848, (1st Floor) Sec. 22-A, Chandigarh.**

੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# Aman Handlooms

**S.C.O. 847-48,**
**Basement (New Cloth Market)**
**Sector 22-A, Chandigarh-160022**
**Ph. : (S) 701940, (R) 775848, 701953**

ੴ

SRI SATGURU RAM SINGH JI SAHAI

CREDENCE
Shirts

# Credence Fabricator

MFG. OF EXCLUSIVE SHIRTS AND TROUSERS

TRIGGER

S.C.O. 847-48, Ist Floor,
SECTOR 22-A, CHANDIGARH - 160 022

(O) 700221
(F) 647718
(R) 673746, 679173

---

*Congratulations*
*on Silver Jubilee of Wariam*

*Hari Singh Bhogal*

Leeds U.K.



---

DMGC

Office : 792448, 792292, 541642
Mobile : 98140 04925
Resi. : 671342, 674326

# DELHI MANALI
## Goods Carriers (Regd.)

Head Office :
34, NEW TIMBER MARKET, SECTOR 26, CHANDIGARH - 160019

**Daily Parcel Service to all over Himachal Pradesh**

Sri Satguru Jagjit Singh Ji eLibrary NamdhariElibrary@gmail.com

DAEWOO

H.S. Saluja
Managing Partner

# SALUJA AUTOMOBILES

Show room :
140, INDUSTRIAL AREA, PHASE-II
CHANDIGARH - 160 002

Phone : 653662, 653664, 658998
Fax : 0172-654141
E-mail : salujaautos@satyam.net.in

# S.R. TRADERS

Distributors of :
Vijay Laxmi Cotton Mills, K.M., Matushree, Atmatex, Yunicorn, Dee Cee Lene

**Speciailst in : RUBIA LINING DUPATTAS & TURBANS**

Specialist in :
TERRY COT, TURBAN CLOTH - FULL VOILE &
RUBIA VOILE, MARKIN, SPUN, PURE CHIFFON VARIETIES, SATIN, POPLIN, LIZZY BIZZY
PLAIN & PRINTED, COTTON PLAIN & PRINTED AND EXCLUSIVE LADIES FANCY SUITS.

**S.C.O. 4, SECTOR 20-D, NEAR LABOUR CHOWK, CHANDIGARH**

(O) 0172-708681
(R) 0172-602582

# ਵਰਿਆਮ
# ਸਿਲਵਰ ਜੁਬਲੀ ਉਤਸਵ
# ਦੀਆਂ ਵਧਾਈਆਂ

## ਹਰਭਜਨ ਮਾਨ

**ਮਾਨ ਵਿਲਾ, ਘੁੰਮਣ ਨਗਰ, ਸਰਹੰਦ ਰੋਡ, ਪਟਿਆਲਾ**

ਫੋਨ : 0175-357402, 358407
ਦਿੱਲੀ ਦਾ ਫੋਨ : 91-11-6160641
ਫੈਕਸ : 0-11-6794470


Sri Satguru Jagjit Singh Ji eLibrary NamdhariElibrary@gmail.com

'ਵਰਿਆਮ' ਦੀ ਸਿਲਵਰ ਮੌਕੇ

ਵਿਸ਼ੇਸ਼ ਅੰਕ ਕੱਢਣ ਤੇ

ਵਧਾਈਆਂ

# ਸੁਰਿੰਦਰ ਲਾਡੀ

## ਸੁਰਿੰਦਰ ਲਾਡੀ ਮਿਊਜ਼ਿਕਲ ਗਰੁੱਪ

ਅਵਤਾਰ ਨਗਰ ਰੋਡ, ਨਕੋਦਰ ਚੌਕ, ਜਲੰਧਰ।

ਫੋਨ : 0181-209349

ਜੀ.ਟੀ. ਰੋਡ, ਭੋਗਪੁਰ।

ਸੰਪਰਕ ਹੈਰੀ ਅਤੇ ਟੀਟੂ ਫੋਨ 0181-723349

'ਵਰਿਆਮ' ਦੀ ਸਿਲਵਰ ਜੁਬਲੀ ਮੌਕੇ

ਪਾਠਕਾਂ ਨੂੰ ਮੁਬਾਰਕਾਂ

ਸਰਬਜੀਤ ਚੀਮਾ

ਸਰਬਜੀਤ ਸਿੰਘ ਮਿਊਜ਼ਕਲ ਗਰੁੱਪ

13-ਫਸਟ ਫਲੋਰ, ਸਤਲੁਜ ਮਾਰਕੀਟ
ਨਜ਼ਦੀਕ ਬੱਸ ਸਟੈਂਡ ਅਤੇ ਏਅਰ ਇੰਡੀਆ ਹੈਡ ਆਫਿਸ
ਜੀ.ਟੀ. ਰੋਡ, ਜਲੰਧਰ।

ਫੋਨ : 0181-59169

ਵਰਿਆਮ ਦੀ

ਸਿਲਵਰ ਜੁਬਲੀ

'ਤੇ

ਵਧਾਈਆਂ



# ਸੁਰਿੰਦਰ ਜੀਤ ਮਕਸੂਦਪੁਰੀ

## ਖੰਡ ਮਿਸ਼ਰੀ ਮਿਊਜ਼ਕਲ ਗਰੁੱਪ

ਨਕੋਦਰ ਚੌਕ, ਅਵਤਾਰ ਨਗਰ ਰੋਡ, ਜਲੰਧਰ

ਦਫਤਰ : 0181-204385
ਘਰ : 01822-42370 (ਘਰ)

Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ : ੫੯੮੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

ਬਜ਼ਾਰ ਨਾਲੋਂ ਸਸਤਾਂ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

---

## JANTA

## HYDRAULIC PRESSES



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63468
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

---

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

[illegible] ਦੀ ਦੁਕਾ[illegible] ਤੇ [illegible] ਫਿਰ ਤੋਂ ਲਾਭ ਉਠਾਓ


Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

*High Class Gun Manufacturers*

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

**10240/54, Library Road, Azad Market, Delhi-11006**

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

## BBL Foods Pvt. LTD.

*Santosh nagar (X) Roads, Hyderabad-500 059 India*

Ph.:— +91-40-4530680, 82,84

Fax:— +91-40-4530475

E-mail: amber @hd1. vsnl. net. in

**Balvinder Pal Singh**
Manging Director

**Lakhbir Singh Muchhal** Director
**Bakhshish Singh Muchhal** Director

'ਫੁਲਵਾੜੀ' ਦੀ ਸਿਲਵਰ ਜੁਬਲੀ 'ਤੇ
ਮੁਬਾਰਕਾਂ



# ਮੰਗੀ ਮਾਹਲ

## ਮੰਗੀ ਮਾਹਲ ਮਿਊਜ਼ੀਕਲ ਗਰੁੱਪ

ਮੋਤਾ ਸਿੰਘ ਮਾਰਕੀਟ, ਨੇੜੇ ਸਤਲੁਜ ਸਿਨੇਮਾ, ਜਲੰਧਰ

ਫੋਨ : 0181-223305 (ਦਫਤਰ)

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

NM

Off. 611066
Resi. 607520
Mobile 98140-08620
98150-17520

# Namdhari Marble House

Bulk Suppliers of all Kinds of Granites, Marble, Stones, decorative Slates, Kota stone etc.

**PICCADILY—MOHALI ROAD, SECTOR 52, CHANDIGARH**

Sister Concern

**Pratham Marbles Chandigarh**

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE,**
**JAMMU CANTT.**

# ਸ਼ੁਭ ਅਨੰਦ ਕਾਰਜ



ਸ. ਖੁਸ਼ਦੀਪ ਸਿੰਘ ਚਾਨਾ ਸਪੁੱਤਰ ਸ. ਸੁਰਜੀਤ ਸਿੰਘ ਚਾਨਾ
(ਪ੍ਰਧਾਨ ਨਾਮਧਾਰੀ ਸੰਗਤ ਬਰਮਿੰਘਮ)
ਦਾ ਸ਼ੁਭ ਅਨੰਦ ਕਾਰਜ ਬੀਬੀ ਮਨਦੀਪ ਕੌਰ
ਸਪੁੱਤਰੀ ਸ. ਪਰਮਜੀਤ ਸਿੰਘ ਨਵੀਂ ਦਿਲੀ ਨਾਲ ਪਿਛਲੇ
ਦਿਨੀਂ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿਲੀ ਵਿਖੇ ਹੋਇਆ



ਆਸਟਰੇਲੀਆ ਨਿਵਾਸੀ ਸ. ਦਲਬੀਰ ਸਿੰਘ ਤਰਸ
ਦੇ ਸਪੁੱਤਰ ਸ. ਗੁਰਲਾਲ ਸਿੰਘ ਦਾ ਅਨੰਦ ਕਾਰਜ ਬੀਬੀ
ਰਮਿੰਦਰ ਕੌਰ ਸਪੁਤਰੀ ਸ. ਗੁਰਕੰਵਲ ਸਿੰਘ ਨਾਲ
ਨਾਮਧਾਰੀ ਧਰਮਸ਼ਾਲਾ ਜਲੰਧਰ ਵਿਚ ਸਤਿਗੁਰੂ ਜੀ
ਦੀ ਆਗਿਆ ਅਨੁਸਾਰ ਹੋਇਆ।



ਕਾਕਾ ਹਰਮੀਤ ਸਿੰਘ ਸਪੁੱਤਰ ਸ. ਵੱਸਣ ਸਿੰਘ ਬਰੀਲਾ ਖੁਰਦ
(ਗੁਰਦਾਸਪੁਰ) ਦਾ ਅਨੰਦ ਕਾਰਜ ਬੀਬੀ ਪਰਮਿੰਦਰ ਕੌਰ ਸਪੁੱਤਰੀ
ਸੰਤ ਬਚਿੱਤਰ ਸਿੰਘ ਟਰਾਂਟੋ (ਕਨੇਡਾ) ਨਾਲ ਪਿਛਲੇ ਸਮੇਂ ਵਿਚ
ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।



ਸੰਤ ਦਰਸ਼ਨ ਸਿੰਘ (ਸਪੁੱਤਰ ਸੰਤ ਪ੍ਰੀਤਮ ਸਿੰਘ ਪੱਦੀ ਖਾਲਸਾ
ਵਾਰੇ ਵਾਲੇ) ਮਿਤੀ ੬ ਅਪਰੈਲ ੨੦੦੧ ਨੂੰ ਸ੍ਰੀ ਭੈਣੀ ਸਾਹਿਬ
ਵਿਖੇ ਜੀਵਨ ਯਾਤਰਾ ਸੰਪੂਰਣ ਕਰ ਗਏ। ਆਪ ਜੀ ਨਮਿਤ ਭੋਗ
੧੫ ਅਪਰੈਲ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ
ਵਿਚ ਪਿਆ। ਸੰਤ ਦਿਆਲ ਸਿੰਘ ਮੁਖ ਪਰਬੰਧਕ ਆਪ ਦੇ ਛੋਟੇ
ਭਰਾ ਹਨ।

Sri Satguru Jagjit Singh Ji eLibrary NamdhariElibrary@gmail.com

Registerd No. PB / 1017/2001 Monthly Wariam Ladowali Road, Jallandhar-1440
Regd. RNI No. 26453/75

# ਵਰਿਆਮ ਸਿਲਵਰ ਜੁਬਲੀ ਅੰਕ



ਵਰਿਆਮ ਦੇ ਸਿਲਵਰ ਜੁਬਲੀ ਉਤਸਵ (29 ਅਪਰੈਲ 2001) ਸਮੇਂ ਦੇਸ਼ ਭਗਤ ਯਾਦਗਾਰ ਹਾਲ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਸੰਪਾਦਕ ਵਰਿਆਮ ਸ. ਜਗਦੀਸ਼ ਸਿੰਘ ਨੂੰ ਪ੍ਰਸ਼ਸਤੀ ਪੱਤਰ ਭੇਟ ਕਰਦੇ ਹੋਏ। ਨਾਲ ਖੜੇ ਹਨ, ਸ. ਨਰਿੰਜਣ ਸਿੰਘ ਸਾਥੀ, ਡਾ. ਵਰਿਆਮ ਸਿੰਘ ਸੰਧੂ, ਸੁਰਿੰਦਰ ਸਿੰਘ ਨਾਮਧਾਰੀ, ਸ੍ਰੀਮਤੀ ਬਖਸ਼ੀਸ਼ ਕੌਰ ਵਰਿਆਮ ਡਾ. ਜੁਗਿੰਦਰ ਸਿੰਘ ਪੁਆਰ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ. ਬਰਜਿੰਦਰ ਸਿੰਘ ਹਮਦਰਦ ਮੁਖ ਸੰਪਾਦਕ ਅਜੀਤ, ਗੁਰਮੀਤ ਟਰੱਸਟੀ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ।



ਵਰਿਆਮ ਸਿਲਵਰ ਜੁਬਲੀ ਉਤਸਵ ਵਿਚ ਸੰਗੀਤ ਦਾ ਅਨੰਦ ਮਾਣ ਰਹੇ ਹਿੰਦ ਸਮਾਚਾਰ ਪੱਤਰ ਸਮੂਹ ਦੇ ਮੁਖ ਸੰਪਾਦਕ ਸ੍ਰੀ ਵਿਜੇ ਚੋਪੜਾ ਜੀ। ਨਾਲ ਹਨ ਸੰਤ ਦਲੀਪ ਸਿੰਘ ਨਾਮਧਾਰੀ, ਸ. ਜਗਦੀਸ਼ ਸਿੰਘ ਵਰਿਆਮ, ਸੂਬਾ ਹਰਭਜਨ ਸਿੰਘ ਜੀ ਅਤੇ ਪਿੱਛੇ ਪਰਸਿਧ ਕਵੀ ਸ. ਸੰਤੋਖ ਸਿੰਘ ਸਫ਼ਰੀ।

Sri Satguru Jagjit Singh Ji eLibrary NamdhariElibrary@gmail.com